
# ਸ਼੍ਰੀ ਉਤਰਾਧਿਐਨ ਸੂਤਰ



ਭਗਵਾਨ ਵਰਧਮਾਨ ਮਹਾਵੀਰ

ਪੰਜਾਬੀ ਅਨੁਵਾਦਕ ਤੇ ਟੀਕਾਕਾਰ

**ਪੁਰਸ਼ੋਤਮ ਜੈਨ, ਰਵਿੰਦਰ ਜੈਨ**

ਪ੍ਰਕਾਸ਼ਕ

26ਵੀਂ ਮਹਾਵੀਰ ਜਨਮ ਕਲਿਆਣਕ ਸ਼ਤਾਬਤੀ ਸੰਯੋਜਿਕਾ ਸਮਿਤੀ ਪੰਜਾਬ,

ਮਹਾਵੀਰ ਸਟਰੀਟ, ਪੁਰਾਣਾ ਬਸ ਸਟੈਂਡ ਮਾਲੇਰਕੋਟਲਾ

# ਜੈਨ ਸੰਸਕ੍ਰਿਤੀ ਤੇ ਸਾਹਿਤ ਦੀ ਸੰਖੇਪ ਰੂਪ ਰੇਖਾ

(ਪੁਰਸ਼ੋਤਮ ਜੈਨ, ਰਵਿੰਦਰ ਜੈਨ)

(ਅਨੁਵਾਦਕ)

ਭਾਰਤੀ ਸੰਸਕ੍ਰਿਤੀ ਦੀ ਵਿਚਾਰਧਾਰਾ ਨੂੰ ਪ੍ਰਮੁੱਖ ਰੂਪ ਵਿਚ ਅਸੀਂ ਦੋ ਭਾਵਾਂ ਵਿਚ ਵੰਡ ਸਕਦੇ ਹਾਂ (1) ਵੈਦਿਕ (2) ਸ਼੍ਰਮਣ। ਵੈਦਿਕ ਪਰੰਪਰਾ ਯੱਗ, ਵਰਨ ਆਸ਼ਰਮ, ਜਾਤ ਪਾਤ, ਛੂਆ ਛੂਤ, ਦੇਵੀ ਦੇਵਤਿਆਂ ਅਤੇ ਵੇਦਾਂ ਵਿਚ ਵਿਸ਼ਵਾਸ ਰੱਖਦੀ ਸੀ। ਸ਼੍ਰਮਣ ਪਰੰਪਰਾ ਯੋਗ, ਧਿਆਨ, ਵਰਤ, ਕਰਮ, ਵਿਚਾਰ ਧਾਰਾ, ਤਪੱਸਿਆ, ਪੁਨਰ ਜਨਮ ਨਿਰਵਾਨ ਵਿਚ ਵਿਸ਼ਵਾਸ ਰੱਖਦੀ ਸੀ। ਇਹ ਵਿਚਾਰਧਾਰਾ ਬ੍ਰਹਮਣਾਂ ਰਾਹੀਂ ਸਥਾਪਤ ਕਿਸੇ ਕਿਰਿਆ ਕਾਂਡ ਅਤੇ ਵੇਦ ਆਦਿ ਗ੍ਰੰਥਾਂ ਨੂੰ ਨਹੀਂ ਮੰਨਦੀ।

ਆਰੀਆਂ ਦੇ ਭਾਰਤ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਜੋ ਵਿਕਾਸ ਭਰਪੂਰ ਸਭਿਅਤਾ ਇਸ ਧਰਤੀ ਤੇ ਫੈਲੀ ਹੋਈ ਸੀ ਅਤੇ ਜਿਨ੍ਹਾਂ ਲੋਕਾਂ ਨਾਲ ਆਰੀਆ ਜਾਤੀ ਦਾ ਯੁੱਧ ਹੋਇਆ ਉਹ ਇਹ ਸ਼੍ਰਮਣਾਂ ਦੀ ਹੀ ਸਭਿਅਤਾ ਸੀ। ਸ਼੍ਰਮਣਾਂ ਦੇ ਪ੍ਰਮੁੱਖ ਰੂਪ ਵਿਚ ਕਈ ਸੰਪਰਦਾਏ ਸਨ – ਜਿਨ੍ਹਾਂ ਵਿਚੋਂ ਜੈਨ (ਨਿਰਗਰੰਥ), ਬੋਧ, ਆਜੀਵਕ, ਗੇਰਿਕ, ਤਾਪਸ ਆਦਿ ਪ੍ਰਸਿੱਧ ਸਨ।

ਸਾਖ਼ਯ ਦਰਸ਼ਨ ਵਿਚ ਵੈਦਿਕ ਵਿਚਾਰਧਾਰਾ ਦਾ ਪ੍ਰਮੁੱਖ ਵਿਰੋਧੀ ਸੀ। ਉਸ ਦਰਸ਼ਨ ਨੇ ਕਠ, ਸਵੇਤਾਸੁਵਰ, ਪ੍ਰਸ਼ਨ ਮੈਤਰਯਾਣੀ ਜੇਹੇ ਪੁਰਾਤਨ ਉਪਨਿਸ਼ਧਾਂ ਨੂੰ ਪ੍ਰਭਾਵਿਤ ਕੀਤਾ ਸੀ। ਅੱਜ ਕੱਲ ਗੇਰਿਕ, ਤਾਪਸ ਤਾਂ ਵੈਦਿਕ ਪਰੰਪਰਾ ਵਿਚ ਮਿਲ ਗਏ ਹਨ। ਅਜੀਵਕ ਸੰਪਰਦਾਇ ਵੀ ਅੱਜ ਕੱਲ ਖ਼ਤਮ ਹੋ ਗਿਆ ਹੈ। ਅੱਜ ਕੱਲ ਸ਼੍ਰਮਣਾਂ

ਦੀਆਂ ਦੋ ਪ੍ਰਮੁੱਖ ਵਿਚਾਰਧਾਰਾਂ ਹੀ ਬਚ ਗਈਆਂ ਹਨ (1) ਜੈਨ ਅਤੇ (2) ਬੁੱਧ।

## ਜੈਨ ਤੇ ਬੁੱਧ :

ਇਨ੍ਹਾਂ ਵਿਚੋਂ ਜੈਨ ਵਿਚਾਰਧਾਰਾ ਭਾਰਤ ਦੀ ਸਭ ਤੋਂ ਪੁਰਾਤਨ ਵਿਚਾਰਧਾਰਾ ਹੈ। ਇਸ ਗੱਲ ਦੀ ਗਵਾਹੀ ਹੜੱਪਾ ਤੇ ਮੋਹਨਜੋਦੜੋ ਦੀਆਂ ਸਭਿਅਤਾਵਾਂ ਦਿੰਦੀਆਂ ਹਨ। ਭਾਵੇਂ ਅੱਜ ਤੱਕ ਉਸ ਲਿੱਪੀ ਨੂੰ ਪੂਰੀ ਤਰ੍ਹਾਂ ਨਹੀਂ ਪੜ੍ਹਿਆ ਜਾ ਸਕਿਆ ਪਰ ਮੋਹਨਜੋਦੜੋ ਤੋਂ ਪ੍ਰਾਪਤ ਧਿਆਨ ਵਿਚ ਬੈਠੇ ਯੋਗੀ ਦੀਆਂ ਮੂਰਤੀਆਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਆਰੀਆ ਤੋਂ ਪਹਿਲਾਂ ਜੋ ਸਭਿਅਤਾ ਭਾਰਤ ਵਿਚ ਨਿਵਾਸ ਕਰਦੀ ਸੀ ਉਹ ਸ਼੍ਰਮਣ ਸੰਸਕ੍ਰਿਤੀ ਦਾ ਹੀ ਇਕ ਪ੍ਰਮੁੱਖ ਅੰਗ ਸੀ ਅਤੇ ਇਸੇ ਸਭਿਅਤਾ ਦਾ ਆਰੀਆਂ ਨੇ ਵਿਨਾਸ਼ ਕੀਤਾ ਸੀ। ਹੁਣ ਅਸੀਂ ਭਾਰਤ ਦੇ ਪੁਰਾਤਨ ਇਤਿਹਾਸ ਤੋਂ ਇਸ ਸਬੰਧੀ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰਾਂਗੇ।

ਵੇਦ ਸੰਸਾਰ ਦੀ ਸਭ ਤੋਂ ਪੁਰਾਤਨ ਪੁਸਤਕ ਹੈ। ਇਸ ਵਿਚੋਂ ਰਿਗਵੇਦ ਕਾਫੀ ਮਹੱਤਵਪੂਰਨ ਹੈ। ਇਸ ਵੇਦ ਵਿਚ ਉਸ ਸਮੇਂ ਦੇ ਪੁਰਾਤਨ ਧਰਮ ਦੀ ਰੂਪ ਰੇਖਾ ਦਾ ਪਤਾ ਲੱਗਦਾ ਹੈ। ਰਿਗਵੇਦ ਵਿਚ 'ਵਾਤਰਸ਼ਨਾ ਮੁਨੀ' ਦਾ ਵਰਨਣ ਇਸ ਪ੍ਰਕਾਰ ਮਿਲਦਾ ਹੈ "ਮੁਨੀ ਦੀ ਭਾਵਨਾ ਨਾਲ ਰੰਗੇ ਅਸੀਂ ਹਵਾ ਵਿਚ ਸਥਿੱਤ ਹੋ ਗਏ ਹਾਂ। ਦੋਸਤੋ ਤੁਸੀਂ ਸਾਡਾ ਸਰੀਰ ਹੀ ਵੇਖਦੇ ਹੋ।"1

ਤੇਤਰੀਆਰਯਨਕ ਨੇ ਸ਼੍ਰਮਣਾਂ ਨੂੰ ਹੀ ਵਾਤਰਸ਼ਨਾ ਰਿਸ਼ੀ ਤੇ ਉਰਧਮੰਥੀ (ਬ੍ਰਹਮਚਾਰੀ) ਆਖਿਆ ਹੈ।

ਵਾਤਰਸ਼ਨਾ ਹਵਾ ਋ਸ਼ਯਃ ਸ਼੍ਰਮਣਾ ਉਰਧਵਮਨਥਿਨੋ ਬਭਵੁਃ

(2/7/1 ਸਫਾ 137)

ਇਹ ਸ਼੍ਰਮਣ ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਦੇ ਚੇਲੇ ਸਨ। ਇਸ ਗੱਲ ਦਾ ਸਮਰਥਨ ਸ਼੍ਰੀਮਦ ਭਾਗਵਤ (5/3/20) ਵਿਚ ਇਸ ਪ੍ਰਕਾਰ ਮਿਲਦਾ ਹੈ : ਭਗਵਾਨ ਰਿਸ਼ਵ ਸ਼੍ਰਮਣਾ, ਰਿਸ਼ੀਆਂ ਤੇ ਬ੍ਰਹਮਚਾਰੀਆਂ ਦਾ ਧਰਮ ਪ੍ਰਗਟ ਕਰਨ ਲਈ ਸ਼ੁਕਲ ਧਿਆਨ ਦੇ ਰੂਪ ਵਿਚ ਪ੍ਰਗਟ ਹੋਏ।''2

ਸ਼੍ਰਮਣਾਂ ਦਾ ਵਰਨਣ ਬ੍ਰਹਮ ਆਰਨਯਕ ਉਪਨਿਸ਼ਧ ਤੇ ਰਾਮਾਇਣ ਵਿਚ ਵੀ ਮਿਲਦਾ ਹੈ।

ਰਿਗਵੇਦ ਵਿਚ ਸ਼੍ਰਮਣਾ ਲਈ ਕੇਸ਼ੀ ਸ਼ਬਦਾਂ ਦਾ ਵਰਨਣ ਵੀ ਮਿਲਦਾ ਹੈ। ਕੇਸ਼ੀ ਭਗਵਾਨ ਰਿਸ਼ਵਦੇਵ ਦਾ ਹੀ ਇਕ ਨਾਂ ਹੈ। ਰਿਗਵੇਦ ਵਿਚ ਕੇਸ਼ੀ ਤੇ ਰਿਸ਼ਵਦੇਵ ਦਾ ਵਰਨਣ ਇਕੱਠਾ ਹੀ ਮਿਲਦਾ ਹੈ।3

ਅਥਰਵਵੇਦ ਵਿਚ 'ਵਰਾਤਿਆ' (ਵ੍ਰਾਤ੍ਯ) ਕਾਂਡ ਦਾ ਵਰਨਣ ਹੈ। ਉਸ ਦੀ ਤੁਲਨਾ ਭਗਵਾਨ ਰਿਸ਼ਵਦੇਵ ਦੀ ਤਪੱਸਿਆ ਨਾਲ ਕੀਤੀ ਜਾ ਸਕਦੀ ਹੈ। ਵਰਾਤਿਆ ਬਾਰੇ ਪ੍ਰਸਿੱਧ ਵੇਦਾਂ ਦੇ ਟੀਕਾਕਾਰ ਸਾਯਨ ਆਚਾਰਿਆ ਦਾ ਕਥਨ ਹੈ ''ਉਹ ਵਿੱਦਿਆ ਨਾਲ ਭਰਪੂਰ, ਮਹਾਨ ਅਧਿਕਾਰ ਵਾਲੇ, ਪੁੰਨ ਪ੍ਰਤਾਪ ਵਾਲੇ, ਸੰਸਾਰ ਰਾਹੀਂ ਪੂਜਨਯੋਗ ਤੇ ਪ੍ਰਮੁੱਖ ਬ੍ਰਾਹਮਣ ਹਨ। ਇਹ ਵੈਦਿਕ ਸੰਸਕਾਰਾਂ ਤੋਂ ਰਹਿਤ ਹਨ।''

''ਜੇ ਕੋਈ ਵਰਾਤਿਆ ਤਪੱਸਵੀ ਤੇ ਵਿਦਵਾਨ ਹੋਵੇ ਉਹ ਤਾਂ ਸਤਿਕਾਰ ਜ਼ਰੂਰ ਪਾਵੇਗਾ ਅਤੇ ਪ੍ਰਮਾਤਮਾ ਦੀ ਤਰ੍ਹਾਂ ਪੂਜਿਆ ਜਾਵੇਗਾ

ਭਾਵੇਂ ਬ੍ਰਾਹਮਣ ਉਸ ਨਾਲ ਗੁੱਸਾ ਹੀ ਰੱਖਣਾ।''3

ਰਿਗਵੇਦ ਵਿਚ ਭਗਵਾਨ ਰਿਸ਼ਵਦੇਵ ਦਾ ਕਾਫ਼ੀ ਜ਼ਿਕਰ ਆਉਂਦਾ ਹੈ।5 ਕਈ ਲੋਕ ਇਨ੍ਹਾਂ ਸ਼ਬਦਾਂ ਦੇ ਅਰਥ ਬਦਲ ਦਿੰਦੇ ਹਨ।

ਰਿਗਵੇਦ ਵਿਚ ਸ੍ਰਮਣ ਸੰਸਕ੍ਰਿਤੀ ਦਾ ਇਕ ਬਹੁਤ ਹੀ ਪਿਆਰਾ ਸ਼ਬਦ 'ਅਰਹਨ' ਵੀ ਮਿਲਦਾ ਹੈ। ਅਰਹਨ ਤੋਂ ਭਾਵ ਹੈ ਰਾਗ ਦਵੈਸ਼ ਨੂੰ ਜਿੱਤ ਕੇ ਸਰਵੱਗ ਬਨਣ ਵਾਲਾ। ਇਹ ਸ਼ਬਦ ਆਮ ਤੌਰ ਤੇ ਤੀਰਥੰਕਰਾਂ ਲਈ ਵਰਤਿਆ ਜਾਂਦਾ ਹੈ।6

ਵੈਦਿਕ ਲੋਕ ਵੀ 'ਅਰਹਨ' ਸ਼ਬਦ ਜੈਨ ਧਰਮ ਲਈ ਹੀ ਸਮਝਦੇ ਰਹੇ ਹਨ। 'ਹਨੁਮਾਨ ਨਾਟਕ' ਵਿਚ ਆਖਿਆ ਗਿਆ ਹੈ :

अर्हन्नियथ जैनशासणरता।

ਆਰੀਆ ਦੇ ਭਾਰਤ ਆਉਣ ਤੋਂ ਪਹਿਲਾਂ ਜੋ ਜਾਤੀਆਂ ਭਾਰਤ ਵਿਚ ਰਹਿੰਦੀਆਂ ਸਨ, ਉਨ੍ਹਾਂ ਵਿਚ ਨਾਗ, ਦਰਾਵਿੜ ਅਤੇ ਅਸੁਰ ਬਹੁਤ ਪ੍ਰਸਿੱਧ ਹਨ। ਦਾਸ ਲੋਕ ਇੰਨੇ ਵਿਕਾਸਸ਼ੀਲ ਨਹੀਂ ਸਨ। ਇਨ੍ਹਾਂ ਜਾਤੀਆਂ ਨਾਲ ਹੀ ਆਰੀਆਂ ਦੇ ਕਈ ਯੁੱਧ ਹੋਏ। ਬਾਅਦ ਵਿਚ ਆਰਿਆ ਨੇ ਇਹਨਾਂ ਭਾਰਤੀ ਧਰਮਾਂ ਨੂੰ (ਜੈਨ) ਅਪਣਾ ਲਿਆ।

ਪੁਰਾਣਾਂ ਵਿਚ ਜਗ੍ਹਾ ਜਗ੍ਹਾ ਇਹ ਲਿਖਿਆ ਗਿਆ ਹੈ ਕਿ ਅਸੁਰ ਲੋਕ ਅਰਿਹੰਤਾਂ ਦੇ ਉਪਾਸਕ ਸਨ।

ਵਿਸ਼ਨੂੰ ਪੁਰਾਣ ਵਿਚ ਮਾਯਾ ਮੋਹ ਨਾਂ ਦੇ ਜੈਨ ਭਿਕਸ਼ੂ ਨੇ ਅਸੁਰਾਂ ਨੂੰ ਅਰਿਹੰਤ ਧਰਮ ਦੀ ਦੀਖਿਆ ਦਿੱਤੀ। ਉਹ ਵੇਦਾਂ ਵਿਚ

ਵਿਸ਼ਵਾਸ ਨਹੀਂ ਰੱਖਦਾ ਸੀ। ਉਹ ਅਨੇਕਾਂਤਵਾਦ ਵਿਚ ਵਿਸ਼ਵਾਸ ਰੱਖਦਾ ਸੀ।

ਉਪਨਿਸ਼ਦਾਂ ਵਿਚ ਇਹ ਵਰਨਣ ਵੀ ਕੀਤਾ ਗਿਆ ਹੈ ਕਿ ਆਤਮ ਵਿੱਦਿਆ ਦੇ ਮਾਲਿਕ ਸਭ ਤੋਂ ਪਹਿਲਾਂ ਖੱਤਰੀ ਸਨ। ਇਨ੍ਹਾਂ ਖੱਤਰੀਆਂ ਦੇ ਮੁਖੀ ਦਾ ਨਾਂ ਹੀ ਰਿਸ਼ਵਦੇਵ ਸੀ ਜੋ ਨਾਭੀ ਤੇ ਮਰੂਦੇਵੀ ਦੇ ਪੁੱਤਰ ਸਨ। ਇਹ ਆਤਮ ਵਿੱਦਿਆ, ਯੱਗ, ਜਾਤ ਪਾਤ ਤੋਂ ਰਹਿਤ ਸੀ। ਇਸ ਵਿੱਦਿਆ ਵਿਚ ਧਿਆਨ ਤੇ ਤਪੱਸਿਆ ਹੀ ਪ੍ਰਧਾਨ ਸੀ।

ਵੇਦ ਤੇ ਉਪਨਿਸ਼ਦਾਂ ਤੋਂ ਛੁੱਟ ਮਹਾਭਾਰਤ ਵਿਚ ਵੀ ਭਗਵਾਨ ਰਿਸ਼ਵਦੇਵ ਦਾ ਵਰਨਣ ਹੈ।7

## ਜੈਨ ਤੀਰਥੰਕਰ ਅਤੇ ਭਾਰਤੀ ਧਰਮ ਸਾਹਿੱਤ

ਜੈਨ ਪਰੰਪਰਾ ਵਿਚ 24 ਤੀਰਥੰਕਰ ਮੰਨੇ ਜਾਂਦੇ ਹਨ। ਕਈ ਇਤਿਹਾਸਕਾਰ ਉਨ੍ਹਾਂ ਦੀ ਹੋਂਦ ਬਾਰੇ ਸ਼ੱਕ ਪ੍ਰਗਟ ਕਰਦੇ ਹਨ। ਕਈ ਲੋਕ ਜੈਨ ਤੇ ਬੁੱਧ ਧਰਮ ਨੂੰ ਵੈਦਿਕ ਧਰਮ ਵਿਰੁੱਧ ਇਕ ਬਗਾਵਤ ਸਮਝਦੇ ਹਨ। ਕਈ ਲੋਕ ਮਹਾਵੀਰ ਨੂੰ ਗੌਤਮ ਬੁੱਧ ਦਾ ਚੇਲਾ ਜਾਂ ਗੁੱਤਮ ਬੁੱਧ ਨੂੰ ਮਹਾਵੀਰ ਦਾ ਚੇਲਾ ਆਖਦੇ ਹਨ।

ਜੈਨ ਧਰਮ ਵਿਚ 6 ਆਰੇ (ਯੁੱਗ) ਮੰਨੇ ਜਾਂਦੇ ਹਨ। ਹਰ ਯੁੱਗ ਵਿਚ ਚੌਵੀ ਤੀਰਥੰਕਰ ਹੁੰਦੇ ਹਨ। ਵਰਤਮਾਨ ਸਮੇਂ ਹੋਏ ਤੀਰਥੰਕਰਾਂ ਬਾਰੇ ਜਿੱਥੇ ਵੇਦਾਂ ਵਿਚ ਵਰਨਣ ਮਿਲਦਾ ਹੈ, ਉਥੇ ਪੁਰਾਣਾਂ ਮਹਾਭਾਰਤ ਤੇ ਬੋਧੀ ਗਰੰਥਾਂ ਵਿਚ ਕਾਫ਼ੀ ਜਾਣਕਾਰੀ ਮਿਲਦੀ ਹੈ। ਡਾ: ਰਾਧਾ ਕ੍ਰਿਸ਼ਨ ਨੇ ਯਜੁਰਵੇਦ ਵਿਚ ਰਿਸ਼ਵ, ਅਜੀਤ ਅਤੇ

ਅਰਿਸ਼ਟਨੇਮੀ ਦੀ ਹੋਂਦ ਦੀ ਸੂਚਨਾ ਦਿੱਤੀ ਹੈ।

ਬੋਧ ਗਰੰਥ ਅਗੁੰਤਰਨਿਕਾਏ ਵਿਚ ਅਰਕ ਨਾਮ ਦੇ ਤੀਰਥੰਕਰ ਦਾ ਵਰਨਣ ਹੈ। ਇਸੇ ਪ੍ਰਕਾਰ ਬੁੱਧ ਥੇਰਗਾਥਾ ਵਿਚ ਅਜੀਤ ਨਾਂ ਦੇ ਪ੍ਰਤਯੇਕ ਬੁੱਧ ਦਾ ਵਰਨਣ ਹੈ।

ਬੋਧ ਪਿਟਕਾਂ ਗਰੰਥਾਂ ਵਿਚ ਭਗਵਾਨ ਪਾਰਸ਼ ਨਾਥ ਦੇ ਚਤੁਰਯਾਮ ਧਰਮ ਦਾ ਵਰਨਣ ਹੈ। ਇਸ ਗਰੰਥ ਵਿਚ ਭਗਵਾਨ ਮਹਾਵੀਰ ਨੂੰ ਨਿਗਠੇ ਨਾਯ ਪੁਤ (ਨਿਰਗਰੰਥ ਗਿਆਤਾ ਪੁੱਤਰ) ਪੰਜਵੇਂ ਤੀਰਥੰਕਰ ਦੇ ਰੂਪ ਵਿਚ ਕਈ ਥਾਂ ਤੇ ਸਤਿਕਾਰ ਨਾਲ ਯਾਦ ਕੀਤਾ ਗਿਆ ਹੈ।

'ਸੋਰਸ਼ਨ' ਨੇ ਮਹਾਭਾਰਤ ਦੇ ਖਾਸ ਨਾਮਾਂ ਦਾ ਇਕ ਕੋਸ਼ ਬਣਾਇਆ ਹੈ। ਜਿਸ ਵਿਚ ਸੁਪਰਾਸ਼ਵ, ਚੰਦਰ ਤੇ ਸੁਮਤੀ ਤਿੰਨ ਤੀਰਥੰਕਰਾਂ ਦੇ ਨਾਵਾਂ ਦੀ ਸੂਚਨਾ ਮਿਲਦੀ ਹੈ। ਇਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਇਹ ਤਿੰਨੇ ਹੀ ਅਸੁਰ ਸਨ ਜੋ ਕਿ ਅਰਿਹੰਤ ਧਰਮ ਦੇ ਉਪਾਸਕ ਸਨ। ਇਨ੍ਹਾਂ ਤਿੰਨਾਂ ਨੂੰ ਅੰਸ਼ਾ ਅਵਤਾਰ ਮੰਨਿਆ ਗਿਆ ਹੈ। ਸੁਮਤੀ ਨਾਂ ਦੇ ਇਕ ਰਿਸ਼ੀ ਦਾ ਵਰਨਣ ਵੀ ਆਇਆ ਹੈ।

ਸ਼੍ਰੀਮਦ ਭਾਗਵਤ ਵਿਚ ਭਗਵਾਨ ਰਿਸ਼ਵਦੇਵ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਗਿਆ ਹੈ। ਅਵਤਾਰ ਦੇ ਰੂਪ ਵਿਚ ਤਾਂ ਨਹੀਂ, ਪਰ ਸ਼ਿਵ ਦੇ ਜੋ ਹਜ਼ਾਰਾਂ ਨਾਂ ਮਹਾਭਾਰਤ ਵਿਚ ਦਰਜ ਹਨ ਉਨ੍ਹਾਂ ਵਿਚ ਵਿਸ਼ਨੂੰ ਨੂੰ ਸ਼ਰੇਅੰਸ਼, ਅਨੰਤ, ਧਰਮ, ਸ਼ਾਂਤੀ ਤੇ ਸੰਭਵ ਨਾਂ ਵੀ ਦਿੱਤੇ ਗਏ ਹਨ। ਸ਼ਿਵ ਦੇ ਨਾਉਂ ਵਿਚ ਅਜਿਤ ਤੇ ਰਿਸ਼ਵ ਦੇ ਨਾਉਂ ਆਉਂਦੇ ਹਨ ਜੋ ਸਭ ਤੀਰਥੰਕਰਾਂ ਦੇ ਨਾਉਂ ਹਨ।

'ਸ਼ਾਂਤੀ' ਵਿਸ਼ਨੂੰ ਦਾ ਨਾਂ ਵੀ ਕਿਹਾ ਗਿਆ ਹੈ। ਵਿਸ਼ਨੂੰ ਤੇ ਸ਼ਿਵ ਦਾ ਨਾਂ 'ਸੁਵਰਤ' ਵੀ ਹੈ। ਇਹ ਸਭ ਤੀਰਥੰਕਰਾਂ ਦੇ ਨਾਉਂ ਵੀ ਹਨ। ਇਨ੍ਹਾਂ ਨਾਵਾਂ ਦੀ ਮਹਾਨਤਾ ਇਸ ਕਰਕੇ ਬਹੁਤ ਹੈ ਕਿਉਂਕਿ ਇਹ ਵੇਦ ਵਿਰੋਧੀ, ਅਸੁਰ ਸਨ। ਪੁਰਾਣਾਂ ਅਨੁਸਾਰ ਅਸੁਰ ਜੈਨ ਧਰਮ ਦੇ ਜਾਂ ਅਰਿਹੰਤਾਂ ਦੇ ਉਪਾਸਕ ਸਨ।

## ਜੈਨ ਸਮਰਾਟ

ਇਹੋ ਪਰੰਪਰਾ ਨੂੰ ਅੱਗੇ ਚੱਲ ਕੇ ਭਾਰਤ ਦੇ ਕਈ ਮਹਾਨ ਰਾਜਿਆਂ ਬਿਵੰਸਾਰ, ਅਜਾਤਸ਼ਤਰੂ, ਚੰਦਰਗੁਪਤ ਮੋਰੀਆ, ਸੰਪਪ੍ਰਤਿ, ਕੁਨਾਲ, ਖਾਰਵੇਲ ਅਤੇ ਕੁਮਾਰ ਪਾਲ ਨੇ ਅਪਨਾਇਆ। ਹਰ ਇਤਿਹਾਸ ਦਾ ਵਿਦਿਆਰਥੀ ਇਨ੍ਹਾਂ ਬਾਰੇ ਜਾਣਦਾ ਹੈ।

ਮਹਾਤਮਾ ਬੁੱਧ ਅਤੇ ਮਹਾਵੀਰ ਦੇ ਮਾਤਾ ਪਿਤਾ ਵੀ ਸ਼੍ਰਮਣਾਂ ਦੇ ਉਪਾਸਕ ਸਨ।

ਚੰਦਰਪੁਗਤ ਭਾਰਤ ਦਾ ਪਹਿਲਾ ਸਮਰਾਟ ਸੀ ਜਿਸ ਬਾਰੇ ਪ੍ਰਮਾਣਿਕ ਇਤਿਹਾਸ ਜੈਨ ਸਾਹਿਤ ਤੋਂ ਹੀ ਮਿਲਦਾ ਹੈ। ਸਮਪ੍ਰਤਿ ਤੇ ਖਾਰਵੇਲ ਤਾਂ ਜੈਨ ਧਰਮ ਵਿਚ ਉਹ ਹੀ ਥਾਂ ਰੱਖਦੇ ਹਨ ਜੋ ਬੋਧ ਧਰਮ ਵਿਚ ਅਸ਼ੋਕ ਦੀ ਹੈ। ਕੁਮਾਰ ਪਾਲ ਆਖਰੀ ਭਾਰਤੀ ਰਾਜਾ ਸੀ ਜਿਸ ਦੇ ਸਮੇਂ ਪ੍ਰਸਿੱਧ ਜੈਨ ਸਾਹਿਤਕਾਰ ਕਲੀਕਾਲ ਸਰਵੱਗ ਅਚਾਰਿਆ ਹੇਮ ਚੰਦਰ ਪੈਦਾ ਹੋਏ। ਖਾਰਵੇਲ ਨੇ ਦੱਖਣੀ ਭਾਰਤ ਵਿਚ ਜੈਨ ਧਰਮ ਦਾ ਪ੍ਰਚਾਰ ਕੀਤਾ। ਅੱਜ ਵੀ ਇਨ੍ਹਾਂ ਰਾਜਿਆਂ ਰਾਹੀਂ ਖੁਦਾਏ ਸ਼ਿਲਾਲੇਖ, ਮੰਦਰ ਤੇ ਮੂਰਤੀਆਂ ਪ੍ਰਾਪਤ ਹੁੰਦੀਆਂ ਹਨ। ਜੈਨ ਪਰੰਪਰਾ ਅਨੁਸਾਰ ਅਸ਼ੋਕ ਵੀ ਪਹਿਲਾਂ ਜੈਨ ਧਰਮ ਦਾ ਉਪਾਸਕ ਸੀ। ਪਰ ਬਾਅਦ ਵਿਚ ਬੁੱਧ ਬਣ ਗਿਆ।

## ਜੈਨ ਕਲਾ ਦੇ ਕੇਂਦਰ

ਜੈਨ ਧਰਮ ਨੇ ਭਾਰਤੀ ਸੰਸਕ੍ਰਿਤੀ ਨੂੰ ਜਿੱਥੇ ਧਿਆਨ ਤੇ ਤਪ ਦੀ ਪਰਪੰਰਾ ਪ੍ਰਦਾਨ ਕੀਤੀ ਉਥੇ ਕਲਾ ਤੇ ਸਾਹਿਤ ਵਿਚ ਵੀ ਸਭ ਤੋਂ ਅੱਗੇ ਰਿਹਾ ਹੈ। ਜੈਨ ਕਲਾ ਦੇ ਪ੍ਰਮੁੱਖ ਕੇਂਦਰ ਮਥੁਰਾ, ਪਾਲੀਤਾਨਾ, ਸਮੇਤ ਸ਼ਿਖਰ, ਰਾਣਕਪੂਰ, ਆਬੂ ਰਾਜਗਿਰੀ, ਖੁਜਰਾਹੋ, ਰੇਵਤਗਿਰੀ (ਗਿਰਨਾਰ, ਗੁਜ਼ਰਾਤ) ਤੇ ਸ੍ਰਮਣ ਬੇਲਗੋਲਾ (ਜ਼ਿਲ੍ਹਾ ਹਸਨ, ਕਰਨਾਟਕ) ਹਨ। ਜੋ ਅੱਜ ਵੀ ਮਨੁੱਖ ਨੂੰ ਮਾਨਸਿਕ ਸ਼ਾਂਤੀ ਪ੍ਰਦਾਨ ਕਰਦੇ ਹਨ।

## ਜੈਨ ਸਾਹਿਤ

ਜੈਨ ਸਾਹਿਤਕਾਰਾਂ ਨੇ ਅਜਿਹਾ ਕੋਈ ਵਿਸ਼ਾ ਨਹੀਂ ਜਿਸ ਉਪਰ ਸਾਹਿਤ ਨਾ ਰਚਿਆ ਹੋਵੇ। ਆਗਮਾਂ ਤੇ ਰਚੇ ਟੀਕਾ, ਟੱਬਾ, ਅਵਚੂਰਨੀ, ਨਿਯੁਕਤੀਆਂ ਤੋਂ ਛੁੱਟ ਜੋਤਸ਼, ਭਗੋਲ, ਖੰਗੋਲ, ਵਿਆਕਰਨ, ਨਿਆਏ, ਯੋਗ, ਮੰਤਰ, ਜੰਤਰ, ਗਣਿਤ, ਇਤਿਹਾਸ, ਆਯੁਰਵੈਦ, ਕਵਿਤਾ ਤੇ ਨੀਤੀ ਤੇ ਹਜ਼ਾਰਾਂ ਦੀ ਸੰਖਿਆ ਵਿਚ ਰਚਨਾ ਕੀਤੀ।

# ਸ਼੍ਰੀ ਉਤਰਾਧਿਐਨ ਸੂਤਰ ਦਾ ਮਹੱਤਵ

ਜੈਨ ਆਗਮ ਸਾਹਿਤ ਵਿਚ ਸ਼੍ਰੀ ਉਤਰਾਧਿਐਨ ਸੂਤਰ ਦੀ ਉਹ ਹੀ ਥਾਂ ਹੈ ਜੋ ਕਿ ਵੈਦਿਕ ਸਾਹਿਤ ਵਿਚ ਗੀਤਾ ਦੀ ਹੈ ਅਤੇ ਬੁੱਧ ਧਰਮ ਦੇ ਸਾਹਿਤ ਵਿਚ ਧੱਮਪੱਦ ਦੀ ਹੈ। ਸ਼੍ਰੀ ਉਤਰਾਧਿਐਨ ਸੂਤਰ ਦੀ ਗਿਣਤੀ ਚਾਰ ਮੂਲ ਸੂਤਰਾਂ ਵਿਚ ਕੀਤੀ ਗਈ ਹੈ। ਇਹ ਭਗਵਾਨ ਮਹਾਵੀਰ ਦਾ ਆਖ਼ਿਰੀ ਉਪਦੇਸ਼ ਹੈ ਜੋ ਅੱਜ ਤੋਂ 2500 ਸਾਲ ਪਹਿਲਾਂ ਪਾਵਾ (ਬਿਹਾਰ) ਵਿਖੇ ਦੀਵਾਲੀ ਵਾਲੇ ਦਿਨ ਦਿੱਤਾ ਗਿਆ ਸੀ। ਸ਼੍ਰੀ ਉਤਰਾਧਿਐਨ ਸੂਤਰ ਵਿਚ ਹਰ ਵਿਸ਼ੇ ਤੇ ਖੁੱਲ੍ਹ ਕੇ ਚਰਚਾ ਕੀਤੀ ਗਈ ਹੈ। ਰਾਸ਼ਟਰ ਸੰਤ ਉਪਾਧਿਆ ਸ਼੍ਰੀ ਅਮਰ ਮੁਨੀ ਜੀ ਦੇ ਸ਼੍ਰੀ ਉਤਰਾਧਿਐਨ ਸੂਤਰ ਬਾਰੇ ਵਿਚਾਰ ਕਾਫੀ ਮਹੱਤਵਪੂਰਨ ਹਨ। ਉਹ ਸ਼੍ਰੀ ਉਤਰਾਧਿਐਨ ਸੂਤਰ (ਅਨੁਵਾਦਿਕਾ ਸਾਧਵੀ ਚੰਦਨਾ ਜੀ ਮਹਾਰਾਜ) ਦੀ ਪ੍ਰਸਤਾਵਨਾ ਵਿਚ ਲਿਖੇ ਹਨ :

"ਸ਼੍ਰੀ ਉਤਰਾਧਿਐਨ ਸੂਤਰ ਜੈਨ ਧਰਮ ਦੇ ਗਿਆਨ ਭੰਡਾਰ ਦੀ ਤਰ੍ਹਾਂ ਮੰਨਿਆ ਜਾਂਦਾ ਹੈ। ਇਹ ਉਹ ਅਧਿਆਤਮਕ ਭੋਜਨ ਹੈ ਜੋ ਕਦੇ ਬਾਸੀ ਨਹੀਂ ਹੁੰਦਾ। ਇਹ ਜ਼ਿੰਦਗੀ ਦੇ ਦੁਖਦੇ ਅੰਗਾਂ ਨੂੰ ਛੋਂਹਦਾ ਹੈ। ਦਰਅਸਲ ਇਹ ਗਰੰਥ ਜੀਵਨ ਦਰਸ਼ਨ ਹੈ, ਜੀਵਨ ਦਾ ਸੂਤਰ ਹੈ। ਇਹ ਲੋਕ ਨੀਤੀ ਦਾ ਸ਼ਾਸਤਰ ਹੈ। ਸਮਾਜਿਕ ਵਿਵਹਾਰ ਦਾ ਗਰੰਥ ਹੈ। ਇਸ ਵਿਚ ਅਨੁਸ਼ਾਸਨ ਹੈ, ਅਧਿਆਤਮਿਕਪੁਣਾ ਹੈ, ਵੈਰਾਗ ਹੈ, ਇਤਿਹਾਸ ਹੈ, ਪੁਰਾਣ ਹੈ, ਕਥਾ ਹੈ, ਉਦਾਹਰਨਾਂ ਹਨ ਅਤੇ ਤੱਤਾਂ ਦਾ ਗਿਆਨ। ਇਹ ਗੂੜ੍ਹ ਵੀ ਹੈ ਤੇ ਸੁਖਾਲਾ ਵੀ ਹੈ। ਅੰਦਰਲੀ ਦੁਨੀਆ ਦਾ ਮਨੋਵਿਸ਼ਲੇਸ਼ਨ ਵੀ ਹੈ ਅਤੇ ਬਾਹਰਲੀ

ਦੁਨੀਆਂ ਦੀ ਰੂਪ ਰੇਖਾ ਵੀ ਹੈ। ਇਹੋ ਕਾਰਨ ਹੈ ਕਿ ਪ੍ਰਾਕ੍ਰਿਤ, ਸੰਸਕ੍ਰਿਤ, ਅਪਭ੍ਰੰਸ਼ ਤੇ ਲੋਕ ਭਾਸ਼ਾਵਾਂ ਵਿਚ ਜਿੰਨੀਆਂ ਟੀਕ, ਉਪਟੀਕਾਵਾਂ, ਅਨੁਵਾਦ ਸ਼੍ਰੀ ਉਤਰਾਧਿਐਨ ਸੂਤਰ ਦੇ ਮਿਲਦੇ ਹਨ ਉਨੇ ਹੋਰ ਕਿਸੇ ਗਰੰਥ ਦੇ ਨਹੀਂ।'' (ਸਫਾ 9-10)

ਇਹੋ ਜਿਹੇ ਵਿਚਾਰ ਭਾਰਤੀ ਤੇ ਪੱਛਮੀ ਦਰਸ਼ਨ ਦੇ ਮਹਾਨ ਵਿਦਵਾਨਾਂ ਦੇ ਵੀ ਹਨ।

## ਸ਼੍ਰੀ ਉਤਰਾਧਿਐਨ ਸੂਤਰ ਤੇ ਪੁਰਾਤਨ ਨਿਉਕਤੀਆਂ

ਸ਼੍ਰੀ ਉਤਰਾਧਿਐਨ ਸੂਤਰ ਸ਼ੁਰੂ ਤੋਂ ਹੀ ਮਹੱਤਵਪੂਰਨ ਰਿਹਾ ਹੈ।

ਸਭ ਤੋਂ ਪਹਿਲਾਂ ਸ਼੍ਰੀ ਉਤਰਾਧਿਐਨ ਸੂਤਰ ਤੇ ਹੋਰ ਆਗਮਾਂ ਤੇ ਨਿਉਕਤੀ ਅਚਾਰਿਆ ਸ਼੍ਰੀ ਭੱਦਰਵਾਹੂ ਸਵਾਮੀ ਨੇ ਲਿਖੀਆਂ ਇਨ੍ਹਾਂ ਨਿਉਕਤੀਆਂ ਦਾ ਸਮਾਂ 400 ਈ: ਤੋਂ ਲੈ ਕੇ 600 ਈ: ਤੱਕ ਦਾ ਹੈ। ਨਿਉਕਤੀਆਂ ਦਾ ਠੀਕ ਸਮਾਂ ਖੋਜ ਦਾ ਵਿਸ਼ਾ ਹੈ। ਇਨ੍ਹਾਂ ਨਿਉਕਤੀਆਂ ਵਿਚ ਬਹੁਤ ਸਾਰੀਆਂ ਕਥਾਵਾਂ ਹਨ। ਜੋ ਸ਼੍ਰੀ ਉਤਰਾਧਿਐਨ ਸੂਤਰ ਦੇ ਡੂੰਘੇ ਅਰਥਾਂ ਨੂੰ ਸਪਸ਼ਟ ਕਰਦੀਆਂ ਹਨ। ਇਨ੍ਹਾਂ ਨਿਉਕਤੀਆਂ ਵਿਚ ਗੰਧਾਰ ਸ਼ਰਾਵਕ, ਸਥੂਲਭੱਦਰ, ਕਾਲਕ ਸਕੰਦ ਪੁੱਤਰ ਅਤੇ ਕਰਕੰਡੂ ਦਾ ਜੀਵਨ ਵੀ ਮਿਲਦਾ ਹੈ।

ਭਾਸ਼ਯ :

ਸ਼੍ਰੀ ਉਤਰਾਧਿਐਨ ਸੂਤਰ ਦੇ ਬਹੁਤ ਸਾਰੇ ਭਾਸ਼ਯ ਲਿਖੇ ਗਏ ਹਨ। ਇਨ੍ਹਾਂ ਦੀ ਭਾਸ਼ਾ ਪ੍ਰਾਕ੍ਰਿਤ ਹੈ। ਭਾਸ਼ਯਕਾਰਾਂ ਵਿਚ ਸੰਘਦਾਸ ਗਣੀ ਤੇ ਜਿਨਭੱਦਰ ਖਿਮਾਖਮਨ ਪ੍ਰਸਿੱਧ ਹਨ। ਇਨ੍ਹਾਂ ਦਾ ਸਮਾਂ

ਬਿਕਰਮ ਦੀ 7ਵੀਂ ਸਦੀ ਹੈ। ਸ਼੍ਰੀ ਉਤਰਾਧਿਐਨ ਸੂਤਰ ਤੇ ਸ਼ਾਂਤਾ ਆਚਾਰਿਆ ਨੇ ਵਿਸ਼ਾਲ ਟੀਕਾ ਲਿਖੀ ਹੈ।

**ਚੂਰਨੀ**

ਸ਼੍ਰੀ ਉਤਰਾਧਿਐਨ ਤੇ ਚੂਰਨੀ ਵੀ ਮਿਲਦੀ ਹੈ। ਆਗਮਾਂ ਦੇ ਚੂਰਨੀਕਾਰਾਂ ਵਿਚ ਪ੍ਰਸਿੱਧ 7-8 ਸਦੀ ਵਿਚ ਹੋਏ ਹਨ। ਇਨ੍ਹਾਂ ਵਿਚੋਜ ਸਿੱਧਸੇਨ ਸੁਰੀ, ਤਰਿਲੰਬ ਸੁਰੀ ਤੇ ਅਗਸਤਿਆ ਸੇਨੀ ਸੁਰੀ ਪ੍ਰਸਿੱਧ ਹਨ। ਸ਼੍ਰੀ ਉਤਰਾਧਿਐਨ ਸੂਤਰ ਚੂਰਨੀ ਜਿਨਦਾਸ ਮਹਿੱਤਰ ਦਵਾਰਾ ਰਚਿਤ ਹੈ ਜੋ ਕਾਫੀ ਪ੍ਰਸਿੱਧ ਹੈ। ਚੂਰਨੀਆਂ ਦੀ ਭਾਸ਼ਾ ਸੰਸਕ੍ਰਿਤ ਤੇ ਪ੍ਰਾਕ੍ਰਿਤ ਮਿਲੀ ਜੁਲੀ ਹੈ।

**ਟੀਕਾ**

ਸ਼੍ਰੀ ਉਤਰਾਧਿਐਨ ਸੂਤਰ ਤੇ ਕਾਫੀ ਟੀਕਾਵਾਂ ਲਿਖੀਆਂ ਗਈਆਂ ਹਨ। ਇਨ੍ਹਾਂ ਟੀਕਾਵਾਂ ਦੀ ਪ੍ਰਮੁੱਖ ਭਾਸ਼ਾ ਸੰਸਕ੍ਰਿਤ ਹੈ। ਜੈਨ ਆਗਮਾਂ ਦੇ ਪ੍ਰਮੁੱਖ ਟੀਕਾਕਾਰਾਂ ਵਿਚ ਆਚਾਰਿਆ ਹਰੀਭੱਦਰ, ਆਚਾਰਿਆ ਸ਼ੀਲਾਂਕਾਚਾਰਿਆ, ਆਚਾਰਿਆ ਮਲਯਗਿਰੀ, ਆਚਾਰਿਆ ਸ਼ਾਂਤੀ ਸੁਰੀ, ਆਚਾਰਿਆ ਹੇਮ ਚੰਦਰ ਦੇ ਨਾਂ ਪ੍ਰਸਿੱਧ ਹਨ। ਇਕੱਲੇ ਆਚਾਰਿਆ ਅਭੈਦੇਵ ਸੂਰੀ ਨੇ 9 ਆਗਮਾਂ ਤੇ ਸੰਸਕ੍ਰਿਤ ਦੀਆਂ ਵਿਸ਼ਾਲ ਟੀਕਾਵਾਂ ਲਿਖੀਆਂ। ਸ਼੍ਰੀ ਉਤਰਾਧਿਐਨ ਸੂਤਰ ਤੇ ਜੋ ਸੰਸਕ੍ਰਿਤ ਟੀਕਾਵਾਂ ਅੱਜ ਕੱਲ੍ਹ ਮਿਲਦੀਆਂ ਹਨ, ਉਨ੍ਹਾਂ ਵਿਚੋਂ ਵਾਦਿਵੇ ਤਾਲ, ਸ਼ਾਂਤੀ ਸੁਰੀ, ਨੇਮੀ ਚੰਦ, ਕੀਰਤੀਵੱਲਭ, ਲਵਲੇਸ਼, ਪਦਮ ਸਾਗਰ, ਕਮਲ ਸੰਯਮ, ਲਕਸ਼ਮ ਵਿਲੱਭ, ਭਾਵ ਵਿਜੈ, ਹਰੀਭੱਦਰ, ਮਲਯਗਿਰੀ, ਤਿਲਕ ਆਚਾਰਿਆ, ਕੋਟੀ ਆਚਾਰਿਆ, ਨੇਮੀ ਸਾਧੂ, ਗਿਆਨ ਸਾਗਰ ਅਤੇ ਮਨੀ ਸ਼ੇਖਰ ਦੇ ਨਾਂ ਪ੍ਰਸਿੱਧ ਹਨ।

## ਟੱਬਾ

ਸ਼੍ਰੀ ਉਤਰਾਧਿਐਨ ਸੂਤਰ ਤੇ ਰਾਜਸਥਾਨੀ ਤੇ ਗੁਜ਼ਰਾਤੀ ਵਿਚ ਸੈਂਕੜੇ ਟੱਬੇ ਮਿਲਦੇ ਹਨ। ਜਿਨ੍ਹਾਂ ਵਿਚੋਂ ਕੁਝ ਦੀ ਜਾਣਕਾਰੀ ਸ਼੍ਰੀ ਅਗਰ ਚੰਦ ਨਾਹਟਾ ਨੇ ਇਸ ਪੁਸਤਕ ਦੀ ਪ੍ਰਸਤਾਵਨਾ ਵਿਚ ਦਿੱਤੀ ਹੈ। ਇਨ੍ਹਾਂ ਟੱਬਾ ਦਾ ਸਮਾਂ 13ਵੀਂ ਵਿਕਰਮੀ ਸਦੀ ਤੋਂ ਲੈ ਕੇ 18ਵੀਂ ਸਦੀ ਤੱਕ ਹੈ। ਟੱਬਾਕਾਰਾਂ ਵਿਚ ਪ੍ਰਮੁੱਖ ਉਪਾਧਿਆ ਸ਼੍ਰੀ ਪਾਰਸ਼ ਚੰਦ ਸੂਰੀ ਪ੍ਰਸਿੱਧ ਹਨ।

## ਹਿੰਦੀ ਅਨੁਵਾਦ

ਸ਼੍ਰੀ ਉਤਰਾਧਿਐਨ ਸੂਤਰ ਦੇ ਹਿੰਦੀ ਭਾਸ਼ਾ ਵਿਚ ਅਨੇਕਾਂ ਅਨੁਵਾਦ ਹੋ ਚੁੱਕੇ ਹਨ। ਜਿਨ੍ਹਾਂ ਵਿਚੋਂ ਆਚਾਰਿਆ ਸ਼੍ਰੀ ਆਤਮਾ ਰਾਜ ਜੀ ਮਹਾਰਾਜ, ਆਚਾਰਿਆ ਸ਼੍ਰੀ ਤੁਲਸੀ ਜੀ ਮਹਾਰਾਜ ਅਤੇ ਸਾਧਵੀ ਚੰਦਨਾ ਜੀ ਮਹਾਰਾਜ ਦੇ ਨਾਂ ਪ੍ਰਸਿੱਧ ਹਨ।

## ਅੰਗਰੇਜ਼ੀ ਅਨੁਵਾਦ

ਸ਼੍ਰੀ ਉਤਰਾਧਿਐਨ ਸੂਤਰ ਦਾ ਪੱਛਮੀ ਦਾਰਸ਼ਨਿਕ ਵਿਦਵਾਨਾਂ ਨੇ ਬਹੁਤ ਸਤਿਕਾਰ ਕੀਤਾ ਹੈ।

ਅੰਗਰੇਜ਼ੀ ਅਨੁਵਾਦਕਾਰਾਂ ਵਿਚ ਡਾ: ਹੇਰਮਨ ਜੈਕੋਬੀ (1894) ਤੇ ਡਾ: ਸਰਪੇਟੀਅਰ (1922) ਦੇ ਨਾਂ ਪ੍ਰਸਿੱਧ ਹਨ। ਇਨ੍ਹਾਂ ਅਨੁਵਾਦਾਂ ਦੇ ਕਾਰਨ ਹੀ ਪੱਛਮੀ ਦਾਰਸ਼ਨਿਕਾਂ ਨੇ ਜੈਨ ਦਰਸ਼ਨ ਤੇ ਧਰਮ ਵਿਚ ਦਿਲਚਸਪੀ ਲਈ। ਇਨ੍ਹਾਂ ਅਨੁਵਾਦਾਂ ਦੇ ਕਈ ਅਡੀਸ਼ਨ ਛਪ ਚੁੱਕੇ ਹਨ।

ਅੰਗਰੇਜ਼ੀ ਹਿੰਦੀ ਤੋਂ ਛੁੱਟ ਇਸ ਸੂਤਰ ਦਾ ਕਈ ਹੋਰ ਦੇਸ਼ੀ

ਤੇ ਵਿਦੇਸ਼ੀ ਵਿਚ ਅਨੁਵਾਦ ਹੋ ਚੁੱਕਾ ਹੈ। ਵੀਰਾਯਾਤਨ ਵੱਲੋਂ ਉਪਾਧਿਆ ਸ੍ਰੀ ਅਮਰ ਮੁਨੀ ਜੀ ਦੀ ਦੇਖ ਰੇਖ ਹੇਠ ਇਸ ਦਾ ਸਿੰਘਲੀ, ਨੇਪਾਲੀ ਅਤੇ ਥਾਈ ਲਿਪੀਆਂ ਵਿਚ ਅਨੁਵਾਦ ਛਪ ਚੁੱਕਾ ਹੈ।

## ਪੰਜਾਬੀ ਅਨੁਵਾਦ

ਇਸੇ ਅਨੁਵਾਦਾਂ ਦੀ ਕੜੀ ਨੂੰ ਜੋੜਨ ਲਈ ਅਸੀਂ ਇਸ ਦਾ ਪਹਿਲਾ ਪੰਜਾਬੀ ਅਨੁਵਾਦ ਕੀਤਾ ਹੈ। ਇਹ ਕਿਸੇ ਪ੍ਰਾਕ੍ਰਿਤ ਗਰੰਥ ਦਾ ਪਹਿਲਾ ਪੰਜਾਬੀ ਅਨੁਵਾਦ ਹੈ। ਇਹ ਅਨੁਵਾਦ ਕਿਸ ਤਰ੍ਹਾਂ ਦਾ ਹੈ ? ਇਹ ਨਿਰਣਾ ਤਾਂ ਸੂਝਵਾਨ ਪਾਠਕਾਂ ਨੇ ਕਰਨਾ ਹੈ। ਮੈਂ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕੀਤੀ ਹੈ ਕਿ ਅਨੁਵਾਦ ਦੀ ਭਾਸ਼ਾ ਸੁਖਾਲੀ ਰਹੇ ਅਤੇ ਸਿੱਧਾਂਤਾਂ ਦੀ ਠੀਕ ਵਿਆਖਿਆ ਹੋ ਸਕੇ, ਪਰ ਅਨੁਵਾਦ ਆਖ਼ਿਰ ਅਨੁਵਾਦ ਹੈ। ਮੈਂ ਜੈਨ ਧਰਮ ਤੇ ਦਰਸ਼ਨ ਦਾ ਇਕ ਸਾਧਾਰਨ ਵਿਦਿਆਰਥੀ ਹਾਂ। ਤਰੁੱਟੀਆਂ ਰਹਿ ਸਕਦੀਆਂ, ਇਨ੍ਹਾਂ ਤਰੁੱਟੀਆਂ ਲਈ ਮੈਂ ਪਾਠਕਾਂ ਤੋਂ ਖਿਮਾਂ ਮੰਗਦਾ ਹਾਂ ਅਤੇ ਆਸ ਕਰਦਾ ਹਾਂ ਕਿ ਪਾਠਕ ਮੈਨੂੰ ਇਸ ਸਬੰਧੀ ਸੂਚਿਤ ਕਰਨਗੇ।

ਇਸ ਗਰੰਥ ਦਾ ਅਨੁਵਾਦ ਕਰਨ ਲੱਗਿਆਂ ਮੈਨੂੰ ਬਹੁਤ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਸਭ ਤੋਂ ਪਹਿਲਾਂ ਕਠਿਨਾਈ ਇਹ ਹੈ ਕਿ ਪ੍ਰਾਕ੍ਰਿਤ ਭਾਸ਼ਾ ਦੇ ਕਈ ਅਜਿਹੇ ਸ਼ਬਦ ਹਨ, ਜਿਨ੍ਹਾਂ ਦਾ ਕੋਈ ਪੰਜਾਬੀ ਅਨੁਵਾਦ ਨਹੀਂ ਜਿਵੇਂ : ਗੁਪਤੀ, ਸਮਿਤੀ, ਧਰਮਸ਼ਾਂਤੀ ਕਾਈਆਂ, ਪੁਦਗਲ, ਪ੍ਰਮਾਣੂ, ਵਰਗਨਾ ਲੇਸ਼ਿਆ, ਗੁਣ, ਸਥਾਨ, ਪਛਖਾਨ ਆਦਿ ਸ਼ਬਦ ਹਨ। ਪਰ ਇਨ੍ਹਾਂ ਸ਼ਬਦਾਂ ਦੀ ਵਿਆਖਿਆ ਅਨੁਵਾਦ ਸ਼ੁਰੂ ਹੋਣ ਤੋਂ ਪਹਿਲਾਂ ਕਰ ਦਿੱਤੀ ਗਈ ਹੈ।

ਇਨ੍ਹਾਂ ਸ਼ਬਦਾਂ ਨੂੰ ਉਸੇ ਪ੍ਰਕਾਰ ਰੱਖਣ ਦਾ ਪ੍ਰਮੁੱਖ ਉਦੇਸ਼ ਇਹ ਹੈ ਕਿ ਪਾਠਕ ਜੈਨ ਧਰਮ ਦੇ ਸਿਧਾਂਤਕ ਸ਼ਬਦਾਂ ਨੂੰ ਉਸੇ ਰੂਪ ਵਿਚ ਜਾਣ ਸਕਣ ਜਿਵੇਂ ਕਿ ਇਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਨ੍ਹਾਂ ਵਿਚ ਉਨ੍ਹਾਂ ਨੂੰ ਸ੍ਰੀ ਉਤਰਾਧਿਐਨ ਸੁਤਰ ਬਾਰੇ ਭਰਪੂਰ ਜਾਣਕਾਰੀ ਮਿਲੇਗੀ ਤੇ ਅਰਥ ਠੀਕ ਸਮਝ ਆਵੇਗਾ।

## ਆਸ਼ੀਰਵਾਦ

ਇਸ ਗਰੰਥ ਦੇ ਮੂਲ ਪ੍ਰੇਰਕ ਪ੍ਰਵਰਤਕ ਸ੍ਰੀ ਫੂਲ ਚੰਦ ਜੀ ਮਹਾਰਾਜ ਹਨ। ਜਿਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਮੈਂ ਤੇ ਪੁਰਸ਼ੋਤਮ ਕੁਝ ਕਰ ਸਕੇ ਹਾਂ। ਅਨੁਵਾਦ ਕਰਨ ਲੱਗਿਆਂ ਮੈਂ ਜਿੱਥੇ ਛਪੇ ਗਰੰਥਾਂ ਦੀ ਸਹਾਇਤਾ ਲਈ ਹੈ, ਉਥੇ ਮੈਂ ਪ੍ਰਵਰਤਕ ਸ੍ਰੀ ਫੂਲ ਚੰਦ ਜੀ ਮਹਾਰਾਜ, ਭੰਡਾਰੀ ਸ੍ਰੀ ਪਦਮ ਚੰਦ ਜੀ ਮਹਾਰਾਜ, ਪਰਮ ਸ਼ਰਧੈ ਸ੍ਰੀ ਰਤਨ ਮੁਨੀ ਜੀ ਮਹਾਰਾਜ, ਸ੍ਰੀ ਗਿਆਨ ਮੁਨੀ ਜੀ ਮਹਾਰਾਜ, ਕਵਿ ਰਤਨ ਸ੍ਰੀ ਚੰਦਨ ਮੁਨੀ ਜੀ ਮਹਾਰਾਜ, ਜੈਨ ਭੂਸ਼ਨ ਸ੍ਰੀ ਅਮਰ ਮੁਨੀ ਜੀ ਮਹਾਰਾਜ, ਆਚਾਰਿਆ ਸ੍ਰੀ ਤੁਲਸੀ ਜੀ ਮਹਾਰਾਜ ਦੇ ਪ੍ਰਮੁੱਖ ਸ਼ਿੱਸ਼ ਸ੍ਰੀ ਜੈ ਚੰਦ, ਸਾਧਵੀ ਮੋਹਨ ਕੁਮਾਰੀ ਜੀ ਮਹਾਰਾਜ, ਸਾਧਵੀ ਸੰਤੋਸ਼ ਕੁਮਾਰੀ ਜੀ ਮਹਾਰਾਜ, ਸਾਧਵੀ ਰਾਜੇਸ਼ਵਰੀ ਦੇਵੀ ਜੀ ਮਹਾਰਾਜ, ਸਾਧਵੀ ਸਵਰਨ ਕਾਂਤਾ ਜੀ ਮਹਾਰਾਜ, ਸਾਧਵੀ ਪ੍ਰਵੇਸ਼ ਜੀ ਮਹਾਰਜ, ਆਚਾਰਿਆ ਸ੍ਰੀ ਸੁਸ਼ੀਲ ਕੁਮਾਰ ਜੀ ਮਹਾਰਾਜ, ਆਚਾਰਿਆ ਸ੍ਰੀ ਤੁਲਸੀ ਜੀ ਮਹਾਰਾਜ, ਡਾ: ਐਲ.ਐਮ. ਜੋਸ਼ੀ ਅਤੇ ਡਾ: ਏ.ਐਨ ਸਿਨਹਾ ਤੋਂ ਸਹਾਇਤਾ ਤੇ ਸਲਾਹ ਲਈ ਹੈ, ਜਿਨ੍ਹਾਂ ਦਾ ਮੈਂ ਬੇਹੱਦ ਧੰਨਵਾਦੀ ਹਾਂ।

# ਜੈਨ ਸੰਸਕ੍ਰਿਤੀ ਤੇ ਸਾਹਿਤ ਦੀ ਸੰਖੇਪ ਰੂਪ ਰੇਖਾ

ਜੈਨ ਸਾਹਿਤ ਦਾ ਪੁਰਾਤਨ ਰੂਪ ਚੌਦਾਂ ਪੂਰਵ ਮੰਨੇ ਜਾਂਦੇ ਹਨ। ਭਾਵੇਂ ਅੱਜ ਕੱਲ੍ਹ ਕੋਈ ਵੀ ਪੂਰਵ ਨਹੀਂ ਮਿਲਦਾ ਪਰ ਇਨ੍ਹਾਂ ਪੂਰਵਾਂ ਦੇ ਨਾਂ ਆਗਮ ਸਾਹਿਤ ਵਿਚ ਮਿਲਦੇ ਹਨ। ਨੰਦੀ ਸੂਤਰ ਵਿਚ ਇਨ੍ਹਾਂ ਪੂਰਵਾਂ ਦਾ ਵਿਸ਼ਾ ਤੇ ਸ਼ਲੋਕ ਸੰਖਿਆ ਦਾ ਵਰਨਣ ਵਿਸਥਾਰ ਨਾਲ ਮਿਲਦਾ ਹੈ।

ਭਗਵਾਨ ਮਹਾਵੀਰ ਦੇ ਸਮੇਂ ਇਹ ਪੂਰਵ ਮੌਜੂਦ ਸਨ। ਪਰ ਮਹਾਂਵੀਰ ਨਿਰਵਾਨ ਸੰਮਤ 1000 ਦੇ ਕਰੀਬ ਪੁਰਵਾਂ ਦਾ ਗਿਆਨ ਬਿਲਕੁਲ ਸਮਾਪਤ ਹੋ ਗਿਆ।

ਇਨ੍ਹਾਂ ਪੁਰਵਾਂ ਦੇ ਆਧਾਰ ਤੇ ਹੀ ਅੰਗ, ਉਪਾਂਗ ਮੂਲ ਸੂਤਰ, ਛੇਦ ਸੂਤਰ ਅਤੇ ਪ੍ਰਾਕਿਰਨਕਾਂ ਦੀ ਰਚਨਾ ਹੋਈ।

ਭਗਵਤੀ ਸੂਤਰ ਵਿਚ ਭਗਵਾਨ ਮਹਾਵੀਰ ਦੇ ਸਾਧੂਆਂ ਦਾ ਗਿਆਰ੍ਹਾਂ ਅੰਗ ਜਾਂ ਬਾਰ੍ਹਾਂ ਅੰਗ ਪੜ੍ਹਨ ਦਾ ਵਰਨਣ ਮਿਲਦਾ ਹੈ। ਜੈਨ ਪਰੰਪਰਾ ਵਿਚ ਸ਼ਰੁਤ ਸਾਹਿਤ ਦੀ ਪਰੰਪਰਾ ਮਿਲਦੀ ਹੈ। ਤੀਰਥੰਕਰ ਜੋ ਉਪਦੇਸ਼ ਦਿੰਦੇ ਹਨ ਉਨ੍ਹਾਂ ਦੇ ਗਿਆਨੀ ਸ਼ਿਸ਼ ਉਸ ਨੂੰ ਸੁਣ ਕੇ ਵਿਸ਼ਾਲ ਸਾਹਿਤ ਦੀ ਰਚਨਾ ਕਰਦੇ ਹਨ। ਜੈਨ ਆਗਮਾਂ ਦੀ ਭਾਸ਼ਾ ਅਰਧ ਮਾਗਧੀ ਪ੍ਰਾਕ੍ਰਿਤ ਹੈ।

ਜੈਨ ਆਗਮ ਸਾਹਿਤ ਦੇ ਵਿਕਾਸ ਦੀ ਕਹਾਣੀ ਬਹੁਤ ਲੰਬੀ ਤੇ ਦਿਲਚਸਪ ਹੈ। ਜੈਨ ਪਰੰਪਰਾ ਅਨੁਸਾਰ ਜੈਨ ਆਗਮਾਂ ਦਾ ਕਦੇ ਵੀ ਖ਼ਾਤਮਾ ਨਹੀਂ ਹੁੰਦਾ, ਹਰ ਤੀਰਥੰਕਰ ਦੇ ਸ਼ਿਸ਼ ਆਗਮਾਂ ਦੀ ਰਚਨਾ ਕਰਦੇ ਹਨ।

ਭਗਵਾਨ ਰਿਸ਼ਵਦੇਵ ਸਮੇਂ 84000 ਪ੍ਰਾਕਿਰਨਕ ਗ੍ਰੰਥ ਸਨ। ਭਗਵਾਨ ਮਹਾਵੀਰ ਸਮੇਂ ਇਨ੍ਹਾਂ ਦੀ ਸੰਖਿਆ 14000 ਰਹਿ ਗਈ। ਪਰ ਦੇਵਾ ਅਰ ਧੰਗਨੀ ਸ਼ਮਾ ਸ਼੍ਰਮਣ ਸਮੇਂ ਇਹ ਸੰਖਿਆ 84 ਰਹਿ ਗਈ ਸੀ।

ਪਾਠਕਾਂ ਦੀ ਜਾਣਕਾਰੀ ਲਈ ਅਸੀਂ 14 ਪੂਰਵਾਂ ਦੇ ਨਾਂ ਤੇ ਸ਼ਲੋਕ ਸੰਖਿਆ ਦੱਸਦੇ ਹਾਂ।

| 14 ਪੂਰਵਾਂ ਦੇ ਨਾਂ | ਸ਼ਲੋਕ ਸੰਖਿਆ |
|---|---|
| (1) ਉਤਪਾਦ ਪੂਰਵ | 1 ਕਰੋੜ |
| (2) ਅਗਰਨੀਆ | 96 ਲੱਖ |
| (3) ਵਿਰਯ | 70 ਲੱਖ |
| (4) ਆਸਤੀ ਨਾਸਤੀ ਪ੍ਰਵਾਦ | 60 ਲੱਖ |
| (5) ਗਿਆਨ ਪ੍ਰਵਾਦ ਪੂਰਵ | 99 ਲੱਖ 99 ਹਜ਼ਾਰ 999 |
| (6) ਸੱਤਿਆ ਪ੍ਰਵਾਦ | 1 ਕਰੋੜ |
| (7) ਆਤਮ ਪ੍ਰਵਾਦ | 26 ਕਰੋੜ |
| (8) ਕਰਮ ਪ੍ਰਵਾਦ | 1 ਕਰੋੜ 80 ਹਜ਼ਾਰ |
| (9) ਪ੍ਰਤਿਆਖਿਆਨ ਪੂਰਵ | 84 ਲੱਖ |
| (10) ਵਿਦਿਆਲੂ ਪ੍ਰਵਾਦ | 1 ਕਰੋੜ 10 ਲੱਖ |
| (11) ਕਵਧਅ | 26 ਕਰੋੜ |
| (12) ਪ੍ਰਾਣਆਯੂ | 1 ਕਰੋੜ 56 ਲੱਖ |
| (13) ਕਿਰਿਆਵਿਸ਼ਾਲ | 9 ਕਰੋੜ |
| (14) ਲੋਕਬਿੰਦੂਸਾਰ | 12.5 ਕਰੋੜ |

ਉਪਰੋਕਤ ਪੂਰਵਾਂ ਦੀ ਸੂਚੀ ਵੇਖਣ ਤੇ ਪਤਾ ਲੱਗਦਾ ਹੈ ਕਿ

ਦੱਸਣਾ ਅੰਤਰਿਕਸ਼ ਨਮਿੱਤ ਹੈ।

(4) ਸੁਪਨ ਨਮਿੱਤ - ਚੰਗੇ ਮਾੜੇ ਸੁਪਨਿਆਂ ਦਾ ਫਲ ਸੁਪਨ ਨਮਿੱਤ ਹੈ।

(5) ਲੱਛਣ ਨਮਿੱਤ - ਤਿਲ, ਭੌਰੀ ਦਾ ਗਿਆਨ ਲੱਛਣ ਵਿੱਦਿਆ ਹੈ।

(6) ਅੰਗ ਵਿਕਾਰ ਨਮਿੱਤ - ਅੱਖ ਦੇ ਸਰੀਰ ਦੇ ਹੋਰ ਅੰਗਾਂ ਦਾ ਫੜਕਣਾ ਅਤੇ ਇਨ੍ਹਾਂ ਬਾਰੇ ਸ਼ੁਭ ਜਾਂ ਅਸ਼ੁਭ ਭਵਿੱਖ ਬਾਣੀ ਕਰਨੀ ਅੰਗ ਵਿਕਾਰ ਨਮਿੱਤ ਹੈ।

(7) ਵਸਤੂ ਵਿੱਦਿਆ - ਮਕਾਨ ਦੇ ਅੱਗੇ ਪਿੱਛੇ ਦਾ ਵਿਸਤਾਰ ਵੇਖ ਕੇ ਚੰਗਾ ਮਾੜਾ ਫਲ ਦੱਸਣਾ ਹੀ ਵਸਤੂ ਵਿੱਦਿਆ ਹੈ।

(8) ਦੰਡ ਵਿੱਦਿਆ - ਸੜਜ, ਰਿਸ਼ਵ, ਆਦਿ ਸੱਤ ਗਲੇ ਦੇ ਸਵੱਰਾਂ ਦਾ ਗਿਆਨ ਹੀ ਸਵਰ ਵਿੱਦਿਆ ਹੈ।

(9) ਦੰਡ ਵਿੱਦਿਆ ਬਾਂਸ ਜਾਂ ਲਾਠੀ ਤੇ ਉਕਰੀਆਂ ਗੰਢਾਂ ਨੂੰ ਵੇਖ ਕੇ ਚੰਗਾ ਮਾੜਾ ਫਲ ਦੱਸਣਾ ਦੰਡ ਵਿੱਦਿਆ ਹੈ।

(10) ਸਵੱਰ ਵਿਗਿਆਨ - ਪਸ਼ੂ ਪੰਛੀਆਂ ਦੀ ਆਵਾਜ਼ ਨੂੰ ਸੁਣ ਕੇ ਚੰਗਾ ਮਾੜਾ ਫਲ ਦੱਸਣਾ ਹੀ ਸਵਰ ਵਿਗਿਆਨ ਹੈ, ਜਿਵੇਂ ਗਾਂ, ਕੁੱਤੇ ਜਾਂ ਕਾਂ ਦਾ ਬੋਲਣਾ ਆਦਿ। ਇਨ੍ਹਾਂ ਵਿੱਦਿਆਵਾਂ ਰਾਹੀਂ ਭੋਜਨ ਪ੍ਰਾਪਤ ਕਰਨ ਨਾਲ ਸਾਧੂ ਨੂੰ ਉਤਪਾਦਨਾ ਨਾਮਕ ਭਿਕਸ਼ਾ ਦਾ ਦੋਸ਼ ਲੱਗਦਾ ਹੈ।

ਗਾਥਾ 8

'ਧੂਮਨੇਤ' ਦੇ ਦੋ ਅਰਥ ਹਨ :

ਧੂਮ ਦਾ ਅਰਥ ਹੈ ਧੂੱਪ ਸੇਕਣਾ ਅਤੇ ਨੇਤ ਦਾ ਅਰਥ ਹੈ ਸੁਰਮਾ ਪਾਉਣਾ। ਮੁਨੀ ਸ੍ਰੀ ਨੱਥ ਮੱਲ ਜੀ ਅਨੁਸਾਰ ਧੂਏਂ ਦੀ ਨਲੀ ਨਾਲ ਧੂਆਂ

ਮੰਜਾ ਬਿਸਤਰੇ ਵਿਚ ਬ੍ਰਹਮਚਰਜ ਦੀ ਸ਼ੰਕਾ ਰਹਿੰਦੀ ਹੈ। ਭੰਗ ਇੱਛਾ ਜਾਗਦੀ ਹੈ। ਬ੍ਰਹਮੰਚਰਜ ਦੇ ਫਲ ਬਾਰੇ ਸ਼ੱਕ ਪੈਦਾ ਹੁੰਦਾ ਹੈ। ਜਾਂ ਅਸੰਜਮ, ਭੋਗ ਅਤੇ ਪਾਲਗਪਨ ਪੈਦਾ ਹੋ ਜਾਂਦਾ ਹੈ। ਲੰਬੇ ਸਮੇਂ ਤੱਕ ਹੋਣ ਵਾਲਾ ਰੋਗ ਪੈਦਾ ਹੋ ਜਾਂਦਾ ਹੈ। ਉਹ ਕੇਵਲੀ (ਸਵਰਗ) ਦੁਆਰਾ ਸਥਾਪਿਤ ਧਰਮ ਤੋਂ ਭਰਿਸ਼ਟ ਹੋ ਜਾਂਦਾ ਹੈ। ਇਸ ਲਈ ਇਹ ਗੱਲ ਸਹੀ ਹੈ, ਕਿ ਭਿਕਸ਼ੂ (ਨਿਰਗਰੰਥ) ਨੂੰ ਇਸਤਰੀ, ਪਸ਼ੂ ਤੇ ਹਿਜੜੇ ਦਾ ਮੰਜਾ, ਬਿਸਤਰਾ ਵਰਤੋਂ ਵਿਚ ਨਹੀਂ ਲਿਆਉਣਾ ਚਾਹੀਦਾ। ਜੋ ਇਸਤਰੀ ਪਸ਼ੂ ਤੇ ਹਿਜੜੇ ਦੇ ਆਸਨ ਦਾ ਸੇਵਨ ਨਹੀਂ ਕਰਦਾ ਉਹ ਨਿਰਗਰੰਥ ਸਾਧੂ ਹੈ।

ਸੂਤਰ - 4 ਜੋ ਇਸਤਰੀਆਂ ਦੇ ਹਾਰ ਸ਼ਿੰਗਾਰ ਦੀ ਕਥਾ ਨਹੀਂ ਕਰਦਾ, ਉਹ ਹੀ ਨਿਰਗਰੰਥ ਹੈ।

ਪ੍ਰਸ਼ਨ : ਅਜਿਹਾ ਕਿਉਂ ਆਖਿਆ ਗਿਆ ਹੈ ?

ਉਤਰ : ਇਸਤਰੀਆਂ ਦੀ ਕਥਾ ਕਰਦੇ ਹੋਏ ਨਿਰਗਰੰਥ ਬ੍ਰਹਮਚਾਰੀ ਦੇ ਬ੍ਰਹਮਚਰਜ ਵਿਚ ਸ਼ੰਕਾ ਪੈਦਾ ਹੁੰਦੀ ਹੈ। ਭੋਗ ਇੱਛਾ ਜਾਗਦੀ ਹੈ। ਬ੍ਰਹਮਚਰਜ ਦੇ ਫਲ ਬਾਰੇ ਸ਼ੱਕ ਪੈਦਾ ਹੁੰਦਾ ਹੈ, ਸੰਜਮ, ਭੰਗ ਅਤੇ ਪਾਗਲਪੁਨਾ ਪੈਦਾ ਹੋ ਜਾਂਦਾ ਹੈ। ਲੰਬੇ ਸਮੇਂ ਤੱਕ ਹੋਣ ਵਾਲਾ ਰੋਗ ਪੈਦਾ ਹੋ ਜਾਂਦਾ ਹੈ। ਇਸ ਲਈ ਨਿਰਗਰੰਥ ਇਸਤਰੀ ਦੀ ਕਥਾ ਕਰਨ ਵਾਲ ਭਿਕਸ਼ੂ ਨਹੀਂ ਹੈ।

ਸੂਤਰ - 5 ਜੋ ਇਸਤਰੀਆਂ ਨਾਲ ਇਕ ਜਗ੍ਹਾ ਤੇ ਨਹੀਂ ਬੈਠਦਾ ਉਹ ਨਿਰਗਰੰਥ ਹੈ।

ਪ੍ਰਸ਼ਨ : ਅਜਿਹਾ ਕਿਉਂ ਆਖਿਆ ਗਿਆ ਹੈ।

ਉਤਰ : ਇਸਤਰੀਆਂ ਦੇ ਨਾਲ ਬੈਠਣ ਕਾਰਨ, ਉਸ ਦੇ ਬ੍ਰਹਮਚਰਜ ਵਿਚ ਸ਼ੰਕਾ ਪੈਦਾ ਹੁੰਦੀ ਹੈ। ਭੋਗ ਇੱਛਾ ਜਾਗਦੀ ਹੈ।

ਲੈਣਾ ਹੈ (ਉਤਰਾਧਿਐਨ ਸੂਤਰ ਤੇ ਦਸ਼ਵੈਕਾਲਿਕ ਸੂਤਰ ਇਸ਼ਨਾਨ ਤੋਂ ਭਾਵ ਇੱਥੇ ਮੰਤਰਾਂ ਰਾਹੀਂ ਪੜ੍ਹੇ ਪਾਣੀ ਨਾਲ ਇਸ਼ਨਾਨ ਤੋਂ ਹੈ। ਜੋ ਪੁੱਤਰ ਪ੍ਰਾਪਤੀ ਲਈ ਕੀਤਾ ਜਾਂਦਾ ਹੈ।

स्नानम् – अपत्यार्थमनेकीनषधि–संस्कृत–जला–भिषेचहम्

- ਬ੍ਰਹਦ ਵਿਰਤੀ

ਗਾਥਾ 9 ਆਵੱਸ਼ਕ ਨਿਯੁਕਤੀ ਅਨੁਸਾਰ ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਨੇ ਚਾਰ ਵਰਗ ਸਥਾਪਿਤ ਕੀਤੇ।

उग्गा भोगा रायण, खतिया संगहो भवे चउहा

आरुकख गुरु वयंसा, सेसा जे खतिया तेऊ।।1987

(1) ਉਗਰ - ਰੱਖਿਅਕ

(2) ਭੋਗ - ਗੁਰੂ, ਸਾਮੰਤ (ਸ਼ਾਂਤਾਆਚਾਰਿਆ ਅਨੁਸਾਰ ਰਾਜੇ ਤੋਂ ਮਾਨਤਾ ਪ੍ਰਾਪਤ ਪ੍ਰਧਾਨ ਪੁਰਸ਼ ਹੈ, ਪਰ ਨੇਮੀ ਚੰਦ ਨੇ ਸੁਖਬੋਧਾ ਟੀਕਾ ਵਿਚ ''ਖਾਸ ਭੇਸ ਵਾਲੇ'' ਅਰਥ ਕੀਤਾ ਹੈ।

(3) ਰਾਜਨੀਆ - ਇਕ ਹਮ ਉਮਰ ਜਾਂ ਮਿੱਤਰ

(4) ਖੱਤਰੀ - ਹੋਰ ਲੋਕ

ਗਣ ਦਾ ਅਰਥ ਗਣਤੰਤਰ ਹੈ। ਭਗਵਾਨ ਮਹਾਵੀਰ ਦੇ ਸਮੇਂ ਕਾਸ਼ੀ ਕੋਸ਼ਲ ਆਦਿ 18 ਗਣ ਸਨ।

गणाः मल्लदिसमूहाः

ਗਾਥਾ 14

ਭੈ ਭੈਰਵ ਦਾ ਅਰਥ ਬਹੁਤ ਡਰ ਪੈਦਾ ਕਰਨ ਵਾਲਾ ਹੈ (ਸ਼ਾਂਤਾਆਚਾਰਿਆ)

ਜੰਬੂਦੀਪ ਪਰਗਯਪਤੀ ਸੂੰਤਰ ਦੀ ਟੀਕਾ ਵਿਚ ਅਚਾਨਕ ਭੈ ਨੂੰ

ਭੈ ਅਤੇ ਸ਼ੇਰ ਆਦਿ ਤੋਂ ਪੈਦਾ ਹੋਣ ਵਾਲਾ ਡਰ ''ਭੇਰਵ'' ਹੈ।

ਗਾਥਾ 15

ਖੇਦ ਦਾ ਅਰਥ ਸੰਜਮ ਹੈ ਅਤੇ ਖੇਦਾਨੁਗਤਾ ਦਾ ਅਰਥ ਸੰਜਮੀ ਹੈ। ਅਵਿਹੇਟਕ ਦਾ ਅਰਥ ਝਗੜਾ ਨਾ ਕਰਨ ਵਾਲਾ ਅਤੇ ਰੁਕਾਵਟ ਨਾ ਪਾਉਣ ਵਾਲਾ ਹੈ।

# 16.
# ਬ੍ਰਹਮਚਰਜ ਸਮਾਧੀ ਸਥਾਨ ਅਧਿਐਨ

ਇਸ ਅਧਿਐਨ ਵਿਚ ਬ੍ਰਹਮਚਰਜ ਬਾਰੇ ਵਿਸਥਾਰ ਨਾਲ ਵਿਆਖਿਆ ਕੀਤੀ ਗਈ ਹੈ। ਭਗਵਾਨ ਮਹਾਵੀਰ ਨੇ ਉਹ ਕਾਰਨ ਦੱਸੇ ਹਨ, ਜਿਸ ਕਾਰਨ ਸਾਧੂ ਬ੍ਰਹਮਚਰਜ ਦਾ ਠੀਕ ਪਾਲਨ ਨਹੀਂ ਕਰ ਸਕਦਾ ਅਤੇ ਇਸ ਦੇ ਨਾਲ ਹੀ ਇਹ ਵੀ ਦੱਸਿਆ ਹੈ ਕਿ ਸਾਧੂ ਕਿਵੇਂ ਬ੍ਰਹਮਚਰਜ ਦਾ ਪਾਲਨ ਕਰ ਸਕਦਾ ਹੈ ਅਤੇ ਆਉਣ ਵਾਲੀਆਂ ਰੁਕਾਵਟਾਂ ਤੇ ਕਿਵੇਂ ਕਾਬੂ ਪਾਇਆ ਜਾ ਸ਼ਕਦਾ ਹੈ।

ਸੋ ਇਹ ਅਧਿਐਨ ਬ੍ਰਹਮਚਰਜ ਪਾਲਨ ਕਰਨ ਵਾਲੇ ਸਾਧੂਆਂ ਲਈ ਹਦਾਇਤ ਨਾਮੇ ਦਾ ਕੰਮ ਕਰਦਾ ਹੈ। ਇਸ ਤੋਂ ਛੁੱਟ ਇਸ ਅਧਿਐਨ ਵਿਚ ਬ੍ਰਹਮਚਰਜ ਦੀ ਮਹਾਨਤਾ ਦੱਸੀ ਗਈ ਹੈ। ਇਕ ਥਾਂ ਕਿਹਾ ਗਿਆ ਹੈ ''ਜੋ ਐਥੇ ਬ੍ਰਹਮਚਰਜ ਦਾ ਪਾਲਨ ਕਰਦਾ ਹੈ, ਉਸ ਨੂੰ ਦੇਵ, ਦਾਨਵ, ਗੰਧਰਵ, ਯਕਸ਼, ਰਾਖਸ਼ ਤੇ ਕਿੱਨਰ ਸਭ ਨਮਸਕਾਰ ਕਰਦੇ ਹਨ''।

ਨਿਰਗਰੰਥ ਜੈਨ ਸਾਧੂ ਲਈ ਵਿਸ਼ੇਸ਼ ਤੌਰ ਤੇ ਪ੍ਰਯੋਗ ਕੀਤਾ ਜਾਣ ਵਾਲਾ ਪ੍ਰਾਚੀਨ ਸ਼ਬਦ ਹੈ। ਬੋਧ ਗਰੰਥਾਂ ਵਿਚ ਭਗਵਾਨ ਮਹਾਵੀਰ ਨੂੰ 'ਨਿਰਗਰੰਥ ਗਿਆਤਾ ਪੁੱਤਰ' ਆਖਿਆ ਗਿਆ ਹੈ। ਨਿਰਗਰੰਥ ਤੋਂ ਭਾਵ ਜੈਨ ਸਾਧੂ ਹੈ। ਗਿਆਤਾ ਪੁੱਤਰ ਤੋਂ ਭਾਵ ਗਿਆਤ ਕੁਲ ਦਾ ਪੁੱਤਰ ਹੈ। ਨਿਰਗਰੰਥ ਤੋਂ ਭਾਵ ਹੈ ਅੰਦਰਲੀ ਗੱਠ ਤੋਂ ਰਹਿਤ।

# ਸੋਲ੍ਹਵਾਂ ਅਧਿਐਨ

ਸੂਤਰ - 1 ਭਗਵਾਨ ਮਹਾਵੀਰ ਦੇ ਸ਼ਿਸ਼ ਸ੍ਰੀ ਸੁਧਰਮਾ ਸਵਾਮੀ ਆਪਣੇ ਚੇਲੇ ਆਰਿਆ ਜੰਬੂ ਸਵਾਮੀ ਨੂੰ ਫੁਰਮਾਉਂਦੇ ਹਨ ਕਿ "ਹੇ ਜੰਬੂ ਮੈਂ ਜੋ ਕੁਝ ਭਗਵਾਨ ਮਹਾਵੀਰ ਦੇ ਮੁੱਖੋਂ ਸੁਣਿਆ ਹੈ ਉਹ ਹੀ ਆਖਦਾ ਹਾਂ। ਜੈਨ ਧਰਮ ਵਿਚ ਸਥਵਿਰ (ਬਜ਼ੁਰਗ) ਭਗਵਾਨ ਨੇ ਬ੍ਰਹਮਚਰਜ ਸਮਾਧੀ ਦੇ 10 ਥਾਂ ਦੱਸੇ ਹਨ, ਜਿਨ੍ਹਾਂ ਨੂੰ ਸੁਣ ਕੇ ਮਨ ਵਿਚ ਧਾਰਨ ਕਰਕੇ, ਸਾਧੂ ਸੰਜਮ, ਸੰਬਰ ਅਤੇ ਸਮਾਧੀ ਵਿਚ ਦ੍ਰਿੜ ਹੋ ਕੇ ਮਨ, ਬਚਨ ਅਤੇ ਸਰੀਰ ਰਾਹੀਂ (ਤਿੰਨ ਗੁਪਤੀਆਂ) ਗੁਪਤ ਇੰਦਰੀਆਂ ਨੂੰ ਵਸ ਵਿਚ ਰੱਖੇ। ਬ੍ਰਹਮਚਰਜ ਵਿਚ ਰਹਿ ਕੇ ਸਾਵਧਾਨੀ ਨਾਲ ਗੁੰਮੇ, ਫਿਰੇ।

ਸੂਤਰ - 2 ਸ੍ਰਮਣ ਭਗਵਾਨ (ਗਣਧਰ - ਸਥਵਿਰ) ਨੇ ਸਮਾਧੀ ਦੇ ਉਹ 10 ਥਾਂ ਕਿਹੜੇ ਦੱਸੇ ਹਨ ? ਜਿਨ੍ਹਾਂ ਨੂੰ ਸੁਣ ਕੇ ਸੰਜਮ, ਸੰਬਰ ਅਤੇ ਸਮਾਧੀ ਵਿਚ ਦ੍ਰਿੜ ਇੰਦਰੀਆਂ ਨੂੰ ਵਸ ਵਿਚ ਰੱਖੇ। ਬ੍ਰਹਮਚਾਰੀ ਰਹਿ ਕੇ ਸਾਵਧਾਨੀ ਨਾਲ ਘੁੰਮੇ

ਸੂਤਰ - 3 ਸਥਵਿਰ ਭਗਵਾਨ ਨੇ ਬ੍ਰਹਮਚਰਜ ਸਮਾਧੀ ਦੇ ਦਸ ਥਾਂ ਇਸ ਪ੍ਰਕਾਰ ਦੱਸੇ ਹਨ, ਜਿਨ੍ਹਾਂ ਨੂੰ ਸੁਣ ਕੇ ਸੰਜਮ, ਸੰਬਰ ਅਤੇ ਸਮਾਧੀ ਵਿਚ ਦ੍ਰਿੜ, ਇੰਦਰੀਆਂ ਨੂੰ ਵਸ ਕਰਕੇ, ਬ੍ਰਹਚਾਰੀ ਸਾਵਧਾਨੀ ਨਾਲ ਘੁੰਮੇ।

ਜੋ ਏਕਾਂਤ ਵਿਚ ਸੌਂਦਾ ਹੈ ਉਹ ਨਿਰਗਰੰਥ ਹੈ ਜੋ ਇਸਤਰੀ ਪਸ਼ੂ ਤੇ ਹਿਜੜੇ ਵਾਲੀ ਥਾਂ ਤੇ ਨਿਵਾਸ ਨਹੀਂ ਕਰਦਾ ਹੈ ਨਿਰਗਰੰਥ ਹੈ।

ਪ੍ਰਸ਼ਨ : ਅਜਿਹਾ ਕਿਉਂ ਆਖਿਆ ਗਿਆ ਹੈ ?

ਉੱਤਰ : ਇਕ ਪੱਕੀ ਗੱਲ ਹੈ ਕਿ ਇਸਤਰੀ, ਪਸ਼ੂ ਤੇ ਹਿਜੜੇ ਦਾ

ਮੰਜਾ ਬਿਸਤਰੇ ਵਿਚ ਬ੍ਰਹਮਚਰਜ ਦੀ ਸ਼ੰਕਾ ਰਹਿੰਦੀ ਹੈ। ਭੰਗ ਇੱਛਾ ਜਾਗਦੀ ਹੈ। ਬ੍ਰਹਮੰਚਰਜ ਦੇ ਫਲ ਬਾਰੇ ਸ਼ੱਕ ਪੈਦਾ ਹੁੰਦਾ ਹੈ। ਜਾਂ ਅਸੰਜਮ, ਭੋਗ ਅਤੇ ਪਾਲਗਪਨ ਪੈਦਾ ਹੋ ਜਾਂਦਾ ਹੈ। ਲੰਬੇ ਸਮੇਂ ਤੱਕ ਹੋਣ ਵਾਲਾ ਰੋਗ ਪੈਦਾ ਹੋ ਜਾਂਦਾ ਹੈ। ਉਹ ਕੇਵਲੀ (ਸਵਰਗ) ਦੁਆਰਾ ਸਥਾਪਿਤ ਧਰਮ ਤੋਂ ਭਰਿਸ਼ਟ ਹੋ ਜਾਂਦਾ ਹੈ। ਇਸ ਲਈ ਇਹ ਗੱਲ ਸਹੀ ਹੈ, ਕਿ ਭਿਕਸ਼ੂ (ਨਿਰਗਰੰਥ) ਨੂੰ ਇਸਤਰੀ, ਪਸ਼ੂ ਤੇ ਹਿਜੜੇ ਦਾ ਮੰਜਾ, ਬਿਸਤਰਾ ਵਰਤੋਂ ਵਿਚ ਨਹੀਂ ਲਿਆਉਣਾ ਚਾਹੀਦਾ। ਜੋ ਇਸਤਰੀ ਪਸ਼ੂ ਤੇ ਹਿਜੜੇ ਦੇ ਆਸਨ ਦਾ ਸੇਵਨ ਨਹੀਂ ਕਰਦਾ ਉਹ ਨਿਰਗਰੰਥ ਸਾਧੂ ਹੈ।

ਸੂਤਰ - 4 ਜੋ ਇਸਤਰੀਆਂ ਦੇ ਹਾਰ ਸ਼ਿੰਗਾਰ ਦੀ ਕਥਾ ਨਹੀਂ ਕਰਦਾ, ਉਹ ਹੀ ਨਿਰਗਰੰਥ ਹੈ।

ਪ੍ਰਸ਼ਨ : ਅਜਿਹਾ ਕਿਉਂ ਆਖਿਆ ਗਿਆ ਹੈ ?

ਉਤਰ : ਇਸਤਰੀਆਂ ਦੀ ਕਥਾ ਕਰਦੇ ਹੋਏ ਨਿਰਗਰੰਥ ਬ੍ਰਹਮਚਾਰੀ ਦੇ ਬ੍ਰਹਮਚਰਜ ਵਿਚ ਸ਼ੰਕਾ ਪੈਦਾ ਹੁੰਦੀ ਹੈ। ਭੋਗ ਇੱਛਾ ਜਾਗਦੀ ਹੈ। ਬ੍ਰਹਮਚਰਜ ਦੇ ਫਲ ਬਾਰੇ ਸ਼ੱਕ ਪੈਦਾ ਹੁੰਦਾ ਹੈ, ਸੰਜਮ, ਭੰਗ ਅਤੇ ਪਾਗਲਪੁਨਾ ਪੈਦਾ ਹੋ ਜਾਂਦਾ ਹੈ। ਲੰਬੇ ਸਮੇਂ ਤੱਕ ਹੋਣ ਵਾਲਾ ਰੋਗ ਪੈਦਾ ਹੋ ਜਾਂਦਾ ਹੈ। ਇਸ ਲਈ ਨਿਰਗਰੰਥ ਇਸਤਰੀ ਦੀ ਕਥਾ ਕਰਨ ਵਾਲ ਭਿਕਸ਼ੂ ਨਹੀਂ ਹੈ।

ਸੂਤਰ - 5 ਜੋ ਇਸਤਰੀਆਂ ਨਾਲ ਇਕ ਜਗ੍ਹਾ ਤੇ ਨਹੀਂ ਬੈਠਦਾ ਉਹ ਨਿਰਗਰੰਥ ਹੈ।

ਪ੍ਰਸ਼ਨ : ਅਜਿਹਾ ਕਿਉਂ ਆਖਿਆ ਗਿਆ ਹੈ।

ਉਤਰ : ਇਸਤਰੀਆਂ ਦੇ ਨਾਲ ਬੈਠਣ ਕਾਰਨ, ਉਸ ਦੇ ਬ੍ਰਹਮਚਰਜ ਵਿਚ ਸ਼ੰਕਾ ਪੈਦਾ ਹੁੰਦੀ ਹੈ। ਭੋਗ ਇੱਛਾ ਜਾਗਦੀ ਹੈ।

ਬ੍ਰਹਮਚਰਜ ਦੇ ਫਲ ਬਾਰੇ ਸ਼ੱਕ ਪੈਦਾ ਹੁੰਦਾ ਹੈ। ਸੰਜਮ ਦਾ ਭੋਗ ਅਤੇ ਪਾਗਲਪੁਨਾ ਪੈਦਾ ਹੁੰਦਾ ਹੈ। ਲੰਬੇ ਸਮੇਂ ਤੱਕ ਹੋਣ ਵਾਲਾ ਰੋਗ ਪੈਦਾ ਹੋ ਜਾਂਦਾ ਹੈ। ਸਰਵਗ ਦੇ ਧਰਮ ਤੋਂ ਭ੍ਰਿਸ਼ਟ ਹੋ ਜਾਂਦਾ ਹੈ। ਇਸ ਲਈ ਬ੍ਰਹਮਚਾਰੀ ਇਕ ਆਸਨ ਤੇ ਇਸਤਰੀ ਦੇ ਨਾਲ ਨਾ ਬੈਠੇ।3।

ਸੂਤਰ - 6 ਜੋ ਇਸਤਰੀਆਂ ਦੇ ਮਨੋਹਰ ਅਤੇ ਮਨ ਨੂੰ ਭਾਉਣ ਵਾਲੀਆਂ ਇੰਦਰੀਆਂ ਨੂੰ ਨਹੀਂ ਵੇਖਦਾ ਤੇ ਧਿਆਨ ਨਹੀਂ ਕਰਦਾ ਉਹ ਹੀ ਨਿਰਗਰੰਥ ਹੈ।

ਪ੍ਰਸ਼ਨ : ਅਜਿਹਾ ਕਿਉਂ ਆਖਿਆ ਗਿਆ ਹੈ ?

ਉਤਰ : ਜੋ ਨਿਰਗਰੰਥ ਬ੍ਰਹਮਚਾਰੀ ਇਸਤਰੀਆਂ ਦੇ ਮਨੋਹਰ ਇੰਦਰੀਆਂ ਨੂੰ ਵੇਖਦਾ ਹੈ ਧਿਆਨ ਰੱਖਦਾ ਹੈ, ਉਸ ਦੀ ਬ੍ਰਹਚਰਜ ਵਿਚ ਸ਼ੰਕਾ ਪੈਦਾ ਹੋ ਜਾਂਦੀ ਹੈ। ਭੋਗ ਇੱਛਾ ਜਾਗਦੀ ਹੈ। ਬ੍ਰਹਮਚਰਜ ਦੇ ਫਲ ਬਾਰੇ ਸ਼ੱਕ ਪੈਦਾ ਹੁੰਦਾ ਹੈ। ਸੰਜਮ ਭੰਗ ਤੇ ਪਾਗਲਪੁਨਾ ਹੋ ਜਾਂਦਾ ਹੈ। ਉਹ ਕੇਵਲੀ ਧਰਮ ਤੋਂ ਭ੍ਰਿਸ਼ਟ ਹੋ ਜਾਂਦਾ ਹੈ, ਇਸ ਲਈ ਇਸਤਰੀਆਂ ਦੀ ਇੰਦਰੀਆਂ ਦਾ ਧਿਆਨ ਨਹੀਂ ਕਰਨਾ ਚਾਹੀਦਾ ਜੋ ਇਨ੍ਹਾਂ ਗੱਲਾਂ ਦਾ ਧਿਆਨ ਰੱਖਦਾ ਹੈ ਉਹ ਹੀ ਸੱਚਾ ਨਿਰਗਰੰਥ ਹੈ।

ਸੂਤਰ 7 : ਜੋ ਸਾਧੂ ਕੱਚੀ ਕੰਧ ਦੀ ਓਟ ਵਿਚ ਜਾਂ ਪਰਦੇ ਦੇ ਪਿੱਛੇ ਜਾਂ ਕੰਧ ਪਿੱਛੇ ਇਸਤਰੀਆਂ ਦੇ ਮਿੱਠੇ ਸ਼ਬਦ, ਵਿਛੋੜੇ, ਵਿਲਾਪ, ਗੀਤ, ਹਾਸਾ, ਸਿਸਕੀਆਂ, ਪਰੇਮ ਦੀ ਗੱਲਾਂ ਆਦਿ ਨਹੀਂ ਸੁਣਦਾ ਉਹ ਹੀ ਸੱਚਾ ਬ੍ਰਹਮਚਾਰੀ ਭਿਕਸ਼ੂ 'ਹੈ।

ਪ੍ਰਸ਼ਨ : ਅਜਿਹਾ ਕਿਉਂ ਆਖਿਆ ਗਿਆ ਹੈ ?

ਉਤਰ : ਜੋ ਸਾਧੂ ਕੱਚੀ ਕੰਧ ਦੀ ਓਟ ਜਾਂ ਪਰਦੇ ਦੇ ਪਿੱਛੇ ਜਾਂ ਕੰਧ ਦੇ ਪਿੱਛੇ ਇਸਤਰੀਆਂ ਦੇ ਮਿੱਠੇ ਸ਼ਬਦ, ਵਿਛੋੜੇ, ਵਿਲਾਪ, ਗੀਤ,

ਹਾਸਾ, ਸਿਸਕੀਆਂ ਭਰਨ ਦੀਆਂ ਗੱਲਾਂ ਸੁਣਦਾ ਹੈ, ਉਸਦੇ ਬ੍ਰਹਮਚਾਰਜ ਵਿਚ ਸ਼ੰਕਾ ਪੈਦਾ ਹੁੰਦੀ ਹੈ। ਭੋਗ ਇੱਛਾ ਜਾਗਦੀ ਹੈ, ਬ੍ਰਹਮਚਰਜ ਦੇ ਫਲ ਬਾਰੇ ਸ਼ੰਕਾ ਪੈਦਾ ਹੁੰਦੀ ਹੈ। ਸੰਜਮ ਭੰਗ ਤੇ ਪਾਗਲਪੁਣਾ ਹੋ ਜਾਂਦਾ ਹੈ, ਉਹ ਸਰਵਗਾਂ ਦੇ ਧਰਮ ਤੋਂ ਭ੍ਰਿਸ਼ਟ ਹੋ ਜਾਂਦਾ ਹੈ। ਇਸ ਲਈ ਬ੍ਰਹਮਚਾਰੀ ਨੂੰ ਕੱਚੀ ਕੰਧ ਦੀ ਓਟ, ਪਰਦੇ ਪਿੱਛੇ, ਕੰਧ ਪਿੱਛੇ ਇਸਤਰੀਆਂ ਦੇ ਮਿੱਠੇ ਸ਼ਬਦ, ਵਿਛੋੜੇ, ਵਿਲਾਪ, ਗੀਤ, ਹਾਸਾ, ਸਿਸਕੀਆਂ, ਪ੍ਰੇਮ ਦੀਆਂ ਗੱਲਾਂ ਸੁਣਨ ਤੋਂ ਪਰਹੇਜ਼ ਕਰਨ ਵਾਲਾ ਹੀ ਸੱਚਾ ਭਿਕਸ਼ੂ (ਨਿਰਗਰੰਥ) ਹੈ।

ਸੂਤਰ 8 : ਜੋ ਇਸਤਰੀਆਂ ਨਾਲ ਪਹਿਲਾਂ ਭੋਗੇ ਹੋਏ ਭੋਗ ਅਤੇ ਹਾਸੇ ਮਜ਼ਾਕ ਨੂੰ ਯਾਦ ਨਹੀਂ ਕਰਦਾ ਉਹ ਹੀ ਸੱਚਾ ਭਿਕਸ਼ੂ ਹੈ।

ਪ੍ਰਸ਼ਨ : ਅਜਿਹਾ ਕਿਉਂ ਆਖਿਆ ਗਿਆ ਹੈ।

ਉੱਤਰ : ਇਸਤਰੀਆਂ ਨਾਲ ਪਹਿਲਾਂ ਭੋਗੇ ਹੋਏ ਭੋਗ ਤੇ ਹਾਸਾ, ਮਜ਼ਾਕ ਯਾਦ ਕਰਨ ਤੇ ਬ੍ਰਹਮਚਰਜ ਵਿਚ ਸ਼ੰਕਾ ਹੁੰਦੀ ਹੈ। ਭੋਗ ਇੱਛਾ ਜਾਗਦੀ ਹੈ। ਬ੍ਰਹਮਚਰਜ ਦੇ ਫਲ ਬਾਰੇ ਸ਼ੱਕ ਪੈਦਾ ਹੁੰਦਾ ਹੈ। ਉਹ ਸਰਵਗ ਦੇ ਧਰਮ ਤੋਂ ਪਤਿਤ ਹੋ ਜਾਂਦਾ ਹੈ। ਇਸ ਲਈ ਇਸਤਰੀਆਂ ਨਾਲ ਪਹਿਲਾਂ ਭੋਗੇ ਭੋਗ ਤੇ ਹਾਸਾ ਮਜ਼ਾਕ ਚੇਤੇ ਨਾ ਕਰਨ ਵਾਲਾ ਹੀ ਨਿਰਗਰੰਥ ਹੈ।

ਸੂਤਰ 9 ; ਜੋ ਤਾਕਤਵਾਰ, ਸਿਹਤ ਵਿਚ ਵਾਧਾ ਕਰਨ ਵਾਲਾ ਭੋਜਨ ਨਹੀਂ ਖਾਂਦਾ ਉਹ ਹੀ ਨਿਰਗਰੰਥ ਹੈ।

ਪ੍ਰਸ਼ਨ : ਅਜਿਹਾ ਕਿਉਂ ਆਖਿਆ ਗਿਆ ਹੈ ?

ਉੱਤਰ : ਅਜਿਹਾ ਭੋਜਨ ਕਰਨ ਨਾਲ ਬ੍ਰਹਮਚਰਜ ਵਿਚ ਸ਼ੰਕਾ ਪੈਦਾ ਹੁੰਦੀ ਹੈ। ਭੋਗ ਇੱਛਾ ਜਾਗਦੀ ਹੈ, ਬ੍ਰਹਮਚਰਜ ਦੇ ਫਲ ਬਾਰੇ ਸ਼ੰਕਾ ਪੈਦਾ

ਹੁੰਦੀ ਹੈ, ਸੰਜਮ, ਭੋਗ ਤੇ ਵਿਕਾਰ ਪੈਦਾ ਹੁੰਦਾ ਹੈ, ਲੰਬੇ ਸਮੇਂ ਤੱਕ ਚੱਲਣ ਵਾਲਾ ਰੋਗ ਪੈਦਾ ਹੁੰਦਾ ਹੈ, ਭਿਕਸ਼ੂ ਧਰਮ ਤੇ ਭ੍ਰਿਸ਼ਟ ਹੋ ਜਾਂਦਾ ਹੈ। ਇਸ ਲਈ ਸਾਧੂ ਤਾਕਤਵਰ ਭੋਜਨ ਨਾ ਕਰੇ।

ਸੂਤਰ 10 : ਜੋ ਮਿਕਦਾਰ ਤੋਂ ਜ਼ਿਆਦਾ ਭੋਜਨ ਨਹੀਂ ਕਰਦਾ। ਉਹ ਹੀ ਸੱਚਾ ਭਿਕਸ਼ੂ ਹੈ।

ਪ੍ਰਸ਼ਨ : ਅਜਿਹਾ ਕਿਉਂ ਆਖਿਆ ਗਿਆ ਹੈ ?

ਉੱਤਰ : ਇਸ ਤਰ੍ਹਾਂ ਦੇ ਵਿਅਕਤੀ ਦੇ ਮਨ ਵਿਚ ਬ੍ਰਹਮਚਰਜ ਬਾਰੇ ਸ਼ੰਕਾ ਉੱਠਦੀ ਹੈ। ਭੋਗ ਇੱਛਾ ਜਾਦਗੀ ਹੈ, ਬ੍ਰਹਮਚਰਜ ਦੇ ਫਲ ਬਾਰੇ ਸ਼ੱਕ ਪੈਦਾ ਹੁੰਦਾ ਹੈ। ਸੰਜਮ ਭੋਗ ਤੇ ਪਾਗਲਪੁਣਾ ਜਾਗਦਾ ਹੈ, ਲੰਬੇ ਸਮੇ ਤੱਕ ਚੱਲਣ ਵਾਲਾ ਰੋਗ ਉਤਪੰਨ ਹੁੰਦਾ ਹੈ, ਭਿਕਸ਼ੂ ਧਰਮ ਤੇ ਭ੍ਰਿਸ਼ਟ ਹੋ ਜਾਂਦਾ ਹੈ। ਇਸ ਲਈ ਮਿਕਦਾਰ ਤੋਂ ਜ਼ਿਆਦਾ ਭੋਜਨ ਕਰਨ ਵਾਲਾ ਭਿਕਸ਼ੂ ਨਹੀਂ ਹੈ।

ਸੂਤਰ 11 : ਸਰੀਰ ਦਾ ਹਾਰ ਸ਼ਿੰਗਾਰ ਕਰਨ ਵਾਲਾ ਭਿਕਸ਼ੂ ਨਹੀਂ ਹੋ ਸਕਦਾ।

ਪ੍ਰਸ਼ਨ : ਅਜਿਹਾ ਕਿਉਂ ਆਖਿਆ ਗਿਆ ਹੈ ?

ਉੱਤਰ : ਸ਼ਿੰਗਾਰ ਕਰਨ ਨਾਲ ਇਸਤਰੀਆਂ ਪ੍ਰਤੀ ਭੋਗ ਦੀ ਇੱਛਾ ਪੈਦਾ ਹੁੰਦੀ ਹੈ। ਫਿਰ ਇਸਤਰੀਆਂ ਦੀ ਭੋਗ ਕਰਨ ਲਈ ਬੇਨਤੀ ਤੇ ਬ੍ਰਹਮਚਰਜ ਪ੍ਰਤੀ ਸ਼ੰਕਾ ਪੈਦਾ ਹੁੰਦੀ ਹੈ। ਭੋਗ ਇੱਛਾ ਜਾਗਦੀ ਹੈ। ਬ੍ਰਹਮਚਰਜ ਦੇ ਫਲ ਬਾਰੇ ਸ਼ੰਕਾ ਪੈਦਾ ਹੁੰਦੀ ਹੈ। ਭੋਗ ਸੰਜਮ ਭੋਗ ਹੁੰਦਾ ਹੈ। ਪਾਲਗਪੁਣਾ ਜਾਗਦਾ ਹੈ। ਲੰਬੇ ਸਮੇਂ ਤੱਕ ਚੱਲਣ ਵਾਲਾ ਰੋਗ ਪੈਦਾ ਹੁੰਦਾ ਹੈ। ਭਿਕਸ਼ੂ ਧਰਮ ਤੋਂ ਪਤਿਤ ਹੋ ਜਾਂਦਾ ਹੈ। ਇਸ ਲਈ ਹਾਰ

ਸ਼ਿੰਗਾਰ ਕਰਨ ਵਾਲਾ ਭਿਕਸ਼ੂ ਨਹੀਂ ਅਖਵਾ ਸਕਦਾ।

ਸੂਤਰ 12 : ਜੋ ਮਨ ਨੂੰ ਲੁਭਾਉਣ ਵਾਲੇ ਸ਼ਬਦ, ਰੂਪ ਰਸ, ਖੁਸ਼ਬੂ ਅਤੇ ਸਪਰਸ਼ ਦਾ ਸੇਵਨ ਨਹੀਂ ਕਰਦਾ ਉਹ ਹੀ ਸੱਚਾ ਭਿਕਸ਼ੂ ਹੈ।

ਪ੍ਰਸ਼ਨ : ਅਜਿਹਾ ਕਿਉਂ ਆਖਿਆ ਗਿਆ ਹੈ।

ਉੱਤਰ : ਇਸ ਪ੍ਰਕਾਰ ਸੇਵਨ ਕਰਨ ਨਾਲ ਬ੍ਰਹਮਚਰਜ ਪ੍ਰਤੀ ਸ਼ੰਕਾ ਉਤਪੰਨ ਹੁੰਦਾ ਹੈ। ਭੋਗ ਇੱਛਾ ਜਾਗਦੀਹੈ। ਬ੍ਰਹਮਚਰਜ ਦੇ ਫਲ ਪ੍ਰਤੀ ਸ਼ੰਕਾ ਪੈਦਾ ਹੁੰਦੀ ਹੈ। ਸੰਜਮ, ਭੋਗ ਤੇ ਪਾਗਲਪੁਣਾ ਹੁੰਦਾ ਹੈ। ਲੰਬੇ ਸਮੇਂ ਤੱਕ ਚੱਲਣ ਵਾਲਾ ਰੋਗ ਪੈਦਾ ਹੁੰਦਾ ਹੈ। ਭਿਕਸ਼ੂ ਸੱਚੇ ਧਰਮ ਤੋਂ ਭ੍ਰਿਸ਼ਟ ਹੋ ਜਾਂਦਾ ਹੈ। ਜੋ ਸਾਧੂ ਉਪਰੋਕਤ ਵਸਤਾਂ ਦਾ ਸੇਵਨ ਕਰਦਾ ਹੈ, ਉਹ ਭਿਕਸ਼ੂ ਨਹੀਂ ਹੈ।

ਇਸ ਸਬੰਧ ਵਿਚ ਭਗਵਾਨ ਸੁਧਰਮਾ ਸਵਾਮੀ ਹੋਰ ਸ਼ਲੋਕ ਪੇਸ਼ ਕਰਦੇ ਹਨ।

ਬ੍ਰਹਮਚਰਜ ਦੀ ਰੱਖਿਆ ਦੇ ਲਈ ਸਾਧੂ ਅਜਿਹੀ ਉਪਾਸਰਾ (ਠਹਿਰਣ ਯੋਗ ਥਾਂ) ਨੂੰ ਗ੍ਰਹਿਣ ਕਰੇ ਜੋ ਏਕਾਂਤ ਅਤੇ ਇਸਤਰੀ ਰਹਿਤ ਹੋਵੇ।1।

ਬ੍ਰਹਮਚਰਜ ਵਿਚ ਲਗਾ ਭਿਕਸ਼ੂ ਅਜਿਹੀ ਇਸਤਰੀ ਕਥਾ ਨਾ ਕਰੇ ਜੋ ਮਨ ਵਿਚ ਬੇਹੁਦਾ ਆਨੰਦ ਪੈਦਾ ਕਰਨ ਵਾਲੀ ਕਾਮ ਭੋਗ ਅਤੇ ਮਮਤਾ ਵਧਾਉਣ ਵਾਲੀ ਹੋਵੇ।2।

ਬ੍ਰਹਮਚਰਜ ਨੂੰ ਪਿਆਰ ਕਰਨ ਵਾਲਾ ਸਾਧੂ ਇਸਤਰੀਆਂ ਨਾਲ ਜਾਣਕਾਰੀ ਵਧਾਉਣਾ ਤੇ ਮਿਲ ਕੇ ਇਕ ਆਸਨ ਤੇ ਬੈਠ ਕੇ ਗੱਲਬਾਤ ਕਰਨਾ, ਹਮੇਸ਼ਾ ਲਈ ਛੱਡ ਦੇਵੇ।3।

ਬ੍ਰਹਮਚਰਜ ਵਿਚ ਲੱਗਾ ਸਾਧੂ, ਇਸਤਰੀਆਂ ਦੇ ਅੰਗ ਸਜਾਵਟ

ਵਾਲੇ ਅੰਗ ਅਤੇ ਉਨ੍ਹਾਂ ਦੀ ਮਿੱਠੀ ਬੋਲੀ ਨੂੰ ਕਾਮ-ਵਾਸਨਾ ਵਾਲੀ ਦ੍ਰਿਸ਼ਟੀ ਨਾਲ ਵੇਖਣਾ ਛੱਡ ਦੇਵੇ।4।

ਬ੍ਰਹਮਚਰਜ ਦਾ ਪ੍ਰੇਮੀ, ਸਾਧੂ, ਇਸਤਰੀਆਂ ਦੇ ਸ਼ਬਦ ਪ੍ਰੇਮ, ਰੋਣਾ, ਗਾਉਣਾ, ਹਾਸਾ, ਮਜਾਕ, ਸਿਸਕੀਆਂ, ਵਿਲਾਪ ਅਤੇ ਹੋਰ ਕੰਨਾਂ ਦੇ ਵਿਕਾਰਾਂ ਨੂੰ ਛੱਡ ਦੇਵੇ।5।

ਬ੍ਰਹਮਚਰਜ ਦੀ ਪਾਲਨਾ ਕਰਨ ਵਾਲਾ ਭਿਕਸ਼ੂ ਗ੍ਰਹਿਸਥ ਅਵਸਥਾ ਵਿਚ ਇਸਤਰੀਆਂ ਨਾਲ ਕੀਤੇ ਹਾਸੇ, ਮਜ਼ਾਕ, ਖੇਡ, ਭੋਜਨ ਅਤੇ ਭੋਗ ਆਦਿ ਦਾ ਭੁੱਲ ਕੇ ਵੀ ਸਿਮਰਨ ਨਾ ਕਰੋ।6।

ਬ੍ਰਹਮਚਰਜ ਨੂੰ ਪਿਆਰ ਕਰਨ ਵਾਲਾ ਭਿਕਸ਼ੂ ਛੇਤੀ ਸਿਹਤ ਨੂੰ ਤਾਕਤਵਰ ਬਨਾਉਣ ਵਾਲੇ ਚਿਕਨੇ ਚੋਪੜੇ ਸਵਾਦੀ ਭੋਜਨ ਦਾ ਹਮੇਸ਼ਾ ਲਈ ਤਿਆਗ ਕਰ ਦੇਵੇ।7।

ਬ੍ਰਹਮਚਰਜ ਪਾਲਕ ਸਾਧੂ ਭਿਕਸ਼ਾ ਦੇ ਸਮੇਂ ਸ਼ੁੱਧ ਢੰਗ ਰਾਹੀਂ ਪ੍ਰਾਪਤ ਕੀਤਾ ਹੋਇਆ ਭੋਜਨ, ਸ਼ੁੱਧ ਮਨ ਨਾਲ, ਸੰਜਮ ਰੂਪੀ ਸਫਰ ਦੇ ਨਿਰਵਾਹ ਲਈ, ਥੋੜ੍ਹੀ ਮਿਕਦਾਰ ਨਾਲ ਲਵੇ। ਮਿਕਦਾਰ ਤੋਂ ਜ਼ਿਆਦਾ ਭੋਜਨ ਨਾ ਲਵੇ।8।

ਬ੍ਰਹਮਚਰਜ ਵਿਚ ਲਗਾ ਭਿਕਸ਼ੂ ਹਾਰ ਸ਼ਿੰਗਾਰ ਅਤੇ ਸੋਭਾ ਵਧਾਵੁਣ ਵਾਲੇ ਕੱਪੜੇ ਪਹਿਨਣਾ ਤਿਆਗ ਦੇਵੇ।9।

ਸ਼ਬਦ ਰੂਪ, ਰਸ, ਗੰਧ ਤੇ ਸਪਰਸ਼ ਇਨ੍ਹਾਂ 5 ਪ੍ਰਕਾਰ ਦੇ ਕਾਮ ਗੁਣਾਂ ਨੂੰ ਭਿਕਸ਼ੂ ਸਦਾ ਲਈ ਤਿਆਗ ਦੇਵੇ।10।

(1) ਇਸਤਰੀਆਂ ਦੇ ਭਰੇ ਹੋਏ ਥਾਂ ਭਾਵ ਵਿਆਹ, ਸ਼ਾਦੀ, ਮੇਲਾ ਜਾਂ ਨਾਟਕ।

(2) ਇਸਤਰੀਆਂ ਦੀ ਮਨ ਨੂੰ ਖੁਸ਼ ਕਰਨ ਵਾਲੀ ਕਥਾ ਕਹਾਣੀ।

(3) ਇਸਤਰੀਆਂ ਨਾਲ ਮੇਲ ਮਿਲਾਪ ਦੀ ਭਾਵਨਾ।

(4) ਉਨ੍ਹਾਂ ਦੀਆਂ ਇੰਦਰੀਆਂ ਦਾ ਵੇਖਣਾ।

(5) ਉਨ੍ਹਾਂ ਦੇ ਮਿੱਠੇ ਸ਼ਬਦ, ਰੋਣਾ, ਗੀਤ, ਹਾਸਾ ਆਦਿ ਸੁਨਣਾ।

(6) ਪਹਿਲਾਂ ਭੋਗੇ ਭੋਗਾਂ ਦਾ ਸਿਮਰਨ ਕਰਨਾ।

(7) ਜ਼ਰੂਰਤ ਤੋਂ ਜ਼ਿਆਦਾ ਮਿਕਦਾਰ ਵਿਚ ਭੋਜਨ ਗ੍ਰਹਿਣ ਕਰਨਾ।

(8) ਤਾਕਤਵਰ ਤੇ ਪੁਸ਼ਟੀ ਦਾਇਕ ਭੋਜਨ ਕਰਨਾ।

(9) ਮਨ ਨੂੰ ਮੋਹਨ ਵਾਲੇ ਸ਼ਬਦ ਆਦਿ ਦੇ ਵਿਸ਼ੇ ਵਿਕਾਰ ਇਹ ਸਭ ਗੱਲਾਂ ਸਵੈ ਕਾਬੂ ਕਰਨ ਵਾਲੇ, ਆਤਮ ਦੇ ਜੇਤੂ ਪੁਰਸ਼ ਲਈ ਤਾਲਪੁਟ ਜ਼ਹਿਰ ਦੇ ਬਰਾਬਰ ਹਨ। 11-12-13।

ਇਕ ਪੱਕਾ ਮਨ ਰੱਖਣ ਵਾਲਾ, ਮੁਸ਼ਕਿਲ ਨਾਲ ਕਾਬੂ ਹੋਣ ਵਾਲੇ ਵਿਸ਼ੇ ਵਿਕਾਰਾਂ ਨੂੰ ਹਮੇਸ਼ਾ ਲਈ ਛੱਡ ਦੇਵੇ ਅਤੇ ਸਭ ਪ੍ਰਕਾਰ ਦੇ ਸ਼ੱਕ ਵਾਲੇ ਥਾਂ ਛੱਡ ਦੇਵੇ। ਜਿਨ੍ਹਾਂ ਨਾਲ ਬ੍ਰਹਮਚਰਜ ਦੇ ਭੰਗ ਹੋਣ ਦਾ ਡਰ ਹੋਵੇ। 14।

ਧਰਮ ਰੂਪੀ ਬਾਗ ਵਿਚ ਘੁੰਮਣ ਵਾਲਾ, ਧਰਮ ਰੱਥ ਦਾ ਚਲਾਉਣ ਵਾਲਾ, ਇੰਦਰੀਆਂ ਦਾ ਜੇਤੂ ਅਤੇ ਬ੍ਰਹਮਚਰਜ ਸਮਾਧੀ ਦਾ ਧਾਰਮਿਕ ਹਮੇਸ਼ਾ ਧਰਮ ਰੂਪੀ ਬਗੀਚੇ ਵਿਚ ਹੀ ਘੁੰਮੇ ਫਿਰੇ। 15।

ਜੋ ਔਖੇ ਵਰਤਾਂ (ਨੇਮਾਂ) ਦੀ ਪਾਲਣਾ ਕਰਦਾ ਹੈ। ਉਸ ਬ੍ਰਹਮਚਾਰੀ ਦੇਵਤੇ, ਰਾਖਸ਼, ਦਾਣਵ, ਗੰਧਰਵ, ਯਕਸ਼ ਅਤੇ ਕਿੱਨਰ ਆਦਿ ਸਭ ਨਮਸਕਾਰ ਕਰਦੇ ਹਨ। 16।

ਇਹੋ ਧਰਮ ਧਰੁਵ, ਨਿੱਤ ਅਤੇ ਹਮੇਸ਼ਾ ਰਹਿਣ ਵਾਲਾ ਹੈ। ਜਿਨ (ਤੀਰਥੰਕਰ) ਸਰਵੱਗ ਭਗਵਾਨ ਰਾਹੀਂ ਵਰਨਣ ਕੀਤਾ ਗਿਆ ਹੈ। ਇਸ

ਦਾ ਪਾਲਨ ਕਰਕੇ ਅਨੇਕਾਂ ਜੀਵ ਸਿੱਧ ਹੋਏ ਹਨ, ਹੁੰਦੇ ਹਨ ਅਤੇ ਅੱਗੋਂ ਨੂੰ ਵੀ ਹੋਣਗੇ।17।

ਇਸ ਪ੍ਰਕਾਰ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 3

ਸ਼ੰਕਾ ਦਾ ਅਰਥ ਬ੍ਰਹਮਚਰਜ ਦੇ ਪ੍ਰਤਿ ਸ਼ੱਕ ਹੈ। ਭੋਗ ਦੀ ਇੱਛਾ ਕਾਂਕਸ਼ਾ ਹੈ। ਅਭਿਲਾਸ਼ਾ ਦੇ ਤੇਜ਼ ਹੋਣ ਤੇ ਮਨ ਵਿਚ ਵਿਦਰੋਹ ਹੋਣਾ ਵਿਚਿਕਤਸਾ ਹੈ। ਵਿਚਿਕਤਸਾ ਦੇ ਤੇਜ਼ ਹੋਣ ਨਾਲ ਚਰਿੱਤਰ ਦਾ ਨਾਸ਼ ਹੁੰਦਾ ਹੈ।

ਸੂਤਰ 10

'ਪ੍ਣੀਤ' ਸਿਹਤ ਵਿਚ ਵਾਧਾ ਕਰਨ ਵਾਲਾ ਭੋਜਨ ਹੈ। ਇਸ ਵਿਚੋਂ ਘੀ ਤੇ ਤੇਲ ਦੀਆਂ ਬੂੰਦਾਂ ਟਪਕਦੀਆਂ ਹਨ।

'प्रणीतं' – गलत्स्नेहं तैलघृतादिभि (उत्तराध्ययन चूर्णी)

# 17.

# ਪਾਪ ਸ਼੍ਰਮਣੀਆ ਅਧਿਐਨ

ਇਸ ਅਧਿਐਨ ਵਿਚ ਬੁਰੇ ਸਾਧੂ ਦੇ ਲੱਛਣ ਵਿਸਥਾਰ ਨਾਲ ਦੱਸੇ ਗਏ ਹਨ। ਕਿਨ੍ਹਾਂ ਕਾਰਣਾਂ ਕਰਕੇ ਸਾਧੂ ਵਰਗਾ ਪਵਿੱਤਰ ਭੇਸ਼ ਪਾਪੀ ਅਖਾਉਂਦਾ ਹੈ ? ਸਾਧੂ ਕਿਵੇਂ ਇਨ੍ਹਾਂ ਅਵਗੁਣਾਂ ਕਰਕੇ ਆਪਣਾ ਨੁਕਸਾਨ ਕਰਦਾ ਹੈ ? ਇਨ੍ਹਾਂ ਸਵਾਲਾਂ ਦਾ ਉੱਤਰ ਇਸ ਅਧਿਐਨ ਵਿਚ ਦਿੱਤਾ ਗਿਆ ਹੈ।

ਸਾਧੂ ਬਣਨ ਦਾ ਉਦੇਸ਼ ਭੇਸ਼ ਧਾਰਨ ਕਰਨਾ ਹੀ ਨਹੀਂ ਸਗੋਂ ਆਤਮਾ ਤੋਂ ਪ੍ਰਮਾਤਮਾ ਦਾ ਪਦ ਪਾਉਣਾ ਹੈ। ਜਿਸ ਲਈ ਕਠੋਰ ਤਪ, ਸਾਧਨਾ ਤੇ ਗਿਆਨ, ਦਰਸ਼ਨ ਤੇ ਚਰਿੱਤਰ ਦੀ ਜ਼ਰੂਰਤ ਹੈ।

ਪਿਛਲੇ ਅਧਿਐਨ ਵਿਚ ਤਿੰਨ ਗੁਪਤੀਆ ਦੀ ਪਾਲਣਾ ਕਰਨ ਦੀ ਸਾਧੂ ਨੂੰ ਹਦਾਇਤ ਕੀਤੀ ਗਈ ਸੀ। ਇਹ ਗੁਪਤੀਆਂ ਦਾ ਪਾਲਣ ਕਰਨ ਲਈ ਪਾਪ ਸਥਾਨਾਂ ਨੂੰ ਜਾਨਣਾ ਜ਼ਰੂਰੀ ਹੈ। ਪਾਪ ਸਥਾਨ ਜਾਣ ਕੇ ਅਤੇ ਪਾਪਾਂ ਤੋਂ ਛੁਟਕਾਰਾ ਪਾ ਕੇ ਹੀ ਇਹਨਾਂ ਗੁਪਤੀਆਂ ਦਾ ਪਾਲਣ ਕੀਤਾ ਜਾ ਸਕਦਾ ਹੈ।

# ਸਤਾਰ੍ਹਵਾਂ ਅਧਿਐਨ

ਜੋ ਕੋਈ ਨਿਰਗਰੰਥ ਧਰਮ ਨੂੰ ਸੁਣ ਕੇ ਅਤੇ ਵਿਨੈਵਾਨ ਹੋ ਕੇ ਮੁਸ਼ਕਲ ਨਾਲ ਪ੍ਰਾਪਤ ਹੋਣ ਵਾਲੇ ਧਰਮ ਵਿਚ ਪ੍ਰਵੇਸ਼ ਕਰਦੇ ਹਨ ਅਤੇ ਬਾਅਦ ਵਿਚ ਮਨਮਰਜ਼ੀ ਨਾਲ ਧਰਮ ਤੋਂ ਉਲਟ ਚੱਲਦੇ ਹਨ।1।

ਉਹ ਗੁਰੂ ਨੂੰ ਆਖਦੇ ਹਨ ਕਿ ਹੇ ਭਗਵਾਨ ! ਮੈਨੂੰ ਪੱਕਾ ਟਿਕਾਣਾ ਮਿਲ ਗਿਆ, ਕੱਪੜਾ ਮਿਲ ਗਿਆ ਤੇ ਭੋਜਨ ਪਾਣੀ ਵੀ ਮਿਲ ਜਾਂਦਾ ਹੈ, ਜੋ ਹੋ ਰਿਹਾ ਹੈ ਉਹ ਮੈਂ ਵੀ ਜਾਣਦਾ ਹਾਂ। ਫਿਰ ਮੈਂ ਸ਼ਾਸਤਰ ਅਧਿਐਨ ਕਿਉਂ ਕਰਾਂ ? ।2।

ਜੋ ਦੀਖਿਅਤ ਹੋ ਕੇ ਨੀਂਦਰ ਦਾ ਸਹਾਰਾ ਲੈਣ ਵਾਲੇ ਹੋ ਜਾਂਦੇ ਹਨ, ਖਾ ਪੀ ਕੇ ਸੌਂ ਜਾਂਦੇ ਹਨ ਉਹ ਪਾਪੀ ਸ਼੍ਰਮਣ (ਭਿਕਸ਼ੂ) ਹਨ।3।

ਜਿਸ ਅਚਾਰਿਆ (ਮੁਖੀ) ਉਪਾਧਿਆਇ (ਪੜ੍ਹਾਉਣ ਵਾਲੇ ਤੋਂ) ਸ਼ਾਸਤਰਾਂ ਦਾ ਗਿਆਨ ਤੇ ਵਿਨੈ ਪ੍ਰਾਪਤ ਕੀਤਾ ਹੈ ਉਨ੍ਹਾਂ ਦੀ ਨਿੰਦਾ ਕਰਨ ਵਾਲਾ ਪਾਪੀ ਸ਼੍ਰਮਣ (ਭਿਕਸ਼ੂ) ਹੈ।4।

ਜੋ ਅਚਾਰਿਆ, ਉਪਾਧਿਆ ਦੀ ਸੇਵਾ ਨਹੀਂ ਕਰਦਾ ਅਤੇ ਗੁਣਵਾਨ ਪੁਰਸ਼ਾਂ ਦੀ ਸੇਵਾ (ਪੂਜਾ) ਨਹੀਂ ਕਰਦਾ ਉਹ ਪਾਪ ਸ਼੍ਰਮਣ ਅਖਵਾਉਂਦਾ ਹੈ।5।

ਕੀੜੇ ਮਕੌੜੇ, ਬੀਜਾਂ ਤੇ ਹਰੀ ਘਾਹ ਦੀ ਚੀਰ ਫਾੜ ਕਰਨ ਵਾਲਾ ਅਸੰਜਮੀ (ਸਾਧੂ ਪੁਣੇ ਤੋਂ ਰਹਿਤ) ਹੋ ਕੇ ਵੀ ਸੰਜਤੀ (ਸਾਧੂ) ਅਖਵਾਉਣ ਵਾਲਾ ਪਾਪੀ ਸ਼੍ਰਮਣ (ਭਿਕਸ਼ੂ) ਹੈ।6।

ਜੋ ਘਾਹ ਫੂਸ ਦੇ ਚੌਕੀ, ਫੱਟਾ, ਬਿਸਤਰੇ, ਆਸਣ, ਸ਼ਾਸਤਰਾਂ ਦੀ ਪੜ੍ਹਾਈ ਪੈਰ ਸਾਫ਼ ਕਰਨ ਵਾਲਾ ਕੱਪੜਾ, ਇਨ੍ਹਾਂ ਨੂੰ ਸਾਫ਼ ਕਰਕੇ ਬੈਠਦਾ

ਹੈ, ਕੰਮ ਲੈਂਦਾ ਹੈ, ਉਹ ਪਾਪੀ ਸ੍ਰਮਣ (ਭਿਕਸ਼ੂ) ਹੈ।7।

ਜੋ ਛੇਤੀ ਛੇਤੀ ਚੱਲਦਾ ਹੈ। ਅਣ-ਗਹਿਲੀ ਨਾਲ ਮਰਿਆਦਾ ਦੀ ਉਲੰਘਣਾ ਕਰਦਾ ਹੈ ਅਤੇ ਕਰੋਧੀ ਹੈ, ਉਹ ਪਾਪੀ ਸ੍ਰਮਣ ਹੈ।8।

ਜੋ ਪ੍ਰਤਿਲੇਖਣਾ (ਕੱਪੜੇ, ਭਾਂਡੇ ਨੂੰ ਸਾਫ ਕਰਨਾ) ਜਾਂ ਝਾੜਨਾ, ਕਰਨ ਵਿਚ ਅਣ-ਗਹਿਲੀ ਕਰਦਾ ਹੈ। ਭਾਂਡੇ ਤੇ ਕੰਬਲ ਇਧਰ ਉਧਰ ਖਿਲਾਰਦਾ ਹੈ। ਪ੍ਰਤਿਲੇਖਣਾ ਪ੍ਰਤਿ ਰੁਚੀ ਨਹੀਂ ਰੱਖਦਾ ਉਹ ਪਾਪੀ ਸ੍ਰਮਣ (ਭਿਕਸ਼ੂ) ਹੈ।9।

ਜੋ ਪ੍ਰਤਿਲੇਖਣਾ ਕਰਨ ਵਿਚ ਅਣਗਹਿਲੀ ਕਰਦਾ ਹੈ, ਬੁਰੇ ਕਿੱਸੇ, ਕਹਾਣੀਆਂ ਸੁਨਣ ਵਿਚ ਮਨ ਲਗਾਉਂਦਾ ਹੈ ਅਤੇ ਹਮੇਸ਼ਾ ਸਿੱਖਿਆਦਾਤਾ ਦੇ ਸਾਹਮਣੇ ਹੰਕਾਰ ਨਾਲ ਤੇ ਆਗਿਆ ਰਹਿਤ ਹੋ ਕੇ ਬੈਠਦਾ ਹੈ, ਉਹਨਾਂ ਦੇ ਸਾਵਧਾਨ ਕਰਨ ਤੇ ਗੁਰੂ ਦੀ ਬੇਇੱਜ਼ਤੀ ਕਰਦਾ ਹੈ, ਉਹ ਪਾਪੀ ਸ੍ਰਮਣ (ਭਿਕਸ਼ੂ) ਹੈ।10।

ਅਤਿ ਕਪਟੀ, ਬੜਬੋਲ, ਅਭਿਮਾਨੀ, ਬਹੁਤ ਇੱਛਾਵਾਂ ਰੱਖਣ ਵਾਲਾ, ਇੰਦਰੀਆਂ ਨੂੰ ਖੁੱਲ੍ਹਾ ਛੱਡਣ ਵਾਲਾ, ਨਾ ਵੰਡ ਕੇ ਖਾਣ ਵਾਲਾ ਅਤੇ ਗੁਰੂ, ਬੁੱਢੇ ਅਤੇ ਬਿਮਾਰੀ ਪ੍ਰਤੀ ਪ੍ਰੇਮ ਭਾਵ ਨਾ ਰੱਖਣ ਵਾਲਾ ਪਾਪੀ ਸ੍ਰਮਣ (ਭਿਕਸ਼ੂ) ਹੈ।11।

ਖ਼ਤਮ ਹੋਏ ਝਗੜੇ ਨੂੰ ਫਿਰ ਪੈਦਾ ਕਰਨ ਵਾਲਾ, ਸਦਾਚਾਰ ਰਹਿਤ, ਆਤਮਾਂ ਦੇ ਗਿਆਨ ਨੂੰ ਨਸ਼ਟ ਕਰਨ ਵਾਲਾ, ਲੜਾਈ ਤੇ ਕਲੇਸ਼ ਕਰਨ ਵਾਲਾ ਪਾਪੀ ਸ੍ਰਮਣ (ਭਿਕਸ਼ੂ) ਹੈ।12।

ਅਸਥਿਰ ਆਸਣ ਵਾਲਾ, ਕੁਕਰਮ ਕਰਨ ਵਾਲਾ, ਬਿਨਾਂ ਦੇਖੇ-ਭਾਲੇ ਹਰ ਥਾਂ ਤੇ ਬੈਠਣ ਵਾਲਾ ਅਤੇ ਆਸਨ ਪ੍ਰਤਿ ਧਿਆਨ ਨਾ ਰੱਖਣ ਵਾਲਾ ਹੀ ਪਾਪੀ ਸ੍ਰਮਣ (ਭਿਕਸ਼ੂ) ਹੈ।13।

ਜੋ ਸਚਿਤ (ਗਿੱਲੀ) ਮਿੱਟੀ ਨਾਲ ਭਰੇ ਪੈਰ੍ਹਾਂ ਨੂੰ ਬਿਨਾਂ ਸਾਫ਼ ਕੀਤੇ ਸੌਂ ਜਾਂਦਾ ਹੈ, ਜੋ ਤਖ਼ਤਪੋਸ਼ ਨੂੰ ਸਾਫ਼ ਨਹੀਂ ਕਰਦਾ ਅਤੇ ਬਿਸਤਰੇ ਬਾਰੇ ਬੇਧਿਆਨ ਰਹਿੰਦਾ ਹੈ। ਉਹ ਪਾਪੀ ਸ੍ਰਮਣ (ਭਿਕਸ਼ੂ) ਹੈ।14।

ਜੋ ਦੁੱਧ, ਦਹੀਂ ਅਤੇ ਵਿਗੈ (ਚਿਕਨੇ) ਪਦਾਰਥਾਂ ਨੂੰ ਵਾਰ ਵਾਰ ਸੇਵਨ ਕਰਦਾ ਹੈ ਅਤੇ ਜਿਸਦੀ ਤਪ ਕਰਮ ਪ੍ਰਤਿ ਪ੍ਰੇਮ ਨਹੀਂ ਹੈ, ਉਹ ਹੀ ਪਾਪੀ ਸ੍ਰਮਣ (ਭਿਕਸ਼ੂ) ਹੈ।15।

ਜੋ ਸੂਰਜ ਨਿਕਲਣ ਤੇ ਛਿਪਣ ਤੱਕ ਵਾਰ ਵਾਰ ਭੋਜਨ ਕਰਦਾ ਹੈ ਅਤੇ ਅਜਿਹਾ ਕਰਨ ਤੇ ਰੋਕਣ ਵਾਲੇ ਗੁਰੂ ਪ੍ਰਤੀ ਉਨ੍ਹਾਂ ਦੇ ਸਾਹਮਣੇ ਬੇਇੱਜ਼ਤੀ ਨਾਲ ਬੋਲਦਾ ਹੈ, ਉਹ ਹੀ ਪਾਪੀ ਭਿਕਸ਼ੂ ਹੈ।16।

ਅਚਾਰਿਆ ਨੂੰ ਛੱਡ ਕੇ ਪਾਖੰਡੀ ਮੱਤ ਗ੍ਰਹਿਣ ਕਰਨ ਵਾਲਾ 6-6 ਮਹੀਨੇ ਬਾਅਦ ਆਪਣੇ ਸਾਧੂ ਟੋਲੇ ਬਦਲਣ ਵਾਲਾ ਨਿੰਦਾ ਯੋਗ ਹੀ ਪਾਪੀ ਸ੍ਰਮਣ (ਭਿਕਸ਼ੂ) ਹੈ।17।

ਜੋ ਆਪਣਾ ਘਰ ਛੱਡ ਕੇ ਸਾਧੂ ਬਣਿਆ, ਪਰ ਫਿਰ ਵੀ ਉਹ ਘਰ ਬਾਰ ਕੰਮ ਵਿਚ ਲੱਗਾ ਰਹਿੰਦਾ ਹੈ। ਜੋਤਿਸ਼ ਆਦਿ ਦੱਸ ਕੇ ਪੈਸੇ ਇਕੱਠੇ ਕਰਦਾ ਹੈ, ਉਹ ਵੀ ਪਾਪੀ ਸ੍ਰਮਣ (ਭਿਕਸ਼ੂ) ਹੈ।18।

ਜੋ ਆਪਣੇ ਹੀ ਜਾਤ ਵਾਲਿਆਂ ਦਾ ਭੋਜਨ ਲੈਂਦਾ ਹੈ ਅਤੇ ਸਭ ਜਾਤਾਂ ਦੀ ਭਿਕਸ਼ਾ ਲੈਣ ਤੋਂ ਕਤਰਾਉਂਦਾ ਹੈ, ਗ੍ਰਹਿਸਥ ਦੇ ਬਿਸਤਰੇ ਤੇ ਬੈਠਦਾ ਹੈ, ਉਹ ਪਾਪੀ ਸ੍ਰਮਣ (ਭਿਕਸ਼ੂ) ਹੈ।19।

ਜੋ ਪੰਜ ਪ੍ਰਕਾਰ ਦੇ ਬੁਰੇ ਚਾਰਿੱਤਰਾਂ ਸਮੇਤ ਸਬੰਰ ਤੋਂ ਰਹਿਤ ਅਤੇ ਭੇਸ ਦਾ ਹੀ ਧਾਰਕ ਹੈ। ਉਹ ਉੱਚੇ ਚਰਿੱਤਰ ਵਾਲੇ ਸਾਧੂਆਂ ਤੋਂ ਨੀਵਾਂ ਹੈ। ਉਹ ਇਸ ਸੰਸਾਰ ਵਿਚ ਜ਼ਹਿਰ ਦੀ ਤਰ੍ਹਾਂ ਨਿੰਦਾ ਯੋਗ ਹੈ। ਅਜਿਹੇ ਸਾਧੂ ਦਾ ਨਾਂ ਤਾਂ ਇਹ ਲੋਕ ਸੁਧਰਦਾ ਹੈ ਅਤੇ ਨਾ ਪਰਲੋਕ।20।

ਜੋ ਮੁਨੀ ਇਨ੍ਹਾਂ ਦੋਸ਼ਾਂ ਨੂੰ ਸਦਾ ਲਈ ਛੱਡ ਦਿੰਦਾ ਹੈ, ਉਹ ਹੀ ਵਰਤਾਂ ਦਾ ਧਨੀ ਹੈ। ਉਹ ਲੋਕ ਵਿਚ ਅੰਮ੍ਰਿਤ ਦੇ ਸਮਾਨ ਪੂਜਣ ਯੋਗ ਹੈ। ਉਹ ਲੋਕ ਤੇ ਪਰਲੋਕ ਦੀ ਅਰਾਧਨਾ ਕਰ ਲੈਂਦਾ ਹੈ।21।

ਇਸ ਪ੍ਰਕਾਰ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 7

ਪਾਦਕੰਬਲ ਦਾ ਅਰਥ ਰਜ਼ੋਹਰਨ ਹੈ ਪਰ ਇਕ ਵਿਆਖਿਆ ਇਸ ਦਾ ਇਕ ਅਰਥ ਪਾਤਰਾਂ ਦੇ ਢੱਕਣ ਵਾਲਾ ਕੱਪੜਾ ਵੀ ਕਰਦਾ ਹੈ।

(Dr. Herman Jacabi Page 78 The Sacred Books of the East Vol. XLV)

ਗਾਥਾ 9

ਪੜੀਲੇਹਨਾ ਜਾਂ ਪ੍ਰਤਿਲੇਖਣਾ ਤੋਂ ਭਾਵ ਹੈ ਹਰ ਚੀਜ਼ ਨੂੰ ਦੇਖਭਾਲ ਕੇ ਝਾੜ ਪੂੰਝ ਕੇ ਸਾਵਧਾਨੀ ਨਾਲ ਇਸਤੇਮਾਲ ਕਰਨਾ ਹੈ। ਪੜੀਲੇਹਨਾ ਲਈ ਰਜੋਹਰਨ ਦਾ ਇਸਤੇਮਾਲ ਹੁੰਦਾ ਹੈ।

ਗਾਥਾ 15

ਵਿਕੱਰਤੀ ਤੇ ਰਸ ਦਾ ਭਾਵ ਇਕ ਹੀ ਹੈ। ਵਿਕਰਤੀਆ ਨੌ ਹਨ:

(1) ਦੁੱਧ (2) ਦਹੀਂ (3) ਮੱਖਣ (4) ਘੀ (5) ਤੇਲ (6) ਗੁੜ (7) ਸ਼ਰਾਬ (8) ਮਾਂਸ (9) ਸ਼ਹਿਦ

ਇਨ੍ਹਾਂ ਵਿਚੋਂ ਦੋ ਮਹਾਂ ਵਿਗੈ ਸ਼ਰਾਬ ਤੇ ਮਾਂਸ ਹਨ। ਕਈ ਲੇਖਕ ਮੱਖਣ ਤੇ ਸ਼ਹਿਦ ਨੂੰ ਵੀ ਇਸ ਵਿਚ ਸ਼ਾਮਿਲ ਕਰਦੇ ਹਨ। ਇਹ ਸਾਧੂ ਨੂੰ ਸਖ਼ਤੀ ਨਾਲ ਮਨ੍ਹਾਂ ਕੀਤੇ ਗਏ ਹਨ।

ਗਾਥਾ 17

ਗਾਨਗਨੀਕ ਦਾ ਅਰਥ ਹੈ ਇਕ ਗਣ (ਗਰੁੱਪ) ਨੂੰ ਛੱਡ ਕੇ ਹਰ ਛੇ ਮਹੀਨੇ ਬਾਅਦ ਨਵਾਂ ਗਰੁੱਪ ਧਾਰਨ ਕਰਨ ਵਾਲਾ ਸਾਧੂ ਗਾਨਗਨੀਕ ਹੈ। ਕਿਉਂਕਿ ਅਜਿਹਾ ਸਾਧੂ ਆਪਣੇ ਗੁਰੂ ਨੂੰ ਛੱਡ ਕੇ ਨਿੰਦਾ ਦਾ ਪਾਤਰ ਬਣਦਾ ਹੈ। ਸਾਧੂ ਗੁਰੂ ਜਾਂ ਆਚਾਰਿਆ ਦੇ ਹੁਕਮ ਲਾਲ ਨਵਾਂ ਗੁਣ ਬਦਲ ਸਕਦਾ ਹੈ। ਇਹ ਸੇਵਾ ਜਾਂ ਕਿਸੇ ਹੋਰ ਕਾਰਨ ਨਾਲ ਸੰਭਵ ਹੋ ਸਕਦਾ ਹੈ, ਜਿਸ ਨਾਲ ਧਰਮ ਸੰਘ ਦੀ ਸੇਵਾ ਹੋ ਸਕੇ।

**गणंद गणषमासाभ्यन्जर एवं संक्रामतीति गाणगणिक इत्यगिमिकी परिभाषा** – (ਬ੍ਰਹਦ ਵਿਰਤੀ)

ਪਾਸੁੰਡ ਦਾ ਅਰਥ ਵਰਤ ਹੈ, ਜੋ ਵਰਤ ਧਾਰੀ ਹੈ, ਉਹ ਪਾਸੁੰਡੀ ਹੈ, ਪਰ ਪਾਸੰਡ ਦਾ ਅਰਥ ਬੁੱਧ ਆਦਿ ਧਰਮਾਂ ਤੋਂ ਵੀ ਹੈ।

ਗਾਥਾ 19

ਸਮੁਦਾਇਕ ਭਿਕਸ਼ਾ ਦਾ ਅਰਥ ਸ਼ਾਂਤਾਚਾਰਿਆ ਨੇ ਬ੍ਰਹਦਵਿਰਤੀ ਵਿਚ ਇਸ ਪ੍ਰਕਾਰ ਕੀਤਾ ਹੈ :

**वहुगृहसम्वन्धित भिक्षासमुहम् अक्षातोऽछमिति यावत्**

(1) ਕਈ ਘਰਾਂ ਤੋਂ ਮੰਗਿਆ ਭੋਜਨ

(2) ਅਗਿਆਤ, ਬਿਨਾਂ ਜਾਣਕਾਰੀ ਤੋਂ ਮੰਗਿਆ ਭੋਜਨ।

# 18.
# ਸੰਜੀਯਾ ਅਧਿਐਨ

ਕੰਪਿੱਲਪੁਰ ਨਗਰ ਦਾ ਰਾਜਾ ਸੰਜੇ ਸ਼ਿਕਾਰ ਖੇਡਣ ਜਾਂਦਾ ਹੈ। ਜਿਸ ਹਿਰਨ ਨੂੰ ਆਪਣਾ ਸ਼ਿਕਾਰ ਬਣਾਉਂਦਾ ਹੈ ਉਹ ਉਸੇ ਬਾਗ ਵਿਚ ਧਿਆਨ ਕਰ ਰਹੇ ਮੁਨੀ ਗਰਧਵਾਲੀ ਦੇ ਚਰਨਾਂ ਵਿਚ ਜਾ ਕੇ ਸ਼ਰਨ ਲੈਂਦਾ ਹੈ। ਰਾਜਾ ਸਾਧੂ ਨੂੰ ਵੇਖ ਕੇ ਡਰ ਜਾਂਦਾ ਹੈ ਉਹ ਸੋਚਦਾ ਹੈ ਕਿ ਮੈਂ ਸਾਧੂ ਮੁਨੀਰਾਜ ਦੇ ਹਿਰਨ ਮਾਰੇ ਹਨ ਕਿਤੇ ਮੈਨੂੰ ਇਹ ਕਰੋਧ ਵਿਚ ਸ਼ਰਾਪ ਨਾ ਦੇ ਦੇਣ ?

ਪਰ ਮੁਨੀ ਗਰਧਾਵਲੀ ਉਸ ਨੂੰ ਜੋ ਉਪਦੇਸ਼ ਦਿੰਦੇ ਹਨ ਉਹ ਇਨਾ ਪ੍ਰਭਾਵਸ਼ਾਲੀ ਹੈ ਕਿ ਸੰਜੇ ਉਸ ਉਪਦੇਸ਼ ਨੂੰ ਸੁਣ ਕੇ ਸਾਧੂ ਬਣ ਜਾਂਦਾ ਹੈ। ਮੁਨੀ ਗਰਧਾਵਲੀ ਦਾ ਉਪਦੇਸ਼ ਹੀ ਇਸ ਅਧਿਐਨ ਵਿਚ ਦਰਜ ਹੈ।

ਇਸ ਅਧਿਐਨ ਵਿਚ ਜਿਨ੍ਹਾਂ ਮਹਾਪੁਰਸ਼ਾਂ ਦਾ ਜ਼ਿਕਰ ਆਇਆ ਹੈ। ਉਨ੍ਹਾਂ ਬਾਰੇ ਵੇਰਵਾ ਇਸ ਕਿਤਾਬ ਦੇ ਪਿੱਛੇ ਇਤਿਹਾਸਕ ਮਹਾਂਪੁਰਸ਼ ਸਿਰਲੇਖ ਹੇਠਾਂ ਕੀਤਾ ਗਿਆ ਹੈ।

# ਅਠਾਰਵਾਂ ਅਧਿਐਨ

ਕੰਪਿੱਲਪੁਰ ਦਾ ਮਹਾਰਾਜਾ ਸੰਜੇ ਬਹੁਤ ਸਾਰੀ ਫੌਜ਼ ਤੇ ਸਵਾਰ (ਰਥ ਤੇ ਹਾਥੀ ਘੋੜੇ) ਆਦਿ ਨਾਲ ਸਜ-ਧਜ ਕੇ, ਮਿਰਗ ਦੇ ਸ਼ਿਕਾਰ ਲਈ ਸ਼ਹਿਰ ਤੋਂ ਬਾਹਰ ਨਿਕਲਿਆ।1।

ਉਹ ਘੋੜੇ ਤੇ ਸਵਾਰ ਹੋ ਕੇ, ਘੋੜੇ ਅਤੇ ਰਥਾਂ ਦੇ ਸਮੂਹ ਅਤੇ ਪੈਦਲ ਸੈਨਾ ਨਾਲ ਘਿਰਿਆ ਹੋਇਆ ਸੀ। ਉਹ ਕੰਪਿੱਲਪੁਰ ਦੇ ਕੇਸਰ ਬਾਗ ਵਿਚ (ਮਾਂਸ ਆਦਿ ਲਈ) ਪਹੁੰਚਿਆ ਰਸਾਂ (ਵਿਸ਼ੇ ਵਿਕਾਰਾਂ) ਵਿਚ ਫਸਿਆ ਉਹ ਰਾਜਾ ਡਰੇ ਹੋਏ ਥੱਕੇ ਹੋਏ ਹਿਰਨਾਂ ਨੂੰ ਮਾਰਨ ਲੱਗਾ।2-3।

ਉਹ ਕੇਸਰ ਦੇ ਬਾਗ ਵਿਚ ਇਕ ਅਨਗਾਰ ਤਪ ਤੇ ਧਨੀ, ਅਨਗਾਰ ਸ਼ਾਸਤਰਾਂ ਦੇ ਗਿਆਨ ਵਾਲੇ ਸਨ ਅਤੇ ਧਿਆਨ ਵਿਚ ਰੁਝੇ ਹੋਏ ਸਨ। ਧਰਮ ਧਿਆਨ ਵਿਚ ਇਕ ਸੁਰਤਾ ਪ੍ਰਾਪਤ ਕਰ ਰਹੇ ਸਨ।4।

ਉਹ ਅਨਗਾਰ ਆਸ਼ਰਵ (ਕਰਮਾਂ ਦਾ ਕਾਰਨ) ਦਾ ਖਾਤਮਾ ਕਰਦੇ ਹੋਏ, ਅੰਗੂਰ ਤੇ ਨਾਗਵੱਲੀ ਦੀਆਂ ਬੇਲਾਂ ਵਿਚਕਾਰ ਧਿਆਨ ਲਾ ਕੇ ਬੈਠੇ ਸਨ। ਰਾਜਾ ਨੇ ਉਨ੍ਹਾਂ ਦੇ ਕੋਲ ਆਏ ਮਿਰਗ ਨੂੰ ਮਾਰਿਆ।5।

ਘੋੜੇ ਤੇ ਚੜ੍ਹਿਆ ਹੋਇਆ ਰਾਜਾ ਛੇਤੀ ਹੀ ਉਥੇ ਗਿਆ ਅਤੇ ਮਿਰਗ ਅਤੇ ਅਨਗਾਰ ਨੂੰ ਵੇਖਿਆ।6।

ਮੁਨੀ ਨੂੰ ਵੇਖ ਕੇ ਰਾਜਾ ਡਰਨ ਲੱਗ ਪਿਆ। ਮੈਂ ਰਸਾਂ ਵਿਚ ਫਸਿਆ ਮੰਦਭਾਗੀ ਹਾਂ। ਮੈਂ ਬਿਨਾਂ ਕਸੂਰ ਕਿਸੇ ਜਾਨਵਰ ਨੂੰ ਮਾਰਿਆ ਅਤੇ ਮੁਨੀ ਨੂੰ ਦੁਖੀ ਕੀਤਾ।7।

ਰਾਜਾ ਘੋੜੇ ਤੋਂ ਹੇਠ ਉਤਰਿਆ ਅਤੇ ਅਨਗਾਰ ਦੇ ਚਰਨਾਂ ਵਿਚ

ਨਿਮਰਤਾ ਸਹਿਤ ਨਮਸਕਾਰ ਕਰਦਾ ਹੋਇਆ ਆਖਣ ਲੱਗਾ ''ਹੇ ਭਗਵਾਨ ਮੇਰਾ ਕਸੂਰ ਖਿਮਾਂ ਕਰੋ।8।

ਉਹ ਅਨਗਾਰ ਮੁਨੀਰਾਜ ਖਾਮੋਸ਼, ਧਿਆਨ ਵਿਚ ਮਗਨ ਸਨ। ਇਸ ਲਈ ਉਹ ਚੁੱਪ ਰਹੇ, ਕੁਝ ਵੀ ਉੱਤਰ ਨਹੀਂ ਦਿੱਤਾ। ਇਸ ਕਾਰਨ ਰਾਜਾ ਬਹੁਤ ਡਰਨ ਲੱਗਾ।9।

ਰਾਜਾ - ਹੇ ਭਗਵਾਨ ! ਮੈਂ ਸੰਜੇ ਰਾਜਾ ਹਾਂ। ਆਪ ਮੇਰੇ ਨਾਲ ਕਿਉਂ ਨਹੀਂ ਬੋਲਦੇ ? ਕਿਉਂ ਕਿ ਮੈਂ ਜਾਣਦਾ ਹਾਂ ਗੁੱਸੇ ਹੋਇਆ ਅਨਗਾਰ ਆਪਣੇ ਤਪ ਤੇਜ਼ ਨਾਲ ਲੱਖਾਂ ਲੋਕਾਂ ਨੂੰ ਭਸਮ ਕਰ ਸਕਦਾ ਹੈ।10।

ਮੁਨੀਰਾਜ - ਹੇ ਰਾਜਾ ! ਤੈਨੂੰ ਮੈਂ ਭੈ ਤੋਂ ਮੁਕਤ ਕਰਦਾ ਹਾਂ। ਹੁਣ ਤੂ ਵੀ ਭੈ ਤੋਂ ਮੁਕਤ ਕਰਨ ਵਾਲਾ ਬਣ ਜਾ। ਇਸ ਨਾਸ਼ਵਾਨ ਸੰਸਾਰ ਤੂੰ ਆਪਣੇ ਆਪ ਨੂੰ ਜੀਵਾਂ ਦੀ ਹੱਤਿਆ ਵਿਚ ਕਿਉਂ ਲਗਾਇਆ ਹੈ ?11।

ਜਦ ਸਭ ਕੁਝ ਇਥੇ ਛੱਡ ਕੇ ਕਰਮਾਂ ਦੇ ਵਸ ਪੈ ਕੇ ਪਰਲੋਕ ਵਿਚ ਚਲੇ ਜਾਣਾ ਹੈ ਤਾਂ ਤੁਸੀਂ ਇਸ ਅਨਿੱਤ (ਅਸਥਿਰ) ਸੰਸਾਰ ਤੇ ਰਾਜ ਨੂੰ ਕਿਉਂ ਚੰਬੜ ਕੇ ਬੈਠੇ ਹੋ ?।12।

ਰਾਜਨ ! ਤੈਨੂੰ ਪਰਲੋਕ ਦਾ ਗਿਆਨ ਨਹੀਂ ਹੈ। ਤੂੰ ਜਿਸ ਤੇ ਮੋਹਿਤ ਹੋ ਰਿਹਾ ਹੈਂ, ਉਹ ਭੋਗੀ ਜੀਵਨ ਤੇ ਰੂਪ ਬਿਜਲੀ ਦੇ ਲਿਸ਼ਕਾਰੇ ਦੀ ਤਰ੍ਹਾਂ ਚੰਚਲ ਹੈ। ਨਾਸ਼ਵਾਨ ਹੈ।13।

ਰਾਜਨ ! ਇਸਤਰੀ, ਪੁੱਤਰ, ਮਿੱਤਰ ਅਤੇ ਰਿਸ਼ਤੇਦਾਰ ਜਿਉਂਦੇ ਜੀਵਾਂ ਦੇ ਹੀ ਸਾਥੀ ਹਨ, ਕਿਉਂਕਿ ਪੁਰਸ਼ ਰਾਹੀਂ ਕਮਾਏ ਧਨ ਦੇ ਆਸਰੇ 'ਤੇ ਜਿਉਂਦੇ ਹਨ, ਮਰਨ ਤੇ ਕੋਈ ਨਾਲ ਨਹੀਂ ਚੱਲਦਾ।14।

ਰਾਜਨ ! ਮਰੇ ਹੋਏ ਪਿਉ ਨੂੰ ਪੁੱਤਰ ਬੇਹੱਦ ਦੁਖੀ ਹੋ ਕੇ ਕੱਢ ਦਿੰਦਾ ਹੈ। ਇਸ ਪ੍ਰਕਾਰ ਪੁੱਤਰ ਦੇ ਮਰਨ ਤੇ ਪਿਤਾ ਭਾਈ ਦੇ ਮਰਨ ਤੇ ਭਾਈ

ਮੁਰਦੇ ਨੂੰ ਬਾਹਰ ਕੱਢ ਮਾਰਦੇ ਹਨ। ਇਸ ਲਈ ਤੈਨੂੰ ਤਪੱਸਿਆ ਕਰਨੀ ਚਾਹੀਦੀ ਹੈ।15।

ਮੌਤ ਤੋਂ ਬਾਅਦ ਉਸ ਮਰੇ ਹੋਏ ਆਦਮੀ ਰਾਹੀਂ ਇਕੱਠੇ ਕੀਤੇ ਹੋਏ ਧਨ ਦਾ ਅਤੇ ਸੁਰੱਖਿਅਤ ਇਸਤਰੀਆਂ ਦਾ ਤਕੜੇ ਰੱਜੇ ਪੁੱਜੇ ਅਤੇ ਹਾਰ ਸ਼ਿੰਗਾਰ ਕਰਨ ਵਾਲੇ ਲੋਕ ਵਰਤੋਂ ਕਰਦੇ ਹਨ।16।

ਜੋ ਸੁੱਖ ਜਾਂ ਦੁੱਖ ਦੇ ਕਰਮ ਜਿਸ ਆਦਮੀ ਨੇ ਕੀਤੇ ਹਨ। ਉਹ ਆਪਣੇ ਉਹਨਾਂ ਕਰਮਾਂ ਦੇ ਨਾਲ ਅਗਲਾ ਜਨਮ ਧਾਰਨ ਕਰਦਾ ਹੈ।17।

ਉਸ ਅਨਗਾਰ ਦੇ ਧਰਮ ਨੂੰ ਸੁਣ ਕੇ ਮਹਾਰਾਜ ਸੰਵਲ (ਮੁਕਤੀ ਦੀ ਇੱਛਾ ਤੇ ਨਿਰਵੈਦ) ਤਿਆਗ ਨੂੰ ਮਹਿਸੂਸ ਕਰਨ ਲੱਗਾ।18।

ਸੰਜੇ ਰਾਜਾ, ਰਾਜਪਾਟ ਛੱਡ ਕੇ ਭਗਵਾਨ ਗਰਦਭਾਲੀ ਅਨਗਾਰ ਕੋਲ ਜੈਨ ਧਰਮ ਵਿਚ ਦੀਖਿਅਤ ਹੋ ਗਿਆ।19।

ਦੇਸ਼ ਨੂੰ ਛੱਡ ਕੇ ਦੀਖਿਅਤ ਹੋਏ ਇਕ ਖੱਤਰੀ ਨੇ ਮਹਾਰਿਸ਼ੀ ਨੂੰ ਸੰਜੇ ਨੂੰ ਆਖਿਆ, ਜਿਵੇਂ ਤੁਹਾਡਾ ਰੂਪ ਸੁੰਦਰ ਹੈ, ਉਸ ਪ੍ਰਕਾਰ ਮਨ ਵੀ ਸੁੰਦਰ ਹੈ।20।

ਖੱਤਰੀ - ਮੁਨੀ ਤੁਹਾਡਾ ਨਾਂ ਕੀ ਹੈ ? ਤੁਹਾਡਾ ਗੋਤਰ ਕੀ ਹੈ ? ਕਿਉਂ ਮੁਨੀ ਬਣੇ ਹੋ ? ਆਪ ਗੁਰੂਆਂ ਦੀ ਸੇਵਾ ਕਿਸ ਪ੍ਰਕਾਰ ਕਰਦੇ ਹੋ ? ਇਸ ਪ੍ਰਕਾਰ ਨਿਮਰਤਾ ਵਾਲੇ ਅਖਵਾਉਂਦੇ ਹੋ।21।

ਸੰਜੇ ਆਖਣ ਲੱਗਾ 'ਸੰਜੇ ਮੇਰਾ ਨਾਂ ਹੈ। ਗੌਤਮ ਮੇਰਾ ਗੋਤਰ ਹੈ। ਵਿੱਦਿਆ ਤੇ ਚਾਰਿੱਤਰ ਦੇ ਧਨੀ ਸ੍ਰੀ ਗਰਦਭਾਲੀ ਮੁਨੀ ਮੇਰੇ ਗੁਰੂ ਹਨ।22।

ਖੱਤਰੀ ਮੁਨੀ, ਹੇ ਮਹਾਮੁਨੀ, ਕਿਰਿਆਵਾਦ, ਅਕਿਰਿਆਵਾਦ, ਵਿਨੈਵਾਦ ਅਤੇ ਅਗਿਆਨਵਾਦ ਇਨ੍ਹਾਂ ਚਾਰ ਸਿਧਾਂਤਾਂ ਵਿਚ ਰਹਿ ਕੇ ਇਹ

ਵਿਚਾਰਕ ਕੀ ਆਖਦੇ ਹਨ।23।

ਬੁੱਧ (ਤੱਤਵਾਂ ਦੀ ਜਾਣਕਾਰੀ ਦੇਣ ਵਾਲੇ) ਸ਼ਾਂਤ, ਵਿੱਦਿਆ ਅਤੇ ਚਾਰਿੱਤਰ ਵਾਲੇ ਅਤੇ ਸੱਚ ਆਖਣ ਵਾਲੇ, ਸੱਚ ਲਈ ਮਿਹਨਤ ਕਰਨ ਵਾਲੇ ਅਤੇ ਵਿਕਾਰਾਂ ਤੋਂ ਰਹਿਤ, ਸਭ ਕੁਝ ਜਾਨਣ ਵਾਲੇ, ਭਗਵਾਨ ਮਹਾਵੀਰ ਨੇ ਇਨ੍ਹਾਂ ਸਿਧਾਂਤਾਂ ਬਾਰੇ ਆਖਿਆ ਹੈ।24।

ਜੋ ਮਨੁੱਖ ਪਾਪ ਕਰਦੇ ਹਨ, ਉਹ ਪਾਪ ਕਰਨ ਵਾਲੇ ਘੋਰ ਨਰਕ ਵਿਚ ਜਾਂਦੇ ਹਨ ਅਤੇ ਚੰਗੇ ਕੰਮ ਕਰਨ ਵਾਲੇ ਮਹਾਨ ਗਤੀ ਨੂੰ ਪ੍ਰਾਪਤ ਕਰਦੇ ਹਨ।25।

ਉਹ ਕਿਰਿਆਵਾਦੀ ਵਿਚਾਰਕ ਮਾਇਆ (ਧੋਖੇ) ਨਾਲ ਬੋਲਦੇ ਹਨ। ਇਸ ਲਈ ਉਨ੍ਹਾਂ ਦਾ ਕਥਨ ਮਿੱਥਿਆ ਤੇ ਬੇਅਰਥ ਹੈ। ਉਨ੍ਹਾਂ ਦੇ ਗਲਤ ਭਾਸ਼ਣਾਂ ਨੂੰ ਸੁਣ ਕੇ ਵੀ ਮੈਂ ਸੰਜਮ ਵਿਚ ਸਥਿਰ ਹਾਂ ਤੇ ਸਾਵਧਾਨੀ ਤੇ ਵਿਵੇਕ ਨਾਲ ਚੱਲਦਾ ਹਾਂ।26।

ਮੈਂ ਉਨ੍ਹਾਂ ਸਾਰੇ ਸਿਧਾਂਤਾਂ ਨੂੰ ਜਾਣਦਾ ਹਾਂ ਉਹ ਸਾਰੇ ਗਲਤ ਹਨ ਅਤੇ ਅਨਾਰਿਆ (ਭ੍ਰਸ਼ਟ) ਹਨ। ਮੈਂ ਪਰਲੋਕ ਅਤੇ ਆਤਮਾ ਦੀ ਹੋਂਦ ਨੂੰ ਸਵੀਕਾਰ ਕਰਦਾ ਹਾਂ।27।

ਮੈਂ ਮਹਾਪ੍ਰਾਣ ਵਿਮਾਨ ਵਿਚ ਇਕ ਯਸ਼ ਵਾਲਾ ਦੇਵਤਾ ਸੀ। ਇਥੇ ਦੀ 100 ਵਰ੍ਹੇ ਦੇ ਬਰਾਬਰ ਮੇਰੀ ਦੇਵਤਿਆਂ ਵਾਲੀ ਪਲੋਪਲਮ ਤੇ ਸਾਗਰ ਪਮ: ਜੇਹੀ ਸੈਂਕੜੇ ਵਰ੍ਹਿਆਂ ਦੀ ਉਮਰ ਸੀ।28।

ਬ੍ਰਹਮਲੋਕ ਵਿਚ ਚਲਦੇ ਮੈਂ ਮਨੁੱਖ ਜੂਨ ਵਿਚ ਪੈਦਾ ਹੋਇਆ। ਹੁਣ ਮੈਂ ਆਪਣੀ ਉਮਰ ਤੇ ਦੂਸਰੇ ਦੀ ਉਮਰ ਬਾਰੇ ਦੱਸ ਸਕਦਾ ਹਾਂ।29।

ਸਾਧੂ ਕਿਰਿਆਵਾਦੀਆਂ ਦੇ ਭਿੰਨ ਭਿੰਨ ਪ੍ਰਕਾਰ ਦੇ ਸ਼ੱਕ ਤੇ ਅਨੱਰਥ ਕਰਨ ਵਾਲੇ ਕੰਮਾਂ ਨੂੰ ਸਾਧੂ ਹਮੇਸ਼ਾ ਲਈ ਛੱਡ ਦੇਵੇ। ਇਸ ਤੱਤ ਗਿਆਨ

ਰੂਪੀ ਵਿੱਦਿਆ ਨੂੰ ਆਪਣਾ ਨਿਸ਼ਾਨਾ ਸਮਝ ਕੇ ਸੰਜਮ ਦੇ ਰਾਹ ਤੇ ਚੱਲੋ।30।

ਮੈਂ ਪਾਪ ਵਧਾਉਣ ਵਾਲੇ ਪ੍ਰਸ਼ਨਾਂ ਤੇ ਘਰੇਲੂ ਕੰਮ-ਕਾਜ ਤੋਂ ਮੁਕਤ ਹੋ ਗਿਆ ਹਾਂ। ਹੁਣ ਮੈਂ ਦਿਨ ਰਾਤ ਧਰਮ ਦੇ ਪਾਲਣ ਕਰਨ ਲਈ ਤਿਆਰ ਰਹਿੰਦਾ ਹਾਂ। ਵਿਦਵਾਨਾਂ ਨੂੰ ਇਸ ਪ੍ਰਕਾਰ ਤਪ ਕਰਨਾ ਚਾਹੀਦਾ ਹੈ।31।

ਹੇ ਮਹਾਮੁਨੀ ! ਤੁਸੀਂ ਮੇਰੇ ਪਾਸੋਂ ਸ਼ੁੱਧ ਚਿੱਤ ਨਾਲ ਸੱਚੇ ਪ੍ਰਸ਼ਨ ਪੁੱਛ ਰਹੇ ਹੋ। ਅਜਿਹਾ ਗਿਆਨ ਜੈਨ ਧਰਮ ਵਿਚ ਹੈ ਭਾਵ ਗਿਆਨੀਆਂ ਨੇ ਪ੍ਰਗਟ ਕੀਤਾ ਹੈ। ਇਹ ਸਭ ਸਰਵੱਗ ਭਗਵਾਨ ਨੇ ਆਖਿਆ ਹੈ।32।

ਧੀਰਜਵਾਨ ਪੁਰਸ਼ ਨੂੰ ਚਾਹੀਦਾ ਹੈ ਕਿ ਕ੍ਰਿਆ ਵਿਚ ਵਿਸ਼ਵਾਸ ਕਰੇ ਅਤੇ ਅਕ੍ਰਿਆ ਨੂੰ ਤਿਆਗ ਦੇਵੇ। ਸੱਚੀ ਦ੍ਰਿਸ਼ਟੀ ਨਾਲ ਬੁਰੇ ਕਰਮਾਂ ਦਾ ਤਿਆਗ ਕਰ ਦੇਵੋ।33।

ਇਨ੍ਹਾਂ ਮੋਕਸ਼ ਰੂਪੀ ਅਰਥ ਦੇਣ ਵਾਲੇ ਧਰਮ ਨੂੰ ਸੁਣ ਕੇ ਭਰਤ ਚੱਕਰਵਰਤੀ ਨੇ ਭਾਰਤਵਰਸ਼ ਦੇ ਰਾਜ ਅਤੇ ਕਾਮ ਭੋਗ ਛੱਡ ਦੇ ਦੀਖਿਆ ਗ੍ਰਹਿਣ ਕੀਤੀ।34।

ਸਾਗਰ ਚਕਰਵਰਤੀ ਨੇ ਸਮੁੰਦਰ ਦੇ ਬਰਾਬਰ ਭਾਰਤਵਰਸ਼ ਦੇ ਕਾਮ ਭੋਗਾਂ ਨੂੰ ਛੱਡ ਕੇ ਦਇਆ ਧਰਮ (ਸੰਜਮ) ਦਾ ਪਾਲਣ ਕੀਤਾ।35।

ਮਹਾਨ ਯੱਸ਼ ਵਾਲੇ ਅਤੇ ਮਹਾਨ ਰਿੱਧੀ ਵਾਲੇ ਸਘਵਾ ਨਾਮਕ ਚੱਕਰਵਰਤੀ ਨੇ ਭਾਰਤਵਰਸ਼ ਦਾ ਤਿਆਗ ਕਰਕੇ ਦੀਖਿਆ ਦਿੱਤੀ।36।

ਮਹਾਨ ਰਿੱਧੀ ਵਾਲੇ ਸਨਤ ਕੁਮਾਰ (ਮਨੁੱਖਾਂ ਵਿਚ ਇੰਦਰ ਦੇ ਸਮਾਨ) ਚੱਕਰਵਰਤੀ ਨੇ ਆਪਣੇ ਪੁੱਤਰ ਨੂੰ ਰਾਜ ਦੇ ਕੇ ਸਾਰੇ ਲੋਕ ਵਿਚ

ਸ਼ਾਂਤੀ ਕਰਨ ਵਾਲੇ ਤਪ ਦਾ ਆਚਰਣ ਕੀਤਾ।37।

ਮਹਾਨ ਸ਼ਾਂਤੀ ਦੇਣ ਵਾਲੇ ਭਗਵਾਨ ਸ਼ਾਂਤੀਨਾਥ ਚੱਕਰਵਰਤੀ ਨੇ ਭਾਰਤਵਰਸ਼ ਦਾ ਰਾਜ ਛੱਡ ਕੇ ਕਾਮ ਭੋਗ ਛੱਡੇ ਅਤੇ ਉੱਦਗਤੀ (ਮੁਕਤੀ) ਹਾਸਲ ਕੀਤੀ।38।

ਇਕਸ਼ਵਾਕੂ ਕੁਲ ਦੇ ਰਾਜਾਵਾਂ ਵਿਚ ਸਰੇਸ਼ਟ ਨਰੇਸ਼ਵਰ (ਆਦਮੀ ਦਾ ਈਸ਼ਵਰ) ਯਸ਼ ਵਿਚ ਮਸ਼ਹੂਰ, ਧਨਵਾਨ, ਕੁੰਥੂ ਨਾਥ ਨੇ ਉੱਚਗਤੀ (ਮੁਕਤੀ) ਪ੍ਰਾਪਤ ਕੀਤੀ।39।

ਸਮੁੰਦਰ ਸਮਾਨ ਭਾਰਤਵਰਸ਼ ਨੂੰ ਤਿਆਗ ਕੇ, ਕਰਮ ਮੈਲ ਦੂਰ ਕਰਕੇ ਰਾਜਾਵਾਂ ਵਿਚ ਸਰੇਸ਼ਟ ਅਰਹ ਨਾਥ ਜੀ ਨੇ ਪ੍ਰਧਾਨ ਗਤੀ ਨੂੰ ਪ੍ਰਾਪਤ ਕੀਤਾ।41।

ਦੁਸ਼ਮਣਾਂ ਦੇ ਅਹੰਕਾਰ ਨੂੰ ਖ਼ਤਮ ਕਰਨ ਵਾਲੇ ਪ੍ਰਿਥਵੀ ਦੇ ਇਕ ਛੱਤਰ ਬਾਦਸ਼ਾਹ ਹਰੀਸੇਨ ਚੱਕਰਵਰਤੀ ਨੇ ਮੋਕਸ਼ ਪ੍ਰਾਪਤ ਕੀਤਾ।42।

ਹਜ਼ਾਰਾਂ ਰਾਜਾ ਰਾਜਿਆਂ ਨਾਲ ਜੈ ਨਾਮ ਰਾਜੇ ਨੇ ਭੋਗਾਂ ਦਾ ਤਿਆਗ ਕਰਕੇ, ਤੱਪ ਤੇ ਸੰਜਮ ਭਰਪੂਰ ਧਰਮ ਨੂੰ ਗ੍ਰਹਿਣ ਕਰਕੇ ਮੁਕਤੀ ਪ੍ਰਾਪਤ ਕੀਤੀ।43।

ਇੰਦਰ ਤੋਂ ਪ੍ਰੇਰਿਤ ਹੋ ਕੇ ਦਸ਼ਾਰਨ ਭੱਦਰ ਰਾਜਾ ਦਸ਼ਾਰਨ ਦੇਸ਼ ਨੂੰ ਛੱਡ ਕੇ ਮੁਨੀ ਵਾਲੀ ਤਪੱਸਿਆ ਕਰਨ ਲੱਗਾ।44।

ਇੰਦਰ ਤੋਂ ਪ੍ਰੇਰਿਤ ਭਗਵਾਨ ਨੇਮੀਨਾਥ ਨੇ ਆਪਣੇ ਨੂੰ ਨਰਮ ਬਣਾ ਕੇ ਵਿਦੇਹ ਦਾ ਰਜ ਛੱਡ ਕੇ ਸੰਜਮ ਗ੍ਰਹਿਣ ਕੀਤਾ।45।

ਕਾਲਿੰਗ ਵਿਚ ਕਰਕੰਡੂ, ਪੰਚਾਲ ਵਿਚ ਦਵਿਮੁੱਖ ਵਿਦੇਹ ਵਿਚ ਨਮੀ ਰਾਜਾ ਗੰਧਾਰ ਵਿਚ ਨਗਈ ਰਾਜਾ ਹੋਇਆ। ਇਹ ਸਭ ਸੰਜਮ ਪਾਲ

ਕੇ ਮੋਕਸ਼ ਨੂੰ ਗਏ।46।

ਰਾਜਿਆਂ ਵਿਚ ਬੈਲਾਂ ਦੇ ਸਮਾਨ, ਇਹ ਸਭ ਰਾਜੇ ਆਪਣੇ ਪੁੱਤਰਾਂ ਨੂੰ ਰਾਜ ਦੇ ਕੇ, ਧਰਮ ਵਿਚ ਸ਼ਾਮਲ ਹੋ ਕੇ ਸੰਜਮ ਪਾਲਣ ਕਰਨ ਲੱਗੇ ।47।

ਸਿੰਧੂ ਸੋਵੀਰ ਦੇਸ਼ ਦੇ ਰਾਜੇ ਵਿਚ ਬੈਲ ਦੇ ਸਮਾਨ ਉਦਯਨ ਰਾਜੇ ਨੇ ਰਾਜਪਾਟ ਛੱਡ ਕੇ ਸੰਜਮ ਲਿਆ ਤੇ ਮੁਕਤੀ ਪ੍ਰਾਪਤ ਕੀਤੀ।48।

ਇਸ ਪ੍ਰਕਾਰ ਪ੍ਰਸਿੱਧੀ ਤੇ ਸੱਚ ਵਿਚ ਵਾਧਾ ਕਰਨ ਵਾਲੇ ਕਾਸ਼ੀ ਦੇ ਰਾਜੇ ਨੇ ਕਾਮਭੋਗਾਂ ਨੂੰ ਛੱਡ ਕੇ ਕਰਮ ਰੂਪੀ ਜੰਗਲ ਨੂੰ ਤਪ ਰਾਹੀਂ ਸਾੜ ਕੇ ਸਵਾਹ ਕਰ ਦਿੱਤਾ।49।

ਇਸੇ ਪ੍ਰਕਾਰ ਨਿਰਮਲ ਕੀਰਤੀ ਵਾਲੇ ਅਤੇ ਮਹਾਯਸ਼ ਵਿਜੇ ਰਾਜ ਨੇ ਗੁਣਾਂ ਨਾਲ ਭਰਪੂਰ ਰਾਜ ਛੱਡ ਕੇ ਦੀਖਿਆ ਲਈ ਅਤੇ ਤਪ ਕੀਤਾ ਅਤੇ ਮੋਕਸ਼ ਰੂਪੀ ਲਕਸ਼ਮੀ ਨੂੰ ਪ੍ਰਾਪਤ ਕੀਤਾ।50।

ਮਹਾਵਲ ਨਾਮ ਰਾਜ ਰਿਸ਼ੀ ਨੇ ਇਕ ਮਨ ਰਾਹੀਂ ਕਠੋਰ ਤੱਪ ਕੀਤਾ।51।

ਜੋ ਧੀਰਜਵਾਨ ਹੈ ਉਹ ਪਾਗਲ ਦੀ ਤਰ੍ਹਾਂ ਧਰਤੀ ਤੇ ਕਿਵੇਂ ਫਿਰ ਸਕਦਾ ਹੈ ? ਉਪਰੋਕਤ ਭਰਤ ਆਦਿ ਮਹਾਂਪੁਰਸ਼ ਨੇ ਸੂਰਵੀਰਤਾ ਰਾਹੀਂ ਮਿਹਨਤ ਨਾਲ ਸੰਜਮ ਗ੍ਰਹਿਣ ਕਰਨ ਵਾਲੇ ਹੋਏ ਹਨ।52।

ਕਰਮ ਮੈਲ ਨੂੰ ਸ਼ੁੱਧ ਕਰਨ ਵਾਲੀ ਸਮਰੱਥ ਵਾਨੀ (ਉਪਦੇਸ਼) ਮੈਂ ਤੈਨੂੰ ਦੱਸਿਆ ਹੈ, ਇਸ ਵਾਨੀ ਨੂੰ ਸੁਣ ਕੇ ਅਨੇਕਾਂ ਜੀਵ ਆਤਮਾਵਾਂ ਤਿਰੇ ਹਨ ਅਤੇ ਭਵਿੱਖ ਵਿਚ ਵੀ ਭਵਸਾਗਰ ਨੂੰ ਪਾਰ ਹੋਣਗੇ ਅਤੇ ਵਰਤਮਾਨ ਵਿਚ ਪਾਰ ਹੋ ਰਹੇ ਹਨ।53।

ਅਜਿਹਾ ਧੀਰਜਵਾਨ ਕਿਹੜਾ ਹੈ, ਜੋ ਆਪਣਾ ਬੁਰਾ ਕਰੇਗਾ ? ਬੁੱਧੀਮਾਨ ਕਿਰਿਆਵਾਦੀਆਂ ਦੇ ਤਰਕਾਂ ਨੂੰ ਸੁਣ ਕੇ ਸੰਸਾਰ ਵਿਚ ਕਿਵੇਂ ਰੁਕੇਗਾ। ਉਹ ਕਰਮਾਂ ਦੀ ਮੈਲ ਹਟਾ ਕੇ ਸਭ ਪ੍ਰਕਾਰ ਦੇ ਸੰਗ ਸਾਥ ਤੋਂ ਮੁਕਤ ਹੋ ਕੇ, ਮੁਕਤ ਹੋ ਜਾਂਦਾ ਹੈ।54।

ਅਜਿਹਾ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 5

ਅੱਧਫਵੋਮੰਡਲ ਦਾ ਭਾਵ ਹੈ ਦਰਖ਼ਤ ਉਪਰ ਇਕੱਠੀਆਂ ਹੋਈਆਂ ਬੇਲਾਂ ਦਾ ਝੁੰਡ ਹੈ।

ਗਾਥਾ 9 ਭੈਦਰੁਤ ਦਾ ਅਰਥ ਡਰ ਹੈ।

ਗਾਥਾ 20

ਖੱਤਰੀ ਮੁਨੀ ਦਾ ਨਾਉਂ ਕੀ ਸੀ ਇਸ ਬਾਰੇ ਗਾਥਾ ਵਿਚ ਕੋਈ ਇਸ਼ਾਰਾ ਨਹੀਂ।

ਗਾਥਾ 23

ਪੁਰਾਣੇ ਸਮੇਂ ਵਿਚ ਦਾਰਸ਼ਨੀਕ ਵਿਚਾਰ ਧਾਰਾ ਦੇ 4 ਭੇਦ ਸਨ :

(1) ਕ੍ਰਿਆਵਾਦੀ - ਆਤਮਾ ਦੀ ਹੋਂਦ ਨੂੰ ਮੰਨਦੇ ਹਨ ਪਰ ਆਤਮਾ ਦੇ ਵਿਆਪਕ ਜਾਂ ਅਵਿਆਪਕ ਕਰਤਾ ਜਾਂ ਅਕਰਤਾ ਮੂਰਤ ਜਾਂ ਅਮੂਰਤ ਆਦਿ ਵਾਰੇ ਸ਼ੱਕ ਰੱਖਦੇ ਸਨ।

(2) ਅਕ੍ਰਿਆਵਾਦੀ - ਆਤਮਾ, ਪੁੰਨ, ਪਾਪ, ਲੋਕ, ਪਰਲੋਕ ਸੰਸਾਰ ਤੇ ਮੁਕਤੀ ਨੂੰ ਨਹੀਂ ਮੰਨਦੇ ਸਨ।

(3) ਅਗਿਆਨਵਾਦੀ - ਅਗਿਆਨਵਾਦੀ ਹਰ ਕੰਮ ਦੀ ਸਿੱਧੀ ਅਗਿਆਨ ਤੋਂ ਮੰਨਦੇ ਸਨ। ਉਨ੍ਹਾਂ ਅਨੁਸਾਰ ਗਿਆਨ ਹੀ ਸਾਰੇ ਪਾਪਾਂ ਦੀ ਜੜ੍ਹ ਹੈ। ਗਿਆਨ ਆਪਸੀ ਝਗੜੇ ਪੈਦਾ ਕਰਦਾ ਹੈ। ਗਿਆਨ ਦਾ ਖ਼ਾਤਮਾ ਹੋਣ ਤੇ ਵੀ ਮੁਕਤੀ ਪ੍ਰਾਪਤ ਹੋ ਸਕਦੀ ਹੈ।

(4) ਵਿਨੈਵਾਦੀ - ਇਕ ਵਿਨੈ ਤੋਂ ਹੀ ਮੁਕਤੀ ਮੰਨਦੇ ਸਨ। ਉਨ੍ਹਾਂ ਅਨੁਸਾਰ ਦੇਵਤੇ, ਰਾਖਸ਼, ਰਾਜ, ਗਰੀਬ, ਤਪੱਸਵੀ, ਭੋਗ, ਹਾਥੀ, ਘੋੜਾ, ਗਾਂ, ਮੱਝ, ਗਿੱਦੜ ਆਦਿ ਹਰ ਪ੍ਰਕਾਰ ਦੇ ਮਨੁੱਖ ਤੇ ਪਸ਼ੂ ਸ਼ਰਧਾ ਨਾਲ ਨਮਸਕਾਰ ਕਰਨ ਨਾਲ ਹੀ ਸਭ ਦੁੱਖਾਂ ਦਾ ਅੰਤ ਹੁੰਦਾ ਹੈ।

ਕ੍ਰਿਆਵਾਦੀ ਦੇ 180, ਅਕ੍ਰਿਆਵਾਦੀ ਦੇ 84, ਅਗਿਆਨਵਾਦੀ ਦੇ 68, ਅਤੇ ਵਿਨੈਵਾਦੀਆਂ ਦੇ 32 ਭੇਦ ਸਨ। ਇਸ ਪ੍ਰਕਾਰ ਕੁੱਲ 363 ਪਾਸੰਡ ਮੱਤ ਸਨ।

ਗਾਥਾ 24

ਹਾਪ੍ਰਾਣ, ਬ੍ਰਹਮਲੋਕ, ਨਾਂ ਦੇ ਪੰਜਵੇਂ ਦੇਵ ਲੋਕ ਦਾ ਵਿਮਾਨ ਹੈ। ਇੱਥੇ ਦਿਵਯ ਵਰਸ਼ ਸਤੋਪਮ ਸ਼ਬਦ ਧਿਆਨ ਦੇਣ ਯੋਗ ਹੈ। ਇਸ ਦਾ ਭਾਵ ਹੈ ਜਿਵੇਂ ਆਮ ਮਨੁੱਖ ਸੌ ਸਾਲ ਦੀ ਉਮਰ ਭੋਗਦਾ ਹੈ, ਉਸੇ ਪ੍ਰਕਾਰ ਮੈਂ ਵੀ ਦੇਵਤਿਆਂ ਦੀ 100 ਸਾਲਾ ਉਮਰ ਭੋਗੀ।

ਪਾਲੀ ਦਾ ਅਰਥ ਪਲਯੋਪਮ ਅਤੇ ਮਹਾਂਪਾਲੀ ਦਾ ਅਰਥ ਸਾਗਰੋਪਮ ਹੈ।

ਪਾਲੀ ਦਾ ਅਰਥ ਝਰਨਾ ਵੀ ਹੈ ਅਤੇ ਮਹਾਂਪਾਲੀ ਦਾ ਅਰਥ ਵੀ ਸਾਗਰ ਹੈ।

ਇਕ ਯੋਜਨ ਲੰਬੇ ਚੋੜੇ ਉਚੇ ਤੇ ਫੋਲੇ ਹੋਏ ਖੂਹ ਵਿਚ ਕਿਸੇ

ਬਾਲਕ ਦੇ ਬਰੀਕ ਵਾਲਭਰੇ ਜਾਨ ਅਤੇ 100-100 ਸਾਲ ਬੀਤਣ ਤੇ ਇਕ ਵਾਲ ਬਾਹਰ ਕੱਢਿਆ ਜਾਵੇ। ਜਿੰਨਾਂ ਸਮਾਂ ਖੂਹ ਨੂੰ ਖਾਲੀ ਕਰਨ ਲਈ ਲੱਗੇ ਉਨ੍ਹਾਂ ਸਮਾਂ ਇਕ ਪਲਯ ਹੈ। ਇਸ ਪ੍ਰਕਾਰ ਦਸ ਕਰੋੜ × ਦਸ ਕਰੋੜ ਪਲਯ ਦਾ ਇਕ ਸਾਗਰ ਹੈ। ਇਸ ਨੂੰ ਪਲਯੋਪਮ ਅਤੇ ਸਾਗਰੋਪਮ ਵੀ ਆਖਦੇ ਹਨ।

ਇਕ ਸਾਗਰੋਪਮ (10000, 0000, 0000, 00 ਪਲਯੋਪਮ ਦਾ ਹੁੰਦਾ ਹੈ)

ਗਾਥਾ 51 'ਸਿਰਸਾ ਸਿਰ' ਦਾ ਅਰਥ ਹੈ ਸਿਰ ਦੇ ਕੇ ਸਿਰ ਲੈਣਾ। ਅਰਥਾਤ ਜੀਵਨ ਦੀ ਇੱਛਾ ਤੋਂ ਉਪਰ ਉਠ ਕੇ ਮੁਕਤੀ ਪ੍ਰਾਪਤ ਕਰਨਾ। ਸਿਰ ਦੇ ਥਾਂ ਤੇ ਸ਼ਿਰੀ ਪਾਠ ਵੀ ਮਿਲਦਾ ਹੈ। ਜਿਸ ਦਾ ਅਰਥ ਸ੍ਰੀ ਹੈ। ਸ੍ਰੀ ਅਰਥਾਤ ਭਾਵ ਸ੍ਰੀ-ਸੰਜਮ-ਸਿੱਧੀ।

# 19
# ਮਿਰਗਾਪੁੱਤਰ ਅਧਿਐਨ

ਇਸ ਭਾਰਤਵਰਸ਼ ਵਿਚ ਸੁਗਰੀਵ ਨਾਂ ਦਾ ਨਗਰ ਸੀ। ਉਥੇ ਬਲਭੱਦਰ ਨਾਂ ਦਾ ਰਾਜਾ ਸੀ। ਉਸ ਦੀ ਰਾਣੀ ਮਿਰਗਾ ਵਤੀ ਸੀ। ਉਸ ਦੇ ਬਲ ਸ੍ਰੀ ਨਾਂ ਦਾ ਪੁੱਤਰ ਸੀ। ਉਸ ਨੂੰ ਮਿਰਗਵਤੀ ਦਾ ਪੁੱਤਰ ਹੋਣ ਕਾਰਨ ਲੋਕ ਮਿਰਗਾਪੁੱਤਰ ਆਖਦੇ ਸਨ।

ਇਕ ਵਾਰ ਮਿਰਗਾਪੁੱਤਰ ਆਪਣੀਆਂ ਰਾਣੀਆਂ ਨਾਲ ਬੈਠਾ ਸ਼ਹਿਰ ਦੀ ਸ਼ੋਭਾ ਵੇਖ ਰਿਹਾ ਸੀ। ਅਚਾਨਕ ਹੀ ਉਸ ਨੇ ਇਕ ਸਾਧੂ ਸੜਕ ਤੋਂ ਗੁਜ਼ਰਦਾ ਵੇਖਿਆ। ਵੇਖਦੇ ਸਾਰ ਹੀ ਉਸ ਨੂੰ ਆਪਣਾ ਪਿਛਲਾ ਜਨਮ ਯਾਦ ਆ ਗਿਆ। ਉਹ ਸੋਚਣ ਲੱਗਾ ਮੈਂ ਪਹਿਲਾਂ ਵੀ ਕਦੇ ਅਜਿਹਾ ਭੇਸ ਵੇਖਿਆ ਹੈ। ਸੋਚਦੇ ਸੋਚਦੇ ਉਸ ਨੂੰ ਆਪਣਾ ਪਿਛਲਾ ਸਾਰਾ ਜੀਵਨ ਸਾਹਮਣੇ ਦਿਖਾਈ ਦੇਣ ਲੱਗ ਗਿਆ।

ਆਪਣਾ ਪਿਛਲਾ ਜਨਮ ਯਾਦ ਆਉਣ ਤੇ ਉਸ ਨੂੰ ਇਹ ਸੰਸਾਰ ਝੂਠਾ ਤੇ ਬੰਧਨ ਰੂਪ ਲੱਗਾ। ਉਸ ਨੇ ਸਾਧੂ ਬਣਨ ਦਾ ਨਿਸ਼ਚਾ ਕਰ ਲਿਆ। ਇਸ ਲਈ ਆਪਣੀ ਮਾਂ ਪਾਸ ਆਗਿਆ ਲੈਣ ਪਹੁੰਚਿਆ। ਇਸ ਅਧਿਐਨ ਵਿਚ ਇਸੇ ਘਟਨਾ ਦਾ ਵਰਨਣ ਹੈ। ਅਧਿਐਨ ਵਿਚ ਮਾਂ ਪੁੱਤ ਦੀ ਵਿਸਥਾਰ ਨਾਲ ਗੱਲਬਾਤ ਹੁੰਦੀ ਹੈ। ਦੋਹੇ ਇਕ ਦੂਸਰੇ ਨੂੰ ਉਦਾਹਰਣ ਦੇ ਕੇ ਯੋਗ ਤੇ ਭੋਗ ਦੀ ਮਹੱਤਤਾ ਦੱਸਦੇ ਹਨ। ਅਖੀਰ ਵਿਚ ਯੋਗ ਦੀ ਜਿੱਤ ਹੋ ਜਾਂਦੀ ਹੈ, ਕਾਮ ਭੋਗ ਹਾਰ ਜਾਂਦੇ ਹਨ। ਮਿਰਗਾਪੁੱਤਰ ਸਭ ਕੁਝ ਤਿਆਗ ਕੇ ਸਾਧੂ ਬਣ ਜਾਂਦਾ ਹੈ।

# ਉਨ੍ਹੀਵਾਂ ਅਧਿਐਨ

ਅਨੇਕ ਪ੍ਰਕਾਰ ਦੇ ਉਪਬਨਾਂ (ਬਾਗਾਂ) ਅਤੇ ਕੁਦਰਤੀ ਪੈਦਾ ਹੋਏ ਦਰਖਤਾਂ ਨਾਲ ਸੋਸ਼ੋਭਿਤ ਸੁਗਰੀਵ ਨਗਰ ਵਿਚ ਬਲਭੱਦਰ ਨਾਮ ਦਾ ਰਾਜਾ ਰਹਿੰਦਾ ਸੀ। ਉਸ ਦੀ ਮਿਰਗਾ ਨਾਂ ਦੀ ਪਟਰਾਣੀ ਸੀ।1।

ਉਨ੍ਹਾਂ ਦੋਹਾਂ ਦੇ ਬਲ ਸ੍ਰੀ ਨਾਉਂ ਦਾ ਪੁੱਤਰ ਸੀ ਜੋ ਮਿਰਗਾਪੁੱਤਰ ਦੇ ਨਾਂ ਤੇ ਮਸ਼ਹੂਰ ਸੀ। ਉਹ ਰਾਜਕੁਮਾਰ ਮਾਂ-ਪਿਉ ਦਾ ਲਾਡਲਾ ਅਤੇ ਦੁਸ਼ਮਣਾਂ ਦਾ ਖਾਤਮਾ ਕਰਨ ਵਾਲਾ ਜੇਤੂ ਸੀ।2।

ਉਹ ਰਾਜਕੁਮਾਰ ਨੰਦਨਬਨ ਦੇ ਲੱਛਣਾਂ ਵਾਲੇ ਮਹਿਲ ਵਿਚ ਇਸਤਰੀਆਂ ਦੇ ਨਾਲ ਦੋਗੁੰਦਕ ਦੇਵਤੇ ਦੀ ਤਰ੍ਹਾਂ ਹਮੇਸ਼ਾ ਖੁਸ਼ ਰਹਿਣ ਵਾਲਾ ਸੀ।3।

ਇਕ ਦਿਨ ਮਿਰਗਾਪੁੱਤਰ ਮਨੀ ਤੇ ਰਤਨਾਂ ਨਾਲ ਜੜੇ ਫਰਸ਼ ਵਾਲੇ ਮਹਿਲ ਦੇ ਬਾਹਰ ਖੜ੍ਹਾ ਸੀ। ਉਹ ਸ਼ਹਿਰ ਦੇ ਚੌਰਾਹੇ, ਤਿੰਨ ਸੜਕਾਂ ਵਾਲੇ ਰਾਹਾਂ ਅਤੇ ਬਹੁਤ ਸੜਕਾਂ ਵਾਲੇ ਬਜ਼ਾਰਾਂ ਨੂੰ ਵੇਖ ਰਿਹਾ ਸੀ।4।

ਯੁਵਰਾਜ ਨੇ ਇਕ ਸ੍ਰਮਣ (ਜੈਨ ਭਿਕਸ਼ੂ) ਨੂੰ ਵੇਖਿਆ, ਜੋ ਤਪ ਨਿਯਮ ਤੇ ਸੰਜਮ ਨੂੰ ਧਾਰਨ ਕਰਨ ਵਾਲਾ ਸ਼ੀਲਵਾਨ (ਚਰਿੱਤਰ ਵਾਲਾ) ਅਤੇ ਗੁਣਾਂ ਦਾ ਭੰਡਾਰ ਸੀ।5।

ਉਸ ਮੁਨੀ ਨੂੰ ਮਿਰਗਾਪੁੱਤਰ ਨੇ ਬਿਨਾਂ ਅੱਖ ਝਪਕੇ ਹੋਏ ਵੇਖਿਆ ਅਤੇ ਮਨ ਵਿਚ ਸੋਚਣ ਲੱਗਾ ਕਿ ਮੈਂ ਮੰਨਦਾ ਹਾਂ ਕਿ ਮੈਂ ਇਸ ਪ੍ਰਕਾਰ ਦਾ ਰੂਪ ਮੈਂ ਪਹਿਲਾਂ ਵੀ ਕਿਤੇ ਵੇਖਿਆ ਹੈ।6।

ਸਾਧੂ ਦੇ ਦਰਸ਼ਨਾਂ ਕਾਰਨ ਅਤੇ ਮੋਹਨੀਆਂ ਕਰਮ (ਮੋਹ ਵਿਚ ਵਾਧਾ ਕਰਨ ਵਾਲੇ ਕਰਮ) ਦੇ ਖ਼ਾਤਮੇ ਕਾਰਨ ਅਤੇ ਅੰਦਰਲੇ ਵਿਚਾਰਾਂ ਦੀ ਸ਼ੁੱਧੀ

ਕਾਰਨ ਉਸ ਨੂੰ ਜਾਤੀ ਸਿਮਰਨ ਗਿਆਨ (ਪਿਛਲੇ ਜਨਮਾਂ ਦਾ ਗਿਆਨ) ਉਤਪੰਨ ਹੋ ਗਿਆ।7।

ਸੰਗੀ ਗਿਆਨ ਭਾਵ ਮਨ ਵਾਲੇ ਪੰਜ ਇੰਦਰੀਆਂ ਦੇ ਜੀਵਾਂ ਨੂੰ ਹੁੰਦਾ ਹੈ। ਅਰਥਾਤ ਜੋ ਗਿਆਨ ਮਨ ਵਿਚ ਜੀਵਾਂ ਨੂੰ ਹੁੰਦਾ ਹੈ, ਹੋਣ ਤੇ ਉਹ ਆਪਣਾ ਪਿਛਲਾ ਜਨਮ ਯਾਦ ਕਰਨ ਲੱਗਾ। ਦੇਵਲੋਕ ਤੋਂ ਚੱਲ ਕੇ ਮੈਂ ਮਨੁੱਖੀ ਜਨਮ ਵਿਚ ਪੈਦਾ ਹੋਇਆ ਹਾਂ।8।

ਜਾਤੀ ਸਿਮਰਨ ਗਿਆਨ ਹੋਣ ਤੇ, ਮਹਾਰਿਧੀ ਵਾਲੇ ਮਿਰਗਾ ਪੁੱਤਰ ਨੇ ਆਪਣੇ ਪਿਛਲੇ ਸਾਧੂ ਜੀਵਨ ਨੂੰ ਯਾਦ ਕੀਤਾ।9।

ਵਿਸ਼ੇ ਭੋਗਾਂ ਤੋਂ ਰਹਿਤ ਅਤੇ ਸੰਜਮ ਦਾ ਪ੍ਰੇਮੀ ਮਿਰਗਾਪੁੱਤਰ ਮਾਂ ਪਿਉ ਕੋਲ ਆ ਕੇ ਇਸ ਪ੍ਰਕਾਰ ਆਖਣ ਲੱਗਾ।10।

ਹੇ ਮਾਤਾ ! ਮੈਂ ਪੰਜਾਂ ਵਰਤਾਂ (ਅਹਿੰਸਾ, ਸੱਚ, ਬ੍ਰਹਮਚਰਜ, ਚੋਰੀ ਨਾ ਕਰਨਾ ਅਤੇ ਪਰਿਗ੍ਰਹਿ) ਅਤੇ ਨਰਕ ਦੇ ਪਸ਼ੂ ਜੂਨੀ ਦੇ ਦੁੱਖਾਂ ਨੂੰ ਜਾਣ ਲਿਆ ਹੈ। ਸੋ ਮੈਂ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਣਾ ਚਾਹੁੰਦਾ ਹਾਂ, ਮੈਂ ਦੀਖਿਆ ਲੈਣੀ ਚਾਹੁੰਦਾ ਹਾਂ ਭਾਵ ਸਾਧੂ ਬਣਨਾ ਚਾਹੁੰਦਾ ਹਾਂ। ਮੈਨੂੰ ਆਗਿਆ ਦੇਵੋ।11।

ਹੇ ਮਾਤਾ ਪਿਤਾ ! ਮੈਂ ਕਾਮਭੋਗ ਭੋਗ ਚੁੱਕਾ ਹਾਂ, ਇਹ ਵਿਸ਼ਫਲ (ਜ਼ਹਿਰ) ਬਰਾਬਰ ਹਨ। ਇਨ੍ਹਾਂ ਦਾ ਅੰਤ ਬੜਾ ਕੌੜਾ ਅਤੇ ਦੁੱਖਦਾਈ ਹੈ।12।

ਇਹ ਸਰੀਰ ਨਾਸ਼ਵਾਨ ਹੈ, ਅਪਵਿੱਤਰ ਹੈ, ਅਨਿੱਤ ਹੈ, ਗੰਦਗੀ ਤੋਂ ਇਸਦੀ ਉਤਪਤੀ ਹੋਈ ਹੈ। ਇਸ ਜੀਵ ਦਾ ਠਿਕਾਣਾ ਕੱਚਾ ਹੈ ਅਤੇ ਇਹ ਦੁੱਖਾਂ ਤੇ ਕਲੇਸ਼ਾਂ ਦਾ ਭਾਜਨ (ਖਾਨ) ਹੈ।13।

ਪਾਣੀ ਦੇ ਬੁਲਬੁਲੇ ਸਮਾਨ ਨਾ ਰਹਿਣ ਵਾਲੇ ਸਰੀਰ ਪ੍ਰਤੀ ਮੈਨੂੰ ਕੋਈ ਪਿਆਰ ਨਹੀ ਕਿਉਂਕਿ ਇਹ ਪਹਿਲਾਂ ਜਾਂ ਪਿਛੋਂ ਛੱਡ ।3 ਪਵੇ ਗਾ।14।

ਕਸ਼ਟਾਂ ਤੇ ਬਿਮਾਰੀਆਂ ਦੇ ਘਰ, ਬੁਢਾਪੇ ਤੇ ਮਰਨ ਨਾਲ ਘਿਰੇ ਹੋਏ ਇਸ ਸਾਰ ਰਹਿਤ ਸੰਸਾਰ ਵਿਚ ਮੈਨੂੰ ਇਕ ਪਲ ਵੀ ਆਰਾਮ (ਖੁਸ਼ੀ) ਨਹੀਂ ਮਿਲ ਸਕਦਾ।15।

ਜਨਮ ਦੁੱਖ ਰੂਪ ਹੈ, ਬੁਢਾਪਾ, ਰੋਗ ਤੇ ਮੌਤ ਇਹ ਦੁੱਖ ਦਾ ਕਾਰਨ ਹਨ। ਹੈਰਾਨੀ ਹੈ ਕਿ ਸਾਰਾ ਸੰਸਾਰ ਦੁੱਖ ਦਾ ਰੂਪ ਹੈ। ਇਹ ਜੀਵ ਕਲੇਸ਼ ਪਾ ਰਹੇ ਹਨ।16।

ਖੇਤ, ਘਰ, ਸੋਨਾ, ਚਾਂਦੀ, ਪੁੱਤਰ, ਇਸਤਰੀ, ਰਿਸ਼ਤੇਦਾਰ ਅਤੇ ਸਰੀਰ ਨੂੰ ਛੱਡ ਕੇ ਮੈਨੂੰ ਇਕ ਦਿਨ ਦੁਨੀਆਂ ਤੋਂ ਜਾਣਾ ਪਵੇਗਾ।17।

ਜਿਸ ਪ੍ਰਕਾਰ ਕਿਪਾਕ ਫਲ ਖਾਣ ਦਾ ਨਤੀਜਾ ਚੰਗਾ ਨਹੀਂ ਹੁੰਦਾ ਉਸੇ ਪ੍ਰਕਾਰ ਭੋਗੇ ਹੋਏ ਭੋਗਾਂ ਦਾ ਸਿੱਟਾ ਨਹੀਂ ਹੁੰਦਾ।18।

ਜੋ ਯਾਤਰੀ ਬਿਨਾਂ ਰਾਹ ਦੇ ਭੋਜਨ ਲਏ ਲੰਬਾ ਸਫ਼ਰ ਕਰਦਾ ਹੈ ਉਹ ਅੱਗੇ ਜਾ ਕੇ ਭੁੱਖ ਤੇ ਪਿਆਸ ਤੋਂ ਦੁਖੀ ਹੁੰਦਾ ਹੈ।19।

ਇਸੇ ਪ੍ਰਕਾਰ ਜੋ ਧਰਮ ਦਾ ਪਾਲਣ ਕਰਕੇ ਅਗਲਾ ਨਵਾਂ ਜਨਮ ਲੈਂਦਾ ਹੈ, ਉਹ ਥੋੜ੍ਹੇ ਕਰਮਾਂ ਵਾਲਾ ਅਤੇ ਕਸ਼ਟ ਰਹਿਤ (ਸੁਖੀ) ਹੁੰਦਾ ਹੈ।20।

ਜੋ ਯਾਤਰੀ ਖਾਣਾ ਲੈ ਕੇ ਲੰਬਾ ਸਫਰ ਕਰਦਾ ਹੈ ਉਹ ਰਾਹ ਵਿਚ ਭੁੱਖ ਪਿਆਸ ਤੋਂ ਦੁਖੀ ਨਹੀਂ ਹੁੰਦਾ, ਸਗੋਂ ਸੁਖੀ ਰਹਿੰਦਾ ਹੈ।21।

ਇਸੇ ਪ੍ਰਕਾਰ ਜੋ ਜੀਵ ਧਰਮ ਦਾ ਸੰਗ੍ਰਹਿ ਕਰਕੇ ਪਰਲੋਕ ਨੂੰ ਜਾਂਦਾ

ਹੈ, ਉਹ ਉੱਥੇ ਸੁਖੀ ਹੋ ਜਾਂਦਾ ਹੈ ਅਤੇ ਅਸਾਤਾਵੇਦਨੀਆ ਕਰਮ ਦੇ ਘੱਟ ਹੋਣ ਨਾਲ ਵਿਸ਼ੇਸ਼ ਕਸ਼ਟਾਂ ਨੂੰ ਪ੍ਰਾਪਤ ਨਹੀਂ ਕਰਦਾ।22।

ਜਿਸ ਪ੍ਰਕਾਰ ਘਰ ਨੂੰ ਅੱਗ ਲੱਗ ਜਾਣ ਤੇ ਘਰ ਦਾ ਮਾਲਕ ਕੀਮਤੀ ਸਾਮਾਨ ਬਾਹਰ ਕੱਢ ਦਿੰਦਾ ਹੈ ਅਤੇ ਨਾਸ਼ਵਾਨ ਵਸਤੂਆਂ ਛੱਡ ਦਿੰਦਾ ਹ। ਉਸੇ ਪ੍ਰਕਾਰ ਬਿਮਾਰੀ ਤੇ ਮੌਤ ਵਿਚ ਜਲਦੇ ਇਹ ਲੋਕ ਵਿਚੋਂ ਮੈਂ ਆਪਣੇ ਆਪ ਨੂੰ ਵੱਖ ਕਰਾਗਾ ਤੇ ਆਪ ਜੀ ਆਗਿਆ ਨਾਲ ਆਤਮਾ ਦਾ ਕਲਿਆਣ ਕਰਾਂਗਾ।23-24।

ਮਾਂ, ਪਿਉ ਆਖਣ ਲੱਗੇ, ਹੇ ਪੁੱਤਰ ! ਸਾਧੂ ਨੂੰ ਹਜ਼ਾਰਾਂ ਗੁਣ (ਨਿਯਮ) ਧਾਰਨ ਕਰਨੇ ਪੈਂਦੇ ਹਨ। ਸਾਧੂ ਧਰਮ ਬੇਹੱਦ ਕਠਿਨ ਹੈ।25।

ਪੁੱਤਰ ! ਦੁਸ਼ਮਣ ਹੋਵੇ ਜਾਂ ਮਿੱਤਰ, ਸਾਰੇ ਜੀਵਾਂ ਪ੍ਰਤੀ ਬਰਾਬਰੀ ਦੀ ਭਾਵਨਾ ਰੱਖਣਾ ਤੇ ਹਿੰਸਾ ਤੋਂ ਦੂਰ ਰਹਿਣਾ ਬੜਾ ਕਠਿਨ ਹੈ।26।

ਸੇਵਾ ਦੇ ਲਈ ਸਾਵਧਾਨ ਹੋ ਕੇ ਝੂਠ ਦਾ ਤਿਆਗ ਕਰਨਾ ਤੇ ਉਪਯੋਗ ਤੇ ਹਿਤਕਾਰੀ ਸੱਚੇ ਵਾਕ ਆਖਣਾ ਬਹੁਤ ਔਖਾ ਹੈ।27।

ਬਿਨਾਂ ਦਿੱਤੇ ਦੰਦ ਸਾਫ ਕਰਨ ਦਾ ਤਿਨਕਾਵੀ ਨਹੀਂ ਲੈਣਾ ਅਤੇ ਨਿਰਦੋਸ਼ ਭੋਜਨ ਲੈਣ ਆਦਿ ਦੇ ਨਿਯਮ ਬੇਹੱਦ ਔਖੇ ਹਨ।28।

ਕਾਮ-ਭੋਗਾਂ ਦਾ ਗਿਆਨ ਰੱਖਣ ਵਾਲੇ ਲਈ, ਕਾਮਭੋਗ ਤੋਂ ਮੁਕਤ ਹੋ ਕੇ ਬ੍ਰਹਮਚਰਜ ਧਾਰਨ ਕਰਨਾ ਔਖਾ ਹੈ।29।

ਸਭ ਪ੍ਰਕਾਰ ਦਾ ਆਰੰਭ (ਪਾਪ) ਪਰਿਗ੍ਰਹਿ, (ਸੰਗ੍ਰਹਿ) ਧਨ, ਅਨਾਜ ਤੇ ਨੌਕਰ ਚਾਕਰਾਂ ਦਾ ਤਿਆਗ ਕਰਕੇ ਮੋਹ ਰਹਿਤ ਹੋਣਾ ਬੇਹੱਦ ਔਖਾ ਹੈ।30।

ਰਾਤ ਵੇਲੇ ਚਾਰੇ ਅਹਾਰ (ਭੋਜਨ) ਦਾ ਤਿਆਗ ਅਤੇ ਕਿਸੇ ਵੀ ਪਦਾਰਥ ਨੂੰ ਇਕੱਠਾ ਨਾ ਕਰਨ ਦਾ ਤਿਆਗਬੇਹੱਦ ਔਖਾ ਹੈ।31।

ਪਿਆਸ, ਭੁੱਖ, ਠੰਡ, ਗਰਮੀ, ਡੰਗ, ਮੱਛਰਾਂ ਦੇ ਕਸ਼ਟ, ਕੌੜੇ ਵਾਕ, ਦੁੱਖ, ਸਖ਼ਤ ਮੰਜਾ, ਘਾਹ ਫੂਸ ਤੇ ਕੰਡਿਆਂ ਦਾ ਕਸ਼ਟ, ਮੈਲ, ਝਿੜਕਣਾ, ਤਾੜਨਾ, ਮਾਰਨਾ ਅਤੇ ਰੱਸੇ ਜਾਂ ਸੰਗਲ ਨਾਲ ਕਸ਼ਟ ਦੇਣਾ, ਭਿਕਸ਼ਾ ਕਰਨਾ, ਮੰਗਣਾ ਅਤੇ ਹਾਨੀ ਆਦਿ ਕਸ਼ਟਾਂ ਨੂੰ ਸਹਿਣ ਕਰਨਾ ਅਤਿ ਕਠਿਨ ਹੈ।32।33।

ਕਬੂਤਰ ਦੇ ਸਮਾਨ ਦੋਸ਼ਾਂ ਤੋਂ ਬਚਣਾ ਤੇ ਵਾਲਾਂ ਨੂੰ ਆਪਣੇ ਹੱਥਾਂ ਨਾਲ ਪੁੱਟਣਾ ਬਹੁਤ ਦੁੱਖਦਾਇਕ ਕੰਮ ਹੈ। ਜੋ ਮਹਾਨ ਆਤਮਾ ਨਹੀਂ ਹੈ, ਉਸ ਲਈ ਘੋਰ ਕਠਿਨ ਬ੍ਰਹਮਚਰਜ ਦਾ ਪਾਲਣ ਬੇਹੱਦ ਔਖਾ ਹੈ।34।

ਹੇ ਪੁੱਤਰ ! ਤੂੰ ਸੁੱਖ ਭੋਗਣ ਯੋਗ, ਨਰਮ ਤੇ ਸ਼ਿੰਗਾਰ ਦਾ ਧਨੀ ਹੈ ਤੂੰ ਸੰਜਮ ਪਾਲਣ ਦੇ ਯੋਗ ਨਹੀਂ।35।

ਜਿਵੇਂ ਲੋਹੇ ਦਾ ਭਾਰ ਹਮੇਸ਼ਾ ਚੁੱਕੇ ਰੱਖਣਾ ਕਠਿਨ ਹੈ। ਉਸੇ ਪ੍ਰਕਾਰ ਸਾਰੀ ਜ਼ਿੰਦਗੀ ਸਾਧੂ ਪੁਣੇ ਦਾ ਭਾਰ ਬਿਨਾਂ ਆਰਾਮ ਲਏ ਚੁੱਕਣਾ ਬਹੁਤ ਔਖਾ ਹੈ।36।

ਜਿਵੇਂ ਆਕਾਸ਼ ਗੰਗਾ ਦੀ ਧਾਰਾ, ਨਦੀ ਦੀ ਧਾਰਾ ਤੇ ਸਮੁੰਦਰ ਨੂੰ ਬਾਹਾਂ ਨਾਲ ਤੈਰ ਕੇ ਪਾਰ ਕਰਨਾ ਔਖਾ ਹੈ। ਉਸੇ ਪ੍ਰਕਾਰ ਸੰਜਮ ਦੇ ਸਮੁੰਦਰ ਨੂੰ ਪਾਰ ਕਰਨਾ ਔਖਾ ਹੈ।37।

ਸੰਜਮ ਰੇਤ ਵਿਚ ਉਸੇ ਕੋਮਲ ਘਾਹ ਦੀ ਤਰ੍ਹਾਂ ਨੀਰਸ ਹੈ। ਤਲਵਾਰ ਦੀ ਧਾਰ ਦੇ ਸਮਾਨ ਤੱਪ ਦੀ ਪਾਲਣਾ ਵੀ ਔਖੀ ਹੈ।38।

ਹੇ ਪੁੱਤਰ ! ਸੱਪ ਦੇ ਵਾਂਗ, ਇਕ ਮਨ ਨਾਲ ਸੰਜਮ ਪਾਲਣਾ ਕਠਿਣ ਹੈ, ਜਿਵੇਂ ਲੋਹੇ ਦੇ ਚਨੇ (ਛੋਲੇ) ਚਬਾਉਣਾ ਔਖਾ ਹੈ। ਉਸੇ ਪ੍ਰਕਾਰ ਸੰਜਮ ਪਾਲਣਾ ਔਖਾ ਹੈ।39।

ਜਿਸ ਪ੍ਰਕਾਰ ਜਲਦੀ ਅੱਗ ਦੀ ਚਿੰਗਾੜੀ ਨੂੰ ਪੀਣਾ ਔਖਾ ਹੈ ਉਸੇ

ਪ੍ਰਕਾਰ ਜਵਾਨੀ ਵਿਚ ਸੰਜਮ ਪਾਲਣਾ ਕਠਿਨ ਹੈ।40।

ਜਿਵੇਂ ਕੱਪੜੇ ਦੀ ਥੈਲੀ ਵਿਚ ਹਵਾ ਕਰਨਾ ਕਠਿਨ ਹੈ, ਉਸੇ ਪ੍ਰਕਾਰ ਕਾਇਰਾਂ ਲਈ ਸੰਜਮ ਪਾਲਣਾ ਔਖਾ ਹੈ।41।

ਜਿਵੇਂ ਸਮੇਰੂ ਪਰਬਤ ਨੂੰ ਤੱਕੜੀ ਵਿਚ ਤੋਲਣਾ ਔਖਾ ਹੈ ਉਸੇ ਪ੍ਰਕਾਰ ਨਿਸ਼ਚੈ ਤੇ ਸ਼ੰਕਾ ਰਹਿਤ ਹੋ ਕੇ ਸਾਧੂ ਧਰਮ ਦੀ ਪਾਲਣਾ ਕਰਨਾ ਔਖਾ ਹੈ।42।

ਜਿਵੇਂ ਸਮੁੰਦਰ ਨੂੰ ਬਾਹਾਂ ਨਾਲ ਤੈਰਨਾ ਔਖਾ ਹੈ ਉਸੇ ਪ੍ਰਕਾਰ ਕਸ਼ਾਏ ਨੂੰ ਸ਼ਾਂਤ ਕਰੇ ਬਿਨਾਂ, ਸੰਜਮ ਰੂਪੀ ਸਮੁੰਦਰ ਵਿਚੋਂ ਤੈਰਨਾ ਔਖਾ ਹੈ।43।

ਹੇ ਪੁੱਤਰ ! ਅਜੇ ਤੂੰ ਸ਼ਬਦ ਆਦਿ ਪੰਜਾਂ ਲੱਛਣਾਂ ਵਾਲੇ ਮਨੁੱਖੀ ਭੋਗ ਭੋਗੋ। ਇਹਨਾਂ ਨੂੰ ਭੋਗ ਕੇ ਸਾਧੂ ਹੋ ਜਾਣਾ।44।

ਮਿਰਗਾਪੁੱਤਰ ਆਖਣ ਲੱਗਾ, ਆਪ ਦਾ ਆਖਿਆ ਠੀਕ ਹੈ। ਪਰ ਸੰਸਾਰ ਤੋਂ ਜਿਸ ਦੀ ਪਿਆਸ ਬੁਝ ਚੁੱਕੀ ਹੈ। ਉਸ ਤਿਆਗੀ ਪੁਰਸ਼ ਲਈ ਕੁਝ ਵੀ ਔਖਾ ਨਹੀਂ।45।

ਅਨੇਕਾਂ ਵਾਰ ਮੈਂ ਸ਼ਰੀਰਿਕ ਤੇ ਮਾਨਸਿਕ ਦੁੱਖਾਂ ਨੂੰ ਸਹਿ ਚੁੱਕਾ ਹਾਂ। ਅਨੇਕਾਂ ਵਾਰ ਦੁੱਖਾਂ ਤੇ ਡਰਾਂ ਨੂੰ ਨੂੰ ਭੋਗ ਚੁੱਕਾ ਹਾਂ।46।

ਜਨਮ, ਮਰਨ ਰੂਪੀ ਚਾਰ ਗਤੀ ਵਾਲੀ ਭਿਅੰਕਰ ਅਟਵੀ (ਜੰਗਲ) ਵਿਚ ਮੈਂ ਅਨੇਕਾਂ ਡਰ ਤੇ ਕਸ਼ਟ, ਭੋਗ ਚੁੱਕਾ ਹਾਂ।47।

ਇਥੇ ਅੱਗ ਵਿਚ ਜਿੰਨੀ ਗਰਮੀ ਹੈ, ਉਸ ਤੋਂ ਕਈ ਗੁਣਾਂ ਨਰਕਾਂ ਦੀ ਅੱਗ ਵਿਚ ਹੈ। ਮੈਂ ਉਥੋਂ ਦੇ ਕਸ਼ਟ ਸਹਿ ਚੁੱਕਾ ਹਾਂ।48।

ਇਥੇ ਜਿੰਨੀ ਠੰਡ ਹੈ, ਉਥੇ ਇਸ ਤੋਂ ਕਈ ਗੁਣਾਂ ਹੈ। ਮੈਂ ਉਸ ਨਾਂ ਸਹਿਣ ਯੋਗ ਠੰਡ ਨੂੰ ਸਹਿ ਚੁੱਕਾ ਹਾਂ।49।

ਦੁਖੀ ਹੁੰਦੇ ਹੋਏ ਮੈਨੂੰ ਅਨੇਕਾਂ ਵਾਰ, ਨਰਕਾਂ ਦੀ ਅੱਗ ਵਿਚ, ਸਿਰ ਹੇਠਾਂ ਕਰਕੇ ਪਕਾਇਆ ਗਿਆ ਹੈ।50।

ਜੰਗਲ ਦੀ ਅੱਗ ਦੀ ਤਰ੍ਹਾਂ ਤੇ ਮਰੂ ਦੇਸ਼ (ਖੁਸ਼ਕ) ਇਲਾਕੇ ਦੀ ਮਿੱਟੀ ਦੀ ਤਰ੍ਹਾਂ ਬੱਜਰਬਾਲੁਕਾ ਨਾਂ ਦੀ ਖੁਰਦਰੀ ਰੇਤ ਦੀ ਤਰ੍ਹਾਂ ਖੁਰਦਰੀ ਨਦੀਆਂ ਦੇ ਕਿਨਾਰੇ ਪਾਣੀ ਗਰਮ ਰੇਤ ਦੀ ਤਰ੍ਹਾਂ ਵਿਚ ਮੈਨੂੰ ਅਨੇਕਾਂ ਵਾਰ ਜਲਾਇਆ ਗਿਆ।51।

ਰਿਸ਼ਤੇਦਾਰਾਂ ਤੋਂ ਅਲੱਗ, ਦੁਖੀ ਹੁੰਦੇ ਹੋਏ ਮੈਨੂੰ ਕੁਦਕੁਭੀ ਤੋਂ ਉੱਚਾ ਬੰਨ੍ਹ ਕੇ ਆਰੀ ਤੇ ਹੋਰ ਛੋਟੇ ਸ਼ਸਤਰਾਂ ਨਾਲ ਕੱਟਿਆ ਵੱਢਿਆ ਗਿਆ।52।

ਬੇਹੱਦ ਤਿੱਖੇ ਕੰਢੇ ਵਾਲੇ ਸਾਲਮਲੀ ਬ੍ਰਿਖ ਤੇ ਮੈਨੂੰ ਬੰਨ੍ਹ ਦਿੱਤਾ ਗਿਆ, ਕੰਢਿਆਂ ਤੇ ਲਿਟਾ ਕੇ ਖਿੱਚਿਆ ਗਿਆ, ਇਸ ਪ੍ਰਕਾਰ ਮੈਂ ਕਸ਼ਟ ਸਹਿਣ ਕੀਤੇ।53।

ਆਪਣੇ ਅਸ਼ੁਭ ਕਰਮਾਂ ਕਾਰਨ ਮੈਨੂੰ ਪਾਪੀ ਨੂੰ ਅਨੇਕਾਂ ਵਾਰ ਗੰਨੇ ਦੀ ਘਲਾੜ੍ਹੀ ਵਾਂਗ ਪੀੜਿਆ ਗਿਆ।54।

ਰੋਂਦੇ, ਪਿੱਟਦੇ ਅਤੇ ਬੱਚ ਕੇ ਭੱਜਦੇ ਨੂੰ ਮੈਨੂੰ ਕੁੱਤੇ ਤੇ ਚਿਤਕਵਰੇ ਸੂਅਰ ਰੂਪੀ ਸ਼ਿਆਮ ਤੇ ਸਬਲ (ਨਰਕ ਵਿਚ ਸਜ਼ਾ ਦੇਣ ਵਾਲੇ ਦੇਵਤੇ) ਨੇ ਹੇਠਾਂ ਸੁੱਟਿਆ, ਸਰੀਰ ਵਿਚ ਛੇਕ ਕੀਤੇ ਤੇ ਫਾੜ ਦਿੱਤਾ।55।

ਮੈਂ ਪਾਪ ਕਰਮਾਂ ਕਾਰਨ ਨਰਕ ਵਿਚ ਪੈਦਾ ਹੋਇਆ ਉਥੇ ਅਲਸੀ ਦੇ ਫੁੱਲ ਦੇ ਰੰਗ ਵਰਗੀ ਤਲਵਾਰ, ਭਾਲਿਆਂ ਅਤੇ ਪਟਿਸ਼ ਸ਼ਸਤਰਾਂ (ਲੋਹੇ ਦੇ ਡੰਡੇ) ਨਾਲ ਮੇਰਾ ਸਰੀਰ ਛੇਦਿਆ ਗਿਆ, ਟੁਕੜੇ ਟੁਕੜੇ ਕੀਤੇ ਗਏ।56।

ਮੈਨੂੰ ਪਰਾਏ ਵਸ ਪਏ ਨੂੰ ਬੈਲ ਦੀ ਤਰ੍ਹਾਂ ਗਰਦਨ ਉੱਚੀ ਚੁੱਕ ਕੇ ਨਰਕ ਵਿਚ ਲੋਹੇ ਦੇ ਰਥ ਨਾਲ ਜੋੜ ਦਿੱਤਾ ਗਿਆ, ਫੇਰ ਚਾਬੁਕ ਤੇ ਰਸੀ ਨਾਲ ਨੀਲ ਗਾਂ ਤਰ੍ਹਾਂ ਮਾਰ ਕੇ ਹੱਕਿਆ ਗਿਆ। 57।

ਪਾਪ ਕਰਮਾਂ ਦੇ ਵਸ ਪਏ, ਮੈਨੂੰ ਅੱਗ ਦੀ ਚਿਤਾ ਵਿਚ ਝੋਟੇ ਦੀ ਤਰ੍ਹਾਂ ਜਲਾਇਆ ਪਕਾਇਆ ਗਿਆ। 58।

ਮੈਨੂੰ ਰੋਂਦੇ ਕੁਰਲਾਉਂਦੇ ਨੂੰ ਜ਼ਬਰਦਸਤੀ ਸੰਡਾਸੀ ਤੇ ਲੋਹੇ ਦੇ ਸਮਾਨ ਕਠੋਰ ਮੂੰਹ ਵਾਲੇ ਚੱਕ ਤੇ ਗਿੱਦਾਂ ਤੋਂ ਅਨੇਕਾਂ ਵਾਰ ਛਿਦਵਾਇਆ ਗਿਆ। 59।

ਮੈਂ ਪਿਆਸ ਤੋਂ ਦੁਖੀ ਹੋ ਕੇ, ਪਾਣੀ ਲਈ ਵੈਤਰਨੀ ਨਦੀ ਤੇ ਪਹੁੰਚਿਆ। ਉਥੇ ਉਸਤਰੇ ਦੀ ਧਾਰ ਦੀ ਤਰ੍ਹਾਂ ਤੇਜ਼ ਨਦੀ ਦੀ ਧਾਰਾ ਕਾਰਨ ਮੇਰਾ ਵਿਨਾਸ਼ ਹੋਇਆ। 60।

ਮੈਂ ਗਰਮੀ ਤੋਂ ਘਬਰਾਇਆ ਅਸੀਪੱਤਰ ਨਾਮਕ ਜੰਗਲ ਵਿਚ ਗਿਆ ਪਰ ਤਲਵਾਰ ਵਰਗੇ ਤਿੱਖੇ ਪੱਤੇ ਗਿਰਨ ਲੱਗੇ ਜਿਸ ਨਾਲ ਮੇਰਾ ਸਰੀਰ ਛਿੰਨ-ਭਿੰਣ ਹੋ ਗਿਆ। 61।

ਮੁਦਗਰਾ, ਮੁਸ਼ਡੀਆਂ, ਤ੍ਰਿਸ਼ੂਲਾਂ, ਮੁਸਲਾ ਅਤੇ ਗਦਾ ਨਾਲ ਮੇਰੇ ਸਰੀਰ ਦੇ ਭਿੰਨ ਭਿੰਨ ਅੰਗਾਂ ਨੂੰ ਤੋੜਿਆ ਗਿਆ। ਇਸ ਪ੍ਰਕਾਰ ਮੈਨੂੰ ਅਨੇਕਾਂ ਵਾਰ ਦੁੱਖ ਪਾਇਆ। 62।

ਮੈਨੂੰ ਅਨੇਕਾਂ ਵਾਰ ਕਤਰਨੀਆਂ (ਕੈਂਚੀਆਂ) ਨਾਲ ਕੱਟਿਆ ਗਿਆ। ਛੁਰੀਆਂ ਨਾਲ ਚੀਰਿਆ ਗਿਆ, ਰੋਕਿਆ ਗਿਆ ਤੇ ਮੈਨੂੰ ਅਨੇਕਾਂ ਵਾਰ ਨਸ਼ਟ ਕੀਤਾ ਗਿਆ। 64।

ਮੈਨੂੰ ਅਨੇਕਾਂ ਵਾਰ ਕੁੰਡੀ ਤੇ ਜਾਲਾਂ ਨਾਲ ਦੁਖੀ ਕਰਕੇ ਫੜਿਆ ਗਿਆ, ਪਕੜਿਆ ਗਿਆ ਤੇ ਪਕੜ ਕੇ ਮਾਰ ਦਿੱਤਾ ਗਿਆ। 65।

ਮੈਨੂੰ ਇਕ ਵਾਰ ਨਹੀਂ ਸਗੋਂ ਅਨੇਕਾਂ ਵਾਰ ਬਾਜ, ਜਾਲ ਤੇ ਸੱਪ ਨਾਲ, ਪੰਛੀਆਂ ਦੀ ਤਰ੍ਹਾਂ ਪਕੜਿਆ ਗਿਆ ਚਿਖਟਾਇਆ ਗਿਆ, ਬੰਧਿਆ ਗਿਆ ਤੇ ਮਾਰਿਆ ਗਿਆ।66।

ਜਿਵੇਂ ਤਰਖਾਣਾ, ਕੁਹਾਣੇ ਆਦਿ ਸ਼ਾਸਤਰਾਂ ਨਾਲ ਬ੍ਰਿਖ ਕੱਟਦੇ ਹਨ, ਫਾੜਦੇ ਹਨ, ਚੀਰਦੇ ਹਨ, ਟੁਕੜੇ ਟੁਕੜੇ ਕਰਦੇ ਹਨ ਅਤੇ ਛਿੱਲਦੇ ਹਨ ਉਸੇ ਪ੍ਰ ਕਾਰ ਮੈਨੂੰ ਵੀ ਕੱਟਿਆ, ਚੀਰਿਆ ਅਤੇ ਛਿੱਲਿਆ ਗਿਆ।67।

ਜਿਵੇਂ ਲੋਹਾਰ ਲੋਹੇ ਨੂੰ ਕੁੱਟਦਾ ਹੈ, ਤੋੜਦਾ ਹੈ, ਚੂਰਾ ਚੂਰਾ ਕਰਦਾ ਹੈ। ਉਸੇ ਪ੍ਰਕਾਰ ਚਪੇੜ ਤੇ ਮੁੱਕੇ ਨਾਲ ਮੈਨੂੰ ਅਨੇਕਾਂ ਵਾਰ ਤਾੜਿਆ ਗਿਆ, ਤੋੜਿਆ ਗਿਆ, ਟੁਕੜੇ ਟੁਕੜੇ ਕੀਤੇ ਗਏ ਤੇ ਚੂਰਾ ਚੂਰਾ ਕੀਤਾ ਗਿਆ।68।

ਤਪਾਇਆ ਹੋਇਆ ਤਾਂਬਾ, ਲੋਹਾ, ਲਾਖ ਤੇ ਸ਼ੀਸ਼ਾ ਇਹ ਸਾਰੇ ਪਦਾਰਥ ਮੈਨੂੰ ਰੋਂਦੇ ਕੁਰਲਾਂਦੇ ਨੂੰ ਜਬਰਦਸਤੀ ਪਿਲਾਏ ਗਏ।69।

ਤੈਨੂੰ ਮਾਸ ਪਿਆਰਾ ਸੀ। ਇਸ ਪ੍ਰਕਾਰ ਆਖ ਕੇ ਅਨੇਕਾਂ ਵਾਰ ਮੈਨੂੰ ਆਪਣੇ ਸਰੀਰ ਦਾ ਮਾਸ ਹੀ ਕੱਟ ਕੇ, ਭੁੰਨ ਕੇ ਤੇ ਅੱਗ ਸਮਾਨ ਲਾਲ ਕਰਕੇ ਖਿਲਾਇਆ ਗਿਆ।70।

ਤੈਨੂੰ ਸੁਰਾ, ਸੀਧੂ, ਮੇਰਕ ਤੇ ਮਧੂ ਨਾਉਂ ਦੀ ਸ਼ਰਾਬ ਚੰਗੀ ਲੱਗਦੀ ਸੀ। ਇਹ ਆਖ ਕੇ ਮੈਨੂੰ ਅੱਗ ਦੇ ਸਮਾਨ ਜਲਦੀ ਚਰਬੀ ਦਾ ਲਹੂ ਪਿਲਾਇਆ ਗਿਆ।71।

ਮੈਂ ਲਗਾਤਾਰ ਡਰ ਨਾਲ, ਤਕਲੀਫ ਨਾਲ, ਪੀੜਾ ਨਾਲ ਤੇ ਦੁੱਖ ਨਾਲ ਬੇਹੱਦ ਕਸ਼ਟ ਭੋਗਦਾ ਰਿਹਾ।72।

ਮੈਂ ਨਰਕਾਂ ਵਿਚ ਤੀਵਰ, ਤੇਜ਼, ਬੇਹੱਦ ਗਾੜ੍ਹੀ, ਘੋਰ, ਭਿਅੰਕਰ, ਅਸਹਿ ਅਤੇ ਡਰ ਦੇਣ ਵਾਲੀ ਪੀੜਾ ਸਹਿਣ ਕੀਤੀ ਹੈ।73।

ਹੇ ਪਿਤਾ ! ਜਿਸ ਪ੍ਰਕਾਰ ਦੀਆਂ ਤਕਲੀਫਾਂ ਮਨੁੱਖ ਲੋਕ ਵਿਚ ਵੇਖੀਆਂ ਜਾਂਦੀਆਂ ਹਨ, ਨਰਕ ਵਿਚ ਉਸ ਤੋਂ ਅਨੇਕਾਂ ਗੁਣਾ ਜ਼ਿਆਦਾ ਦੁੱਖ ਅਤੇ ਤਕਲੀਫਾਂ ਹਨ।74।

ਮੈਂ ਸਾਰੇ ਜਨਮ ਵਿਚ ਦੁੱਖ ਅਨੁਭਵ ਕੀਤਾ ਹੈ। ਉਥੇ ਅੱਖ ਦੇ ਝਪਕਣ ਦੇ ਸਮੇਂ ਜਿੰਨੀ ਵੀ ਸ਼ਾਂਤੀ ਨਹੀਂ ਹੈ।75।

ਮਾਤਾ ਪਿਤਾ ਨੇ ਆਖਿਆ, ਹੇ ਪੁੱਤਰ ! ਤੂੰ ਆਪਣੀ ਇੱਛਾ ਨਾਲ ਭਾਵੇਂ ਸਾਧੂ ਬਣ ਜਾ ਪਰ ਸਾਧੂਪੁਣਾ ਕਸ਼ਟਾਂ ਦਾ ਘਰ ਹੈ। ਰੋਗ ਆਦਿ ਹੋਣ ਤੇ ਦਵਾਈ ਇਸਤੇਮਾਲ ਨਹੀਂ ਕੀਤੀ ਜਾ ਸਕਦੀ।76।

ਮਿਰਗਾਪੁੱਤਰ ਆਖਣ ਲੱਗੇ, ਹੇ ਮਾਤਾ ਪਿਤਾ ਤੁਹਾਡਾ ਇਹ ਆਖਾ ਠੀਕ ਹੈ, ਪਰ ਜੰਗਲ ਵਿਚ ਰਹਿਣ ਵਾਲੇ ਮਿਰਗ ਅਤੇ ਹੋਰ ਪੰਛੀਆਂ ਦਾ ਇਲਾਜ ਕੌਣ ਕਰਦਾ ਹੈ।77।

ਜਿਵੇਂ ਜੰਗਲ ਵਿਚ ਮਿਰਗ ਇਕੱਲਾ ਘੁੰਮਦਾ ਹੈ ਇਸੇ ਪ੍ਰਕਾਰ ਮੈਂ ਵੀ ਸੰਜਮ ਤੇ ਤਪ ਨਾਲ ਧਰਮ ਦੀ ਪਾਲਣਾ ਕਰਾਂਗਾ।78।

ਜਿਵੇਂ ਜੰਗਲ ਵਿਚ ਮਿਰਗ ਕੋਈ ਰੋਗੀ ਹੋ ਜਾਂਦਾ ਹੈ ਤਾਂ ਦਰਖਤ ਹੇਠ ਬੈਠੇ ਉਸ ਮਿਰਗ ਦਾ ਕੌਣ ਇਲਾਜ ਕਰਦਾ ਹੈ ਅਰਥਾਤ ਕੋਈ ਨਹੀਂ।79।

ਉਸ ਨੂੰ ਕੌਣ ਦਵਾਦਾਰੂ ਦਿੰਦਾ ਹੈ। ਕੌਣ ਰਾਜੀ ਖੁਸ਼ੀ ਪੁੱਛਦਾ ਹੈ ? ਅਤੇ ਕੌਣ ਖਾਣਾ ਖਿਲਾ ਕੇ ਦਿੰਦਾ ਹੈ ?।80।

ਜਦੋਂ ਉਹ ਮਿਰਗ ਨਿਰੋਗ ਹੋ ਜਾਂਦਾ ਹੈ ਤਾਂ ਉਹ ਭੋਜਨ ਲਈ ਬੈਲਾਂ ਤੇ ਪਾਣੀ ਅਤੇ ਹਰੀ ਘਾਹ ਲਈ ਤਲਾਬ ਵਲ ਆਪੇ ਚਲਾ ਜਾਂਦਾ ਹੈ।।81।

ਫੇਰ ਜੰਗਲੀ ਘਾਹ ਖਾ ਕੇ ਤੇ ਸਰੋਵਰ ਦਾ ਪਾਣੀ ਪੀ ਕੇ ਆਪਣੀ

ਰੋਜ਼ ਦੀ ਕ੍ਰਿਆ ਕਰਦਾ ਹੋਇਆ ਆਪਣੀ ਥਾਂ ਨੂੰ ਚਲਾ ਜਾਂਦਾ ਹੈ।82।

ਇਸੇ ਪ੍ਰਕਾਰ ਸੰਜਮ ਵਿਚ ਸਾਵਧਾਨ ਅਤੇ ਅਨੇਕ ਥਾਵਾਂ ਵਿਚ ਘੁੰਮਣ ਫਿਰਨ ਵਾਲਾ ਭਿਕਸ਼ੂ ਮਿਰਗ ਦੀ ਤਰ੍ਹਾਂ ਕ੍ਰਿਆ ਕਰਕੇ ਮੁਕਤੀ ਨੂੰ ਚਲਾ ਜਾਂਦਾ ਹੈ।83।

ਜਿਸ ਪ੍ਰਕਾਰ ਮਿਰਗ ਇਕੱਲਾ ਇਕ ਥਾਂ ਤੇ ਰਹਿ ਕੇ, ਅਨੇਕਾਂ ਥਾਂ ਤੇ ਘੁੰਮਦਾ ਹੈ ਤੇ ਗੋਚਰੀ (ਗਊ ਦੀ ਤਰ੍ਹਾਂ ਘਾਹ ਫੂਸ ਖਾਣਾ) ਕਰਦਾ ਹੈ ਤੇ ਇਸ ਤੇ ਹੀ ਨਿਰਵਾਹ ਕਰਦਾ ਹੈ, ਉਸੇ ਪ੍ਰਕਾਰ ਗੋਚਰੀ (ਭਿਕਸ਼ਾ) ਲਈ ਗਿਆ ਮੁਨੀ, ਖਾਣਾ ਨਾ ਮਿਲਣ ਤੇ ਕਿਸੇ ਦੀ ਬੇਇੱਜ਼ਤੀ ਜਾਂ ਨਿੰਦਾ ਨਾ ਕਰੇ।84।

ਮਿਰਗਾ ਪੁੱਤਰ ਆਖਣ ਲੱਗਾ, ਮੈਂ ਮਿਰਗ ਵਾਲੀ ਕ੍ਰਿਆ ਦਾ ਪਾਲਣ ਕਰਾਂਗਾ। ਮਾਂ ਪਿਉ ਨੇ ਆਖਿਆ ਜਿਵੇਂ ਤੈਨੂੰ ਸੁੱਖ ਹੋਵੇ ਉਸੇ ਪ੍ਰਕਾਰ ਹੀ ਕਰੋ। ਇਸ ਪ੍ਰਕਾਰ ਮਾਂ, ਪਿਉ ਦੀ ਆਗਿਆ ਪਾ ਕੇ ਉਹ ਤਿਆਗ ਦੇ ਮਾਰਗ ਤੇ ਤੁਰ ਪਿਆ।85।

ਮਿਰਗਾਪੁੱਤਰ ਨੇ ਕਿਹਾ, ਆਪ ਦੀ ਆਗਿਆ ਪਾ ਕੇ ਮੈਂ ਸਭ ਦੁੱਖਾਂ ਤੋਂ ਮੁਕਤ ਕਰਨ ਵਾਲੀ, ਮਿਰਗਾਂ ਵਾਲੀ ਕ੍ਰਿਆ ਭਾਵ ਸਾਧੂ ਵਿਰਤੀ ਗ੍ਰਹਿਣ ਕਰਾਂਗਾ। ਮਾਂ ਪਿਉ ਨੇ ਉੱਤਰ ਦਿੱਤਾ, ਪੁੱਤਰ ਜਾਉ, ਜਿਸ ਪ੍ਰਕਾਰ ਤੇਰੀ ਆਤਮਾ ਨੂੰ ਸੁੱਖ ਹੋਵੇ ਉਸੇ ਪ੍ਰਕਾਰ ਕਰੋ।86।

ਇਸ ਪ੍ਰਕਾਰ ਹਰ ਢੰਗ ਨਾਲ ਮਾਂ, ਪਿਉ ਦੀ ਆਗਿਆ ਲੈ ਕੇ ਉਹ ਮਮਤਾ ਦਾ ਤਿਆਗ ਕਰਨ ਲੱਗਾ। ਜਿਵੇਂ ਅਸ (ਸੱਪ) ਕੰਜ ਛੱਡ ਦਿੰਦਾ ਹੈ, ਉਸੇ ਪ੍ਰਕਾਰ ਉਸ ਨੇ ਦੁਨੀਆਂ ਦੇ ਧੰਦੇ ਛੱਡ ਦਿੱਤੇ।87।

ਮਿਰਗਾਪੁੱਤਰ, ਕੱਪੜੇ ਤੇ ਲਗੀ ਧੂਲ ਦੀ ਤਰ੍ਹਾਂ ਰਿਧੀ ਸੰਪਤੀ, ਮਿੱਤਰ, ਪੁੱਤਰ ਇਸਤਰੀ ਤੇ ਰਿਸ਼ਤੇਦਾਰਾਂ ਨੂੰ ਛੱਡ ਕੇ ਨਿਕਲ ਗਏ।88।

ਮਿਰਗਾਪੁੱਤਰ ਪੰਜ ਮਹਾਵਰਤਾਂ (ਅਹਿੰਸਾ ਆਦਿ ਪੰਜ ਸਮੀਤੀਆਂ) ਤਿੰਨ ਗੁਪਤੀਆਂ ਦਾ ਧਨੀ ਬਣ ਕੇ ਬਾਹਰਲਾ ਤੇ ਅੰਦਰਲੇ ਤਪ ਕਰਮ ਕਰਨ ਲੱਗਾ।89।

ਉਹ ਮਮਤਾ, ਹੰਕਾਰ ਤੇ ਮੇਲਜੋਲ ਤੋਂ ਰਹਿਤ ਹੋ ਕੇ, ਅਹੰਕਾਰ ਤਿਆਗ ਕੇ, ਸਾਰੇ ਸਥਿਰ ਤੇ ਅਸਥਿਰ ਜੀਵਾਂ ਪ੍ਰਤੀ ਸਮਭਾਵ ਰੱਖਣ ਲੱਗਾ।90।

ਉਹ ਲਾਭ, ਹਾਨੀ, ਸੁੱਖ, ਦੁੱਖ, ਜੀਵਨ, ਮੌਤ, ਨਿੰਦਾ, ਪ੍ਰਸ਼ੰਸਾ, ਇੱਜ਼ਤ ਤੇ ਬੇਇੱਜ਼ਤੀ ਪ੍ਰਤੀ ਸਮਭਾਵ (ਇਕਸਾਰ ਭਾਵ) ਰੱਖਣ ਲੱਗਾ।91।

ਉਹ ਹੰਕਾਰ ਕਸ਼ਾਇ, ਦੰਡ, ਸ਼ਲਯ, ਡਰ ਤੇ ਹਾਸੇ ਤੇ ਦੁੱਖ ਤੋਂ ਮੁਕਤ ਹੋ ਗਿਆ ਰਾਗ ਦਵੇਸ਼ ਦੇ ਬੰਧਨਾਂ ਤੋਂ ਵੀ ਮੁਕਤ ਹੋ ਗਿਆ।92।

ਉਹ ਲੋਕ ਪਰਲੋਕ ਦੀ ਇੱਛਾ ਤੋਂ ਰਹਿਤ ਸਨ। ਅੰਨ ਪਾਣੀ ਨਾ ਮਿਲਣ ਤੇ ਇਕ ਵਿਵਹਾਰ ਰੱਖਦੇ ਹਨ, ਭਾਵੇਂ ਕੋਈ ਆਰੀ ਨਾਲ ਕੱਟੇ ਜਾਂ ਚੰਦਨ ਨਾਲ ਪੂਜਾ ਕਰੇ। ਸਭ ਨਾਲ ਇਕੋ ਵਰਤਾਉ ਕਰਨ ਵਾਲੇ ਉਹ ਰਿਸ਼ੀ ਸਨ।93।

ਉਹ ਮਿਰਗਾਪੁੱਤਰ ਮਨ, ਬਚਨ ਤੇ ਸਰੀਰ ਦੇ ਬੁਰੇ ਕਰਮਾਂ ਦੇ ਅੰਸ਼ਾਂ ਨੂੰ ਰੋਕਣ ਵਾਲੇ ਮਹਾਰਿਸ਼ੀ ਬਣ ਗਏ ਤੇ ਸੰਜਮ ਸਾਧਨਾਂ ਵਿਚ ਲੀਨ ਹੋ ਗਏ।94।

ਇਸ ਪ੍ਰਕਾਰ ਗਿਆਨ, ਵਿਸ਼ਵਾਸ ਤੇ ਚਾਰਿੱਤਰ ਤੱਪ ਰਾਹੀਂ ਤੇ ਸ਼ੁੱਧ ਵਿਚਾਰ ਰਾਹੀਂ ਆਤਮਾ ਨੂੰ ਪਵਿੱਤਰ ਕਰਦੇ ਹੋਏ ਮਿਰਗਾਪੁੱਤਰ ਨੇ ਕਾਫੀ ਸਮੇਂ ਤੱਕ ਸਾਧੂ ਵਿਰਤੀ ਦਾ ਪਾਲਣ ਕੀਤਾ ਅਤੇ ਅਖੀਰ ਵਿਚ ਇਕ ਮਹੀਨੇ ਦਾ ਵਰਤ ਕਰਕੇ ਸਿਧਗਤੀ ਭਾਵ ਮੁਕਤੀ ਨੂੰ ਪ੍ਰਾਪਤ ਹੋਏ।95-96।

ਉਹ ਮਨੁੱਖ, ਬੁੱਧੀਮਾਨ, ਤੱਤਵ ਗਿਆਨੀ ਤੇ ਚੰਗੀ ਦ੍ਰਿਸ਼ਟੀ ਵਾਲੇ ਹਨ, ਜੋ ਭੋਗਾਂ ਨੂੰ ਛੱਡ ਕੇ ਮਿਰਗਾਪੁੱਤਰ ਦੀ ਤਰ੍ਹਾਂ ਭੋਗਾਂ ਤੋਂ ਛੁਟਕਾਰਾ ਹਾਸਲ ਕਰਦੇ ਹਨ।97।

ਸ੍ਰੀ ਮਿਰਗਾਪੁੱਤਰ ਮਹਾਪ੍ਰਭਾਵਸ਼ਾਲੀ ਤੇ ਯਸ਼ ਕੀਰਤੀ ਦੇ ਧਨੀ ਸਨ, ਉਨ੍ਹਾਂ ਦੇ ਤਪ ਤੇ ਚਾਰਿੱਤਰ ਤੇ ਗਤੀ ਪ੍ਰਧਾਨ ਵਾਕਾਂ ਨੂੰ ਸੁਣ ਕੇ ਧਰਮ ਦਾ ਪਾਲਣ ਕਰਨਾ ਚਾਹੀਦਾ ਹੈ।98।

ਹੇ ਮਨੁੱਖੋ ! ਧਨ ਨੂੰ ਦੁੱਖ ਵਿਚ ਵਾਧਾ ਕਰਨ ਵਾਲਾ ਮਮਤਾ ਰੂਪੀ ਬੰਧਨ ਦਾ ਕਾਰਨ ਤੇ ਬੜੇ ਡਰ ਦਾ ਕਾਰਨ ਜਾਣ ਕੇ ਧਰਮ ਰੂਪੀ ਧੁਰੀ ਨੂੰ ਧਾਰਨ ਕਰੋ, ਜੋ ਸੁੱਖਾਂ ਵਿਚ ਵਾਧਾ ਕਰਨ ਵਾਲੀ ਤੇ ਨਿਰਵਾਨ ਪ੍ਰਾਪਤੀ ਸਹਾਰਾ ਪਹੁੰਚਾਉਣ ਵਾਲੀ ਸਭ ਤੋਂ ਉੱਚੀ ਬੜੀ ਚੀਜ਼ ਹੈ।99।

ਅਜਿਹਾ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 2

ਮਿਰਗਾਪੁੱਤਰ ਦਾ ਅਸਲ ਨਾਉਂ ਬਲ ਸ੍ਰੀ ਸੀ। ਮਿਰਗਾ ਉਸ ਦੀ ਮਾਂ ਸੀ। ਇਸ ਦਾ ਮੁੱਖ ਕਾਰਨ ਬਹੁ ਵਿਵਾਹ ਹੈ।

ਗਾਥਾ 3

ਸਦਾ ਕਾਮ ਭੋਗ ਵਿਚ ਲੱਗੇ ਰਹਿਣ ਵਾਲੇ ਦੇਵਤੇ ਦੋਗੁੰਦਕ ਦੇਵਤੇ ਅਖਵਾਉਂਦੇ ਹਨ।

ਗਾਥਾ 4

ਚੰਦਰਕਾਂਤਾ, ਸੂਰਜਕਾਂਤਾ ਆਦਿ ਮਨੀਆਂ ਹਨ। ਬਾਕੀ ਗੋਮੇਦ ਆਦਿ ਰਤਨ ਹੈ।

ਗਾਥਾ 14

ਵਿਆਦੀ ਤੋਂ ਭਾਵ ਬਹੁਤ ਰੁਕਾਵਟ ਪੈਦਾ ਕਰਨ ਵਾਲੇ ਕੋਹੜ ਆਦਿ ਰੋਗ ਹਨ।

व्याध्य : अतीव वाधाहेत्तवः कुष्ठादयो, रोगा ज्वरादयः

- (ਬ੍ਰਹਦ ਵਿਰਤੀ)

ਗਾਥਾ 15 ਤੁਲਨਾ ਕਰੋ।

ਮਹਾਵੱਗ 1/6/119

ਗਾਥਾ 18

ਕਿਪਾਕ ਇਕ ਜ਼ਹਿਰੀਲਾ ਦਰਖ਼ਤ ਹੈ। ਇਹ ਫਲ ਖਾਣ ਵਿਚ ਤਾਂ ਸੁਆਦੀ ਹੁੰਦਾ ਹੈ ਪਰ ਫਲ ਖਾਣ ਦਾ ਨਤੀਜਾ ਮੌਤ ਹੁੰਦੀ ਹੈ।

ਗਾਥਾ 36

ਜੈਨ ਮੁਨੀ ਦੀ ਭਿਕਸ਼ਾ ਲਈ ਗੋਚਰੀ ਸ਼ਬਦ ਇਸਤੇਮਾਲ ਹੁੰਦਾ ਹੈ। ਇਥੇ ਕੋਪੋਤੀ ਵਿਰਤੀ ਦਾ ਵਰਨਣ ਹੈ, ਜਿਵੇਂ ਕਬੂਤਰ ਇਕ ਇਕ ਦਾਣਾ ਚੁਗਦਾ ਹੈ, ਇਸ ਪ੍ਰਕਾਰ ਸਾਧੂ ਹਰ ਘਰ ਤੋਂ ਥੋੜ੍ਹਾ ਥੋੜ੍ਹਾ ਭੋਜਨ ਲਵੇ।

ਗਾਥਾ 44 ਪੰਜ ਲੱਛਣ ਇਹ ਹਨ :

(1) ਵਰਨ (2) ਗੰਧ (3) ਸਪਰਸ਼ (4) ਸ਼ਬਦ (5) ਰਸ

ਗਾਥਾ 46

ਸੰਸਾਰ ਰੂਪੀ ਜੰਗਲ ਦੇ ਨਰਕ, ਪਸ਼ੂ, ਮਨੁੱਖ ਤੇ ਦੇਵਤੇ ਰੂਪੀ ਚਾਰ ਕਿਨਾਰੇ (ਗਤੀਆਂ) ਹਨ।

ਗਾਥਾ 54

'ਕੋਲਸੁਣੇ ਹੀ' ਦਾ ਅਰਥ ਸ਼ਾਂਤਾ ਆਚਾਰਿਆ ਨੇ ਸੁਅਰ ਕੀਤਾ ਹੈ। 'ਪੁਰੇਕੋਲ' ਦਾ ਅਰਥ ਸਵਾਹ ਵੀ ਹੈ ਅਤੇ ਸੁਨੇਹੀ ਦਾ ਅਰਥ ਕੁੱਤਾ ਵੀ ਹੈ।

ਗਾਥਾ 92

ਹੰਕਾਰ ਤਿੰਨ ਪ੍ਰਕਾਰ ਦਾ ਹੈ : (1) ਰਿਧੀ ਹੰਕਾਰ (2) ਰਸ ਹੰਕਾਰ (3) ਸਾਤਾ ਹੰਕਾਰ।

ਕਸਾਏ ਚਾਰ ਪ੍ਰਕਾਰ ਦਾ ਹੈ। (1) ਕਰੋਧ (2) ਮਾਨ (3) ਮਾਇਆ (4) ਲੋਭ।

ਦੰਡ ਤਿੰਨ ਪ੍ਰਕਾਰ ਦਾ ਹੈ : (1) ਮਨ (2) ਬਚਨ (2) ਸਰੀਰ।

ਸ਼ੱਲਯ (ਸੂਲਾਂ) ਤਿੰਨ ਪ੍ਰਕਾਰ ਦਾ ਹੈ : (1) ਮਾਇਆ (2) ਦਾਨ (3) ਮਿਥਿਆ ਦਰਸ਼ਨ ਡਰ ਸੱਤ ਪ੍ਰਕਾਰ ਦਾ ਹੈ।

# 20

# ਮਹਾਨਿਰਗਰੰਥੀਯਾ ਅਧਿਐਨ

ਇਕ ਵਾਰ ਮਗਧ ਦਾ ਰਾਜਾ ਸ਼੍ਰੇਣਿਕ ਵਿੰਬਸਾਰ ਰਾਜਗ੍ਰਹਿ ਨਗਰੀ ਵਿਖੇ ਮੰਡੀ ਕੁਖਸ਼ੀ ਨਾਮਕ ਬਾਗ ਵਿਚ ਸੈਰ ਕਰਨ ਲਈ ਗਿਆ। ਉਥੇ ਉਸ ਨੇ ਇਕ ਖੂਬਸੂਰਤ ਮੁਨੀ ਨੂੰ ਧਿਆਨ ਕਰਦੇ ਵੇਖਿਆ। ਸ਼੍ਰੇਣਿਕ ਨੂੰ ਉਸ ਦੀ ਇਸ ਹਾਲਤ ਤੇ ਬਹੁਤ ਤਰਸ ਆਇਆ। ਉਹ ਸੋਚਣ ਲੱਗਾ ਕਿ ਇਹ ਆਦਮੀ ਸ਼ਾਇਦ ਗਰੀਬੀ ਕਾਰਨ ਸਾਧੂ ਬਣ ਗਿਆ ਹੈ। ਮੈਨੂੰ ਇਸ ਦੀ ਮਦਦ ਕਰਨੀ ਚਾਹੀਦੀ ਹੈ।

ਰਾਜਾ ਸ਼੍ਰੇਣਿਕ ਨੇ ਮੁਨੀ ਨੂੰ ਬੇਨਤੀ ਕੀਤੀ, "ਹੇ ਮੁਨੀ ਤੂੰ ਇਹ ਸਭ ਕੁਝ ਛੱਡ ਕੇ ਮੇਰੇ ਪਾਸ ਸੁੱਖ ਨਾਲ ਜ਼ਿੰਦਗੀ ਗੁਜ਼ਾਰ ਮੈਂ ਤੇਰਾ ਸਾਥ (ਸਹਾਰਾ) ਬਣਾਂਗਾ"।

ਮੁਨੀ ਇਹ ਸੁਣ ਕੇ ਦਿਲ ਅੰਦਰ ਹੱਸਿਆ ਅਤੇ ਉਸ ਨੂੰ ਰਾਜੇ ਦੀ ਨਾ ਸਮਝੀ ਤੇ ਬਹੁਤ ਹੈਰਾਨੀ ਹੋਈ। ਉਸ ਨੇ ਰਾਜੇ ਨੂੰ ਕਿਹਾ, ਹੇ ਰਾਜਨ ! ਤੂੰ ਤਾਂ ਆਪ ਹੀ ਅਨਾਥ (ਬੇ-ਸਹਾਰਾ) ਹੈਂ, ਤੂੰ ਕਿਸੇ ਦਾ ਨਾਥ ਕਿਵੇਂ ਬਣੇਗਾ ?

ਰਾਜੇ ਨੂੰ ਮੁਨੀ ਦੀ ਇਸ ਗੱਲ ਤੇ ਬਹੁਤ ਹੈਰਾਨੀ ਹੋਈ। ਉਹ ਸੋਚਣ ਲੱਗਾ ਕਿ ਮੇਰੇ ਪਾਸ ਦੁਨੀਆਂ ਦੀ ਹਰ ਚੀਜ਼ ਮੌਜੂਦ ਹੈ। ਮੈਂ ਲੋਕਾਂ ਤੇ ਰਾਜ ਕਰਦਾ ਹਾਂ, ਲੱਖਾਂ ਲੋਕ ਮੇਰੇ ਸਹਾਰੇ ਹੇਠ ਜਿਉਂਦੇ ਹਨ। ਮੈਂ ਕਿਵੇਂ ਅਨਾਥ ਹਾਂ। ਉਸ ਨੇ ਮੁਨੀ ਨੂੰ ਇਸ ਬੁਝਾਰਤ ਦਾ ਅਰਥ ਦੱਸਣ ਲਈ ਬੇਨਤੀ ਕੀਤੀ।

ਇਸ ਅਧਿਐਨ ਵਿਚ ਮੁਨੀ ਤੇ ਰਾਜੇ ਦੀ ਆਪਸੀ ਵਾਰਤਾ ਦਾ

ਜ਼ਿਕਰ ਹੈ। ਸੱਚੇ ਨਾਥ ਅਤੇ ਅਨਾਥ ਦਾ ਵਰਨਣ ਕੀਤਾ ਗਿਆ ਹੈ। ਇਹ ਅਧਿਐਨ ਕਾਫੀ ਵੈਰਾਗ ਭਰਪੂਰ ਹੈ ਅਤੇ ਸੰਸਾਰ ਦੇ ਜੀਵਾਂ ਨੂੰ ਤਿਆਗ ਦੀ ਮਹੱਤਤਾ ਪ੍ਰਗਟ ਕਰਦਾ ਹੈ। ਇਹ ਅਧਿਐਨ ਇਤਿਹਾਸਕ ਪੱਖੋਂ ਬਹੁਤ ਮਹਾਨਤਾ ਰੱਖਦਾ ਹੈ। ਇਸ ਮੁਨੀ ਤੋਂ ਪ੍ਰਭਾਵਿਤ ਹੋ ਕੇ ਹੀ ਸ਼੍ਰੇਣਿਕ ਰਾਜਾ ਬੁੱਧ ਧਰਮ ਨੂੰ ਛੱਡ ਕੇ ਜੈਨ ਧਰਮ ਦਾ ਉਪਾਸਕ ਬਣ ਗਿਆ।

# ਵੀਹਵਾਂ ਅਧਿਐਨ

ਸਿੱਧਾਂ (ਮੁਕਤ) ਆਤਮਾਵਾਂ ਤੇ ਸੰਜਮੀ ਪੁਰਸ਼ਾਂ ਨੂੰ ਭਾਵ ਪੂਰਵਕ (ਹਿਰਦੇ ਨਾਲ) ਨਮਸਕਾਰ ਕਰਕੇ ਮੈਂ ਤੁਹਾਨੂੰ ਅਰਥ, ਮੋਕਸ਼ ਅਤੇ ਧਰਮ ਦਾ ਸੱਚਾ ਸਰੂਪ ਦੱਸਦਾ ਹਾਂ ਉਸ ਨੂੰ ਮੇਰੇ ਪਾਸੋਂ ਸੁਣੋ।1।

ਅਨੇਕਾਂ ਹਾਥੀ, ਘੋੜੇ ਤੇ ਰਤਨਾਂ ਦਾ ਸਵਾਮੀ ਅਤੇ ਮਗਧ (ਬਿਹਾਰ) ਦਾ ਰਾਜਾ ਸ਼੍ਰੇਣਿਕ (ਬਿੰਬਸਾਰ) ਵਿਹਾਰ (ਘੁੰਮਣ) ਲਈ ਮੰਡੀਕੁਖ਼ਸ਼ੀ ਨਾਮ ਬਾਗ ਵਿਚ ਪੁੱਜਾ।2।

ਉਹ ਬਾਗ ਵਿਚ ਭਿੰਨ ਭਿੰਨ ਪ੍ਰਕਾਰ ਦੇ ਬ੍ਰਿਖਾਂ, ਵੇਲਾਂ ਅਤੇ ਫੁੱਲਾਂ ਨਾਲ ਲੱਦਿਆ ਹੋਇਆ ਸੀ। ਉਹ ਬਾਗ ਭਿੰਨ ਭਿੰਨ ਪ੍ਰਕਾਰ ਦੇ ਸੋਹਣੇ ਪੰਛੀਆਂ ਨਾਲ ਭਰਪੂਰ ਇੰਝ ਲੱਗਦਾ ਸੀ ਜਿਵੇਂ ਕੋਈ ਨੰਦਨ ਵਣ (ਦੇਵਤਿਆਂ ਦਾ ਬਾਗ) ਹੋਵੇ।3।

ਰਾਜੇ ਨੇ ਬ੍ਰਿਖ ਦੇ ਹੇਠ ਬੈਠੇ ਇਕ ਅਜਿਹੇ ਸਾਧੂ ਨੂੰ ਵੇਖਿਆ ਜੋ ਕੋਮਲ ਸਰੀਰ ਦਾ ਹੋਣ ਤੇ ਵੀ ਵਰਤਾਂ ਵਿਚ ਦ੍ਰਿੜ ਅਤੇ ਸਮਾਧੀ ਦਾ ਧਨੀ ਸੀ। ਉਹ ਖੁਸ਼ ਤੇ ਪ੍ਰਸੰਨ ਚਿੱਤ ਸੀ।4।

ਰਾਜਾ ਉਸ ਸਾਧੂ ਦੇ ਬਹੁਤ ਉਚੇ ਰੂਪ ਨੂੰ ਵੇਖ ਕੇ ਹੈਰਾਨ ਹੋ ਗਿਆ।5।

ਉਹ ਸੋਚਣ ਲੱਗਾ, ਬੜੀ ਹੈਰਾਨੀ ਦੀ ਗੱਲ ਹੈ ਕਿ ਇਸਦੀ ਸੋਹਣੀ ਅਤੇ ਮਨਮੋਹਣੀ ਸ਼ਕਲ ਹੈ ਪਰ ਇਸ ਪੁਰਸ਼ ਦੀ ਖਿਮਾਂ, ਨਿਰਲੋਭਤਾ ਅਤੇ ਭੋਗਾਂ ਤੋਂ ਨਿਰਲੇਪਤਾ ਵੀ ਘੱਟ ਹੈਰਾਨ ਕਰਨ ਵਾਲੀ ਨਹੀਂ।6।

ਰਾਜੇ ਨੇ ਉਸ ਮੁਨੀ ਦੀ ਪ੍ਰਦੱਖਣਾ (ਦੋਹੇ ਹੱਥ ਘੁੰਮਾ ਕੇ ਬੰਦਨਾ

ਕਰਨ ਦਾ ਢੰਗ) ਅਤੇ ਪੈਰਾਂ ਵਿਚ ਸਿਰ ਝੁਕਾਇਆ, ਨਾ ਬਹੁਤ ਦੂਰ ਤੇ ਨਾ ਬਹੁਤ ਨੇੜੇ ਬੈਠ ਕੇ ਦੋਵੇਂ ਹੱਥ ਜੋੜ ਕੇ ਪੁੱਛਣ ਲੱਗਾ।7।

ਹੇ ਆਰਿਆ (ਸਰੇਸ਼ਟ) ਆਪ ਭੋਗ ਦੇ ਯੋਗ ਇਸ ਜਵਾਨੀ ਦੀ ਉਮਰ ਵਿਚ ਕਿਉਂ ਸੰਜਮੀ ਬਣ ਗਏ ਹੋ ? ਮੈਂ ਇਸ ਦਾ ਕਾਰਨ ਜਾਨਣਾ ਚਾਹੁੰਦਾ ਹਾਂ ?।8।

ਮੁਨੀ ਜੀ - ਮਹਾਰਾਜ ! ਮੈਂ ਅਨਾਥ (ਬੇਸਹਾਰਾ) ਹਾਂ। ਮੇਰਾ ਕੋਈ ਨਾਥ (ਸਹਾਰਾ) ਨਹੀਂ। ਕੋਈ ਮੇਰੇ ਤੇ ਕ੍ਰਿਪਾ ਕਰਨ ਵਾਲਾ ਮਿੱਤਰ ਵੀ ਨਹੀਂ ਜੋ ਨਾਥ (ਸਹਾਰਾ) ਬਣੇ। ਇਸ ਲਈ ਮੈਂ ਸਾਧੂ ਹੋ ਗਿਆ ਹਾਂ।9।

ਇਸ ਗੱਲ ਤੇ ਰਾਜਾ ਹੱਸ ਪਿਆ। ਉਸ ਨੂੰ ਹੈਰਾਨੀ ਹੋਈ ਕਿ ਇਸ ਤਰ੍ਹਾਂ ਮਹਾਰਿੱਧੀ ਵਾਲੇ ਦਾ ਕੋਈ ਸਹਾਰਾ ਕਿਉਂ ਨਹੀਂ ਉਹ ਆਖਣ ਲੱਗਾ ਤੁਸੀਂ ਚੰਗੀ ਕਿਸਮਤ ਦੇ ਧਨੀ ਹੋ, ਫਿਰ ਤੁਹਾਡਾ ਕੋਈ ਨਾਥ ਕਿਉਂ ਨਹੀਂ ?।10।

ਰਾਜਾ - ਹੇ ਵਰਤਾਂ ਦੇ ਦ੍ਰਿੜ ਰਹਿਣ ਵਾਲੇ ! ਮੈਂ ਤੇਰਾ ਨਾਥ (ਸਹਾਰਾ) ਬਣਦਾ ਹਾਂ। ਤੁਸੀਂ ਮਿੱਤਰ ਅਤੇ ਰਿਸ਼ਤੇਦਾਰ ਨਾਲ ਭੋਗ ਭੋਗੋ। ਇਹ ਮਨੁੱਖ ਜਨਮ ਮਿਲਣਾ ਬਹੁਤ ਦੁਰਲੱਭ ਹੈ।11।

ਮੁਨੀ ਜੀ - ਹੇ ਮਗਧ ਦੇਸ਼ ਦੇ ਮਹਾਰਾਜ (ਸ਼੍ਰੇਣਿਕ) ! ਤੇਰਾ ਆਪਣਾ ਕੋਈ ਸਹਾਰਾ ਨਹੀਂ। ਆਪ ਬੇ-ਸਹਾਰਾ ਹੁੰਦਿਆਂ ਹੋਇਆਂ ਤੂੰ ਕਿਸੇ ਨੂੰ ਕਿਸ ਪ੍ਰਕਾਰ ਸਹਾਰਾ ਦੇਵੇਗਾ ?।12।

ਪਹਿਲਾਂ ਕਦੇ ਨਾ ਸੁਣੇ ਹੋਏ ਅਜਿਹੇ ਬਚਨ ਸੰਤ ਦੇ ਮੁੱਖੋਂ ਸੁਣ ਕੇ ਰਾਜਾ ਹੈਰਾਨ ਤੇ ਦੁਖੀ ਹੋਇਆ। ਉਹ ਸੋਚ ਵਿਚ ਡੁੱਬ ਗਿਆ।13।

ਰਾਜਾ ਸ਼੍ਰੇਣਿਕ - ਹੇ ਮੁਨੀ ! ਮੇਰੇ ਪਾਸ ਹਾਥੀ, ਘੋੜੇ, ਮਨੁੱਖ ਨਗਰ ਅਤੇ ਮਹਿਲ ਹਨ। ਮੈਂ ਬਹੁਤ ਧਨ ਦਾ ਤੇ ਸੁੱਖਾਂ ਦਾ ਧਨੀ ਹਾਂ। ਮੇਰਾ

ਹੁਕਮ ਚੱਲਾ ਹੈ। ਮੈਂ ਮਨੁੱਖੀ ਕਾਮਭੋਗ ਭੋਗਦਾ ਹਾਂ।14।

ਹੇ ਭਗਵਾਨ ! ਇਸ ਪ੍ਰਕਾਰ ਪ੍ਰਧਾਨ ਸੰਪਤੀ ਅਤੇ ਸਭ ਪ੍ਰਕਾਰ ਦੇ ਕਾਮ ਭੋਗ ਹੁੰਦਿਆਂ ਮੈਂ ਅਨਾਥ ਕਿਸ ਤਰ੍ਹਾਂ ਹਾਂ ? ਆਪ ਕਿਤੇ ਝੂਠ ਤਾਂ ਨਹੀਂ ਬੋਲਦੇ ?।15।

ਮੁਨੀ ਜੀ - ਹੇ ਮਹਾਰਾਜ ! ਤੁਸੀਂ ਅਨਾਥ ਸ਼ਬਦ ਦੇ ਅਰਥ ਤੇ ਸ਼ਬਦ ਦੀ ਉਤਪਤੀ ਨਹੀਂ ਜਾਣਦੇ। ਅਨਾਥ ਤੇ ਸਨਾਥ ਵਿਚ ਮੁੱਖ ਭੇਦ ਕੀ ਹੈ ? ਇਹ ਵੀ ਨਹੀਂ ਜਾਣਦੇ।16।

ਹੇ ਮਹਾਰਾਜ ! ਜਿਸ ਪ੍ਰਕਾਰ ਜੀਵ ਅਨਾਥ ਹੁੰਦਾ ਹੈ। ਜਿਸ ਭਾਵ ਨਾਲ ਮੈਂ ਆਖਿਆ ਹੈ ਤੁਸੀਂ ਵਿਆਕੁਲ ਨਾ ਹੋਵੋ ਅਤੇ ਇਕ ਮਨ ਹੋ ਕੇ ਸੁਣੋ।17।

ਪੁਰਾਣੇ ਸ਼ਹਿਰਾਂ ਵਿਚੋਂ ਸਰੇਸ਼ਟ ਕੌਸ਼ੰਭੀ ਨਾਮ ਨਗਰੀ ਹੈ। ਉਥੇ ਮੇਰੇ ਪਿਤਾ ਪ੍ਰਭੁਤ ਧਨਸੰਚੇ ਰਹਿੰਦੇ ਸਨ।18।

ਹੇ ਰਾਜਨ ! ਜਵਾਨੀ ਵਿਚ ਮੇਰੀ ਅੱਖ ਵਿਚ ਬੇਹੱਦ ਪੀੜ ਹੋਈ ਸਾਰੇ ਸਰੀਰ ਵਿਚ ਬੇਹੱਦ ਜਲਣ ਪੈਦਾ ਹੋ ਗਈ।19।

ਮੇਰੀਆਂ ਅੱਖਾਂ ਵਿਚ ਇੰਨੀ ਅਸਹਿ ਪੀੜ ਹੁੰਦੀ ਸੀ ਕਿ ਜਿਵੇਂ ਗੁੱਸੇ ਨਾਲ ਭਰੀਆਂ ਦੁਸ਼ਮਣ ਸਰੀਰ ਦੇ ਕੋਮਲ ਸਥਾਨਾਂ ਤੇ ਤਿੱਖੇ ਹਥਿਆਰ ਘੁਸੇੜ ਰਿਹਾ ਹੋਵੇ।20।

ਇੰਦਰ ਦਾ ਬੱਜਰ (ਇਕ ਹਥਿਆਰ) ਲਗਣ ਨਾਲ ਜਿਨਾਂ ਕਸ਼ਟ ਹੁੰਦਾ ਹੈ। ਉਸੇ ਪ੍ਰਕਾਰ ਦੀ ਘੋਰ ਤੇ ਮਹਾਂਦੁੱਖਦਾਈ ਪੀੜ ਮੇਰੀ ਕਮਰ, ਦਿਲ ਤੇ ਦਿਮਾਗ ਵਿਚ ਹੋ ਰਹੀ ਸੀ।21।

ਮੇਰੇ ਇਲਾਜ ਕਰਨ ਲਈ ਵਿੱਦਿਆ, ਮੰਤਰ, ਦਵਾਈ ਅਤੇ ਸ਼ਾਸਤਰ ਚਿਕਿਤਸਾ ਵਿਚ ਕੁਸ਼ਲ ਅਤੇ ਵਿਦਵਾਨ ਤੇ ਆਚਾਰਿਆ ਆਏ। ਜੋ

ਸ਼ਸਤਰ ਅਤੇ ਸ਼ਾਸਤਰ ਕਿਰਿਆ ਵਿਚ ਨਿਪੁੰਨ ਸਨ। ਮੰਤਰ ਅਤੇ ਮੂਲ, ਦਵਾਈ ਦਾ ਪ੍ਰਯੋਗ ਜਾਨਣ ਵਿਚ ਮਾਹਿਰ ਸਨ।22।

ਮੇਰੇ ਭਲੇ ਦੇ ਲਈ ਵੈਦ ਆਚਾਰਿਆ ਮੇਰੀ ਚਤੁਸ਼ਪਾਦੇ ਸੇਵਾ ਕਰਦੇ ਸਨ। ਪਰ ਉਹ ਮੈਨੂੰ ਦੁੱਖ ਤੋਂ ਮੁਕਤ ਨਾ ਕਰ ਸਕੇ। ਇਹੋ ਮੇਰੀ ਅਨਾਥਤਾ (ਬੇਸਹਾਰਾਪਣ) ਹੈ।23।

ਮੇਰੇ ਪਿਤਾ ; ਮੇਰੇ ਲਈ ਵੈਦਾਂ ਨੂੰ ਵੱਡਮੁੱਲੀਆਂ ਵਸਤਾਂ ਦੇ ਰਹੇ ਸਨ। ਪਰ ਫਿਰ ਵੀ ਮੈਂ ਕਸ਼ਟਾਂ ਤੋਂ ਮੁਕਤ ਨਾ ਹੋ ਸਕਿਆ ਇਹੋ ਮੇਰੀ ਅਨਾਥਤਾ ਹੈ।24।

ਹੇ ਰਾਜਨ ਨੂੰ ਪੁੱਤਰ ਦੇ ਦੁੱਖ ਤੋਂ ਦੁਖੀ ਮੇਰੀ ਮਾਂ ਨੇ ਵੀ ਅਨੇਕ ਉਪਾਅ ਕੀਤੇ ਪਰ ਉਹ ਵੀ ਮੈਨੂੰ ਕਸ਼ਟਾਂ ਤੋਂ ਬਚਾ ਨਾ ਸਕੀ ਇਹੋ ਮੇਰੀ ਅਨਾਥਤਾ ਹੈ।25।

ਹੇ ਨਰੇਂਦਰ ! ਮੇਰੇ ਛੋਟੇ, ਵੱਡੇ, ਸਕੇ ਭਰਾਵਾਂ ਨੇ ਅਨੇਕਾਂ ਕੋਸ਼ਿਸ਼ਾਂ ਕੀਤੀਆਂ ਪਰ ਉਹ ਵੀ ਮੈਨੂੰ ਕਸ਼ਟ ਤੋਂ ਮੁਕਤ ਨਾ ਕਰ ਸਕੇ ਇਹੋ ਮੇਰੀ ਅਨਾਥਤਾ ਹੈ।26।

ਹੇ ਮਹਾਰਾਜ ! ਮੇਰੀ ਛੋਟੀਆਂ, ਵੱਡੀਆਂ ਸਕੀਆਂ ਭੈਣਾਂ ਵੀ ਮੈਨੂੰ ਕਸ਼ਟ ਤੋਂ ਮੁਕਤ ਨਾ ਕਰਾ ਸਕੀਆਂ। ਇਹੋ ਮੇਰੀ ਅਨਾਥਤਾ ਹੈ।27।

ਮਹਾਰਾਜ ! ਮੈਨੂੰ ਬਹੁਤ ਪਿਆਰ ਕਰਨ ਵਾਲੀ ਮੇਰੀ ਪਤੀ ਵਰਤਾ ਇਸਤਰੀ ਮੇਰੇ ਕੋਲ ਬੈਠੀ ਆਪਣੀਆਂ ਅੱਖਾਂ ਦੇ ਹੰਝੂ ਨਾਲ ਮੇਰੀ ਛਾਤੀ ਭਿਉਂਦੀ ਰਹੀ। ਉਹ ਮੇਰੇ ਜਾਣਦੇ ਜਾਂ ਨਾ ਜਾਣਦੇ ਕਦੇ ਵੀ ਮੇਰੇ ਦੁੱਖ ਕਾਰਨ, ਅੰਨ, ਪਾਣੀ, ਇਸ਼ਨਾਨ, ਖੁਸ਼ਬੂ, ਲੇਪ ਅਤੇ ਮਾਲਾ ਦਾ ਸੇਵਨ ਨਹੀਂ ਕਰਦੀ ਸੀ, ਉਹ ਇਕ ਪਲ ਮੇਰੇ ਤੋਂ ਦੂਰ ਨਹੀਂ ਜਾਂਦੀ ਸੀ। ਉਹ ਵੀ ਮੈਨੂੰ ਦੁੱਖ ਤੋਂ ਮੁਕਤ ਨਾ ਕਰ ਸਕੀ। ਇਹ ਮੇਰੀ ਅਨਾਥਤਾ

ਹੈ।28-29-30।

ਫਿਰ ਮੈਂ ਸੋਚਿਆ ਕਿ ਇਸ ਅਨੰਤ ਸੰਸਾਰ ਵਿਚ ਮੈਂ ਅਜਿਹੀ ਪੀੜਾ ਕਈ ਵਾਰ ਸਹਿਣ ਕੀਤੀ ਹੈ ਹੁਣ ਜੇ ਮੈਂ ਇਕ ਵਾਰ ਇਸ ਘੋਰ ਪੀੜਾ ਤੋਂ ਛੁਟਕਾਰਾ ਹਾਸਲ ਕਰ ਲਵਾਂ ਤਾਂ ਖਿਮਾਵਾਨ, ਇੰਦਰੀਆਂ ਜੇਤੂ, ਸਭ ਪ੍ਰਕਾਰ ਦੇ ਪਾਪ ਰਹਿਤ ਭਿਕਸ਼ੂ ਬਣ ਜਾਵਾਂਗਾ।31-32।

ਹੇ ਨਰੇਂਦਰ ! ਅਜਿਹਾ ਸੋਚ ਕੇ ਮੈਂ ਸੌ ਗਿਆ। ਅਤੇ ਰਾਤ ਬੀਤਣ ਦੇ ਨਾਲ ਹੀ ਮੇਰੀ ਅੱਖ ਦੀ ਪੀੜਾ ਖ਼ਤਮ ਹੋ ਗਈ। 33।

ਦੂਸਰੇ ਦਿਨ ਸੇਵਰੇ ਹੀ ਘਰ ਵਾਲਿਆਂ ਨੂੰ ਪੁੱਛ ਕੇ ਮੈਂ ਖਿਮਾਵਾਨ, ਇੰਦਰੀਆਂ ਦਾ ਜੇਤੂ ਅਤੇ ਪਾਪਰਹਿਤ ਭਿਕਸ਼ੂ ਬਣ ਗਿਆ।34।

ਹੁਣ ਮੈਂ ਆਪਣਾ ਦੂਸਰਿਆਂ ਦਾ ਅਤੇ ਸਾਰੇ ਤਰੱਸ (ਹਿਲਣ ਚੂਲਣ ਵਾਲੇ) ਸਥਾਵਰ (ਸਥਿਰ) ਜੀਵਾਂ ਦਾ ਨਾਥ ਬਣ ਗਿਆ ਹਾਂ।35।

ਮੇਰੀ ਆਤਮਾ ਹੀ ਵੈਤਰਨੀ ਨਦੀ ਹੈ। ਆਤਮਾ ਹੀ ਕੂਟਸਾਲਮਲੀ ਦਰਖ਼ਤ ਹੈ। ਆਤਮਾ ਹੀ ਕਾਮਧੇਨੂ ਗਾਂ ਹੈ ਅਤੇ ਇਹ ਆਤਮਾ ਨੰਦਨ ਵਣ ਹੈ।36।

ਮੇਰੀ ਆਤਮਾ ਹੀ ਸੁੱਖਾਂ ਤੇ ਦੁੱਖਾਂ ਦਾ ਕਰਤਾ ਹੈ ਭੋਗਣ ਵਾਲਾ ਹੈ। ਚੰਗੇ ਆਚਾਰ (ਚਾਰਿੱਤਰ) ਵਾਲੀ ਆਤਮਾ ਮਿੱਤਰ ਹੈ ਅਤੇ ਦੁਰਚਾਰੀ (ਭੈੜੀ) ਆਤਮਾ ਦੁਸ਼ਮਣ ਹੈ।37।

ਹੇ ਰਾਜਨ ! ਅਨਾਥ ਦੀਆਂ ਹੋਰ ਕਈ ਕਿਸਮਾਂ ਹਨ। ਉਨ੍ਹਾਂ ਨੂੰ ਇਕ ਮਨ ਨਾਲ ਧਿਆਨ ਲਾ ਕੇ ਸੁਣੋ। ਨਿਰਗਰੰਥ ਧਰਮ (ਜੈਨ ਧਰਮ) ਪਾ ਕੇ ਵੀ ਬਹੁਤ ਸਾਰੇ ਬੁਜਦਿਲ ਚਾਰਿੱਤਰ ਹੀਣ ਹੋ ਜਾਂਦੇ ਹਨ।38।

ਜੋ ਸਾਧੂ ਬਣ ਕੇ ਅਣਗਹਿਲੀ ਕਾਰਨ ਮਹਾਵਰਤਾਂ (ਅਹਿੰਸਾ, ਸੱਚ, ਚੋਰੀ ਨਾ ਕਰਨਾ, ਬ੍ਰਹਮਚਰਜ ਤੇ ਅਪ੍ਰਿਗ੍ਰਹਿ) ਦਾ ਠੀਕ ਪਾਲਣ ਨਹੀਂ

ਕਰਦਾ ਅਤੇ ਇੰਦਰੀਆਂ ਦੇ ਵੱਸ ਪੈ ਕੇ ਰਸ (ਸਵਾਦਾਂ) ਵਿਚ ਪੈ ਜਾਂਦਾ ਹੈ। ਉਹ ਕਰਮਾਂ ਦੀ ਜੜ੍ਹ ਨਹੀਂ ਕੱਟ ਸਕਦਾ।39।

ਜਿਸ ਦਾ ਈਰੀਆ ਭਾਸ਼ਾ, ਏਸ਼ਨਾ, ਅਦਾਨ, ਨਿਸ਼ੇਪ, ਉਚਾਰ, ਪ੍ਰਸ੍ਰਬਣਨ ਵਿਚ ਧਿਆਨ ਨਹੀਂ। ਉਹ ਮਹਾਂਵੀਰ ਦੇ ਮਾਰਗ ਤੇ ਨਹੀਂ ਚੱਲ ਸਕਦਾ।40।

ਜੋ ਸਿਰ ਮੁਨਾ ਕੇ ਵੀ ਵਰਤਾਂ (ਪ੍ਰਤਿਗਿਆਵਾਂ) ਵਿਚ ਅਸਥਿਰ ਹੈ ਅਤੇ ਤਪ ਨੇਮ ਤੋਂ ਭ੍ਰਿਸ਼ਟ ਹੈ ਉਹ ਬਹੁਤ ਸਮੇਂ ਤੱਕ ਆਪਣੀ ਆਤਮਾ ਨੂੰ ਦੁਖੀ ਕਰਕੇ ਵੀ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।41।

ਜਿਵੇਂ ਖਾਲੀ ਮੁੱਠੀ ਸਾਰ ਰਹਿਤ ਹੁੰਦੀ ਹੈ, ਖੋਟੀ ਮੋਹਰ ਦਾ ਕੋਈ ਮੁੱਲ ਨਹੀਂ ਹੁੰਦਾ ਇਸ ਪ੍ਰਕਾਰ ਬਾਹਰੀ ਭੇਖਧਾਰੀ ਮੁਨੀ ਦਾ ਜੀਵਨ ਸਾਰ ਰਹਿਤ ਹੈ। ਜਿਵੇਂ ਕੰਚ ਦੀ ਮਣੀ ਵੰਡੂਰੀਆ ਮਨੀ ਦੀ ਤਰਾਂ ਪ੍ਰਕਾਸ਼ ਤਾਂ ਕਰਦੀ ਹੈ, ਪਰ ਵਿਦਵਾਨ ਪੁਰਸ਼ਾਂ ਦੇ ਸਾਹਮਣੇ ਉਸ ਦੀ ਕੋਈ ਕੀਮਤ ਨਹੀਂ। ਬਾਹਰੀ ਭੇਖਧਾਰੀ ਮੁਨੀ ਦਾ ਚਰਿੱਤਰਵਾਨ ਮੁਨੀ ਦੇ ਸਾਹਮਣੇ ਕੋਈ ਮੁੱਲ ਨਹੀਂ।42।

ਕੁਸ਼ੀਲ (ਚਰਿੱਤਰ ਰਹਿਤ) ਭੇਸ ਅਤੇ ਰਿਸ਼ੀ ਧਵੱਜ (ਮੂਹਪੱਟੀ ਤੇ ਰਜ਼ੋਹਰਨ) ਨੂੰ ਧਾਰਨ ਕਰਕੇ ਵਰਤਾਂ ਵਿਚ ਅਸਥਿਰ ਹੋਣ ਤੇ ਵੀ ਆਪਣੇ ਆਪ ਨੂੰ ਸੰਜਮੀ ਅਖਵਾਉਂਦਾ ਹੈ। ਉਹ ਸੰਸਾਰ ਵਿਚ ਬਹੁਤ ਦੁੱਖ ਪਾਉਂਦਾ ਹੈ।43।

ਜਿਸ ਪ੍ਰਕਾਰ ਪੀਤਾ ਹੋਇਆ ਕਾਲਕੂਟ ਜ਼ਹਿਰ, ਉਲਟਾ ਫੜਿਆ ਹਥਿਆਰ ਤੇ ਵੱਸ ਵਿਚ ਨਾ ਕੀਤੇ ਪਿਸ਼ਾਚ ਤੋਂ ਸਾਧੂ ਦਾ ਨਾਸ਼ ਹੁੰਦਾ ਹੈ, ਉਸੇ ਪ੍ਰਕਾਰ ਸ਼ਬਦ ਆਦਿ ਵਿਸ਼ੇ ਵਿਕਾਰਾਂ ਵਾਲੇ ਧਰਮ ਤੋਂ ਵਿਨਾਸ਼ ਹੁੰਦਾ ਹੈ।44।

ਜੋ ਪੁਰਸ਼ (ਸਾਧੂ) ਲੱਖਣ ਸ਼ਾਸਤਰ (ਤਿਲ ਭੌਰੀ ਆਦਿ ਨਾਲ ਜੋਤਿਸ਼ ਦੀ ਕਿਰਿਆ) ਸੁਪਣ ਸ਼ਾਸਤਰ (ਸੁਪਨੇ ਦਾ ਚੰਗਾ ਮਾੜਾ ਫਲ ਦੱਸਣ ਦੀ ਕਿਰਿਆ) ਅਤੇ ਨਮਿੱਤ (ਭੁਚਾਲ ਤੇ ਮੌਸਮ ਦਾ ਹਾਲ ਦੱਸਣ ਦੀ ਭਵਿੱਖਬਾਣੀ) ਦੇ ਫਲ ਦੱਸਣ ਵਿਚ ਲੱਗਾ ਰਹਿੰਦਾ ਹੈ ਅਤੇ ਉਹ ਹੈਰਾਨ ਕਰਨ ਵਾਲੇ, ਆਸ਼ਰਵ (ਪਾਪ) ਵਧਾਉਣ ਵਾਲੀ, ਜਾਦੂਗਰੀ ਵਿੱਦਿਆ ਨਾਲ ਜੀਵਨ ਚਲਾਉਂਦਾ ਹੈ, ਉਸ ਮੁਨੀ ਨੂੰ ਕਰਮ ਭੋਗ ਦੇ ਸਮੇ ਕੋਈ ਸਹਾਰਾ ਨਹੀਂ ਦਿੰਦਾ।45।

ਉਹ ਦਰਵ ਲਿੰਗੀ (ਬਾਹਰੀ ਭੇਖ ਧਰੀ) ਕੁਸ਼ੀਲ (ਚਰਿੱਤਰ ਰਹਿਤ) ਆਪਣੇ ਅਗਿਆਨ ਤੇ ਉਲਟ ਵਿਚਾਰਾਂ ਕਾਰਨ ਚਰਿੱਤਰ (ਸਾਧੂ ਜੀਵਨ) ਦੀ ਹਾਨੀ ਕਰਦਾ ਹੈ। ਉਹ ਜੀਵ ਨਰਕ ਤੇ ਪਸ਼ੂ ਜਨਮ ਵਿਚ ਪੈ ਕੇ ਹਮੇਸ਼ਾ ਦੁਖੀ ਰਹਿੰਦਾ ਹੈ।46।

ਜੋ ਸਾਧੂ ਉਦੇਸ਼ਿਕ ਕਰਿੱਤਕਰਿਤ ਨਿਤਯਪਿੰਡ ਅਤੇ ਅਨਵੇਸ਼ਨੀਯ ਦੋਸ਼ ਵਾਲਾ ਭੋਜਨ ਵੀ ਨਹੀਂ ਛੱਡਦਾ, ਸਗੋਂ ਅੱਗ ਦੀ ਤਰ੍ਹਾਂ ਸਭ ਕੁਝ ਹਜ਼ਮ ਕਰ ਜਾਂਦਾ ਹੈ, ਉਹ ਸਾਧੂ ਮਰ ਕੇ ਆਪਣੇ ਪਾਪ ਕਰਮਾਂ ਕਾਰਨ ਦੁਰਗਤੀ ਨੂੰ ਜਾਂਦਾ ਹੈ।47।

ਦੁਰਾਚਾਰ ਵਿਚ ਲੱਗਿਆ ਆਤਮਾ ਜਿਨ੍ਹਾਂ ਆਪਣਾ ਬੁਰਾ ਕਰਦਾ ਹੈ, ਉਨਾ ਤੋਂ ਬਿਨਾਂ ਕਾਰਨ ਗਲਾ ਕੱਟਣ ਵਾਲਾ ਦੁਸ਼ਮਣ ਵੀ ਨਹੀਂ ਕਰ ਸਕਦਾ। ਅਜਿਹਾ ਬੇਰਹਿਮ ਮਨੁੱਖ, ਮੌਤ ਦੇ ਮੂੰਹ ਵਿਚ ਜਾਂਦੇ ਹੀ, ਆਪਣੇ ਦੁਰਾਚਾਰ ਨੂੰ ਜਾਣੇਗਾ ਤੇ ਫਿਰ ਹੀ ਪਸ਼ਚਾਤਾਪ ਦੀ ਅੱਗ ਵਿਚ ਜਲੇਗਾ।48।

ਅਜਿਹੀ ਦਰਵ ਲਿੰਗੀ (ਭੇਸਧਾਰੀ) ਦੀ ਸੰਜਮ ਪ੍ਰਤੀ ਦਿਲਚਸਪੀ ਵੀ ਬੇਅਰਥ ਹੈ। ਜੋ ਉੱਤਮ ਮੁਕਤੀ ਦੇ ਰਾਹ ਤੋਂ ਉਲਟ ਵਿਚਾਰ ਰੱਖਦਾ

ਹੋਵੇ। ਅਜਿਹੀ ਆਤਮਾ ਲਈ ਦੋਹਾਂ ਲੋਕਾਂ (ਲੋਕ, ਪਰਲੋਕ) ਵਿਚ ਕੋਈ ਥਾਂ ਨਹੀਂ। ਉਹ ਦੋਵੇਂ ਜਹਾਨਾਂ (ਲੋਕ, ਪ੍ਰਲੋਕ) ਤੋਂ ਭਰਿੱਸ਼ਟ ਹੁੰਦਾ ਹੈ।49।

ਇਸ ਪ੍ਰਕਾਰ ਮਨਮਰਜ਼ੀ ਕਰਨ ਵਾਲਾ ਕੁਸ਼ੀਲ, ਸੰਜਮਹੀਨ, ਭਗਵਾਨ ਜਿਨੇਂਦਰ ਮਹਾਵੀਰ ਦੇ ਦੱਸੇ ਰਾਹ ਤੋਂ ਉਲਟ ਚੱਲ ਕੇ ਭੋਗਾਂ ਤੇ ਰਸਾਂ ਵਿਚ ਫਸ ਕੇ ਵਿਅਰਥ ਵਿਲਾਪ ਕਰਨ ਵਾਲੇ ਕੁਰੱਰੀ ਪੰਛੀ ਦੀ ਤਰ੍ਹਾਂ ਦੁੱਖ ਪਾਉਂਦਾ ਹੈ।50।

ਹੇ ਗਿਆਨੀ ! ਇਸ ਗਿਆਨ ਭਰੇ ਤੇ ਸਿੱਖਿਆ ਭਰਪੂਰ ਸੁੰਦਰ ਬਚਨ ਸੁਣ ਕੇ ਬੁੱਧੀਮਾਨ ਸਾਧੂ ਕੁਸ਼ੀਲ (ਭੈੜੇ) ਰਾਹ ਨੂੰ ਹਮੇਸ਼ਾ ਲਈ ਛੱਡ ਕੇ ਮਹਾਨਿਰਗਰੰਥ (ਜੈਨ ਧਰਮ) ਦੇ ਰਾਹ ਤੇ ਚੱਲੇ।51।

ਚਰਿੱਤਰ ਤੇ ਗਿਆਨ ਆਦਿ ਗੁਣਾਂ ਨਾਲ ਭਰਪੂਰ ਉੱਤਮ ਸੰਜਮ ਪਾਲਣ ਕਰਕੇ ਸਾਧੂ ਆਸਰਵ (ਪਾਪ) ਰਹਿਤ ਹੋ ਜਾਂਦਾ ਹੈ। ਫਿਰ ਕਰਮਾਂ ਦੇ ਚੱਕਰ ਤੋਂ ਛੁਟਕਾਰਾ ਪਾ ਕੇ ਵਿਸ਼ਾਲ ਤੇ ਸ਼ਾਸਵਤ (ਸੱਚੇ) ਮੁਕਤੀ ਦੇ ਰਾਹ ਨੂੰ ਪ੍ਰਾਪਤ ਕਰਦਾ ਹੈ।52।

ਕਰਮਾਂ ਨੂੰ ਸਖ਼ਤੀ ਨਾਲ ਖ਼ਤਮ ਕਰਨ ਵਾਲੇ ਮਹਾਮੁਨੀ ਦ੍ਰਿੜ ਪ੍ਰਤਿੱਗਿਆ ਵਾਲੇ ਅਤੇ ਮਹਾਨ ਯਸ਼ (ਕੀਰਤੀ ਵਾਲੇ) ਉਸ ਮਹਾਨਿਰਗਰੰਥਥ ਮਹਾਸ਼ਰੁਤ ਨਾਂਅ ਦੇ ਇਸ ਅਧਿਆਨ ਦਾ ਕਥਨ ਕੀਤਾ।53।

ਜਿਸ ਨੂੰ ਸੁਣ ਕੇ ਰਾਜਾ ਸ਼੍ਰੇਣਿਕ ਸੰਤੁਸ਼ਟ ਹੋਇਆ ਤੇ ਦੋਵੇਂ ਹੱਥ ਜੋੜ ਕੇ ਆਖਣ ਲੱਗਾ, "ਅੱਜ ਅਨਾਥਤਾ ਦਾ ਸੱਚਾ ਰੂਪ ਆਪ ਨੇ ਮੈਨੂੰ ਚੰਗੀ ਤਰ੍ਹਾਂ ਸਮਝਾਇਆ ਹੈ, ਵਿਖਾ ਦਿੱਤਾ ਹੈ।"।54।

ਰਾਜਾ ਸ਼੍ਰੇਣਿਕ - ਹੇ ਮਹਾਰਿਸ਼ੀ ਆਪ ਦਾ ਮਨੁੱਖੀ ਜੀਵਨ ਸਫਲ ਹੈ। ਆਪ ਨੇ ਇਸਦਾ ਲਾਭ ਉਠਾਇਆ ਹੈ। ਆਪ ਹੀ ਸੱਚੇ ਨਾਥ ਤੇ ਰਿਸ਼ਤੇਦਾਰਾਂ ਨਾਲ ਭਰਪੂਰ ਹੋ। ਕਿਉਂਕਿ ਆਪ ਜੈਨ ਧਰਮ ਦੇ ਸਰਵ-

ਉਚ ਮਾਰਗ ਤੇ ਖਲੋਤੇ ਹੋ।55।

ਹੇ ਮਹਾਭਾਗ (ਚੰਗੀ ਕਿਸਮਤ ਵਾਲੇ) ਆਪ ਅਨਾਥਾਂ ਦੇ ਨਾਥ ਹੋ। ਹੇ ਵਰਤਾਂ ਵਿਚ ਦ੍ਰਿੜ ! ਆਪ ਸਾਰੇ ਪ੍ਰਾਣੀਆਂ ਦੇ ਨਾਥ ਹੋ। ਮੈਂ ਆਪ ਤੋਂ ਖਿਮਾਂ ਚਾਹੁੰਦਾ ਹਾਂ ਅਤੇ ਆਪ ਤੋਂ ਸਿੱਖਿਆ ਪਾਉਣ ਦਾ ਇੱਛੁਕ ਹਾਂ।56।

ਮੇਰੇ ਆਪ ਤੋਂ ਪ੍ਰਸ਼ਨ ਪੁੱਛਣ ਕਾਰਨ ਧਿਆਨ ਵਿਚ ਵਿਘਨ ਪਿਆ, ਅਤੇ ਮੈਂ ਆਪ ਨੂੰ ਭੋਗਾਂ ਦਾ ਸੱਦਾ ਦਿੱਤਾ। ਇਨ੍ਹਾਂ ਅਪਰਾਧਾਂ ਲਈ ਮੈਨੂੰ ਖਿਮਾਂ ਕਰੋ।57।

ਇਸ ਤਰ੍ਹਾਂ ਰਾਜਿਆਂ ਵਿਚੋਂ ਸ਼ੇਰ ਦੇ ਸਮਾਨ ਸ਼੍ਰੇਣਿਕ, ਉਸ ਸ਼ੇਰ ਦਿਲ ਮੁਨੀ ਦੀ ਪ੍ਰਾਰਥਨਾ ਤੇ ਭਗਤੀ ਕਰਦਾ ਹੋਇਆ ਆਪਣੇ ਮਹਿਲਾਂ, ਰਿਸ਼ਤੇਦਾਰਾਂ ਤੇ ਭਰਾਵਾਂ ਨਾਲ ਸ਼ੁੱਧ ਮਨ ਨਾਲ ਧਰਮ ਦੇ ਰਾਹ ਵੱਲ ਆਇਆ।58।

ਰੋਮ ਰੋਮ ਵਿਚ ਖੁਸ਼ੀ ਨਾਲ ਭਰਪੂਰ ਰਾਜਾ ਸ਼੍ਰੈਣਿਕ ਪ੍ਰਦਖਣਾਂ ਕਰਕੇ ਸਿਰ ਝੁਕਾਉਣ ਲੱਗਾ ਤੇ ਫਿਰ ਆਪਣੀ ਥਾਂ ਤੇ ਚਲਾ ਗਿਆ।59।

ਅਨਾਥੀ ਮੁਨੀ ਗੁਣਾਂ ਨਾਲ ਭਰਪੂਰ ਤਿੰਨ ਗੁਪਤੀਆਂ ਦੇ ਧਾਰਕ ਤੇ ਤਿੰਨ ਦੰਡ ਤੋਂ ਰਹਿਤ ਤੇ ਮੋਹ ਰਹਿਤ ((ਤ ਸਨ। ਉਹ ਪੰਛੀ ਦੀ ਬੇ-ਰੋਕ-ਟੋਕ ਧਰਤੀ ਤੇ ਘੁੰਮਦੇ ਸਨ।60।

ਅਜਿਹਾ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 9

ਬ੍ਰਿਹਦਵਿਰਤੀ ਅਨੁਸਾਰ ਨਾਥ ਦਾ ਅਰਥ 'ਯੋਗ ਕਸ਼ੇਮ ਵਿਧਾਤਾ'

ਹੈ। ਨਾ ਪ੍ਰਾਪਤ ਦੀ ਪ੍ਰਾਪਤੀ 'ਯੋਗ' ਹੈ ਅਤੇ ਪ੍ਰਾਪਤੀ ਦੀ ਰਾਖੀ ਕਸ਼ੇਮ ਹੈ।

ਗਾਥਾ 18

ਪ੍ਰਭੂਤਧਨ ਸੰਚੇ ਦਾ ਅਰਥ ਆਚਾਰਿਆ ਸ਼੍ਰੀ ਆਤਮਾ ਰਾਮ ਜੀ ਮਹਾਰਾਜ ਅਤੇ ਸ਼੍ਰੀ ਰਤਨ ਲਾਲ ਡੋਸੀ ਨੇ ਉਪਰੋਕਤ ਰਾਜੇ ਦਾ ਨਾਂ ਕੀਤਾ ਹੈ। ਸਾਧਵੀ ਚੰਦਨਾ ਨੇ ਰਾਜੇ ਦਾ ਨਾਂ ਨਹੀਂ ਸਗੋਂ ਇਸ ਦਾ ਅਰਥ ਬਹੁਤ ਧਨ ਰੱਖਣ ਵਾਲਾ ਕੀਤਾ ਹੈ ਜੋ ਕਿ ਠੀਕ ਨਹੀਂ ਲੱਗਦਾ।

ਗਾਥਾ 22

ਸ਼ਾਂਤਾਆਚਾਰਿਆ ਨੇ ਸਥਕੁਸ਼ਲ ਨਾਂ ਦੇ ਦੋ ਸੰਸਕ੍ਰਿਤ ਰੂਪ ਦੱਸੇ ਹਨ:

(1) ਸ਼ਾਸਤਰ ਕੁਸਲ (ਆਯੁਰਵੈਦਿਕ ਗ੍ਰੰਥਾਂ ਦਾ ਵਿਦਵਾਨ) (2) ਸ਼ਸਤਰ ਕੁਸ਼ਲ (ਆਪਰੇਸ਼ਨ ਕਰਨ ਦਾ ਮਾਹਿਰ)

ਗਾਥਾ 23

ਚਤੁਸ਼ਪਾਦ ਚਕਿਤਸਾ ਦਾ ਵਰਨਣ ਸਥਾਨਾਂਗਸੂਤਰ ਵਿਚ ਆਉਂਦਾ ਹੈ :

चिउव्वहा तिगिच्छा पणता तजा–विज्जो, ओसहाइं, आउरे, परिचारते।

(1) ਚੰਗਾ ਵੈਦ (2) ਚੰਗੀ ਦਵਾਈ (3) ਰੋਗੀ ਦੀ ਸ਼ਰਧਾ (4) ਰੋਗੀ ਦੀ ਸੇਵਾ ਕਰਨ ਵਾਲਾ।

ਗਾਥਾ 36

ਵੈਤਰਨੀ ਨਦੀ ਨਰਕ ਦੀ ਨਦੀ ਹੈ, ਉਥੇ ਕੂਟਸ਼ਾਲਮਲੀ ਨਾਂ ਦਾ ਦਰਖ਼ਤ ਵੀ ਨਰਕ ਵਿਚ ਨਾਰਕੀਆਂ ਦੇ ਦੁੱਖਾਂ ਵਿਚ ਵਾਧਾ ਕਰਨ ਵਾਲਾ

ਹੁੰਦਾ ਹੈ। ਕਾਮਧੇਨੂ ਗਾਂ ਸਵਰਗ ਦੀ ਗਾਂ ਹੈ। ਵੈਦਿਕ ਵਿਸ਼ਵਾਸ ਅਨੁਸਾਰ ਇਸ ਵਿਚ 33 ਕਰੋੜ ਦੇਵਤਿਆਂ ਦਾ ਵਾਸ ਹੈ। ਨੰਦਨ ਵਣ ਸਵਰਗ ਦਾ ਬਾਗ ਹੈ।

ਗਾਥਾ 37 ਤੁਲਨਾ ਕਰੋ

ਧਮ-ਪਦ 12/4-5-9

ਗੀਤਾ 6/5-6

ਗਾਥਾ 47

ਉਦੇਸ਼ਕ - ਸਾਧੂ ਲਈ ਤਿਆਰ ਕੀਤੇ ਗਏ ਭੋਜਨ ਨੂੰ ਆਖਦੇ ਹਨ।

ਕ੍ਰਿਤਕਿਰਤ -ਸਾਧੂ ਨੂੰ ਖਰੀਦ ਕੇ ਦਿੱਤਾ ਗਿਆ ਭੋਜਨ ਹੈ।

ਨਿੱਤਯ ਪਿੰਡ - ਰੋਜ਼ਾਨਾ ਇਕ ਥਾਂ ਤੋਂ ਹੀ ਗ੍ਰਹਿਣ ਕੀਤਾ ਜਾਣ ਵਾਲਾ ਭੋਜਨ।

ਅਨਵੇਸ਼ਨੀਆ - ਨਾ ਗ੍ਰਹਿਣ ਕਰਨ ਯੋਗ ਭੋਜਨ ਨੂੰ ਅਨਵੇਸ਼ਨੀਆ ਆਖਦੇ ਹਨ।

ਗਾਥਾ 48 ਤੁਲਨਾ ਕਰੋ

ਧਮ-ਪਦ 3/10

# 21.

# ਸਮੁੰਦਰਪਾਲੀਆ ਅਧਿਐਨ

ਭਗਵਾਨ ਮਹਾਵੀਰ ਦਾ ਉਪਾਸਕ ਚੰਪਾ ਨਿਵਾਸੀ ਪਾਲਿਤ ਵਿਦੇਸ਼ਾਂ ਨਾਲ ਵਿਉਪਾਰ ਕਰਦਾ ਸੀ। ਉਸ ਦੇ ਵਿਦੇਸ਼ਾਂ ਵਿਚ ਵਾਪਰਕ ਜਹਾਜ਼ ਚਲਦੇ ਸਨ। ਇਕ ਵਾਰ ਵਿਉਪਾਰ ਕਰਦੇ ਸਮੇਂ ਉਹ ਪਿਹੁੜ ਨਗਰ ਪਹੁੰਚਿਆ। ਉਥੋਂ ਦੇ ਸੇਠ ਦੀ ਪੁੱਤਰੀ ਨਾਲ ਉਸ ਨੇ ਵਿਆਹ ਕਰ ਲਿਆ। ਕੁਝ ਸਮੇਂ ਬਾਅਦ ਉਸ ਦੀ ਪਤਨੀ ਨੇ ਇਕ ਪੁੱਤਰ ਨੂੰ ਜਨਮ ਦਿੱਤਾ। ਸਮੁੰਦਰੀ ਜਹਾਜ਼ ਵਿਚ ਜਨਮ ਲੈਣ ਕਰਕੇ ਉਸ ਦੇ ਪੁੱਤਰ ਦਾ ਨਾਉਂ ਸਮੁੰਦਰਪਾਲ ਰੱਖਿਆ ਗਿਆ। ਸਮੁੰਦਰਪਾਲ ਵੱਡਾ ਹੋਣ ਲੱਗਾ।

ਇਕ ਵਾਰ ਰਾਜੇ ਦੇ ਸਿਪਾਹੀ ਕਿਸੇ ਖ਼ਤਰਨਾਕ ਦੋਸ਼ੀ ਨੂੰ ਫਾਂਸੀ ਚੜ੍ਹਾਉਣ ਲਈ ਲਾਲ ਕੱਪੜੇ ਪੁਆ ਕੇ ਗਧੇ ਤੇ ਬਿਠਾ ਕੇ, ਕਨੇਰ ਦੇ ਫੁੱਲਾਂ ਦਾ ਹਾਰ ਪੁਆ ਕੇ ਕਤਲਗਾਹ ਵਿਚ ਲਿਜਾ ਰਹੇ ਸਨ। ਇਸ ਅਪਰਾਧੀ ਨੂੰ ਵੇਖ ਕੇ ਸਮੁੰਦਰਪਾਲ ਨੂੰ ਵੈਰਾਗ ਹੋ ਗਿਆ ਅਤੇ ਉਹ ਸਾਧੂ ਬਣ ਗਿਆ।

# ਇੱਕੀਵਾਂ ਅਧਿਐਨ

ਚੰਪਾ ਨਾਮਕ ਨਗਰੀ ਵਿਚ ਪਾਲਿਤ ਨਾਮ ਦਾ ਇਕ ਬਾਣੀਆ ਸ਼ਰਾਵਕ (ਉਪਾਸਕ) ਰਹਿੰਦਾ ਸੀ। ਉਹ ਮਹਾਤਮਾ, ਭਗਵਾਨ ਮਹਾਵੀਰ ਦਾ ਚੇਲਾ ਸੀ।1।

ਉਹ ਸ਼ਰਾਵਕ "ਨਿਰਗਰੰਥ ਪ੍ਰਵਚਨ" (ਭਗਵਾਨ ਮਹਾਵੀਰ ਦੇ ਉਪਦੇਸ਼) ਦਾ ਜਾਣਕਾਰ ਸੀ। ਉਹ ਜਹਾਜ਼ ਰਾਹੀਂ ਵਿਉਪਾਰ ਕਰਦਾ ਹੋਇਆ ਪਿਹੁੜ ਨਗਰ ਆਇਆ।2।

ਪਿਹੁੜ ਨਗਰ ਵਿਚ ਕਿਸੇ ਬਾਣੀਏ ਨੇ ਆਪਣੀ ਧੀ ਦਾ ਵਿਆਹ ਉਸ ਨਾਲ ਕਰ ਦਿੱਤਾ। ਕੁਝ ਸਮਾਂ ਬੀਤਣ ਤੇ ਉਹ ਆਪਣੀ ਗਰਭਵਤੀ ਇਸਤਰੀ ਨੂੰ ਲੈ ਕੇ ਆਪਣੇ ਦੇਸ਼ ਨੂੰ ਰਵਾਨਾ ਹੋ ਗਿਆ।3।

ਪਾਲੀਤ ਦੀ ਇਸਤਰੀ ਨੇ ਸਮੁੰਦਰ ਵਿਚ ਹੀ ਸਫ਼ਰ ਕਰਦੇ ਹੋਏ ਇਕ ਪੁੱਤਰ ਨੂੰ ਜਨਮ ਦਿੱਤਾ ਕਿਉਂਕਿ ਉਹ ਸਮੁੰਦਰ ਵਿਚ ਪੈਦਾ ਹੋਇਆ ਸੀ ਇਸ ਲਈ ਉਸ ਦਾ ਨਾਂ ਸਮੁੰਦਰਪਾਲ ਰੱਖ ਦਿੱਤਾ ਗਿਆ।4।

ਉਹ ਬਾਣੀਆ ਸ਼ਰਾਵਕ ਕੁਸ਼ਲਤਾ (ਰਾਜੀ ਖੁਸ਼ੀ) ਨਾਲ ਆਪਣੇ ਘਰ ਪਹੁੰਚਿਆ ਅਤੇ ਪੁੱਤਰ ਸੁੱਖ ਸ਼ਾਂਤੀ ਨਾਲ ਆਪਣੇ ਘਰ ਵਧਣ ਫੁੱਲਣ ਲੱਗਾ।5।

ਉਸ ਨੇ (ਸਮੁੰਦਰ ਪਾਲ) ਪੁਰਸ਼ਾਂ ਦੀਆਂ 72 ਕਲਾ ਸਿੱਖੀਆਂ ਅਤੇ ਨੀਤੀਵਾਨ ਬਣਿਆ ਉਹ ਜਵਾਨੀ ਵਿਚ ਸੁੰਦਰ ਤੇ ਪਿਆਰਾ ਲੱਗਣ ਲੱਗਾ।6।

ਉਸ ਦਾ ਪਿਤਾ ਉਸ ਲਈ ਰੂਪਨੀ ਨਾਮਕ ਸੁੰਦਰ ਪਤਨੀ ਲੈ ਆਇਆ। ਉਹ ਦੋਗੁੰਦਕ ਦੇਵ ਦੀ ਤਰ੍ਹਾਂ ਉਸ ਨਾਲ ਉੱਚੇ ਉੱਚੇ ਮਹਿਲਾਂ ਵਿਚ ਭੋਗ ਵਿਲਾਸ ਕਰਨ ਲੱਗਾ।7।

ਉਹ ਇਕ ਵਾਰ ਮਹਿਲ ਦੇ ਝਰੋਖੇ ਵਿਚ ਬੈਠਾ ਸੀ। ਉਸ ਨੇ ਕਤਲ ਵਾਲੇ ਚਿਨ੍ਹਾਂ ਨਾਲ ਸਜਾਏ ਹੋਏ ਚੋਰ ਨੂੰ ਕਤਲ ਵਾਲੀ ਥਾਂ ਲਿਜਾਂਦੇ ਵੇਖਿਆ। 8।

ਉਸ ਚੋਰ ਨੂੰ ਵੇਖ ਕੇ ਵੈਰਾਗ ਵਿਚ ਭਿੱਜਿਆ ਹੋਇਆ ਸਮੁੰਦਰਪਾਲ ਇਸ ਪ੍ਰਕਾਰ ਆਖਣ ਲੱਗਾ, "ਦੁੱਖ ਹੈ। ਇਹ ਅਸ਼ੁੱਭ ਕਰਮਾਂ ਦਾ ਆਖ਼ਿਰੀ ਫਲ ਪਾਪ ਅਰਥਾਤ ਦੁੱਖ ਰੂਪ ਹੀ ਹੈ"।9।

ਉਸ ਭਗਵਾਨ ਸਮੁੰਦਰਪਾਲ ਨੇ ਧਰਮ ਵੈਰਾਗ ਨੂੰ ਹਾਸਲ ਕੀਤਾ ਅਤੇ ਗਿਆਨਵਾਨ ਬਣ ਗਿਆ ਅਤੇ ਮਾਤਾ ਪਿਤਾ ਨੂੰ ਪੁੱਛ ਕੇ ਸਾਧੂ ਬਣ ਗਿਆ। 10।

ਭਗਵਾਨ ਮਹਾਵੀਰ ਆਖਦੇ ਹਨ, 'ਸਾਧੂ' ਮਹਾਨ ਕਲੇਸ਼ ਅਤੇ ਮਹਾਨ ਮੋਹ ਅਤੇ ਮਹਾਨ ਭੈਅ ਨੂੰ ਉਤਪੰਨ ਕਰਨ ਵਾਲੇ ਭਿਆਨਕ ਸੰਗ ਨੂੰ ਛੱਡ ਕੇ ਵਰਤ, ਸ਼ੀਲ (ਚਰਿੱਤਰ) ਅਤੇ ਪਰਿਸ਼ੈ (ਸਾਧੂ ਜੀਵਨ ਦੇ ਕਸ਼ਟਾਂ) ਵਿਚ ਆਪਣੀ ਰੁਚੀ ਲੈਣ ਲੱਗਾ। 11।

ਅਹਿੰਸਾ, ਸੱਚ, ਚੋਰੀ ਨਾ ਕਰਨਾ ਬ੍ਰਹਮਚਰਜ ਅਤੇ ਅਪਰਿਗ੍ਰਹਿ ਇਨ੍ਹਾਂ ਪੰਜ ਮਹਾਵਰਤਾਂ ਨੂੰ ਸਵੀਕਾਰ ਕਰਕੇ ਵਿਦਵਾਨ ਮੁਨੀ ਜਿਨੇਂਦਰ ਭਗਵਾਨ ਰਾਹੀਂ ਦੱਸੇ ਉਪਦੇਸ਼ ਤੇ ਚੱਲ। 12।

ਸਾਰੇ ਜੀਵਾਂ ਤੇ ਰਹਿਮ ਰਾਹੀਂ ਉਨ੍ਹਾਂ ਦੀ ਰੱਖਿਆ ਕਰਨ ਵਾਲਾ ਖਿਮਾ ਭਾਵ ਨਾਲ ਕੁਬਚਨਾਂ ਨੂੰ ਸਹਿਣ ਕਰਨ ਵਾਲਾ, ਸੰਜਮੀ, ਬ੍ਰਹਮਚਾਰੀ ਸਮਾਧੀ ਧਾਰਨ ਕਰਨ ਵਾਲਾ, ਇੰਦਰੀਆਂ ਨੂੰ ਵਸ ਵਿਚ ਰੱਖਣ ਵਾਲਾ ਸਾਧੂ ਸਭ ਪ੍ਰਕਾਰ ਦੇ ਪਾਪ ਰੂਪੀ ਵਿਉਪਾਰ ਨੂੰ ਛੱਡ ਕੇ ਸ਼ੁੱਧ ਧਰਮ ਨੂੰ ਗ੍ਰਹਿਣ ਕਰੇ। 13।

ਸਾਧੂ ਆਪਣੀ ਸ਼ਕਤੀ ਨੂੰ ਵੇਖ ਕੇ ਹੀ ਦੇਸ਼ਾਂ ਵਿਚ ਸਫਰ ਕਰੇ ਉਹ

ਸ਼ੇਰ ਦੀ ਤਰ੍ਹਾਂ ਬੋਲੇ ਗਏ ਭਿਆਨਕ ਸ਼ਬਦਾਂ ਤੋਂ ਵੀ ਨਾ ਡਰੇ। ਉਹ ਭੈੜੇ ਬਚਨਾਂ ਨੂੰ ਸੁਣ ਕੇ ਸਭਿਅਤਾ ਤੋਂ ਰਹਿਤ ਭਾਸ਼ਾ ਨਾ ਬੋਲੇ।14।

ਸੰਜਮੀ ਸਾਧੂ ਬੁਰੇ ਬਚਨਾਂ ਦੀ ਪ੍ਰਵਾਹ ਨਾ ਕਰਦਾ ਹੋਇਆ ਘੁੰਮੇ ਫਿਰੇ। ਪਿਆਰ ਤੇ ਨਫ਼ਰਤ ਸਭ ਨੂੰ ਸਹਿਣ ਕਰੇ। ਜੋ ਕੁਝ ਵੀ ਵੇਖੇ ਉਸੇ ਦੀ ਹੀ ਇੱਛਾ ਨਾ ਕਰੇ। ਪੂਜਾ ਤੇ ਨਿੰਦਾ ਦੀ ਵੀ ਇੱਛਾ ਨਾ ਕਰੇ।15।

ਸੰਸਾਰ ਵਿਚ ਮਨੁੱਖਾਂ ਦੇ ਬਹੁਤ ਸਾਰੇ ਵਿਚਾਰ ਹੁੰਦੇ ਹਨ। ਸਾਧੂ ਉਨ੍ਹਾਂ ਸਾਰੇ ਵਿਚਾਰਾਂ ਨੂੰ ਸੁਣ ਕੇ ਉਨ੍ਹਾਂ ਦੇ ਸੱਚੇ ਢੰਗ ਨਾਲ ਵਿਚਾਰ ਕਰੇ । ਸਾਧੂਪੁਣੇ ਵਿਚ ਦੇਵਤੇ ਮਨੁੱਖਾਂ ਤੇ ਪਸ਼ੂਆਂ ਰਾਹੀਂ ਦਿੱਤੇ ਜਾਣ ਵਾਲੇ ਕਸ਼ਟਾਂ ਨੂੰ ਸਮਤਾ ਪੂਰਵਕ ਸਹਿਣ ਕਰੇ।16।

ਜਿੱਥੇ ਅਨੇਕਾਂ ਅਸਹਿ ਪਰਿਸ਼ੈ (ਕਸ਼ਟ) ਪ੍ਰਾਪਤ ਹੁੰਦੇ ਹਨ ਉਥੇ ਬਹੁਤ ਸਾਰੇ ਕਾਇਰ (ਬੁਜ਼ਦਿਲ) ਲੋਕ ਲੜਖੜਾ ਜਾਂਦੇ ਹਨ ਪਰ ਸਾਧੂ ਇਨ੍ਹਾਂ ਕਸ਼ਟਾਂ ਦੇ ਆਉਣ ਤੇ ਦੁਖੀ ਨਾ ਹੋਵੇ। ਜਿਸ ਪ੍ਰਕਾਰ ਲੜਾਈ ਵਿਚ ਨਾਗਰਾਜ ਹਾਥੀ ਨਹੀਂ ਘਬਰਾਂਦਾ।17।

ਸਰਦੀ, ਗਰਮੀ, ਡੰਗ, ਮੱਛਰ, ਕੰਡੇ ਵਾਲੇ ਘਾਹ ਆਦਿ ਜਦ ਦੇਹ ਨੂੰ ਸਪਰਸ਼ ਕਰਨ ਤਾਂ ਮੁਨੀ ਸ਼ਾਂਤ ਭਾਵ ਨਾਲ ਇਨ੍ਹਾਂ ਨੂੰ ਸਹਿਣ ਕਰੇ ਅਤੇ ਪੁਰਾਣੇ ਕੀਤੇ ਕਰਮਾਂ ਦਾ ਖ਼ਾਤਮਾ ਕਰੇ।18।

ਸਮਝਦਾਰ ਸਾਧੂ ਰਾਗ ਦਵੇਸ਼ ਅਤੇ ਮੋਹ ਦਾ ਲਗਾਤਾਰ ਤਿਆਗ ਕਰਕੇ ਉਸ ਪ੍ਰਕਾਰ ਅਡੋਲ ਹੋ ਜਾਵੇ ਜਿਸ ਪ੍ਰਕਾਰ ਸਮੇਰੂ ਪਰਬਤ ਤੂਫ਼ਾਨ ਆਉਣ ਤੇ ਵੀ ਨਹੀਂ ਹਿੱਲਦਾ। ਮੁਨੀ ਵੀ ਆਤਮ ਗੁਪਤੀ (ਮਨ, ਬਚਨ, ਸਰੀਰ ਤੇ ਕਾਬੂ ਕਰਨਾ) ਰਾਹੀਂ ਕਸ਼ਟਾਂ ਨੂੰ ਸਹਿਣ ਕਰੇ।19।

ਪੂਜਾ ਵਿਚ ਖੁਸ਼ ਤੇ ਨਿੰਦਾ ਕਾਰਨ ਉਦਾਸ ਨਾ ਹੋਣ ਵਾਲਾ ਸਾਧੂ ਪੂਜਾ ਤੇ ਨਿੰਦਾ ਤੋਂ ਦੂਰ ਰਹਿਣ ਵਾਲਾ, ਉਹ ਸੰਜਮੀ ਜੀਵਨ ਵਿਚ ਸ਼ਾਂਤੀ

ਤੇ ਸਰਲ ਮਾਰਗ ਨੂੰ ਪ੍ਰਾਪਤ ਕਰਦਾ ਹੈ ਅਤੇ ਆਖ਼ਿਰ ਨੂੰ ਮੁਕਤ ਹੋ ਕੇ ਨਿਰਵਾਨ ਪਦ ਹਾਸਲ ਕਰਦਾ ਹੈ।20।

ਸਮੁੰਦਰਪਾਲ ਮੁਨੀ ਨੇ ਅਰਤੀ (ਚਿੰਤਾ ਅਤੇ ਰਤੀ ਨੂੰ ਸਹਿਣ ਕੀਤਾ)। ਗ੍ਰਿਹਿਸਥ ਸਤੁਤੀ ਛੱਡ ਦਿੱਤੀ। ਉਹ ਰਾਗ ਆਦਿ ਤੋਂ ਤਿਆਗੀ ਹੋ ਗਏ। ਆਤਮਾ ਦੇ ਹਿੱਤਕਾਰੀ ਪ੍ਰਧਾਨ ਪਦ ਅਤੇ ਪਰਮਾਰਥ ਪਦ ਵਿਚ ਸਥਿਤ ਹੋ ਗਏ। ਉਹਨਾਂ ਨੇ ਸੋਗ ਨੂੰ ਅਤੇ ਕਰਮ ਆਉਣ ਦੇ ਰਾਹ ਨੂੰ ਤੋੜ ਦਿੱਤਾ। ਮੋਹ ਮਮਤਾ ਛੱਡ ਦਿੱਤੀ। ਤਿਆਗ ਮਾਰਗ ਗ੍ਰਹਿਣ ਕੀਤਾ ।21।

ਸਮੁੰਦਰਪਾਲ ਰਿਸ਼ੀ ਨੇ 6 ਕਾਈਆਂ ਦਾ ਰੱਖਿਅਕ ਸਾਧੂ ਮਹਾਨ ਰਿਸ਼ੀਆਂ ਰਾਹੀਂ ਸਵੀਕਾਰ ਕੀਤੇ ਤਾਜ਼ੇ ਲਿਪੇ ਹੋਏ ਮਕਾਨ ਅਤੇ ਬੀਜਾਂ ਆਦਿ ਤੋਂ ਰਹਿਤ ਇਕੱਲੇ ਰਹਿਣ ਦੇ ਨਿਯਮਾਂ ਦੀ ਪਾਲਣਾ ਕਰੇ ਤੇ ਪਰਿਸ਼ੈ ਸਹਿਣ ਕਰੇ।22।

ਸੱਚੇ ਧਰਮ ਦਾ ਪਾਲਨ ਕਰਕੇ, ਗਿਆਨ ਪ੍ਰਾਪਤ ਕਰਨ ਵਾਲਾ ਮਹਾਰਿਸ਼ੀ ਸੱਚੇ ਧਰਮ ਦਾ ਆਚਰਣ ਕਰਕੇ, ਪ੍ਰਧਾਨ ਗਿਆਨਧਾਰੀ ਤੇ ਯਸ਼ਵਾਨ ਹੋ ਕੇ ਧਰਮ ਸੰਘ ਦੇ ਆਕਾਸ਼ ਵਿਚ ਸੂਰਜ ਦੀ ਤਰ੍ਹਾਂ ਚਮਕਣ ਲੱਗੇ।23।

ਸਮੁੰਦਰ ਪਾਲ ਸੰਜਮ ਵਿਚ ਨਿਸ਼ਚਲ ਅਤੇ ਮੁਕਤ ਹੋ ਕੇ ਪੁੰਨ ਤੇ ਪਾਪ ਦੋਹਾਂ ਪ੍ਰਕਾਰ ਦੇ ਕਰਮਾਂ ਨੂੰ ਖ਼ਤਮ ਕਰਕੇ ਅਤੇ ਵਿਸ਼ਾਲ ਸੰਸਾਰ ਪ੍ਰਵਾਹ ਨੂੰ ਸਮੁੰਦਰ ਦੀ ਤਰ੍ਹਾਂ ਤੈਰ ਕੇ ਮੋਕਸ਼ ਵਿਚ ਚਲੇ ਗਏ।24।

ਇਸ ਪ੍ਰਕਾਰ ਮੈਂ ਆਖਦਾ ਹਾਂ।

# ਟਿੱਪਣੀਆਂ

ਗਾਥਾ 2 ਇਨ੍ਹਾਂ ਗਾਥਾਵਾਂ ਤੋਂ ਸਿੱਧ ਹੁੰਦਾ ਹੈ ਕਿ ਭਗਵਾਨ ਮਹਾਵੀਰ ਦੀ ਉਪਾਸਕ ਸਮੁੰਦਰਪਾਲ ਬਹੁਤ ਭਾਰੀ ਮਾਤਰਾ ਵਿਚ ਵਿਉਪਾਰ ਕਰਦੇ ਸਨ ਅਤੇ ਵਿਦੇਸ਼ੀ ਕੁੜੀਆਂ ਨਾਲ ਸ਼ਾਦੀ ਕਰਦੇ ਸਨ। ਪਾਲਿਤ ਦਾ ਨਿਰਗਰੰਥ ਪ੍ਰਵਚਨ ਦੇ ਜਾਣਕਾਰ ਤੋਂ ਭਾਵ ਜੈਨ ਧਰਮ ਦਾ ਖਾਸ ਵਿਦਵਾਨ ਹੈ।

ਗਾਥਾ 16

ਆਮ ਲੋਕਾਂ ਵਿਚ ਪੈਦਾ ਹੋਣ ਵਾਲੇ ਧਰਮ ਪ੍ਰਤਿ ਗਲਤ ਖਿਆਲ ਭਿਕਸ਼ੂ ਦੇ ਮਨ ਵਿਚ ਵੀ ਪੈਦਾ ਹੋ ਸਕਦੇ ਹਨ। ਸਾਧੂ ਉਨ੍ਹਾਂ ਤੇ ਕਾਬੂ ਕਰੇ। (ਸਰਵਾਰਥ ਸਿਧੀ ਵਿਰਤੀ)

ਗਾਥਾ 24 ਤੁਲਨਾ ਕਰੋ

ਮੰਡਕੋਪਨਿਸ਼ਧ 3/13

# 22.

# ਰਥਨੇਮਿਆ ਅਧਿਐਨ

ਇਹ ਅਧਿਐਨ 22ਵੇਂ ਤੀਰਥੰਕਰ ਭਗਵਾਨ ਅਰਿਸ਼ਟਨੇਮੀ (ਨੇਮੀਨਾਥ) ਦੇ ਜੀਵਨ ਨਾਲ ਸਬੰਧਤ ਹੈ। ਇਸ ਵਿਚ ਭਗਵਾਨ ਨੇਮੀਨਾਥ ਦੇ ਦੀਖਿਅਤ ਹੋਣ ਦੀ ਘਟਨਾ ਦੇ ਨਾਲ ਨਾਲ ਉਨ੍ਹਾਂ ਦੇ ਸਕੇ ਭਰਾ ਰਥਨੇਮੀ ਦੇ ਸਾਧੂਪੁਣੇ ਤੋਂ ਭਟਕ ਜਾਣ ਦਾ ਵਰਨਣ ਹੈ। ਭਗਵਾਨ ਨੇਮੀਨਾਥ ਬਾਰੇ ਪੁਰਾਤਨ ਜੈਨ ਤੇ ਵੈਦਿਕ ਸਾਹਿਤ ਵਿਚ ਵਿਰਤਾਂਤ ਮਿਲਦਾ ਹੈ। ਜੈਨ ਆਗਮ ਸ੍ਰੀ ਦਸਵੇਂਕਾਲਿਕ ਸੂਤਰ ਦੇ ਅੰਤਗੜਦਸ਼ਾਂਗ ਸੂਤਰ ਵਿਚ ਭਗਵਾਨ ਨੇਮੀਨਾਥ ਦੇ ਜੀਵਨ ਬਾਰੇ ਕਾਫੀ ਸਾਮੱਗਰੀ ਹੈ। ਯਜੁਰਵੇਦ ਪ੍ਰਭਾਸਪੁਰਾਣ ਆਦਿਕ ਗਰੰਥਾਂ ਵਿਚ ਵੀ ਇਨ੍ਹਾਂ ਬਾਰੇ ਮੁੱਢਲੀ ਜਾਣਕਰੀ ਮਿਲਦੀ ਹੈ। ਇਸ ਘਟਨਾ ਨੂੰ ਲੈ ਕੇ ਪ੍ਰਕ੍ਰਿਤ, ਸੰਸਕ੍ਰਿਤ, ਅੱਪਭਰੰਸ਼, ਰਾਜਸਥਾਨੀ ਤੇ ਗੁਜ਼ਰਾਤੀ ਭਾਸ਼ਾ ਵਿਚ ਅਨੇਕਾਂ ਰਚਨਾਵਾਂ ਮਿਲਦੀਆਂ ਹਨ।

ਭਗਵਾਨ ਨੇਮੀਨਾਥ ਯਾਦਵਵੰਸ਼ੀ ਸ੍ਰੀ ਕ੍ਰਿਸ਼ਨ ਦੇ ਚਚੇਰੇ ਭਰਾ ਸਨ। ਇਹ ਘਟਨਾ ਭਗਵਾਨ ਅਰਿਸ਼ਟਨੇਮੀ ਦੇ ਸਾਧੂ ਬਨਣ ਤੋਂ ਬਾਅਦ ਦੀ ਹੈ। ਭਗਵਾਨ ਅਰਿਸ਼ਟਨੇਮੀ (ਨੇਮੀਨਾਥ) ਸਾਧੂ ਬਣ ਕੇ ਗਿਰਨਾਰ (ਜੂਨਾਗੜ) ਗੁਜਰਾਤ ਵਿਖੇ ਤਪ ਕਰਨ ਲੱਗੇ। ਉਹਨਾਂ ਦੀ ਮੰਗੇਤਰ ਰਾਜਕੁਮਾਰੀ ਰਾਜਮਤੀ ਨੇ ਸਾਧਵੀ ਜੀਵਨ ਅੰਗੀਕਾਰ ਕਰ ਲਿਆ। ਭਗਵਾਨ ਅਰਿਸ਼ਟਨੇਮੀ ਨੂੰ ਗਿਰਨਾਰ ਵਿਖੇ ਹੀ ਕੇਵਲ ਗਿਆਨ ਪ੍ਰਾਪਤ ਹੋਇਆ। ਇਕ ਵਾਰ ਸਾਧਵੀ ਰਾਜਮਤੀ ਕਈ ਹੋਰ ਸਾਧਵੀਆਂ ਨਾਲ ਭਗਵਾਨ ਅਰਿਸ਼ਟਨੇਮੀ ਦੇ ਦਰਸ਼ਨ ਕਰਨ ਲਈ ਗਿਰਨਾਰ ਪਰਬਤ ਤੇ ਜਾ ਰਹੀ

ਸੀ ਕਿ ਅਚਾਨਕ ਹੀ ਹਨ੍ਹੇਰੀ, ਮੀਂਹ ਦਾ ਮੌਸਮ ਹੋ ਗਿਆ। ਸਾਰੇ ਪਹਾੜ ਤੇ ਹਨ੍ਹੇਰਾ ਛਾ ਗਿਆ। ਬਾਕੀ ਸਾਧਵੀਆਂ ਰਾਹ ਭਟਕ ਗਈਆਂ। ਇਕੱਲੀ ਰਾਜਮਤੀ ਨੇ ਗਿਰਨਾਰ ਪਰਬਤ ਦੀ ਇਕ ਗੁਫਾ ਵਿਚ ਸ਼ਰਨ ਲਈ। ਉਸ ਨੇ ਆਪਣੇ ਭਿੱਜੇ ਕੱਪੜੇ ਸੁਕਾਉਣ ਲਈ ਗੁਫਾ ਵਿਚ ਸੁੱਕਣੇ ਪਾ ਦਿੱਤੇ। ਜਿਸ ਗੁਫਾ ਵਿਚ ਉਸ ਨੇ ਸ਼ਰਨ ਲਈ ਸੀ ਉਥੇ ਹੀ ਰਥਨੇਮੀ ਨਾਂਅ ਦਾ ਮੁਨੀ ਤਪ ਕਰ ਰਿਹਾ ਸੀ। ਰਾਜਮਤੀ ਸਾਧਵੀ ਦੀ ਸੁੰਦਰਤਾ ਨੂੰ ਵੇਖ ਕੇ ਰਥਨੇਮੀ ਦੀ ਕਾਮਵਾਸਨਾ ਜਾਗ ਪਈ। ਸਾਧਵੀ ਰਾਜਮਤੀ ਨੇ ਆਪਣੇ ਉਪਦੇਸ਼ ਦੇ ਨਾਲ ਭਟਕੇ ਮੁਨੀ ਰਥਨੇਮੀ ਨੂੰ ਸਿੱਧੇ ਰਾਹ ਪਾਇਆ। ਇਸ ਘਟਨਾ ਦਾ ਵਰਨਣ ਇਸ ਅਧਿਐਨ ਵਿਚ ਕੀਤਾ ਗਿਆ ਹੈ।

# ਬਾਈਵਾਂ ਅਧਿਐਨ

ਸ਼ੋਰੀਆਪੁਰ ਨਗਰ ਵਿਚ ਰਾਜ ਲੱਛਣਾਂ ਵਾਲਾ ਵਾਸੂਦੇਵ ਨਾਮਕ ਮਹਾਨ ਸੰਪਤੀ ਤੇ ਰਿੱਧੀ ਵਾਲਾ ਰਾਜਾ ਰਾਜ ਕਰਦਾ ਸੀ।1।

ਉਸ ਦੇ ਰੋਹਣੀ ਤੇ ਦੇਵਕੀ ਨਾਮਕ ਦੋ ਇਸਤਰੀਆਂ ਸਨ। ਉਨ੍ਹਾਂ ਦੋਹਾਂ ਦੇ ਦੋ ਪਿਆਰੇ ਪੁੱਤਰ ਸਨ। ਜਿਨ੍ਹਾਂ ਦੇ ਨਾਮ ਰਾਮ ਤੇ ਕੇਸ਼ਵ ਸਨ।2।

ਉਸੇ ਸ਼ੋਰੀਆਪੁਰ ਨਗਰ ਵਿਚ ਸਮੁੰਦਰ ਵਿਜੈ ਨਾਮਕ ਰਾਜਾ ਰਾਜ ਲੱਛਣਾ ਤੇ ਮਹਾਨ ਰਿੱਧੀ ਦਾ ਮਾਲਕ ਸੀ।3।

ਉਸ ਦੇ ਸ਼ਿਵਾ ਦੇਵੀ ਨਾਮਕ ਮਹਾਰਾਣੀ ਸੀ। ਉਸ ਤੋਂ ਭਗਵਾਨ ਅਰਿਸ਼ਟਨੇਮੀ (ਨੇਮੀਨਾਥ) ਨਾਮਕ ਪੁੱਤਰ ਦਾ ਜਨਮ ਹੋਇਆ। ਜੋ ਸੰਸਾਰ ਦੇ ਤਾਰਨ ਵਾਲਾ ਤੇ ਇੰਦਰੀਆਂ ਦਾ ਜੇਤੂ ਸੀ।4।

ਉਹ ਅਰਿਸ਼ਟ ਨੇਮੀ ਸ਼ੁਭ ਲਕਸ਼ਣਾਂ (ਜੋਤਿਸ਼ ਪੱਖੋਂ) ਵਾਲਾ, ਇਕ ਹਜ਼ਾਰ ਅੱਠ ਲੱਛਣਾਂ ਦਾ ਧਾਰਕ, ਗੌਤਮ ਗੋਤਰ ਅਤੇ ਸ਼ਿਆਮ (ਕਾਲੇ ਰੰਗ) ਸ਼ਰੀਰ ਵਾਲਾ ਸੀ।5।

ਉਹ ਬਜਰ ਰਿਸ਼ਵ ਨਾਰਾਚ ਸਹਿਨਣ ਵਾਲਾ ਅਤੇ ਸਮ ਚਤੁਰਸ ਸੰਸਥਾਨ ਵਾਲਾ ਸੀ। ਉਸ ਦਾ ਪੇਟ ਮੱਛੀ ਦੇ ਪੇਟ ਵਰਗਾ ਸੀ। ਕੇਸ਼ਵ (ਸ੍ਰੀ ਕ੍ਰਿਸ਼ਨ) ਨੇ ਉਸ ਲਈ ਰਾਜਮਤੀ ਨਾਮਕ ਕੰਨਿਆ ਦੀ ਮੰਗ ਕੀਤੀ।6।

ਉਹ ਰਾਜਪੁੱਤਰੀ ਸੁਸ਼ੀਲ, ਮਨੋਹਰ, ਇਸਤਰੀਆਂ ਯੋਗ ਲੱਛਣ ਤੋਂ ਭਰਪੂਰ ਚਮਕਦੀ ਬਿਜਲੀ ਸਮਾਨ ਰੰਗ ਰੂਪ ਵਾਲੀ ਸੀ।7।

ਉਸ ਦੇ ਪਿਤਾ ਉਗਰਸੇਨ ਨੂੰ ਮਹਾਨ ਰਿਧੀਵਾਨ ਵਾਸਦੇਵ ਨੇ ਆਖਿਆ "ਕੁਮਾਰ (ਨੇਮੀਨਾਥ) ਜੇ ਇਥੇ ਆਵੇ ਤਾਂ ਮੈਂ ਆਪਣੀ ਲੜਕੀ

ਉਸ ਦੇ ਦੇਵਾਂਗਾ ?''।8।

ਅਰਿਸ਼ਟ ਨੇਮੀ ਨੂੰ ਸਭ ਦਵਾਈਆ ਵਾਲੇ ਪਾਣੀ ਨਾਲ ਇਸ਼ਨਾਨ ਕਰਾਇਆ ਗਿਆ ਕੌਤਕ (ਹੈਰਾਣੀ ਵਿਚ ਪਾਉਣ ਵਾਲੇ ਖੇਲ) ਅਤੇ ਮਗਲ ਕੀਤੇ ਗਏ ਗਹਿਣਿਆਂ ਅਤੇ ਕੱਪੜਿਆਂ ਨਾਲ ਸਜਾਇਆ ਗਿਆ।9।

ਵਾਸਦੇਵ ਦੇ ਸਭ ਤੋਂ ਮਤਵਾਲੇ (ਨਸ਼ੇ ਵਾਲੇ) ਵੱਡੇ ਸਰੀਰ ਵਾਲੇ ਗੰਧ ਹਸਤੀ (ਹਾਥੀ) ਤੇ ਬੜੇ ਇਸ ਪ੍ਰਕਾਰ ਸ਼ੋਭਾ ਦੇ ਰਹੇ ਸਨ, ਜਿਸ ਪ੍ਰਕਾਰ ਚੂੜਾਮਨੀ ਨਾਮਕ ਗਹਿਣਾ ਸਿਰ ਤੇ ਸ਼ੋਭਾ ਦਿੰਦਾ ਹੈ।10।

ਅਰਿਸ਼ਟਨੇਮੀ ਉਚੇ ਛਤਰ ਚਾਮਰਾਂ ਨਾਲ ਸੁਸ਼ੋਭਿਤ ਆਪਣੇ 10 ਯਾਦਵਾਂ ਦੇ ਪਰਿਵਾਰ ਨਾਲ ਵਿਆਕੁਲ ਜਾ ਰਹੇ ਸਨ।11।

ਇਸ ਪ੍ਰਕਾਰ ਸਜੀ ਹੋਈ ਚਤੁਰੰਗੀ ਸੈਨਾ ਅਤੇ ਉੱਚੇ ਆਵਾਜ਼ ਵਾਲੇ ਵਾਜੇ ਵੱਜ ਰਹੇ ਸਨ।12।

ਅਜਿਹੀ ਉੱਤਮ ਰਿੱਧੀ ਅਤੇ ਉੱਤਮ ਕੀਰਤੀ ਨਾਲ ਅੰਧਕ ਵਰਿਸ਼ਨੀ ਦੇ ਕੁਲ ਵਾਸੀ ਆਪਣੇ ਭਵਨ ਵਿਚੋਂ ਨਿਕਲੇ।13।

ਉਸ (ਨੇਮੀ ਨਾਥ) ਨੇ ਉਥੇ ਜਾਂਦਿਆਂ ਹੀ ਡਰ ਕਾਰਨ ਘਬਰਾਏ ਹੋਏ, ਬਾੜੇ ਅਤੇ ਪਿੰਜਰੇ ਵਿਚ ਡੱਕੇ ਦੁਖੀ ਜੀਵਾਂ ਨੂੰ ਵੇਖਿਆ।14।

ਉਹ ਜੀਵਨ ਦੀ ਆਖਰੀ ਅਵਸਥਾ ਦੇ ਕਰੀਬ ਸਨ ਅਤੇ ਮਾਂਸ ਦੇ ਲਈ ਖਾਏ ਜਾਣ ਵਾਲੇ ਸਨ ਉਨ੍ਹਾਂ ਨੂੰ ਵੇਖ ਕੇ ਮਹਾਨ ਬੁੱਧੀਮਾਨ ਅਰਿਸ਼ਟ ਨੇਮੀ ਨੇ ਸਾਰਥੀ ਨੂੰ ਇਸ ਪ੍ਰਕਾਰ ਆਖਿਆ।15।

ਸੁਖ ਦੀ ਚਾਹ ਰੱਖਣ ਵਾਲੇ ਇਹ ਪ੍ਰਾਣੀ ਕਿਸ ਲਈ ਬਾੜੇ ਅਤੇ ਪਿੰਜਰੇ ਵਿਚ ਰੋਕੇ ਹੋਏ ਹਨ ?।16।

ਸਾਰਥੀ ਨੇ ਕਿਹਾ, ਹੇ ਭੱਦਰ ! ਪ੍ਰਾਣੀ ਤੁਹਾਡੇ ਵਿਆਹ ਕਾਰਜ

ਬਹੁਤ ਲੋਕਾਂ ਨੂੰ ਮਾਂਸ ਖੁਆਉਣ ਲਈ ਬੰਨ੍ਹੇ ਗਏ ਹਨ।17।

ਸਾਰਥੀ ਦਾ ਬਹੁਤ ਜੀਵਾਂ ਦੀ ਹੱਤਿਆ ਵਾਲਾ ਬਚਨ ਸੁਣ ਕੇ ਜੀਵਾਂ ਪ੍ਰਤੀ ਰਹਿਮ ਦਿਲ ਉਸ ਬੁੱਧੀਮਾਨ ਅਰਿਸ਼ਟਨੇਮੀ ਨੇ ਸੋਚਿਆ।18।

ਜੇ ਮੇਰੇ ਕਾਰਨ ਇਨ੍ਹਾਂ ਦੀ ਹੱਤਿਆ ਹੋਣ ਵਾਲੀ ਹੈ ਤਾ ਪਰਲੋਕ ਵਿਚ ਇਹ ਮੇਰੇ ਲਈ ਠੀਕ ਨਹੀਂ ਹੋਵੇਗਾ।19।

ਉਸ ਮਹਾਨ ਯੱਸ਼ ਵਾਲੇ ਅਰਿਸ਼ਟਨੇਮੀ ਨੇ ਕੁੰਡਲ, ਕਰਧਨੀ (ਹੱਥ ਦਾ ਚੂੜਾ) ਅਤੇ ਸਾਰੇ ਗਹਿਣੇ ਉਤਾਰ ਕੇ ਸਾਰਥੀ ਨੂੰ ਦੇ ਦਿੱਤੇ।20।

ਅਰਿਸ਼ਟਨੇਮੀ ਦੇ ਮਨ ਵਿਚ ਜਿਉਂ ਹੀ ਸਾਧੂ ਦੀਖਿਆ ਦੀ ਭਾਵਨਾ ਉਜਾਗਰ ਹੋਈ ਉਸੇ ਪ੍ਰਕਾਰ ਅਕਾਸ਼ੀ ਦੇਵਤੇ ਇਸ ਸਮਾਰੋਹ ਵਿਚ ਭਾਗ ਲੈਣ ਲਈ ਆਉਣ ਲੱਗੇ। ਦੇਵਤੇ ਆਪਣੀ ਸਾਰੀ ਰਿੱਧੀ ਤੇ ਪਰਿਵਾਰ ਨਾਲ ਆਏ।21।

ਦੇਵ ਅਤੇ ਮਨੁੱਖਾਂ ਨਾਲ ਘਿਰੇ ਭਗਵਾਨ ਅਰਿਸ਼ਟ ਨੇਮੀ ਦੇਵਤਿਆਂ ਨੇ ਬਣਾਈ ਸੋਹਣੀ ਪਾਲਕੀ ਵਿਚ ਬੈਠੇ ਦਵਾਰਕਾ ਤੋਂ ਚੱਲ ਕੇ ਰੇਵਤਗਿਤਰੀ (ਗਿਰਨਾਰ ਪਰਬਤ) ਤੇ ਪਹੁੰਚੇ।22।

ਅਰਿਸ਼ਟਨੇਮੀ ਇਕ ਹਜ਼ਾਰ ਲੋਕਾਂ ਨਾਲ ਬਾਗ ਵਿਚ ਪਹੁੰਚ ਕੇ ਉੱਤਮ ਪਾਲਕੀ ਤੋਂ ਉਤਰੇ। ਭਗਵਾਨ ਅਰਿਸ਼ਟਨੇਮੀ ਨੇ ਇਕ ਹਜ਼ਾਰ ਮਨੁੱਖਾਂ ਨਾਲ ਚਿੱਤਰਾ ਨਛੱਤਰ ਵਿਚ ਸਾਧੂ ਦੀਖਿਆ ਗ੍ਰਹਿਥ ਕੀਤੀ।23।

ਸਮਾਧੀ ਵਾਲੇ ਅਰਿਸ਼ਟਨੇਮੀ ਨੇ ਸੁਗੰਧ ਵਾਲੇ ਤੇਲਾਂ ਨਾਲ ਪਾਲੇ ਅਤੇ ਘੁੰਗਰਾਲੇ ਬਾਲਾਂ ਦਾ ਪੰਜ ਉਂਗਲਾਂ ਨਾਲ ਕੇਸ਼ ਲੋਚ ਕੀਤਾ (ਬਾਲ ਪੁੱਟ ਲਏ)।24।

ਵਾਸੂਦੇਵ ਨੇ ਬਾਲਾਂ ਤੋਂ ਰਹਿਤ ਅਤੇ ਪੰਜ ਇੰਦਰੀਆਂ ਜੇਤੂ ਭਗਵਾਨ ਨੂੰ ਆਖਿਆ, ਹੇ ਇੰਦਰੀਆਂ ਜੇਤੂ ! ਤੁਹਾਡੇ ਮਨ ਦੀ ਇੱਛਾਂ ਛੇਤੀ ਪੂਰੀ

ਹੋਵੇਗੀ।25।

ਤੁਸੀਂ ਗਿਆਨ, ਦਰਸ਼ਨ, ਚਾਰਿੱਤਰ, ਤਪ, ਖਿਮਾਂ ਅਤੇ ਨਿਰੋਗਤਾ ਵਿਚ ਵਾਧਾ ਕਰੋ ਤੇ ਮੁਕਤੀ ਦੇ ਵੱਲ ਅੱਗੇ ਵਧੋ।26।

ਇਸ ਪ੍ਰਕਾਰ ਰਾਮ, ਕੇਸ਼ਵ, ਦਸਾਰ, ਯਾਦਵ ਤੇ ਹੋਰ ਦੂਸਰੇ ਲੋਕ ਅਰਿਸ਼ਟਨੇਮੀ ਨੂੰ ਬੰਦਨਾ ਕਰਕੇ ਦਵਾਰਕਾਪੁਰੀ ਵਾਪਸ ਚਲੇ ਗਏ।27।

ਅਰਿਸ਼ਟਨੇਮੀ ਦੀ ਦੀਖਿਆ ਦੀ ਗੱਲ ਸੁਣ ਕੇ ਰਾਜਮਤੀ, ਆਪਣਾ ਹਾਸਾ, ਖੁਸ਼ੀ ਅਤੇ ਆਨੰਦ ਸਭ ਕੁਝ ਭੁੱਲ ਬੈਠੀ। ਉਹ ਦੁਖੀ ਰਹਿਣ ਲੱਗੀ।28।

ਉਹ ਸੋਚਣ ਲੱਗੀ - ਮੇਰੇ ਜੀਵਨ ਨੂੰ ਧਿਕਾਰ ਹੈ ਕਿਉਂਕਿ ਮੈਨੂੰ ਅਰਿਸ਼ਟਨੇਮੀ ਨੇ ਛੱਡ ਦਿੱਤਾ ਹੈ, ਹੁਣ ਮੈਨੂੰ ਵੀ ਦੀਖਿਆ ਲੈ ਲੈਣੀ ਚਾਹੀਦੀ ਹੈ।29।

ਹੌਸਲੇ ਤੇ ਇਰਾਦੇ ਦੀ ਪੱਕੀ ਰਾਜਮਤੀ ਨੇ ਕੰਘੀ ਕੀਤੇ ਤੇ ਫੁੱਲਾਂ ਨਾਲ ਸਵਾਰੇ ਭੌਰ ਜਿਹੇ ਕਾਲੇ ਕੇਸ਼ਾਂ ਨੂੰ ਆਪਣੇ ਹੱਥਾਂ ਨਾਲ ਕੇਸ਼ ਦਾ ਲੋਚ ਕਰ ਲਿਆ।30।

ਵਾਸੂਦੇਵ ਨੇ ਕੇਸ਼ ਰਹਿਤ ਇੰਦਰੀਆਂ ਜੇਤੂ, ਰਾਜਮਤੀ ਨੂੰ ਕਿਹਾ, "ਹੇ ਕੰਨਿਆ ! ਤੂੰ ਘੋਰ ਸੰਸਾਰ ਸਾਗਰ ਨੂੰ ਛੇਤੀ ਪਾਰ ਕਰ ਜਾਵੇਂ।"31।

ਸ਼ੀਲਵਤੀ ਅਤੇ ਗਿਆਨਵਾਨ ਰਾਜਮਤੀ ਨੇ ਦੀਖਿਅਤ ਹੋ ਕੇ ਆਪਣੇ ਬਹੁਤ ਸਾਰੇ ਰਿਸ਼ਤੇਦਾਰਾਂ ਤੇ ਦੂਸਰੀਆਂ ਸਹੇਲੀਆਂ ਨੂੰ ਦਵਾਰਕਾ ਵਿਚ ਦੀਖਿਅਤ ਕੀਤਾ।32।

ਉਹ ਰੇਵਤ ਪਰਬਤ ਜਾ ਰਹੀ ਸੀ। ਰਾਹ ਵਿਚ ਬਾਰਿਸ਼ ਕਾਰਨ ਉਹ ਭਿੱਜ ਗਈ। ਵਰਖਾ ਹੋ ਰਹੀ ਸੀ। ਹਨ੍ਹੇਰਾ ਛਾਇਆ ਹੋਇਆ ਸੀ। ਉਸ ਸਮੇਂ ਉਹ ਗੁਫ਼ਾ ਵਿਚ ਠਹਿਰ ਗਈ।33।

ਕੱਪੜਿਆਂ ਨੂੰ ਫੈਲਾ ਕੇ ਸੁਕਾਉਣ ਲੱਗਿਆਂ ਉਸ ਰਾਜਮਤੀ ਨੂੰ ਰਥਨੇਮੀ (ਅਰਿਸ਼ਟਨੇਮੀ ਦੇ ਭਰਾ) ਨੇ ਨੰਗੇ ਰੂਪ ਵਿਚ ਵੇਖਿਆ। ਉਸ ਦਾ ਧਿਆਨ ਭੰਗ ਹੋ ਗਿਆ। ਬਾਅਦ ਵਿਚ ਰਾਜਮਤੀ ਨੇ ਵੀ ਉਸ ਨੂੰ ਵੇਖ ਲਿਆ।34।

ਇਕਾਂਤ ਵਿਚ ਉਸ ਵਰਤਾਂ ਦੇ ਦ੍ਰਿੜ ਸੰਜਮੀ ਨੂੰ ਵੇਖ ਕੇ ਉਹ ਡਰ ਗਈ ਉਸ ਨੇ ਦੋਹਾਂ ਹੱਥਾਂ ਨਾਲ ਆਪਣੇ ਅੰਗਾਂ ਨੂੰ ਢਕ ਕੇ ਬੈਠ ਗਈ।35।

ਉਸ ਸਮੇਂ ਸਮੁੰਦਰ ਵਿਜੈ ਦੇ ਰਾਜਪੁੱਤਰ ਰਥਨੇਮੀ ਨੇ ਰਾਜਮਤੀ ਨੂੰ ਗੁਫ਼ਾ ਵਿਚ ਅਤੇ ਕੰਬਦਿਆਂ ਵੇਖ ਕੇ ਇਸ ਪ੍ਰਕਾਰ ਆਖਿਆ।36।

'ਹੇ ਭਦਰੇ ! ਮੈਂ ਰਥਨੇਮੀ ਹਾਂ ! ਹੇ ਸੁੰਦਰੀ ਮਿੱਠੇ ਬੋਲ ਬੋਲਣ ਵਾਲੀ। ਰਾਜਮਤੀ ਮੈਨੂੰ ਸਵੀਕਾਰ ਕਰ ਲੈ। ਸੋਹਣੇ ਸਰੀਰ ਵਾਲੀ ਤੈਨੂੰ ਕੋਈ ਕਸ਼ਟ ਨਹੀਂ ਹੋਵੇਗਾ।''।37।

ਆ ਆਪਾਂ ਭੋਗਾਂ ਦਾ ਸੇਵਨ ਕਰੀਏ। ਕਿਉਂਕਿ ਜੀਵਨ ਦੁਰਲਭ ਹੈ। ਭੋਗਾਂ ਨੂੰ ਭੋਗ ਕੇ ਆਪਾਂ ਫੇਰ ਜਿਨਮਾਰਗ (ਸਾਧੂਪੁਣਾ) ਗ੍ਰਹਿਣ ਕਰ ਲਵਾਂਗੇ'।38।

ਰਥਨੇਮੀ ਨੂੰ ਸੰਜਮ ਵਿਚ ਉਤਸ਼ਾਹ ਰਹਿਤ ਤੇ ਭੋਗਾਂ ਦੇ ਸਾਹਮਣੇ ਹਾਰ ਚੁੱਕਾ ਵੇਖ ਕੇ ਰਾਜਮਤੀ ਇਸ ਚੱਕਰ ਵਿਚ ਨਹੀਂ ਫਸੀ। ਉਸ ਨੇ ਆਪਣੇ ਸਰੀਰ ਨੂੰ ਉਥੇ ਹੀ ਵਸਤਰਾਂ ਨਾਲ ਢੱਕ ਲਿਆ।39।

ਨੇਮ ਤੇ ਵਰਤ ਵਿਚ ਦ੍ਰਿੜ ਉਸ ਰਾਜਕੁਮਾਰੀ ਨੇ ਜਾਤ, ਕੁਲ ਤੇ ਸ਼ੀਲ ਦੀ ਰੱਖਿਆ ਕਰਦਿਆਂ ਹੋਇਆ ਰਥਨੇਮੀ ਨੂੰ ਇਸ ਪ੍ਰਕਾਰ ਆਖਿਆ।40।

''ਜੇ ਤੂੰ ਰੂਪ ਵਿਚ ਵੈਸ਼ਰਮਣ ਹੋਵੇ ਅਤੇ ਬਿਲਾਸ ਲੀਲ੍ਹਾ ਵਿਚ

ਨਲਕੁਬਰ ਦੀ ਸਪਸ਼ਟ ਮੂਰਤੀ ਹੋਵੇ, ਹੋਰ ਤਾਂ ਕੀ ਚਾਹੇ ਤੂੰ ਇੰਦਰ ਹੀ ਹੋਵੇ ਤਾਂ ਵੀ ਮੈਂ ਤੈਨੂੰ ਨਹੀਂ ਚਾਹੁੰਦੀ। ਅੰਧਕ ਕੁਲ ਵਿਚ ਉਤਪੰਨ ਹੋਣ ਵਾਲੇ ਸੱਪ ਧੂਮਸਿਖਾ (ਬਲਦੀ ਅੱਗ) ਵਿਚ ਪ੍ਰਵੇਸ਼ ਕਰਨਾ ਮੰਨ ਲੈਂਦੇ ਹਨ ਪਰ ਉਲਟੀ ਕੀਤੇ (ਕੈਅ ਕੀਤੇ) ਹੋਏ ਪਦਾਰਥ ਨੂੰ ਦੋਬਾਰਾ ਗ੍ਰਹਿਣ ਕਰਨ ਦੀ ਇੱਛਾ ਨਹੀਂ ਕਰਦੇ''।41-42।

ਹੇ ਯਸ਼ ਨੂੰ ਚਾਹੁਣ ਵਾਲੇ ! ਤੈਨੂੰ ਧਿਕਾਰ ਹੈ ਤੂੰ ਭੋਗੀ ਜੀਵਨ ਦੇ ਲਈ ਥੁੱਕੀ ਗਈ ਵਸਤੂ ਨੂੰ ਫਿਰ ਪੀਣ ਦੀ ਇੱਛਾ ਕਰਦਾ ਹੈ। ਇਸ ਤੋਂ ਤੇਰਾ ਮਰ ਜਾਣਾ ਚੰਗਾ ਹੈ।43।

ਮੈਂ ਭੋਜ ਰਾਜ (ਉਗਰਸੈਨ) ਦੀ ਪੁੱਤਰੀ ਹਾਂ ਤੂੰ ਅੰਧਕ ਵਿਸ਼ਨੂੰ ਦਾ ਪੁੱਤਰ। ਅਸੀਂ ਕੁੱਲ ਤੋਂ ਗੰਧਨ ਸੱਪ ਵਾਂਗ ਨਹੀਂ ਹੋਣਾ ਚਾਹੀਦਾ। ਤੂੰ ਭਰਮ ਰਹਿਤ ਹੋ ਕੇ, ਇਕ ਚਿੱਤ ਹੋ ਕੇ ਸੰਜਮ ਦਾ ਪਾਲਣ ਕਰ।44।

ਤੂੰ ਇਸਤਰੀਆਂ ਵੇਖ ਕੇ ਉਨ੍ਹਾਂ ਪ੍ਰਤੀ ਰਾਗ ਭਾਵ ਰੱਖੇਂਗਾ ਤਾਂ ਤੂੰ ਜਿੱਥੇ ਜਿੱਥੇ ਹਵਾ ਨਾਲ ਹਿੱਲਣ ਵਾਲੇ ਦਰਖ਼ਤ ਦੀ ਤਰ੍ਹਾਂ ਅਸਥਿਰ ਆਤਮਾ ਵਾਲਾ ਬਣੇਗਾ।45।

ਜਿਵੇਂ ਗਾਂਵਾਂ ਦਾ ਪਾਲਣ ਕਰਨ ਵਾਲੇ ਗਵਾਲੇ ਜਾਂ ਭੰਡਪਾਲ (ਭਾਰ ਢੋਣ ਵਾਲੇ) ਗਾਵਾਂ ਦੇ ਮਾਲਿਕ ਨਹੀਂ ਹੁੰਦੇ। ਉਸ ਪ੍ਰਕਾਰ ਤੂੰ ਵੀ ਸਾਧੂਪੁਣੇ ਦਾ ਸਵਾਮੀ ਨਹੀਂ ਹੋਵੇਗਾ।46।

ਤੂੰ ਕਰੋਧ, ਮਾਨ, ਮਾਇਆ ਅਤੇ ਲੋਭ ਨੂੰ ਪੂਰਨ ਤੋਰ ਤੇ ਖ਼ਤਮ ਕਰਕੇ ਪੰਜ ਇੰਦਰੀਆਂ ਨੂੰ ਵੱਸ ਕਰਕੇ ਆਪਣੀ ਆਤਮਾ ਨੂੰ ਪਾਪ ਤੋਂ ਰਹਿਤ ਕਰ।48।

ਸੰਜਮ ਵਾਲੀ ਰਾਜਮਤੀ ਦੇ ਉਪਰੋਕਤ ਕਥਨ ਨੂੰ ਸੁਣ ਕੇ ਰਥਨੇਮੀ ਧਰਮ ਵਿਚ ਇਸ ਪ੍ਰਕਾਰ ਸਥਿਰ ਹੋ ਗਿਆ ਜਿਵੇਂ ਪਾਗਲ ਹਾਥੀ ਵਸ

ਵਿਚ ਹੋ ਜਾਂਦਾ ਹੈ।48।

ਉਹ ਮਨ, ਬਚਨ ਤੇ ਸਰੀਰ ਤੋਂ ਇੰਦਰੀਆਂ ਜੇਤੂ ਤੇ ਪ੍ਰਤਿਗਿਆ ਦਾ ਧਾਰਕ ਬਣਿਆ। ਉਸ ਨੇ ਸਾਰੀ ਉਮਰ ਅਚਲ ਭਾਵ ਨਾਲ ਸਾਧੂਪੁਣੇ ਦਾ ਪਾਲਣ ਕੀਤਾ।49।

ਕਠੋਰ ਤੱਪ ਨੂੰ ਧਾਰਨ ਕਰਕੇ, ਸਾਰੇ ਕਰਮਾਂ ਨੂੰ ਖਪਾ ਕੇ ਉਹ ਦੋਵੇਂ ਅਨੁੱਤਰ ਸਿੱਧਗਤੀ ਨੂੰ ਪ੍ਰਾਪਤ ਹੋਏ।50।

ਗਿਆਨੀ, ਬੁੱਧੀਮਾਨ ਅਤੇ ਉੱਚੀ ਦ੍ਰਿਸ਼ਟੀ ਵਾਲੇ ਇਸੇ ਪ੍ਰਕਾਰ ਕਰਦੇ ਹਨ।51।

ਇਸ ਤਰ੍ਹਾਂ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 1 ਬ੍ਰਾਹਮਣ ਵਿਚਾਰਧਾਰਾ ਅਨੁਸਾਰ ਵਾਸੂਦੇਵ ਮਥੁਰਾ ਰਹਿੰਦਾ ਸੀ ਸੋਰਿਆ ਕ੍ਰਿਸ਼ਨ ਦਾ ਬਾਬਾ ਸੀ।

ਗਾਥਾ 2 ਕੇਸ਼ਵ ਸ੍ਰੀ ਕ੍ਰਿਸ਼ਨ ਦਾ ਹੀ ਨਾਉਂ ਹੈ।

ਗਾਥਾ 3

ਸਮੁੰਦਰ ਵਿਜੈ ਅੰਧਕ ਕੁੱਲ ਦੇ ਪ੍ਰਮੁੱਖ ਸਨ। ਇਨ੍ਹਾਂ ਦੀ ਪਟਰਾਣੀ ਸ਼ਿਵਾ ਸੀ। ਉਨ੍ਹਾ ਦੇ ਚਾਰ ਪੁੱਤਰ ਸਨ। (1) ਅਰਿਸ਼ਟਨੇਮੀ (2) ਰਥਨੇਮੀ (3) ਸਤਨੇਮੀ (4) ਦ੍ਰਿੜ ਨੇਮੀ, ਅਰਿਸ਼ਟਨੇਮੀ 22ਵੇਂ ਤੀਰਥੰਕਰ ਬਣੇ। ਰਥਨੇਮੀ ਤੇ ਸਤਨੇਮੀ ਪ੍ਰਤੇਕ ਬੁੱਧ ਬਣੇ।

ਗਾਥਾ 5

ਪ੍ਰਵਚਨ ਸਾਰਦਵਾਰ ਵਿਰਤੀ (ਪੰਨਾ 410-11) ਅਨੁਸਾਰ ਸਰੀਰ ਤੇ ਪੈਦਾ ਹੋਣ ਵਾਲੇ ਛੱਤਰ, ਚੱਕਰ, ਅਕੂੰਸ਼ ਆਦਿ ਰੇਖਾਵਾਂ ਹੀ

ਲੱਛਣ ਹਨ। ਆਮ ਮਨੁੱਖਾਂ ਦੇ 32, ਬਲਦੇਵ ਵਾਸਦੇਵ ਦੇ 108, ਚੱਕਰਵਰਤੀ ਅਤੇ ਤੀਰਥੰਕਰ ਦੇ 1008 ਹੁੰਦੇ ਹਨ।

ਗਾਥਾ 6

ਸਰੀਰ ਦੇ ਦ੍ਰਿੜ ਹੱਡੀਆਂ ਦੇ ਸਮੂਹ ਨੂੰ ਬਜਰ ਰਿਸ਼ਵ ਨਾਰਾਚ ਸਹਿਨਨ ਆਖਦੇ ਹਨ। ਪਾਲਥੀ ਮਾਰ ਕੇ ਬੈਠਣ ਨਾਲ ਜਿਸ ਸਰੀਰ ਦੇ ਚਾਰ ਕੋਣ ਸਮਾਨ ਹੋਣ ਸਮ ਚਤੁਰਸਮ ਨਾਮ ਸਰਵਉਚ ਸੰਸਥਾਨ ਹੈ।

ਰਾਜਮਤੀ, ਭੋਗਕੁਲ ਦੇ ਰਾਜਾ ਉਗਰਸੈਨ ਦੀ ਪੁੱਤਰੀ ਸੀ। ਵਿਸ਼ਨੂੰ ਪੁਰਾਣ ਵਿਚ ਉਗਰਸੇਨ ਰਾਜੇ ਦੀ ਚਾਰ ਪੁੱਤਰੀਆਂ ਦਾ ਵਰਨਣ ਹੈ। (1) ਕੰਸ਼ (2) ਕੇਸ਼ਵਤੀ (3) ਸੁਤਨੂੰ (4) ਰਾਸ਼ਟਰਪਾਲੀ। ਜਾਪਦਾ ਹੈ ਸੁਤਨੂੰ ਹੀ ਰਾਜਮਤੀ ਹੈ। ਕਿਉਂ ਕਿ ਉਤਰਾਧਿਐਨ ਸੂਤਰ ਵਿਚ (22/37) ਰਥਨੇਮੀ ਰਾਜਮਤੀ ਨੂੰ ਸੁਤਨੂੰ ਵੀ ਆਖਦਾ ਹੈ।

ਗਾਥਾ 10

ਗੰਧਹਸਤੀ ਇਕ ਉਤਮ ਦਰਜੇ ਦਾ ਬਲਵਾਨ ਹਾਥੀ ਜਿਸ ਦੀ ਖੁਸ਼ਬੂ ਨਾਲ ਦੂਸਰੇ ਹਾਥੀ ਭੱਜ ਜਾਂਦੇ ਹਨ।

ਗਾਥਾ 11

ਦਸਾਰ ਚੱਕਰ ਤੋਂ ਭਾਵ ਦਸ ਯਾਦਵ ਸਕੇ ਭਰਾਵਾਂ ਤੋਂ ਹੈ। ਇਹਨਾਂ ਦੇ ਨਾਂ ਇਸ ਪ੍ਰਕਾਰ ਹਨ :

(1) ਸਮੁੰਦਰ ਵਿਜੈ (2) ਅਕਸ਼ੋਵਯ (3) ਸਿਤਮਿਤ (4) ਸਾਗਰ (5) ਹਿਮਵਾਨ (6) ਅਚਲ (7) ਧਰਮ (8) ਪੂਰਨ (9) ਅਭਿਚੰਦ (10) ਵਾਸਦੇਵ। ਅੰਧਕ ਵਰਿਸ਼ਨੀ ਦੀ ਮੁੱਖ ਰਾਣੀ ਸੁਭੱਦਰਾਂ ਸੀ। ਉਸ ਦੀਆਂ ਦੋ ਪੁੱਤਰੀਆਂ ਕੁੰਤੀ ਤੇ ਮਾਧੁਰੀ ਸਨ।

ਗਾਥਾ 12

ਵਿਰਤੀਕਾਰ ਨੇ ਭਗਵਾਨ ਅਰਿਸ਼ਟਨੇਮੀ ਲਈ ਵਰਿਸ਼ਨੀ ਪੁੰਗਮ ਸ਼ਬਦ ਪ੍ਰਯੋਗ ਕੀਤਾ ਹੈ। ਯਾਦਵਕੁਲ ਵਿਚ ਉਹਨਾਂ ਨੂੰ ਇਸੇ ਵਿਸ਼ੇਸ਼ਣ ਨਾਲ ਪੁਕਾਰਿਆ ਜਾਂਦਾ ਸੀ।

ਗਾਥਾ 42 ਤੁਲਨਾ ਕਰੋ ਵਿਸਬੰਤ ਜਾਤਕ 69

ਗਾਥਾ 43 ਹਰੀਵੰਸ਼ ਪੁਰਾਣ ਅਨੁਸਾਰ ਸਣੂਵੰਸ਼ ਹਰੀਵਿਸ਼ ਤੋਂ ਪੈਦਾ ਹੋਇਆ। ਯਦੂਵੰਸ਼ ਦਾ ਨਗਪਤੀ ਨਾਮਕ ਰਾਜਾ ਹੋਇਆ। ਉਸ ਦੇ ਦੋ ਪੁੱਤਰ ਹੋਏ (1) ਸੁਵੀਰ (2) ਸੇਵਿਰ। ਸੁਵੀਰ ਮਥੁਰਾ ਦਾ ਰਾਜਾ ਸੀ ਤੇ ਸੁਰ ਸ਼ੋਰਿਆਪੁਰ ਦਾ ਰਾਜਾ ਬਣਿਆ। ਅੰਧਕ ਵਰਿਸ਼ਨੀ ਸੁਰ ਦਾ ਪੁੱਤਰ ਸੀ। ਵਰਿਸ਼ਨੀ ਸੁਵੀਰ ਦਾ। ਭੋਜਕ ਵਰਿਸ਼ਨੀ ਦੀ ਪਤਲੀ ਪਦਮਾਵਤੀ ਸੀ। ਉਸ ਦੇ ਤਿੰਨ ਪੁੱਤਰ ਉੱਗਰਸੇਨ, ਮਹਾਸੇਨ ਅਤੇ ਦੇਵਸੇਨ ਸਨ। ਗੰਧਾਰੀ ਨਾਂ ਦੀ ਇਕ ਪੁੱਤਰੀ ਸੀ।

# 23.
# ਕੇਸ਼ੀ ਗੌਤਮ ਅਧਿਐਨ

ਕੇਸ਼ੀ ਭਗਵਾਨ ਪਾਰਸ਼ਵ ਨਾਥ ਦੀ ਪਰੰਪਰਾ ਦੇ ਚੌਥੇ ਅਚਾਰਿਆ ਸਨ। ਸ਼੍ਰੀ ਗੰਧਰ ਇੰਦਰ ਭੂਤੀ ਗੌਤਮ ਭਗਵਾਨ ਮਹਾਵੀਰ ਦੇ ਸਭ ਤੋਂ ਪ੍ਰਮੁੱਖ ਸ਼ਿੱਸ਼ ਸਨ। ਅੱਜ ਸਾਰਾ ਦਾ ਸਾਰਾ ਜੈਨ ਸਾਹਿਤ ਗੰਧਰ ਗੌਤਮ ਤੇ ਭਗਵਾਨ ਮਹਾਵੀਰ ਦੇ ਆਪਸੀ ਵਾਰਤਾਲਾਪ ਨਾਲ ਭਰਿਆ ਪਿਆ ਹੈ। ਭਗਵਾਨ ਮਹਾਵੀਰ ਤੇ ਗੰਧਰ ਗੌਤਮ ਦਾ ਜੈਨ ਪਰੰਪਰਾ ਵਿਚ ਉਹ ਹੀ ਥਾਂ ਹੈ ਜੋ ਭਗਵਤ ਗੀਤਾ ਵਿਚ ਅਰਜੁਨ ਤੇ ਸ਼੍ਰੀ ਕ੍ਰਿਸ਼ਨ ਦਾ ਹੈ।

ਕੇਸ਼ੀ ਚਤੁਰਯਾਮ ਧਰਮ ਦੇ ਉਪਾਸਕ ਸਨ। ਉਨ੍ਹਾਂ ਦੇ ਮਨ ਵਿਚ ਭਗਵਾਨ ਮਹਾਵੀਰ ਦੇ ਪੰਜ ਮਹਾਵਰਤ ਰੂਪੀ ਧਰਮ ਬਾਰੇ ਕੁਝ ਸ਼ੰਕੇ ਸਨ। ਜਿਨ੍ਹਾਂ ਨੂੰ ਉਨ੍ਹਾਂ ਇਸ ਅਧਿਐਨ ਵਿਚ ਆਪਣੀ ਗੌਤਮ ਨਾਲ ਮੁਲਾਕਾਤ ਸਮੇਂ ਦੂਰ ਕੀਤਾ। ਗੌਤਮ ਸਵਾਮੀ ਨੇ ਬੜੇ ਸੋਹਣੇ ਢੰਗ ਨਾਲ ਸਭ ਸ਼ੰਕਾ ਦੂਰ ਕੀਤੀ। ਇਸ ਵਾਰਤਾਲਾਪ ਤੋਂ ਸਿੱਧ ਹੁੰਦਾ ਹੈ ਕਿ ਭਗਵਾਨ ਮਹਾਵੀਰ ਤੇ ਉਨ੍ਹਾਂ ਦੇ ਮਨ ਵਿਚ ਭਗਵਾਨ ਰਿਸ਼ਵਦੇਵ ਤੋਂ ਲੈ ਕੇ ਭਗਵਾਨ ਪਾਰਸ਼ਵਨਾਥ ਤੱਕ ਦੀ ਪਰੰਪਰਾ ਲਈ ਕਿੰਨਾ ਮਾਨ-ਸਤਿਕਾਰ ਸੀ। ਉਹ ਆਪਣੇ ਆਪ ਨੂੰ ਇਸ ਪਰੰਪਰਾ ਦਾ ਅਟੁੱਟ ਅੰਗ ਮੰਨਦੇ ਸਨ। ਇਸ ਅਧਿਐਨ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਜੈਨ ਧਰਮ ਮਹਾਵੀਰ ਨੇ ਨਹੀਂ ਚਲਾਇਆ, ਸਗੋਂ ਉਹ ਤਾਂ ਇਸ ਪਰੰਪਰਾ ਦੀ ਇਕ ਆਖਿਰੀ ਕੜੀ ਸਨ। ਜੈਨ ਧਰਮ ਉਨ੍ਹਾਂ ਦੇ ਜਨਮ ਤੋਂ ਪਹਿਲਾਂ ਵੀ ਇਸ ਧਰਤੀ ਤੇ ਫੈਲਿਆ ਹੋਇਆ ਸੀ। ਪਾਰਸ਼ਵਨਾਥ ਦੇ ਅਨੇਕਾਂ ਸਾਧੂਆਂ ਦਾ ਵਰਨਣ ਤੇ ਧਰਮ ਚਰਚਾ ਸ਼੍ਰੀ ਭਗਵਤੀ ਸੂਤਰ ਵਿਚ ਵੀ ਆਉਂਦਾ ਹੈ।

# ਤੇਈਵਾਂ ਅਧਿਐਨ

ਭਗਵਾਨ ਪਾਰਸ ਨਾਥ ਨਾਮਕ 'ਜਿਨ' ਹੋਏ। ਉਹ ਅਰਹਨ (ਮਾਨਸਿਕ ਦੁਸ਼ਮਣਾਂ ਦਾ ਨਾਸ਼ ਕਰਨ ਵਾਲੇ) ਲੋਕਾਂ ਰਾਹੀਂ ਸਤਿਕਾਰੇ ਗਏ, ਸਭ ਕੁਝ ਜਾਨਣ ਵਾਲੇ, ਧਰਮ ਰੂਪੀ ਤੀਰਥ ਦੇ ਸੰਸਥਾਪਕ ਤੇ ਆਤਮ ਗਿਆਨ ਦੇਣ ਵਾਲੇ ਅਤੇ ਵੀਤਰਾਗ ਪਰਮਾਤਮਾ ਸਨ।1।

ਸੰਸਾਰ ਨੂੰ ਚਾਨਣ ਦੇਣ ਵਾਲੇ ਭਗਵਾਨ ਪਾਰਸ਼ਵਨਾਥ ਦੇ ਕੇਸ਼ੀ ਨਾਮਕ ਸ਼੍ਰਮਣ (ਚੇਲੇ) ਹੋਏ ਹਨ। ਜੋ ਮਹਾਨ ਯਸ਼ ਵਾਲੇ ਵਿੱਦਿਆ ਅਤੇ ਚਰਿੱਤਰ ਦੇ ਧਨੀ ਕੋਮਲ ਸਾਧੂ ਸਨ।2।

ਉਹ ਅਵਧਿ ਗਿਆਨ ਅਤੇ ਸ਼ਾਸਤਰਾਂ ਦੇ ਗਿਆਨੀ ਤੇ ਤੱਤਾਂ ਦੇ ਜਾਣੂ ਸਨ। ਉਹ ਆਪਣੇ ਚੇਲਿਆਂ ਦੇ ਸਮੂਹ ਨਾਲ ਘਿਰੇ ਹੋਏ, ਪਿੰਡ ਪਿੰਡ ਸਫ਼ਰ ਕਰਦੇ ਹੋਏ ਕਿਸੇ ਸਮੇਂ ਸ਼੍ਰਾਵਸਤੀ ਨਗਰੀ ਵਿਚ ਆਏ।3।

ਉਸ ਨਗਰ ਦੇ ਬਾਹਰ ਤਿੰਦੂਕ ਨਾਮ ਬਗੀਚਾ ਸੀ। ਉਥੇ ਉਹ ਜੀਵ ਜੰਤੂ ਰਹਿਤ ਮਕਾਨ ਤੇ ਆਸਨ ਲੈ ਕੇ ਠਹਿਰ ਗਏ।4।

ਉਸ ਸਮੇਂ ਭਗਵਾਨ ਵਰਧਮਾਨ ਮਹਾਵੀਰ ਭ੍ਰਮਣ (ਘੁੰਮ) ਕਰ ਰਹੇ ਸਨ। ਉਹ ਧਰਮ ਰੂਪੀ ਤੀਰਥ ਕੇ ਸੰਸਥਾਪਕ ਜਿਨ (ਜੇਤੂ) ਅਤੇ ਸਾਰੇ ਲੋਕ ਵਿਚ ਮਸ਼ਹੂਰ ਸਨ।5।

ਲੋਕ ਨੂੰ ਪ੍ਰਕਾਸ਼ਵਾਨ ਬਣਾਉਣ ਵਾਲੇ ਉਸ ਭਗਵਾਨ ਮਹਾਵੀਰ ਦੇ ਗੌਤਮ ਨਾਮੀ ਸ਼ਿਸ਼ ਸਨ। ਉਹ ਮਹਾਨ ਯਸ਼ ਵਾਲੇ ਭਗਵਾਨ ਵਿੱਦਿਆ ਤੇ ਚਰਿੱਤਰ ਦੇ ਧਨੀ ਸਨ।6

ਉਹ (ਗੌਤਮ) ਬਾਰਾਂ ਅੰਗਾਂ (ਸ਼ਾਸਤਰਾਂ) ਦੇ ਜਾਣਕਾਰ ਅਤੇ ਬੁੱਧ (ਤੱਤਵ ਗਿਆਨੀ) ਸਨ। ਉਹ ਆਪਣੇ ਸ਼ਿੱਸ਼ ਪਰਿਵਾਰ ਨਾਲ ਘਿਰੇ ਹੋਏ

ਪਿੰਡ ਪਿੰਡ ਸਫਰ ਕਰਦੇ ਹੋਏ ਉਹ ਵੀ ਸ੍ਰਾਵਸਤੀ ਵਿਚ ਆ ਗਏ।7।

ਉਸ ਸ਼ਹਿਰ ਵਿਚ ਕੋਸ਼ਟਕ ਨਾਮਕ ਬਾਗ ਸੀ। ਉਥੇ ਜੀਵ ਜੰਤੂ ਰਹਿਤ ਮਕਾਨ ਤੇ ਆਸਨ ਲੈ ਕੇ ਉਹ ਠਹਿਰ ਗਏ।8।

ਕੁਮਾਰ ਕੇਸ਼ੀ ਸ੍ਰਮਣ ਅਤੇ ਮਹਾਨ ਯਸ਼ ਵਾਲੇ ਗੌਤਮ, ਦੋਵੇਂ ਹੀ ਸਫਰ ਕਰ ਰਹੇ ਸਨ। ਉਹ ਆਤਮਾ ਵਿਚ ਲੀਨ ਸਨ, ਉਨ੍ਹਾਂ ਦੇ ਮਨ ਸਮਾਧੀ ਵਿਚ ਲੱਗੇ ਸਨ।9।

ਉਨ੍ਹਾਂ ਦੋਹਾਂ ਸ਼ਿਸ਼ਾਂ ਦੇ ਮਨ ਵਿਚ ਸ਼ੱਕ ਪੈਦਾ ਹੋਇਆ, ਉਹ ਸ਼ਿੱਸ਼ ਸੰਜਮੀ, ਤਪੱਸਵੀ, ਗੁਣਵਾਨ ਤੇ ਛੇ ਕਾਈਆਂ ਦੇ ਰੱਖਿਅਕ ਸਨ।10।

ਇਹ ਸਾਡਾ ਧਰਮ ਕਿਸ ਪ੍ਰਕਾਰ ਦਾ ਹੈ ? ਅਤੇ ਉਹਨਾਂ ਦਾ ਧਰਮ ਕਿਸ ਪ੍ਰਕਾਰ ਦਾ ਹੈ ? ਸਾਡੀ ਆਚਾਰ ਪਰੰਪਰਾ ਕਿਸ ਪ੍ਰਕਾਰ ਦੀ ਹੈ ? ਅਤੇ ਉਨ੍ਹਾਂ ਦੀ ਕਿਸ ਪ੍ਰਕਾਰ ਦੀ ਹੈ ?।11।

ਮਹਾਮੁਨੀ ਪਾਰਸ਼ਵਨਾਥ ਨੇ ਚਤੁਰਯਾਮ (ਚਾਰਨਿਯਮਾਂ ਵਾਲੇ) ਧਰਮ ਦਾ ਉਪਦੇਸ਼ ਦਿੱਤਾ ਹੈ ਅਤੇ ਭਗਵਾਨ ਮਹਾਵੀਰ ਨੇ ਪੰਜ ਸਿੱਖਿਆਵਾਂ ਵਾਲੇ ਧਰਮ ਦਾ ਉਪਦੇਸ਼ ਦਿੱਤਾ ਹੈ।12।

ਅਚੇਲਕ (ਵਸਤਰ ਰਹਿਤ) ਜੋ ਧਰਮ ਹੈ ਅਤੇ ਸਚੇਲਕ (ਵਸਤਰ ਸਹਿਤ) ਜੋ ਧਰਮ ਹੈ, ਇਕ ਹੀ ਕਾਰਜ ਲਈ ਲੱਗੇ ਹੋਏ ਦੋਹੇ ਮਹਾਪੁਰਸ਼ਾਂ ਵਿਚ ਇਹ ਭੇਦ ਕਿਉਂ ਹੈ।13।

ਇਸ ਪ੍ਰਕਾਰ ਕੇਸ਼ੀਕੁਮਾਰ ਅਤੇ ਗੌਤਮਮੁਨੀ ਦੋਹਾਂ ਮਹਾਨ ਸ਼ਿਸ਼ਾਂ ਨੇ ਮਿਲ ਕੇ ਇਹ ਸ਼ੰਕਾ ਦੂਰ ਕਰਨ ਲਈ ਮੁਲਾਕਾਤ ਕਰਨ ਦਾ ਵਿਚਾਰ ਕੀਤਾ।14।

ਵਿਨੈ ਧਰਮ ਦੇ ਜਾਣਕਾਰ ਗੌਤਮਮੁਨੀ ਜੇਠੇ (ਵੱਡੇ) ਕੁੱਲ ਨੂੰ ਵੇਖ ਕੇ ਆਪਣੇ ਸ਼ਿੱਸ਼ ਮੰਡਲ ਦੇ ਨਾਲ ਤਿੰਦੂਕ ਵਣ ਵਿਚ ਪਧਾਰੇ (ਜਿੱਥੇ

ਕੇਸ਼ੀਕੁਮਾਰ ਮੁਨੀ ਠਹਿਰੇ ਸਨ)।15।

ਗੌਤਮ ਨੂੰ ਆਉਂਦੇ ਵੇਖ ਕੇ ਕੇਸ਼ੀਕੁਮਾਰ ਸ਼੍ਰਮਣ ਨੇ ਭਗਤੀ ਨਾਲ ਉਨ੍ਹਾਂ ਦਾ ਪੁਰਅਸਰ ਸਨਮਾਨ ਕੀਤਾ।16।

ਉਸ ਵਣ ਵਿਚ ਜੋ ਪ੍ਰਾਸੁਕ (ਜੀਵ ਰਹਿਤ) ਪਲਾਲ (ਪਰਾਲੀ) ਕੁਸ਼ਾ ਅਤੇ ਘਾਹ ਆਦਿ ਸਨ, ਉਹ ਗੌਤਮ ਸਵਾਮੀ ਦੇ ਬੈਠਣ ਲਈ ਜਲਦੀ ਨਾਲ ਪੇਸ਼ ਕੀਤੇ।17।

ਕੇਸ਼ੀ ਕੁਮਾਰ ਸ਼੍ਰਮਣ ਅਤੇ ਮਹਾਨ ਯਸ਼ (ਕੀਰਤੀ) ਵਾਲੇ ਗੌਤਮ ਦੋਵੇਂ ਇਕੱਠੇ ਬੈਠੇ ਇਸ ਤਰ੍ਹਾਂ ਸ਼ੋਭਾ ਪਾ ਰਹੇ ਸਨ ਜਿਵੇਂ ਕਿ ਚੰਦ ਅਤੇ ਸੂਰਜ ਪ੍ਰਕਾਸ਼ਮਾਨ ਹੁੰਦੇ ਹਨ।18।

ਉਸ ਵਣ ਵਿਚ ਬਹੁਤ ਸਾਰੇ ਪਾਖੰਡੀ ਅਤੇ ਉਤਾਵਲੇ ਲੋਕ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਗ੍ਰਹਿਸਥ ਦੋਹਾਂ ਮਹਾਂਪੁਰਸ਼ਾਂ ਦਾ ਸ਼ਾਸਤਰ ਅਰਥ ਸੁਨਣ ਲਈ ਇਕੱਠੇ ਹੋ ਗਏ।19।

ਦੇਵ, ਦਾਨਵ, ਗੰਧਰਵ, ਯਕਸ਼, ਰਾਖਸ਼, ਕਿੰਨਰ ਅਤੇ ਅਦਿੱਖ ਭੂਤ ਆਦਿ ਸਾਰੇ ਉਸ ਵਣ ਵਿਚ ਇਕੱਠੇ ਹੋ ਗਏ।20।

ਕੇਸ਼ੀ ਕੁਮਾਰ ਮੁਨੀ ਗੌਤਮ ਸਵਾਮੀ ਨੂੰ ਇਸ ਪ੍ਰਕਾਰ ਕਹਿਣ ਲੱਗੇ, "ਹੇ ਮਹਾਭਾਗ (ਅਨੰਤ ਸ਼ਕਤੀ ਵਾਲੇ) ਮੈਂ ਤੁਹਾਨੂੰ ਪੁੱਛਦਾ ਹਾਂ। ਕੇ ਸ਼ੀ ਕੁਮਾਰ ਦੇ ਇਸ ਪ੍ਰਕਾਰ ਆਖਣ ਤੇ ਗੌਤਮ ਸਵਾਮੀ ਨੇ ਇਸ ਪ੍ਰਕਾਰ ਕਿਹਾ।21।

"ਹੇ ਭਗਵਾਨ ! ਆਪ ਆਪਣੀ ਇੱਛਾ ਅਨੁਸਾਰ ਪੁੱਛੋ।" ਇਹ ਗੱਲ ਗੰਧਰ ਗੌਤਮ ਨੇ ਕੇਸ਼ੀ ਕੁਮਾਰ ਪ੍ਰਤੀ ਆਖੀ। ਇਸ ਪ੍ਰਕਾਰ ਇਜਾਜ਼ਤ ਮਿਲਣ ਤੇ ਕੇਸ਼ੀ ਕੁਮਾਰ ਨੇ ਗੰਧਰ ਗੌਤਮ ਸਵਾਮੀ ਤੋਂ ਇਸ ਪ੍ਰਕਾਰ ਪੁੱਛਿਆ।22।

ਵਰਧਮਾਨ ਸਵਾਮੀ ਨੇ ਪੰਜ ਸਿੱਖਿਆ ਰੂਪੀ ਧਰਮ ਦਾ ਕਥਨ ਕੀਤਾ ਹੈ ਅਤੇ ਮਹਾਮੁਨੀ ਪਾਰਸ਼ਵਨਾਥ ਨੇ ਚਤੁਰਯਾਮ (ਚਾਰ ਮਹਾਵਰਤ) ਧਰਮ ਦਾ ਉਪਦੇਸ਼ ਦਿੱਤਾ ਹੈ।23।

ਹੇ ਮੇਧਾਵੀ (ਬੁੱਧੀਮਾਨ) ਇਕ ਕੰਮ ਵਿਚ ਲੱਗੇ ਹੋਏ ਦੋਹੇ ਮਹਾਪੁਰਸ਼ਾਂ ਦੇ ਧਰਮ ਵਿਚ ਇਹ ਭੇਦ ਕਿਉਂ ਹੈ ? ਇਕ ਹੀ ਧਰਮ ਦੇ ਦੋ ਭੇਦ ਕਿਉਂ ਤੁਹਾਡੇ ਮਨ ਵਿਚ ਸ਼ੰਕਾ ਪੈਦਾ ਨਹੀਂ ਕਰਦੇ ? 24।

ਇਹ ਗੱਲ ਸੁਣ ਕੇ ਗੌਤਮ ਸਵਾਮੀ ਨੇ ਕੇਸ਼ੀ ਕੁਮਾਰ ਨੂੰ ਇੰਜ ਆਖਿਆ, ਜੀਵ ਆਦਿ ਤੱਤ ਦਾ ਨਿਰਣਾ ਜਿਸ ਰਾਹੀਂ ਕੀਤਾ ਜਾਂਦਾ, ਅਜਿਹਾ ਨਿਰਣਾ ਸੱਚੇ ਗਿਆਨੀ ਦੀ ਬੁੱਧੀ ਰਾਹੀਂ ਹੀ ਹੁੰਦਾ ਹੈ।25।

ਪਹਿਲੇ ਤੀਰਥੰਕਰ ਦੇ ਮੁਨੀ ਰਿਜੂ ਜੜ (ਭੋਲੇ ਭਾਲੇ) ਹੁੰਦੇ ਸਨ ਅਤੇ ਆਖ਼ਿਰੀ ਤੀਰਥੰਕਰ ਦੇ ਮੁਨੀ ਬਕਰ ਜੜ (ਜਾਨ ਬੁੱਝ ਕੇ ਤਰਕ, ਵਿਤਰਕ ਰਾਹੀਂ ਸਿੱਧਾਂਤਾਂ ਦੀ ਉਲੰਘਣਾ ਕਰਨ ਵਾਲੇ) ਹੁੰਦੇ ਹਨ। ਪਰ ਵਿਚਲੇ (23 ਤੀਰਥੰਕਰਾਂ ਦੇ ਮੁਨੀ ਰਿਜੁਪ੍ਰਾਗ (ਸਰਲ ਤੇ ਬੁੱਧੀਮਾਨ) ਹੁੰਦੇ ਹਨ। ਇਸ ਕਾਰਨ ਧਰਮ ਦੇ ਦੋ ਭੇਦ ਹਨ।26।

ਪਹਿਲੇ ਤੀਰਥੰਕਰਾਂ ਦੀ ਮੁਨੀਆਂ ਰਾਹੀਂ ਕਲਪ ਨਿਯਮਾਂ ਨੂੰ ਉਸੇ ਰੂਪ ਵਿਚ ਗ੍ਰਹਿਣ ਕਰਨਾ ਕਠਿਨ ਹੈ। ਆਖਰੀ ਤੀਰਥੰਕਰਾਂ ਦੇ ਮੁਨੀਆਂ ਰਾਹੀਂ ਕਲਪ ਗ੍ਰਹਿਣ ਕਰਨਾ ਅਤੇ ਉਸੇ ਰੂਪ ਵਿਚ ਪਾਲਣ ਕਰਨਾ ਕਠਿਨ ਹੈ। ਵਿਚਕਾਰਲੇ ਤੀਰਥੰਕਰਾਂ ਦੇ ਮੁਨੀਆਂ ਦਾ ਕਲਪ ਨੂੰ ਉਸੇ ਰੂਪ ਵਿਚ ਗ੍ਰਹਿਣ ਕਰਨਾ ਅਤੇ ਉਸਦਾ ਪਾਲਣ ਕਰਨਾ ਸਰਲ ਹੈ।27।

ਕੇਸ਼ੀ ਕੁਮਾਰ : ਹੇ ਗੌਤਮ ! ਤੁਹਾਡੀ ਬੁੱਧੀ ਸਰੇਸ਼ਟ ਹੈ। ਮੇਰਾ ਸ਼ੱਕ ਦੂਰ ਹੋ ਗਿਆ। ਮੇਰਾ ਇਕ ਸ਼ੱਕ ਹੋਰ ਵੀ ਹੈ। ਹੇ ਗੌਤਮ ! ਉਸ ਦਾ ਵੀ ਅਰਥ ਮੈਨੂੰ ਦੱਸੋ ?।28।

ਇਹ ਅਚੇਲਕ (ਵਸਤਰ ਰਹਿਤ) ਧਰਮ ਵਰਧਮਾਨ ਨੇ ਫੁਰਮਾਇਆ ਹੈ ਅਤੇ ਮਹਾਮੁਨੀ ਪਾਰਸ਼ਵਨਾਥ ਸਵਾਮੀ ਨੇ ਸਚੇਲਕ (ਵਸਤਰ ਪਹਿਨਣ ਵਾਲੇ) ਦਾ ਉਪਦੇਸ਼ ਦਿੱਤਾ ਹੈ।29।

ਇਕ ਹੀ ਕੰਮ (ਧਰਮ) ਅਤੇ ਉਦੇਸ਼ ਵਿਚ ਲੱਗੇ ਮਹਾਪੁਰਸ਼ਾਂ ਦੇ ਧਰਮ ਵਿਚ ਭੇਦ ਦਾ ਕੀ ਕਾਰਨ ਹੈ ? ਹੇ ਮੇਧਾਵੀ (ਬੁੱਧੀਮਾਨ) ਲਿੰਗ (ਚਿੰਨ੍ਹ) ਦੇ ਦੋ ਪ੍ਰਕਾਰ ਦੇ ਭੇਦਾਂ ਕਾਰਨ ਤੁਹਾਡੇ ਮਨ ਵਿਚ ਸ਼ੱਕ ਕਿਉਂ ਪੈਦਾ ਨਹੀਂ ਹੁੰਦਾ।30।

ਕੇਸ਼ੀ ਕੁਮਾਰ ਦੇ ਇਸ ਪ੍ਰਕਾਰ ਬੋਲਣ ਤੇ ਗੌਤਮ ਜੀ ਨੇ ਇਸ ਪ੍ਰਕਾਰ ਕਿਹਾ, "ਵਿਗਿਆਨ (ਵਿਸ਼ੇਸ਼ ਗਿਆਨ) ਨੂੰ ਜਾਣ ਕੇ ਧਰਮ ਪਾਲਣ ਦੇ ਉਪਰਕਨਾਂ ਦੀ ਆਗਿਆ ਪ੍ਰਦਾਨ ਕੀਤੀ ਹੈ"।31।

ਗਣਧਰ ਗੌਤਮ : "ਭਿੰਨ ਭਿੰਨ ਪ੍ਰਕਾਰ ਦੇ ਉਪਕਰਨ ਦੀ ਕਲਪਨਾ ਲੋਕਾਂ ਦੀ ਪਛਾਣ ਲਈ ਹੈ।" ਸੰਜਮ ਯਾਤਰਾ ਦੇ ਨਿਰਵਾਹ ਲਈ ਅਤੇ "ਮੈਂ ਸਾਧੂ ਹਾਂ" ਇਹ ਗੱਲ ਦਾ ਗਿਆਨ ਕਰਾਉਣ ਲਈ ਸੰਸਾਰ ਵਿਚ ਲਿੰਗ (ਚਿੰਨ੍ਹ) ਦੀ ਜ਼ਰੂਰਤ ਹੈ"।32।

ਅਸਲ ਵਿਚ ਦੋਹਾਂ ਤੀਰਥੰਕਰਾਂ ਦਾ ਇਕ ਹੀ ਸਿਧਾਂਤ ਹੈ ਕਿ ਮੋਕਸ਼ ਦਾ ਅਸਲ ਸਾਧਨ ਗਿਆਨ, ਦਰਸ਼ਨ (ਵਿਸ਼ਵਾਸ) ਅਤੇ ਚਾਰਿੱਤਰ ਹੀ ਹੈ।33।

ਕੇਸ਼ੀ ਕੁਮਾਰ : ਹੇ ਗੌਤਮ ! ਤੁਹਾਡੀ ਬੁੱਧੀ ਸਰੇਸ਼ਟ ਹੈ ਮੇਰਾ ਸ਼ੱਕ ਦੂਰ ਹੋ ਗਿਆ। ਮੇਰਾ ਇਕ ਸ਼ੱਕ ਹੋਰ ਵੀ ਹੈ। ਹੇ ਗੌਤਮ ! ਉਸ ਦਾ ਵੀ ਅਰਥ ਮੈਨੂੰ ਦੱਸੋ ?।34।

ਗੌਤਮ ! ਤੁਸੀਂ ਅਨੇਕਾਂ (ਹਜ਼ਾਰਾਂ) ਦੁਸ਼ਮਣਾਂ ਦੇ ਵਿਚ ਖੜੇ ਹੋ। ਉਹ ਤੁਹਾਨੂੰ ਜਿੱਤਣਾ ਚਾਹੁੰਦੇ ਹਨ। ਤੁਸੀਂ ਉਨ੍ਹਾਂ ਨੂੰ ਕਿਵੇਂ ਜਿੱਤਿਆ।35।

ਗਣਧਰ ਗੌਤਮ : "ਇਕ ਨੂੰ ਜਿੱਤਣ ਨਾਲ ਪੰਜਾਂ ਨੂੰ ਜਿੱਤ ਲਿਆ ਅਤੇ ਪੰਜ ਨੂੰ ਜਿੱਤ ਲੈਣ ਤੇ ਦਸ ਜਿੱਤ ਲਏ, ਦਸ ਨੂੰ ਜਿੱਤ ਦੇ ਸਾਰੇ ਦੁਸ਼ਮਣਾਂ ਨੂੰ ਜਿੱਤ ਲਿਆ।36।

ਕੇਸ਼ੀ ਕੁਮਾਰ ਸ਼੍ਰਮਣ : ਗੌਤਮ ! ਉਹ ਦੁਸ਼ਮਣ ਕਿਹੜੇ ਹਨ ? ਕੇਸ਼ੀ ਨੇ ਗੌਤਮ ਨੂੰ ਕਿਹਾ। ਕੇਸ਼ੀ ਦੇ ਇਹ ਪੁੱਛਣ ਤੇ ਗੌਤਮ ਨੇ ਇਸ ਪ੍ਰਕਾਰ ਕਿਹਾ।37।

ਗਣਧਰ ਗੌਤਮ : ਹੇ ਮੁਨੀ ! ਨਾ ਜਿੱਤਿਆ ਜਾਣ ਵਾਲਾ ਆਪਣੀ ਆਤਮਾ ਹੀ ਆਪਣੀ ਦੁਸ਼ਮਣ ਹੈ। ਕਸ਼ਾਏ ਅਤੇ ਇੰਦਰੀਆਂ ਵੀ ਦੁਸ਼ਮਣ ਹਨ। ਇਨ੍ਹਾਂ ਨੂੰ ਜਿੱਤ ਕੇ ਮੈਂ ਨੀਤੀ ਅਨੁਸਾਰ ਘੁੰਮਦਾ ਹਾਂ।38।

ਕੇਸ਼ੀ ਕੁਮਾਰ : ਹੇ ਗੌਤਮ ! ਤੁਹਾਡੀ ਬੁੱਧੀ ਸਰੇਸ਼ਟ ਹੈ ਮੇਰਾ ਸ਼ੱਕ ਦੂਰ ਹੋ ਗਿਆ। ਮੇਰਾ ਇਕ ਸ਼ੱਕ ਹੋਰ ਵੀ ਹੈ। ਹੇ ਗੌਤਮ ! ਉਸ ਦਾ ਵੀ ਅਰਥ ਮੈਨੂੰ ਦੱਸੋ ?।39।

"ਇਸ ਸੰਸਾਰ ਵਿਚ ਬਹੁਤ ਸਾਰੇ ਜੀਵ ਮੋਹ ਵਿਚ ਬੰਨ੍ਹੇ ਹੋਏ ਹਨ। ਮੁਨੀ ! ਤੁਸੀਂ ਬੰਧਨ ਤੋਂ ਮੁਕਤ ਅਤੇ ਬੰਧਨ ਰਹਿਤ ਹਲਕੇ ਹੋ ਕੇ ਕਿਸ ਪ੍ਰਕਾਰ ਘੁੰਮਦੇ ਹੋ ?"40।

ਗਣਧਰ ਗੌਤਮ : "ਹੇ ਮੁਨੀ ! ਉਨ੍ਹਾਂ ਬੰਧਨਾਂ ਨੂੰ ਸਭ ਪ੍ਰਕਾਰ ਨਾਲ ਕੱਟ ਕੇ, ਉਪਾ ਨਾਲ ਨਸ਼ਟ ਕਰਕੇ ਮੈਂ ਬੰਧਨ ਮੁਕਤ ਅਤੇ ਹਲਕਾ ਹੋ ਕੇ ਘੁੰਮਦਾ ਹਾਂ"।41।

ਗੌਤਮ ! ਉਹ ਬੰਧਨ ਕਿਹੜੇ ਹਨ ? ਕੇਸ਼ੀਕੁਮਾਰ ਨੇ ਗੌਤਮ ਤੋਂ ਪੁੱਛਿਆ। ਕੇਸ਼ੀਕੁਮਾਰ ਦੇ ਪੁੱਛਣ ਤੇ ਗੌਤਮ ਨੇ ਇਸ ਪ੍ਰਕਾਰ ਆਖਿਆ।42।

ਗਣਧਰ ਗੌਤਮ ! ਤੇਜ਼ ਰਾਗ ਦਵੇਸ਼ ਆਦਿ ਅਤੇ ਸੰਸਾਰੀ ਲਗਾਵ ਦੀ ਭਾਵਨਾ ਭਿਅੰਕਰ ਬੰਧਨ ਹਨ। ਉਨ੍ਹਾਂ ਨੂੰ ਕੱਟ ਕੇ ਧਰਮ-ਨੀਤੀ ਅਤੇ ਨਿਯਮ ਅਨੁਸਾਰ ਮੈਂ ਘੁੰਮਦਾ ਹਾਂ।''43।

ਕੇਸ਼ੀ ਕੁਮਾਰ : ਹੇ ਗੌਤਮ ! ਤੁਹਾਡੀ ਬੁੱਧੀ ਸਰੇਸ਼ਟ ਹੈ। ਮੇਰਾ ਸ਼ੱਕ ਦੂਰ ਹੋ ਗਿਆ। ਮੇਰਾ ਇਕ ਸ਼ੱਕ ਹੋਰ ਵੀ ਹੈ। ਹੇ ਗੌਤਮ ! ਉਸ ਦਾ ਵੀ ਅਰਥ ਮੈਨੂੰ ਦੱਸੋ।44।

ਹੇ ਗੌਤਮ : ਤੇਰੇ ਹਿਰਦੇ ਵਿਚ ਇਕ ਉੱਗੀ ਹੋਈ ਬੇਲ ਹੈ। ਉਸ ਨੂੰ ਜ਼ਹਿਰ ਵਰਗੇ ਫਲ ਲਗਦੇ ਹਨ। ਤੁਸਾਂ ਉਸ ਨੂੰ ਕਿਵੇਂ ਪੁੱਟਿਆ ?।45।

ਗਣਧਰ ਗੌਤਮ : ''ਉਸ ਬੇਲ ਨੂੰ ਹਮੇਸ਼ਾ ਲਈ ਕੱਟ ਕੇ ਅਤੇ ਜੜ੍ਹੋਂ ਪੁੱਟ ਕੇ ਨੀਤੀ ਅਨੁਸਾਰ ਮੈਂ ਘੁੰਮਦਾ ਹਾਂ। ਇਸ ਪ੍ਰਕਾਰ ਮੈਂ ਜ਼ਹਿਰੀਲੇ ਫਲ ਖਾਣ ਤੋਂ ਮੁਕਤ ਹੋ ਗਿਆ ਹਾਂ।''46।

ਕੇਸ਼ੀ ਕੁਮਾਰ - ਉਹ ਬੇਲ ਕਿਹੜੀ ਹੈ ? ਕੇਸ਼ੀ ਨੇ ਗੌਤਮ ਨੂੰ ਕਿਹਾ ਕੇਸ਼ੀ ਦੇ ਪੁੱਛਣ ਤੇ ਗੌਤਮ ਨੇ ਇਸ ਪ੍ਰਕਾਰ ਕਿਹਾ।47।

ਗਣਧਰ ਗੌਤਮ - ''ਸੰਸਾਰ ਵਿਚ ਸੰਸਾਰੀ ਜੀਵਾਂ ਦੇ ਮਨ ਰੂਪੀ ਭੂਮੀ ਵਿਚ ਪੈਦਾ ਹੋਣ ਵਾਲੀ ਤ੍ਰਿਸ਼ਨਾ ਤ੍ਰਿਸ਼ਨਾ (ਇੱਛਾ) ਰੂਪੀ ਬੇਲ ਹੈ ਜੋ ਕਿ ਬੜੀ ਹੀ ਖ਼ਤਰਨਾਕ ਹੈ ਅਤੇ ਖ਼ਤਰਨਾਕ ਫਲ ਪੈਦਾ ਕਰਨ ਵਾਲੀ ਹੈ। ਉਸ ਨੂੰ ਜੜ੍ਹੋਂ ਪੁੱਟ ਕੇ ਮੈਂ ਨੀਤੀ ਅਨੁਸਾਰ ਘੁੰਮਦਾ ਹਾਂ।48।

ਕੇਸ਼ੀ ਕੁਮਾਰ : ਹੇ ਗੌਤਮ ! ਤੁਹਾਡੀ ਬੁੱਧੀ ਸਰੇਸ਼ਟ ਹੈ। ਮੇਰਾ ਸ਼ੱਕ ਦੂਰ ਹੋ ਗਿਆ। ਮੇਰਾ ਇਕ ਸ਼ੱਕ ਹੋਰ ਵੀ ਹੈ। ਹੇ ਗੌਤਮ ਨੂੰ ਉਸ ਦਾ ਵੀ ਅਰਥ ਮੈਨੂੰ ਦੱਸੋ।49।

ਘੋਰ ਪ੍ਰਚੰਡ ਅੱਗਾਂ ਬੋਲ ਰਹੀਆਂ ਹਨ। ਉਹ ਸਰੀਰ ਨੂੰ ਜਲਾ ਕੇ ਰਾਖ ਕਰਨ ਵਾਲੀਆਂ ਹਨ। ਉਨ੍ਹਾਂ ਨੂੰ ਆਪ ਨੇ ਕਿਸ ਪ੍ਰਕਾਰ ਸ਼ਾਂਤ ਕੀਤਾ ਅਰਥਾਤ ਕਿਸ ਪ੍ਰਕਾਰ ਬੁਝਾ ਲਿਆ ?।50।

ਗਣਧਰ ਗੌਤਮ ! ''ਮਹਾਮੇਘ (ਅਰਥਾਤ ਪਾਣੀ ਨਾਲ ਭਰੇ ਬੱਦਲ) ਦੇ ਝਰਨਿਆਂ ਦੇ ਤੇ ਉੱਤਮ ਅਤੇ ਪਵਿੱਤਰ ਪਾਣੀ ਨਾਲ ਉਨ੍ਹਾਂ ਅੱਗਾਂ ਨੂੰ ਸ਼ਾਂਤ ਕਰਦਾ ਹਾਂ। ਅਤੇ ਠੰਡੀ ਅੱਗ ਮੈਨੂੰ ਨਹੀਂ ਜਲਾਉਂਦੀ ਹੈ''।51।

ਕੇਸ਼ੀ ਕੁਮਾਰ : ਉਹ ਕਿਹੜੀਆਂ ਅੱਗਾਂ ਹਨ ? ਕੇਸ਼ੀ ਕੁਮਾਰ ਨੇ ਗੌਤਮ ਨੂੰ ਕਿਹਾ। ਕੇਸ਼ੀ ਦੇ ਪੁੱਛਣ ਤੇ ਗੌਤਮ ਨੇ ਇਸ ਪ੍ਰਕਾਰ ਕਿਹਾ।52।

ਗਣਧਰ ਗੌਤਮ : 'ਕਿਸੇ ਚਾਰ ਕਸ਼ਾਏ, (ਕਰੋਧ, ਮਾਨ, ਮਾਇਆ, ਲੋਭ) ਅੱਗਾਂ ਹਨ। ਸ਼ਰੁਤ (ਗਿਆਨ) ਸ਼ੀਲ ਅਤੇ ਤਪ ਪਾਣੀ ਹੈ। ਸ਼ਰੁਤ (ਗਿਆਨ) ਸ਼ੀਲ ਅਤੇ ਤਪ ਰੂਪੀ ਝਰਨੇ ਦੀ ਧਾਰ ਨਾਲ ਬੁਝਾਈ ਹੋਈ ਅਤੇ ਖ਼ਤਮ ਹੋਈ ਅੱਗ ਮੈਨੂੰ ਨਹੀਂ ਸਾੜ ਸਕਦੀ'।53।

ਕੇਸ਼ੀ ਕੁਮਾਰ : ਹੇ ਗੌਤਮ ! ਤੁਹਾਡੀ ਬੁੱਧੀ ਸਰੇਸ਼ਟ ਹੈ। ਮੇਰਾ ਸ਼ੱਕ ਦੂਰ ਹੋ ਗਿਆ। ਮੇਰਾ ਇਕ ਸ਼ੱਕ ਹੋਰ ਵੀ ਹੈ। ਹੇ ਗੌਤਮ ! ਉਸ ਦਾ ਵੀ ਅਰਥ ਦੱਸੋ।54।

ਕੇਸ਼ੀ ਕੁਮਾਰ - ਇਹ ਹਿੰਮਤੀ, ਖ਼ਤਰਨਾਕ, ਦੁਸ਼ਟ ਘੋੜਾ ਭੱਜ ਰਿਹਾ ਹੈ। ਗੌਤਮ ! ਤੁਸੀਂ ਉਸ ਤੇ ਸਵਾਰ ਹੋ ਉਹ ਤੁਹਾਨੂੰ ਗਲਤ ਰਸਤੇ ਤੇ ਕਿਉਂ ਨਹੀਂ ਲੈ ਜਾਂਦਾ ?।55।

ਗਣਧਰ ਗੌਤਮ - ਭੱਜਦੇ ਹੋਏ ਘੋੜੇ ਨੂੰ ਮੈਂ ਸ਼ਰੁਤ (ਗਿਆਨ) ਰੂਪੀ ਲਗਾਮ ਨਾਲ ਵਸ ਵਿਚ ਰੱਖਦਾ ਹਾਂ। ਮੇਰੇ ਅਧੀਨ ਹੋਇਆ ਇਹ ਘੋੜਾ ਗਲਤ ਰਸਤਾ ਗ੍ਰਹਿਣ ਨਹੀਂ ਕਰਦਾ, ਸਗੋ ਠੀਕ ਰਸਤੇ ਤੇ ਚੱਲਦਾ

ਹੈ।56।

ਕੇਸ਼ੀ ਕੁਮਾਰ - ਘੋੜਾ ਕਿਸਨੂੰ ਕਿਹਾ ਜਾਂਦਾ ਹੈ ? ਕੇਸ਼ੀ ਨੇ ਗੌਤਮ ਤੋਂ ਪੁੱਛਿਆ। ਕੇਸ਼ੀ ਦੇ ਪੁੱਛਣ ਤੇ ਗੌਤਮ ਨੇ ਇਸ ਪ੍ਰਕਾਰ ਕਿਹਾ।57।

ਗਣਧਰ ਗੌਤਮ - ਮਨ ਹੀ ਹਿੰਮਤੀ, ਖ਼ਤਰਨਾਕ, ਦੁਸ਼ਟ ਘੋੜਾ ਹੈ। ਜੋ ਚਹੁੰ ਪਾਸੇ ਭੱਜਦਾ ਹੈ। ਉਸ ਨੂੰ ਮੈਂ ਚੰਗੀ ਤਰ੍ਹਾਂ ਵਸ ਵਿਚ ਕਰ ਲਿਆ ਹੈ। ਧਰਮ ਸਿੱਖਿਆ ਨਾਲ ਇਹ ਕੰਥਕ (ਉੱਤਮ ਕਿਸਮ ਦਾ ਘੋੜਾ) ਹੋ ਗਿਆ।58।

ਕੇਸ਼ੀ ਕੁਮਾਰ - ਹੇ ਗੌਤਮ ਨੂੰ ਤੁਹਾਡੀ ਬੁੱਧੀ ਸਰੇਸ਼ਟ ਹੈ। ਮੇਰਾ ਸ਼ੱਕ ਦੂਰ ਹੋ ਗਿਆ। ਮੇਰਾ ਇਕ ਸ਼ੱਕ ਹੋਰ ਵੀ ਹੈ। ਗੌਤਮ ! ਉਸ ਦਾ ਵੀ ਅਰਥ ਮੈਨੂੰ ਦੱਸੋ।59।

ਗੌਤਮ ! ਸੰਸਾਰ ਵਿਚ ਕੁਮਾਰਗ (ਗਲਤ ਰਸਤੇ) ਬਹੁਤ ਹਨ। ਜਿਸ ਤੇ ਲੋਕ ਭਟਕ ਜਾਂਦੇ ਹਨ। ਰਸਤੇ ਤੇ ਚਲਦੇ ਤੁਸੀਂ ਕਿਉਂ ਨਹੀਂ ਭਟਕਦੇ।60।

ਗਣਧਰ ਗੌਤਮ : ਜੋ ਚੰਗੇ ਰਾਹ ਤੇ ਚੱਲਦੇ ਹਨ ਅਤੇ ਗਲਤ ਰਾਹ (ਉਨਮਾਰਗ) ਤੇ ਚਲਦੇ ਹਨ, ਉਨ੍ਹਾਂ ਸਭ ਰਾਹਾਂ ਨੂੰ ਮੈਂ ਜਾਣਦਾ ਹਾਂ। ਇਸ ਲਈ ਹੇ ਮੁਨੀ ਮੈਂ ਨਹੀਂ ਭਟਕਦਾ।61।

ਕੇਸ਼ੀ ਕੁਮਾਰ : ਮਾਰਗ ਕਿਸ ਨੂੰ ਆਖਦੇ ਹਨ ? ਕੇਸ਼ੀ ਨੇ ਗੌਤਮ ਨੂੰ ਕਿਹਾ। ਕੇਸ਼ੀ ਦੇ ਪੁੱਛਣ ਤੇ ਗੌਤਮ ਨੇ ਇਸ ਪ੍ਰਕਾਰ ਕਿਹਾ।62।

ਗਣਧਰ ਗੌਤਮ : ਮਿਥਿਆ (ਝੂਠੇ) ਭਾਸ਼ਣ ਨੂੰ ਮੰਨਣ ਵਾਲੇ ਸਾਰੇ ਪਾਖੰਡੀ ਗਲਤ ਰਾਹ ਤੇ ਚੱਲਣ ਵਾਲੇ ਹਨ। ਸੱਚਾ ਮਾਰਗ ਜਿਨ (ਤੀਰਥੰਕਰਾਂ) ਨੇ ਪ੍ਰਗਟ ਕੀਤਾ ਹੈ। ਉਹ ਹੀ ਉੱਤਮ ਮਾਰਗ ਹੈ।63।

ਕੇਸ਼ੀ ਕੁਮਾਰ : ਹੇ ਗੌਤਮ ! ਤੁਹਾਡੀ ਬੁੱਧੀ ਸਰੇਸ਼ਟ ਹੈ। ਮੇਰਾ ਸ਼ੱਕ

ਦੂਰ ਹੋ ਗਿਆ। ਮੇਰਾ ਇਕ ਸ਼ੱਕ ਹੋਰ ਵੀ ਹੈ। ਹੇ ਗੌਤਮ ! ਉਸ ਦਾ ਵੀ ਅਰਥ ਮੈਨੂੰ ਦੱਸੋ ?।64।

ਕੇਸ਼ੀ ਕੁਮਾਰ : ਮੁਨੀ ! ਮਹਾਨ ਪਾਣੀ ਦੇ ਵਹਾ ਵਿਚ ਡੁੱਬਦੇ ਹੋਏ ਮਨੁੱਖਾਂ ਲਈ ਸ਼ਰਨ (ਪਨਾਹ) ਗਤੀ (ਜੂਨ) ਪ੍ਰਤਿਸ਼ਟਾ (ਇੱਜ਼ਤ) ਅਤੇ ਦੀਪ ਤੁਸੀਂ ਕਿਸ ਨੂੰ ਮੰਨਦੇ ਹੋ ?।65।

ਗਣਧਰ ਗੌਤਮ : ''ਸਮੁੰਦਰ ਵਿਚ ਇਕ ਵਿਸ਼ਾਲ ਮਹਾਦੀਪ ਹੈ। ਉਸ ਮਹਾਦੀਪ ਦੇ ਉੱਤੇ ਮਹਾਨ ਪਾਣੀ ਦੇ ਵਹਾ ਦਾ ਕੁਝ ਅਸਰ ਨਹੀਂ ਹੈ।''66।.

ਉਹ ਮਹਾਦੀਪ ਕਿਹੜਾ ਹੈ ? ਕੇਸ਼ੀ ਨੇ ਗੌਤਮ ਨੂੰ ਕਿਹਾ। ਕੇਸ਼ੀ ਦੇ ਪੁੱਛਣ ਤੇ ਗੌਤਮ ਨੇ ਕਿਹਾ।67।

ਗਣਧਰ ਗੌਤਮ : ਬੀਮਾਰੀ, ਬੁਢਾਪਾ ਤੇ ਮੌਤ ਦੇ ਵਹਾ ਵਿਚ ਡੁੱਬਦੇ ਹੋਏ ਮਨੁੱਖਾਂ ਲਈ ਧਰਮ ਹੀ ਦੀਪ ਹੈ, ਪ੍ਰਤਿਸ਼ਟਾ (ਇੱਜ਼ਤ) ਹੈ ਗਤੀ (ਚਾਲ) ਹੈ ਅਤੇ ਉੱਤਮ ਸ਼ਰਨ (ਪਨਾਹਗਾਹ) ਹੈ।68।

ਕੇਸ਼ੀ ਕੁਮਾਰ : ਹੇ ਗੌਤਮ ! ਤੁਹਾਡੀ ਬੁੱਧੀ ਸਰੇਸ਼ਟ ਹੈ। ਮੇਰਾ ਸ਼ੱਕ ਦੂਰ ਹੋ ਗਿਆ। ਮੇਰਾ ਇਕ ਸ਼ੱਕ ਹੋਰ ਵੀ ਹੈ। ਹੇ ਗੌਤਮ ! ਉਸ ਦਾ ਵੀ ਅਰਥ ਮੈਨੂੰ ਦੱਸੋ।69।

ਕੇਸ਼ੀ ਕੁਮਾਰ : ਹੇ ਗੌਤਮ ! ਮਹਾਨ ਵਹਾ ਵਾਲੇ ਸਮੁੰਦਰ ਵਿਚ ਇਕ ਕਿਸ਼ਤੀ ਉਲਟ ਦਿਸ਼ਾ ਵਿਚ ਚਹੁੰ ਪਾਸੇ ਭੱਜ ਰਹੀ ਹੈ। ਤੇਜ਼ ਚਾਲ (ਲਹਿਰਾਂ) ਵਾਲੇ ਸਮੁੰਦਰ ਵਿਚ ਕਿਸ਼ਤੀ ਡਗਮਗਾ ਰਹੀ ਹੈ। ਤੁਸੀਂ ਇਸ ਤੇ ਚੜ੍ਹ ਕੇ ਕਿਸ ਪ੍ਰਕਾਰ ਪਾਰ ਉਤਰੋਗੇ।70।

ਗਣਧਰ ਗੌਤਮ – ਜੋ ਕਿਸ਼ਤੀ ਸੁਰਾਖ ਵਾਲੀ ਹੈ, ਉਹ ਪਾਰ ਨਹੀਂ ਜਾ ਸਕਦੀ, ਜੋ ਸੁਰਾਖ ਰਹਿਤ ਹੈ ਉਹ ਕਿਸ਼ਤੀ ਪਾਰ ਜਾਂਦੀ ਹੈ।71।

ਕੇਸ਼ੀ ਕੁਮਾਰ : ਉਹ ਕਿਸ਼ਤੀ ਕਿਹੜੀ ਹੈ ? ਕੇਸ਼ੀ ਨੇ ਗੌਤਮ ਨੂੰ ਕਿਹਾ। ਕੇਸ਼ੀ ਦੇ ਪੁੱਛਣ ਤੇ ਗੌਤਮ ਨੇ ਇਸ ਪ੍ਰਕਾਰ ਕਿਹਾ।72।

ਗਣਧਰ ਗੌਤਮ – ਸਰੀਰ ਕਿਸ਼ਤੀ ਹੈ, ਜੀਵ (ਆਤਮਾ) ਮਲਾਹ ਹੈ ਅਤੇ ਸੰਸਾਰ ਸਮੁੰਦਰ ਹੈ ਜਿਸ ਨੂੰ ਮਹਾਰਿਸ਼ੀ ਹੀ ਤੈਰ ਕੇ ਪਾਰ ਕਰਦੇ ਹਨ।73।

ਕੇਸ਼ੀ ਕੁਮਾਰ : ਹੇ ਗੌਤਮ ! ਤੁਹਾਡੀ ਬੁੱਧੀ ਸਰੇਸ਼ਟ ਹੈ, ਮੇਰਾ ਸ਼ੱਕ ਦੂਰ ਹੋ ਗਿਆ। ਮੇਰਾ ਇਕ ਸ਼ੱਕ ਹੋਰ ਵੀ ਹੈ। ਹੇ ਗੌਤਮ ! ਉਸ ਦਾ ਵੀ ਅਰਥ ਮੈਨੂੰ ਦੱਸੋ।74।

ਭਿਅੰਕਰ ਹਨੇਰੇ ਵਿਚ ਬਹੁਤ ਸਾਰੇ ਪ੍ਰਾਣੀ ਰਹਿ ਰਹੇ ਹਨ। ਸਾਰੇ ਲੋਕ ਵਿਚ ਪ੍ਰਾਣੀਆਂ (ਮਨੁੱਖਤਾ ਲਈ) ਕੌਣ ਚਾਨਣ (ਪ੍ਰਕਾਸ਼) ਕਰੇਗਾ ?।75।

ਗਣਧਰ ਗੌਤਮ : ਸਾਰੇ ਸੰਸਾਰ ਵਿਚ ਪ੍ਰਕਾਸ਼ ਕਰਨ ਵਾਲਾ ਨਿਰਮਲ (ਪਵਿੱਤਰ) ਸੂਰਜ ਉੱਗ ਚੁੱਕਾ ਹੈ। ਉਹ ਸਾਰੀ ਮਨੁੱਖਤਾ ਲਈ ਪ੍ਰਕਾਸ਼ ਕਰੇਗਾ।76।

ਕੇਸ਼ੀ ਕੁਮਾਰ : ਉਹ ਸੂਰਜ ਕਿਹੜਾ ਹੈ ? ਕੇਸ਼ੀ ਕੁਮਾਰ ਨੇ ਕਿਹਾ। ਕੇਸ਼ੀ ਕੁਮਾਰ ਦੇ ਪੁੱਛਣ ਤੇ ਗੌਤਮ ਨੇ ਇਹ ਕਿਹਾ।77।

ਗਣਧਰ ਗੌਤਮ : ਜਿਸ ਦਾ ਸੰਸਾਰ (ਜਨਮ ਮਰਨ) ਘੱਟ ਗਿਆ ਹੈ। ਜੋ ਸਰਵਗ ਸਭ ਕੁਝ ਜਾਨਣ ਵਾਲਾ ਹੈ। ਅਜਿਹਾ ਜਿਨ (ਆਤਮ ਜੇਤੂ) ਸੂਰਜ ਨਿਕਲ ਰਿਹਾ ਹੈ ਜੋ ਸਭ ਲੋਕਾਂ ਲਈ ਪ੍ਰਕਾਸ਼ ਕਰੇਗਾ।78।

ਕੇਸ਼ੀ ਕੁਮਾਰ : ਹੇ ਗੌਤਮ ! ਤੁਹਾਡੀ ਬੁੱਧੀ ਸਰੇਸ਼ਟ ਹੈ। ਮੇਰਾ ਸ਼ੱਕ ਦੂਰ ਹੋ ਗਿਆ। ਮੇਰਾ ਇਕ ਸ਼ੱਕ ਹੋਰ ਵੀ ਹੈ। ਹੇ ਗੌਤਮ ! ਉਸ ਦਾ ਅਰਥ ਵੀ ਮੈਨੂੰ ਦੱਸੋ।79।

ਮੁਨੀ ! ਸ਼ਰੀਰਿਕ ਤੇ ਮਾਨਸਿਕ ਦੁੱਖਾਂ ਨਾਲ ਪੀੜਤ ਮਨੁੱਖਾਂ ਦੇ ਲਈ ਤੁਸੀਂ ਕਸ਼ੇਮ (ਦੁੱਖ ਰਹਿਤ) ਸ਼ਿਵ (ਕਲਿਆਨਕਾਰੀ) ਅਤੇ ਰੁਕਾਵਟ ਰਹਿਤ ਕਿਹੜਾ ਥਾਂ ਮੰਨਦੇ ਹੋ ?।80।

ਗਣਧਰ ਗੌਤਮ : ਲੋਕ ਦੇ ਅਗਲੇ ਭਾਗ ਵਿਚ ਇਕ ਅਜਿਹਾ ਥਾਂ ਸਿਧਸ਼ਿਲਾ ਜਾਂ ਮੁਕਤ ਥਾ ਹੈ, ਜਿੱਥੇ ਬਿਮਾਰੀ ਨਹੀਂ, ਮੌਤ ਨਹੀਂ, ਦੁੱਖ ਨਹੀਂ ਤੇ ਨਾ ਹੀ ਪੀੜਾ ਹੈ। ਪਰ ਉਥੇ ਪਹੁੰਚਣਾ ਬਹੁਤ ਕਠਿਨ ਹੈ।81।

ਕੇਸ਼ੀ ਕੁਮਾਰ : ਉਹ ਥਾਂ ਕਿਹੜੀ ਹੈ ? ਕੇਸ਼ੀ ਨੇ ਗੌਤਮ ਨੂੰ ਕਿਹਾ ਕੇਸ਼ੀ ਦੇ ਪੁੱਛਣ ਤੇ ਗੌਤਮ ਨੇ ਇਸ ਪ੍ਰਕਾਰ ਉੱਤਰ ਦਿੱਤਾ।82।

ਗਣਧਰ ਗੌਤਮ - ਜਿਸ ਥਾਂ ਨੂੰ ਮਹਾਨ ਰਿਸ਼ੀ ਪ੍ਰਾਪਤ ਕਰਦੇ ਹਨ, ਉਹ ਨਿਰਵਾਨ (ਸਿੱਧ ਪਦਵੀ) ਹੈ। ਰੁਕਾਵਟ ਰਹਿਤ ਹੈ। ਲੋਕ ਦੇ ਆਖਿਰੀ ਭਾਗ ਤੇ ਸਥਿਤ ਹੈ। ਕਸ਼ੇਮ (ਪੀੜਾ ਰਹਿਤ), ਕਲਿਆਣਕਾਰੀ ਅਤੇ ਰੁਕਾਵਟ ਰਹਿਤ ਹੈ।83।

ਜਨਮ ਮਰਨ ਦੇ ਚੱਕਰ ਦਾ ਅੰਤ ਕਰਨ ਵਾਲੇ ਮੁਨੀ, ਜਿਸ ਨੂੰ ਪ੍ਰਾਪਤ ਕਰਕੇ ਦੁੱਖ ਮੁਕਤ ਹੋ ਜਾਂਦੇ ਹਨ ਉਹ ਥਾਂ ਲੋਕ ਦੇ ਅਖੀਰਲੇ ਹਿੱਸੇ ਤੇ ਹਮੇਸ਼ਾ ਰਹਿਣ ਵਾਲੀ ਥਾਂ ਹੈ ਜਿਸ ਨੂੰ ਪਾਉਣਾ ਕਠਿਨ ਹੈ।84।

ਕੇਸ਼ੀ ਕੁਮਾਰ : ਹੇ ਗੌਤਮ ! ਤੁਹਾਡੀ ਬੁੱਧੀ ਸਰੇਸਟ ਹੈ। ਮੇਰਾ ਸ਼ੱਕ ਦੂਰ ਹੋ ਗਿਆ। ਹੇ ਸ਼ੱਕ ਦੂਰ ਕਰਨ ਵਾਲੇ ਗੌਤਮ ! ਆਗਮ ਸਮੁੰਦਰ, ਤੁਹਾਨੂੰ ਨਮਸਕਾਰ ਹੈ।85।

ਇਸ ਪ੍ਰਕਾਰ ਸ਼ੱਕ ਦੂਰ ਹੋਣ ਤੇ ਘੋਰ ਪਰਾਕਰਮੀ ਕੇਸ਼ੀ ਕੁਮਾਰ ਨੇ ਮਹਾਨ ਯਸ਼ ਵਾਲੇ ਗੌਤਮ ਨੂੰ ਸਿਰ ਝੁਕਾ ਕੇ ਨਮਸਕਾਰ ਕੀਤਾ।86।

ਪਹਿਲੇ ਅਤੇ ਆਖ਼ਰੀ ਤੀਰਥੰਕਰਾਂ ਦੇ ਰਾਹੀਂ ਦਿੱਤੇ ਗਏ ਉਪਦੇਸ਼ ਅਤੇ ਸੁਖਕਾਰੀ ਪੰਜ ਮਹਾਵਰਤ ਰੂਪੀ ਧਰਮ ਤੇ ਸਚੇ ਮਨ ਨਾਲ

ਸ਼ਾਮਲ ਹੋਏ।87।

ਉਸ ਤਿੰਦੁਕ ਬਾਗ ਵਿਚ ਕੇਸ਼ੀ ਤੇ ਗੌਤਮ ਦੋਹਾਂ ਦਾ ਜੋ ਸਮਾਗਮ ਹੋਇਆ, ਉਸ ਵਿਚ ਸ਼ਰੁਤ, ਸ਼ੀਲ, ਗਿਆਨ ਤੇ ਚਾਰਿੱਤਰ ਦੇ ਉੱਚੇ ਅਤੇ ਮਹਾਨ ਤੱਤਾਂ ਦਾ ਅਰਥ ਨਿਸ਼ਚਿਤ ਹੋਇਆ।88।

ਸਾਰੀ ਸਭਾ ਧਰਮ ਚਰਚਾ ਤੋਂ ਸੰਤੁਸ਼ਟ ਹੋਈ ਅਤੇ ਸੱਚੇ ਮਾਰਗ ਤੇ ਲੱਗੀ ਉਸ ਸਭਾ ਨੇ ਕੇਸ਼ੀ ਤੇ ਗੌਤਮ ਦੀ ਸਤੁਤੀ ਪ੍ਰਸ਼ੰਸਾ ਕੀਤੀ ਅਤੇ ਸ਼ੁਭ ਕਾਮਨਾ ਕੀਤੀ, ਉਹ ਦੋਵੇਂ ਖੁਸ਼ ਰਹਿਣ।89।

ਇਸ ਪ੍ਰਕਾਰ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 2 :

ਕੁਮਾਰ ਸ਼ਬਦ ਤੋਂ ਭਾਵ ਕੰਵਾਰਾ ਹੈ।

कुमारश्चासावपरिणीततया श्रमणश्च।

(ਬ੍ਰਿਹਦਵਿਰਤੀ) ਸ਼ਾਂਤਾ ਆਚਾਰਿਆ

ਗਾਥਾ 12

ਭਗਵਾਨ ਪਾਰਸ਼ਵਨਾਥ ਦੇ ਸ਼ਿਸ਼ ਚਾਰ ਵਰਤ ਦਾ ਪਾਲਣ ਕਰਦੇ ਸਨ। ਉਹ ਪਰਿਗ੍ਰਹਿ ਤੇ ਬ੍ਰਹਮਚਰਜ ਨੂੰ ਇਕ ਹੀ ਮੰਨਦੇ ਸਨ। ਪਰ ਭਗਵਾਨ ਮਹਾਵੀਰ ਨੇ ਬ੍ਰਹਮਚਰਜ ਨੂੰ ਪੰਜਵਾਂ ਵਰਤ ਸਵੀਕਾਰ ਕੀਤਾ ਹੈ। ਇਹ ਨਿਯਮ ਬੁੱਧ ਗ੍ਰੰਥਾਂ ਵਿਚ ਚਤੁਰਯਾਮ ਦੇ ਨਾਉਂ ਨਾਲ ਪ੍ਰਸਿੱਧ ਹੈ।

ਗਾਥਾ 13

ਅਚੇਲ ਸ਼ਬਦ ਦੇ ਦੋ ਅਰਥ ਹਨ :

(1) ਬਿਲਕੁਲ ਕੱਪੜੇ ਨਾ ਪਾਉਣ ਵਾਲਾ (2) ਥੋੜ੍ਹੇ ਮੁੱਲ ਵਾਲੇ ਕੱਪੜੇ ਪਾਉਣ ਵਾਲਾ।

ਗਾਥਾ 17

ਘਾਹ ਪੰਜ ਪ੍ਰਕਾਰ ਦਾ ਹੈ :

(1) ਸ਼ਾਲੀ - ਚਾਵਲਾਂ ਦੀ ਪਰਾਲੀ

(2) ਬ੍ਰੀਹੀਕ - ਸੱਠੇ ਚਾਵਲਾਂ ਦੀ ਪਰਾਲੀ

(3) ਕੋਦਰਵ - ਕੋਦੋਂ ਅਨਾਜ ਦੀ ਪਰਾਲੀ

(4) ਗਲਕ - ਕੰਗਨੀ ਦੀ ਪਰਾਲੀ

(5) ਅਰਣੀਆਂ - ਕਾਲੀ ਜ਼ੀਰੀ ਦੀ ਪਰਾਲੀ

(ਪ੍ਰਬਚਨ ਸਾਰ ਗਾਥਾ 875) ਸ੍ਰੀ ਉਤਰਾਧਿਐਨ ਸੂਤਰ ਵਿਚ ਪੰਜਵੇਂ ਨੂੰ ਹੀ ਕੁਸ਼ ਮੰਨਿਆ ਗਿਆ ਹੈ।

## 24.

# ਪ੍ਰਵਚਨ ਮਾਤਾ ਅਧਿਐਨ

'ਸਮਿਤੀ' ਦਾ ਅਰਥ ਹੈ ਚੰਗਿਆਈ ਵਿਚ ਲੱਗਣਾ, ਗੁਪਤੀ ਤੋਂ ਭਾਵ ਹੈ ਅਸ਼ੁਭ ਕਰਮ ਤੋਂ ਛੁਟਕਾਰਾ ਪਾਉਣਾ।

ਜਿਵੇਂ ਮਾਂ ਚਾਹੁੰਦੀ ਹੈ ਕਿ ਉਸ ਦਾ ਪੁੱਤਰ ਗਲਤ ਰਾਹ ਛੱਡ ਕੇ ਠੀਕ ਰਾਹ ਤੇ ਚੱਲੇ। ਇਸੀ ਪ੍ਰਕਾਰ ਪੰਜ ਸਮਿਤੀ ਤੇ ਤਿੰਨ ਗੁਪਤੀ' ਰੂਪੀ ਅੱਠ ਮਾਂਵਾ ਸਾਧੂ ਰੂਪੀ ਪੁੱਤਰ ਨੂੰ ਠੀਕ ਰਾਹ ਵਿਚ ਚਲਾਉਂਦੀਆਂ ਹਨ।

ਇਹ ਅੱਠ ਮਾਂਵਾ ਪੰਜ ਮਹਾਂਵਰਤ ਦੀ ਸੁਰੱਖਿਆ ਕਰਦੀਆਂ ਹਨ। ਇਨ੍ਹਾਂ ਦਾ ਹੁਕਮ ਮੰਨਣਾ ਤਾਂ ਸਾਧੂ ਲਈ ਬਹੁਤ ਜ਼ਰੂਰੀ ਹੈ। ਇਨ੍ਹਾਂ ਦਾ ਪਾਲਣ ਕਰਨ ਵਾਲਾ ਜਿੱਥੇ ਸਮਾਜ ਵਿਚ ਇੱਜ਼ਤ ਪਾਉਂਦਾ ਹੈ, ਨਾਲ ਹੀ ਆਤਮਿਕ ਵਿਕਾਸ ਦੇ ਸਿਖਰ ਤੇ ਵੀ ਚੜ੍ਹ ਜਾਂਦਾ ਹੈ।

# ਚੌਵੀਵਾਂ ਅਧਿਐਨ

ਸਮਿਤੀ ਅਤੇ ਗੁਪਤੀ ਰੂਪ ਅੱਠ ਪ੍ਰਵਚਨ ਮਾਂਵਾਂ ਹਨ। ਸਮਿਤੀਆਂ ਪੰਜ ਹਨ। ਗੁਪਤੀਆਂ ਤਿੰਨ ਹਨ।1।

ਈਰੀਆ ਸਮਿਤੀ (ਵਿਵੇਕ ਨਾਲ ਚੱਲਣਾ) ਭਾਸ਼ਾ ਸਮਿਤੀ (ਵਿਵੇਕ ਨਾਲ ਬੋਲਣਾ) ਏਸ਼ਨਾ ਸਮਿਤੀ (ਨਿਰਦੋਸ਼ ਭੋਜਨ ਗ੍ਰਹਿਣ ਕਰਨਾ) ਅਦਾਨ ਸਮਿਤੀ (ਕੱਪੜੇ ਅਤੇ ਭਾਂਡੇ ਆਦਿ ਨਿਰਦੋਸ਼ ਗ੍ਰਹਿਣ ਕਰਨਾ) ਮਨ ਗੁਪਤੀ (ਮਨ ਨੂੰ ਵੱਸ ਵਿਚ ਰੱਖਣਾ) ਬਚਨ ਗੁਪਤੀ (ਬੋਲਣ ਲੱਗੇ ਸੰਜਮ ਵਰਤਣਾ) ਕਾਇਆ ਗੁਪਤੀ (ਸਰੀਰ ਨੂੰ ਸੰਜਮ ਵਿਚ ਰੱਖਣਾ) ਆਦਿ ਕੁੱਲ ਅੱਠ ਪ੍ਰਵਚਨ ਮਾਂਵਾਂ ਹਨ।2।

ਇਹ ਅੱਠ ਸਮਿਤੀਆਂ ਸੰਖੇਪ ਵਿਚ ਆਖੀਆਂ ਗਈਆਂ ਹਨ। ਇਨ੍ਹਾਂ ਵਿਚ ਜਿਨੇਂਦਰ ਭਗਵਾਨ ਰਾਹੀਂ ਪ੍ਰਗਟ ਕੀਤਾ 12 ਅੰਗਾਂ (ਸ਼ਾਸਤਰਾਂ) ਦਾ ਗਿਆਨ ਹੈ।3।

ਈਰੀਆ ਸਮਿਤੀ : ਵਰਤਾਂ ਵਿਚ ਦ੍ਰਿੜ ਸੰਜਮੀ, ਸਾਧਕ, ਆਲੰਬਨ (ਸਹਾਰਾ) ਕਾਲ, ਮਾਰਗ ਅਤੇ ਯਤਨਾਂ (ਵਿਵੇਕ) ਇਨ੍ਹਾਂ ਚਾਰ ਕਾਰਨਾਂ ਕਰਕੇ ਸ਼ੁੱਧ ਈਰੀਆ ਸਮਿਤੀ ਦਾ ਪਾਲਣ ਕਰਦਾ ਹੋਇਆ ਵਿਚਰਨ (ਘੁੰਮੇ) ਕਰੇ।4।

ਈਰੀਆ ਸਮਿਤੀ ਦਾ ਆਲੰਬਨ (ਸਹਾਰਾ) ਗਿਆਨ, ਦਰਸ਼ਨ (ਵਿਸ਼ਵਾਸ) ਅਤੇ ਚਾਰਿੱਤਰ ਹੈ। ਕਾਲ (ਸਮਾਂ) ਦਿਨ ਹੈ ਅਤੇ ਮਾਰਗ ਤਿਆਗ ਹੈ।5।

ਦਰੱਵ, ਖੇਤਰ, ਕਾਲ ਅਤੇ ਭਾਵ ਦੇ ਅਰਥ ਅਨੁਸਾਰ ਯਤਨਾਂ

(ਵਿਵੇਕ) ਚਾਰ ਪ੍ਰਕਾਰ ਦੀ ਹੈ, ਉਸ ਨੂੰ ਮੈਂ ਆਖਦਾ ਹਾਂ। ਸੁਣੋ।6।

ਦਰੱਵ ਨਾਲ - ਅੱਖ ਨਾਲ ਵੇਖ ਕੇ ਚੱਲੋ।

ਖੇਤਰ ਨਾਲ - ਚਾਰ ਹੱਥ ਭੂਮੀ ਵੇਖ ਕੇ ਚੱਲੋ।

ਕਾਲ ਨਾਲ - ਜਦ ਤੱਕ ਚੱਲਦਾ ਰਹੇ ਤਦ ਤੱਕ ਵੇਖੇ।

ਭਾਵ ਨਾਲ - ਸਾਵਧਾਨੀ ਨਾਲ ਚੱਲੇ।7।

ਇੰਦਰੀਆਂ ਦੇ ਵਿਸ਼ੇ ਅਤੇ ਪੰਜ ਪ੍ਰਕਾਰ ਦੇ ਅਧਿਐਨ (ਪੜ੍ਹਾਈ) ਦਾ ਤਿਆਗ ਕਰਕੇ ਇਕ ਸੁਰ ਚੱਲਣ ਵਿਚ ਧਿਆਨ ਦੇ ਕੇ ਈਰੀਆ ਸਮਿਤੀ ਦਾ ਪਾਲਣ ਕਰੋ।8।

ਭਾਸ਼ਾ ਸਮਿਤੀ : ਕਰੋਧ, ਮਾਨ, ਮਾਇਆ, ਲੋਭ, ਗੁੱਸਾ, ਡਰ ਬਹੁਤੀਆਂ ਗੱਲਾਂ ਕਰਨਾ ਅਤੇ ਵਿਕੱਥਾ (ਝੂਠੀਆਂ ਕਿੱਸੇ ਕਹਾਣੀਆਂ) ਦੇ ਪ੍ਰਤੀ ਹਮੇਸ਼ਾ ਵਿਵੇਕ ਰੱਖੇ।9।

ਬੁੱਧੀਮਾਨ (ਵਰਤਾਂ ਦੀ ਦ੍ਰਿੜਤਾ ਨਾਲ ਪਾਲਣ ਕਰਨ ਵਾਲਾ) ਇਨ੍ਹਾਂ ਅੱਠ ਦੋਸ਼ਾਂ ਨੂੰ ਛੱਡ ਕੇ ਬੋਲਣ ਸਮੇਂ ਦੋਸ਼ ਰਹਿਤ ਅਤੇ ਸੰਖੇਪ ਭਾਸ਼ਾ ਬੋਲੇ ।10।

ਏਸ਼ਨਾ ਸਮਿਤੀ : ਗਵੇਸ਼ਨਾ (ਭੋਜਨ ਮੰਗਣ ਦੀ ਇੱਛਾ ਹੋਣ) ਗ੍ਰਹਿ ਏਸ਼ਨਾ (ਵਿਚਾਰ ਪੂਰਵਕ ਨਿਰਦੋਸ਼ ਗ੍ਰਹਿਣ ਕਰਨਾ) ਅਤੇ ਪਰਿਭੋਗੇਸ਼ਨਾ (ਜਦ ਭੋਜਨ ਦਾ ਸਮਾਂ ਹੋਵੇ ਤਾਂ ਭੋਜਨ ਵਿਚ ਕੋਈ ਨੁਕਸ ਤੇ ਦੋਸ਼ ਵੇਖੇ ਬਗੈਰ ਗ੍ਰਹਿਣ ਕਰਨਾ) ਉਪਧਿ (ਭਾਂਡੇ ਤੇ ਕੱਪੜੇ ਅਤੇ ਆਸਨ ਇਨ੍ਹਾਂ ਤਿੰਨਾਂ) ਦੀ ਸ਼ੁੱਧੀ ਕਰੇ।11।

ਸੰਜਮ ਸ਼ੀਲ ਮੁਨੀ ਪਹਿਲਾਂ ਏਸ਼ਨਾ (ਭੋਜਨ ਦੀ ਦੇਖਭਾਲ) ਵਿਚ ਪੈਦਾ ਤੇ ਪ੍ਰਗਟ ਹੋਏ ਦੋਸ਼ਾਂ ਦੀ ਸ਼ੁੱਧੀ ਕਰੇ। ਦੂਸਰੀ ਏਸ਼ਨਾ ਵਿਚ ਭੋਜਨ ਆਦਿ ਗ੍ਰਹਿਣ ਕਰਨ ਵਾਲੇ ਦੋਸ਼ਾਂ ਦੀ ਸ਼ੁੱਧੀ ਕਰੇ। ਤੀਸਰੀ ਏਸ਼ਨਾ ਵਿਚ

ਆਸਣ, ਕੱਪੜੇ ਅਤੇ ਭਾਂਡਿਆਂ ਦੀ ਸ਼ੁੱਧੀ ਕਰੇ।12।

ਆਦਾਨ ਨਿਕਸ਼ੇਪ ਸਮਿਤੀ : ਮੁਨੀ ਔਂਗ ਉਪਧਿ (ਆਮ ਵਰਤੋਂ ਦੀਆਂ ਚੀਜ਼ਾਂ) ਅਤੇ ਔਪਗ੍ਰਹਿਕ ਉਪਧਿ (ਵਿਸ਼ੇਸ਼ ਵਰਤੋਂ ਦੀਆਂ ਚੀਜ਼ਾਂ) ਦੋਹਾਂ ਪ੍ਰਕਾਰ ਦੀਆਂ ਚੀਜ਼ਾਂ ਦਾ ਲੈਣ ਤੇ ਰੱਖਣ ਦਾ ਢੰਗ ਇਸ ਪ੍ਰਕਾਰ ਹੈ।13।

ਵਿਵੇਕ ਪੂਰਵਕ ਕੰਮ ਕਰਨ ਵਾਲਾ ਸੰਜਮੀ ਦੋਹੇ ਪ੍ਰਕਾਰ ਦੀਆਂ ਵਸਤਾਂ ਨੂੰ ਅੱਖਾਂ ਨਾਲ ਵੇਖ ਕੇ ਅਤੇ ਰਜੋਹਰਨ (ਉੱਘਾ) ਔਖੇ ਨਾਲ ਝਾੜ ਕੇ ਲਵੇ ਅਤੇ ਰੱਖੇ।14।

ਪਰਿਸ਼ਠਾਪਨਾ ਸਮਿਤੀ : ਮਲ, ਟੱਟੀ, ਮੂਤ, ਬਲਗਮ, ਨੱਕ ਦੀ ਮੈਲ, ਸਰੀਰ ਦੀ ਮੈਲ, ਭੋਜਨ, ਉਪਧਿ ਅਤੇ ਸਰੀਰ ਅਤੇ ਹੋਰ ਕੋਈ ਵੀ ਸੁੱਟਣ ਯੋਗ ਵਸਤੂ ਵਿਵੇਕ (ਸਾਵਧਾਨੀ) ਨਾਲ ਕਿਸੇ ਅਗਿਆਤ ਜਾਂ ਸੁੰਨੀ ਥਾਂ ਤੇ ਸੁੱਟੇ।15।

(1) ਅਨਾਪਾਤ ਅਸੰਲੋਕ – ਜਿੱਥੇ ਲੋਕਾਂ ਦੀ ਆਵਾਜਾਈ ਨਾ ਹੋਵੇ ਅਤੇ ਲੋਕ ਦੋਰੋਂ ਵੀ ਨਾ ਵਿਖਾਈ ਦਿੰਦੇ ਹੋਣ।

(2) ਅਨਾਪਾਤ ਸੰਲੋਕ – ਲੋਕਾਂ ਦੀ ਆਵਾਜਾਈ ਨਾ ਹੋਵੇ ਪਰ ਲੋਕ ਦੂਰ ਤੋਂ ਵੇਖਦੇ ਹੋਣ।

(3) ਆਪਾਤ ਅਸੰਲੋਕ – ਲੋਕਾਂ ਦੀ ਆਵਜਾਈ ਹੋਵੇ ਪਰ ਉਹ ਨਾ ਦਿਖਦੇ ਹੋਣ।

(4) ਆਪਾਤ ਸੰਲੋਕ – ਲੋਕਾਂ ਦੀ ਆਵਾਜਾਈ ਹੋਵੇ ਅਤੇ ਉਹ ਦਿਖਦੇ ਵੀ ਹੋਣ ਇਹ ਚਾਰ ਪ੍ਰਕਾਰ ਦੀ ਸਥੰਡਿਲ ਭੂਮੀ ਹੁੰਦੀ ਹੈ।16।

ਜੋ ਭੂਮੀ ਅਨਾਪਾਤ ਅਸੰਲੋਕ (ਜਿੱਥੇ ਲੋਕਾਂ ਦੀ ਆਵਾਜਾਈ ਵੀ ਨਾ

ਹੋਵੇ ਤੇ ਨਾ ਹੀ ਉਹ ਵਿਖਾਈ ਦਿੰਦੇ ਹੋਣ) ਜੀਵਘਾਤ ਤੋਂ ਰਹਿਤ ਹੋਵੇ, ਬਰਾਬਰ ਹੋਵੇ, ਘਾਹ ਆਦਿ ਨਾਲ ਨਾ ਢੱਕੀ ਹੋਵੇ ਅਤੇ ਕੁਝ ਸਮੇਂ ਪਹਿਲਾਂ ਜੀਵ ਰਹਿਤ ਹੋਈ ਹੋਵੇ। ਅਜਿਹੀ ਥਾਂ ਤੇ ਮਲ ਮੂਤਰ ਦਾ ਤਿਆਗ ਕਰੇ।17।

ਵਿਸ਼ਾਲ ਫੈਲੀ ਹੋਵੇ, ਪਿੰਡ ਤੋਂ ਦੂਰ ਹੋਵੇ। ਬਹੁਤ ਹੇਠਾਂ ਤੱਕ ਨਿਰਜੀਵ ਹੋਵੇ, ਖੱਡਾਂ ਤੋਂ ਰਹਿਤ ਹੋਵੇ, ਹਿੱਲਣ ਚੱਲਣ ਵਾਲ ਜੀਵਾਂ ਅਤੇ ਬੀਜਾਂ ਤੋਂ ਰਹਿਤ ਹੋਵੇ। ਅਜਿਹੀ ਥਾਂ ਤੇ ਮੱਲ ਮੂਤਰ ਸੁੱਟਣਾ ਚਾਹੀਦਾ ਹੈ।18।

ਇਹ ਪੰਜ ਸਮਿਤੀਆਂ ਸੰਖੇਪ ਵਿਚ ਆਖੀਆਂ ਗਈਆਂ ਹਨ। ਹੁਣ ਇੱਥੇ ਤਿੰਨ ਗੁਪਤੀਆਂ ਆਖਾਂਗਾ।19।

ਮਨ ਗੁਪਤੀ ਚਾਰ ਪ੍ਰਕਾਰ ਦੀ ਹੈ : (1) ਸੱਚ (2) ਝੂਠ (3) ਸੱਚ ਤੇ ਝੂਠ (4) ਨਾ ਸੱਚ ਨਾ ਹੀ ਝੂਠ।20।

ਵਿਵੇਕ ਵਾਲਾ ਮੁਨੀ ਸਾਰੰਬ (ਕਿਸੇ ਜੀਵ ਨੂੰ ਮਾਰਨਾ ਇਹ ਭਾਵਨਾ ਸਾਰੰਬ ਹੈ) ਸਮਾਰੰਬ (ਕਿਸੇ ਨੂੰ ਕਸ਼ਟ ਤੇ ਮਾਰ ਕੁੱਟਣ ਦਾ ਇਰਾਦਾ ਕਰਨਾ ਸਮਾਰੰਬ ਹੈ)। ਅਤੇ ਆਰੰਭ (ਕਿਸੇ ਨੂੰ ਗੁੱਸੇ ਨਾਲ ਮਾਰ ਦੇਣਾ) ਵਿਚ ਲੱਗੇ ਮਨ ਨੂੰ ਆਜ਼ਾਦ ਕਰੇ।21।

ਬਚਨ ਗੁਪਤੀ : ਬਚਨ ਗੁਪਤੀ ਚਾਰ ਪ੍ਰਕਾਰ ਦੀ ਹੈ :

(1) ਸੱਚ (2) ਝੂਠ (3) ਸੱਚ ਝੂਠ (4) ਨਾ ਸੱਚ ਤੇ ਨਾ ਝੂਠ।22।

ਸੰਜਮੀ ਮੁਨੀ ਸਾਰੰਬ, ਸਾਮਾਰੰਬ ਅਤੇ ਆਰੰਭ ਨੂੰ ਬਚਨ ਰਾਹੀਂ ਤਿਆਗ ਦੇਵੇ।23।

ਕਾਇਆ ਗੁਪਤੀ : ਖੜ੍ਹੇ ਹੋਣ, ਬੈਠਣ, ਸੌਣ, ਰਸਤੇ ਵਿਚ ਲੰਘਣ ਲੱਗਿਆਂ, ਆਮ ਚੱਲਣ ਫਿਰਨ ਲੱਗਿਆਂ, ਇੰਦਰੀਆਂ ਸ਼ਬਦ ਆਦਿ ਵਿਸ਼ੇ

ਵਿਕਾਰਾਂ ਤੋਂ ਵਿਵੇਕ ਨਾਲ ਸਰੀਰ ਨੂੰ ਬਚਾਉਣਾ ਚਾਹੀਦਾ ਹੈ।24।

ਸੰਜਮੀ ਮੁਨੀ ਸਾਰੰਬ, ਸਮਾਰੰਬ ਅਤੇ ਆਰੰਬ ਵਿਚ ਲੱਗੇ ਸਰੀਰ (ਕਾਇਆ) ਨੂੰ ਹਟਾਵੇ।25।

ਇਹ ਪੰਜ ਸਮਿਤੀਆਂ ਚਾਰਿੱਤਰ ਦੇ ਪਾਲਣ ਲਈ ਹਨ। ਇਹ ਤਿੰਨ ਗੁਪਤੀਆਂ ਸਾਰੇ ਬੁਰੇ ਵਿਸ਼ਿਆਂ ਤੋਂ ਛੁਟਕਾਰਾ ਪਾਉਣ ਲਈ ਹਨ।26।

ਜੋ ਮੁਨੀ ਇਨ੍ਹਾਂ ਪ੍ਰਵਚਨ ਮਾਂਵਾਂ ਦਾ ਸੱਚੇ ਭਾਵ ਨਾਲ ਪਾਲਣ ਕਰਦਾ ਹੈ। ਉਹ ਪੰਡਤ ਸਾਰੇ ਸੰਸਾਰ ਦੇ ਚੱਕਰ ਤੋਂ ਛੇਤੀ ਛੁਟਕਾਰਾ ਪਾ ਲੈਂਦਾ ਹੈ।27।

ਇਸ ਪ੍ਰਕਾਰ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 25

ਲੱਤ, ਮੁੱਕੇ ਆਦਿ ਮਾਰਨ ਦੀ ਇੱਛਾ ਕਰਨਾ ਸਾਰੰਬ ਹੈ। ਦੂਸਰੇ ਨੂੰ ਕਸ਼ਟ ਦੇਣ ਲਈ ਲੱਤ ਮੁੱਕੇ ਦਾ ਪ੍ਰਯੋਗ ਕਰਨਾ ਸਮਾਰੰਬ ਹੈ।

ਜੇ ਇਹਨਾਂ ਇੱਛਾਵਾਂ ਨਾਲ ਜੀਵ ਦਾ ਨਾਸ਼ ਹੋ ਜਾਵੇ ਤਾ ਉਸ ਨੂੰ ਆਰੰਬ ਆਖਦੇ ਹਨ।

# 25.
# ਯੱਗੀਆ ਅਧਿਐਨ

ਭਗਵਾਨ ਮਹਾਵੀਰ ਦਾ ਸਮਾਂ ਹਿੰਸਕ ਯੱਗਾਂ ਦਾ ਸਮਾਂ ਮੰਨਿਆ ਜਾਂਦਾ ਹੈ। ਲਗਭਗ ਸਾਰੇ ਦੇਸ਼ ਵਿਚ ਬ੍ਰਾਹਮਣ ਯੱਗ ਦੀਆਂ ਕ੍ਰਿਆਵਾਂ ਵਿਚ ਲੱਗੇ ਰਹਿੰਦੇ ਸਨ। ਭਗਵਾਨ ਮਹਾਵੀਰ ਨੇ ਇਸ ਅਧਿਐਨ ਰਾਹੀਂ ਸੱਚੇ ਬ੍ਰਾਹਮਣ, ਯੱਗ ਦਾ ਸੱਚਾ ਸਵਰੂਪ (ਅਰਥ) ਸਮਝਾਇਆ ਹੈ।

ਵਾਰਾਣਸੀ ਸ਼ਹਿਰ ਵਿਖੇ ਜੈ ਘੋਸ਼ ਤੇ ਵਿਜੈ ਘੋਸ਼ ਨਾਮਕ ਦੋ ਕਸ਼ਯਪ ਗੋਤਰੀ ਕ੍ਰਿਆਕਾਂਡੀ ਬ੍ਰਾਹਮਣ ਰਹਿੰਦੇ ਸਨ। ਇਕ ਦਿਨ ਜੈ ਘੋਸ਼ ਨੇ ਗੰਗਾ ਦੇ ਕਿਨਾਰੇ ਇਕ ਸੱਪ ਨੂੰ ਡੱਡੂ ਖਾਂਦੇ ਵੇਖਿਆ। ਥੋੜ੍ਹਾ ਸਮਾਂ ਬਾਅਦ ਇਕ ਨਿਉਲਾ ਆਇਆ ਉਹ ਵੀ ਸੱਪ ਨੂੰ ਖਾ ਗਿਆ। ਇਹ ਸਭ ਕੁਝ ਵੇਖ ਕੇ ਜੈ ਘੋਸ਼ ਨੂੰ ਵੈਰਾਗ ਹੋ ਗਿਆ ਅਤੇ ਉਹ ਸਾਧੂ ਬਣ ਗਿਆ।

ਇਕ ਦਿਨ ਮੁਨੀ ਜੈ ਘੋਸ਼, ਵਾਰਾਣਸੀ ਵਿਖੇ ਇਕ ਯੱਗ ਮੰਡਪ ਵਿਚ ਭੋਜਨ ਲਈ ਗਿਆ। ਉੱਥੇ ਉਸ ਦਾ ਭਰਾ ਵਿਜੈ ਘੋਸ਼ ਯੱਗ ਕਰਾ ਰਿਹਾ ਸੀ। ਪਰ ਉਹ ਮੁਨੀ ਜੈ ਘੋਸ਼ ਨੂੰ ਪਛਾਣ ਨਾ ਸਕਿਆ ਕਿਉਂ ਕਿ ਜੈ ਘੋਸ਼ ਦਾ ਸਰੀਰ ਤਪੱਸਿਆ ਕਾਰਨ ਸੁੱਕ ਚੁੱਕਾ ਸੀ। ਜੈ ਘੋਸ਼ ਨੇ ਭੋਜਨ ਮੰਗਿਆ। ਪਰ ਵਿਜੈ ਘੋਸ਼ ਨੇ ਇਨਕਾਰ ਕਰ ਦਿੱਤਾ। ਇਸ ਤੇ ਜੈ ਘੋਸ਼ ਨੇ ਆਪਣੇ ਭਰਾ ਨੂੰ ਸੱਚੇ ਯੱਗ ਤੇ ਸੱਚੇ ਬ੍ਰਾਹਮਣ ਦਾ ਭੇਦ ਦੱਸਿਆ। ਇਹ ਸਾਰਾ ਵਾਰਤਾਲਾਪ ਇਸ ਅਧਿਐਨ ਵਿਚ ਦਰਜ ਹੈ।

ਇਸ ਅਧਿਐਨ ਤੋਂ ਸਿੱਧ ਹੁੰਦਾ ਹੈ ਕਿ ਜੈਨ ਧਰਮ ਵਿਚ ਬ੍ਰਾਹਮਣਾਂ

ਦੇ ਕਿਸੇ ਕਿਰਿਆ ਕਾਂਡ ਲਈ ਕੋਈ ਸਥਾਨ ਨਹੀਂ। ਜੈਨ ਧਰਮ, ਬ੍ਰਾਹਮਣਾ ਮੁਤਾਬਿਕ ਜਾਤ ਪਾਤ, ਛੂਆ ਛੂਤ, ਵਰਨ ਵਿਵਸਥਾ ਤੇ ਹਿੰਸਕ ਯੱਗਾਂ ਦੀ ਪਰੰਪਰਾ ਅਤੇ ਵੇਦਾਂ ਨੂੰ ਨਹੀਂ ਮੰਨਦਾ। ਜੈਨ ਧਰਮ ਵਿਚ ਜਾਤ ਦਾ ਆਧਾਰ ਕਰਮ (ਕੰਮ) ਹੈ ਨਾ ਕਿ ਜਨਮ।

# ਪੱਚੀਵਾਂ ਅਧਿਐਨ

ਬ੍ਰਾਹਮਣ ਕੁਲ ਵਿਚ ਪੈਦਾ ਹੋਇਆ ਮਹਾਨ ਯਸ਼ ਵਾਲਾ, ਜੈ ਘੋਸ਼ ਨਾਮਕ ਬ੍ਰਾਹਮਣ ਵਾਰਾਣਸੀ ਵਿਚ ਰਹਿੰਦਾ ਸੀ। ਸੋ ਹਿੰਸਕ ਅਤੇ ਜਮਦੂਤ ਰੂਪ ਵਿਚ ਯੱਗ ਕਰਦਾ ਸੀ।1।

ਉਹ ਇੰਦਰੀਆਂ ਤੇ ਕਾਬੂ ਕਰਨ ਵਾਲਾ, ਮੁਕਤੀ ਦੇ ਰਾਹ ਤੇ ਚੱਲਣ ਵਾਲਾ ਮੁਨੀ ਬਣ ਗਿਆ। ਇਕ ਦਿਨ ਉਹ ਪਿੰਡ ਪਿੰਡ ਫਿਰਦਾ ਹੋਇਆ ਵਾਰਾਣਸੀ ਨਾਉਂ ਦੇ ਸ਼ਹਿਰ ਵਿਚ ਪੁੱਜਾ।2।

ਉਹ ਮੁਨੀ ਵਾਰਾਣਸੀ ਨਗਰ ਦੇ ਬਾਹਰ, ਮਨੋਰਮ ਨਾਉਂ ਦੇ ਬਾਗ ਵਿਚ ਪ੍ਰਾਸ਼ੁਕ (ਅਜੀਵ) ਨਿਰਦੋਸ਼ ਆਸਨ ਅਤੇ ਵਿਛੌਣੇ ਤੇ ਵਿਰਾਜਮਾਨ ਹੋ ਕੇ ਨਿਵਾਸ ਕਰਨ ਲੱਗਾ।3।

ਉਸ ਸਮੇਂ ਉਸ ਨਗਰ ਵਿਚ ਵੇਦਾਂ ਦਾ ਜਾਣਕਾਰ, ਵਿਜੈ ਘੋਸ਼ ਨਾਉਂ ਦਾ ਇਕ ਬ੍ਰਾਹਮਣ ਯੱਗ ਕਰ ਰਿਹਾ ਸੀ।4।

ਉਸ ਸਮੇਂ ਉਹ ਅਨਗਾਰ (ਮੁਨੀ) ਇਕ ਇਕ ਮਹੀਨੇ ਦਾ ਤਪ ਕਰਦਾ ਸੀ। ਵਰਤ ਖੋਲ੍ਹਣ ਲਈ ਉਹ ਵਿਜੈ ਘੋਸ਼ ਦੇ ਯੱਗ ਵਿਚ ਭਿੱਖਿਆ ਲੈਣ ਲਈ ਆਇਆ।5।

ਜਦੋਂ ਜੈ ਘੋਸ਼ ਮੁਨੀ ਉਸ ਯੱਗ ਵਿਚ ਭਿੱਖਿਆ ਦੇ ਲਈ ਪਹੁੰਚਿਆ ਤਾਂ ਯੱਗ ਕਰਨ ਵਾਲੇ ਵਿਜੈ ਘੋਸ਼ ਨੇ ਇਨਕਾਰ ਕਰਦੇ ਹੋਇਆ ਆਖਿਆ, "ਹੇ ਭਿਕਸ਼ੂ ! ਤੈਨੂੰ ਮੈਂ ਭਿਕਸ਼ਾ ਨਹੀਂ ਦੇਵਾਂਗਾ, ਤੂੰ ਕਿਤੇ ਹੋਰ ਜਾ ਕੇ ਮੰਗ।"।6।

"ਹੇ ਭਿਕਸ਼ੂ ! ਜੋ ਵੇਦਾਂ ਦੇ ਜਾਣਕਾਰ ਬ੍ਰਾਹਮਣ ਹਨ। ਜੋ ਯੱਗ ਕਰਨ ਵਾਲੇ ਬ੍ਰਾਹਮਣ ਹਨ। ਜੋ ਜੋਤਿਸ਼ ਦੇ ਜਾਣਕਾਰ ਹਨ। ਜੋ ਧਰਮ ਸ਼ਾਸਤਰ ਦੇ ਵਿਦਵਾਨ ਹਨ ਅਤੇ ਜੋ ਆਪਣਾ ਅਤੇ ਦੂਸਰੇ ਦੀ ਆਤਮਾ

ਦਾ ਬੇੜਾ ਪਾਰ ਕਰਨ ਵਾਲੇ ਹਨ। ਉਨ੍ਹਾਂ ਲਈ ਸਾਰੀਆਂ ਇਛਾਵਾਂ ਪੂਰਨ ਕਰਨ ਵਾਲਾ ਇਹ ਅੰਨ ਤਿਆਰ ਕੀਤਾ ਗਿਆ ਹੈ''।7-8।

ਇਸ ਪ੍ਰਕਾਰ ਯੱਗ ਵਿਚ ਭੋਜਨ ਨਾ ਮਿਲਣ ਤੇ ਉੱਤਮ ਅਰਥਾਂ ਦਾ ਜਾਣਕਾਰ ਮਹਾਮੁਨੀ ਜੈ ਘੋਸ਼ ਨਾ ਤੇ ਗੁੱਸੇ ਹੋਏ ਅਤੇ ਨਾ ਹੀ ਖੁਸ਼ ਹੋਏ। ਕਿਉਂਕਿ ਉਹ ਤਾਂ ਮੁਕਤੀ ਪਥ ਦੇ ਰਾਹੀ ਸਨ।9।

ਨਾ ਤਾਂ ਅੰਨ ਲਈ, ਨਾ ਹੀ ਪਾਣੀ ਲਈ, ਅਤੇ ਨਾ ਵਸਤਰਾਂ ਦੇ ਨਿਰਵਾਹ ਲਈ, ਪਰ ਉਨ੍ਹਾਂ ਯੱਗ ਕਰਨ ਵਾਲਿਆਂ ਨੂੰ ਕਰਮ ਦੇ ਜੰਜ਼ਾਲ ਤੋਂ ਮੁਕਤ ਕਰਾਉਣ ਦੀ ਭਾਵਨਾ ਨਾਲ, ਜੈ ਘੋਸ਼ ਨੇ ਉਨ੍ਹਾਂ ਪ੍ਰਤੀ ਇਹ ਬਚਨ ਆਖੇ।10।

ਜੈ ਘੋਸ਼ - ਨਾ ਤੁਸੀਂ ਵੇਦਾਂ ਦਾ ਮੁੱਖ ਜਾਣਦੇ ਹੋ, ਨਾ ਹੀ ਯੱਗਾਂ ਦਾ ਮੁੱਖ ਜਾਣਦੇ ਹੋ। ਤੁਸੀਂ ਨਛੱਤਰਾਂ ਦਾ ਮੁੱਖ ਵੀ ਨਹੀਂ ਜਾਣਦੇ ਅਤੇ ਧਰਮ ਦਾ ਜੋ ਮੁੱਖ ਹੈ ਉਸ ਦਾ ਤੁਹਾਨੂੰ ਗਿਆਨ ਨਹੀਂ ਹੈ, ਜੋ ਆਪਣੇ ਅਤੇ ਪਰਾਏ ਦੀ ਆਤਮਾ ਦਾ ਕਲਿਆਣ ਕਰਨ ਵਿਚ ਸਮਰੱਥ ਹਨ ਉਨ੍ਹਾਂ ਨੂੰ ਵੀ ਤੁਸੀਂ ਨਹੀਂ ਜਾਣਦੇ ਹੋ। ਜੇ ਜਾਣਦੇ ਹੋ ਤਾਂ ਆਖੋ।11-12।

ਉਹ ਮੁਨੀ ਦੇ ਇਤਰਾਜਾਂ ਦਾ ਉੱਤਰ ਦੇਣ ਵਿਚ ਅਸਮਰਥ ਹੋਇਆ। ਬ੍ਰਾਹਮਣ ਵਿਜੈ ਘੋਸ਼ ਆਪਣੀ ਸੰਗਤ ਸਮੇਤ ਹੱਥ ਜੋੜ ਕੇ ਉਸ ਮਹਾਮੁਨੀ ਜੈ ਘੋਸ਼ ਤੋਂ ਪੁੱਛਣ ਲੱਗਾ।13।

ਵਿਜੈ ਘੋਸ਼ - ਹੇ ਸਾਧੂ ! ਵੇਦਾਂ ਦਾ ਮੁੱਖ ਦੱਸੋ ! ਯੱਗਾਂ ਦਾ ਮੁੱਖ ਦੱਸੋ ! ਨਛੱਤਰਾਂ ਦਾ ਮੁੱਖ ਦੱਸੋ ! ਧਰਮ ਦਾ ਮੁੱਖ ਦੱਸੋ ! ਅਤੇ ਜੋ ਆਪਣਾ ਆਤਮਾ ਦੇ ਕਲਿਆਣ ਕਰਨ ਵਿਚ ਸਮਰਥ ਹਨ ਉਸ ਨੂੰ ਵੀ ਆਖੋ। ਮੇਰੇ ਇਹ ਸਾਰੇ ਸ਼ੱਕ ਹਨ। ਮੇਰੇ ਇਹ ਪ੍ਰਸ਼ਨ ਪੁੱਛਣ ਤੇ ਤੁਸੀਂ ਇਸ ਦਾ ਉੱਤਰ ਜ਼ਰੂਰ ਦੇਵੋ।14-15।

ਅਗਨੀ ਹੋਤਰ (ਹਵਨ) ਜੋ ਵੇਦਾਂ ਦਾ ਮੁੱਖ ਹੈ। ਯੱਗਾਂ ਦਾ ਮੁੱਖ ਯੱਗ ਕਰਨ ਵਾਲਾ ਹੈ, ਚੰਦਰਮਾ ਨੱਛਤਰਾਂ ਦਾ ਮੁੱਖ ਹੈ ਅਤੇ ਧਰਮ ਦਾ ਮੁੱਖ ਕਸ਼ਯੱਪ ਭਗਵਾਨ ਰਿਸ਼ਵਦੇਵ ਹਨ।16।

ਜਿਸ ਪ੍ਰਕਾਰ ਮਹਾਨ ਚੰਦਰਮਾ ਨੂੰ ਮਨੋਹਰ ਨਛੱਤਰ, ਤਾਰੇ ਹੱਥ ਜੋੜ ਕੇ ਨਮਸਕਾਰ ਕਰਦੇ ਹਨ ਇਸ ਪ੍ਰਕਾਰ ਇੰਦਰ ਆਦਿ ਦੇਵਤਾ ਭਗਵਾਨ ਰਿਸ਼ਵਦੇਵ ਆਦਿ ਤੀਰਥੰਕਰਾਂ ਨੂੰ ਨਮਸਕਾਰ ਕਰਦੇ ਹਨ ਤੇ ਸੇਵਾ ਕਰਦੇ ਹਨ।17।

ਹੇ ਯੱਗਵਾਦੀ ਬ੍ਰਾਹਮਣੋ ! ਤੁਸੀਂ ਬ੍ਰਾਹਮਣਾਂ ਦੀ ਵਿੱਦਿਆ ਅਤੇ ਸੰਪਤੀ ਤੋਂ ਅਨਜਾਣ ਹੋ ਅਤੇ ਵਿੱਦਿਆ ਅਧਿਐਨ ਤੇ ਤੱਥ ਬਾਰੇ ਵੀ ਮੂਰਖ ਹੋ। ਤੁਸੀਂ ਤੇ ਰਾਖ ਹੇਠ ਦੱਬੀ ਅੱਗ ਦੇ ਸਮਾਨ ਹੋ ਜੋ ਕਿ ਢਕੀ ਹੋਣ ਕਾਰਨ ਬਾਹਰੋਂ ਤਾਂ ਸ਼ਾਂਤ (ਠੰਡੀ) ਨਜ਼ਰ ਆਉਂਦੀ ਹੈ ਅਤੇ ਉਸ ਦੇ ਅੰਦਰ ਤਾਪ (ਗਰਮੀ) ਬਣੀ ਰਹਿੰਦੀ ਹੈ।18।

ਜਿੰਨ੍ਹਾਂ ਨੂੰ ਕੁਸ਼ਲ ਪੁਰਸ਼ਾਂ ਨੇ ਬ੍ਰਾਹਮਣ ਕਿਹਾ ਹੈ ਅਤੇ ਜੋ ਸੰਸਾਰ ਵਿਚ ਅੱਗ ਦੇ ਸਮਾਨ ਪੂਜੇ ਜਾਂਦੇ ਹਨ ਉਸ ਨੂੰ ਅਸੀਂ ਬ੍ਰਾਹਮਣ ਆਖਦੇ ਹਾਂ।19।

ਜੋ ਆਪਣੇ ਰਿਸ਼ਤੇਦਾਰਾਂ ਪ੍ਰਤੀ ਲਗਾਵ ਦੀ ਭਾਵਨਾ ਨਹੀਂ ਰੱਖਦਾ ਅਤੇ ਸੰਜਮ ਗ੍ਰਹਿਣ ਕਰਨ ਲੱਗਿਆਂ ਨਹੀਂ ਸੋਚਦਾ ਜੋ ਆਰਿਆ ਪ੍ਰਵਚਨ (ਮਹਾਪੁਰਸ਼ਾਂ ਦੇ ਬਚਨ) ਵਿਚ ਸ਼ਰਧਾ ਰੱਖਦਾ ਹੈ ਉਸ ਨੂੰ ਅਸੀਂ ਬ੍ਰਾਹਮਣ ਆਖਦੇ ਹਾਂ।20।

ਜਿਵੇਂ ਅੱਗ ਨਾਲ ਸ਼ੁੱਧ ਕੀਤਾ ਸੋਨਾ ਚਮਕਦਾਰ ਅਤੇ ਪਵਿੱਤਰ ਹੁੰਦਾ ਹੈ ਇਸੇ ਪ੍ਰਕਾਰ ਜੋ ਰਾਗ ਦਵੇਸ਼ ਅਤੇ ਭੈ ਤੋਂ ਰਹਿਤ ਹੈ, ਅਸੀਂ ਉਸ ਨੂੰ ਬ੍ਰਾਹਮਣ ਆਖਦੇ ਹਾਂ।21।

ਜੋ ਤਪੱਸਵੀ, ਕਮਜ਼ੋਰ ਅਤੇ ਇੰਦਰੀਆਂ ਤੇ ਕਾਬੂ ਪਾਉਣ ਵਾਲਾ ਹੈ। ਜਿਸ ਦੇ ਸਰੀਰ ਵਿਚ ਤੱਪ ਕਾਰਨ ਮਾਂਸ ਅਤੇ ਖੂਨ ਘੱਟ ਗਿਆ ਹੈ, ਜੋ ਵਰਤਾਂ ਦਾ ਪਾਲਣ ਕਰਨ ਵਾਲਾ ਅਤੇ ਜੋ ਨਿਰਵਾਨ ਨੂੰ ਪ੍ਰਾਪਤ ਹੋ ਗਿਆ ਹੈ ਅਸੀਂ ਉਸ ਨੂੰ ਬ੍ਰਾਹਮਣ ਆਖਦੇ ਹਾਂ।22।

ਜੋ ਤਰੱਸ (ਹਿੱਲਣ ਚੱਲਣ ਵਾਲੇ) ਤੇ ਸਥਾਵਰ (ਸਥਿਰ) ਜੀਵਾਂ ਦੀ ਮਨ ਬਚਨ ਤੇ ਕਾਇਆ ਨਾਲ ਜਾਣ ਬੁੱਝ ਕੇ ਹਿੰਸਾ ਨਹੀਂ ਕਰਦਾ ਉਸ ਨੂੰ ਅਸੀਂ ਬ੍ਰਾਹਮਣ ਆਖਦੇ ਹਾਂ।23।

ਜੋ ਕਰੋਧ ਨਾਲ, ਲੋਭ ਨਾਲ, ਹਾਸੇ ਤੇ ਡਰ ਨਾਲ ਵੀ ਝੂਠ ਨਹੀਂ ਬੋਲਦਾ ਅਸੀਂ ਉਸ ਨੂੰ ਬ੍ਰਾਹਮਣ ਆਖਦੇ ਹਾਂ।24।

ਜਿੰਨੇ ਵੀ ਜੀਵ ਤੇ ਅਜੀਵ ਥੋੜ੍ਹੇ ਜਾਂ ਬਹੁਤੇ ਪਦਾਰਥ ਹਨ ਜੋ ਉਨ੍ਹਾਂ ਨੂੰ ਬਿਨਾਂ ਦਿੱਤੇ ਗ੍ਰਹਿਣ ਨਹੀਂ ਕਰਦਾ ਅਸੀਂ ਉਸ ਨੂੰ ਬ੍ਰਾਹਮਣ ਆਖਦੇ ਹਾਂ।25।

ਜੋ ਦੇਵਤੇ, ਮਨੁੱਖ ਅਤੇ ਪਸ਼ੂ ਸਬੰਧੀ ਕਾਮ-ਭੋਗਾਂ ਨੂੰ ਮਨ, ਬਚਨ ਤੇ ਸਰੀਰ ਰਾਹੀਂ ਨਹੀਂ ਭੋਗਦਾ, ਅਸੀਂ ਉਸ ਨੂੰ ਬ੍ਰਾਹਮਣ ਆਖਦੇ ਹਾਂ।26।

ਜਿਵੇਂ ਕਮਲ ਪਾਣੀ ਵਿਚ ਪੈਦਾ ਹੁੰਦਾ ਹੈ ਪਰ ਪਾਣੀ ਤੋਂ ਉਪਰ ਰਹਿੰਦਾ ਹੈ। ਇਸ ਪ੍ਰਕਾਰ ਜੋ ਕਾਮ-ਭੋਗਾਂ ਤੋਂ ਉਪਰ ਰਹਿੰਦਾ ਹੈ ਅਸੀਂ ਉਸ ਨੂੰ ਬ੍ਰਾਹਮਣ ਆਖਦੇ ਹਾਂ।27।

ਜੋ ਰਸ ਆਦਿ ਦੀ ਇੱਛਾ ਰੱਖਦਾ, ਜੋ ਸ਼ੁੱਧ ਭੋਜਨ ਕਰਦਾ ਹੈ ਘਰ ਛੱਡ ਚੁੱਕਾ ਹੈ। ਜੋ ਲਗਾਵ ਤੋਂ ਰਹਿਤ ਸਾਧੂ ਅਤੇ ਤਿਆਗੀ ਹੈ ਅਤੇ ਗ੍ਰਹਿਸਥੀ ਨਾਲ ਸਬੰਧ ਨਹੀਂ ਰੱਖਦਾ। ਅਸੀਂ ਉਸ ਨੂੰ ਬ੍ਰਾਹਮਣ ਆਖਦੇ ਹਾਂ।28।

ਜੋ ਪਿਛਲੇ ਸਬੰਧੀਆਂ ਅਤੇ ਜਾਤੀ ਵਾਲੇ ਅਤੇ ਭਰਾਵਾਂ ਦੇ

ਰਿਸ਼ਤੇਦਾਰਾਂ ਨੂੰ ਛੱਡ ਕੇ ਫਿਰ ਕਾਮ ਭੋਗਾਂ ਵੱਲ ਨਹੀਂ ਖਿੱਚਿਆ ਜਾਂਦਾ ਉਸਨੂੰ ਅਸੀਂ ਬ੍ਰਾਹਮਣ ਆਖਦੇ ਹਾਂ।29।

ਸਾਰੇ ਵੇਦ ਪਸ਼ੂਆਂ ਦੇ ਕਤਲ ਕਰਨ ਦਾ ਅਤੇ ਗੁਲਾਮ ਰੱਖਣ ਦਾ ਉਪਦੇਸ਼ ਦਿੰਦੇ ਹਨ। ਯੱਗ ਪਾਪ ਕਰਮਾਂ ਦਾ ਕਾਰਨ ਹਨ। ਵੇਦ, ਯੱਗ, ਪਾਠੀ ਜਾਂ ਯੱਗ ਕਰਨ ਵਾਲੇ ਦੀ ਰੱਖਿਆ ਨਹੀਂ ਕਰ ਸਕਦੇ ਕਿਉਂਕਿ ਕਰਮ ਬਲਵਾਨ ਹਨ।30।

ਸਿਰਫ ਸਿਰ ਮੁਨਾਉਣ ਨਾਲ ਕੋਈ ਸ੍ਰਮਣ ਨਹੀਂ ਹੁੰਦਾ। ਕੇਵਲ ਓਂਕਾਰ ਆਖਣ ਨਾਲ ਕੋਈ ਬ੍ਰਾਹਮਣ ਨਹੀਂ ਹੁੰਦਾ। ਜੰਗਲ ਵਿਚ ਰਹਿਣ ਨਾਲ ਕੋਈ ਮੁਨੀ ਨਹੀਂ ਹੁੰਦਾ, ਘਾਹ ਫੂਸ ਦੇ ਕੱਪੜੇ ਪਾਉਣ ਨਾਲ ਕੋਈ ਤਪੱਸਵੀ ਨਹੀਂ ਹੁੰਦਾ।31।

ਸੱਮਭਾਵ (ਰਾਗ ਦਵੇਸ਼ ਤੋਂ ਮੁਕਤ ਹੋਣ) ਨਾਲ ਸ੍ਰਮਣ, ਬ੍ਰਹਮਚਰਜ ਨਾਲ ਬ੍ਰਾਹਮਣ ਗਿਆਨ ਨਾਲ ਮੁਨੀ ਅਤੇ ਤੱਪ ਨਾਲ ਤਪੱਸਵੀ ਹੁੰਦਾ ਹੈ।32।

ਕੰਮ ਤੋਂ ਬ੍ਰਾਹਮਣ ਕੰਮ ਤੋਂ ਖੱਤਰੀ, ਕੰਮ ਤੋਂ ਬਾਣੀਆਂ ਅਤੇ ਕੰਮ ਤੋਂ ਹੀ ਸ਼ੂਦਰ ਹੁੰਦਾ ਹੈ।33।

ਇਸ ਪ੍ਰਕਾਰ ਦੇ ਧਰਮ ਨੂੰ ਅਰਿਹੰਤ (ਸਰਵੱਗਾਂ) ਨੇ ਪ੍ਰਗਟ ਕੀਤਾ ਹੈ। ਜਿਸ ਧਰਮ ਨੂੰ ਪਾ ਕੇ ਜੀਵ ਕਰਮਾਂ ਤੋਂ ਮੁਕਤ ਹੋ ਜਾਂਦਾ ਹੈ ਉਸ ਨੂੰ ਅਸੀਂ ਬ੍ਰਾਹਮਣ ਕਹਿੰਦੇ ਹਾਂ।34।

ਇਸ ਪ੍ਰਕਾਰ ਦੇ ਗੁਣਾਂ ਨਾਲ ਭਰਪੂਰ ਜੋ ਬ੍ਰਾਹਮਣ ਹਨ ਉਹ ਹੀ ਆਪਣਾ ਤੇ ਦੂਸਰੇ ਦਾ ਕਲਿਆਣ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਲਗਾਉਣ ਵਿਚ ਸਮਰੱਥ ਹਨ।35।

ਇਸ ਪ੍ਰਕਾਰ ਸ਼ੱਕ ਦੂਰ ਹੋਣ ਤੇ ਵਿਜੈ ਘੋਸ਼ ਬ੍ਰਾਹਮਣ ਨੇ ਵਿਚਾਰ

ਕਰਦੇ ਹੋਏ ਜੈ ਘੋਸ਼ ਮੁਨੀ ਨੂੰ ਪਛਾਣ ਲਿਆ ਕਿ ਇਹ ਤਾਂ ਮੇਰਾ ਸਕਾ ਭਰਾ ਹੈ।36।

ਖੁਸ਼ ਹੋਇਆ ਵਿਜੈ ਘੋਸ਼ ਹੱਥ ਜੋੜ ਕੇ ਇਸ ਪ੍ਰਕਾਰ ਆਖਣ ਲੱਗਾ, ਹੇ ਭਗਵਾਨ ! ਆਪ ਨੇ ਬ੍ਰਾਹਮਣ ਦਾ ਸੱਚਾ ਰੂਪ ਮੈਨੂੰ ਫੁਰਮਾਇਆ ਹੈ।37।

ਹੇ ਭਗਵਾਨ ! ਆਪ ਯੱਗਾਂ ਦੇ ਕਰਨ ਵਾਲੇ ਹੋ, ਆਪ ਵੇਦਾਂ ਦੇ ਜਾਣਕਾਰ, ਵੇਦ ਵਿੱਦਿਆ ਦੇ ਪੰਡਤ (ਵਿਦਵਾਨ) ਹੋ, ਆਪ ਜੋਤਿਸ਼ ਦੇ ਜਾਣਕਾਰ ਅਤੇ ਧਰਮ ਨੂੰ ਪ੍ਰਾਪਤ ਕਰਨ ਵਾਲੇ ਹੋ।38।

ਹੇ ਪੁਰਸ਼ੋਤਮ ! ਆਪ ਆਪਣੇ ਅਤੇ ਦੂਸਰੇ ਦੀ ਆਤਮਾ ਦਾ ਕਲਿਆਣ ਕਰਨ ਵਿਚ ਸਮਰੱਥ ਹੋ ਇਸ ਲਈ ਭਿਕਸ਼ਾ ਲੈ ਕੇ ਮੇਰੇ ਤੇ ਕਿਰਪਾ ਕਰੋ।39।

ਜੈ ਘੋਸ਼ : ਹੇ ਬ੍ਰਾਹਮਣ ! ਮੈਨੂੰ ਭੋਜਨ ਦੀ ਇੱਛਾ ਨਹੀਂ ਤੂੰ ਛੇਤੀ ਹੀ ਦੀਖਿਆ ਗ੍ਰਹਿਣ ਕਰਕੇ ਭੈਅ ਵਾਲੇ ਇਸ ਸੰਸਾਰ ਸਾਗਰ ਵਿਚ ਚੱਕਰ ਨਾ ਖਾ, ਇਸ ਨੂੰ ਪਾਰ ਕਰ ਲੈ।40।

ਕਰਮਾਂ ਦਾ ਸੰਗ੍ਰਹਿ ਭੋਗਾਂ ਰਾਹੀਂ ਹੁੰਦਾ ਹੈ, ਅਭੋਗੀ ਜੀਵ ਕਰਮਾਂ ਨਾਲ ਨਹੀਂ ਜੁੜਦਾ। ਭੋਗੀ ਸੰਸਾਰ ਵਿਚ ਘੁੰਮਦਾ ਹੈ ਅਤੇ ਅਭੋਗੀ ਬੰਧਨਾਂ ਤੋਂ ਛੁਟਕਾਰਾ ਪਾ ਜਾਂਦਾ ਹੈ।41।

ਗਿੱਲਾ ਤੇ ਸੁੱਕਾ ਦੋ ਮਿੱਟੀ ਦੇ ਗੋਲੇ ਕੰਧ ਤੇ ਸੁੱਟੇ ਗਏ। ਜੋ ਗਿੱਲਾ ਸੀ ਉਹ ਕੰਧ ਨਾਲ ਜੁੜ ਗਿਆ।42।

ਇਸ ਪ੍ਰਕਾਰ ਜੋ ਮਨੁੱਖ ਵਿਸ਼ੇ ਵਿਕਾਰਾਂ ਵਿਚ ਲੱਗਾ ਹੈ, ਉਸ ਨੂੰ ਹੀ ਕਰਮ ਚਿੰਬੜਦੇ ਹਨ, ਜੋ ਵਿਸ਼ੇ ਵਿਕਾਰਾਂ ਤੋਂ ਮੁਕਤ ਹੈ ਉਸ ਨੂੰ ਕਰਮ ਨਹੀਂ ਲੱਗਦੇ ਜਿਵੇਂ ਸੁੱਕਾ ਗੋਲਾ ਕੰਧ ਨਾਲ ਨਹੀਂ ਚਿਪਕਦਾ।43।

ਇਸ ਪ੍ਰਕਾਰ ਵਿਜੈ ਘੋਸ਼ ਬ੍ਰਾਹਮਣ, ਜੈ ਘੋਸ਼ ਮੁਨੀ ਕੋਲ ਪ੍ਰਮੁੱਖ ਧਰਮ ਸੁਣ ਕੇ ਉਹ ਦੀਖਿਅਤ ਹੋ ਗਿਆ।44।

ਸੰਜਮ ਤੇ ਤਪ ਰਾਹੀਂ ਪਿਛਲੇ ਕਰਮਾਂ ਨੂੰ ਖ਼ਤਮ ਕਰਕੇ ਜੈ ਘੋਸ਼ ਅਤੇ ਵਿਜੈ ਘੋਸ਼ ਦੋਹੇ ਸਿੱਧ ਗਤੀ ਨੂੰ ਪ੍ਰਾਪਤ ਹੋਏ।45।

ਇਸ ਪ੍ਰਕਾਰ ਮੈਂ ਆਖਦਾ ਹਾਂ।45।

## ਟਿੱਪਣੀਆਂ

ਗਾਥਾ 16

ਤੁਲਨਾ ਕਰੋ ਸੁਤਨਿਪਾਤ 33/20-21

ਗਾਥਾ 23

ਤੁਲਨਾ ਕਰੋ ਧਮਪਦ 26/26

ਗਾਥਾ 27

ਤੁਲਨਾ ਕਰੋ ਧਮਪਦ 26/19

ਗਾਥਾ 29

ਤੁਲਨਾ ਕਰੋ ਧਮਪਦ 26/19 19/9-11 19/13, 19/15, 26/11 ਉਦਯੋਗ ਪਰਬ (ਮਹਾਭਾਰਤ) 43/35

ਗਾਥਾ 27

ਤੁਲਨਾ ਕਰੋ ਧਮਪਦ 19/10 19/14

ਗਾਥਾ 33

ਸੁਤਨਿਪਾਤ ਮਹਾ 9/57-58 ਸੁਤਨਿਪਾਤ ਉਰ 7/21-27 ਗੀਤਾ 4/31

# 26.
# ਸਮਾਚਾਰੀ ਅਧਿਐਨ

ਸਮਾਚਾਰੀ ਤੋਂ ਭਾਵ ਹੈ ਸਾਧੂ ਜੀਵਨ ਦਾ ਸੰਵਿਧਾਨ।

ਸਮਾਚਾਰੀ ਸਾਧੂ ਜੀਵਨ ਦਾ ਮਹੱਤਵਪੂਰਨ ਅੰਗ ਹੈ। ਇਹ ਸਮਾਚਾਰੀ ਹੀ ਹੈ ਜੋ ਸਾਧੂਆਂ ਨੂੰ ਧਰਮ ਕਰਨ ਲਈ ਸੰਗਠਿਤ ਕਰਦੀ ਹੈ। ਸਮਾਚਾਰੀ ਇਕ ਪ੍ਰਕਾਰ ਦਾ ਸੰਵਿਧਾਨ ਹੈ ਜਿਸ ਦਾ ਪਾਲਣ ਕਰਨ ਹਰ ਇਕ ਸਾਧੂ-ਸਾਧਵੀ ਲਈ ਲਾਜ਼ਮੀ ਹੈ। ਸਮਾਚਾਰੀ ਵਿਚ ਸਾਧੂਆਂ-ਸਾਧਵੀਆਂ ਨੂੰ ਰੋਜ਼ਾਨਾ ਜ਼ਿੰਦਗੀ ਵਿਚ ਕਰਨ ਯੋਗ ਕੰਮਾਂ ਦਾ ਵਰਨਣ ਹੈ। ਇਹ ਵੀ ਦੱਸਿਆ ਗਿਆ ਹੈ ਕਿ ਸਾਧੂ ਕਿਵੇਂ ਇਨ੍ਹਾਂ ਨੂੰ ਕਰੇ। ਸਮਾਚਾਰੀ ਵਿਚ ਇਹ ਦੱਸਿਆ ਗਿਆ ਹੈ ਕਿ ਸਾਧੂ ਕਿਵੇਂ ਇਹਨਾਂ ਕੰਮਾਂ ਨੂੰ ਨਾ ਕਰੇ: ਸੌਂਵੇ, ਕਿਵੇਂ ਬੈਠੇ, ਕਿਵੇਂ ਕੱਪੜੇ ਦੀ ਪ੍ਰਤੀਲੇਖਣਾ (ਝਾੜ-ਪੂੰਝ) ਕਰੇ, ਕਿਵੇਂ ਧਿਆਨ ਕਰੇ, ਕਿਵੇਂ ਗੁਰੂ ਦੇ ਬੁਲਾਉਣ ਤੇ ਬੋਲੇ ?

ਇਸ ਅਧਿਐਨ ਵਿਚ ਪੋਰਸ਼ੀ, ਪ੍ਰਤੀਕ੍ਰਮਣ, ਪ੍ਰਤੀਲੇਖਣਾ ਆਦਿ ਜੈਨ ਕਾਯੋਤਸਰਗ ਪਰਿਭਾਸ਼ਕ ਸ਼ਬਦ ਆਏ ਹਨ। ਇਹਨਾਂ ਸਾਰੇ ਸ਼ਬਦਾਂ ਦੀ ਵਿਆਖਿਆ ਅਧਿਐਨ ਦੇ ਅੰਤ ਵਿਚ ਕੀਤੀ ਗਈ ਹੈ। ਪ੍ਰਤੀਕ੍ਰਮਣ ਤੋਂ ਭਾਵ ਹੈ ਸਿਲਸਿਲੇ ਵਾਰ ਪਿੱਛੇ ਨੂੰ ਆਉਣਾ ਭਾਵ ਦਿਨ ਵਿਚ ਕੀਤੇ ਮਾੜੇ ਕੰਮਾਂ ਨੂੰ ਸਿਲਸਿਲੇ ਵਾਰ ਦਹੁਰਾਉਣਾ ਅਤੇ ਦੋਸ਼ਾਂ ਪ੍ਰਤੀ ਆਪਣੀ ਆਤਮਾ ਦੁਆਰਾ ਮਾਫ਼ੀ ਮੰਗਣਾ, ਸੱਚਾ ਪ੍ਰਤੀਕ੍ਰਮਣ ਹੈ। ਪ੍ਰਤੀਲੇਖਣਾ ਸਾਧੂ ਦੇ ਰੋਜ਼ਾਨਾ ਜੀਵਨ ਦਾ ਅੰਗ ਹੈ। ਕਾਯੋਤਸਰਗ ਤੋਂ ਭਾਵ ਹੈ ਸਰੀਰ ਦੀ ਮਮਤਾ ਛੱਡ ਕੇ ਵੀਤਰਾਗ ਪ੍ਰਮਾਤਮਾ ਦਾ ਧਿਆਨ ਕਰਨਾ।

# ਛੱਬੀਵਾਂ ਅਧਿਐਨ

ਮੈਂ ਸਮਾਚਾਰੀ (ਨਿਯਮਾਂ ਦਾ ਠੀਕ ਪਾਲਣ ਕਰਨਾ) ਸਾਰੇ ਦੁੱਖਾਂ ਤੋਂ ਮੁਕਤ ਕਰਾਉਣ ਵਾਲੀ ਹੈ। ਜਿਸ ਦਾ ਪਾਲਣ ਕਰਕੇ ਨਿਰਗੰਥ ਸੰਸਾਰ ਸਾਗਰ ਨੂੰ ਪਾਰ ਹੋ ਗਏ ਹਨ।

ਦਸ ਪ੍ਰਕਾਰ ਦੀ ਸਮਾਚਾਰੀ ਹੈ :

ਪਹਿਲੀ ਆਵਸ਼ਯਕੀ, ਦੂਸਰੀ ਨਿਸ਼ੇਧਕੀ, ਤੀਸਰੀ ਅਪ੍ਰਤੀ ਲੱਛਣਾ, ਚੌਥੀ ਪ੍ਰਤਿ ਪਿਛਣਾ ਹੈ।2।

ਪੰਜਵੀਂ ਛੇਦਨਾ, ਛੇਵੀਂ ਇੱਛਾਕਾਰ, ਸੱਤਵੀਂ ਮਿੱਥਿਆਕਾਰ, ਅੱਠਵੀਂ ਤਥਾਕਾਰ ਹੈ।3।

ਨੌਵੀਂ ਅਬਯੁਥਾਨ ਅਤੇ ਦਸਵੀਂ ਉਪਸੰਪਦਾ ਹੈ। ਇਸ ਪ੍ਰਕਾਰ ਇਹ ਦਸ ਪ੍ਰਕਾਰ ਦੀ ਸਮਾਚਾਰੀ ਆਖੀ ਗਈ ਹੈ।4।

(ੳ) ਆਪਣੇ ਠਹਿਰਣ ਵਾਲੇ ਥਾਂ ਤੋਂ ਬਾਹਰ ਨਿਕਲਦੇ ਸਮੇਂ ਆਵਸਿਯੰ ਆਖਣਾ, ਆਵੱਸ਼ਯਕ ਸਮਾਚਾਰੀ ਹੈ।

(ਅ) ਆਪਣੇ ਥਾਂ ਵਿਚ ਪ੍ਰਵੇਸ਼ ਕਰਨ ਲੱਗਿਆਂ ਨਸ਼ਿੱਧਕੀ ਦਾ ਉਚਾਰਨ ਕਰਨਾ ਨਿਸ਼ੇਧਕੀ ਸਮਾਚਾਰੀ ਹੈ।

(ੲ) ਆਪਣੇ ਕੰਮ ਦੇ ਲਈ ਸ਼ੁਰੂ ਕਰਨ ਤੋਂ ਪਹਿਲਾਂ ਇਜਾਜ਼ਤ ਲੈਣਾ, ਅਪ੍ਰਤੀ ਪ੍ਰਿਛਣਾ ਸਮਾਚਾਰੀ ਹੈ।

(ਸ) ਦੂਸਰੇ ਦੇ ਕੰਮ ਲਈ ਗੁਰੂ ਤੋਂ ਇਜਾਜ਼ਤ ਲੈਣਾ ਪ੍ਰਤਿਪ੍ਰਿਛਣਾ ਸਮਾਚਾਰੀ ਹੈ।5।

(ਹ) ਪਹਿਲਾਂ ਲਏ ਦਰਵਾਂ ਦੇ ਲਈ ਗੁਰੂ ਆਦਿ ਨੂੰ ਸੱਦਾ ਦੇਣਾ, ਛੰਦਨਾ ਸਮਾਚਾਰੀ ਹੈ।

(ਕ) ਦੂਸਰੇ ਦਾ ਕੰਮ ਆਪਣੇ ਸਹਿਜ ਸੁਭਾਅ ਨਾਲ ਕਰਨਾ ਅਤੇ ਆਪਣੇ ਕੰਮ ਕਰਨ ਦੇ ਲਈ ਦੂਸਰੇ ਨੂੰ ਮਨਮਰਜ਼ੀ ਅਨੁਸਾਰ ਨਿਮਰਤਾ ਨਾਲ ਬੇਨਤੀ ਕਰਨਾ ਇੱਛਾਕਾਰ ਸਮਾਚਾਰੀ ਹੈ।

(ਖ) ਦੋਸ਼ ਤੋਂ ਛੁਟਕਾਰਾ ਪਾਉਣ ਲਈ ਆਤਮਨਿੰਦਾ (ਆਪਣੇ ਪਾਪਾਂ ਦੀ ਆਲੋਚਨਾ ਕਰਨਾ) ਮਿੱਥਿਆਕਾਰ ਸਮਾਚਾਰੀ ਹੈ।

(ਗ) ਗੁਰੂਆਂ ਦੇ ਉਪਦੇਸ਼ ਨੂੰ ਪ੍ਰਸੰਨਤਾ ਨਾਲ ਸਵੀਕਾਰ ਕਰਨਾ ਤਥਾਕਾਰ ਸਮਾਚਾਰੀ ਹੈ।6।

(ਘ) ਗੁਰੂਆਂ ਦੀ ਪੂਜਾ ਜਾਂ ਸਤਿਕਾਰ ਲਈ ਆਪਣੇ ਆਸਣ ਤੋਂ ਉੱਠ ਕੇ ਖੜ੍ਹੇ ਹੋਣਾ ਅਭਿਯੁਥਾਨ ਸਮਾਚਾਰੀ ਹੈ।

(ङ) ਕਿਸੇ ਖਾਸ ਕੰਮ ਕਾਰਨ ਦੂਸਰੇ ਆਚਾਰਿਆ ਪਾਸ ਰਹਿਣਾ ਉਪਸੰਪਦਾ ਸਮਾਚਾਰੀ ਹੈ।7।

ਇਸ ਪ੍ਰਕਾਰ ਦਸ ਹਿੱਸਿਆਂ ਵਾਲੀ ਸਮਾਚਾਰੀ ਆਖੀ ਗਈ ਹੈ। ਸੂਰਜ ਨਿਕਲਣ ਤੇ ਦਿਨ ਦੇ ਪਹਿਲੇ ਪਹਿਰ ਦੇ ਚੌਥੇ ਹਿੱਸੇ ਵਿਚ ਭਾਂਡੇ ਆਦਿ ਦੀ ਪ੍ਰਤਿਲੇਖਣਾ ਝਾੜ ਜਾਂ ਸਫਾਈ ਕਰੇ ਤੇ ਗੁਰੂ ਨੂੰ ਨਮਸਕਾਰ ਕਰੇ।8।

ਫੇਰ ਹੱਥ ਜੋੜ ਕੇ ਪੁੱਛੇ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ ? ਭਗਵਾਨ ! ਮੈਂ ਚਾਹੁੰਦਾ ਹਾਂ ਕਿ ਅੱਜ ਮੈਨੂੰ ਜਾਂ ਤਾਂ ਸ਼ਾਸਤਰਾਂ ਦੇ ਪੜ੍ਹਨ ਪੜ੍ਹਾਉਣ ਲਈ ਨਿਯੁਕਤ ਕਰੋ ਜਾਂ ਸੇਵਾ ਲਈ।9।

ਸੇਵਾ ਵਿਚ ਨਿਯੁਕਤ ਹੋਇਆ ਚੇਲਾ ਨਫ਼ਰਤ ਤੋਂ ਰਹਿਤ ਹੋ ਕੇ ਸੇਵਾ ਕਰੇ ਅਤੇ ਸਾਰੇ ਦੁੱਖਾਂ ਤੋਂ ਮੁਕਤ ਕਰਨ ਵਾਲੀ ਪੜ੍ਹਾਈ ਵਿਚ ਲੱਗਿਆ ਹੋਇਆ ਵੀ ਨਫ਼ਰਤ ਤੋਂ ਰਹਿਤ ਹੋ ਕੇ ਸ਼ਾਸਤਰਾਂ ਦਾ ਅਧਿਅਨ ਕਰੇ।10।

ਤੇਜ਼ ਚੁਸਤੀ ਵਾਲਾ ਸਾਧੂ, ਦਿਨ ਦੇ ਚਾਰ ਹਿੱਸੇ ਕਰੇ। ਉਨ੍ਹਾਂ ਚਾਰ ਹਿੱਸਿਆਂ ਵਿਚ ਸਵਾਧਿਆਇ (ਪੜ੍ਹਨਾ ਪੜ੍ਹਾਉਣਾ) ਆਦਿ ਉਤਰ ਗੁਣਾਂ ਦਾ ਪਾਲਣ ਕਰੇ।11।

ਪਹਿਲਾ ਪਹਿਰ ਸਵਾਧਿਆਇ ਕਰੇ, ਦੂਸਰੇ ਪਹਿਰ ਧਿਆਨ ਕਰੇ , ਤੀਸਰੇ ਪਹਿਰ ਭਿਕਸ਼ਾ ਕਰੇ ਅਤੇ ਚੋਥੇ ਪਹਿਰ ਫੇਰ ਸਵਾਧਿਆਇ ਕਰੇ।12।

ਹਾੜ੍ਹ ਮਹੀਨੇ ਵਿਚ ਦੋ ਪਦਾ ਦੋ ਪੈਰ ਦੀ) ਪੋਰਸ਼ੀ ਹੁੰਦੀ ਹੈ। ਪੋਹ ਮਹੀਨੇ ਚਾਰ ਪੱਦਾ (ਚਹੁੰ ਪੈਰਾਂ ਦੀ) ਅਤੇ ਚੇਤ ਅਤੇ ਸਾਵਨ ਮਹੀਨੇ ਤਿੰਨ ਪੱਦਾ (ਤਿੰਨ ਪੈਰ ਦੀ) ਪੋਰਸ਼ੀ ਹੁੰਦੀ ਹੈ।

ਸੱਤ ਰਾਤ ਵਿਚ ਅੰਗੁਲ, ਪੱਖ (ਪੰਦਰਾਂ ਦਿਨਾਂ ਦਾ) ਵਿਚ ਦੋ ਅਗੁੰਲ ਅਤੇ ਇਕ ਮਹੀਨੇ ਵਿਚ ਚਾਰ ਅਗੁੰਲ ਦਾ ਵਾਧਾ ਤੇ ਘਾਟਾ ਹੁੰਦਾ ਹੈ। (ਸਾਵਨ ਤੋਂ ਪੋਹ ਤੱਕ ਵਾਧਾ ਤੇ ਘਾਟਾ ਹੁੰਦਾ ਹੈ) ਅਤੇ ਮਾਘ ਤੋਂ ਹਾੜ੍ਹ ਤੱਕ ਨੁਕਸਾਨ ਹੁੰਦਾ ਹੈ।14।

ਹਾੜ੍ਹ, ਭਾਦੋਂ, ਕੱਤਕ, ਪੋਹ, ਫੱਗਣ ਅਤੇ ਵੈਸਾਖ ਦੇ ਕ੍ਰਿਸ਼ਨ ਪੱਖ (ਹਨ੍ਹੇਰਾ ਪੱਖ) ਵਿਚ ਇਕ ਅਹੋ ਰਾਤਰੀ (ਤਿੱਥ ਦਾ ਖ਼ਾਤਮਾ) ਹੁੰਦਾ ਹੈ।15।

ਜੇਠ, ਹਾੜ੍ਹ ਅਤੇ ਸਾਵਨ ਇਨ੍ਹਾਂ ਦੀ ਪਹਿਲੇ ਤਿੰਨ ਮਹੀਨਿਆਂ ਵਿਚ ਛੇ ਉਂਗਲ ਭਾਦੋਂ, ਸਾਵਨ ਅਤੇ ਕੱਤਕ ਇਨ੍ਹਾਂ ਤਿੰਨਾਂ ਮਹੀਨਿਆਂ ਵਿਚ ਅੱਠ ਉਂਗਲ ਪੋਰਸੀ ਦਾ ਕਾਲ ਮਾਨ ਹੁੰਦਾ ਹੈ।16।

ਬੁੱਧੀਮਾਨ ਭਿਕਸ਼ੂ ਰਾਤ ਨੂੰ ਵੀ ਚਾਰ ਭਾਗਾਂ ਵਿਚ ਵੰਡੇ। ਚਾਰ ਭਾਗਾਂ ਵਿਚ ਆਪਣੇ ਉਤਰ ਗੁਣ (ਕਰਤੱਵਾਂ) ਦੀ ਪਾਲਣਾ ਕਰੇ।17।

ਪਹਿਲੇ ਪਹਿਰ (ਪੋਰਸੀ) ਸਵਾਧਿਆਯ, ਦੂਸਰੇ ਪਹਿਰ ਧਿਆਨ,

ਤੀਸਰੇ ਪਹਿਰ (ਪੋਰਸੀ) ਨੀਂਦ ਅਤੇ ਚੌਥੇ ਪਹਿਰ (ਪੋਰਸੀ) ਫਿਰ ਸਵਾਧਿਆਇ ਕਰੇ।18।

ਜੋ ਨਛੱਤਰ (28 ਨਛੱਤਰ) ਜਿਸ ਰਾਤ ਨੂੰ ਪੂਰਾ ਕਰਦਾ ਹੋਵੇ ਉਹ ਜਦ ਆਕਾਸ਼ ਵਿਚ ਪਹਿਲੇ 1/4 ਭਾਗ ਆਉਂਦਾ ਹੈ ਅਰਥਾਤ ਜਦੋਂ ਰਾਤ ਦਾ ਪਹਿਲਾ ਪਹਿਰ ਖ਼ਤਮ ਹੁੰਦਾ ਹੈ ਤਦ ਉਹੀ ਸਮਾਂ ਪ੍ਰਦੋਸ਼ ਕਾਲ ਅਖਵਾਉਂਦਾ ਹੈ। ਉਸ ਸਮੇਂ ਤੋਂ ਪਹਿਲਾਂ ਸਵਾਧਿਆਯ ਹੋ ਜਾਣਾ ਚਾਹੀਦਾ ਹੈ।19।

ਜਦ ਉਸ ਨਛੱਤਰ ਦੀ ਗਤੀ ਆਕਾਸ਼ ਦੇ ਚੌਥੇ ਭਾਗ ਵਿਚ ਆ ਜਾਵੇ ਅਰਥਾਤ ਰਾਤ ਦਾ ਚੌਥਾ ਪਹਿਰ ਸ਼ੁਰੂ ਹੋ ਜਾਂਦਾ ਹੈ, ਤਦ ਉਸ ਨੂੰ ਵੈਰਾਤਰੀਕ ਕਾਲ ਸਮਝ ਕੇ ਮੁਨੀ ਸਵਾਧਿਆਯ ਕਰੇ।20।

ਦਿਨ ਦੇ ਪਹਿਰ ਦੇ 1/4 ਭਾਗ ਵਿਚ ਭਾਂਡੇ ਆਦਿ ਧਾਰਮਿਕ ਚਿੰਨ੍ਹਾਂ ਝਾੜੇ ਜਾਂ ਸਾਫ ਕਰੇ, ਗੁਰੂ ਨੂੰ ਨਮਸਕਾਰ ਕਰਕੇ, ਦੁੱਖਾਂ ਤੋਂ ਮੁਕਤ ਕਰਨ ਵਾਲਾ ਸਵਾਧਿਆਯ ਕਰੇ।21।

ਪੋਰਸ਼ੀ ਦੇ ਚੌਥੇ ਭਾਗ ਵਿਚ ਅਰਥਾਤ 3/4 ਪੋਰਸ਼ੀ ਖ਼ਤਮ ਹੋਣ ਤੇ ਗੁਰੂ ਨੂੰ ਨਮਸਕਾਰ ਕਰਕੇ, ਕਾਲ ਦਾ ਪ੍ਰਤਿਕ੍ਰਮਨ (ਕਾਯੋਤਸਰਗ) ਕੀਤੇ ਬਿਨਾਂ ਹੀ ਭਾਂਡੇ ਆਦਿ ਦੀ ਪ੍ਰਤਿਲੇਖਣਾ ਕਰੇ।22।

ਮੂੰਹ ਪੱਟੀ ਦੀ ਝਾੜਪੂੰਜ ਕਰਕੇ, ਗੋਛਗ (ਔਗਾ ਜਾਂ ਉੱਨ ਦਾ ਝਾੜ ਜੋ ਜੈਨ ਸਾਧੂ ਰੱਖਦੇ ਹਨ) ਦੀ ਝਾੜ ਪੂੰਝ ਕਰੇ। ਅੰਗੁਲਾ ਨਾਲ ਗੋਛਗ ਨੂੰ ਪਕੜ ਕੇ ਕੱਪੜਿਆਂ ਦੀ ਝਾੜਪੂੰਝ ਕਰੇ।23।

ਸਭ ਤੋਂ ਪਹਿਲਾਂ ਉਕੜੂ ਆਸਨ ਵਿਚ ਬੈਠੇ, ਫਿਰ ਕੱਪੜੇ ਨੂੰ ਉੱਚਾ ਕਰੇ, ਸਥਿਰ ਰੱਖੇ ਅਤੇ ਛੇਤੀ ਕੀਤੇ ਬਿਨਾਂ ਉਨ੍ਹਾਂ ਦੀ ਝਾੜਪੂੰਝ ਕਰੇ, ਅੱਖ

ਨਾਲ ਧਿਆਨ ਰੱਖੇ। ਦੂਸਰੇ ਸਮੇਂ ਕੱਪੜੇ ਨੂੰ ਹੌਲੀ ਝਟਕਾਵੇ ਅਤੇ ਤੀਸਰੇ ਸਮੇਂ ਕੱਪੜੇ ਨੂੰ ਸਾਫ ਕਰੇ।24।

ਪ੍ਰਤਿਲੇਖਣਾ (ਝਾੜਪੂੰਝ) ਸਮੇਂ ਕੱਪੜੇ ਜਾਂ ਸਰੀਰ ਨੂੰ ਨਾ ਨਚਾਵੇ ਨਾ ਮੋੜੇ, ਕੱਪੜੇ ਨੂੰ ਅੱਖੋਂ ਉਹਲੇ ਨਾ ਕਰੇ। ਕੱਪੜੇ ਨੂੰ ਦੀਵਾਰ ਆਦਿ ਨਾਲ ਨਾ ਲਾਵੇ। ਕੱਪੜੇ ਦੀਆਂ ਛੇ ਲੰਬਾਈ ਵਿਚ, ਅਤੇ ਤਿੰਨ ਚੌੜਾਈ ਵਿਚ ਤੈਹਾਂ ਕਰੇ। ਜੇ ਕੋਈ ਪ੍ਰਾਣੀ ਜੀਵ ਹੋਵੇ ਤਾਂ ਉਸ ਤੋਂ ਸ਼ੁੱਧ ਕਰੇ।25।

ਪ੍ਰਤਿਲੇਖਣਾ ਦੇ ਛੇ ਦੋਸ਼ ਹਨ :

(1) ਆਰੱਭਟਾ : ਦੱਸੇ ਢੰਗ ਤੋਂ ਉਲਟ ਪ੍ਰਤਿਲੇਖਣਾ ਕਰਨਾ ਜਾਂ ਇਕ ਕੱਪਡੇ ਦੀ ਪੂਰੀ ਪ੍ਰਤਿਲੇਖਣਾ ਕੀਤੇ ਬਿਨਾਂ ਹੀ ਦੂਸਰੇ ਕੱਪੜੇ ਦੀ ਪ੍ਰਤੀਲੇਖਣਾ ਕਰਨਾ।

(2) ਸੱਮਮਰਦਾ : ਪ੍ਰਤਿਲੇਖਣਾ ਕਰਦੇ ਸਮੇਂ ਕੱਪੜੇ ਇਸ ਪ੍ਰਕਾਰ ਪਕੜਨਾ ਕਿ ਉਸ ਦੇ ਕੋਨੇ ਹਵਾ ਵਿਚ ਹਿੱਲਦੇ ਰਹਿਣ ਉਸ ਵਿਚ ਵੱਟ ਪੈਂਦੇ ਹੋਣ ਜਾਂ ਉਠ ਕੇ ਉਸ ਤੇ ਬੈਠ ਕੇ ਪ੍ਰਤਿਲੇਖਣਾ ਕਰਨਾ।

(3) ਮੋਸਲੀ : ਪ੍ਰਤਿਲੇਖਣਾ ਕਰਦੇ ਸਮੇਂ ਕੱਪੜੇ ਨੂੰ ਉੱਪਰ ਹੇਠ, ਇੱਛਰ ਉੱਧਰ ਦੂਸਰੇ ਕੱਪੜੇ ਜਾਂ ਪਦਾਰਥ ਨਾਲ ਸਪਰਸ਼ ਕਰਾਉਣਾ।

(4) ਪ੍ਰਸਫੋਟਨਾ : ਧੂੜ ਭਰੇ ਕੱਪੜੇ ਨੂੰ ਜ਼ੋਰ ਨਾਲ ਝਟਕਾਉਣਾ।

(5) ਵਿਕਸਿਪਤਾ : ਪ੍ਰਤਿਲੇਖਣਾ ਵਾਲੇ ਕੱਪੜੇ ਨੂੰ ਬਿਨ੍ਹਾਂ ਪ੍ਰਤਿਲੇਖਣਾ ਵਾਲੇ ਵਿਚ ਰੱਖ ਦੇਣਾ ਜਾਂ ਕੱਪੜੇ ਨੂੰ ਇਤਨਾ ਉੱਚਾ ਚੁੱਕਣਾ ਕਿ ਠੀਕ ਤਰ੍ਹਾਂ ਪ੍ਰਤਿਲੇਖਣਾ ਨਾਲ ਹੋ ਸਕੇ।

(6) ਵੇਦਿਕਾ : ਪ੍ਰਤਿਲੇਖਣਾ ਕਰਦੇ ਸਮੇਂ ਗੋਡੇ ਤੋਂ ਉੱਪਰ ਹੇਠਾਂ ਜਾਂ ਵਿਚ ਦੋਹੇ ਹੱਥ ਰੱਖਣਾ ਜਾਂ ਦੋਹੇ ਬਾਹਾਂ ਦੇ ਵਿਚ ਗੋਡੇ ਨੂੰ ਰੱਖਣਾ ਜਾਂ ਇਕ ਗੋਡਾ ਬਾਂਹ ਵਿਚ ਤੇ ਦੂਸਰਾ ਬਾਹਰ ਰੱਖਣਾ।26।

(1) ਪਰਸ਼ਿਥਿਲਾ : ਕੱਪੜੇ ਨੂੰ ਢਿੱਲਾ ਫੜਨਾ।

(2) ਪਰਲੰਬ : ਕੱਪੜੇ ਨੂੰ ਇਸ ਤਰ੍ਹਾਂ ਫੜਨਾ ਕਿ ਉਸ ਦੇ ਕੋਨੇ ਹੇਠਾਂ ਲਟਕਦੇ ਰਹਿਣ।

(3) ਲੋਲ : ਪ੍ਰਤਿਲੇਖਣਾ ਵਾਲੇ ਕੱਪੜੇ ਨੂੰ ਜ਼ਮੀਨ ਜਾਂ ਹੱਥ ਨਾਲ ਰਗੜਨਾ।

(4) ਏਕਾਮਰਸ਼ਾ : ਕੱਪੜੇ ਨੂੰ ਦਰਮਿਆਨ ਵਿਚ ਪਕੜ ਕੇ ਸਾਰੇ ਕੱਪੜੇ ਤੇ ਇਕ ਨਿਗਾਹ ਕਰਨਾ।

(5) ਅਨੇਕਰੂਪ ਧੂਨਨਾ : ਕੱਪੜੇ ਨੂੰ ਤਿੰਨ ਵਾਰ ਤੋਂ ਜ਼ਿਆਦਾ ਝਟਕਾਉਣਾ ਜਾਂ ਕਈ ਵਸਤਰਾਂ ਨੂੰ ਇਕ ਵਾਰ ਹੀ ਝਟਕਾਉਣਾ।

(6) ਪ੍ਰਮਾਣ ਪ੍ਰਮਾਦ : ਪ੍ਰਸਫੋਟਨ (ਝਟਕਾਉਣਾ) ਅਤੇ ਪ੍ਰਮਾਰਜਨ (ਸਾਫ਼ ਕਰਨਾ) ਦਾ ਜੋ ਮਾਤਰਾ (9-9 ਵਾਰ) ਦੱਸੀ ਜਾਂਦੀ ਹੈ ਉਸ ਵਿਚ ਗਫਲਤ ਕਰਨਾ।

(7) ਗਣਨੋਪਗਣਨਾ : ਪ੍ਰਸਫੋਟਨ ਅਤੇ ਪ੍ਰਮਾਰਜਨ ਦੀ ਦੱਸੀ ਗਿਣਤੀ ਵਿਚ ਸ਼ੱਕ ਕਰਦੇ ਹੋਏ ਹੱਥ ਤੇ ਪੋਟਿਆਂ ਨਾਲ ਹੀ ਗਿਣਤੀ ਕਰਨਾ।27।

ਪ੍ਰਸਫੋਟਨ ਅਤੇ ਪ੍ਰਮਾਣ (ਗਿਣਤੀ) ਵਿਚ ਜ਼ਿਆਦਾ ਨਾ ਘੱਟ ਨਾ ਜ਼ਿਆਦਾ ਅਤੇ ਉਲਟ, ਠੀਕ ਪ੍ਰਤਿਲੇਖਣਾ ਹੀ ਸ਼ੁੱਧ ਹੁੰਦੀ ਹੈ। ਇਨ੍ਹਾਂ ਤਿੰਨਾਂ ਵਿਕਲਪਾਂ ਦੇ ਅੱਠ ਵਿਕਲਪ (ਦੇਖਭਾਲ) ਭੇਦ ਹੀ ਸ਼ੁੱਧ ਹਨ, ਬਾਕੀ ਅਸ਼ੁੱਧ ਹਨ।28।

ਪ੍ਰਤਿਲੇਖਣਾ ਕਰਦੇ ਸਮੇਂ ਜੋ ਸਾਧੂ ਆਪਸ ਵਿਚ ਗੱਲਾਂ ਕਰਦਾ ਹੈ ਜਨਪਦ (ਦੇਸ਼ਾ ਦੀ ਕਹਾਣੀਆਂ) ਸੁਣਾਉਂਦਾ ਹੈ, ਤਿਆਗ ਕਰਾਉਂਦਾ ਹੈ, ਆਪ ਪੜ੍ਹਦਾ ਜਾਂ ਪੜ੍ਹਾਉਂਦਾ ਹੈ। ਇਹ ਸਾਰੇ ਕੰਮ ਛੱਡਣ ਯੋਗ

ਹਨ। ।29।

ਉਹ ਪ੍ਰਤਿਲੇਖਣਾ ਤੋਂ ਗਾਫ਼ਲ ਮੁਨੀ ਪ੍ਰਿਥਵੀ, ਅੱਪ (ਪਾਣੀ), ਅੱਗ, ਹਵਾ, ਬਨਸਪਤੀ ਅਤੇ ਪਸ਼ੂ ਪੰਛੀਆਂ ਇਨ੍ਹਾਂ ਛੇ ਤਰ੍ਹਾਂ ਦੇ ਜੀਵਾਂ ਦੀ ਹਿੱਸਾ ਦੇ ਪਾਪ ਦਾ ਭਾਗੀ ਹੈ।30।

ਪ੍ਰਤਿਲੇਖਣਾ ਦੇ ਲਈ ਜਾਗਰਤ ਮੁਨੀ ਪ੍ਰਿਥਵੀ, ਪਾਣੀ, ਅੱਗ, ਹਵਾ, ਬਨਸਪਤੀ ਅਤੇ ਪਸ਼ੂ ਪੰਛੀਆਂ ਆਦਿ ਤੇ ਛੇ ਕਾਈਆਂ ਦੇ ਜੀਵਾਂ ਦਾ ਰੱਖਿਅਕ ਹੁੰਦਾ ਹੈ।31।

ਦਿਨ ਦੇ ਤੀਸਰੇ ਪਹਿਰ ਛੇ ਕਾਰਨਾਂ ਵਿਚੋਂ ਕਿਸੇ ਇਕ ਕਾਰਨ ਕਰਕੇ ਭੋਜਨ ਲਈ ਘੁੰਮੇ।32।

(1) ਭੁੱਖ ਦੀ ਪੀੜ ਮਿਟਾਉਣ ਲਈ (2) ਸੇਵਾ ਕਰਨ ਲਈ (3) ਈਰੀਆ ਸਮਤੀ (ਚੱਲਣ ਫਿਰਨ ਦੀ ਸ਼ਕਤੀ ਕਾਇਮ ਰੱਖਣ ਲਈ (4) ਸੰਜਮ ਪਾਲਣ ਲਈ (5) ਜਾਨ ਦੀ ਰੱਖਿਆ ਲਈ ਅਤੇ (6) ਧਰਮ ਵਿਚ ਪੱਕਾ ਰਹਿਣ ਲਈ ਭੋਜਨ ਕਰੇ। ਕਿਉਂਕਿ ਇਹ ਛੇ ਚੀਜ਼ਾਂ ਭੋਜਨ ਤੋਂ ਬਿਨਾਂ ਚੱਲ ਨਹੀਂ ਸਕਦੀਆਂ।33।

ਗੁਣਾਂ ਦਾ ਧਨੀ ਸਾਧੂ ਅਤੇ ਸਾਧਵੀ ਇਨ੍ਹਾਂ ਛੇ ਕਾਰਨਾਂ ਕਰਕੇ ਭੋਜਨ ਲਈ ਨਾ ਘੁੰਮੇ ਜਿਸ ਨਾਲ ਸੰਜਮ ਦੀ ਉਲੰਘਣਾ ਨਾ ਹੋਵੇ। 34।

(1) ਰੋਗ ਆਉਣ ਤੇ (2) ਅਚਾਨਕ ਕਸ਼ਟ ਹੋਣ ਤੇ (3) ਬ੍ਰਹਮਚਰਜ ਦੀ ਰਕਸ਼ਾ ਲਈ (4) ਪ੍ਰਾਣੀਆਂ ਤੇ ਰਹਿਮ ਲਈ (5) ਤਪੱਸਿਆ ਲਈ (6) ਅਤੇ ਸਰੀਰ ਦੇ ਸੱਚੇ ਤਿਆਗ ਲਈ (ਸਮਾਧੀ ਲਈ) ਭੋਜਨ ਨਾ ਕਰੇ।35।

ਸਾਰੇ ਭਾਂਡੇ ਅਤੇ ਕੱਪੜਿਆਂ ਨੂੰ ਅੱਖਾਂ ਨਾਲ ਪ੍ਰਤਿਲੇਖਣਾ ਕਰੇ, ਉਨ੍ਹਾਂ ਨੂੰ ਲੈ ਕੇ ਜਾਂ ਜ਼ਰੂਰੀ ਹੋਵੇ ਤਾਂ ਸਾਧੂ ਅੱਧੇ ਯੋਜਨ (ਸਾਢੇ ਤਿੰਨ ਮੀਲ)

ਤੱਕ ਦੂਸਰੇ ਪਿੰਡ ਤੋਂ ਭੋਜਨ ਲਈ ਵੀ ਜਾ ਸਕਦਾ ਹੈ।36।

ਚੌਥੇ ਪਹਿਰ ਵਿਚ ਪ੍ਰਤਿਲੇਖਣਾ ਕਰਕੇ ਸਾਰੇ ਭਾਂਡੇ ਬੰਨ੍ਹ ਕੇ ਰੱਖ ਦੇਵੇ। ਉਸ ਤੋਂ ਬਾਅਦ ਜੀਵ-ਅਜੀਵ ਆਦਿ ਦਾ ਗਿਆਨ ਦੇਣ ਵਾਲੇ ਸਵਾਧਿਆਏ ਕਰੇ।37।

ਪੋਰਸ਼ੀ ਦੇ ਚੌਥੇ ਭਾਗ ਵਿਚ ਗੁਰੂ ਨੂੰ ਨਮਸਕਾਰ ਕਰਕੇ ਕਾਲ ਦੀ ਪ੍ਰਤਿਲੇਖਣਾ (ਕਾਯੋਤਸਰਗ) ਕਰਕੇ ਤਖ਼ਤਪੋਸ਼ ਅਤੇ ਆਸਣ ਦੀ ਪ੍ਰਤਿਲੇ ਖਣਾ ਕਰੇ।38।

ਸਾਵਧਾਨ ਸਾਧੂ ਉਸ ਤੋਂ ਬਾਅਦ ਟੱਟੀ ਅਤੇ ਪਿਸ਼ਾਬ ਯੋਗ ਭੂਮੀ ਦੀ ਪ੍ਰਤਿਲੇਖਣਾ ਕਰੇ। ਉਸ ਤੋਂ ਬਾਅਦ ਸਰਵ ਦੁੱਖਾਂ ਤੋਂ ਮੁਕਤ ਕਰਨ ਵਾਲੇ (ਕਾਯੋਤਸਰਗ) ਧਿਆਨ ਨੂੰ ਕਰੇ।39।

ਗਿਆਨ ਦਰਸ਼ਨ ਅਤੇ ਚਾਰਿੱਤਰ ਨਾਲ ਸਬੰਧਤ ਦਿਨ ਵਿਚ ਹੋਏ ਗੁਨਾਹ ਨੂੰ ਸਿਲਸਿਲੇ ਵਾਰ ਯਾਦ (ਚਿੰਤਨ) ਕਰੇ।40।

ਕਾਯੋਤਸਰਗ ਪੂਰਾ ਕਰਕੇ ਗੁਰੂ ਨੂੰ ਨਮਸਕਾਰ ਕਰੇ। ਉਸ ਤੋਂ ਬਾਅਦ ਦਿਨ ਦੇ ਕੀਤੇ ਗੁਨਾਹਾਂ ਦੀ ਨਿੰਦਾ ਕਰੇ।41।

ਪ੍ਰਤੀਕ੍ਰਮਨ ਕਰਕੇ ਮਾਇਆ ਆਦਿ ਪਾਪਾਂ ਤੋਂ ਰਹਿਤ ਹੋ ਕੇ ਗੁਰੂ ਨੂੰ ਨਮਸਕਾਰ ਕਰੇ, ਉਸ ਤੋਂ ਬਾਅਦ ਸਭ ਦੁੱਖਾਂ ਤੋਂ ਮੁਕਤ ਕਰਨ ਵਾਲਾ ਕਾਯੋਤਸਰਗ ਕਰੇ।42।

ਕਾਯੋਤਸਰਗ ਪੂਰਾ ਕਰਕੇ, ਗੁਰੂ ਨੂੰ ਨਮਸਕਾਰ ਕਰੇ, ਫਿਰ ਸਤੁਤੀ ਮੰਗਲ (ਤੀਰਥੰਕਰਾਂ ਦੀ ਸਤੁਤੀ ਮੰਗਲ) ਦਾ ਪਾਠ ਕਰੇ। ਕਾਲ ਦੀ ਪ੍ਰਤਿਲੇਖਣਾ ਕਰੇ।43।

ਪਹਿਲੇ ਪਹਿਰ ਸਵਾਧਿਆਯ, ਦੂਸਰੇ ਪਹਿਰ ਧਿਆਨ, ਤੀਸਰੇ ਪਹਿਰ ਨੀਂਦ ਅਤੇ ਚੌਥੇ ਪਹਿਰ ਸਵਾਧਿਆਯ ਕਰੇ।44।

ਚੌਥੇ ਪਹਿਰ ਕਾਲ ਦੀ ਪ੍ਰਤਿਲੇਖਣਾ ਕਰੇ, ਅਸੰਜਮੀ ਆਦਮੀਆਂ ਦੀ ਨੀਂਦ ਖਰਾਬ ਨਾ ਕਰਦਾ ਹੋਇਆ ਸਵਾਧਿਆਯ ਕਰੇ।45।

ਚੌਥੇ ਪਹਿਰ ਦੇ ਚੌਥੇ ਭਾਗ ਵਿਚ ਗੁਰੂ ਨੂੰ ਨਮਸਕਾਰ ਕਰੇ, ਕਾਲ ਦਾ ਪ੍ਰਤੀਕ੍ਰਮਨ ਕਰਕੇ ਸਵੇਰੇ ਕਾਲ ਦੀ ਪ੍ਰਤਿਲੇਖਣਾ ਕਰੇ।46।

ਸਾਰੇ ਦੁੱਖਾਂ ਤੋਂ ਮੁਕਤ ਕਰਨ ਵਾਲੇ ਕਾਯੋਤਸਰਗ ਦਾ ਸਮਾਂ ਹੋਣ ਤੇ ਸਭ ਦੁੱਖਾਂ ਤੋਂ ਮੁਕਤ ਕਰਨ ਵਾਲੇ ਕਾਯੋਤਸਰਗ ਨੂੰ ਕਰੇ।47।

ਗਿਆਨ, ਦਰਸ਼ਨ, ਚਰਿੱਤਰ ਤਪ ਅਤੇ ਵੀਰਜ (ਆਤਮਿਕ ਸ਼ਕਤੀ) ਦੋਸ਼ਾਂ ਨੂੰ ਸਿਲਸਿਲੇ ਵਾਰ ਯਾਦ ਕਰੇ।48।

ਕਾਯੋਤਸਰਗ ਪੂਰਾ ਕਰਕੇ ਗੁਰੂ ਨੂੰ ਨਮਸਕਾਰ ਕਰੇ ਫਿਰ ਸਿਲਸਿਲੇ ਵਾਰ ਰਾਤ ਸਬੰਧੀ ਦੋਸ਼ਾਂ ਦੀ ਸਿਲਸਿਲੇ ਵਾਰ ਆਲੋਚਨਾ (ਨਿੰਦਾ) ਕਰੇ।49।

ਪ੍ਰਤੀਕ੍ਰਮਨ ਕਰਕੇ, ਪਾਪ ਰਹਿਤ ਹੋ ਕੇ ਗੁਰੂ ਨੂੰ ਨਮਸਕਾਰ ਕਰੇ । ਫਿਰ ਸਾਰੇ ਦੁੱਖਾਂ ਨੂੰ ਮੁਕਤ ਕਰਨ ਵਾਲਾ ਕਾਯੋਤਸਰਗ ਕਰੇ।50।

ਕਾਯੋਤਸਰਗ ਵਿਚ ਸੋਚੇ ਕਿ ਮੈਂ ਅੱਜ ਕਿਹੜਾ ਤਪ ਸਵੀਕਾਰ ਕਰਾਂ। ਕਾਯੋਤਸਰਗ ਨੂੰ ਖ਼ਤਮ ਕਰਕੇ ਤੀਰਥੰਕਰਾਂ ਦਾ ਸਿਮਰਨ ਕਰੇ। ਗੁਰੂ ਨੂੰ ਨਮਸਕਾਰ ਕਰੇ।51।

ਕਾਯੋਤਸਰਗ ਪੂਰਾ ਹੋਣ ਤੇ ਗੁਰੂ ਨੂੰ ਨਮਸਕਾਰ ਕਰੇ। ਉਸ ਤੋਂ ਬਾਅਦ ਮਨ ਮੁਤਾਬਿਕ ਤਪ ਸਵੀਕਾਰ ਕਰ ਲਵੇ।52।

ਸੰਖੇਪ ਵਿਚ ਇਹ ਸਮਾਚਾਰੀ ਆਖੀ ਗਈ ਹੈ ਇਸ ਦਾ ਪਾਲਣ ਕਰਕੇ ਬਹੁਤ ਸਾਰੇ ਜੀਵ ਸੰਸਾਰ ਸਾਗਰ ਪਾਰ ਹੋ ਗਏ ਹਨ।53।

ਇਸ ਪ੍ਰਕਾਰ ਮੈਂ ਆਖਦਾ ਹਾਂ।

# ਟਿੱਪਣੀਆਂ

ਗਾਥਾ 13-16

ਪੋਰਸ਼ੀ ਸ਼ਬਦ ਦੀ ਉਤਪਤੀ ਪੁਰਸ਼ ਸ਼ਬਦ ਤੋਂ ਹੋਈ ਹੈ। ਜਿਸ ਕਾਲ (ਸਮੇਂ) ਦੀ ਮਾਪ ਦਾ ਮਾਧਯਮ ਪੁਰਸ਼ ਹੋਵੇ ਉਹ ਪੋਰਸ਼ੀ ਹੈ। ਇਸ ਨੂੰ ਪਹਿਰ ਵੀ ਆਖਦੇ ਹਨ।

ਪੁਰਸ਼ ਸ਼ਬਦ ਦੇ ਦੋ ਅਰਥ ਹਨ।

(1) ਪੁਰਸ਼ ਦਾ ਸਰੀਰ (2) ਸ਼ੰਕੂ

ਇਕ ਸ਼ੰਕੂ 24 ਉਂਗਲ ਦਾ ਹੁੰਦਾ ਹੈ। ਪੈਰ ਤੋਂ ਗੋਡੇ ਤੱਕ ਦੀ ਲੰਬਾਈ 24 ਉਂਗਲ ਹੁੰਦੀ ਹੈ।

ਜਿਸ ਦਿਨ ਕਿਸੇ ਚੀਜ਼ ਦੀ ਛਾਂ ਉਸ ਦੇ ਆਕਾਰ ਮੁਤਾਬਿਕ ਵਿਖਾਈ ਦੇਵੇ ਉਹ ਦਿਨ ਦਕਸ਼ਨਾਯਨ ਦਾ ਪਹਿਲਾ ਦਿਨ ਹੁੰਦਾ ਹੈ। ਯੁੱਗ ਦੇ ਪਹਿਲੇ ਸਾਲ (ਸੂਰਜ ਦਾ ਸਾਲ) ਦੇ ਸਾਵਣ ਹਨੇਰ ਪੱਖ ਦੇ ਪੰਦਰਵਾੜੇ ਨੂੰ ਸ਼ੰਕੂ ਅਤੇ ਗੋਡੇ ਦੀ ਛਾਂ ਆਪਣੇ ਆਕਾਰ ਅਨੁਸਾਰ 24 ਉਂਗਲ ਪੈਂਦੀ ਹੈ। 12 ਉਂਗਲਾ ਦਾ ਇਕ ਪਾਦ (ਪੈਰ) ਹੋਣ ਕਾਰਨ ਸ਼ੰਕੂ ਅਤੇ ਜਾਨੂੰ ਦੇ ਦੋ ਪੈਰ ਹਨ ਜੋ 12-12 ਉਂਗਲ ਦੇ ਹੁੰਦੇ ਹਨ।

ਇਕ ਸਾਲ ਦੇ ਦੋ ਅਯਨ ਹੁੰਦੇ ਹਨ - ਦਕਸ਼ਨਾਯਨ ਅਤੇ ਉਤਰਾਯਨ। ਦਕਸ਼ਨਾਯਨ ਸਾਵਨ ਦੇ ਮਹੀਨੇ ਤੋਂ ਸ਼ੁਰੂ ਹੁੰਦਾ ਹੈ ਅਤੇ ਉਤਰਾਯਨ ਮਾਘ ਤੋਂ। ਦਕਸ਼ਨਾਯਨ ਵਿਚ ਛਾਂ ਵਧਦੀ ਹੈ ਅਤੇ ਉਤਰਾਯਨ ਵਿਚ ਛਾਂ ਘਟਦੀ ਹੈ।

ਗਾਥਾ 19-20

ਰਾਤ ਦੇ ਚਾਰ ਭਾਗ ਹੁੰਦੇ ਹਨ :

(1) ਪ੍ਰਾਦੋਸ਼ੀਕ (ਰਾਤ ਦਾ ਮੁੱਖ ਭਾਗ) (2) ਅਰਧ ਰਾਤਰੀ (2)

ਵੈਰਾਤਰੀਕ (4) ਪ੍ਰਭਾਤਿਕ

ਪ੍ਰਾਦੋਸ਼ਕੀ ਅਤੇ ਪ੍ਰਭਾਤਿਕ ਇਨ੍ਹਾਂ ਦੋ ਪਹਿਰਾਂ ਵਿਚ ਸਵਾਧਿਆਯ ਕੀਤਾ ਜਾਂਦਾ ਹੈ।

ਅਰਧਰਾਤਰੀ ਵਿਚ ਧਿਆਨ ਅਤੇ ਵੈਰਾਤਰੀਕ ਵਿਚ ਨੀਂਦ ਲਈ ਜਾਂਦੀ ਹੈ।

ਗਾਥਾ 42

ਕਾਯੋਤਸਰਗ : ਇਸ ਸ਼ਬਦ ਤੋਂ ਭਾਵ ਹੈ ਸਰੀਰ ਦਾ ਮੋਹ ਛੱਡ ਦੇਣਾ ਕਿਉਂਕਿ ਸਰੀਰ ਗੰਦਗੀ ਦਾ ਘਰ ਹੈ। ਖ਼ਤਮ ਹੋਣ ਵਾਲਾ ਹੈ। ਆਸਾਰ ਹੈ, ਦੁੱਖ ਦਾ ਕਾਰਨ ਹੈ। ਜਦ ਜੀਵ ਇਹ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਸੋਚਦਾ ਹੈ ਇਹ ਸਰੀਰ ਮੇਰਾ ਨਹੀਂ, ਮੈਂ ਸਰੀਰ ਤੋਂ ਭਿੰਨ ਹਾਂ। ਇਸ ਪ੍ਰਕਾਰ ਸੋਚਣ ਨਾਲ ਸਰੀਰ ਦੇ ਪ੍ਰਤੀ ਮੋਹ ਘੱਟਦਾ ਹੈ ਇਸ ਹਾਲਤ ਦਾ ਨਾਮ ਹੀ ਕਾਯੋਤਸਰਗ ਹੈ। ਪਰ ਇਸ ਦੇ ਨਾਲ ਸਰੀਰ ਦਾ ਕ੍ਰਿਆ ਰਹਿਤ ਹੋਣਾ ਜ਼ਰੂਰੀ ਹੈ।

ਕਾਯੋਤਸਰਗ ਦਾ ਮੁੱਖ ਉਦੇਸ਼ ਸਰੀਰ ਦਾ ਆਤਮਾ ਨਾਲ ਮੇਲ ਹੈ। ਕਾਯੋਤਸਰਗ ਵਿਚ ਸਾਹ ਜਿਹੀ ਸੂਖਮ ਕ੍ਰਿਆ ਰਹਿੰਦੀ ਹੈ। ਕਾਯੋਤਸਰਗ ਨੌ ਪ੍ਰਕਾਰ ਦਾ ਆਖਿਆ ਗਿਆ ਹੈ। ਇਹ ਵੰਡ ਸਰੀਰਿਕ ਸੰਬੰਧੀ ਤੇ ਮਾਨਸਿਕ ਵਿਚਾਰਧਾਰਾ ਦੇ ਆਧਾਰ ਤੇ ਕੀਤੀ ਗਈ ਹੈ।

| | | | |
|---|---|---|---|
| (1) | ਉਤਸ੍ਰਤ-ਉਤਸ੍ਰਤ | ਖੜ੍ਹਾ | ਧਰਮ ਸ਼ੁਕ ਧਿਆਨ |
| (2) | ਉਤਸ੍ਰਤ | ਖੜ੍ਹਾ | ਨਾ ਧਰਮ ਨਾ ਸ਼ੁਕਲ<br>ਆਰਤ, ਰੋਦਰ ਧਿਆਨ |
| (3) | ਉਤਸ੍ਰਤ ਨਿਸ਼ੱਣ | ਖੜ੍ਹਾ | ਆਰਤ, ਰੋਦਰ, ਧਿਆਨ |
| (4) | ਨਿਸ਼ੱਣ ਉਤਸ੍ਰਤ | ਬੈਠਾ | ਧਰਮ, ਸ਼ੁਕਲ, ਧਿਆਨ |

| | | | |
|---|---|---|---|
| (5) | ਨਿਸ਼ੱਣ | ਬੈਠਾ | ਨਾ ਧਰਮ ਸ਼ੁਕਲ, ਨਾ ਆਰਤ ਰੋਦਰ ਪਰ ਚਿੰਤਨ ਤੋਂ ਰਹਿਤ ਧਿਆਨ |
| (6) | ਨਿਸ਼ੱਣ ਨਿਸ਼ੱਣ | ਬੈਠਾ | ਆਰਤ ਰੋਦਰ ਧਿਆਨ |
| (7) | ਨਿਸ਼ੱਣ ਉਤਸ੍ਰਤ | ਸੋਇਆ ਹੋਇਆ | ਆਰਤ, ਰੋਦਰ, ਧਿਆਨ |
| (8) | ਨਿਸ਼ੱਣ | ਸੋਇਆ ਹੋਇਆ | ਨਾ ਧਰਮ ਨਾ ਸ਼ੁਕਲ ਆਰਤ ਤੇ ਰੋਦਰ ਧਿਆਨ |
| (9) | ਨਿਸ਼ੱਣ ਨਿਸ਼ੱਣ | ਸੋਇਆ ਹੋਇਆ | ਆਰਤ, ਰੋਦਰ ਧਿਆਨ |

ਪਰ ਆਚਾਰਿਆ ਅੰਮਿਤ ਗਤੀ ਨੇ ਆਪਣੇ ਸ਼ਰਾਵਕਾਚਾਰ ਨਾਮਕ ਗ੍ਰੰਥ ਵਿਚ (ਗਾਥਾ 8/57-61) ਵਿਚ ਕਾਯੋਤਸਰਗ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੈ :

| | | | |
|---|---|---|---|
| (1) | ਉਤਥਿਤ ਉਤਥਿਤ | ਖੜ੍ਹਾ ਹੋਇਆ | ਧਰਮ, ਸ਼ੁਕਲ |
| (2) | ਉਤਥਿਤ ਉਪਵਿਸ਼ਟ | ਖੜ੍ਹਾ ਹੋਇਆ | ਆਰਤ, ਰੋਦਰ |
| (3) | ਉਪਵਿਸ਼ਟ ਉਤਥਿਤ | ਬੈਠਾ ਹੋਇਆ | ਧਰਮ, ਸ਼ੁਕਲ |
| (4) | ਉਪਵਿਸ਼ਟ ਉਪਵਿਸ਼ਟ | ਬੈਠਾ ਹੋਇਆ | ਆਰਤ, ਰੋਦਰ |

ਕਾਯੋਤਸਰਗ ਖੜ੍ਹੇ, ਬੈਠੇ, ਸੌਂਦੇ ਤਿੰਨ ਢੰਗ ਨਾਲ ਕੀਤਾ ਜਾ ਸਕਦਾ ਹੈ ਪਰ ਆਮ ਤੌਰ ਤੇ ਕਾਯੋਤਸਰਗ ਖੜ੍ਹੇ ਹੋ ਕੇ ਕੀਤਾ ਜਾਂਦਾ ਹੈ।

कायस्य शरीरस्य स्यान मौन–ध्यान–कियाव्यतिरेकेणान्यत्र उच्छ्वसितादिभ्यः कियान्तराध्यासमधिकृतरूउत्सर्गगस्त्यागो नमो अरिहंताणं इति वचनात् प्राक सः कायेत्सर्ग

ਯੋਗ ਸ਼ਾਸਤਰ 3 ਪੰਨਾ 250

ਅਚਾਰਿਆ ਅਪਰਾਜੀਤ ਸੂਰੀ ਨੇ ਲਿਖਿਆ ਹੈ ਕਿ ਕਾਯੋਤਸਰਗ ਕਰਨ ਵਾਲਾ ਮਨੁੱਖ ਸਰੀਰ ਨੂੰ ਖੰਬੇ ਦੀ ਤਰ੍ਹਾਂ ਸਿੱਧਾ ਖੜ੍ਹਾ ਕਰੇ। ਦੋਵੇਂ ਬਾਹਾਂ ਨੂੰ ਘੁਟਨੇ ਵੱਲ ਫੈਲਾ ਦੇਵੇ। ਸ਼ੁਭ ਧਿਆਨ (ਧਰਮ-ਸ਼ੁਕਲ) ਵਿਚ ਮਗਨ ਹੋ ਜਾਵੇ। ਸਰੀਰ ਨੂੰ ਨਾ ਅਕੜਾ ਕੇ ਖੜ੍ਹਾ ਕਰੇ ਨਾ ਹੀ ਝੁਕਾ ਕੇ ਖੜ੍ਹਾ ਹੋਵੇ। ਆਉਣ ਵਾਲੇ ਪਰਿਸ਼ੈ (ਕਸ਼ਟਾਂ) ਨੂੰ ਸਹਿਣ ਕਰੇ ਕਾਯੋਤਸਰਗ ਦਾ ਥਾਂ ਏਕਾਂਤ ਤੇ ਜੀਵ ਜੰਤੂ ਰਹਿਤ ਹੋਣਾ ਚਾਹੀਦਾ ਹੈ।

ਕਾਯੋਤਸਰਗ ਪ੍ਰਯੋਜਨ ਪੱਖੋਂ ਦੋ ਪ੍ਰਕਾਰ ਦਾ ਹੈ। (1) ਚੇਸ਼ਟਾ ਕਾਯੋਤਸਰਗ (2) ਅਭਿਭਵ ਕਾਯੋਤਸਰਗ।

ਚੇਸ਼ਟਾ ਕਾਯੋਤਸਰਗ ਦਾ ਸਮਾਂ ਸਾਹ ਦੀ ਗਿਣਤੀ ਤੇ ਆਧਾਰਿਤ ਹੈ। ਭਿੰਨ ਭਿੰਨ ਸਮੇਂ, ਅੱਠ, ਪੱਚੀ, ਸਤਾਈ, ਤਿੰਨ ਸੌ ਪੰਜ ਸੌ ਅਤੇ 1008 ਤੱਕ ਕੀਤਾ ਜਾ ਸਕਦਾ ਹੈ।

ਅਭਿਭੱਵ ਕਾਯੋਤਸਰਗ ਦਾ ਸਮਾਂ ਘੱਟੋ ਘੱਟ ਮਹੂਰਤ ਤੇ ਜ਼ਿਆਦਾ ਤੋਂ ਜ਼ਿਆਦਾ ਇਕ ਸਾਲ ਹੈ। ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਦੇ ਪੁੱਤਰ ਬਾਹੂਬਲੀ ਜੀ ਨੇ ਇਕ ਸਾਲ ਦਾ ਕਾਯੋਤਸਰਗ ਕੀਤਾ ਸੀ।[1]

[1] तत्र चेष्टा कायोत्सर्गोष्टै पंचविशति-सप्तविशति-त्रिशती, पंचशती, अष्टोत्तर सहसगोच्छवासान् यावद् भवति। अभिभवकायोत्सर्ग हेतुमुहूर्तादारभ्य संवत्सर यावद् बाहुबलिरिव भ्रवति। अन्तमुहूर्ते कायोत्सर्गस्य जघन्यः कालोवर्ष मृत्कष्टम्

ਮੂਲ ਆਰਾਧਨਾ 2/116

ਕਾਯੋਤਸਰਗ ਵਿਚ 24 ਤੀਰਥੰਕਰਾਂ ਦੀ ਸਤੁਤੀ ਕੀਤੀ ਜਾਂਦੀ ਹੈ।

ਦੋਸ਼ ਸ਼ੁੱਧੀ ਲਈ ਵੀ ਕਾਯੋਤਸਰਗ ਕੀਤਾ ਜਾਂਦਾ ਹੈ। (1) ਦੈਵਸੀਕ

(ਦਿਨ) (2) ਰਾਤ (3) ਪੱਖ (15 ਦਿਨਾਂ) (4) ਚਾਰ ਮਾਹਾਂ (5) ਸੰਵਤਸਰ (ਸਾਲ ਬਾਅਦ)

ਇਕ ਤੀਰਥੰਕਰ ਸਤੁਤੀ 25 ਸਾਹਾਂ ਵਿਚ ਕੀਤੀ ਜਾਂਦੀ ਹੈ।

ਇਸ ਨਾਲ ਮਨ ਦੋਸ਼ ਰਹਿਤ ਤੇ ਹਲਕਾ ਹੋ ਜਾਂਦਾ ਹੈ। ਹਲਕਾ ਮਨ ਧਿਆਨ ਵੱਲ ਵਧਦਾ ਹੈ। ਕਾਯੋਤਸਰਗ ਨਾਲ ਸਰੀਰਿਕ ਤੇ ਮਾਨਸਿਕ ਤਨਾਵ ਤੇ ਭਾਰ ਖ਼ਤਮ ਹੁੰਦੇ ਹਨ। ਇਹ ਹਰ ਪੱਖੋਂ ਮੁਕਤੀ ਤੇ ਸ਼ਾਂਤੀ ਦੇਣ ਵਾਲਾ ਹੈ।

ਆਚਾਰਿਆ ਭਦਰਬਾਹੂ ਸਵਾਮੀ ਨੇ ਆਵਸ਼ਕ ਨਿਰਯੁਕਤੀ ਗਾਥਾ 1462 ਵਿਚ ਕਾਯੋਤਸਰਗ ਦੇ ਪੰਜ ਫਲ ਦੱਸੇ ਹਨ :

(1) ਦੇਹਜਾੜਸ ਸ਼ੁੱਧੀ : ਬਲਗਮ ਆਦਿ ਰਾਹੀਂ ਸਰੀਰ ਵਿਚ ਕਮਜ਼ੋਰੀ ਪੈਦਾ ਹੁੰਦੀ ਹੈ। ਕਾਯੋਤਸਰਗ ਇਸ ਕਮਜ਼ੋਰੀ ਨੂੰ ਦੂਰ ਕਰਦਾ ਹੈ।

(2) ਮਤੀਜੜਯ ਸ਼ੁੱਧੀ : ਕਾਯੋਤਸਰਗ ਨਾਲ ਮਨ ਇਕਾਗਰ ਹੁੰਦਾ ਹੈ ਅਤੇ ਮੰਦਬੁੱਧੀ ਦਾ ਖ਼ਾਤਮਾ ਹੁੰਦਾ ਹੈ।

(3) ਸੁੱਖ ਦੁੱਖ ਤਿਤਿਕਸ਼ਾ : ਕਾਯੋਤਸਰਗ ਰਾਹੀਂ ਪੈਦਾ ਹੋਏ ਸ਼ੁਭ ਵਿਚਾਰਾਂ ਦਾ ਮਜਬੂਤੀ ਨਾਲ ਅਭਿਆਸ ਕੀਤਾ ਜਾ ਸਕਦਾ ਹੈ।

(4) ਕਾਯੋਤਸਰਗ ਵਿਚ ਸ਼ੁਭ ਧਿਆਨ ਦਾ ਅਭਿਆਸ ਸਹਿਜ ਕੀਤਾ ਜਾ ਸਕਦਾ ਹੈ।

ਕਾਯੋਤਸਰਗ ਦੇ ਦੋਸ਼ :

ਪ੍ਰਬਚਨ ਸਾਰ ਦੋ ਦੇ ਅਨੁਸਾਰ 19[1], ਯੋਗ ਸ਼ਾਸਤਰ[2] ਅਨੁਸਾਰ 21 ਅਤੇ ਵਿਜੇਦਸ ਅਨੁਸਾਰ 16 ਦੋਸ਼ ਹਨ।

[1] ਪ੍ਰਬਚਨਸਾਰ ਗਾਥਾ 143-162

2 ਯੋਗਸ਼ਾਸਤਰ - 3

देहमइ जड्ढसुद्धी सुहदुक्खतितक्ख य अणुप्पेहा।

झायई य सुहं झाणं, एयग्गो काउ सग्गाईम।।

(ਆਵਸ਼ਕਨਿਰਬੁਕਤੀ ਗਾਥਾ 1462)

# 27.

# ਸ਼ੁਲੱਕੀਆ ਅਧਿਐਨ

ਇਸ ਅਧਿਐਨ ਵਿਚ ਗਰਗੋ ਗੋਤਰ ਵਿਚ ਪੈਦਾ ਹੋਏ ਗਰਗ ਮੁਨੀ ਦਾ ਵਰਨਣ ਹੈ। ਉਹ ਬਹੁਤ ਤਪੱਸਵੀ ਤੇ ਨਿਪੁੰਨ ਆਚਾਰਿਆ ਸਨ। ਪਰ ਉਨ੍ਹਾਂ ਦੇ ਚੇਲੇ ਬੜੇ ਝੂਠੇ, ਧੋਖੇਬਾਜ਼, ਅਵਿਨਿਤ ਤੇ ਮਨਮਰਜ਼ੀ ਕਰਨ ਵਾਲੇ ਸਨ। ਉਨ੍ਹਾਂ ਨੇ ਆਪਣੇ ਚੇਲਿਆਂ ਨੂੰ ਛੱਡ ਕੇ ਇਕਾਂਤ (ਇਕੱਲਾ) ਸਾਧਨਾ ਕਰਨ ਦਾ ਨਿਸ਼ਚਾ ਕਰ ਲਿਆ। ਇਸੇ ਘਟਨਾ ਦਾ ਇਸ ਅਧਿਐਨ ਵਿਚ ਵਰਨਣ ਕੀਤਾ ਗਿਆ ਹੈ। ਸ਼ੁਲੱਕ ਦਾ ਅਰਥ ਦੁਸ਼ਟ ਬਲਦ ਹੈ ਰਾਹ ਵਿਚ ਹੀ ਗੱਡੀ ਤੋੜ ਕੇ ਮਾਲਕ ਲਈ ਮੁਸੀਬਤ ਦਾ ਕਾਰਨ ਬਣਦਾ ਹੈ।

ਇਸ ਅਧਿਐਨ ਵਿਚ ਵੀ ਪਹਿਲੇ ਅਧਿਐਨ ਦੀ ਤਰ੍ਹਾਂ ਵਿਨੈ ਤੇ ਅਵਿਨੈ ਦੀ ਵਿਆਖਿਆ ਕੀਤੀ ਗਈ ਹੈ।

# ਸਤਾਈਵਾਂ ਅਧਿਐਨ

ਗਰਗ ਕੁੱਲ ਵਿਚ ਉਤਪੰਨ ਹੋਏ ਗਰਗ ਮੁਨੀ ਸਥਵਿਰ (ਬਜ਼ੁਰਗ) ਗਣਧਰ ਅਤੇ ਵਿਦਵਾਨ ਸਨ। ਗੁਣਾਂ ਤੋਂ ਭਰਪੂਰ ਸਨ। ਗਣੀਭਾਵ ਨਾਲ (ਆਗਿਆ ਵਿਚ ਰਹਿਣ ਵਾਲੇ) ਵਿਚਰਦੇ ਸਨ ਅਤੇ ਸਮਾਧੀ ਨਾਲ ਆਪਣੇ ਆਪ ਜੋੜਨ ਵਾਲੇ ਸਨ।1।

ਗੱਡੀ ਨੂੰ ਠੀਕ ਤਰੀਕੇ ਨਾਲ ਚਲਾਉਣ ਵਾਲਾ ਬਲਦ ਜਿਵੇਂ ਸੁੱਖ ਪੂਰਵਕ ਜੰਗਲ ਨੂੰ ਪਾਰ ਕਰ ਜਾਂਦਾ ਹੈ ਉਸ ਪ੍ਰਕਾਰ ਸੰਜਮ ਵਿਚ ਲੱਗਾ ਮਨੁੱਖ ਸੰਸਾਰ ਨੂੰ ਪਾਰ ਕਰ ਜਾਂਦਾ ਹੈ।2।

ਜੋ ਗੱਡੀ ਨਾਲ ਦੁਸ਼ਟ ਬੈਲ ਨੂੰ ਜੋੜਦਾ ਹੈ ਉਹ ਉਸ ਬੈਲ ਨੂੰ ਮਾਰਦਾ ਹੋਇਆ ਕਲੇਸ਼ (ਅਸਮਾਧੀ) ਦੁੱਖ ਅਨੁਭਵ ਕਰਦਾ ਹੈ। ਆਖ਼ਿਰ ਵਿਚ ਉਸਦਾ ਚਾਬੁਕ ਟੁੱਟ ਜਾਂਦਾ ਹੈ।3।

ਉਹ ਗੁੱਸੇ ਹੋਇਆ ਗੱਡੀਵਾਨ ਕਿਸੇ ਬਲਦ ਦੀ ਪੂਛ ਕੱਟ ਲੈਂਦਾ ਹੈ ਤਾਂ ਕਿਸੇ ਬਲਦ ਨੂੰ ਵਾਰ ਵਾਰ ਵਿੰਨਦਾ ਹੈ। ਉਹਨਾਂ ਬਲਦਾਂ ਵਿਚੋਂ ਕੋਈ ਆਪਣੀ ਪੰਜਾਲੀ ਦੀ ਕਿੱਲ ਤੋੜ ਦਿੰਦਾ ਹੈ ਅਤੇ ਉਲਟ ਰਸਤੇ ਚੱਲ ਪੈਂਦਾ ਹੈ।4।

ਕੋਈ ਬਲਦ ਦੀ ਤਰ੍ਹਾਂ ਰਸਤੇ ਦੇ ਇਕ ਪਾਸੇ ਗਿਰ ਜਾਂਦਾ ਹੈ। ਕੋਈ ਬੈਠ ਜਾਂਦਾ ਹੈ। ਕੋਈ ਸੌਂ ਜਾਂਦਾ ਹੈ। ਕੋਈ ਉਛਲਦਾ ਹੈ ਕੋਈ ਗਾਵਾਂ ਦੇ ਪਿੱਛੇ ਭੱਜਦਾ ਹੈ।5।

ਕੋਈ ਧੋਖੇਬਾਜ ਬਲਦ ਸਿਰ ਨੂੰ ਨਿਢਾਲ ਹੋ ਕੇ ਜ਼ਮੀਨ ਤੇ ਮੱਥੇ ਦੇ ਭਾਰ ਗਿਰ ਜਾਂਦਾ ਹੈ। ਕੋਈ ਕਰੋਧ ਵਿਚ ਗਲਤ ਰਾਹ ਤੇ ਤੁਰ ਪੈਂਦਾ ਹੈ। ਕੋਈ ਮਰਿਆਂ ਵਾਂਗ ਪਿਆ ਰਹਿੰਦਾ ਹੈ। ਕੋਈ ਤਾਂ ਤੇਜ਼ੀ ਨਾਲ ਭੱਜਣ ਲੱਗ ਪੈਂਦਾ ਹੈ।6।

ਕੋਈ ਛਿਨਾਲ (ਦੁਸ਼ਟ ਬਲਦ) ਰੱਸੇ ਨੂੰ ਤੋੜ ਦਿੰਦਾ ਹੈ। ਗੁੱਸੇ ਨਾਲ ਜੂੰਆਂ ਤੋੜ ਦਿੰਦਾ ਹੈ। ਫਿਰ ਸੂੰ ਸੂੰ ਦੀ ਆਵਾਜ਼ ਕਰਕੇ ਗੱਡੀ ਨੂੰ ਛੱਡ ਕੇ ਭੱਜ ਜਾਂਦਾ ਹੈ।7।

ਆਯੋਗ ਬੈਲ ਜਿਵੇਂ ਗੱਡੇ ਨੂੰ ਤੋੜ ਦਿੰਦਾ ਹੈ ਉਸੇ ਤਰ੍ਹਾਂ ਹੀ ਧੀਰਜ ਵਿਚ ਕਮਜ਼ੋਰ ਸ਼ਿੱਸ਼ਾਂ ਨੂੰ ਧਰਮ ਰੂਪੀ ਗੱਡੀ ਵਿਚ ਜੋੜਨ ਨਾਲ ਉਹ ਧਰਮ ਰੂਪੀ ਗੱਡੀ ਤੋੜ ਦਿੰਦੇ ਹਨ ਭਾਵ ਧਰਮ ਕਾਰਜਾਂ ਦਾ ਪਾਲਣ ਨਹੀਂ ਕਰਦੇ।8।

ਕੋਈ ਰਿੱਧੀ, ਐਸ਼ ਤੇ ਮਾਨ ਕਰਦਾ ਹੈ, ਕੋਈ ਰਸ ਤੇ ਮਾਨ ਕਰਦਾ ਹੈ ਕੋਈ ਸੁੱਖ ਦਾ ਮਾਨ ਕਰਦਾ ਹੈ ਅਤੇ ਕੋਈ ਲੰਬੇ ਸਮੇਂ ਤੱਕ ਕਰੋਧ ਕਰਦਾ ਹੈ।9।

ਕੋਈ ਭਿਕਸ਼ਾ ਲੈ ਕੇ ਆਉਣ ਵਿਚ ਆਲਸ ਕਰਦਾ ਹੈ ਕੋਈ ਭੈੜਾ ਚੇਲਾ ਬੇਇੱਜ਼ਤੀ ਤੋਂ ਡਰਦਾ ਹੈ ਕੋਈ ਢੀਠ ਬੇਸ਼ਰਮ ਹੈ। ਮੈਂ ਉਨ੍ਹਾਂ ਦੇ ਭਲੇ ਲਈ (ਗੁਰੂ) ਉਨ੍ਹਾਂ ਵਿਚੋਂ ਕਿਸੇ ਪ੍ਰਕਾਰ ਚੇਲੇ ਨੂੰ ਅਨੁਸ਼ਾਸਿਤ ਕਰੇ।10।

ਤਾਂ ਉਹ ਬੁਰਾ ਚੇਲਾ ਗੱਲ ਬਾਤ ਦੇ ਦਰਮਿਆਨ ਹੀ ਬੋਲਣ ਲੱਗ ਪੈਂਦੇ ਹਨ ਅਤੇ ਅਚਾਰਿਆ ਦੇ ਬਚਨਾਂ ਵਿਚੋਂ ਨੁਕਸ ਕੱਢਦੇ ਹਨ ਅਤੇ ਵਾਰ ਵਾਰ ਬਚਨ ਤੋਂ ਉਲਟ ਚੱਲਦੇ ਹਨ।11।

ਭਿਕਸ਼ਾ ਲਿਆਉਣ ਵੇਲੇ ਕੋਈ ਸ਼ਿੱਸ਼ (ਘਰ ਦੀ ਮਾਲਕਣ ਬਾਰੇ ਆਖਦਾ ਹੈ) ਉਹ ਮੈਨੂੰ ਨਹੀਂ ਜਾਣਦੀ ਉਹ ਮੈਨੂੰ ਭੋਜਨ ਨਹੀਂ ਦੇਵੇਗੀ ਮੈਂ ਜਾਣਦਾ ਹੈ ਉਹ ਘਰੋਂ ਬਾਹਰ ਗਈ ਹੋਵੇਗੀ। ਇਸ ਲਈ ਕਿਸੇ ਹੋਰ ਸਾਧੂ ਨੂੰ ਜਾਣਾ ਚਾਹੀਦਾ ਹੈ।12।

ਕਿਸੇ ਵਿਸ਼ੇਸ਼ ਕੰਮ ਲਈ ਭੇਜਣ ਤੇ ਬਿਨਾਂ ਕੰਮ ਕੀਤੇ ਵਾਪਸ ਆ ਜਾਂਦੇ ਹਨ ਅਤੇ ਊਟ-ਪਟਾਂਗ ਗੱਲਾਂ ਕਰਦੇ ਹਨ। ਇੱਧਰ ਉੱਧਰ ਘੁੰਮਦੇ

ਰਹਿੰਦੇ ਹਨ। ਗੁਰੂ ਦੀ ਆਗਿਆ ਨੂੰ ਇੰਝ ਸਮਝਦੇ ਹਨ ਜਿਵੇਂ ਰਾਜਾ ਬੇ ਗਾਰ ਲੈ ਰਿਹਾ ਹੋਵੇ। ਮੂੰਹ ਤੇ ਤਿਊੜੀਆਂ ਬਣਾ ਲੈਂਦੇ ਹਨ।13।

ਜਿਵੇਂ ਖੰਭ ਆਉਣ ਤੇ ਹੰਸ ਭਿੰਨ ਭਿੰਨ ਦਿਸ਼ਾਵਾਂ ਨੂੰ ਉੜ ਜਾਂਦੇ ਹਨ ਉਸ ਪ੍ਰਕਾਰ ਹੀ ਸਿੱਖਿਅਤ ਅਤੇ ਦੀਖਿਅਤ ਕੀਤੇ ਗਏ ਰੋਟੀ, ਪਾਣੀ ਛਕਣ ਵਾਲੇ ਭੈੜੇ ਸ਼ਿਸ਼ ਅਗਿਆਨਤਾ ਵੱਲ ਚਲੇ ਜਾਂਦੇ ਹਨ।14।

ਅਵਿਨਿਤ (ਚਰਿੱਤਰਹੀਣ) ਸ਼ਿਸ਼ਾਂ ਤੋਂ ਦੁਖੀ ਹੋ ਕੇ ਧਰਮ ਦੀ ਗੱਡੀ ਚਲਾਉਣ ਵਾਲੇ ਅਚਾਰਿਆ ਸੋਚਦੇ ਹਨ, ਮੈਨੂੰ ਇਨ੍ਹਾਂ ਦੁਸ਼ਟਾਂ ਤੋਂ ਕੀ ਲਾਭ ? ਇਨ੍ਹਾਂ ਦੇ ਕਾਰਨ ਤਾਂ ਮੇਰੀ ਆਤਮਾ ਦੁਖੀ ਹੁੰਦੀ ਹੈ।15।

ਜਿਵੇਂ ਆਲਸੀ ਨਿਕੰਮੇ ਗਧੇ ਹੁੰਦੇ ਹਨ। ਉਸੇ ਤਰ੍ਹਾਂ ਦੇ ਮੇਰੇ ਇਹ ਚੇਲੇ ਹਨ। ਇਹ ਵਿਚਾਰ ਕੇ ਗਰਗ ਆਚਾਰਿਆ, ਗਧੇ ਸਮਾਨ ਆਲਸੀ ਸ਼ਿਸ਼ਾਂ ਨੂੰ ਛੱਡ ਕੇ ਦ੍ਰਿੜਤਾ ਨਾਲ ਤਪ ਕਰਨ ਲੱਗ ਪਏ।16।

ਉਹ ਮਿੱਠੇ ਅਤੇ ਦਿਆਵਾਨ ਸੁਭਾਅ ਵਾਲੇ ਗੰਭੀਰ, ਸਮਾਧੀ ਵਾਲਾ ਅਤੇ ਸ਼ੀਲਵਾਨ (ਚਰਿੱਤਰਵਾਨ) ਆਤਮਾ ਆਚਾਰਿਆ ਗਰਗ ਪ੍ਰਿਥਵੀ ਤੇ ਘੁੰਮਣ ਲੱਗੇ।17।

ਇਸ ਪ੍ਰਕਾਰ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 1

ਗਣਧਰ ਸ਼ਬਦ ਦੇ ਦੋ ਅਰਥ ਹਨ :

(1) ਤੀਰਥੰਕਰ ਭਗਵਾਨ ਦੇ ਪ੍ਰਮੁੱਖ ਸ਼ਿੱਸ਼ ਜਿਵੇਂ ਗੌਤਮ, ਸੁਧਰਮਾ ਆਦਿ।

(2) ਅਣੂਪਮ ਗਿਆਨ ਆਦਿ ਗੁਣਾਂ ਦੇ ਧਾਰਕ ਆਚਾਰਿਆ।

# 28.

# ਮੋਕਸ਼ ਮਾਰਗ ਗਤੀ ਅਧਿਐਨ

ਇਹ ਅਧਿਐਨ ਬਹੁਤ ਹੀ ਮਹੱਤਵਪੂਰਨ ਹੈ। ਇਸ ਵਿਚ ਨੌ ਤੱਤ, ਪੰਜ ਗਿਆਨ, ਛੇ ਦਰਵਾਂ ਦਾ ਸੰਖੇਪ ਵਰਨਣ ਹੈ। ਇਹ ਅਧਿਐਨ ਦੇ ਕਈ ਸੂਤਰ, ਤਤਵਾਰਥ ਸੂਤਰ ਵਿਚ ਵੀ ਮਿਲਦੇ ਹਨ।

ਇਸ ਅਧਿਐਨ ਵਿਚ ਮੋਕਸ਼ ਪ੍ਰਾਪਤੀ ਦੇ ਚਾਰ ਸਾਧਨ ਦੱਸੇ ਗਏ ਹਨ। (1) ਦਰਸ਼ਨ (2) ਗਿਆਨ (3) ਚਾਰਿੱਤਰ (4) ਤਪ।

## ਮੁਕਤੀ ਦਾ ਰਾਹ

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮੁਕਤੀ ਪ੍ਰਾਪਤ ਕਰਨ ਦਾ ਕੀ ਰਾਹ ਹੈ ? ਇਸ ਬਾਰੇ ਸ੍ਰੀ ਉਮਾਸਵਾਮੀ ਨੇ ਤੱਤਵਾਰਥ ਸੂਤਰ ਵਿਚ ਆਖਿਆ ਹੈ :

ਸੱਮਿਅਕ ਦਰਸ਼ਨ (ਧਰਮ ਵਿਚ ਵਿਸ਼ਵਾਸ), ਸਮਿੱਅਕ (ਸੱਚਾ) ਗਿਆਨ, ਅਤੇ ਸੱਮਿਅਕ ਚਾਰਿੱਤਰ ਹੀ ਮੋਕਸ਼ ਦਾ ਰਾਹ ਹੈ।

(1) ਸਮਿੱਅਕ ਦਰਸ਼ਨ ਸੱਮਿਅਕਤਵ ਸ਼ਬਦ ਦਾ ਆਮ ਅਰਥ ਸਹੀ ਜਾਂ ਚੰਗਾ ਹੈ। ਪਰ ਸ਼ਾਸਤਰ ਇਸ ਦਾ ਵਿਸ਼ੇਸ਼ ਅਰਥ ਕਰਦੇ ਹਨ :

ਗਾਵਰਾਸ਼ੱ ਏ)ਾਰ੍ਹ ;ਥਸਧਐੱਚਕਨੂੰ

(ਤੱਤਵਾਰਥ ਸੂਤਰ 2 ਸੂਤਰ)

ਭਾਗ ਅਰਥ : ਜੀਵ ਅਜੀਵ ਆਦਿ ਨੌ ਤੱਤਵਾਂ ਦੇ ਤੇ ਸਹੀ ਢੰਗ ਨਾਲ ਵਿਸ਼ਵਾਸ ਕਰਨਾ ਸੱਮਿਅਕਤਵ ਜਾਂ ਸੱਮਿਅਕ ਦਰਸ਼ਨ ਹੈ। ਦੇਵ ਗੁਰੂ ਤੇ ਧਰਮ ਤੇ ਸ਼ੁੱਧਤਾ ਨਾਲ ਵਿਸ਼ਵਾਸ ਕਰਨਾ ਸੱਮਿਅਕਤਵ ਹੈ। ਦੇਵ, ਗੁਰੂ ਧਰਮ ਦੇ ਆਦਿ ਗੁਣਾਂ ਲੱਛਣ ਇਸ ਪ੍ਰਕਾਰ ਹਨ :

ਦੇਵ : ਦੇਵ ਜਾਂ ਈਸ਼ਵਰ ਤੋਂ ਭਾਵ ਇਕ ਹੀ ਹੈ। ਜੋ ਰਾਗ

ਦਵੇਸ਼ ਆਦਿ 18 ਦੋਸ਼ਾਂ ਤੋਂ ਮੁਕਤ ਹੈ। ਤਿੰਨ ਲੋਕ ਜਿਸ ਦੀ ਪੂਜਾ ਕਰਦੇ ਹਨ। ਜੋ ਸੱਚਾ ਉਪਦੇਸ਼ ਦਿੰਦਾ ਹੈ। ਉਹ ਹੀ ਦੇਵ, ਅਰਿਹੰਤ ਜਾਂ ਪਰਮੇਸ਼ਵਰ ਹੈ। ਉਹ ਵੀਤਰਾਗ ਪਰਮਾਤਮਾ ਸਰਵੱਗ ਹੈ। ਕੇਵਲ ਗਿਆਨੀ ਹੈ ਤੇ ਮੋਕਸ਼ ਦੇ ਰਾਹ ਦਾ ਯਾਤਰੀ ਹੈ।

ਗੁਰੂ : ਜੋ ਅਹਿੰਸਾ ਆਦਿ ਪੰਜ ਮਹਾਵਰਤਾਂ ਨੂੰ ਧਾਰਨ ਕਰਦਾ ਹੈ। ਜੋ ਪੰਜ ਸੰਮਤੀ, ਤਿੰਨ ਗੁਪਤੀ ਅਤੇ 22 ਪਰਿਸ਼ੈ ਨੂੰ ਸਹਿਣ ਕਰਦਾ ਹੈ। ਜੋ ਧੀਰਜ ਵਾਲਾ ਹੈ। ਜੋ ਭਿਕਸ਼ਾ ਨਾਲ ਜੀਵਨ ਨਿਰਵਾਹ ਕਰਦਾ ਹੈ। ਜੋ ਸਮਭਾਵ ਰੱਖਦਾ ਹੈ। ਧਰਮ ਦਾ ਸੱਚਾ ਉਪਦੇਸ਼ ਦਿੰਦਾ ਹੈ। ਜੋ ਘਰ ਬਾਰ ਦਾ ਤਿਆਗੀ ਹੈ। ਜੋ ਭਿੱਖਿਆ ਦੇ 42 ਦੋਸ਼ ਟਾਲ ਕੇ ਭੋਜਨ ਗ੍ਰਹਿਣ ਕਰਦਾ ਹੈ, ਸੰਸਾਰਿਕ ਮੋਹ ਮਮਤਾ ਦਾ ਤਿਆਗੀ ਨਿਰਗਰੰਥ ਹੈ, ਉਹ ਹੀ ਸੱਚਾ ਗੁਰੂ ਹੈ।

ਧਰਮ : ਸਭ ਧਰਮ ਵਾਲੇ ਪੰਜ ਮਹਾਵਰਤਾਂ ਨੂੰ ਪਵਿੱਤਰ ਮੰਨਦੇ ਹਨ। ਜੋ ਦੁਰਗਤੀ ਵਿਚ ਪਏ ਲੋਕਾਂ ਨੂੰ ਧਾਰਨ ਕਰਦਾ ਹੈ - ਮਨੁੱਖਾਂ ਨੂੰ ਦੁਰਗਤਿ ਵਿਚ ਬਚਾਉਣ ਵਾਲਾ ਹੀ ਧਰਮ ਹੈ।

ਅਸਲ ਵਿਚ ਧਰਮ ਆਤਮਾ ਦੇ ਆਪਣੇ ਅਨੁਭਵ ਦੀ ਚੀਜ਼ ਹੈ। ਬੁਰੇ ਕਰਮਾਂ ਦੇ ਦੂਰ ਹੋਣ ਤੇ, ਰਾਗ ਦਵੇਸ਼ ਘਟਣ ਨਾਲ ਜੋ ਆਤਮ ਸ਼ੁੱਧੀ ਹੁੰਦੀ ਹੈ, ਉਹ ਹੀ ਧਰਮ ਹੈ। ਦਾਨ ਸ਼ੀਲ, ਘਪ ਤੇ. ਭਾਵਨਾ ਵੀ ਧਰਮ ਹੈ।

(2) ਸੱਮਿਅਕ ਗਿਆਨ : ਆਤਮ ਤੱਤਵ ਦੀ ਪਛਾਣ ਹੀ ਸੱਮਿਅਕ ਗਿਆਨ ਹੈ। ਆਤਮਾ ਨਾਲ ਜਿਨ੍ਹਾਂ ਕਰਮਾਂ ਦਾ ਸੰਬੰਧ ਹੈ। ਜਦ ਤੱਕ ਉਨ੍ਹਾਂ ਦਾ ਅਸਲ ਸਵਰੂਪ ਸਮਝ ਨਹੀਂ ਆਉਂਦਾ ਤਦ ਤੱਕ ਆਤਮ ਤੱਤਵ ਦਾ ਗਿਆਨ ਨਹੀਂ ਹੁੰਦਾ। ਆਤਮਾ ਤੱਤਵ ਬਿਨਾਂ ਸੰਸਾਰਿਕ ਗਿਆਨ

ਬੇਕਾਰ ਹੈ। ਸੰਸਾਰ ਦੇ ਦੁੱਖਾਂ ਦਾ ਕਾਰਨ ਅਗਿਆਨ ਹੈ। ਅਗਿਆਨ ਨੂੰ ਹਟਾਉਣ ਦਾ ਚੰਗਾ ਢੰਗ ਇਹ ਹੈ ਕਿ ਆਤਮਾ ਦੇ ਸਵਰੂਪ ਨੂੰ ਪਛਾਣਿਆ ਜਾਵੇ।

## ਪੰਜ ਪ੍ਰਕਾਰ ਦਾ ਗਿਆਨ

ਗਿਆਨ ਸ਼ਬਦ ਦਾ ਅਰਥ ਹੈ 'ਜਿਸ ਰਾਹੀਂ ਵਸਤੂ ਦੇ ਸਰੂਪ ਦਾ ਪਤਾ ਲੱਗੇ' ਜਾਂ ਜਿਸ ਰਾਹੀਂ ਜਾਣਿਆ ਜਾਵੇ, ਉਸ ਨੂੰ ਗਿਆਨ ਆਖਦੇ ਹਨ। ਗਿਆਨਾਵਰਨੀਆ (ਅਗਿਆਨਤਾ ਦਾ ਕਾਰਨ) ਕਰਮ ਦੇ ਖ਼ਾਤਮੇ ਤੋਂ ਬਾਅਦ ਉਤਪੰਨ ਹੋਣ ਵਾਲਾ, ਆਤਮਾ ਦੀ ਪਛਾਣ ਕਰਾਉਣ ਵਾਲਾ ਹੀ ਗਿਆਨ ਹੈ। ਭਾਵ ਅਗਿਆਨ ਦੇ ਖ਼ਾਤਮੇ ਦਾ ਨਾਂ ਹੀ ਗਿਆਨ ਹੈ।

ਗਿਆਨ ਪੰਜ ਪ੍ਰਕਾਰ ਦਾ ਹੈ :

(1) ਅਭੀਨਬੋਦਿ ਗਿਆਨ (ਮਤੀ ਗਿਆਨ) ਜੋ ਗਿਆਨ ਪੰਜ ਇੰਦਰੀਆਂ ਤੋਂ ਮਨ ਰਾਹੀਂ ਪੈਦਾ ਹੁੰਦਾ ਹੈ, ਉਸ ਨੂੰ ਅਭੀਨਿਬੋਧਿ ਜਾਂ ਮਤੀ ਗਿਆਨ ਆਖਦੇ ਹਨ।

(2) ਸ਼ਰੁਤ ਗਿਆਨ : ਸ਼ਬਦ ਨੂੰ ਸੁਣ ਕੇ ਜਿਸ ਅਰਥ ਦੀ ਪ੍ਰਾਪਤੀ ਹੋਵੇ, ਉਹ ਵੀ ਮਨ ਤੇ ਇੰਦਰੀਆਂ ਰਾਹੀਂ ਪੈਦਾ ਹੁੰਦਾ ਹੈ। ਫਿਰ ਵੀ ਸ਼ਰੁਤ ਗਿਆਨ ਵਿਚ ਇੰਦਰੀਆਂ ਦੇ ਪੱਖੋਂ ਮਨ ਦੀ ਪ੍ਰਮੁੱਖਤਾ ਜ਼ਿਆਦਾ ਹੈ। ਇੰਦਰੀਆਂ ਦਾ ਮੂਰਤ (ਪ੍ਰਤੱਖ) ਨੂੰ ਹੀ ਗ੍ਰਹਿਣ ਕਰਦੀਆਂ ਹਨ। ਪਰ ਮਨ ਮੂਰਤ (ਪ੍ਰਤੱਖ) ਤੇ ਅਮੂਰਤ (ਅਪ੍ਰਤੱਖ) ਦੋਹਾਂ ਨੂੰ ਗ੍ਰਹਿਣ ਕਰਦਾ ਹੈ। ਅਸਲ ਵਿਚ ਸੋਚ ਵਿਚਾਰ ਮਨ ਕਰਦਾ ਹੈ। ਇਸ ਲਈ ਸਰੁਤ ਗਿਆਨ ਦਾ ਵਿਸ਼ਾ ਮਨ ਹੈ।

(3) ਅਵੱਧੀ ਗਿਆਨ : ਇੰਦਰੀਆਂ ਤੇ ਮਨ ਦੀ ਪ੍ਰਵਾਹ ਨਾ ਕਰਦਾ ਹੋਇਆ, ਕੇਵਲ ਆਤਮਾ ਦੇ ਰਾਹੀਂ ਰੂਪੀ (ਸ਼ਕਲ ਵਾਲਾ ਤੇ

ਅਰੂਪੀ) ਨੂੰ ਸਾਹਮਣੇ ਲਿਆਉਣ ਵਾਲਾ ਗਿਆਨ ਅਵਧੀ ਗਿਆਨ ਹੈ। ਅਵਧੀ ਤੋਂ ਭਾਵ ਮਰਿਆਦਾ ਹੈ। ਅਵਧੀ ਗਿਆਨ ਰੂਪੀ (ਸ਼ਕਲ ਰਹਿਤ) ਦਰੱਵਾਂ ਨੂੰ ਸਾਹਮਣੇ ਲਿਆਉਣ ਦੀ ਸ਼ਕਤੀ ਰੱਖਦਾ ਹੈ। ਜੋ ਬਾਹਰਲੇ ਪਦਾਰਥਾਂ ਨੂੰ ਸਾਹਮਣੇ ਲਿਆਉਣ ਵਿਚ ਆਤਮਾ ਦੀ ਜੋ ਕ੍ਰਿਆ ਹੈ ਉਹ ਅਵਧੀ ਗਿਆਨ ਹੈ। ਦਰਵ, ਖੇਤਰ, ਕਾਲ ਤੇ ਭਾਵ ਦੀ ਹੱਦ ਤੋਂ ਲੈ ਕੇ ਜੋ ਗਿਆਨ ਮੂਰਤ ਦਰੱਵਾਂ ਨੂੰ ਪ੍ਰਤੱਖ ਸਾਹਮਣੇ ਲਿਆਉਣ ਦੀ ਸ਼ਕਤੀ ਰੱਖਦਾ ਹੈ, ਉਹ ਅਵਧੀ ਗਿਆਨ ਹੈ।

(4) ਮਨ ਪ੍ਰਯੱਵ ਗਿਆਨ : ਜਿਨ੍ਹਾਂ ਜੀਵਾਂ ਪਾਸ ਮਨ ਹੈ। ਉਹ ਮਨ ਰਾਹੀਂ ਹੀ ਸੋਚ ਵਿਚਾਰ ਕਰਦੇ ਹਨ। ਮਨ ਵਿਚ ਸੋਚੀਆਂ ਜਾਣ ਵਾਲੀਆਂ ਗੱਲਾਂ ਨੂੰ ਪ੍ਰਤੱਖ ਵਿਚ ਲਿਆਉਣ ਵਾਲਾ ਹੀ ਮਨ-ਪ੍ਰਯਵ ਗਿਆਨ ਹੈ। ਜਦ ਮਨ ਕਿਸੇ ਪ੍ਰਕਾਰ ਦੀ ਚੀਜ਼ ਬਾਰੇ ਸੋਚਦਾ ਹੈ ਉਸ ਚੀਜ਼ ਬਾਰੇ ਸੋਚਦਿਆਂ ਮਨ ਕਈ ਪ੍ਰਕਾਰ ਦੇ ਚਿੱਤਰ ਬਣਾਉਂਦਾ ਹੈ। ਬਸ ਇਹ ਕ੍ਰਿਆਵਾਂ ਹੀ ਮਨ ਦੀ ਪਰਿਆਏ ਹਨ। ਮਨ ਤੇ ਮਨ ਦੇ ਆਕਾਰ ਪ੍ਰਕਾਰ ਨੂੰ ਪ੍ਰਤੱਖ ਸਾਹਮਣੇ ਲਿਆਉਣ ਵਾਲੀ ਸ਼ਕਤੀ ਵਿਚ ਵੀ ਅਵਧੀ ਗਿਆਨ ਹੈ। ਪਰ ਮਨ ਦੀਆਂ ਕ੍ਰਿਆਵਾਂ ਦੇ ਪਿੱਛੇ ਜੋ ਭਾਵ ਹਨ ਉਨ੍ਹਾਂ ਨੂੰ ਸਾਹਮਣੇ ਲਿਆਉਣ ਵਾਲਾ ਮਨਪ੍ਰਯੱਵ ਗਿਆਨ ਹੈ। ਭਾਵ ਕਿਸੇ ਦੇ ਮਨ ਵਿਚ ਆਈ ਹਰ ਗੱਲ ਨੂੰ ਜ਼ਾਹਿਰ ਕਰਨ ਵਾਲਾ ਗਿਆਨ ਹੀ ਮਨ ਪ੍ਰਯੱਵ ਗਿਆਨ ਹੈ।

(5) ਕੇਵਲ ਗਿਆਨ : ਅਚਾਰਿਆ ਸਮਰਾਟ ਪੂਜਯ ਸ੍ਰੀ ਆਤਮਾ ਰਾਜ ਜੀ ਮਹਾਰਾਜ ਨੇ ਸ੍ਰੀ ਨੰਦੀ ਸੂਤਰ ਦੀ ਵਿਆਖਿਆ ਪੰਨਾ 63 ਤੇ ਇਸ ਪ੍ਰਕਾਰ ਕੀਤੀ ਹੈ।

(1) ਜਿਸ ਦੇ ਪੈਦਾ ਹੋਣ ਨਾਲ ਚਾਰੇ ਪਹਿਲੇ ਗਿਆਨ ਇਕ ਹੋ

ਜਾਂਦੇ ਹਨ ਅਤੇ ਇਕ ਹੀ ਗਿਆਨ ਰਹਿ ਜਾਂਦਾ ਹੈ ਉਹ ਕੇਵਲ ਗਿਆਨ ਹੈ।

(2) ਜੋ ਗਿਆਨ ਕਿਸੇ ਦੀ ਸਹਾਇਤਾ ਤੋਂ ਬਿਨਾਂ ਸਭ ਪਦਾਰਥਾਂ ਬਾਰੇ ਜਾਣਦਾ ਹੈ, ਬਿਨਾਂ ਕਿਸੇ ਵਿਗਿਆਨਕ ਯੰਤਰ ਤੋਂ ਜੋ ਰੂਪੀ, ਅਰੂਪੀ, ਮੂਰਤ, ਅਮੂਰਤ ਪਦਾਰਥਾਂ ਨੂੰ ਇਸ ਪ੍ਰਕਾਰ ਵੇਖਦਾ ਹੈ ਜਿਵੇਂ ਸਾਹਮਣੇ ਫਿਲਮ ਚੱਲ ਰਹੀ ਹੋਵੇ। ਉਸ ਨੂੰ ਕੇਵਲ ਗਿਆਨ ਆਖਦੇ ਹਨ।

(3) ਜੋ ਇਕ ਪਦਾਰਥ ਦੀਆਂ ਸਭ ਪਰਿਆਏ (ਸੁਭਾਅ) ਨੂੰ ਜਾਣਦਾ ਹੈ, ਉਹ ਕੇਵਲ ਗਿਆਨ ਹੈ।

(4) ਜੋ ਗਿਆਨ ਇਨਾਂ ਮਹਾਨ ਹੈ ਇਸ ਤੋਂ ਵੱਖ ਕੋਈ ਗਿਆਨ ਨਹੀਂ ਜੋ ਅਨੰਤ ਅਨੰਤ ਜਾਨਣ ਦੀ ਸ਼ਕਤੀ ਰੱਖਦਾ ਹੈ। ਜੋ ਪੈਦਾ ਹੋ ਕੇ ਖ਼ਤਮ ਨਹੀਂ ਹੁੰਦਾ ਉਹ ਕੇਵਲ ਗਿਆਨ ਹੈ।

(5) ਜੋ ਰੰਗ ਰਹਿਤ, ਹਮੇਸ਼ਾ ਰਹਿਣ ਵਾਲਾ, ਬੇਅੰਤ ਹੈ, ਉਹ ਕੇਵਲ ਗਿਆਨ ਹੈ।

(6) ਜੋ ਰਾਗ, ਦਵੇਸ਼, ਮੋਹ, ਲੋਭ, ਕਾਮ, ਕਰੋਧ ਤੋਂ ਰਹਿਤ ਹੈ, ਉਹ ਕੇਵਲ ਗਿਆਨ ਹੈ।

ਗਿਆਨ ਦੋ ਪ੍ਰਕਾਰ ਦਾ ਹੈ (1) ਪ੍ਰਤੱਖ (2) ਪਰੋਕਸ਼। ਇੰਦਰੀਆਂ ਤੇ ਮਨ ਦੀ ਸਹਾਇਤਾ ਤੋਂ ਬਿਨਾਂ ਹੋਣ ਵਾਲਾ ਗਿਆਨ ਪ੍ਰਤੱਖ ਗਿਆਨ ਹੁੰਦਾ ਹੈ ਅਤੇ ਉਨ੍ਹਾਂ ਦੀ ਸਹਾਇਤਾ ਨਾਲ ਹੋਣ ਵਾਲਾ ਗਿਆਨ ਪਰੋਕਸ਼ ਹੈ। (2) ਸੱਮਿਅਕ ਚਾਰਿੱਤਰ : ਤੱਤਵ ਦੇ ਸਵਰੂਪ ਦਾ ਫਲ ਪਾਪ ਕਰਮ ਤੋਂ ਹਟਣਾ ਹੈ। ਇਹੋ ਸੱਮਿਅਕ ਚਾਰਿੱਤਰ ਹੈ। ਜ਼ਿੰਦਗੀ ਨੂੰ ਪਾਪਾਂ ਦੇ ਸੰਜੋਗ ਤੋਂ ਦੂਰ ਰੱਖ ਕੇ ਨਿਰਮਲ ਬਨਾਉਣਾ। ਚਾਰਿੱਤਰ ਦੋ ਪ੍ਰਕਾਰ ਦਾ ਹੈ : (1) ਸਾਧੂ ਧਰਮ (ਪੰਜ ਮਹਾਵਰਤ) (2) ਗ੍ਰਹਿਸਥ ਧਰਮ (ਬਾਰਾਂ

ਵਰਤ)। ਸ਼੍ਰੀ ਉਤਰਾਧਿਐਨ ਸੂਤਰ ਵਿਚ ਗਿਆਨ, ਦਰਸ਼ਨ, ਚਾਰਿੱਤਰ, ਤਪ ਨੂੰ ਮੋਕਸ਼ ਦਾ ਕਾਰਨ ਮੰਨਿਆ ਗਿਆ ਹੈ।

(3) ਤੱਪ : ਤੱਪ ਦੋ ਪ੍ਰਕਾਰ ਦਾ ਹੈ। (1) ਅੰਦਰਲਾ ਤਪ (2) ਬਾਹਰਲਾ ਤਪ। ਇਸ ਨੂੰ ਵੀ ਮੁਕਤੀ ਦਾ ਕਾਰਨ ਮੰਨਿਆ ਜਾਂਦਾ ਹੈ। ਤਪ ਰਾਹੀਂ ਹੀ ਕਰਮਾਂ ਦੀ ਨਿਰਜਰਾ ਹੁੰਦੀ ਹੈ। ਇਸ ਅਨੇਕਾਂ ਭੇਦ ਉਪਭੇਦ ਹਨ। ਇਸ ਲਈ ਸ਼੍ਰੀ ਉਤਰਾਧਿਐਨ ਸੂਤਰ ਦਾ 30ਵਾਂ ਅਧਿਐਨ ਵੇਖਣਾ ਚਾਹੀਦਾ ਹੈ। ਕਈ ਵਿਦਵਾਨ ਤਪ ਨੂੰ ਸੱਮਿਅਕ ਚਾਰਿੱਤਰ ਦਾ ਭਾਵ ਮੰਨਦੇ ਹਨ।

## ਛੇ ਦਰਵ

ਸੰਸਾਰ ਕੀ ਹੈ ? ਇਹ ਪ੍ਰਸ਼ਨ ਜਦ ਤੋਂ ਮਨੁੱਖ ਪੈਦਾ ਹੋਇਆ ਹੈ, ਉਸ ਦੇ ਸਾਹਮਣੇ ਹੈ। ਪੁਰਾਣੇ ਸਮੇਂ ਤੋਂ ਹੀ ਇਸ ਤੇ ਭਿੰਨ ਭਿੰਨ ਵਿਚਾਰਕ ਆਪਣੇ ਵਿਚਾਰ ਪ੍ਰਗਟ ਕਰਦੇ ਆਏ ਹਨ। ਸ਼੍ਰੀਮੱਦ ਉਤਰਾਧਿਐਨ ਸੂਤਰ ਦੇ ਆਖਿਰੀ ਅਧਿਐਨ ਵਿਚ ਇਸ ਬਾਰੇ ਵਿਸਥਾਰ ਨਾਲ ਚਾਨਣ ਪਾਇਆ ਗਿਆ ਹੈ ਸਾਰੇ ਦਿਗੰਬਰ ਤੇ ਸ਼ਵੇਤਾਂਬਰ ਸਾਹਿਤ ਵਿਚ ਭਿੰਨ ਭਿੰਨ ਢੰਗ ਨਾਲ ਇਸ ਵਿਸ਼ੇ ਤੇ ਬਹੁਤ ਸਪਸ਼ਟ ਅਤੇ ਵਿਗਿਆਨਕ ਢੰਗ ਨਾਲ ਵਿਚਾਰ ਕੀਤਾ ਗਿਆ ਹੈ।

ਵੈਦਿਕ ਧਰਮੀਆਂ ਦੀ ਉਪਨਿਸ਼ਧ ਵਿਚਾਰ ਧਾਰਾ ਅਨੁਸਾਰ ਸੰਸਾਰ ਅਸਤ ਹੈ ਉਸ ਨੂੰ ਬਨਾਉਣ ਵਾਲਾ ਇਕ ਬ੍ਰਹਮ ਹੈ ਜੋ ਕੁਝ ਹੈ ਸਭ ਕੁਝ ਬ੍ਰਹਮ ਹੈ। (1) ਉਹ ਇਕ ਹੈ, ਜਿਸ ਦੇ ਬਰਾਬਰ ਕੋਈ ਨਹੀਂ ਹੈ। (2) ਜੋ ਭਿੰਨ ਭਿੰਨ ਚੀਜ਼ਾਂ ਵੇਖਦਾ ਹੈ - ਉਹ ਹੀ ਦੋ ਰੂਪ ਨੂੰ ਹੀ ਸਵੀਕਾਰ

ਕਰਦਾ ਹੈ। (3) ਏਤਰੇਯ ਉਪਨਿਸ਼ਧ ਵਿਚ ਦੱਸਿਆ ਗਿਆ ਹੈ ਕਿ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਇਕ ਬ੍ਰਹਮ ਸੀ ਦੂਸਰਾ ਕੋਈ ਤੱਤਵ ਨਹੀਂ ਸੀ। ਉਸ ਨੇ ਸੋਚਿਆ ਕਿ ਮੈਂ ਸ੍ਰਿਸ਼ਟੀ ਦੀ ਰਚਨਾ ਕਰਾਂ ? ਇਹ ਸੋਚਦਿਆਂ ਉਸ ਨੇ ਲੋਕਾਂ ਦੀ ਰਚਨਾ ਕੀਤੀ। (4) ਛਾਂਦੋਗਿਆ ਉਪਨਿਸ਼ਧ ਅਨੁਸਾਰ ਅਸੱਤ ਤੇ ਸੱਤ ਦੀ ਉਤਪਤੀ ਨਹੀਂ ਹੋ ਸਕਦੀ। ਸ਼ੁਰੂ ਵਿਚ ਸੱਤ ਸੀ ਉਸ ਦੀ ਇੱਛਾ ਹੋਈ ਕਿ ਮੈਂ ਹੋਵਾਂ। ਉਹ ਇੱਛਾ ਕਰਨ ਨਾਲ ਅਨੇਕਾਂ ਰੂਪ ਵਿਚ ਜ਼ਾਹਿਰ ਹੋ ਗਿਆ। (5) ਅਸਲ ਵਿਚ ਸੱਤ ਇਕੋ ਇਕ ਬ੍ਰਹਮ ਹੈ। ਜੋ ਭਿੰਨਤਾਵਾਂ ਹਨ ਸਭ ਉਸ ਦਾ ਪਸਾਰਾ ਹੈ। ਸਭ ਕੁਝ ਉਸੜ ਤੋਂ ਪੈਦਾ ਹੁੰਦਾ ਹੈ। ਉਸੇ ਵਿਚ ਮਿਲ ਜਾਂਦਾ ਹੈ। ਇਸ ਲਈ ਬਾਹਰਲਾ ਜਗਤ ਮਿੱਥਿਆ ਹੈ। ਸਤ ਇਕ ਹੈ ਸਭ ਕੁਝ ਉਸ ਤੋਂ ਪੈਦਾ ਹੁੰਦਾ ਹੈ।

ਬੁੱਧ ਧਰਮ ਦੀਆਂ ਦੋ ਪ੍ਰਮੁੱਖ ਧਾਰਾਵਾਂ ਹਨ : ਹੀਣਯਾਨ ਤੇ ਮਹਾਯਾਨ। ਹੀਨਯਾਨ ਸੰਸਾਰ ਦੀ ਹੋਂਦ ਨੂੰ ਸੱਤ ਮੰਨਦੇ ਹਨ। ਪਰ ਮਹਾਯਾਨ ਵਾਲੇ ਸੰਸਾਰ ਦੀ ਹੋਂਦ ਨੂੰ ਅਸੱਤ ਮੰਨਦੇ ਹਨ। ਜੈਨ ਧਰਮ ਅਨੁਸਾਰ ਹੋਂਦ ਦੇ ਪੱਖੋਂ ਸਭ ਦਰਵ ਇਕ ਹਨ ਇਸ ਲਈ ਇਕ ਵੀ ਸੱਤ ਹੈ। ਵਿਵਹਾਰ ਪੱਖੋਂ ਦਰਵ ਅਨੇਕਾਂ ਹਨ ਜਿੱਥੇ ਇਕ ਸੱਚ ਹੈ ਉਥੇ ਅਨੇਕਾਂ ਵਿਚ ਸਚ ਹਨ।

ਇਹ ਸੰਸਾਰ ਜੀਵ ਅਤੇ ਅਜੀਵ ਵਾਲਾ ਕਿਹਾ ਗਿਆ ਹੈ। ਜਿੱਥੇ ਅਜੀਵ ਦਾ ਇਕ ਦੇਸ਼ (ਹਿੱਸਾ) ਹੈ ਉਹ ਆਕਾਸ਼ ਹੈ ਉਸ ਨੂੰ ਅਲੋਕ ਆਖਦੇ ਹਨ। ਜੈਨ ਦਰਸ਼ਨ ਅਨੁਸਾਰ ਦਰੱਵ ਆਤਮਾ ਨਾਲ ਸਬੰਧਤ ਹੈ ਜਿੰਨੀ ਹੋਂਦ ਚੇਤੰਨ ਦੀ ਸੁਤੰਤਰਤਾ ਦੀ ਸਹੀ ਹੈ ਉਨੀ ਅਚੇਤੰਨ ਦੀ ਵੀ ਸਹੀ ਹੈ। ਚੇਤੰਨ ਤੇ ਅਚੇਤਨ ਦਾ ਮੇਲ ਹੀ ਸੰਸ਼ਾਰ ਹੈ।

ਸੰਸਾਰ ਦਰਵ ਪੱਖੋਂ ਅਨਾਦੀ (ਹਮੇਸ਼ਾ ਰਹਿਣ ਵਾਲਾ) ਅਨੰਤ ਹੈ। ਇਹ ਦਰਵ ਹਮੇਸ਼ਾ ਰਹੇ ਹਨ, ਅਤੇ ਰਹਿਣਗੇ। ਪਰ ਸੰਸਾਰ ਸ਼ੁਰੂ ਤੇ ਅੰਤ ਵਾਲਾ ਵੀ ਹੈ। ਭਾਵ ਮਨੁੱਖ ਜੰਮਦਾ ਹੈ ਤਾਂ ਵੀ ਮਰਦਾ ਹੈ। ਪੁਰਾਣਾ ਦਰਖਤ ਸੁੱਕ ਜਾਂਦਾ ਹੈ ਤੇ ਨਵਾਂ ਪੈਦਾ ਵੀ ਹੋ ਜਾਂਦਾ ਹੈ। ਨਾ ਤਾਂ ਅਚੇਤੰਨ ਚੇਤੰਨ ਤੋਂ ਪੈਦਾ ਹੋਇਆ ਅਤੇ ਨਾ ਹੀ ਚੇਤੰਨ ਅਚੇਤੰਨ ਤੋਂ ਪੈਦਾ ਹੋਇਆ ਹੈ ।ਜੀਵ ਅਨਾਦੀ ਹੈ, ਅਨੰਤ ਹੈ ਪਰ ਆਦਮੀ ਪੱਖੋਂ ਸ਼ੁਰੂ (ਜਨਮ) ਤੇ ਅਖੀਰ (ਮਰਨ) ਵਾਲਾ ਹੈ। ਹਰ ਮਨੁੱਖ ਨਿਸ਼ਚਿਤ ਉਮਰ ਭੋਗ ਕੇ ਮਰਦਾ ਹੈ ਪਰ ਮਨੁੱਖ ਜਾਤੀ ਦਾ ਵਿਨਾਸ਼ ਕਦੇ ਨਹੀਂ ਹੁੰਦਾ। ਜੋ ਅੱਜ ਸੱਤ ਹੈ ਕੱਲ੍ਹ ਨੂੰ ਅਸੱਤ ਹੋ ਸਕਦਾ ਹੈ। ਅਸੱਤ, ਸੱਤ ਹੋ ਸਕਦਾ ਹੈ। ਸ੍ਰਿਸ਼ਟੀ ਦਾ ਵਿਨਾਸ਼ ਕਦੇ ਨਹੀਂ ਹੁੰਦਾ। ਉਸ ਦਾ ਪਰਿਵਰਤਨ ਹੁੰਦਾ ਰਹਿੰਦਾ ਹੈ। ਸੰਸਾਰ ਵਿਚ ਜਿੰਨੇ ਵੀ ਦਰਵ ਹਨ ਉਹ ਇਨ੍ਹਾਂ ਦੋਹਾਂ (ਜੀਵ-ਅਜੀਵ) ਦਰਵਾਂ ਵਿਚ ਹੀ ਸ਼ਾਮਲ ਹੋ ਜਾਂਦੇ ਹਨ।

ਦਰੱਵ : ਜਿਸ ਵਿਚ ਗੁਣ ਤੇ ਪਰਿਆਏ ਹੋਣ।

ਗੁਣ : ਵਸਤੂ ਦੇ ਹਰ ਸਮੇਂ ਨਾਲ ਰਹਿਣ ਵਾਲਾ ਸੁਭਾਅ ਹੀ ਗੁਣ ਹਨ।

ਪਰਿਆਏ : ਦਰਵ ਦੀ ਬਦਲਦੀ ਹੋਈ ਅਵਸਥਾ ਨੂੰ ਪਰਿਆਏ ਆਖਦੇ ਹਨ। ਜਿਵੇਂ ਸੋਨੇ ਦੇ ਕੜੇ ਤੋਂ ਕੰਗਣ ਜਾਂ ਕੰਗਣ ਨੂੰ ਤੋੜ ਕੇ ਹਾਰ ਬਨਾਉਣਾ।

ਗੁਣ ਦੋ ਪ੍ਰਕਾਰ ਦੇ ਹਨ :

(1) ਆਮ (2) ਖਾਸ

(1) ਆਮ ਗੁਣ :

(1) ਹੋਂਦ (ਪੈਦਾ ਹੋਣਾ, ਖ਼ਰਚ ਹੋਣਾ ਤੇ ਖ਼ਤਮ ਹੋਣਾ)

(2) ਵਸਤੂਤਵ (ਦਰਵਾਂ ਦਾ ਜਿਸ ਗੁਣ ਕਾਰਨ ਦਰਵ ਕ੍ਰਿਆ ਕਰਦਾ ਹੈ)

(3) ਦਰਵਯਤਵ (ਦਰਵਾਂ ਦਾ ਨਵੇਂ ਰੂਪ ਵਿਚ ਬਦਲਣਾ)

(4) ਪ੍ਰਮੇਏਤਤਵ (ਜਿਸ ਨਾਲ ਦਰਵ ਜਾਣਿਆ ਜਾ ਸਕੇ)

(5) ਅਗੁਰ ਲਘੁਤਤਵ (ਜਿਸ ਕਾਰਨ ਦਰਵ ਆਪਣੇ ਪਹਿਲੇ ਰੂਪ ਵਿਚ ਰਹਿੰਦਾ ਹੈ)

(6) ਪ੍ਰਦੇਸਤਤਵ (ਜਿੰਸ ਗੁਣ ਕਾਰਨ ਦਰਵਾਂ ਦਾ ਪ੍ਰਦੇਸ਼ ਮਾਪਿਆ ਜਾ ਸਕੇ)

(2) ਖਾਸ ਗੁਣ

(1) ਗਿਆਨ (2) ਦਰਸ਼ਨ (3) ਸੁੱਖ (4) ਵੀਰਜ (5) ਰਸ (6) ਗੰਧ (7) ਸਪਰਸ਼ (8) ਧਰਮ (9) ਅਧਰਮ (10) ਵਰਤਨਾ (ਕਾਲ) (11) ਅਵਗਾਹਨਾ (ਆਧਾਰ ਜਾਂ ਆਸਰਾ) (12) ਮੂਰਤ (13) ਅਮੂਰਤ

ਪਰਿਆਏ ਵੀ ਦੋ ਪ੍ਰਕਾਰ ਦੀ ਹੈ :

(1) ਸੁਭਾਵ ਪਰਿਆਏ (ਜੋ ਹਰ ਦਰਵ ਵਿਚ ਹੁੰਦੀ ਹੈ)

(2) ਵਿਭਾਗ ਪਰਿਆਏ (ਜੋ ਕੇਵਲ ਜੀਵ ਤੇ ਪੁਦਗਲ ਵਿਚ ਹੁੰਦੀ ਹੈ)

## ਛੇ ਦਰਵਾਂ ਦਾ ਨਾਂ ਅਤੇ ਸਵਰੂਪ

(1) ਧਰਮਾਸਤਿਕਾਇਆ : ਇਹ ਦਰਵ ਸੰਖਿਆ ਪੱਖੋਂ ਇਕ ਦਰਵ ਹੈ ਇਕ ਅਜਿਹਾ ਵਿਸ਼ਾਲ ਪਿੰਡ ਹੈ ਜਿਸ ਦੇ ਟੁਕੜੇ ਨਹੀਂ ਕੀਤੇ ਜਾ ਸਕਦੇ। ਇਹ ਸਾਰੇ ਸੰਸਾਰ ਵਿਚ ਫੈਲਿਆ ਹੋਇਆ ਹੈ। ਸਮੇਂ ਦੇ ਪੱਖੋਂ ਇਹਅਨਾਦਿ( ਅਨੰਤ ਹੈ। ਭਾਵ ਇਹ ਪਹਿਲਾਂ ਸੀ, ਹੁਣ ਹੈ ਅਤੇ ਅੱਗੋਂ ਲਈ ਰਹੇਗਾ। ਭਾਵ ਦੇ ਪੱਖੋਂ ਇਹ ਅਰੂਪੀ ਤੇ ਨਿਰਆਕਾਰ ਹੈ। ਸੰਸਾਰ

ਵਿਚ ਫੈਲਿਆ ਹੋਣ ਦੇ ਬਾਵਜੂਦ ਵੀ ਇਹ ਦਰਵ ਕੋਈ ਥਾਂ ਨਹੀਂ ਘੇਰਦਾ। ਗੁਣ ਪੱਖੋਂ ਇਹ ਪਦਾਰਥਾਂ ਨੂੰ ਹਿੱਲਣ-ਚੱਲਣ ਵਿਚ ਸਹਾਇਤਾ ਕਰਦਾ ਹੈ। ਭਾਵ ਜੀਵਾਂ ਗਤਿ ਪ੍ਰਦਾਨ ਕਰਨ ਵਾਲਾ ਧਰਮ ਤੱਤਵ ਹੈ।

(2) ਅਧਰਮਾਸਿਤ ਕਾਇਆ : ਇਸ ਦਾ ਸਵਰੂਪ ਧਰਮਾਸਿਤਕਾਈਆ ਦੀ ਤਰ੍ਹਾਂ ਹੀ ਹੈ ਪਰ ਇਹ ਪਦਾਰਥਾਂ ਨੂੰ ਖੜ੍ਹਨ ਵਿਚ ਸਹਾਇਤਾ ਦਿੰਦਾ ਹੈ।

(3) ਅਕਾਸ਼ਆ ਸਤਿ ਕਾਇਆ : ਦਰਵ ਪੱਖੋਂ ਇਹ ਇਕ ਦਰਵ ਹੈ ਖੇਤਰ ਪੱਖੋਂ ਇਹ ਲੋਕ ਅਤੇ ਅਲੋਕ ਵਿਚ ਫੈਲਿਆ ਹੋਇਆ ਹੈ। ਜਿੱਥੇ ਛੇ ਦਰਵ ਹੁੰਦੇ ਹਨ ਉਹ ਲੋਕ ਹੈ ਪਰ ਜਿੱਥ ਇਕੱਲਾ ਅਕਾਸ਼ ਦਰਵ ਹੈ ਉਹ ਅਲੋਕ ਹੈ। ਅਕਾਸ਼ ਵਿਚ ਧਰਮ ਅਤੇ ਅਧਰਮ ਦਰਵ ਨਾ ਹੋਣ ਕਾਰਨ ਕੋਈ ਪਦਾਰਥ ਠਹਿਰ ਜਾਂ ਪਹੁੰਚ ਨਹੀਂ ਸਕਦਾ। ਕਾਲ ਪੱਖੋਂ ਅਕਾਸ਼, ਅਨਾਦਿ ਅਨੰਤ ਹੈ। ਭਾਵ ਪੱਖੋਂ ਸ਼ਕਲ ਰਹਿਤ ਹੈ। ਗੁਣ ਪੱਖੋਂ ਪਦਾਰਥਾਂ ਨੂੰ ਸਹਾਰਾ ਦਿੰਦਾ ਹੈ। ਸਾਰੇ ਪਦਾਰਥਾਂ ਦਾ ਆਸਰਾ ਅਕਾਸ਼ ਹੈ।

(4) ਕਾਲ : ਦਰਵ ਪੱਖੋਂ ਅਨੰਤ ਹੈ। ਖੇਤਰ ਪੱਖੋਂ ਢਾਈ ਦੀਪ ਵਿਚ ਹੀ ਫੈਲਿਆ ਹੋਇਆ ਹੈ। ਕਾਲ ਦੀ ਸੁਭਾਵ ਵੀਤਨਾ ਹੈ। ਜਿੱਥੇ ਅਸੀਂ ਮਨੁੱਖ ਪਸ਼ੂ ਆਦਿ ਰਹਿੰਦੇ ਹਾਂ। ਜਿੱਥੇ ਸੂਰਜ ਚੰਦਰਮਾ ਆਦਿ ਨਛੱਤਰਾਂ ਦਾ ਪ੍ਰਕਾਸ਼ ਹੈ। ਉਥੇ ਕਾਲ ਦਰਵ ਮੌਜੂਦ ਹੈ। ਇਸ ਦੇ ਭਿੰਨ ਭਿੰਨ ਰੂਪ ਦਿਨ, ਰਾਤ, ਘੰਟਾ, ਮਿੰਟ, ਮਹੀਨਾ, ਸਾਲ, ਸਾਗਰੋਪਮ, ਪਲਯੋਪਮ ਹਨ। ਕਾਲ ਪੱਖੋਂ ਕਾਲ ਅਨੰਤ-ਅਨਾਦਿ ਹੈ। ਭਾਵ ਪੱਖੋਂ ਅਰੂਪੀ ਹੈ। ਭਾਵ ਸਮੇਂ ਕੋਈ ਸ਼ਕਲ ਨਹੀਂ। ਕਈ ਆਚਾਰਿਆ ਕਾਲ ਨੂੰ ਦਰਵ ਨਹੀਂ ਮੰਨਦੇ।

(5) ਪੁਦਗਲ : ਇਹ ਜੈਨ ਧਰਮ ਦਾ ਪਾਰਿਭਾਸ਼ਿਕ ਸ਼ਬਦ ਹੈ। ਆਧੁਨਿਕ ਵਿਗਿਆਨ ਵਿਚ ਇਸ ਨੂੰ ਮੇਟਲ ਜਾਂ ਜੜ ਪਦਾਰਥ ਆਖਿਆ ਗਿਆ ਹੈ।

ਪੁਦਗਲ ਤੋਂ ਭਾਵ ਹੈ : ਪੂਰਾ ਹੋਣਾ, ਮਿਲਣਾ, ਗਲਨਾ ਜਾਂ ਵਿਛੜਨਾ।

ਵਿਸ਼ਨੂੰ ਪੁਰਾਣ ਵਿਚ ਵੀ ਆਖਿਆ ਗਿਆ ਹੈ ਕਿ ਪ੍ਰਮਾਣੂ ਮਿਲਦੇ ਹਨ ਤੇ ਵਿਛੜਦੇ ਹਨ।

ਪੁਦਗਲ ਬਾਰੇ ਸ੍ਰੀ ਭਗਵਤੀ ਸੂਤਰ ਵਿਚ ਇਸ ਪ੍ਰਕਾਰ ਕਿਹਾ ਗਿਆ ਹੈ।

ਪੁਦਗਲ ਪੰਜ ਰੰਗ ਵਾਲਾ, ਪੰਜ ਰਸ ਵਾਲਾ, ਦੋ ਪ੍ਰਕਾਰ ਦੀ ਗੰਧ ਵਾਲਾ, ਅੱਠ ਪ੍ਰਕਾਰ ਦੇ ਸਪਰਸ਼ ਵਾਲਾ। ਇਹ ਅਰੂਪੀ, ਅਜੀਵ, ਹਮੇਸ਼ਾ ਰਹਿਣ ਵਾਲਾ ਲੋਕ ਦਰਵ ਹੈ। ਦਰਵ ਪੱਖੋਂ ਪੁਦਗਲ ਪਹਿਲਾਂ ਸੀ, ਹੁਣ ਹੈ ਤੇ ਅੱਗੋਂ ਨੂੰ ਰਹੇਗਾ। ਉਸ ਦਾ ਕਾਲ ਪੱਖੋਂ ਕਦੇ ਖ਼ਾਤਮਾ ਨਹੀਂ ਹੁੰਦਾ। ਦਰਵ ਪੱਖੋਂ ਪੁਦਗਲ ਅਨੰਤ ਹੈ। ਭਾਵ ਪੱਖੋਂ ਪੁਦਗਲ ਵਰਨ, ਗੰਧ, ਰਸ, ਸਪਰਸ਼ ਵਾਲਾ ਹੈ। ਪੁਦਗਲ ਅਜੀਵ ਹੋਣ ਦੇ ਬਾਜਵੂਦ ਵੀ ਜੀਵ ਰਾਹੀਂ ਗ੍ਰਹਿਣ ਕੀਤਾ ਜਾਂਦਾ ਹੈ।

ਸ੍ਰੀ ਭਗਵਤੀ ਸੂਤਰ ਅਨੁਸਾਰ ਪੁਦਗਲ ਦੇ ਪ੍ਰਮੁੱਖ ਚਾਰ ਭੇਦ ਹਨ:

(1) ਸਕੰਧ : ਪ੍ਰਮਾਣੂਆਂ ਦੇ ਬੰਧਨ ਨੂੰ ਸਕੰਧ ਆਖਦੇ ਹਨ।

(2) ਦੇਸ਼ : ਸਕੰਧ ਦਾ ਉਹ ਭਾਗ ਜੋ ਵੰਡਿਆ ਨਾ ਜਾ ਸਕੇ।

(3) ਪ੍ਰਦੇਸ : ਜਿੰਨੇ ਪ੍ਰਮਾਣੂ ਨੂੰ ਬੰਨ੍ਹ ਕੇ ਸਕੰਧ ਬਣਿਆ ਹੋਇ ਸਕੰਧ ਦੇ ਉਨੇ ਹਿੱਸੇ ਨੂੰ ਪ੍ਰਦੇਸ਼ ਆਖਦੇ ਹਨ। ਸਕੰਧ ਨਾਲ ਬੰਨੇ ਹੋਏ ਵੀ ਜੋ ਪ੍ਰਮਾਣੂ ਦਾ ਹਿੱਸਾ ਅਣਵੰਡੇ ਸਕੰਧ ਦਾ ਵਿਭਾਗ ਹੈ ਉਸ ਨੂੰ ਪ੍ਰਦੇਸ਼ ਆਖਦੇ

ਹਨ।

(4) ਅਣਵੰਡੇ ਪੁਦਗਲਾਂ ਨੂੰ ਪ੍ਰਮਾਣੂ ਆਖਦੇ ਹਨ। ਪ੍ਰਮਾਣੂ ਤੋਂ ਭਾਵ ਹੈ ਪੁਦਗਲ ਦਾ ਉਹ ਹਿੱਸਾ ਜੋ ਵੰਡਿਆ ਨਾ ਜਾ ਸਕੇ।

ਪੁਦਗਲ ਪ੍ਰਮਾਣੂ ਦੀ ਸੰਖੇਪ ਪਰਿਭਾਸ਼ਾ ਅਸੀਂ ਇਸ ਪ੍ਰਕਾਰ ਕਰ ਸਕਦੇ ਹਾਂ :

(1) ਪੁਦਗਲ ਪ੍ਰਮਾਣੂ ਇਕ ਦ੍ਰਵ ਹੈ, ਇਸ ਨਾਉਂ ਦਾ ਹੀ ਦ੍ਰਵ ਪ੍ਰਮਾਣੂ ਹੈ।

(2) ਇਹ ਨਿੱਤ (ਹਮੇਸ਼ਾ ਰਹਿਣ ਵਾਲਾ) ਅਤੇ ਸਥਿਤ ਹੈ। ਕਿਉਂਕਿ ਇਹ ਸਕੰਧ ਦਾ ਰੂਪ ਧਾਰਨ ਕਰਕੇ ਵੀ ਆਪਣੇ ਅਸਲ ਰੂਪ ਨੂੰ ਨਹੀਂ ਛੱਡਦਾ। ਨਾ ਤਾਂ ਨਵਾਂ ਪ੍ਰਮਾਣੂ ਜਨਮ ਲੈਂਦਾ ਹੈ ਤੇ ਨਾ ਹੀ ਨਸ਼ਟ ਹੁੰਦਾ ਹੈ। ਨਾ ਹੀ ਵਧਦਾ ਹੈ ਤੇ ਨਾ ਹੀ ਘਟਦਾ ਹੈ।

(3) ਇਹ ਅਜੀਵ ਹੈ ਅਤੇ ਜੀਵ ਵਾਲੇ ਇਸ ਵਿਚ ਕੋਈ ਲੱਛਣ ਨਹੀਂ ਹਨ।

(4) ਇਸ ਦੀ ਹੋਂਦ ਹੈ।

(5) ਇਹ ਸਰੀਰ ਰਹਿਤ ਹੈ ਪਰ ਦੂਸਰੇ ਪ੍ਰਮਾਣੂਆਂ ਨਾਲ ਮਿਲ ਕੇ ਸਰੀਰ ਧਾਰਨ ਕਰਦਾ ਹੈ।

(6) ਪ੍ਰਮਾਣੂ ਵਰਣ ਰਸ ਗੰਧ ਅਤੇ ਸਪਰਸ਼ਵਾਲਾ ਹੋਣ ਦੇ ਬਾਵਜੂਦ ਵੀ ਆਕਾਰ ਰਹਿਤ ਹੈ। ਇਸ ਦੀ ਕੋਈ ਲੰਬਾਈ ਚੌੜਾਈ ਗਹਿਰਾਈ ਨਹੀਂ।

(7) ਪ੍ਰਮਾਣੂ ਕਿਰਿਆ ਕਰਨ ਵਿਚ ਸਮਰਥ ਹੈ ਪਰ ਇਸ ਦੀ ਕ੍ਰਿਆ ਨਿਯਤ ਨਹੀਂ ਹੁੰਦੀ।

(8) ਪ੍ਰਮਾਣੂ ਪੁਦਗਲ ਨਾ ਤਾਂ ਆਪ ਗਲਦਾ ਹੈ ਨਾ ਵਿਖਰਦਾ

ਹੈ ਨਾ ਗਲ ਕੇ ਅੱਡ ਹੋ ਕੇ ਵਿਛੜ ਕੇ ਮਿਲਦਾ ਹੈ ਪਰ ਹੋਰ ਪ੍ਰਮਾਣੂਆਂ ਨਾਲ ਮਿਲ ਕੇ ਇਹ ਉਪਰੋਕਤ ਸਭ ਕ੍ਰਿਆਵਾਂ ਕਰਦਾ ਹੈ।

(9) ਪ੍ਰਮਾਣੂ ਅਨੰਤ ਹਨ।

(10) ਪ੍ਰਮਾਣੂ ਅਲੋਕ ਵਿਚ ਨਹੀਂ ਹੈ। ਉਹ ਤਾਂ ਸਾਰੇ ਲੋਕ ਵਿਚ ਹੀ ਚਾਰੋਂ ਪਾਸੇ ਫੈਲਿਆ ਹੋਇਆ ਹੈ।

(11) ਪ੍ਰਮਾਣੂ ਪੁਦਗਲ ਜੀਵਾਂ ਦੇ ਰਾਹੀਂ ਗ੍ਰਹਿਣ ਨਹੀਂ ਕੀਤਾ ਜਾ ਸਕਦਾ ਨਾ ਹੀ ਇਹ ਜੀਵਾਂ ਤੇ ਕੋਈ ਉਪਕਾਰ ਕਰਦਾ ਹੈ।

6. ਜੀਵ : (ਇਸ ਦੀ ਵਿਆਖਿਆ ਨੌ ਤੱਤਵਾਂ ਵਿਚ ਵੇਖੋ)

## ਨੌ ਤੱਤਵ

ਇਸ ਗੱਲ ਵਿਚ ਕੋਈ ਅਤਿ-ਕਥਨੀ ਨਹੀਂ ਹੋਵੇਗੀ, ਜੇ ਅਸੀਂ ਆਖੀਏ ਕਿ ਸਮੁੱਚਾ ਜੈਨ ਦਰਸ਼ਨ ਇਨ੍ਹਾਂ ਨੌ ਤੱਤਾਂ ਵਿਚ ਆ ਜਾਂਦਾ ਹੈ। ਜੋ ਇਨ੍ਹਾਂ ਤੱਤਾਂ ਨੂੰ ਸਮਝ ਲੈਂਦਾ ਹੈ ਉਸ ਲਈ ਸਮੁੱਚਾ ਜੈਨ ਦਰਸ਼ਨ ਸਮਝਣਾ ਸੁਖਾਲਾ ਹੋ ਜਾਂਦਾ ਹੈ। ਇਹ ਨੌ ਤੱਤਵਾਂ ਤੇ ਸ਼ਰਧਾ ਕਰਨਾ, ਜਾਨਣਾ, ਹਰ ਜੈਨ ਉਪਾਸਕ ਲਈ ਜ਼ਰੂਰੀ ਹੈ।

ਜੈਨ ਦਰਸ਼ਨ ਵਿਚ ਪ੍ਰਮੁੱਖ ਨੌਂ ਤੱਤ ਹਨ :

(1) ਜੀਵ (2) ਅਜੀਵ (3) ਪੁੰਨ (4) ਪਾਪ (5) ਆਸ਼ਰਵ (6) ਸੰਬਰ (7) ਨਿਰਜਰਾ (8) ਬੰਧ (9) ਮੋਕਸ਼ (ਮੁਕਤੀ)।

1. ਜੀਵ - ਜੋ ਸੁੱਖ ਦੁੱਖ ਦਾ ਅਨੁਭਵ ਕਰਦਾ ਹੈ ਉਹ ਜੀਵ ਹੈ ਪਰ ਜੀਵ ਸਰੀਰ ਤੋਂ ਭਿੰਨ ਹੈ ਕਿਉਂਕਿ ਮਰਿਆ ਸਰੀਰ ਜੀਵ ਨਹੀਂ ਅਖਵਾ ਸਕਦਾ। ਜੇ ਸਰੀਰ ਨੂੰ ਜੀਵ ਮੰਨ ਲਿਆ ਜਾਵੇ ਤਾਂ ਮੇਰੇ ਸਰੀਰ ਨੂੰ ਗਿਆਨ ਹੋਣਾ ਚਾਹੀਦਾ ਹੈ। ਗਿਆਨ, ਸੁੱਖ, ਦੁੱਖ, ਇੱਛਾ ਆਦਿ ਸਰੀਰ ਵਿਚ ਨਹੀਂ ਹੁੰਦੇ। ਸਗੋਂ ਜੀਵ ਦਾ ਆਧਾਰ ਆਤਮਾ ਹੈ।

ਸਰੀਰ ਵਿਚ ਪੰਜ ਇੰਦਰੀਆਂ ਹਨ। ਇੰਦਰੀਆਂ ਦੇ ਰੂਪ, ਰਸ, ਗੰਧ, ਸਪਰਸ਼ ਆਦਿ ਵਿਸ਼ੇ ਹਨ। ਪਰ ਇਨ੍ਹਾਂ ਵਿਸ਼ਿਆਂ ਨੂੰ ਗ੍ਰਹਿਣ ਕਰਨ ਵਾਲਾ ਤੇ ਇੰਦਰੀਆਂ ਦੋਵੇਂ ਵੱਖ ਵੱਖ ਚੀਜ਼ਾਂ ਹਨ।

ਦਿਗੰਬਰ ਸਾਹਿਤ ਵਿਚ 7 ਤੱਤਵ ਮੰਨੇ ਜਾਂਦੇ ਹਨ। ਉਹ ਸੰਪਰਦਾਇ ਪਾਪ ਪੁੰਨ ਨੂੰ ਆਸ਼ਰਵਾਂ ਵਿਚ ਹੀ ਸ਼ਾਮਲ ਕਰਦੇ ਹਨ।

ਅਸੀਂ ਵੇਖਦੇ ਹਾਂ ਕੋਈ ਦੁਖੀ ਹੈ ਕੋਈ ਸੁਖੀ ਹੈ ਕੋਈ ਰਾਜਾ ਤੇ ਕੋਈ ਗਰੀਬ। ਇਸ ਦਾ ਕਾਰਨ ਕਰਮ ਹੈ। ਆਤਮਾ ਨੂੰ ਸੁੱਖ ਦੁੱਖ ਦੇਣ ਵਾਲਾ ਕਰਮ ਸਮੂਹ ਹੈ। ਜੋ ਕਿ ਅਨਤ ਕਾਲ ਤੋਂ ਆਤਮਾ ਨਾਲ ਲੱਗਿਆ ਹੈ। ਜਿਸ ਕਾਰਨ ਆਤਮਾ ਨੂੰ ਜਨਮ ਮਰਨ ਕਰਨਾ ਪੈਂਦਾ ਹੈ। ਜੀਵ ਜਿਹਾ ਕਰਮ ਕਰਦਾ ਹੈ ਉਸਨੂੰ ਪਰਲੋਕ ਵਿਚ ਉਸ ਦਾ ਫਲ ਮਿਲਦਾ ਹੈ। ਜਿਸ ਤਰ੍ਹਾਂ ਦੀ ਕ੍ਰਿਆ ਕੀਤੀ ਜਾਂਦੀ ਹੈ ਉਸੇ ਤਰ੍ਹਾਂ ਕਰਮਾਂ ਦੀ ਧੂੜ ਆਤਮਾ ਨੂੰ ਚਿੰਬੜ ਜਾਂਦੀ ਹੈ ਉਹ ਪੁਰਾਣੀ ਝੜਦੀ ਰਹਿੰਦੀ ਹੈ। ਨਵੀਂ ਲੱਗਦੀ ਰਹਿੰਦੀ ਹੈ। ਇਸ ਨੂੰ ਪ੍ਰਮਾਣੂ ਆਖਦੇ ਹਨ।

ਇਹ ਸੰਸਾਰ ਜੀਵਾਂ ਨਾਲ ਭਰਿਆ ਪਿਆ ਹੈ। ਇਹ ਸੰਸਾਰ ਹਮੇਸ਼ਾ ਜੀਵਾਂ ਵਾਲਾ ਰਿਹਾ ਹੈ। ਅੱਗੋਂ ਲਈ ਰਹੇਗਾ। ਕਦੇ ਅਜਿਹਾ ਸਮਾਂ ਨਹੀਂ ਆਉਂਦਾ ਜਦੋਂ ਸਾਰੇ ਜੀਵ ਮੁਕਤੀ ਪ੍ਰਪਤ ਕਰਕੇ ਜਨਮ ਮਰਨ ਤੋਂ ਛੁਟਕਾਰਾ ਪਾ ਜਾਣ।

ਜੀਵ ਦੋ ਪ੍ਰਕਾਰ ਦੇ ਹਨ (1) ਸੰਸਾਰੀ (2) ਸਿੱਧ (ਮੁਕਤੀ) ਜੋ ਸੰਸਾਰ ਵਿਚ ਘੁੰਮ ਰਹੇ ਹਨ ਉਹ ਸੰਸਾਰੀ ਹਨ। ਜੋ ਜਨਮ ਮਰਨ ਦੇ ਚੱਕਰ ਨੂੰ ਖ਼ਤਮ ਕਰਕੇ ਮੁਕਤ ਹੋ ਜਾਂਦੇ ਹਨ ਉਹ ਸਿੱਧ ਅਖਵਾਉਂਦੇ ਹਨ। ਸੰਸਾਰੀ ਜੀਵਾਂ ਦੇ ਅਨੇਕਾਂ ਭੇਦ ਹਨ। ਪਰ ਪ੍ਰਮੁੱਖ ਦੋ ਭੇਦ ਹਨ : ਤਰੱਸ ਤੇ ਸਥਾਵਰ।

(2) ਅਜੀਵ ਜੋ ਪਦਾਰਥ ਚੇਤਨਾ ਰਹਿਤ ਹੁੰਦੇ ਹਨ। ਸੁੱਖ, ਦੁੱਖ ਦਾ ਗਿਆਨ ਨਹੀਂ ਹੁੰਦਾ। ਉਹ ਜੜ ਅਖਵਾਉਂਦੇ ਹਨ। ਇਨ੍ਹਾਂ ਦੇ ਪੰਜ ਭੇਦ ਹਨ (1) ਧਰਮ (2) ਅਧਰਮ (3) ਅਕਾਸ਼ (4) ਪੁਦਗਲ (5) ਕਾਲ

(3-4) ਪੁੰਨ ਤੇ ਪਾਪ – ਚੰਗੇ ਕਰਮਾਂ ਨੂੰ ਪੁੰਨ ਆਖਦੇ ਹਨ ਅਤੇ ਖਰਾਬ ਕਰਮਾਂ ਨੂੰ ਪਾਪ। ਸੰਪਤੀ, ਅਰੋਗਤਾ, ਰੂਪ, ਕੀਰਤੀ, ਪੁੱਤਰ, ਇਸਤਰੀ, ਲੰਬੀ ਉਮਰ ਆਦਿ ਸੁੱਖ ਦੇ ਸਮਾਨ ਪ੍ਰਾਪਤ ਹੁੰਦੇ ਹਨ। ਇਸ ਦਾ ਕਾਰਨ ਪੁੰਨ ਹੈ। ਇਸ ਤੋਂ ਉਲਟ ਹਿੰਸਾ, ਝੂਠ, ਚੋਰੀ, ਪ੍ਰਿਗ੍ਰਹਿ, ਵਿਭਚਾਰ, ਕਸ਼ਾਏ ਆਦਿ ਸਭ ਪਾਪ ਹਨ।

ਕਰਮ ਅੱਠ ਹਨ : (1) ਗਿਆਨਾਵਰਨ (2) ਦਰਸ਼ਨਾਵਰਨ (3) ਵੇਦਨੀਆਂ (4) ਮੋਹਨੀਆਂ (5) ਆਯੂ (6) ਨਾਮ (7) ਗੋਤਰ (8) ਅੰਤਰਾਏ । ਇਨ੍ਹਾਂ ਦੇ ਅਨੇਕਾਂ ਭੇਦ ਉਪਭੇਦ ਹਨ। (ਦੇਖੋ ਕਰਮ ਪ੍ਰਾਕ੍ਰਿਤੀ ਅਧਿਐਨ)

(5) ਆਸ਼ਰਵ : ਆਤਮਾ ਦੇ ਨਾਲ ਕਰਮਾਂ ਦਾ ਬੰਧ (ਚਿੰਬੜਨਾ) ਦਾ ਜੋ ਵੀ ਕਾਰਨ ਹੈ ਉਸ ਕਾਰਨ ਨੂੰ ਆਸ਼ਰਵ ਆਖਦੇ ਹਨ। ਮਨ ਬਚਨ ਅਤੇ ਸਰੀਰ ਦੇ ਕੰਮ, ਜੇ ਸ਼ੁਭ ਹਨ ਤਾਂ ਸ਼ੁਭ ਕਰਮ ਬਣਦੇ ਹਨ। ਇਸ ਲਈ ਮਨ, ਬਚਨ ਤੇ ਸਰੀਰ ਦੀਆਂ ਵਿਰਤੀਆਂ ਹੀ ਆਸ਼ਰਵ ਹਨ। ਸ੍ਰੀ ਹਰੀਭੱਦਰ ਸੂਰੀ ਜੀ ਮਹਾਰਾਜ ਨੇ ਸ਼ਾਸਤਰਾਵਾਰਤਾ ਸਮੁੱਚਿਆਂ ਵਿਚ ਇਸ ਪ੍ਰਕਾਰ ਆਖਿਆ ਹੈ :

"ਹਿੰਸਾ, ਝੂਠ, ਚੋਰੀ, ਵਿਭਚਾਰ ਅਤੇ ਪਰਿਗ੍ਰਹਿ ਇਹ ਪੰਜ ਅਤੇ ਤੱਤਵਾਂ ਪ੍ਰਤੀ (ਜੀਵ, ਕਰਮ, ਪਰਲੋਕ, ਮੁਕਤੀ) ਅਵਿਸ਼ਵਾਸ ਅਤੇ ਕਸ਼ਾਏ (ਕਰੋਧ, ਮਾਨ, ਮਾਇਆ ਤੇ ਲੋਭ) ਇਹ ਪਾਪ ਦੇ ਕਾਰਨ ਹਨ। ਜੀਵਾਂ ਤੇ ਰਹਿਮ ਕਰਨਾ, ਸੱਚਾਈ ਦਾ ਪਾਲਣ ਕਰਨਾ, ਚੋਰੀ ਨਾ ਕਰਨਾ,

ਬ੍ਰਹਮਚਰਜ ਪਾਲਣਾ ਅਤੇ ਖਿਮਾਂ, ਮਿਠਾਸ, ਸਫਲਤਾ ਤੇ ਸੰਤੋਖ ਪੁੰਨ ਦਾ ਕਾਰਨ ਹੈ। ਅਜਿਹਾ ਗਿਆਨੀਆਂ ਨੇ ਕਿਹਾ ਹੈ। ਆਤਮਾ ਨੂੰ ਕਰਮ ਬੰਧਨ ਤੋਂ ਮੁਕਤ ਕਰਨ ਦਾ ਇਕ ਢੰਗ ਤਪ ਵੀ ਹੈ।''

(6) ਸੰਬਰ : ਸੰਬਰ ਦਾ ਅਰਥ ਹੈ 'ਚੰਗੀ ਤਰ੍ਹਾਂ ਨਾਲ ਰੋਕਨਾ' ਮਨ ਨੂੰ ਪਾਪਾਂ ਵੱਲ ਜਾਣ ਤੋਂ ਰੋਕਨਾ ਸੰਬਰ ਹੈ। ਆਤਮਾ ਦੇ ਜਿਨ੍ਹਾਂ ਪਰਿਨਾਮਾਂ (ਸੁਭਾਵਾਂ) ਨਾਲ ਕਰਮਾਂ ਦੇ ਬੰਧਨ ਰੁਕਦਾ ਹੈ। ਉਹ ਪਰਿਨਾਮ ਸੰਬਰ ਹੈ ਇਕ ਸਮਾਂ ਅਜਿਹਾ ਵੀ ਆਉਂਦਾ ਹੈ ਜਦੋਂ ਕਰਮ ਨਹੀਂ ਬਣਦੇ। ਅਜਿਹਾ ਕੇਵਲ ਗਿਆਨ (ਬ੍ਰਹਮ ਗਿਆਨ) ਪ੍ਰਾਪਤ ਹੋਣ ਤੋਂ ਬਾਅਦ ਹੁੰਦਾ ਹੈ। ਅਜਿਹੀ ਸਥਿਤੀ ਜਿਉਂ ਜਿਉਂ ਉੱਨਤੀ ਕਰਦੀ ਹੈ ਉਨਾ ਹੀ ਕਰਮ ਵੱਧ ਘੱਟ ਹੁੰਦਾ ਰਹਿੰਦਾ ਹੈ। ਜਦੋਂ ਤੱਕ ਕਰਮ ਆਉਂਦੇ ਰਹਿਣਗੇ, ਜੀਵ ਮੁਕਤੀ ਹਾਸਲ ਨਹੀਂ ਕਰ ਸਕਦਾ। ਸੰਬਰ ਪੰਜ ਪ੍ਰਕਾਰ ਦਾ ਹੈ।

(1) ਸੱਮਿਅਕਤ (2) ਅਵਰਤ-ਤਿਆਗ (3) ਅਪ੍ਰਮਾਦ (ਗਫਲਤ ਨਾ ਕਰਨਾ) (4) ਕਸ਼ਾਏ ਨੂੰ ਰੋਕਨਾ (5) ਯੋਗਾਂ (ਪਾਪਕਾਰੀ) ਦੀ ਤਿਆਗ।

(7) ਬੰਧ - ਕਰਮ ਦਾ ਆਤਮਾ ਨਾਲ ਦੁੱਧ ਤੇ ਪਾਣੀ ਦੀ ਤਰ੍ਹਾਂ ਮੇਲ ਹੈ। ਇਸੇ ਮੇਲ ਦੇ ਪ੍ਰਮਾਣੂਆਂ ਨਾਲ ਭਰਿਆ ਹੈ। ਸ਼ਾਸਤਰ ਇਸੇ ਨੂੰ ਕਰਮ ਵਰਗਨਾ ਆਖਦੇ ਹਨ।

ਜਿਵੇਂ ਸੋਨੇ ਨਾਲ ਮਿੱਟੀ ਅਨੰਤਕਾਲ ਤੋਂ ਲੱਗੀ ਹੋਈ ਹੈ ਇਸੇ ਪ੍ਰਕਾਰ ਆਤਮਾ ਦੇ ਪ੍ਰਦੇਸਾਂ ਨਾਲ ਕਰਮ ਵਰਗਨਾਂ ਦੇ ਪੁਦਗਲ ਅਨੰਤਕਾਲ ਤੋਂ ਲੱਗੇ ਹੋਏ ਹਨ। ਆਤਮਾ ਨਾਲ ਰਾਗ ਦਵੇਸ਼ ਰੂਪੀ ਕਰਮਾਂ ਦੀ ਧੂੜ ਲੱਗੀ ਹੋਈ ਹੈ ਜਿਵੇਂ ਮਿੱਟੀ ਦੇ ਹੱਟਣ ਨਾਲ ਸੋਨ ਚਮਕ ਉੱਠਦਾ ਹੈ। ਉਸੇ ਪ੍ਰਕਾਰ ਆਤਮਾ ਕਰਮ ਦੀ ਧੂਲ ਤੋਂ ਰਹਿਤ ਹੋ ਕੇ ਚਮਕ ਹੋ

ਉਠਦੀ ਹੈ।

ਆਤਮਾ ਮੂਲ ਰੂਪ ਅਨੰਤ ਗਿਆਨ ਵਾਲੀ ਹੈ। ਪਰ ਅੱਠ ਕਰਮਾਂ ਨੇ ਇਸ ਦਾ ਅਸਲ ਸਰੂਪ ਢੱਕ ਲਿਆ ਹੈ।

(8) ਨਿਰਜਰਾ : ਬੰਧੇ ਹੋਏ ਕਰਮਾਂ ਦਾ ਖੁਰ ਜਾਨਾ (ਝੜਨਾ) ਨਿਰਜਰਾ ਹੈ। ਸੰਸਾਰ ਵਿਚ ਆਤਮਾ ਤੇ ਕਰਮ ਪੁਦਗਲਾ ਦਾ ਅਨੰਤ ਸਮੇਂ ਤੋਂ ਸਬੰਧ ਚੱਲਿਆ ਆ ਰਿਹਾ ਹੈ। ਹਰ ਆਤਮਾ ਹਰ ਵੇਲੇ ਕਿਸੇ ਨਾ ਕਿਸੇ ਕਰਮ ਦਾ ਸੰਗ੍ਰਹਿ ਕਰਦੀ ਹੈ ਅਤੇ ਪੁਰਾਨੇ ਕਰਮਾਂ ਦਾ ਤਿਆਗ ਵੀ ਕਰਦੀ ਹੈ। ਉਸੇ ਤਿਆਗ ਨਾਲ ਜੋ ਕਰਮ ਭੋਗੇ ਜਾ ਚੁੱਕੇ ਹਨ ਉਹ ਆਤਮਾ ਤੋਂ ਅਲੱਗ ਹੁੰਦੇ ਹਨ। ਇਸੇ ਕ੍ਰਿਆ ਨੂੰ ਸ਼ਾਸਤਰ ਨਿਰਜਰਾ ਆਖਦੇ ਹਨ।

ਨਿਰਜਰਾ ਦਾ ਇਕ ਸਾਧਨ ਤਪੱਸਿਆ ਹੈ। ਨਿਰਜਰਾ ਦੋ ਪ੍ਰਕਾਰ ਦੀ ਹੈ।

(1) ਅਕਾਮ (2) ਸਕਾਮ

(1) ਅਕਾਮ ਨਿਰਜਰਾ : ਜੋ ਤੱਪ ਕਿਸੇ ਇੱਛਾ ਜਾਂ ਫਲ ਦੀ ਪ੍ਰਾਪਤੀ ਨਾਲ ਕੀਤਾ ਜਾਂਦਾ ਹੈ, ਉਸ ਨਾਲ ਅਸ਼ੁਭ ਕਰਮਾਂ ਦੀ ਨਿਰਜਰਾ ਤਾਂ ਹੁੰਦੀ ਹੈ ਪਰ ਮੁਕਤੀ ਦਾ ਰਾਹ ਨਹੀਂ ਲੱਭ ਸਕਦਾ। ਅਗਿਆਨ ਨਾਲ ਕੀਤੀ ਤਪੱਸਿਆ ਜਨਮ ਮਰਨ ਦਾ ਚੱਕਰ ਹੀ ਬਣਦੀ ਹੈ। ਇਹ ਨਿਰਜਰਾ ਅਕਾਮ ਨਿਰਜਰਾ ਹੈ।

(2) ਸਕਾਮ ਨਿਰਜਰਾ : ਸੱਮਿਅਕ ਗਿਆਨ ਰਾਹੀਂ ਬਿਨਾਂ ਕਿਸੇ ਫਲ ਦੀ ਪ੍ਰਾਪਤੀ ਤੋਂ ਕੀਤਾ ਗਿਆ ਤਪ ਹੀ ਮੁਕਤੀ ਦਾ ਸਾਧਨ ਹੈ। ਇਸ ਨਾਲ ਅਸ਼ੁਭ ਕਰਮਾਂ ਦੀ ਹੀ ਨਿਰਜਰਾ ਹੁੰਦੀ ਹੈ। ਆਤਮਾ ਨਵੇਂ ਕਰਮਾਂ ਦੇ ਆਉਣ ਨੂੰ ਰੋਕਦੀ ਹੈ। ਇਸ ਤਰ੍ਹਾਂ ਆਤਮਾ ਹਮੇਸ਼ਾ ਲਈ ਮੁਕਤ ਹੋ

ਜਾਂਦੀ ਹੈ।

(9) ਮੋਕਸ਼ ਤੱਤਵ : ਬੰਧ ਤੇ ਬੰਧ ਕਾਰਨ ਦਾ ਹਮੇਸ਼ਾ ਲਈ ਖ਼ਾਤਮਾ ਹੋਣਾ ਅਤੇ ਚਿੰਬੜੇ ਕਰਮਾਂ ਦਾ ਖ਼ਾਤਮਾ ਮੁਕਤੀ ਹੈ। कृतस्त्रकर्मचयो मोक्ष ਜਾਂ परमानन्दोमुक्ति ਸਾਰੇ ਕਰਮਾਂ ਦਾ ਖ਼ਾਤਮਾ ਤੇ ਕਰਮਾ ਦੇ ਖ਼ਾਤਮੇ ਤੋਂ ਹੋਣ ਵਾਲਾ ਆਨੰਦ ਹੀ ਮੋਕਸ਼ ਹੈ। ਜਦ ਆਤਮਾ ਸੰਬਰ ਰਾਹੀਂ ਕਰਮਾਂ ਦਾ ਆਉਣਾ ਰੋਕਦੀ ਹੈ ਅਤੇ ਪਿਛਲੇ ਕਰਮਾਂ ਨੂੰ ਖ਼ਤਮ ਕਰਦੀ ਹੈ ਤਦ ਉਹ ਕਰਮਾਂ ਕਾਰਨ ਸੂਖਮ ਤੇ ਸਥੂਲ ਦੋਹਾਂ ਸਰੀਰਾਂ ਨੂੰ ਛੱਡ ਕੇ ਲੋਕ ਦੇ ਅੰਤ ਦੇ ਭਾਗ ਵਿਚ ਸਥਿਤ ਹੋ ਜਾਂਦੀ ਹੈ। ਇਸੇ ਨੂੰ ਸਿਧ ਅਵਸਥਾ ਜਾਂ ਮੁਕਤ ਅਵਸਥਾ ਆਖਦੇ ਹਨ। ਇਹ ਹੀ ਪ੍ਰਮਾਤਮਾ ਹੈ।

ਜਿਵੇਂ ਅੱਗ ਵਿਚ ਜਲਿਆ ਬੀਜ ਖੇਤ ਵਿਚ ਨਹੀਂ ਫੁੱਟਦਾ ਇਸੇ ਤਰ੍ਹਾਂ ਕਰਮਾਂ ਰੂਪੀ ਮੈਲ ਜਲ ਜਾਣ ਤੇ ਜਨਮ ਮਰਨ ਰੂਪੀ ਬੀਜ ਨਹੀਂ ਫੁੱਟਦੇ।

# ਅੱਠਾਈਵਾਂ ਅਧਿਐਨ

ਗਿਆਨ ਆਦਿ ਚਾਰ ਕਾਰਨਾਂ (ਗਿਆਨ) ਦਰਸ਼ਨ ਚਾਰਿੱਤਰ ਤੇ ਤਪ ਵਾਲੇ ਗਿਆਨ ਦਰਸ਼ਨ ਦੇ ਲੱਛਣ ਵਾਲੇ ਜਿੰਨਾਂ (ਸਰਵੱਗ) ਰਾਹੀਂ ਦੱਸੇ, ਸੱਚੇ ਮੋਕਸ਼ ਮਾਰਗ ਦੀ ਗਤੀ ਸੁਣੋ।1।

ਵਰਦਰਸ਼ੀ : (ਸੱਚ ਦੇ ਪ੍ਰਗਟ ਕਰਨ ਵਾਲੇ) ਆਤਮ ਜੇਤੂਆਂ ਨੇ ਗਿਆਨ, ਦਰਸ਼ਨ, ਚਾਰਿੱਤਰ ਅਤੇ ਤੱਪ ਨੂੰ ਮੁਕਤੀ (ਮੋਕਸ਼) ਦਾ ਰਾਹ ਦੱਸਿਆ ਹੈ।2।

ਇਸ ਗਿਆਨ ਦਰਸ਼ਨ, ਚਾਰਿੱਤਰ ਅਤੇ ਤਪ ਦੇ ਮਾਰਗ ਤੇ ਸਵਾਰ ਜੀਵ ਸਦ ਗਤੀ (ਉੱਚੀ ਜੂਨ) ਨੂੰ ਪ੍ਰਾਪਤ ਕਰਦਾ ਹੈ।3।

ਇਨ੍ਹਾਂ ਚਾਰ ਵਿਚੋਂ ਗਿਆਨ ਪੰਜ ਪ੍ਰਕਾਰ ਦਾ ਹੈ (1) ਸ਼ਰੁਤ ਗਿਆਨ (2) ਮਤੀ ਗਿਆਨ (3) ਅਵਧੀ ਗਿਆਨ (4) ਮਨਪ੍ਰਯੱਵ ਗਿਆਨ (5) ਕੇਵਲ ਗਿਆਨ (ਬ੍ਰਹਮ ਗਿਆਨ ਜਾਂ ਸਰਵੱਗਤਾ)।4।

ਗਿਆਨੀ ਸਾਰੇ ਦਰੱਵ, ਗੁਣ ਅਤੇ ਪਰਿਆਇਆ ਦਾ ਜਾਣੂੰ ਕਰਾਉਣ ਵਾਲਾ ਹੈ। ਜਾਨਣਯੋਗ ਹੈ। ਅਜਿਹਾ ਗਿਆਨੀਆਂ ਨੇ ਫੁਰਮਾਇਆ ਹੈ।5।

ਦਰੱਵ, ਗੁਣਾਂ ਦਾ ਆਸਰਾ ਹੈ। ਆਧਾਰ ਹੈ ਅਤੇ ਇਕ ਦਰੱਵ ਦੇ ਆਸਰੇ ਜੋ ਵਰਨ, ਗੰਧ, ਰਸ, ਸਪਰਸ਼ ਆਦਿ ਗਿਆਨ ਧਰਮ ਰਹਿੰਦੇ ਹਨ, ਉਹ ਗੁਣ ਕਹਾਉਂਦੇ ਹਨ।6।

ਵਰਦਰਸ਼ੀ, ਜਿਨੇਂਦਰ ਨੇ ਧਰਮ, ਅਧਰਮ, ਆਕਾਸ਼, ਕਾਲ ਪੁਦਗਲ ਅਤੇ ਜੀਵ ਇਨ੍ਹਾਂ ਛੇ ਦਰਵਾਂ ਦਾ ਬਣਿਆ ਲੋਕ ਇਹ ਫੁਰਮਾਇਆ ਹੈ।7।

ਧਰਮ, ਅਧਰਮ ਅਤੇ ਆਕਾਸ਼ ਇਨ੍ਹਾਂ ਤਿੰਨ੍ਹਾਂ ਦਰਵਾਂ ਦੀ ਸੰਖਿਆ ਅਨੁਸਾਰ ਇਕ ਇਕ ਹਨ। ਕਾਲ ਪੁਦਗਲ ਅਤੇ ਜੀਵ ਇਹ ਤਿੰਨ ਦਰਵ

ਅਨੰਤ ਹਨ।8।

ਗਤੀ (ਚਾਲ ਵਿਚ ਸਹਾਇਕ) ਧਰਮ ਧਰਵ ਦਾ ਲੱਛਣ ਹੈ।

ਸਥਿਤੀ (ਸਥਿਤ ਰਹਿਣ ਵਿਚ ਸਹਾਇਕ) ਅਧਰਮ ਅਧਰਮ ਦਾ ਲੱਛਣ ਹੈ। ਸਾਰੇ ਦਰਵਾਂ ਦਾ ਆਧਾਰ ਅਵਗਾਹਨਾ ਲੱਛਣ ਅਕਾਸ਼ ਹੈ।9।

ਵਰਤਨਾਂ (ਪਰੀਵਰਤਨ) ਕਾਲ ਦਾ ਲੱਛਣ ਹੈ। ਉਪਯੋਗ (ਚੇਤਨਾ) ਜੀਵ ਦਾ ਲੱਛਣ ਹੈ ਜੋ ਗਿਆਨ (ਵਿਸ਼ੇਸ਼ ਅਨੁਭਵ) ਦਰਸ਼ਨ (ਆਮ ਅਨੁਭਵ) ਸੁੱਖ ਅਤੇ ਦੁੱਖ ਨਾਲ ਪਹਿਚਾਣਿਆ ਜਾਂਦਾ ਹੈ।10।

ਗਿਆਨ, ਦਰਸ਼ਨ, ਚਾਰਿੱਤਰ, ਤੱਪ, ਵੀਰਜ (ਅਦਰਲੀ ਸ਼ਕਤੀ) ਅਤੇ ਉਪਯੋਗ (ਇਹ ਜੀਵ ਦੇ ਲੱਛਣ ਹਨ)।11।

ਸ਼ਬਦ, ਆਵਾਜ਼, ਹਨ੍ਹੇਰਾ, ਚਮਕ, ਪ੍ਰਕਾਸ਼, ਛਾਂ, ਸੂਰਜ ਦੀ ਚਮਕ, ਰੰਗ, ਰਸ, ਗੰਧ ਤੇ ਸਪਰਸ਼ (ਛੋ) ਇਹ ਪੁਦਗਲ ਦੇ ਲੱਛਣ ਹਨ।12।

ਮਿਲਣਾ, ਅਲੱਗ ਹੋਣਾ, ਸੰਖਿਆ, ਸ਼ਕਲ, ਆਕਾਰ, ਜੁੜਨਾ ਅਤੇ ਟੁਕੜੇ ਟੁਕੜੇ ਹੋਣਾ ਇਹ ਅਧਿਆਏ ਦੇ ਲੱਛਣ ਹਨ।13।

(1) ਜੀਵ (2) ਅਜੀਵ (3) ਬੰਧ (ਆਤਮਾ ਦੇ ਕਰਮਾਂ ਦਾ ਬੰਧ) (4) ਪੁੰਨ (ਸ਼ੁਭ ਭਾਵ) (5) ਪਾਪ (ਅਸ਼ੁਭ ਭਾਵ) (6) ਆਸ਼ਰਵ (ਸ਼ੁਕ ਅਸ਼ੁਭ ਕਰਮਾਂ ਦਾ ਕਾਰਨ) (7) ਸੰਬਰ (ਆਸ਼ਰਵ ਤੇ ਰੋਕ (8) ਨਿਰਜਰਾ (ਪਿਛਲੇ ਕੀਤੇ ਕਰਮਾਂ ਦਾ ਖ਼ਾਤਮਾ) (9) ਮੋਕਸ਼ (ਪੂਰੀ ਤਰ੍ਹਾਂ ਕਰਮਾਂ ਤੋਂ ਛੁਟਕਾਰਾ) ਇਹ ਨੌ ਤੱਤ ਹਨ।14।

ਜੀਵ ਅਜੀਵ ਆਦਿ ਪਦਾਰਥਾਂ ਦੇ ਸੁਭਾਅ ਤੋਂ ਜਾਂ ਕਿਸੇ ਦੇ ਉਪਦੇਸ਼ ਤੋਂ ਭਾਵ ਪੂਰਵ ਜੋ ਸ਼ਰਧਾ ਕੀਤੀ ਜਾਂਦੀ ਹੈ, ਉਹ ਸਮਿਅਕਤਵ ਹੈ।15।

ਸਮਿਅਕ ਦਸ ਪ੍ਰਕਾਰ ਦਾ ਹੈ (1) ਨਿਸਰਗ ਰੁਚੀ

(2) ਉਪਦੇਸ਼ ਰੁਚੀ (3) ਆਗਿਆ ਰੁਚੀ (4) ਸੂਤਰ ਰੁਚੀ (5) ਬੀਜ ਰੁਚੀ (6) ਅਭਿਗਮ ਰੁਚੀ (7) ਵਿਸਥਾਰ ਰੁਚੀ (8) ਕਿਰਿਆ ਰੁਚੀ (9) ਸੰਖੇਪ ਰੁਚੀ (10) ਧਰਮ ਰੁਚੀ।16।

ਬਿਨਾਂ ਕਿਸੇ ਉਪਦੇਸ਼ ਦੇ ਆਪਣੀ ਹੀ ਮਰਜ਼ੀ ਨਾਲ ਜੀਵ, ਅਜੀਵ, ਪੁੰਨ, ਪਾਪ, ਆਸ਼ਰਵ ਸੰਬਰ ਆਦਿ ਤੱਤਾਂ ਪ੍ਰਤੀ ਰੁਚੀ (ਸ਼ਰਧਾ) ਹੀ ਨਿਸੱਰਗ ਰੁਚੀ ਹੈ।17।

ਜਿਨ ਭਗਵਾਨ ਰਾਹੀਂ ਵਿਖਾਏ ਅਤੇ ਦੱਸੇ ਭਾਵਾਂ ਵਿਚ ਅਤੇ ਦਰਵ ਖੇਤਰ ਨਾਲ ਅਤੇ ਭਾਵ ਨਾਲ ਵਿਸ਼ੇਸ਼ ਪਦਾਰਥਾਂ ਦਾ ਵਿਸ਼ੇ ਵਿਚ "ਇਹ ਇਸੇ ਤਰ੍ਹਾਂ ਹੀ ਠੀਕ ਹੈ। ਜਿਸ ਤਰ੍ਹਾਂ ਭਗਵਾਨ ਨੇ ਫੁਰਮਾਇਆ ਹੈ। ਬਾਕੀ ਸਭ ਕੁਝ ਨਹੀਂ ਹੈ। ਅਜਿਹੀ ਚੁਸਤ ਸ਼ਰਧਾ ਹੀ ਨਿਸਰੱਗ ਰੁਚੀ ਹੈ।18।

ਜੋ ਸਾਧਕ ਅਰਿਹੰਤਾਂ ਦੇ ਉਪਦੇਸ਼ ਰਾਹੀਂ ਜੀਵ ਆਦਿ ਤੱਤਾਂ ਤੇ ਸੱਚੀ ਭਾਵਨਾ ਨਾਲ ਸ਼ਰਧਾ ਕਰਦਾ ਹੈ ਇਹ ਹੀ ਉਪਦੇਸ਼ ਰੁਚੀ ਅਖਵਾਉਂਦੀ ਹੈ।19।

ਜਿਸਦੇ ਰਾਗ, ਦਵੇਸ਼, ਮੋਹ ਅਤੇ ਅਗਿਆਨ ਦੂਰ ਹੋ ਗਏ ਹਨ। ਉਸ ਦੇ ਹੁਕਮ ਵਿਚ ਰਹਿਣਾ ਆਗਿਆ ਰੁਚੀ ਹੈ।20।

ਜੋ ਸ਼ਾਸਤਰਾਂ ਦੇ ਗਿਆਨ ਸੂਤਰਾਂ ਟੀਕਾਂ ਰਾਹੀਂ ਪ੍ਰਾਪਤ ਕਰਦਾ ਹੈ ਅਤੇ ਸ਼ਰੁਤ (ਗਿਆਨ) ਰਾਹੀਂ ਸਮਿਅਕ ਪ੍ਰਾਪਤ ਕਰਦਾ ਹੇ ਇਹ ਸੂਤਰ ਰੁਚੀ ਹੈ।21।

ਜਿਵੇਂ ਪਾਣੀ ਵਿਚ ਤੇਲ ਦੀ ਬੂੰਦ ਫੈਲ ਜਾਂਦੀ ਹੈ ਇਸ ਤਰ੍ਹਾਂ ਸਮਿਅਕਤ ਦਾ ਇਕ ਪਦ ਅਨੇਕਾਂ ਪਦਾਂ ਵਿਚ ਫੈਲ ਜਾਂਦਾ ਹੈ।22।

ਜਿਸਨੇ ਗਿਆਰਾਂ ਅੰਗ, ਪ੍ਰਕੀਰਨਕ, ਦ੍ਰਿਸ਼ਟੀਵਾਦ ਅਤੇ ਸ਼ਰੁਤ

ਗਿਆਨ ਅਰਥ ਸਹਿਤ ਪ੍ਰਾਪਤ ਕੀਤਾ ਹੈ ਇਹ ਅਭਿਗੱਮ ਰੁਚੀ ਹੈ।23।

ਸਾਰੇ ਪ੍ਰਮਾਣੂ ਅਤੇ ਨੱਯ ਨਾਲ ਜੋ ਦਰਵਾਂ ਦੇ ਭਾਵਾਂ ਨੂੰ ਜਾਣਦਾ ਹੈ ਇਹ ਵਿਸਥਾਰ ਰੁਚੀ ਹੈ।24।

ਦਰਸ਼ਨ, ਗਿਆਨ ਚਾਰਿੱਤਰ, ਤਪ, ਵਿਨੈ, ਸੱਚ, ਸਮਿਤੀ ਅਤੇ ਗੁਪਤੀ ਆਦਿ ਕ੍ਰਿਆਵਾਂ ਵਿਚ ਜੋ ਸੱਚੇ ਭਾਵ (ਦਿਲ ਤੋਂ ਰੁਚੀ) ਰੱਖਦਾ ਹੈ ਇਹ ਕਿਰਿਆ ਰੁਚੀ ਹੈ।25।

ਜੋ ਨਿਰਗਰੰਥ ਪ੍ਰਵਚਨ ਵਿਚ ਅਕੁਸ਼ਲ (ਅਨਜਾਣ) ਹੈ ਨਾਲ ਹੀ ਝੂਠੇ ਬਚਨਾਂ (ਸਿੱਖਿਆ ਉਪਦੇਸ਼) ਤੋਂ ਵੀ ਅਨਜਾਣ ਹੈ ਪਰ ਭੈੜੀ ਦ੍ਰਿਸ਼ਟੀ ਨਾ ਹੋਣ ਕਾਰਨ ਥੋੜ੍ਹੇ ਜਿਹੇ ਅਨੁਭਵ ਨਾਲ ਹੀ ਤੱਤ ਤੇ ਸ਼ਰਧਾ ਰੱਖਦਾ ਹੈ ਇਹ ਸੰਖੇਪ ਰੁਚੀ ਹੈ।26।

ਜਿਨ ਭਗਵਾਨ ਰਾਹੀਂ ਦੱਸੇ ਆਸਕਤੀਕਾਏ ਧਰਮ (ਧਰਮ ਅਤੇ ਅਧਰਮ ਦਰੱਵ) ਦੇ ਗੁਣਾਂ ਵਿਚ ਸ਼ਰੁਤ (ਸੂਤਰਾਂ) ਧਰਮ ਵਿਚ ਅਤੇ ਚਾਰਿੱਤਰ ਧਰਮ ਵਿਚ ਸ਼ਰਧਾ ਰੱਖਦਾ ਹੈ। ਉਹ ਧਰਮ ਰੁਚੀ ਵਾਲਾ ਹੈ।27।

ਪਰਮਾਰਥ ਨੂੰ ਜਾਨਣਾ, ਪਰਮਾਰਥ ਨੂੰ ਜਾਨਣ ਵਾਲੇ ਗਿਆਨੀਆਂ ਦੀ ਸੇਵਾ ਕਰਨਾ ਸਮਿਅਕਤਵ ਭ੍ਰਿਸ਼ਟ ਅਤੇ ਕੁਦਰਸ਼ਨ (ਝੂਠੇ ਲੋਕਾਂ) ਤੋਂ ਦੂਰ ਰਹਿਣਾ ਸਮਿਅਕਤਵ ਤੇ ਦੀ ਸ਼ਰਧਾ ਹੈ।28।

ਚਾਰਿੱਤਰ ਸਮਿਅਕਤਵ ਦੇ ਬਿਨਾਂ ਨਹੀਂ ਹੁੰਦਾ ਪਰ ਸਮਿਅਕ ਚਾਰਿੱਤਰ ਦੇ ਬਿਨਾਂ ਹੀ ਹੋ ਸਕਦਾ ਹੈ। ਸਮਿਅਕਤਵ ਤੇ ਚਾਰਿੱਤਰ ਇਕ ਸਾਥ ਚੱਲਦੇ ਹਨ। ਚਾਰਿੱਤਰ ਤੋਂ ਪਹਿਲਾਂ ਸਮਿਅਕਤਵ ਦਾ ਹੋਣਾ ਜ਼ਰੂਰੀ ਹੈ।29।

ਸਮਿਅਕਤਵ (ਦਰਸ਼ਨ) ਬਿਨਾਂ ਗਿਆਨ ਨਹੀਂ ਹੁੰਦਾ। ਗਿਆਨ,

ਬਿਨਾਂ ਚਾਰਿੱਤਰ ਦੇ ਗੁਣ ਪ੍ਰਕਟ ਨਹੀਂ ਹੁੰਦੇ, ਚਾਰਿੱਤਰ ਤੋਂ ਬਿਨਾਂ ਕੋਸ਼ (ਕਰਮਾਂ ਦਾ ਖ਼ਾਤਮਾ ਨਹੀਂ ਹੁੰਦਾ) ਅਤੇ ਮੋਕਸ਼ ਬਿਨਾਂ ਨਿਰਵਾਨ ਨਹੀਂ ਹੁੰਦਾ।30।

(1) ਨਿਸੰਕਾ (ਸ਼ੱਕ ਰਹਿਤ) (2) ਨਿਆਕਸ਼ਾਸ਼ਾ (ਇੱਛਾ ਰਹਿਤ) (3) ਨਿਰਵਿਚਿਕਿਤਸਾ (ਧਰਮ ਦੇ ਫਲ ਪ੍ਰਤੀ ਸ਼ੱਕ) (4) ਅਮੁੜ ਦ੍ਰਿਸ਼ਟੀ (ਦੇਵ ਗੁਰੂ ਸ਼ਾਸਤਰ ਅਤੇ ਲੋਕ ਦੀ ਮੂਰਖਤਾ ਆਦਿ ਤੋਂ ਰਹਿਤ) (5) ਉਪਬ੍ਰਹਨ (ਗੁਣੀਜਨਾਂ ਦੀ ਪ੍ਰਸ਼ੰਸਾ ਨਾਲ ਗੁਣਾਂ ਵਿਚ ਵਾਧਾ ਕਰਨ ਵਾਲਾ) (6) ਸਥਿਤਰੀ ਕਰਨ (ਮਜਬੂਤ) (8) ਵਾਤਸਲਯ (ਆਪਸੀ ਪ੍ਰੇਮ) ਅਤੇ ਪ੍ਰਭਾਵਨਾ (ਪ੍ਰਚਾਰ) ਇਹ ਅੱਠ ਸਮਿਅਕਤਵ ਦੇ ਅੰਗ ਹਨ।31।

ਚਾਰਿੱਤਰ ਪੰਜ ਪ੍ਰਕਾਰ ਦਾ ਹੈ। (1) ਸਮਾਇਕ (2) ਛੇਦੋ ਪ੍ਰਸਥਾਪਨੀਆ (3) ਪਰਿਹਾਰ ਵਿਸ਼ੁੱਧੀ (4) ਸੁਖਮ ਸੰਪਰਾਏ ਅਤੇ (5) ਯਥਾ ਅਖਿਆਤ।32।

ਪੰਜਵਾਂ ਯਥਾਅਖਿਆਤ ਚਾਰਿੱਤਰ ਹੈ। ਜੋ ਹਮੇਸ਼ਾ ਕਸ਼ਾਏ ਰਹਿਤ ਹੁੰਦਾ ਹੈ। ਇਹ ਛਦਮ ਅਵਸਥਾ (ਕੇਵਲ ਗਿਆਨ ਤੋਂ ਪਹਿਲਾਂ ਦੀ ਹਾਲਤ) ਅਤੇ ਕੇਵਲੀ ਦੋਵੇਂ ਤਰ੍ਹਾਂ ਪੈਦਾ ਹੁੰਦਾ ਹੈ। ਇਹ ਚਾਰਿੱਤਰ, ਕਰਮ ਦੇ ਸੰਗ੍ਰਹਿ ਨੂੰ ਖਾਲੀ ਕਰਦੇ ਹਨ। ਇਸ ਲਈ ਤੀਰਥੰਕਰਾਂ ਨੇ ਇਨ੍ਹਾਂ ਨੂੰ ਚਾਰਿੱਤਰ ਆਖਿਆ ਜਾਂਦਾ ਹੈ।33।

ਤੱਪ ਦੋ ਪ੍ਰਕਾਰ ਦਾ ਹੈ (1) ਬਾਹਰਲਾ (ਵਿਖਾਵੇ ਦਾ ਤਪ) ਅਤੇ (2) ਅੰਦਰਲਾ (ਬਾਹਰਲਾ)। ਤਪ 6 ਪ੍ਰਕਾਰ ਦਾ ਹੈ ਇਸ ਤਰ੍ਹਾਂ ਅੰਦਰਲਾ ਵੀ 6 ਪ੍ਰਕਾਰ ਦਾ ਹੈ।34।

ਆਤਮਾ ਗਿਆਨ ਨਾਲ ਜੀਵ ਆਦਿ ਭਾਵਾਂ ਨੂੰ ਜੋ ਜਾਣਦਾ ਹੈ। ਦਰਸ਼ਨ ਰਾਹੀਂ ਉਨ੍ਹਾਂ ਤੇ ਸ਼ਰਧਾ ਕਰਦਾ ਹੈ। ਚਾਰਿੱਤਰ ਰਾਹੀਂ ਕਰਮ

ਆਸ਼ਰਵ (ਪਾਪਾਂ) ਨੂੰ ਰੋਕਦਾ ਹੈ ਅਤੇ ਤੱਪ ਰਾਹੀਂ ਸ਼ੁੱਧ ਕਰਦਾ ਹੈ।35।

ਸਾਰੇ ਦੁੱਖਾਂ ਤੋਂ ਮੁਕਤ ਹੋਣ ਦੇ ਲਈ ਮਹਾਰਿਸ਼ੀ ਸੰਜਮ ਰਾਹੀਂ ਪਿਛਲੇ ਕਰਮਾਂ ਦਾ ਖ਼ਾਤਮਾ ਕਰਕੇ ਮੋਕਸ਼ ਪ੍ਰਾਪਤ ਕਰਦੇ ਹਨ।36।

ਇਸ ਪ੍ਰਕਾਰ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 23

11 ਅੰਗ ਇਸ ਪ੍ਰਕਾਰ ਹਨ :

(1) ਅਚਾਰੰਗ (2) ਸੂਤਰ ਕ੍ਰਿਤਾਂਗ (3) ਸਥਾਨਾਂਗ (4) ਸਮਵਾਯਾਂਗ (5) ਭਾਗਵਤੀ (6) ਗਿਆਤਾ ਧਰਮ ਕਥਾਂਗ (7) ਉਪਾਸ਼ਕ ਦਸ਼ਾਂਗ (8) ਅੰਤਕ੍ਰਿਤ ਦਸ਼ਾਂਗ (9) ਅਨਤਰੋਪਾਤੀਕ ਦਸ਼ਾਂਗ (10) ਪ੍ਰਸ਼ਨ ਵਿਆਕਰਨ (11) ਵਿਪਾਕ

ਪ੍ਰਕ੍ਰਿਣਕ 30 :

(1) ਚਤੁਸਰਨ (2) ਆਤੁਰਪ੍ਰਤਖਿਆਨ (3) ਭਗਤ ਪ੍ਰਗਿਆ (4) ਸੰਸਤਾਰਕ (5) ਤੰਦੂਲਵੈਚਾਰਿਕ (6) ਚੰਦਰ ਵੈਧਨ (7) ਦੇਵਿੰਦਰ ਸਤਵ (8) ਗਣੀ ਵਿੱਦਿਆ (9) ਮਹਾਪ੍ਰਤਿਖਿਆਨ (10) ਵੀਰਸਤਵ (11) ਅਜੀਵਕਲਪ (12) ਗਛਾਚਾਰ (13) ਮਰਨਸਮਾਧੀ (14) ਸਿਧ ਪ੍ਰਭਰਤ (15) ਤੀਰਥ ਉਦਗਾਰ (16) ਅਰਾਧਨਾ ਪਤਾਕਾ (17) ਦੀਪ ਸਾਗਰ ਪ੍ਰਗਪਤੀ (18) ਜੋਤਿਸ਼ਕਰਡੰਕ (19) ਅੰਗ ਵਿੱਦਿਆ (20) ਤੀਖੀ ਪ੍ਰਕੀਣਕ (21) ਪਿੰਡਨਿਯੁਕਤੀ (22) ਸਾਰਾਵਲੀ (23) ਪਰਿਅੰਤ ਸਾਧਨਾ (24) ਜੀਵ ਵਿਅਕਤੀ (25) ਕਵਚ (26) ਯੋਨੀ ਪ੍ਰਾਭਤ (27) ਅੰਗਲੁਚਿਕਾ (28) ਬੰਗਚੂਲੀਕਾ (29) ਖ੍ਰਿਧ ਚਤੁਰਸਨ (30) ਜਬੂ ਪ੍ਰਜਨਾ

(1) ਸਮਾਇਕ - ਸਮ ਭਾਵ ਰੱਖਣਾ, ਰਾਗ ਦਵੇਸ਼ ਤੋਂ ਰਹਿਤ ਹੋਣ, ਪਾਪਕਾਰੀ ਕੰਮਾਂ ਦਾ ਤਿਆਗ ਹੀ ਸਮਾਇਕ ਚਰਿੱਤਰ ਹੈ।

(2) ਛੇਦੋ ਪ੍ਰਸਥਾਪਨੀਆਂ - ਇਹ ਸਅਤਿਚਾਰ (ਦੋਸ਼ ਸਹਿਤ) ਤੇ ਨਿਅਤਿਚਾਰ (ਦੋਸ਼ ਰਹਿਤ) ਦੋ ਪ੍ਰਕਾਰ ਦਾ ਹੈ। ਖਾਸ ਦੋਸ਼ ਦੇ ਲੱਗਣ ਤੇ ਦੀਖਿਆ ਛੱਡ ਦੇਣਾ ਸਅਤਿਚਾਰ ਹੈ। ਬਿਨਾਂ ਕਿਸੇ ਕਾਰਨ ਤੇ ਹੀ ਸਮਾਇਕ ਚਾਰਿੱਤਰ (ਸਾਧੂਪੁਣਾ) ਛੱਡਣਾ ਨਿਅਤਿਚਾਰ ਤੇ ਦੋਸ਼ ਹੈ।

(3) ਪਰਿਹਾਰ ਵਿਸ਼ੁੱਧੀ : ਇਹ ਇਕ ਖਾਸ ਕਿਸਮ ਦੀ ਸਾਧਨਾ ਹੈ। ਜੋ ਨੌ ਸਾਧੂ ਮਿਲ ਕੇ ਕਰਦੇ ਹਨ। ਪਹਿਲੇ ਛੇ ਮਹੀਨੇ ਚਾਰ ਸਾਧੂ ਗਰਮੀ ਵਿਚ ਵਰਤ ਤੋਂ ਲੈ ਕੇ ਤੇਲਾ (ਤਿੰਨ ਵਰਤ) ਤੱਕ ਕਰਦੇ ਹਨ, ਫਿਰ ਸਰਦੀ ਵਿਚ ਦੋ ਵਰਤਾਂ ਤੋਂ ਲੈ ਕੇ ਚਾਰ ਵਰਤ ਕਰਦੇ ਹਨ ਅਤੇ ਬਰਸਾਤ ਵਿਚ ਤਿੰਨ ਵਰਤਾਂ ਤੋਂ ਲੈ ਕੇ ਪੰਜ ਵਰਤ ਕਰਦੇ ਹਨ। ਵਰਤ ਖੋਲ੍ਹਣ ਵਾਲੇ ਦਿਨ ਆਯਵਿਲ (ਰੁੱਖਾ ਸੁੱਖਾ ਭੋਜਨ) ਕੀਤਾ ਜਾਦਾ ਹੈ। ਬਾਕੀ ਚਾਰ ਸਾਧੂ ਸੇਵਾ ਕਰਦੇ ਹਨ। ਇਕ ਸਾਧੂ ਇਸ ਤਪੱਸਿਆ ਦੀ ਹਿਦਾਇਤ ਕਰਦਾ ਹੈ। ਛੇ ਮਹੀਨੇ ਬਾਅਦ ਤਪਸਵੀ ਸਾਧੂ ਸੇਵਾ ਕਰਦੇ ਹਨ ਅਤੇ ਸੇਵਾ ਕਰਨ ਵਾਲੇ ਤਪ। ਤੀਸਰੇ ਮਹੀਨੇ ਵਾਚਨਾਅਚਾਰਿਆ (ਹਦਾਇਤਕਰਤਾ) ਤਪ ਕਰਦਾ ਹੈ ਉਹਨਾਂ ਵਿਚ ਇਕ ਵਾਚਨਾਅਚਾਰਿਆ ਬਣ ਜਾਂਦਾ ਹੈ। ਬਾਕੀ ਸੇਵਾ ਕਰਦੇ ਹਨ।

(4-5) - ਸੂਖਮਸੰਪਰਾਏ ਸਥਾਅਖਿਆਤ - ਸਮਾਇਕ ਤੇ ਛੇਦ ਪ੍ਰਸਥਾਪਨੀਆਂ ਨਾਲ ਜਦ ਕ੍ਰੋਧ, ਮਾਨ ਮਾਇਆ (ਛੱਡ ਕਪਟ) ਖਤਮ ਹੋ ਜਾਂਦੇ ਹਨ ਜਾਂ ਠੰਡੇ ਪੈ ਜਾਂਦੇ ਹਨ। ਇਕ ਸਿਰਫ ਲੋਭ ਹੀ ਸੂਖਮ ਮਾਤਰਾ ਵਿਚ ਰਹਿ ਜਾਂਦਾ ਹੈ। ਤਦ ਦਸਵੇਂ ਗੁਣਸਥਾਨ ਵਿਚ ਸੂਮਖ ਸੰਪਰਾਏ

ਚਾਰਿੱਤਰ ਹੁੰਦਾ ਅਤੇ ਜਦ ਚਾਰ ਕਸ਼ਾਇ ਵੀ ਪੂਰੀ ਤਰ੍ਹਾਂ ਖ਼ਤਮ ਹੋ ਜਾਂਦੇ ਹਨ ਜਾਂ ਠੰਢੇ ਪੈ ਜਾਂਦੇ ਹਨ ਤਾਂ ਉਹ ਯਥਾ ਅਖਿਆਤ ਚਾਰਿੱਤਰ ਹੈ। ਇਹ ਵੀਤਰਾਗ ਚਾਰਿੱਤਰ ਹੈ। ਯਥਾ ਅਖਿਆਤ ਚਾਰਿੱਤਰ 11ਵੇਂ ਗੁਣ ਸਥਾਨ ਵਿਚ ਅਤੇ 14ਵੇਂ ਆਦਿ ਗੁਣ ਸਥਾਨਾਂ ਤੱਕ ਯਥਾ ਅਖਿਆਤ ਚਾਰਿੱਤਰ ਹੈ।

(6) ਗੁਣ ਸਥਾਨ ਆਤਮ ਵਿਕਾਸ ਦੀ ਇਕ ਮੰਜ਼ਲ ਹੈ। ਇਨ੍ਹਾਂ ਬਾਰੇ 29ਵੇਂ ਅਧਿਐਨ ਦੀ ਜਾਣਕਾਰੀ ਵਿਚ ਵਿਸਥਾਰ ਨਾਲ ਵੇਖੋ।

ਗਾਥਾ 34

ਤਪ ਦੋ ਪ੍ਰਕਾਰ ਦਾ ਹੈ :

(1) ਅੰਦਰਲਾ ਤਪ (2) ਬਾਹਰਲਾ ਤਪ

(1) ਪ੍ਰਾਸ਼ਚਿਤ (ਭੁੱਲ ਦਾ ਪਛਤਾਵਾ ਕਰਨਾ) (2) ਵਿਨੈ (3) ਵੈਆਵਿਰਤ (ਸੇਵਾ) (4) ਸਵਾਧਿਆਏ (ਪੜ੍ਹਨਾ-ਪੜ੍ਹਾਉਣਾ) (5) ਧਿਆਨ (ਯੋਗ) (6) ਵਿਉਤਸਰਗ (ਦੇਹ ਦਾ ਤਿਆਗ)

ਬਾਹਰਲਾ ਤਪ ਵੀ ਛੇ ਪ੍ਰਕਾਰ ਦਾ ਹੈ :

(1) ਅਨਸ਼ਨ (ਵਰਤ) (2) ਉਨੋਦਰੀ (ਭੋਜਨ ਵਿਚ ਕਮੀ ਕਰਨਾ) (3) ਭਿਕਸ਼ਾ ਤੇ ਗੁਜ਼ਾਰਾ ਕਰਨਾ (4) ਰਸਾਂ ਦਾ ਤਿਆਗ (5) ਕਾਈਆ ਰਾਹੀਂ ਆਸਣ ਆਦਿ ਕਰਨਾ (6) ਸੰਲੀਨਤਾ (ਇਸਤਰੀ, ਪੁਰਸ਼ ਤੇ ਹਿਜੜਾ ਤੋਂ ਰਹਿਤ ਥਾਂ ਤੇ ਰਹਿਣਾ)।

# 29.
# ਸਮਿਅਕਤਵ ਪਰਾਕ੍ਰਮ ਅਧਿਐਨ

ਇਹ ਪ੍ਰਸ਼ਨ ਉੱਤਰ ਰੂਪੀ ਮਾਲਾ ਸੀ। ਉਤਰਾਧਿਐਨ ਸੂਤਰ ਦਾ ਸਾਰ ਹੈ। ਇਸ ਵਿਚ 71 ਪ੍ਰਸ਼ਨਾਂ ਦੀ ਬੜਾ ਸਰਲ, ਸੁੰਦਰ, ਅਤੇ ਦਿਲ ਨੂੰ ਛੂਹਣ ਵਾਲੀ ਵਿਆਖਿਆ ਕੀਤੀ ਗਈ ਹੈ।

ਮਨ ਵਿਚ ਹਮੇਸ਼ਾ ਹੀ ਇਹ ਸਵਾਲ ਉੱਠਦੇ ਰਹਿੰਦੇ ਹਨ ਕਿ ਸੰਜਮ ਤੋਂ ਕੀ ਲਾਭ ਹੈ ? ਪੜ੍ਹਨ ਪੜ੍ਹਾਉਣ ਦਾ ਕੀ ਲਾਭ ਹੈ ? ਤਿਆਗ ਦਾ ਕੀ ਫਾਇਦਾ ਹੈ ? ਧਰਮ ਸ਼ਰਧਾ ਕਿਉਂ ਜ਼ਰੂਰੀ ਹੈ ? ਇਨ੍ਹਾਂ ਸਭ ਪ੍ਰਸ਼ਨਾਂ ਦਾ ਉੱਤਰ ਭਗਵਾਨ ਮਹਾਵੀਰ ਦੀ ਪਵਿੱਤਰ ਬਾਣੀ ਨੇ ਇਸ ਅਧਿਐਨ ਵਿਚ ਦਿੱਤਾ ਹੈ।

ਇਸ ਅਧਿਐਨ ਦੇ ਸੱਤਵੇਂ ਪ੍ਰਸ਼ਨ ਦਾ ਸਬੰਧ 14 ਗੁਣ ਸਥਾਨਾਂ ਨਾਲ ਹੈ ਅਤੇ ਧਿਆਨ ਦਾ ਵਿਸ਼ਾ ਵੀ ਇਸੇ ਵਿਸ਼ੇ ਨਾਲ ਸਬੰਧ ਰੱਖਦਾ ਹੈ। ਸੋ ਇਸ ਦੀ ਸੰਖੇਪ ਜਾਣਕਾਰੀ ਦੇਣਾ ਇਸ ਅਧਿਐਨ ਦੇ ਸ਼ੁਰੂ ਵਿਚ ਠੀਕ ਸਮਝਾਇਆ ਗਿਆ ਹੈ ਤਾਂ ਕਿ ਪਾਠਕ ਇਸ ਅਧਿਐਨ ਦੇ ਪ੍ਰਸ਼ਨਾਂ ਨੂੰ ਠੀਕ ਪ੍ਰਕਾਰ ਨਾਲ ਸਮਝ ਸਕਣ।

## ਧਿਆਨ

ਧਿਆਨ ਦੀ ਪਰੰਪਰਾ ਸ਼੍ਰਮਣ ਸੰਸਕ੍ਰਿਤੀ ਦੀ ਆਪਣੀ ਖਾਸ ਦੇਣ ਹੈ। ਇਸ ਪਰੰਪਰਾ ਵਾਲੇ ਮੁੱਢਲੇ ਵੈਦਿਕ ਸਾਹਿਤ ਵਿਚ ਬੜੀ ਘੱਟ ਜਾਣਕਾਰੀ ਮਿਲਦੀ ਹੈ। ਪਰ ਬਾਅਦ ਵਿਚ ਉਪਨਿਸ਼ਧ ਸਾਹਿਤ ਤੇ ਪਾਤੰਜਲੀ ਦੇ ਯੋਗ ਸ਼ਾਸਤਰ ਵਿਚ ਇਸ ਨੂੰ ਮਾਨਤਾ ਦਿੱਤੀ ਗਈ।

ਧਿਆਨ ਆਤਮਾ ਸਾਧਨਾ ਦਾ ਖਾਸ ਅੰਗ ਹੈ। ਮਨ ਦੀਆਂ ਦੋ ਹਾਲਤਾ ਹਨ। (1) ਚੱਲ (2) ਅਚੱਲ। ਚੱਲ ਅਵਸਥਾ ਨੂੰ ਚਿੱਤ ਅਤੇ ਅਚੱਲ ਅਵਸਥਾ ਨੂੰ ਧਿਆਨ ਆਖਦੇ ਹਨ। ਚਿੱਤ ਦੀ ਇਕਾਗਰਤਾ ਅਤੇ ਸਰੀਰ ਬਾਣੀ ਤੇ ਮਨ ਤੇ ਕਾਬੂ ਪਾਉਣਾ ਹੀ ਧਿਆਨ ਹੈ। ਚਿੱਤ ਦੀਆਂ ਤਿੰਨ ਹਾਲਤਾਂ ਹਨ।

(1) ਭਾਵਨਾ : ਧਿਆਨ ਦਾ ਅਭਿਆਸ ਕਰਨ ਦੀ ਕ੍ਰਿਆ।

(2) ਅਨੁਪਰੇਕਸ਼ਾ : ਧਿਆਨ ਤੋਂ ਬਾਅਦ ਹੋਣ ਵਾਲੀ ਮਨ ਦੀ ਹਾਲਤ।

(3) ਚਿੰਤਾ : ਆਮ ਮਾਨਸਿਕ ਚਿੰਤਨ (ਸੋਚ ਵਿਚਾਰ)

ਧਿਆਨ ਚੇਤਨਾ ਦੀ ਉਹ ਹਾਲਤ ਹੈ ਜੋ ਆਪਦੇ ਹੀ ਸਹਾਰੇ ਪ੍ਰਤਿ ਇਕਾਗਰ ਹੁੰਦੀ ਹੈ ਜਾਂ ਬਾਹਰੋਂ ਸੁੰਨ ਹੋਣ ਤੇ ਵੀ ਆਤਮਾ ਪ੍ਰਤਿ ਜਾਗਰੂਕ ਹੁੰਦੀ ਹੈ। ਚੇਤਨਾ ਤੋਂ ਰਹਿਤ ਹੋਣਾ ਧਿਆਨ ਨਹੀਂ। ਇਕੱਲਾ ਚਿੰਤਨ, ਮਨਨ ਵੀ ਧਿਆਨ ਨਹੀਂ, ਸਗੋਂ ਇਕਾਗਰ, ਚਿੰਤਨ, ਧਿਆਨ ਹੈ। ਭਾਵ ਕ੍ਰਿਆ ਧਿਆਨ ਹੈ ਅਤੇ ਚੇਤਨਾ ਤੇ ਵਿਆਪਕ ਪ੍ਰਕਾਸ਼ ਵਿਚ ਚਿੱਤ ਦਾ ਲੀਨ ਹੋਣ ਧਿਆਨ ਹੈ। ਧਿਆਨ ਸ਼ੁਭ ਤੇ ਅਸ਼ੁਭ ਦੋਹਾਂ ਤਰ੍ਹਾਂ ਦਾ ਹੁੰਦਾ ਹੈ।

ਕੁਝ ਖਾ ਕੇ ਜਾਂ ਨਸ਼ਾਂ ਕਰਕੇ ਬੇਹੋਸ਼ ਹੋ ਜਾਣ ਨੂੰ ਵੀ ਜੈਨ ਸ਼ਾਸਤਰ ਧਿਆਨ ਨਹੀਂ ਮੰਨਦੇ।

ਧਿਆਨ ਚਾਰ ਪ੍ਰਕਾਰ ਦਾ ਹੈ :

(1) ਆਰਤ (2) ਰੌਦਰ (3) ਧਰਮ (4) ਸ਼ੁਕਲ। ਪਹਿਲੇ ਦੋ ਧਿਆਨ ਅਸ਼ੁਭ ਹਨ ਅਤੇ ਪਾਪਕਾਰੀ ਹਨ। ਦੂਸਰੇ ਦੋ ਮੁਕਤੀ ਦਾ ਰਾਸਤਾ ਵਿਖਾਉਣ ਵਾਲੇ।

(1) ਆਰਤ ਧਿਆਨ :

ਲੱਛਣ : (1) ਗੁੱਸੇ ਹੋਣਾ (2) ਦੁਖੀ ਹੋਣਾ (3) ਹੰਝੂ ਬਹਾਉਣਾ (4) ਵਿਲਾਪ ਕਰਨਾ।

(2) ਰੁੱਦਰ ਧਿਆਨ : ਇਸ ਤੋਂ ਭਾਵ ਸਖ਼ਤੀ ਹੈ। ਇਹ ਚਾਰ ਪ੍ਰਕਾਰ ਦਾ ਹੈ :

(ੳ) ਹਿੰਸਾ ਨੂੰ ਬੰਧੀ : ਜੋ ਹਿੰਸਾ ਵਿਚ ਲਾਵੇ।

(ਅ) ਮਿਰਸ਼ਾ ਨੂੰ ਬੰਧੀ : ਜੋ ਝੂਠ ਵਿਚ ਲਾਵੇ।

(ੲ) ਸੱਤੇ ਨੂੰ ਬੰਧੀ : ਜੋ ਚੋਰੀ ਵਿਚ ਲਾਵੇ।

(ਸ) ਸੁਰਖਅ ਨੂੰ ਬੰਧੀ : ਜੋ ਵਿਸ਼ੇ ਵਿਕਾਰਾਂ ਦੀ ਸੁਰੱਖਿਆ ਕਰੇ

ਲੱਛਣ :

(1) ਅਨੁਪਰਤਦੋਸ਼ : ਹਿੰਸਾ ਤੋਂ ਰਹਿਤ ਨਾ ਹੋਣਾ।

(2) ਬਹੁਦੋਸ਼ : ਹਿੰਸਾ ਆਦਿ ਵਿਚ ਲੱਗੇ ਰਹਿਣਾ।

(3) ਅਗਿਆਨ ਦੋਸ਼ : ਅਗਿਆਨ ਕਾਰਨ ਹਿੰਸਾ ਕਰਨਾ

(4) ਆਮਰਨਤ ਦੋਸ਼ : ਮਰਨ ਤੱਕ ਵੀ ਹਿੰਸਾ ਤੋਂ ਛੁਟਕਾਰਾ ਨਾ ਪਾਉਣਾ।

(3) ਧਰਮ ਧਿਆਨ : ਧਰਮ ਜਾਂ ਸੱਚ ਦੀ ਭਾਲ ਵਿਚ ਚੇਤਨਤਾ (ਮਨ) ਦਾ ਲੱਗਣਾ ਹੀ ਧਰਮ ਧਿਆਨ ਹੈ। ਇਹ ਚਾਰ ਪ੍ਰਕਾਰ ਦਾ ਹੈ।

(ੳ) ਆਗਿਆ ਵਿਚਯ : ਭਾਸ਼ਨ ਦੇ ਫੈਸਲਿਆਂ ਬਾਰੇ ਮਨ ਨੂੰ ਲਾਉਣਾ।

(ਅ) ਅਪਾਏ ਵਿਚਯ : ਦੋਸ਼ਾਂ ਦੇ ਫੈਸਲਿਆਂ ਬਾਰੇ ਮਨ ਨੂੰ ਲਾਉਣਾ

(ੲ) ਵਿਪਾਕ ਵਿਚਯ : ਭਿੰਨ ਭਿੰਨ ਪ੍ਰਕਾਰ ਦੇ ਪਦਾਰਥਾਂ ਦੀ ਸ਼ਕਲ ਬਾਰੇ ਮਨ ਨੂੰ ਲਾਉਣਾ।

ਲੱਛਣ :

(1) ਆਗਿਆ ਰੁਚੀ : ਪ੍ਰਬਚਨ ਵਿਚ ਸ਼ਰਧਾ ਰੱਖਣਾ

(2) ਨਿਸਰਗ ਰੁਚੀ : ਸਹਿਜ ਹੀ ਸੱਚ ਵਿਚ ਸ਼ਰਧਾ ਰੱਖਣਾ।

(3) ਸੂਤਰ ਰੁਚੀ : ਸੂਤਰ ਪੜ੍ਹਨ ਨਾਲ ਸ਼ਰਧਾ ਹੋਣਾ।

(4) ਅਵਗਾੜ ਰੁਚੀ : ਵਿਸਥਾਰ ਨਾਲ ਸੱਚ ਦੀ ਪ੍ਰਾਪਤੀ ਕਰਨਾ।

ਇਸ ਧਿਆਨ ਦੇ ਚਾਰ ਸਹਿਯੋਗੀ ਆਸਰੇ ਹਨ :

(ੳ) ਵਾਚਨਾ : ਪੜ੍ਹਣਾ

(ਅ) ਪ੍ਰਤਿਪ੍ਰਛਣਾ : ਸ਼ੰਕਾ ਦੂਰ ਕਰਨ ਲਈ ਪ੍ਰਸ਼ਨ ਕਰਨਾ

(ੲ) ਪਰਿਵਰਤਨ : ਦੁਹਰਾਈ ਕਰਨਾ

(ਸ) ਅਨੁਪਰੇਕਸ਼ਾ : ਵਿਸਥਾਰ ਨਾਲ ਸੱਚ ਦੀ ਪ੍ਰਾਪਤੀ ਕਰਨਾ।

ਧਰਮ ਧਿਆਨ ਦੀਆਂ ਚਾਰ ਅਨੁਪਰੇਕਸ਼ਾਵਾਂ ਹਨ :

(ੳ) ਏਕਤਵ : ਇਕੱਲੇ ਵਿਚਾਰ ਕਰਨਾ

(ਅ) ਅਨਿੱਤ : ਹਰ ਚੀਜ਼ ਨੇ ਨਸ਼ਟ ਹੋ ਜਾਣਾ ਹੈ ਇਹ ਸੋਚਣਾ।

(ੲ) ਅਸ਼ਰਨ : ਬੇ-ਆਸਰਾ ਹਾਲਤ ਦਾ ਵਿਚਾਰ ਕਰਨਾ।

(ਸ) ਸੰਸਾਰ : ਸੰਸਾਰ ਚੱਕਰ ਬਾਰੇ ਸੋਚਣਾ।

ਸ਼ੁਕਲ ਧਿਆਨ : ਚੇਤਨਤਾ ਦੀ ਸਹਿਜ ਅਵਸਥਾ ਹੀ ਸ਼ੁਕਲ ਧਿਆਨ ਹੈ। ਇਹ ਵੀ ਚਾਰ ਪ੍ਰਕਾਰ ਦਾ ਹੈ :

(ੳ) ਪਿਰਥਕ ਵਿਤਰਕ ਸਵਿਚਾਰੀ।

(ਅ) ਇਕਤੱਵ ਵਿਤਰਕ ਅਵਿਚਾਰੀ।

(ੲ) ਸੁਖਮਕ੍ਰਿਆ ਅਪ੍ਰਤਿਪਾਤੀ।

(ਸ) ਸਮੁਛਿਨ ਕ੍ਰਿਆ ਅਨਿਵਰਤੀ।

ਧਿਆਨ ਦੋ ਪ੍ਰਕਾਰ ਦਾ ਹੈ। (1) ਸਹਾਰੇ ਵਾਲਾ (2) ਸਹਾਰੇ ਤੋਂ

ਰਹਿਤ। ਧਿਆਨ ਵਿਚ ਸਾਮੱਗਰੀ ਦਾ ਪਰਿਵਰਤਨ ਹੁੰਦਾ ਹੈ ਅਤੇ ਨਹੀਂ ਵੀ ਹੁੰਦਾ। ਇਹ ਦੋ ਦ੍ਰਿਸ਼ਟੀਆਂ ਨਾਲ ਹੁੰਦਾ ਹੈ।

(1) ਭੇਦ (2) ਅਭੇਦ ਦ੍ਰਿਸ਼ਟੀ ਤੋਂ

ਜਦ ਇਕ ਦਰੱਵ ਦੇ ਅਨੇਕਾਂ ਪਰਿਆਏ ਦਾ ਅਨੇਕਾਂ ਦ੍ਰਿਸ਼ਟੀਆਂ ਨਾਲ ਚਿੰਤਨ ਮਨਣ ਕੀਤਾ ਜਾਂਦਾ ਹੈ ਅਤੇ ਪੂਰਵ ਸਰੁਤ (ਪਹਿਲੇ ਗਿਆਨ) ਦਾ ਸਹਾਰਾ ਲਿਆ ਜਾਂਦਾ ਹੈ ਅਤੇ ਸ਼ਬਦ ਨਾਲ ਅਰਥ ਵਿਚ ਤੇ ਅਰਥ ਨਾਲ ਸ਼ਬਦ ਵਿਚ ਅਤੇ ਮਨ, ਬਚਨ, ਸਰੀਰ ਰਾਹੀਂ ਇਕ ਦੂਸਰੇ ਦਾ (ਕ੍ਰਮ) ਸਿਲਸਿਲੇ ਵਾਰ ਚਿੰਤਨ ਕੀਤਾ ਜਾਂਦਾ ਹੈ। ਸ਼ੁਕਲ ਧਿਆਨ ਦੀ ਉਸ ਸਥਿਤੀ ਨੂੰ ਪ੍ਰਿਥਕ ਤਿਰਕ ਸਵਿਚਾਰੀ ਆਖਦੇ ਹਨ।

ਜਦ ਇਕ ਦਰੱਵ ਦੇ ਕਿਸੇ ਇਕ ਪਰਿਆਏ ਦਾ ਅਭੇਦ ਦ੍ਰਿਸ਼ਟੀ ਤੋਂ ਚਿੰਤਨ ਕੀਤਾ ਜਾਂਦਾ ਹੈ ਅਤੇ ਪਿਛਲੇ ਪੁਰਾਣੇ ਗਿਆਨ ਦਾ ਸਹਾਰਾ ਵੀ ਲਿਆ ਜਾਂਦਾ ਹੈ ਅਤੇ ਸ਼ਬਦ, ਅਰਥ, ਮਨ, ਬਚਨ ਤੇ ਸਰੀਰ ਰਾਹੀਂ ਇਕ ਦੂਸਰੇ ਦਾ ਸਿਲਸਿਲੇ ਵਾਰ ਚਿੰਤਨ ਕੀਤਾ ਜਾਂਦਾ ਹੈ। ਉਸ ਸ਼ੁਕਲ ਧਿਆਨ ਨੂੰ ਉਹ ਸਥਿਤੀ ਏਕਤਵ ਵਿਤਰਕ ਅਵਿਚਾਰੀ ਹੈ।

ਜਦ ਮਨ ਤੇ ਬਾਣੀ ਕ੍ਰਿਆ ਤੇ ਰੋਕ ਪੈ ਜਾਂਦੀ ਹੈ ਅਤੇ ਸਰੀਰ ਦੀ ਕ੍ਰਿਆ ਕਾਬੂ ਨਹੀਂ ਰਹਿੰਦੀ, ਸਾਹ ਵਗੈਰਾ ਚੱਲਦਾ ਰਹਿੰਦਾ ਹੈ, ਉਸ ਕ੍ਰਿਆ ਨੂੰ ਸੂਖਮ ਕ੍ਰਿਆ ਆਖਦੇ ਹਨ। ਇਸ ਦਾ ਖ਼ਾਤਮਾ ਨਹੀਂ ਹੋ ਸਕਦਾ, ਇਸ ਲਈ ਅਪ੍ਰਤਿਪਾਤੀ ਹੈ।

ਜਦ ਸੂਖਮ ਕ੍ਰਿਆ (ਸਾਹ) ਆਦਿ ਤੇ ਰੋਕ ਹੋ ਜਾਂਦੀ ਹੈ ਉਸ ਹਾਲਤ ਨੂੰ ਸਮੁਰਛਿੰਨ ਕ੍ਰਿਆ ਆਖਦੇ ਹਨ। ਇਸ ਦਾ ਛੁਟਕਾਰਾ ਨਹੀਂ ਹੁੰਦਾ, ਇਸ ਲਈ ਇਹ ਅਨਿਵਰਤੀ ਹੈ। ਸ਼ੁਕਲ ਧਿਆਨ ਦੇ ਚਾਰ ਲੱਛਣ ਹਨ।

(ੳ) ਅਵੱਯਬ : ਦੁੱਖ ਦਾ ਖ਼ਾਤਮਾ

(ਅ) ਅਸਮੋਹ : ਸੂਖਮ ਪਦਾਰਥਾਂ ਪ੍ਰਤਿ ਮੂਰਖਤਾ ਦੀ ਅਣਹੋਂਦ।

(ੲ) ਵਿਵੇਕ : ਸਰੀਰ ਤੇ ਆਤਮਾ ਦੇ ਭੇਦ ਦਾ ਗਿਆਨ

(ਸ) ਵਿਉਤਸਰਗ : ਸਰੀਰ ਤੇ ਕੱਪੜੇ, ਭਾਂਤੇ ਪ੍ਰਤਿ ਲਗਾਵ ਦਾ ਖ਼ਾਤਮਾ।

ਸ਼ੁਕਲ ਧਿਆਨ ਦੇ ਚਾਰ ਆਲੰਬਨ (ਸਹਾਰੇ) ਹਨ।

(ੳ) ਸ਼ਾਂਤੀ : ਖਿਮਾਂ

(ਅ) ਮੁਕਤੀ : ਨਿਰਲੋਭਤਾ

(ੲ) ਮਾਰਦਵ : ਮਿਠਾਸ

(ਸ) ਆਰਜਵ : ਸਰਲਤਾ

ਸ਼ੁਕਲ ਧਿਆਨ ਦੀ ਚਾਰ ਅਨੁਪਰੇਕਸ਼ਾਵਾਂ ਹਨ :

(ੳ) ਅਨੰਤ ਦ੍ਰਿੜਤਾ ਅਨੁਪਰੇਸ਼ਾ : ਸੰਸਾਰ ਦੇ ਜਨਮ ਮਰਨ ਬਾਰੇ ਚਿੰਤਨ।

(ਅ) ਵਿਪਰਿਨਾਮ ਅਨੁਪਰੇਕਸ਼ਾ : ਚੀਜ਼ਾਂ ਦੇ ਭਿੰਨ ਭਿੰਨ ਨਤੀਜੇ ਬਾਰੇ ਚਿੰਤਨ।

(ੲ) ਅਸ਼ੁਭ ਅਨੁਪਰੇਕਸ਼ਾ : ਪਦਾਰਥਾਂ ਦੇ ਅਸ਼ੁਧ ਹੋਣ ਬਾਰੇ ਚਿੰਤਨ

(ਸ) ਅਪਾਏ ਅਨੁਪਰੇਕਸ਼ਾ : ਦੋਸ਼ਾਂ ਦਾ ਚਿੰਤਨ

ਆਗਮ ਸਾਹਿਤ ਤੋਂ ਬਾਅਦ ਦੇ ਸਾਹਿਤ ਵਿਚ ਧਿਆਨ ਦਾ ਦੂਸਰਾ ਵਰਗੀਕਰਨ ਵੀ ਮਿਲਦਾ ਹੈ। ਇਹ ਵੀ ਚਾਰ ਪ੍ਰਕਾਰ ਦਾ ਹੈ :

(1) ਪਿੰਡਸਥ (2) ਪਦਸਥ (3) ਰੁੱਪਸਥ (4) ਰੁਪਾਤੀਤ

ਪਿੰਡਸਥ : ਇਸ ਧਿਆਨ ਵਿਚ ਸਰੀਰ ਦੇ ਸਿਰ, ਭੌਹਾਂ, ਤਾਲੂ, ਮੱਥਾ, ਮੂੰਹ, ਨੇਤਰ, ਕੰਨ, ਨਾਂਹਸਾਂ, ਦਿਲ ਤੇ ਨਾਭੀ (ਧੁਨੀ) ਦਾ ਸਹਾਰਾ

ਲਿਆ ਜਾਂਦਾ ਹੈ।

ਪੱਦਸਥ : ਇਸ ਧਿਆਨ ਵਿਚ ਮੰਤਰਾਂ ਦੇ ਪੱਦਾਂ ਦਾ ਸਹਾਰ ਲਿਆ ਜਾਂਦਾ ਹੈ। ਗਿਆਨਰਵ (28/2-16) ਅਤੇ ਯੋਗ ਸ਼ਾਸਤਰ (8/1-80) ਵਿਚ ਮੰਤਰ ਪੱਦਾਂ ਦੀ ਚਰਚਾ ਹੈ।

ਰੂਪਸਥ : ਇਸ ਧਿਆਨ ਵਿਚ ਅਰਿਹੰਤ ਜਾਂ ਵੀਤਰਾਗ ਦੀ ਸ਼ਕਲ ਦਾ ਧਿਆਨ ਕੀਤਾ ਜਾਂਦਾ ਹੈ।

ਰੂਪਾਤੀਤ : ਇਸ ਧਿਆਨ ਸਹਾਰੇ ਰਹਿਤ ਸਿਰਫ ਆਤਮਾ ਦੇ ਸਰੂਪ ਦਾ ਚਿੰਤਨ ਕੀਤਾ ਜਾਂਦਾ ਹੈ। ਇਸ ਧਿਆਨ ਵਿਚ ਧਿਆਨ ਕਰਨ ਵਾਲ, ਧਿਆਨ ਅਤੇ ਜਿਸ ਦਾ ਧਿਆਨ ਹੋਵੇ, ਤਿੰਨਾਂ ਵਿਚ ਏਕਤਾ ਸਥਾਪਿਤ ਹੋ ਜਾਂਦੀ ਹੈ।

ਧਿਆਨ ਦੀ ਮਰਿਆਦਾ : ਧਿਆਨ ਸਤਕ ਵਿਚ ਮਰਿਆਦਾ ਦੀ ਵਿਆਖਿਆ ਹੈ ਜਿਸ ਦਾ ਯੋਗੀ ਧਿਆਨ ਰੱਖੇ :

(1) ਭਾਵਨਾ : ਗਿਆਨ, ਦਰਸ਼ਨ, ਚਾਰਿੱਤਰ ਤੇ ਵੈਰਾਗ ਵਾਲੀ ਹੋਵੇ।

(2) ਪ੍ਰਦੇਸ : ਇਕਾਂਤ ਤੇ ਸ਼ੋਰ ਸ਼ਰਾਬੇ ਤੋਂ ਰਹਿਤ ਤੇ ਵਿਕਾਰ ਰਹਿਤ ਹੋਵੇ।

(3) ਕਾਲ : ਚੰਗਾ ਸਮਾਂ ਹੋਵੇ।

(4) ਆਸਣ : ਠੀਕ ਤੇ ਸੁਖਾਲਾ ਆਸਣ ਹੋਵੇ।

(5) ਆਲੰਬਨ : ਧਿਆਨ ਵਿਚ ਕੋਈ ਨਾ ਕੋਈ ਸਹਾਰਾ ਜ਼ਰੂਰੀ।

(6) ਕਰਮ : ਸਥਿਰ ਰਹਿਣ ਦੇ ਅਭਿਆਸ ਤੋਂ ਲੈ ਕੇ ਸਰੀਰ ਤੇ ਬਾਣੀ ਨੂੰ ਗੁਪਤ ਰੱਖਣ ਦੇ ਕਈ ਕਰਮ ਹੋ ਸਕਦੇ ਹਨ।

(7) ਧਿਆਏ : ਧਿਆਨ ਠੀਕ ਪ੍ਰਕਾਰ ਦਾ ਹੋਵੇ।

(8) ਧਿਆਤਾ : ਧਿਆਨ ਕਰਨ ਵਾਲੇ ਵਿਚ ਕੁਝ ਗੁਣ ਹੋਣੇ ਚਾਹੀਦੇ ਹਨ। ਧਿਆਨ ਸ਼ਤਕ ਗਾਥਾ (63) ਵਿਚ ਇਸ ਪ੍ਰਕਾਰ ਦਰਸਾਇਆ ਗਿਆ ਹੈ।

(ੳ) ਅਪ੍ਰਮਾਦ : ਸ਼ਰਾਬ, ਵਿਸ਼ੈ, ਕਸ਼ਾਇ, ਨੀਂਦ ਤੇ ਵਿਰਥਾ ਇਹ ਪੰਜ ਪ੍ਰਮਾਦ ਹਨ, ਇਨ੍ਹਾਂ ਤੋਂ ਰਹਿਤ ਹੋਵੇ।

(ਅ) ਮੋਹ ਰਹਿਤ ਹੋਵੇ।

(ੲ) ਗਿਆਨ ਸੰਪੰਨ : ਜੋ ਗਿਆਨ ਭੰਡਾਰ ਨਾਲ ਭਰਪੂਰ ਹੋਵੇ

ਇਹੋ ਗੁਣਾਂ ਵਾਲਾ ਧਿਆਨ ਕਰਨ ਦਾ ਅਧਿਕਾਰੀ ਹੈ।

(9) ਅਭੂਰੇਕਸ਼ਾ : ਭਾਵ ਸ਼ਾਸਤਰ ਪੜ੍ਹਨਾ, ਪੜ੍ਹਾਉਣਾ ਤੇ ਚਿੰਤਨ ਕਰਨਾ।

(10) ਲੇਸ਼ਿਆ : ਲੇਸ਼ਿਆਵਾਂ ਸ਼ੁੱਧ ਹੋਣ।

(11) ਲਿੰਗ : ਲੱਛਣ ਚੰਗੇ ਹੋਣ।

(12) ਫਲ : ਧਰਮ ਦੇ ਫਲ ਪ੍ਰਤਿ ਵਿਸ਼ਵਾਸ ਹੋਵੇ।

ਧਿਆਨ ਕਰਨ ਲਈ ਚਾਰ ਗੱਲਾਂ ਜ਼ਰੂਰੀ ਹਨ :

(1) ਗੁਰੂ ਦਾ ਉਪਦੇਸ਼ (2) ਸ਼ਰਧਾ (3) ਲਗਾਤਾਰ ਅਭਿਆਸ (4) ਸਿੱਖਿਆ।

ਸੋਮਦੇਵਸੂਰੀ ਨੇ ਵੈਰਾਗ, ਗਿਆਨ ਦੀ ਸੰਪਤੀ, ਸੰਗ ਸਾਥ ਤੋਂ ਮੁਕਤ, ਚਿੱਤ ਦੀ ਸਥਿਰਤਾ, ਭੁੱਖ ਪਿਆਸ ਆਦਿ ਨੂੰ ਸਹਿਣ ਕਰਨਾ ਇਹ ਪੰਜ, ਧਿਆਨ ਲਈ ਜ਼ਰੂਰੀ ਗੱਲਾਂ ਦੱਸੀਆਂ ਹਨ। (ਯਸ਼ ਤਿਲਕ 8/40)

ਧਿਆਨ ਤਪ ਦਾ ਅੰਗ ਹੈ ਅਤੇ ਮੋਕਸ਼ ਦਾ ਰਾਹ ਹੈ। ਕਰਮ ਮੈਲ ਦੂਰ ਕਰਨ ਦਾ ਸਾਧਨ ਹੈ। ਧਿਆਨ ਰਹਿਤ ਧਰਮ, ਸਿਰ ਰਹਿਤ ਸਰੀਰ ਵਾਲੇ 10 ਹੈ। (ਗਿਸ਼ਿਭਾਸ਼ੀਤ 22/14)

# ਗੁਣ ਸਥਾਨ ਜਾਂ ਗੁਣ ਸ਼੍ਰੇਣੀ

ਗੁਣ ਸਥਾਨ ਜੈਨ ਧਰਮ ਦਾ ਪਰਿਭਾਸ਼ਿਕ ਸ਼ਬਦ ਹੈ। ਇਸ ਤੋਂ ਭਾਵ ਹੈ ਆਤਮਾ ਦੀ ਪ੍ਰਮਾਤਮਾ ਬਣਨ ਤੱਕ ਦੀ ਪ੍ਰਕ੍ਰਿਆ ਹੀ ਗੁਣ ਸਥਾਨ ਹੈ। ਆਤਮਾ ਨੂੰ ਪ੍ਰਮਾਤਮਾ ਬਣਨ ਲਈ ਜਿਨ੍ਹਾਂ ਗੁਣਾਂ ਦਾ ਪਾਲਣ ਕਰਨਾ ਪੈਂਦਾ ਹੈ ਅਤੇ ਜਿਨ੍ਹਾਂ ਹਾਲਤਾਂ ਵਿਚੋਂ ਗੁਜ਼ਰਨਾ ਪੈਂਦਾ ਹੈ, ਇਸ ਨੂੰ ਹੀ ਸੰਖੇਪ ਵਿਚ ਗੁਣ ਸਥਾਨ ਆਖਦੇ ਹਨ। ਆਤਮ ਵਿਕਾਸ ਦੀ 14 ਸ਼੍ਰੇਣੀਆਂ ਜਾਂ ਸਥਾਨ ਹਨ।

(1) ਮਿੱਥਿਆਤਵ ਦ੍ਰਿਸ਼ਟੀ ਗੁਣ ਸਥਾਨ (2) ਸਾਸਵਾਦਨ ਸਮਿੱਅਕ ਦ੍ਰਿਸ਼ਟੀ ਗੁਣ ਸਥਾਨ (3) ਮਿਸ਼ਰਗੁਣ ਸਥਾਨ (4) ਅਵਿਰਤੀ ਸਮਿੱਅਕ ਦ੍ਰਿਸ਼ਟੀ ਗੁਣ ਸਥਾਨ (5) ਦੇਸ਼ ਵਿਰਤੀ ਗੁਣ ਸਥਾਨ (6) ਪ੍ਰਮਤ ਗੁਣ ਸਥਾਨ (7) ਅਪ੍ਰਮਤਸੰਯਤ ਗੁਣ ਸਥਾਨ (8) ਨਿਵਰਤੀਵਾਦਰ ਗੁਣ ਸਥਾਨ (9) ਅਨਿਵਰਤੀ ਗੁਣ ਸਥਾਨ (10) ਸੁਖਮਸੰਪਰਾਏ ਗੁਣ ਸਥਾਨ (11) ਉਪਸ਼ਾਤ ਮੋਹ ਗੁਣ ਸਥਾਨ (12) ਸ਼ੀਨ ਮੋਹ ਗੁਣ ਸਥਾਨ (13) ਸਯੋਗ ਕੇਵਲੀ ਗੁਣ ਸਥਾਨ (14) ਅਯੋਗੀ ਕੇਵਲੀ ਗੁਣ ਸਥਾਨ।

(1) ਮਿੱਥਿਆ ਦ੍ਰਿਸ਼ਟੀ : ਜਦ ਤੱਕ ਜੀਵ ਨੂੰ ਆਤਮਾ ਦੇ ਸਵਰੂਪ ਦਾ ਪਤਾ ਨਹੀਂ ਲੱਗਦਾ ਉਹ ਮਿੱਥਿਆ ਦ੍ਰਿਸ਼ਟੀ ਅਖਵਾਉਂਦਾ ਹੈ। ਉਹ ਮਿੱਥਿਆ ਦ੍ਰਿਸ਼ਟੀ ਜੀਵ ਸਰੀਰ ਦੀ ਉਤਪਤੀ ਨੂੰ ਹੀ ਆਤਮਾ ਦੀ ਉਤਪਤੀ ਤੇ ਸਰੀਰ ਦੇ ਮਰਨ ਨੂੰ ਹੀ ਆਤਮਾ ਦੀ ਮੌਤ ਸਮਝਦਾ ਹੈ। ਪਰ ਜਦੋਂ ਕਿਸੇ ਤੀਰਥੰਕਰ ਜਾ ਸਤਿਗੁਰੂ ਦੀ ਸੰਗਤ ਸਦਕਾ ਆਤਮਾ ਦੇ ਸਵਰੂਪ ਨੂੰ ਸਮਝ ਲੈਂਦਾ ਹੈ ਤਾਂ ਉਸ ਦੇ ਕਸ਼ਾਏ ਘੱਟ ਜਾਂਦੇ ਹਨ। ਰਾਗ ਦਵੇਸ਼ ਠੰਡੇ ਪੈ ਜਾਂਦੇ ਹਨ। ਅਜਿਹੇ ਸਮੇਂ ਜੀਵ ਅਨਾਦਿ ਕਾਲ ਤੋਂ ਆਤਮ

ਨਾਲ ਚਿੰਬੜੇ ਕਸ਼ਾਇ ਖ਼ਤਮ ਹੋ ਕੇ ਜੀਵ ਸੱਚੀ (ਸੱਮਿਅਕ) ਦ੍ਰਿਸ਼ਟੀ ਪ੍ਰਾਪਤ ਕਰਦਾ ਹੈ। ਆਪਣੀ ਆਤਮਾ ਦੇ ਸੱਚੇ ਸਵਰੂਪ ਨੂੰ ਪਛਾਣ ਲੈਂਦਾ ਹੈ। ਮਿੱਥਿਆ ਦ੍ਰਿਸ਼ਟੀ ਜੀਵ ਆਤਮਾ ਨੂੰ ਪਛਾਣ ਕੇ ਪਹਿਲੇ ਗੁਣ ਸਥਾਨ ਤੋਂ ਚੌਥੇ ਗੁਣ ਸਥਾਨ ਤੱਕ ਪਹੁੰਚ ਜਾਂਦਾ ਹੈ।

ਮਿੱਥਿਆ ਦ੍ਰਿਸ਼ਟੀ ਜੀਵ ਦੇ ਨਾਲ ਦਰਸ਼ਨਾ ਮੋਹਨੀਆਂ ਕਰਮ ਅਨਾਦਿ ਕਾਲ ਤੋਂ ਮਿੱਥਿਆਤਵ ਰੂਪ ਵਿਚ ਚਲੇ ਆ ਰਹੇ ਸਨ। ਪਰ ਕਰਨ ਲਬਧੀ ਦੀ ਕ੍ਰਿਪਾ ਸਦਕਾ ਉਸ ਦੇ ਤਿੰਨ ਹਿੱਸੇ ਹੋ ਜਾਂਦੇ ਹਨ। ਜੋ ਇਸ ਪ੍ਰਕਾਰ ਹਨ।

(1) ਮਿੱਥਿਆਤਵ (2) ਸਮਿਅਕ ਮਿਥਿਆਤਵ (3) ਸਮਿਅਕ ਪ੍ਰਾਕ੍ਰਿਤੀ

ਜੀਵ ਨੂੰ ਪਹਿਲੀ ਵਾਰ ਜੋ ਸਮਿਅਕ ਦਰਸ਼ਨ (ਸੱਚਾ ਵਿਸ਼ਵਾਸ) ਹੁੰਦਾ ਹੈ ਉਸ ਨੂੰ ਪ੍ਰਥਮ-ਸਮਿਅਕਤਵ ਆਖਦੇ ਹਨ। ਇਸ ਦਾ ਸਮਾਂ ਮਹੂਰਤ ਤੋਂ ਘੱਟ ਹੈ। ਕਿਸ ਸਮੇਂ ਦੇ ਖ਼ਤਮ ਹੁੰਦੇ ਹੀ ਜੀਵ ਸਮਿਅਕਤ (ਗਿਆਨ, ਦਰਸ਼ਨ ਤੇ ਚਾਰਿੱਤਰ) ਰੂਪੀ ਪਰਬਤ ਤੋਂ ਹੇਠਾਂ ਗਿਰ ਜਾਂਦਾ ਹੈ ਉਸ ਸਮੇਂ ਜੋ ਸਮਿਅਕ ਮਿਥਿਆਤਵ ਪ੍ਰਾਕ੍ਰਿਤੀ ਪੈਦਾ ਹੋ ਜਾਵੇ ਤਾਂ ਜੀਵ ਤੀਸਰੇ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ। ਜੇ ਮਿਥਿਆਕਰਮ ਪੈਦਾ ਹੋ ਜਾਵੇ ਤਾਂ ਜੀਵ ਫਿਰ ਮਿਥਿਆ ਦ੍ਰਿਸ਼ਟੀ ਬਣ ਜਾਂਦਾ ਹੈ ਭਾਵ ਇਹ ਹੈ ਕਿ ਦੂਸਰੇ ਤੇ ਤੀਸਰੇ ਗੁਣ ਸਥਾਨ ਇੰਨੇ ਸੂਖਮ ਹਨ ਕਿ ਜੀਵ ਤੇ ਪਤਨ ਦਾ ਕਾਰਨ ਹੀ ਬਣਦੇ ਹਨ।

(2) ਸ਼ਾਸਵਾਦਨ ਸਮਿਅਕ ਦ੍ਰਿਸ਼ਟੀ : ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਇਸ ਗੁਣ ਸਥਾਨ ਕਾਰਨ ਜੀਵ ਪਤਿਤ ਹੋ ਜਾਂਦਾ ਹੈ। ਸ਼ਾਸਵਾਦਨ ਦਾ ਅਰਥ ਸਮਿਅਕਤਵ ਦੀ ਰੁਕਾਵਟ ਹੀ ਹੈ। ਜਿਵੇਂ ਕੋਈ

ਮਿੱਠੀ ਖੀਰ ਖਾਵੇ ਤੇ ਉਸ ਨੂੰ ਉਸੇ ਸਮੇਂ ਉਲਟੀ ਆ ਜਾਵੇ। ਜਿਵੇਂ ਉਹ ਉਲਟੀ ਕਰਦਿਆਂ ਖੀਰ ਦੀ ਮਿਠਾਸ ਅਨੁਭਵ ਕਰਦਾ ਹੈ ਉਸੇ ਪ੍ਰਕਾਰ ਸਮਿਅਕਤਵ ਦ੍ਰਿਸ਼ਟੀ ਜੀਵ ਜਦ ਕਰਮਾਂ ਕਾਰਨ ਸਮਿਅਕਤਵ ਨੂੰ ਉਲਟਦਾ ਹੈ ਤਾਂ ਉਸ ਉਲਟੀ ਸਮੇਂ ਉਸਨੂੰ ਸਮਿਅਕ ਦਰਸ਼ਨ ਤੇ ਆਤਮ ਸ਼ੁੱਧੀ ਦਾ ਧਿਆਨ ਰਹਿੰਦਾ ਹੈ। ਸਮਿਅਕ ਦਰਸ਼ਨ ਤੋਂ ਗਿਰਿਆ ਜੀਵ ਦੂਸਰੇ ਸਥਾਨ ਵਿਚ ਇਕ ਸਮੇਂ ਤੋਂ ਲੈ ਕੇ 6 ਆਵਲੀ (ਇਕ ਮਿੰਟ) ਤੱਕ ਰਹਿੰਦਾ ਹੈ ਤੇ ਫਿਰ ਮਿਥਿਆ ਕਰਮ ਪੈਦਾ ਹੋਣ ਲੱਗ ਜਾਂਦੇ ਹਨ।

(3) ਸਮਿਅਕ ਮਿਥਿਆਦ੍ਰਿਸ਼ਟੀ : ਇਸ ਗੁਣ ਸਥਾਨ ਵਿਚ ਆਤਮਾ ਦੇ ਭਾਵ ਬੜੇ ਬਚਿੱਤਰ ਹੁੰਦੇ ਹਨ। ਇਸ ਗੁਣ ਸਥਾਨ ਵਾਲਾ ਸਮਿਅਕ (ਸੱਚ) ਮਿਥਿਆਤਵ (ਝੂਠ) ਦੋਹਾਂ ਤੇ ਸ਼ਰਧਾ ਰੱਖਦਾ ਹੈ। ਇਸ ਤਰ੍ਹਾਂ ਗੁਣ ਸਥਾਨ ਵਾਲਾ ਨ ਤਾਂ ਸੱਚ ਪ੍ਰਤਿ ਰੁਚੀ ਰੱਖਦਾ ਹੈ ਅਤੇ ਨਾ ਹੀ ਨਫ਼ਰਤ। ਜਿਸ ਤਰ੍ਹਾਂ ਦਹੀਂ ਤੇ ਚੀਨੀ ਵਾਲਾ ਦਾ ਸਵਾਦ ਖੱਟਾ-ਮਿੱਠਾ, ਇਕ ਹੋਰ ਹੀ ਤਰ੍ਹਾਂ ਦਾ ਹੁੰਦਾ ਹੈ। ਇਸ ਤਰ੍ਹਾਂ ਤੀਸਰੇ ਗੁਣ ਸਥਾਨ ਵਾਲਾ ਨਾ ਤੇ ਠੀਕ ਹੁੰਦਾ ਹੈ ਨਾ ਹੀ ਗਲਤ। ਇਸ ਹਾਲਤ ਦਾ ਸਮਾਂ ਇਕ ਮਹੂਰਤ (48 ਮਿੰਟ) ਤੋਂ ਘੱਟ ਹੈ। ਪਰ ਜੇ ਜੀਵ ਇਸ ਹਾਲਤ ਵਿਚ ਹੀ ਸੰਭਲ ਜਾਵੇ ਤਾਂ ਉਹ ਚੌਥੇ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ।

(4) ਅਸਯਤ ਸਮਿਅਕ ਦ੍ਰਿਸ਼ਟੀ : ਇਸ ਅਵਸਥਾ ਵਿਚ ਆਤਮਾ ਨੂੰ ਸਮਿਅਕ ਦਰਸ਼ਨ (ਸੱਚਾ ਵਿਸ਼ਵਾਸ) ਦੀ ਪ੍ਰਾਪਤੀ ਹੁੰਦੀ ਹੈ। ਸਮਿਅਕ ਦਰਸ਼ਨ ਤਿੰਨ ਪ੍ਰਕਾਰ ਦਾ ਹੈ :

(ੳ) ਔਪਸ਼ਮਿਕ (ਅ) ਸ਼ਾਯਕ (ੲ) ਸ਼ਾਯੋਪਮਸ਼ਮਿਕ

ਦਰਸ਼ਨ ਮੋਹਨੀਆ ਕਰਮ ਦੀਆਂ ਮਿਥਿਆਤਵ, ਸਮਿਅਕ ਮਿਥਿਆਤਵ

ਅਤੇ ਸਮਿਅਕਤਵ, ਇਹ ਤਿੰਨ ਪ੍ਰਾਕ੍ਰਿਤੀਆਂ ਅਤੇ ਚਾਰਿੱਤਰ ਅਤੇ ਮੋਹਨੀਆ ਕਰਮ ਦੀ ਕਰੋਧ, ਮਾਨ, ਮਾਇਆ ਤੇ ਲੋਭ ਚਾਰ ਹਾਲਤਾਂ ਹਨ।

ਇਨ੍ਹਾਂ ਸੱਤਾਂ ਦੇ ਖ਼ਾਤਮੇ ਤੇ ਔਪਸ਼ਮਿਕ ਸਮਿਅਕ ਦਰਸ਼ਨ ਪ੍ਰਾਪਤ ਹੁੰਦਾ ਹੈ। ਜੀਵ ਨੂੰ ਪਹਿਲਾਂ ਸਮਿਅਕ ਦਰਸ਼ਨ ਪ੍ਰਾਪਤ ਹੁੰਦਾ ਹੈ। ਪਰ ਇਹ ਹਾਲਤ ਇਕ ਮਹੂਰਤ ਤੋਂ ਵੀ ਘੱਟ ਰਹਿੰਦੀ ਹੈ ਜੀਵ ਜਲਦ ਹੀ ਮਿਥਿਆ ਦ੍ਰਿਸ਼ਟੀ ਬਣ ਜਾਂਦਾ ਹੈ। ਪਰ ਇਨ੍ਹਾਂ ਹਾਲਤਾਂ ਤੇ ਕਾਬੂ ਪਾਉਣ ਨਾਲ ਜੀਵ ਸਮਿਅਕ ਦ੍ਰਿਸ਼ਟੀ ਪ੍ਰਾਪਤ ਕਰ ਲੈਂਦਾ ਹੈ। ਸਮਿਅਕ ਦਰਸ਼ਨ ਦੀ ਸਥਿਤੀ ਇਕ ਮਹੂਰਤ ਤੋਂ ਲੈ ਕੇ 66 ਸਾਗਰੋਪਮ ਹੈ। ਮਨਸੁਮ੍ਰਿਤੀ ਅਨੁਸਾਰ ਸਮਿਅਕ ਦਰਸ਼ਨ ਵਾਲਾ ਜੀਵ ਕਰਮਾਂ ਦਾ ਸੰਗ੍ਰਹਿ ਨਹੀਂ ਕਰਦਾ। ਪਰ ਸਮਿਅਕ ਦਰਸ਼ਨ ਰਹਿਤ ਪ੍ਰਾਣੀ ਸੰਸਾਰ ਵਿਚ ਭਟਕਦਾ ਹੈ।

सयम्यग्दर्शनसम्पन्नः कर्मणा नहि बध्यते
दर्शनेन विहीनस्तु संसारं प्रतिपद्यते।।6।।

(5) ਦੇਸ਼ ਵਿਰਤੀ : ਇਸ ਤੋਂ ਬਾਅਦ ਆਤਮਾ ਗ੍ਰਹਿਸਥ ਦੇ 12 ਵਰਤਾਂ ਦਾ ਪਾਲਣ ਕਰਨ ਲੱਗ ਜਾਂਦਾ ਹੈ। ਦੇਸ਼ ਵਿਰਤੀ ਤੋਂ ਭਾਵ ਹੈ ਪਾਪ ਤੋਂ ਕੁਝ ਹੱਦ ਤੱਕ ਬਚਣਾ, ਪੂਰੇ ਰੂਪ ਵਿਚ ਨਹੀਂ ਅਤੇ ਇਸ ਸਮੇਂ ਸਾਧੂ ਬਨਣ ਦੀ ਕੋਸ਼ਿਸ਼ ਵੀ ਆਤਮਾ ਕਰਨ ਲੱਗ ਜਾਂਦੀ ਹੈ। 11ਵੀਂ ਸ੍ਰਮਣ ਕਲਪ ਪ੍ਰਤਿਮਾ ਤੱਕ ਦਾ ਸਾਧਕ ਇਕ ਕਿਸਮ ਦਾ ਸਾਧੂ ਬਣ ਜਾਂਦਾ ਹੈ।

(6) ਪ੍ਰਮੱਤ ਗੁਣਸਥਾਨ : ਇਹ ਗੁਣ ਸਥਾਨ ਮੁਨੀਆਂ ਦਾ ਹੈ ਜੋ ਪੰਜ ਮਹਾਵਰਤਾਂ ਦਾ ਪਾਲਣ ਕਰਦੇ ਹੋਏ ਵੀ ਪ੍ਰਮਾਦ (ਅਣਗਹਿਲੀ) ਤੋਂ ਸਦਾ ਲਈ ਮੁਕਤ ਨਹੀਂ ਹੁੰਦਾ। ਪ੍ਰਮਾਦ ਦੇ 15 ਭੇਦ ਹਨ : (1) ਚਾਰ ਕਸ਼ਾਏ (2) ਚਾਰ ਵਿਕਥਾ (3) ਪੰਜ ਇੰਦਰੀਆਂ ਦੇ ਵਿਸ਼ੇ (4) ਸਨੇਹ ਅਤੇ

(5) ਨੀਂਦਰ

(7) ਅਪ੍ਰਮੱਤ ਗੁਣਸਥਾਨ : ਪ੍ਰਮਾਦ ਦੀ ਜੰਜ਼ੀਰ ਤੋਂ ਮੁਕਤ ਹੋਣਾ ਹੀ ਸੱਤਵਾਂ ਗੁਣ ਸਥਾਨ ਹੈ। ਇਸ ਗੁਣ ਸਥਾਨ ਦੇ ਦੋ ਭੇਦ ਹਨ (1) ਸਵ ਸਥਾਨ (2) ਸਾਤਿਸ਼ੈ।

ਸੱਤਵੇਂ ਤੋਂ ਛੇਵੇਂ ਤੇ ਛੇਵੇਂ ਤੋਂ ਸੱਤਵੇਂ ਗੁਣ ਸਥਾਨ ਵਿਚ ਪਹੁੰਚਨਾ ਸਵ ਸਥਾਨ ਹੈ। ਪਰ ਜੋ ਸਾਧੂ ਮੋਹਨੀਆਂ ਕਰਮ ਨੂੰ ਖ਼ਤਮ ਕਰਨਾ ਸ਼ੁਰੂ ਕਰਦਾ ਹੈ ਉਸ ਦੀ ਹਾਲਤ ਨੂੰ ਸੈ-ਅਤਿਸ਼ੈ ਆਖਦੇ ਹਨ।

ਅਗਲੇ ਗੁਣ ਸਥਾਨਾਂ ਦਾ ਸਵਰੂਪ ਜਾਨਣ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਅੱਠਵੇਂ ਗੁਣ ਸਥਾਨ ਦੀਆਂ ਦੋ ਸ਼੍ਰੇਣੀਆਂ ਹਨ। (1) ਉਪਸ਼ਮ (2) ਸ਼ਪਕ

ਉਪਸ਼ਮ ਸ਼੍ਰੇਣੀ ਵਿਚ 8-9-10 ਤੋਂ 11 ਗੁਣ ਸਥਾਨ ਆਉਂਦੇ ਹਨ ਅਤੇ ਸ਼ਪਕ ਸ਼ਰੇਣੀ ਤੋਂ ਤਾਂ ਕੇਵਲ ਤਦਭਵਮੋਕਸ਼ਗਾਮੀ (ਭਾਵ ਸ਼ਾਯਕ ਸਮਿਅਕ ਦ੍ਰਿਸ਼ਟੀ ਜੀਵ ਜੋ ਇਸੇ ਜਨਮ ਵਿਚ ਮੁਕਤ ਹੋਣਾ ਹੋਵੇ) ਔਪਸਮੀਕ ਸਮਿਅਕ ਦ੍ਰਿਸ਼ਟੀ ਤੇ ਸ਼ਾਯਕ ਸਮਿਅਕ ਦ੍ਰਿਸ਼ਟੀ, ਇਹ ਜੀਵ ਸਭ ਹੀ ਚੜ੍ਹ ਸਕਦੇ ਹਨ।

ਪਰ ਉਪਸ਼ਮ ਸ਼ਰੇਣੀ ਤੇ ਚੜ੍ਹਨ ਵਾਲਾ ਸਾਧੂ ਗਿਆਰਵੇਂ ਗੁਣ ਸਥਾਨ ਤੇ ਪਹੁੰਚ ਕੇ ਅਤੇ ਮੋਹਨੀਆਂ ਕਰਮ ਨੂੰ ਸ਼ਾਂਤ ਕਰਕੇ ਵੀਤਰਾਗਤਾ ਅਨੁਭਵ ਕਰਨ ਤੋਂ ਬਾਅਦ ਵੀ ਨਿਯਮਾਂ ਤੋਂ ਗਿਰ ਸਕਦਾ ਹੈ। ਜੇ ਉਹ ਹਾਲਤ ਵਿਚ ਸੰਭਲਨਾ ਚਾਹੇ ਤਾਂ ਛੇਵੇਂ ਸੱਤਵੇਂ ਗੁਣ ਸਥਾਨ ਦੇ ਠਹਿਰ ਸਕਦਾ ਹੈ। ਪਰ ਇਸ ਤੋਂ ਹੇਠਾਂ ਨੀਵੀਂ ਹਾਲਤ ਤੇ ਵੀ ਅੱਪੜ ਸਕਦਾ ਹੈ। ਪਰ ਜੋ ਤੱਦਭਵ ਮੋਕਸ਼ਗਾਮੀ ਤੇ ਸ਼ਾਯਕ ਸਮਿਅਕ ਦ੍ਰਿਸ਼ਟੀ ਜੀਵ ਹਨ ਉਹ ਸੱਤਵੇਂ ਗੁਣ ਸਥਾਨ ਤੇ ਪਹੁੰਚ ਕੇ ਵੀ ਮੋਹ ਨੂੰ ਖ਼ਤਮ ਕਰਨਾ ਸ਼ੁਰੂ

ਕਰਕੇ ਅੱਠਵੇਂ ਗੁਣ ਸਥਾਨ ਤੇ ਪਹੁੰਚ ਜਾਂਦਾ ਹੈ। ਅਗਲੀਆਂ ਦੋ ਸ਼੍ਰੇਣੀਆਂ ਦੇ ਰੂਪ ਇਸ ਪ੍ਰਕਾਰ ਹਨ :

(8) ਅਪੂਰਵਕਰਨ ਗੁਣ ਸਥਾਨ : ਮੋਹਨੀਆ ਕਰਮ ਦਾ ਖ਼ਾਤਮਾ ਹੋਣ ਤੇ ਆਤਮਾ ਸ਼ੁੱਧੀ ਹੁੰਦੀ ਹੈ ਅਤੇ ਆਤਮਾ ਇਨੀ ਸ਼ੁੱਧ ਹੋ ਜਾਂਦੀ ਹੈ ਕਿ ਪਹਿਲਾਂ ਇਨੀ ਕਦੇ ਸ਼ੁਧ ਨਹੀਂ ਹੋ ਸਕਦੀ। ਇਸੇ ਲਈ ਇਸ ਗੁਣ ਸਥਾਨ ਨੂੰ 'ਅਪੂਰਵ' ਆਖਦੇ ਹਨ। ਇਹ ਮੋਹ ਕਰਮ ਦੇ ਖ਼ਾਤਮੇ ਦੀ ਸ਼ੁਰੂਆਤ ਹੁੰਦੀ ਹੈ।

(9) ਅਨਿਵਰਤੀ ਗੁਣ ਸਥਾਨ : ਇਸ ਗੁਣ ਸਥਾਨ ਵਿਚ ਆਤਮਾ ਪਹਿਲੇ ਗੁਣ ਸਥਾਨ ਨਾਲੋਂ ਜ਼ਿਆਦਾ ਪਵਿੱਤਰ ਹੁੰਦੀ ਜਾਂਦੀ ਹੈ। ਇਸ ਗੁਣ ਸਥਾਨ ਵਿਚ ਪੈਦਾ ਹੋਣ ਵਾਲੇ ਪਰਿਨਾਮ ਦੇ ਰਾਹੀਂ ਆਯੂਕਰਮ (ਉਮਰ ਦਾ ਕਾਰਨ ਕਰਮ) ਨੂੰ ਛੱਡ ਕੇ ਬਾਕੀ ਸੱਤ ਕਰਮਾਂ ਦੀ ਗੁਣ, ਸ਼੍ਰੇਣੀ, ਨਿਰਜਰਾ, ਗੁਣ, ਸਕਰਮਨ (ਸਿਲਸਿਲਾ) ਸਥਿਤੀ ਖੰਡਣ ਅਤੇ ਅਨੁਭਾਗ ਖੰਡਣ ਹੁੰਦਾ ਰਹਿੰਦਾ ਹੈ ਭਾਵ ਕਰਮ ਝੜਦੇ ਰਹਿੰਦੇ ਹਨ। ਪਹਿਲਾਂ ਕਰੋੜ ਸਾਗਰ ਦੇ ਕਰਮ ਬਣਦੇ ਚਲੇ ਆ ਰਹੇ ਸਨ ਉਹ ਸਿਲਸਿਲੇ ਵਾਰ ਘੱਟ ਹੋਣੇ ਸ਼ੁਰੂ ਹੋ ਜਾਂਦੇ ਹਨ। ਇਥੋਂ ਤੱਕ ਕਿ ਗੁਣ ਸਥਾਨ ਦੇ ਆਖ਼ਿਰੀ ਸਮੇਂ ਪਹੁੰਚਣ ਤੱਕ ਕਰਮਾਂ ਦੀ ਜੋ ਘੱਟ ਘੱਟ ਸਥਿਤੀ ਹੈ ਉਸ ਵਿਚ ਕਰਮਬੰਧ ਹੋਣ ਲੱਗਦਾ ਹੈ ਤਾਂ ਕਰਮਾਂ ਦਾ ਖ਼ਾਤਮਾ ਹੋਣ ਲੱਗ ਜਾਂਦਾ ਹੈ। ਹਰ ਸਮੇਂ ਕਰਮ ਪ੍ਰਦੇਸ਼ਾਂ ਦੀ ਨਿਰਜਰਾ ਅਸੰਖਿਆਤ ਗੁਣਾ ਵਧਦੀ ਹੈ ਭਾਵ ਕਰਮ ਆਤਮਾ ਨਾਲੋਂ ਝੜਦੇ ਜਾਂਦੇ ਹਨ। ਉਪਸਮ ਸ਼੍ਰੇਣੀ ਵਾਲਾ ਜੀਵ ਇਸ ਗੁਣ ਸਥਾਨ ਵਿਚ ਮੋਹ ਕਰਮ ਦੀ ਇਕ ਸੂਖਮ ਲੋਭ ਪ੍ਰਾਕ੍ਰਿਤੀ ਨੂੰ ਛੱਡ ਕੇ ਸਭ ਕਰਮ ਪ੍ਰਾਕ੍ਰਿਤੀਆਂ ਦਾ ਖ਼ਾਤਮਾ ਕਰ ਦਿੰਤਾ ਹੈ ਅਤੇ ਸ਼ਪਕ ਸ਼੍ਰੇਣੀ ਵਾਲਾ ਜੀਵ ਇਨ੍ਹਾਂ ਦਾ ਹੀ ਖਾਤਮਾ ਕਰਕੇ

ਦਸਵੇਂ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ। ਇੱਥੇ ਫਰਕ ਇਨਾ ਹੀ ਹੈ ਕਿ ਸ਼ਪਕ ਸ਼੍ਰੇਣੀ ਵਾਲਾ ਮੋਹ ਕਰਮ ਦੀ ਪ੍ਰਾਕ੍ਰਿਤੀ ਦੇ ਨਾਲ ਨਾਲ ਹੋਰਾਂ ਕਰਮਾਂ ਦੀ ਪ੍ਰਾਕ੍ਰਿਤੀਆਂ ਦਾ ਵੀ ਖ਼ਾਤਮਾ ਕਰ ਦਿੰਦਾ ਹੈ।

(10) ਸੂਖਮ ਸੰਪਰਾਏ ਗੁਣ ਸਥਾਨ : ਇਸ ਗੁਣ ਸਥਾਨ ਵਿਚ ਜੋ ਲੋਭ ਦੀ ਇਕ ਸੂਖਮ ਪ੍ਰਾਕ੍ਰਿਤੀ ਰਹਿ ਗਈ ਹੈ, ਹਰ ਸਮੇਂ ਖ਼ਤਮ ਹੁੰਦੀ ਜਾਂਦੀ ਹੈ। ਉਸੇ ਉਪਸ਼ਮ ਸ਼੍ਰੇਣੀ ਵਾਲਾ ਜੀਵ ਗਿਆਰਵੇਂ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ ਅਤੇ ਸ਼ਪਕ ਸ਼੍ਰੇਣੀ ਵਾਲਾ ਜੀਵ ਬਾਰ੍ਹਵੇਂ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ।

(11) ਉਪਸ਼ਾਂਤ ਕਸ਼ਾਏ ਵੀਤਰਾਗ ਛਦਮਸਤ ਅਵਸਥਾ : ਦਸਵੇਂ ਗੁਣ ਸਥਾਨ ਵਿਚ ਜੋ ਸੂਖਮ ਲੋਭ ਬਚ ਗਿਆ ਸੀ, ਉਸ ਦਾ ਹਰ ਅੰਸ਼ ਖ਼ਤਮ ਹੋ ਜਾਂਦਾ ਹੈ। ਸਭ ਕਸ਼ਾਇ ਸ਼ਾਂਤ ਹੋ ਜਾਂਦੇ ਹਨ ਅਤੇ ਜੀਵ ਗਿਆਰ੍ਹਵੇਂ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ ਜਿਸ ਤਰ੍ਹਾਂ ਗੰਧਲੇ ਪਾਣੀ ਵਿਚ ਫਟਕਰੀ ਪਾਉਣ ਨਾਲ ਮੈਲ ਹੇਠਾਂ ਰਹਿ ਜਾਂਦੀ ਹੈ, ਉਸੇ ਪ੍ਰਕਾਰ ਉਪਸ਼ਮ ਸ਼੍ਰੇਣੀ ਵਿਚ ਸ਼ੁਕਲ ਧਿਆਨ ਨਾਲ ਮੋਹਨੀਆ ਕਰਮ ਇਕ ਮਹੂਰਤ ਤੋਂ ਘੱਟ ਸਮੇਂ ਲਈ ਖ਼ਤਮ ਹੋ ਜਾਂਦਾ ਹੈ। ਜਿਸ ਕਾਰਨ ਜੀਵ ਵਿਚ ਵੀਤਰਾਗਤਾ ਨਿਰਮਲਤਾ ਤੇ ਪਵਿੱਤਰਤਾ ਆ ਜਾਂਦੀ ਹੈ। ਪਰ ਇੱਥੇ ਇ ਭੁੱਲਣਾ ਨਹੀਂ ਚਾਹੀਦਾ ਕਿ ਗਿਆਨਾਵਰਨੀਆ (ਅਗਿਆਨ) ਕਰਮ ਮੌਜੂਦ ਰਹਿੰਦਾ ਹੈ। ਜੀਵ ਇਸ ਅਵਸਥਾ ਵਿਚ ਅਗਿਆਨੀ ਬਣ ਸਕਦਾ ਹੈ ਕਿਉਂਕਿ ਇਹ ਪਵਿੱਤਰ ਹਾਲਤ ਵਿਚ ਮਹੂਰਤ ਤੋਂ ਘੱਟ ਸਮੇਂ ਤੱਕ ਹੀ ਰਹਿੰਦੀ ਹੈ। ਇਹ ਸਮਾਂ ਖ਼ਤਮ ਹੋਣ ਤੇ ਵੀ ਜੀਵ ਹੇਠਾਂ ਡਿੱਗ ਸਕਦਾ ਹੈ।

(12) ਸ਼ਕੀਨ ਕਸ਼ਾਏ ਵੀਤਰਾਗ ਛਦਮਸਤ ਅਵਸਥਾ : ਸ਼ਪਕ

ਸ਼੍ਰੇਣੀ ਵਾਲਾ ਜੀਵ ਦਸਵੇਂ ਗੁਣ ਸਥਾਨ ਤੇ ਅਖ਼ੀਰ ਤੇ ਸੂਖਮ ਲੋਭ ਦਾ ਖ਼ਾਤਮਾ ਕਰਕੇ ਇਕ ਦਮ ਬਾਰ੍ਹਵੇਂ ਗੁਣ ਸਥਾਨ ਵਿਚ ਪਹੁੰਚਦਾ ਹੈ। ਇਸ ਗੁਣ ਸਥਾਨ ਵਿਚ ਸ਼ੁਕਲ ਧਿਆਨ ਦਾ ਦੂਸਰਾ ਭੇਦ ਪ੍ਰਗਟ ਹੁੰਦਾ ਹੈ। ਇਸ ਰਾਹੀਂ ਜੀਵ ਗਿਆਨਾਵਰਨੀ, ਦਰਸ਼ਨਾਵਰਨੀਆ ਅਤੇ ਅੰਤਰਾਏ ਕਰਮਾਂ ਦਾ ਖ਼ਾਤਮਾ ਕਰਦਾ ਹੈ। ਮੋਹ ਕਰਮ ਦਾ ਖ਼ਾਤਮਾ ਉਹ ਪਹਿਲਾਂ ਹੀ ਕਰ ਚੁੱਕਦਾ ਹੈ। ਇਸ ਪ੍ਰਕਾਰ ਜੀਵ ਆਤਮਾ ਚਾਰ ਘਾਤਕ ਕਰਮਾਂ ਦਾ ਖ਼ਾਤਮਾ ਕਰਕੇ ਤੇਰ੍ਹਵੇਂ ਕੇਵਲੀ ਗੁਣ ਸਥਾਨ ਵਿਚ ਪਹੁੰਚਦਾ ਹੈ।

(13) ਸੰਯੋਗੀ ਕੇਵਲੀ ਗੁਣ ਸਥਾਨ : ਬਾਰ੍ਹਵੇਂ ਗੁਣ ਸਥਾਨ ਤੱਕ ਗਿਆਨਾਵਰਨੀਆ ਤੇ ਦਰਸ਼ਨਾਵਰਨੀਆ ਕਰਮਾਂ ਕਾਰਨ ਜੀਵ ਅਣਜਾਨ ਰਹਿੰਦਾ ਹੈ। ਪਰ ਬਾਰ੍ਹਵੇਂ ਗੁਣ ਸਥਾਨ ਖ਼ਤਮ ਹੁੰਦੇ ਹੀ ਜੀਵ ਸਭ ਦੁਨੀਆਂ ਦੀ ਹਰ ਚੱਲ ਅਤੇ ਅਚੱਲ ਚੀਜ਼ ਆਪਣੇ ਸਾਹਮਣੇ ਪ੍ਰਗਟ ਵੇਖਣ, ਜਾਨਣ ਲੱਗ ਜਾਂਦਾ ਹੈ। ਉਹ ਸਰਵੱਗ ਤੇ ਤਿੰਨ ਲੋਕਾਂ ਦਾ ਜਾਣਕਾਰ ਬ੍ਰਹਮ-ਗਿਆਨੀ, ਅਰਿਹੰਤ ਬਣ ਜਾਂਦਾ ਹੈ। ਕੇਵਲ ਗਿਆਨ ਪ੍ਰਾਪਤ ਹੋਣ ਕਾਰਨ ਉਹ ਕੇਵਲੀ ਬਣ ਜਾਂਦਾ ਹੈ। ਉਹ ਅਨੰਤ ਗਿਆਨ, ਦਰਸ਼ਨ, ਸੁੱਖ, ਸਮਿਅਕਤਵ ਨੂੰ ਪ੍ਰਾਪਤ ਕਰਦਾ ਹੈ। ਅੰਤਰਾਏ ਕਰਮ ਦੇ ਖ਼ਾਤਮੇ ਕਾਰਨ ਉਹ ਅਨੰਤ ਦਾਨ, ਲਾਭ, ਭੋਗ, ਉਪਭੋਗ ਤੇ ਅਨੰਤਵੀਰਜ ਦਾ ਧਨੀ ਹੁੰਦਾ ਹੈ। ਦੇਵਤੇ ਉਸ ਲਈ ਸਮੋਸਰਨ ਲਗਾਉਂਦੇ ਹਨ। ਇੰਦਰ ਉਸ ਦੀ ਸੇਵਾ ਕਰਦੇ ਹਨ ਅਤੇ ਉਹ ਵਿਸ਼ਵ ਦਾ ਕਲਿਆਣ ਕਰਨ ਵਾਲਾ ਅਰਿਹੰਤ ਭਗਵਾਨ ਬਣਦਾ ਹੈ। ਇਹ ਗੁਣ ਸਥਾਨ ਦੀ ਘੱਟੋ ਘੱਟ ਸਥਿਤੀ ਇਕ ਮਹੂਰਤ ਤੇ ਜ਼ਿਆਦਾ ਤੋਂ ਜ਼ਿਆਦਾ ਇਕ ਪੂਰਬ ਕਰੋੜ ਤੋਂ ਅੱਠ ਸਾਲ ਇਕ ਮਹੂਰਤ ਘੱਟ ਹੈ। ਜਦੋਂ ਤੇਰ੍ਹਵੇਂ ਗੁਣ ਸਥਾਨ ਦਾ ਇਕ ਮਹੂਰਤ ਬਾਕੀ ਰਹਿ ਜਾਂਦਾ ਹੈ ਤਦ ਸ਼ੁਕਲ ਧਿਆਨ ਦਾ ਤੀਸਰਾ ਭੇਦ ਪ੍ਰਗਟ ਹੁੰਦਾ

ਹੈ ਅਤੇ ਜੀਵ ਚੌਦ੍ਹਵੇਂ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ।

(14) ਅਯੋਗੀ ਕੇਵਲੀ ਗੁਣ ਸਥਾਨ : ਇਸ ਗੁਣ ਸਥਾਨ ਵਿਚ ਪ੍ਰਵੇਸ਼ ਕਰਦੇ ਹੀ ਜੀਵ ਸ਼ੁਕਲ ਧਿਆਨ ਦੇ ਚੋਥੇ ਭੇਦ ਵਿਚ ਪਹੁੰਚ ਜਾਂਦਾ ਹੈ। ਯੋਗਾਂ ਦਾ ਖ਼ਾਤਮਾ ਹੋ ਜਾਂਦਾ ਹੈ। ਇਸੇ ਲਈ ਇਸ ਨੂੰ ਅਯੋਗੀ ਕੇਵਲੀ ਆਖਦੇ ਹਨ। ਅੰਤ ਮਹੁਰਤ ਵਿਚ ਹੀ ਕੇਵਲੀ ਆਤਮਾ ਸਭ ਕਰਮ ਪ੍ਰਕ੍ਰਿਤੀਆਂ ਦਾ ਨਾਸ਼ ਕਰਕੇ ਸਿੱਧ, ਬੁੱਧ, ਮੁਕਤ ਪ੍ਰਮਾਤਮਾ ਜਾਂ ਈਸ਼ਵਰ ਬਣ ਜਾਂਦੀ ਹੈ।

# ਉਨੱਤੀਵਾਂ ਅਧਿਐਨ

ਭਗਵਾਨ ਸੁਧਰਮਾ ਆਪਣੇ ਸ਼ਿਸ਼ ਸ੍ਰੀ ਜੰਬੂ ਸਵਾਮੀ ਨੂੰ ਆਖਦੇ ਹਨ ਕਿ ਹੇ ਦੇਵਤੇ ਦੇ ਪਿਆਰੇ ! ਜਿਸ ਤਰ੍ਹਾਂ ਮੈਂ ਕਸ਼ਯਪ ਗੋਤਰੀ ਭਗਵਾਨ ਮਹਾਵੀਰ ਪਵਿੱਤਰ ਮੁਖੋਂ ਸੁਣਿਆ ਹੈ, ਹੇ ਸ਼ਿਸ਼ ! ਮੈਂ ਉਸੇ ਪ੍ਰਕਾਰ ਆਖਦਾ ਹਾਂ।

ਇਸ ਸੱਮਿਅਕ ਪ੍ਰਾਕਰਮ ਨਾਮਕ ਅਧਿਐਨ ਵਿਚ ਕਸ਼ਯਪ ਗੋਤਰ ਵਾਲੇ, ਸ਼੍ਰਮਣ ਭਗਵਾਨ ਮਹਾਵੀਰ ਨੇ ਜੋ ਫੁਰਮਾਇਆ ਹੈ ਉਸ ਤੇ ਸੱਚੀ ਸ਼ਰਧਾ ਰੱਖਣ ਨਾਲ, ਵਿਸ਼ਵਾਸ ਨਾਲ, ਰੁਚੀ ਨਾਲ, ਛੋਹ ਨਾਲ, ਪਾਲਣ ਕਰਨ ਨਾਲ, ਡੂੰਘਾਈ ਨਾਲ ਜਾਨਣ ਨਾਲ, ਕੀਰਤਨ (ਪ੍ਰਸੰਸਾ) ਨਾਲ, ਸ਼ੁੱਧ ਕਰਨ ਨਾਲ, ਅਰਾਧਨਾ (ਭਗਤੀ) ਕਰਨ ਨਾਲ, ਹੁਕਮ ਮੁਤਾਬਿਕ ਚੱਲਣ ਵਾਲੇ, ਬਹੁਤ ਸਾਰੇ ਜੀਵ ਸਿੱਧ ਹੁੰਦੇ ਹਨ, ਬੁੱਧ (ਗਿਆਨੀ) ਹੁੰਦੇ ਹਨ, ਮੁਕਤ ਹੁੰਦੇ ਹਨ, ਨਿਰਵਾਨ ਪ੍ਰਾਪਤ ਕਰਦੇ ਹਨ, ਸਭ ਦੁੱਖਾਂ ਦਾ ਅੰਤ ਕਰਦੇ ਹਨ। ਉਸ ਦਾ ਅਰਥ ਇਸ ਪ੍ਰਕਾਰ ਆਖਿਆ ਗਿਆ ਹੈ : ਜਿਵੇਂ ਕਿ (1) ਸੰਵੇਗ (ਮੋਕਸ਼ ਦੀ ਰੁੱਚੀ) (2) ਨਿਰਵੇਦ (ਵਿਸ਼ੇ ਵਿਕਾਰਾਂ ਤੋਂ ਮੁਕਤੀ) (3) ਧਰਮ ਸ਼ਰਧਾ (4) ਗੁਰੂ ਤੇ ਆਪਣੇ ਧਰਮੀ ਭਰਾਵਾਂ ਦੀ ਸੇਵਾ (5) ਆਲੋਚਨਾ (6) ਨਿੰਦਾ (ਆਤਮ ਨਿੰਦਾ) (7) ਗ੍ਰਹ (ਦੂਸਰੇ ਅੱਗੇ ਆਪਣੇ ਦੋਸ਼ ਦੱਸਣਾ) (8) ਸਮਾਇਕ (ਸਮੇਂ ਦਾ ਚੰਗਾ ਉਪਯੋਗ ਕਰਨਾ) (9) ਚੋਵੀ ਤੀਰਥੰਕਰਾਂ ਦੀ ਸਤੁਤੀ (10) ਬੰਦਨਾ (11) ਪ੍ਰਤਿਕਰਮਨ (ਦੋਸ਼ਾਂ ਦੀ ਸਮੀਖਿਆ ਕਰਨਾ) (12) ਕਾਯੋਤਸਰਗ (ਕੁਝ ਸਮੇਂ ਲਈ ਦੇਹ ਦੇ ਮੋਹ ਦਾ ਤਿਆਗ) ਭਾਵ ਸਮਾਧੀ (13) ਪ੍ਰਤਿਆਖਿਆਨ (ਸੰਸਾਰੀ ਵਿਸ਼ੇ ਦਾ ਤਿਆਗ) (14) ਸੱਤਵ, ਸਤੁਤੀ ਅਤੇ ਮੰਗਲ (ਭਾਵ ਆਰਤੀ ਪ੍ਰਾਰਥਨਾ

ਕਰਨਾ) (15) ਕਾਲ ਪ੍ਰਤਿਲੇਖਣਾ (ਸ਼ਾਸਤਰਾਂ ਦੀ ਪੜ੍ਹਾਈ ਲਈ ਅਤੇ ਧਰਮ ਕਿਰਿਆਵਾਂ ਲਈ ਠੀਕ ਸਮੇਂ ਦਾ ਖਿਆਲ ਰੱਖਣਾ) (16) ਪ੍ਰਾਸ਼ਚਿਤ (ਭੁੱਲ ਦਾ ਪਛਤਾਵਾ) ਕਰਨਾ (17) ਖਿਮਾ ਯਾਚਨਾ (18) ਸਵਾਧਿਆਏ (ਸ਼ਾਸਤਰਾਂ ਦੀ ਪੜ੍ਹਾਈ) (19) ਵਾਚਨਾ (ਸ਼ਾਸਤਰਾਂ ਦੀ ਪੜ੍ਹਾਈ ਕਰਨ ਤੇ ਪੜ੍ਹਾਉਣਾ) (20) ਪ੍ਰਤਿਪ੍ਰਛਨਾ (ਪਿਛਲੇ ਪੜ੍ਹੇ ਹੋਏ ਸ਼ਾਸਤਰਾਂ ਸਬੰਧੀ ਸ਼ੱਕ ਦੂਰ ਕਰਨ ਲਈ ਪ੍ਰਸ਼ਨ ਕਰਨਾ) (21) ਪਰਿਵਰਤਨਾ (ਪੜ੍ਹੇ ਪਾਠ ਨੂੰ ਦੁਬਾਰਾ ਸਵਰ, ਵਿਅੰਜਨ ਰਾਹੀਂ ਪੱਕਾ ਕਰਨਾ) (22) ਅਨੁਪਰੇਕਸ਼ਾ (ਸ਼ਾਸਤਰਾਂ ਦੇ ਅਰਥ ਦਾ ਚਿੰਤਨ, ਮਨਨ ਕਰਨਾ) (23) ਧਰਮ ਕਥਾ (24) ਸ਼ਰੁਤ ਅਰਾਧਨਾ (ਸੁਣੇ ਗਿਆਨ ਦੀ ਅਰਾਧਨਾ ਕਰਨਾ) (25) ਮਨ ਦੀ ਇਕਾਗਰਤਾ ਦਾ ਸਨੀਵੇਸ਼ਨ (26) ਸੰਜਮ (27) ਤਪ (28) ਵਿਯਵਦਾਨ (ਮਨ, ਬਚਨ ਤੇ ਸਰੀਰ ਦੇ ਕਰਮਾਂ ਤੋਂ ਛੁਟਕਾਰਾ) (29) ਸੁੱਖ ਸ਼ਈਆ ਸੁੱਖਸ਼ਾਂਤ (30) ਅਪ੍ਰਤਿਬੰਧਤਾ (ਸੰਸਾਰ ਦੇ ਕਾਮਭੋਗਾਂ ਤੋਂ ਮੁਕਤੀ) (31) ਵਿਵੱਕਤ ਸ਼ਯਨਾਸ਼ਨ ਸੇਵਨ (32) ਵਿਨਿਵਰਤਨਾ (ਮਨ ਤੇ ਇੰਦਰੀਆਂ ਨੂੰ ਵਿਠੋ( ਸ਼ੇ ਵਿਕਾਰਾਂ ਤੋਂ ਅਲੱਗ ਰੱਖਣਾ) (33) ਸੰਭੋਗ (ਇਕ ਦੂਸਰੇ ਦੇ ਨਾਲ ਮਿਲ ਕੇ ਭੋਜਨ ਕਰਨਾ) (34) ਉਪਧਿ (ਬਰਤਨ, ਕੱਪੜੇ ਤੇ ਹੋਰ ਧਾਰਮਿਕ ਉਪਕਰਨ) (35) ਅਹਾਰ ਦਾ ਪਛਖਾਨ (36) ਕਸ਼ਾਏ ਪਛਖਾਨ (37) ਯੋਗ ਪਛਖਾਨ (38) ਸਰੀਰ ਪਛਖਾਨ (39) ਸਹਾਇਤਾ ਦਾ ਪਛਖਾਨ (40) ਭਗਤ ਪਛਖਾਨ (ਗਿਆਨ ਰੂਪੀ ਮਰਨ ਸਮਾਧੀ ਵਰਤ ਰੱਖਣਾ) (41) ਸਦਭਾਵ ਪਛਖਾਨ (42) ਪ੍ਰਤਿਰੂਪਤਾ (43) ਵੈਆਵਰਤ (ਸੇਵਾ ਕਰਨਾ) (44) ਸਰਵਗੁਣ ਸੰਪਨਤਾ (45) ਵੀਤਰਾਗਤਾ (46) ਖਿਮਾਂ (47) ਮੁਕਤੀ (ਨਿਰਲੋਭਤਾ) (48) ਰਿਜੁਤਾ (ਸਰਲਤਾ) (49) ਆਰਜਵ (ਮਿਠਾਸ) (50) ਭਾਵਸੱਚ (ਅੰਦਰਲੀ ਸੱਚਾਈ) (51) ਕਰਨ ਸੱਚ (ਕੰਮ ਦੀ ਸੱਚਾਈ)

(52) ਯੋਗ ਸੱਚ (ਮਨ, ਬਚਨ ਤੇ ਸਰੀਰ ਦੇ ਯੋਗ ਰਾਹੀਂ ਸੱਚਾਈ ਦਾ ਪਾਲਣ ਕਰਨਾ) (53) ਮਨ ਗੁਪਤੀ (54) ਬਚਨ ਗੁਪਤੀ (55) ਕਾਇਆ ਗੁਪਤੀ (56) ਮਨ ਦੀ ਸਮਾਧਾਰਨਾ (ਮਨ ਨੂੰ ਸ਼ਾਸਤਰਾਂ ਦੀ ਸਿੱਖਿਆ ਮੁਤਾਬਿਕ ਸੋਚ ਵਿਚ ਲਾ ਕੇ ਰੱਖਣਾ (57) ਵਚਨ ਸਮਾਧਾਰਨਾ (ਬੋਲੀ ਰਾਹੀਂ ਸ਼ਾਸਤਰਾਂ ਅਨੁਸਾਰ ਲੱਗੇ ਰਹਿਣਾ) (58) ਕਾਇਆ ਸਮਾਧਾਰਨਾ (ਸੰਜਮ ਸ਼ੁੱਧੀ ਲਈ ਸਰੀਰ ਨੂੰ ਸ਼ਾਸਤਰਾਂ ਅਨੁਸਾਰ ਲਗਾਉਣਾ) (59) ਗਿਆਨ ਸੰਪਨਤਾ (ਭਰਪੂਰਤਾ) (60) ਦਰਸ਼ਨ (ਵਿਸ਼ਵਾਸ ਸੰਪੰਨਤਾ) (61) ਚਾਰਿੱਤਰ ਸੰਪਨਤਾ (ਅਮਲ) (62) ਸ਼ਰੋਤ ਇੰਦਰੀਆਂ (ਕੰਨਾਂ ਦੇ ਵਿਸ਼ੇ ਤੇ ਕਾਬੂ ਕਰਨ ਦਾ ਲਾਭ) (63) ਚਕਸ਼ੂ (ਅੱਖਾਂ ਦੇ ਵਿਸ਼ੇ ਤੇ ਕਾਬੂ ਕਰਨ ਦਾ ਲਾਭ) (64) ਘ੍ਰਾਣ (ਨੱਕ ਦੇ ਵਿਸ਼ੇ ਤੇ ਕਾਬੂ ਕਰਨ ਦਾ ਲਾਭ) (65) ਰਸਨਾ (ਜੀਭ ਦੇ ਵਿਸ਼ੇ ਤੇ ਕਾਬੂ ਕਰਨ ਦਾ ਲਾਭ) (66) ਸਪਰਸ਼ (ਛੂਹਣ ਇੰਦਰੀ ਦੇ ਵਿਸ਼ੇ ਤੇ ਕਾਬੂ) (67) ਕਰੋਧ ਜਿੱਤਣਾ (68) ਮਾਨ ਜਿੱਤਣਾ (69) ਮਾਇਆ ਜਿੱਤਣਾ (70) ਲੋਭ ਜਿੱਤਣਾ (71) ਰਾਗ ਦਵੇਸ਼ ਤੇ ਮਿੱਥਿਆ ਦਰਸ਼ਨ ਦਾ ਖ਼ਾਤਮਾ ਹੋਣਾ (72) ਸਲੈਸ਼ੀ (73) ਅਕਰਮਤਾ।1।

ਪ੍ਰਸ਼ਨ : ਹੇ ਭਗਵਾਨ ! ਸੰਵੇਗ (ਮੋਕਸ਼ ਪ੍ਰਤਿ ਰੁੱਚੀ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸੰਵੇਗ ਨਾਲ ਜੀਵ ਉੱਚੀ, ਪਰਮ, ਧਰਮ ਸ਼ਰਧਾ ਨੂੰ ਪ੍ਰਾਪਤ ਹੁੰਦਾ ਹੈ। ਪਰਮ ਧਰਮ ਸ਼ਰਧਾ ਨਾਲ ਛੇਤੀ ਹੀ ਸੰਵੇਗ ਪੈਦਾ ਹੁੰਦਾ ਹੈ। ਜੀਵ ਅਨੇਕਾਂ ਪਾਪਾਂ ਦਾ ਮੁੱਖ ਕਾਰਨ ਕਰੋਧ, ਮਾਨ, ਮਾਇਆ, ਲੋਭ ਦਾ ਖ਼ਾਤਮਾ ਕਰਦਾ ਹੈ। ਨਵੇਂ ਕਰਮਾਂ ਦੀ ਉਤਪਤੀ ਨਹੀਂ ਹੁੰਦੀ। ਅਨੇਕ ਪਾਪਾਂ ਦੇ ਕਾਰਨ ਤੇਜ ਕਸ਼ਾਏ ਤੇ ਢਿੱਲਾ ਪੈਣ ਤੇ ਮਿਥਿਆਤਵ

(ਝੂਠ) ਤੋਂ ਸ਼ੁੱਧੀ ਅਤੇ ਸ਼ਰਧਾ ਪੈਦਾ ਹੁੰਦੀ ਹੈ। ਸ਼ਰਧਾ ਦੇ ਸ਼ੁੱਧ ਹੋਣ ਨਾਲ ਕਈ ਜੀਵ ਸ਼ੁੱਧ ਹੁੰਦੇ ਹਨ। ਕੁਝ ਜੀਵ ਅਜਿਹੇ ਵੀ ਹਨ ਜੋ ਵਿਸ਼ਵਾਸ ਦੇ ਪੈਦਾ ਹੋਣ ਤੋਂ ਬਾਅਦ ਜ਼ਿਆਦਾ ਤੋਂ ਜ਼ਿਆਦਾ ਤਿੰਨ ਜਨਮ ਲੈਂਦੇ ਹਨ।1।

ਪ੍ਰਸ਼ਨ : ਹੇ ਭਗਵਾਨ ! ਨਿਰਵੇਦ (ਭੋਗਾਂ ਤੋਂ ਹੱਟਣ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਨਿਰਵੇਦ ਨਾਲ ਜੀਵ ਦੇਵਤੇ ਮਨੁੱਖ ਤੇ ਪਸ਼ੂ ਸਬੰਧੀ ਕਾਮ ਭੋਗਾਂ ਤੋਂ ਛੇਤੀ ਮੁਕਤ ਹੋ ਜਾਂਦਾ ਹੈ। ਸਾਰੇ ਵਿਸ਼ਿਆਂ ਤੋਂ ਮੁਕਤ ਹੋ ਜਾਂਦਾ ਹੈ। ਸਭ ਵਿਸ਼ਿਆਂ ਤੋਂ ਮੁਕਤ ਹੋ ਕੇ ਆਰੰਭ (ਪਾਪ) ਦਾ ਤਿਆਗ ਕਰਦਾ ਹੈ। ਸੰਸਾਰ ਮਾਰਗ ਨੂੰ ਕੱਟ ਦਿੰਦਾ ਹੈ ਅਤੇ ਸਿੱਧ ਗਤੀ ਪ੍ਰਾਪਤ ਕਰਦ ਹੈ।2।

ਪ੍ਰਸ਼ਨ : ਹੇ ਭਗਵਾਨ ! ਧਰਮ ਸ਼ਰਧਾ ਤੋਂ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਧਰਮ ਸ਼ਰਧਾ ਨਾਲ ਜੀਵ ਸਾਤਾਵੇਦਨੀਆ (ਸੁੱਖ ਦਾ ਕਾਰਨ) ਕਰਮ ਤੋਂ ਪੈਦਾ ਸੰਸਾਰਿਕ ਇੰਦਰੀਆਂ ਦੇ ਸੁੱਖਾਂ ਤੋਂ ਵਿਰੱਕਤ ਹੁੰਦਾ ਹੈ। ਆਗਾਰ (ਗ੍ਰਹਿਸਥ) ਧਰਮ ਨੂੰ ਛੱਡਦਾ ਹੈ ਅਤੇ ਅਨਗਾਰ (ਸਾਧੂ) ਹੋ ਕੇ ਛੇਦਨ, ਭੇਦਨ (ਹਿੰਸਾ) ਸਰੀਰਿਕ ਅਤੇ ਬਾਹਰਲੇ ਸੰਜੋਗ ਆਦਿ, ਮਾਨਸਿਕ ਦੁੱਖਾਂ ਦਾ ਅੰਤ ਕਰਦਾ ਹੈ ਅਤੇ ਸੱਚੇ ਸੁੱਖ ਨੂੰ ਪ੍ਰਾਪਤ ਕਰਦਾ ਹੈ।3।

ਪ੍ਰਸ਼ਨ : ਹੇ ਭਗਵਾਨ ! ਗੁਰੂ ਤੇ ਸਹਿ-ਧਰਮੀ ਦੀ ਸੇਵਾ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਗੁਰੂ ਤੇ ਸਹਿ-ਧਰਮੀ ਦੀ ਸੇਵਾ ਕਰਨ ਨਾਲ ਜੀਵ ਵਿਨੈ

(ਨਿਮਰਤਾ) ਪ੍ਰਾਪਤ ਕਰਦਾ ਹੈ। ਵਿਨੈਵਾਨ ਆਦਮੀ ਗੁਰੂ ਦੇ ਕੌੜੇ ਬੋਲਾਂ ਰਾਹੀਂ ਦੁਖੀ ਜਾਂ ਤੰਗ ਨਹੀਂ ਹੁੰਦਾ। ਇਸ ਤਰ੍ਹਾਂ ਉਹ ਨਾਰਕੀ, ਪਸ਼ੂ, ਮਨੁੱਖ ਤੇ ਦੇਵਤੇ ਸਬੰਧੀ ਬੁਰੀਆਂ ਗਤੀਆਂ ਨੂੰ ਰੋਕਦਾ ਹੈ। ਵਰਨ (ਪ੍ਰਸ਼ੰਸਾ) ਸੰਜਬਲਨ (ਗੁਣਾਂ ਦਾ ਉਜਾਗਰ ਹੋਣਾ) ਭਗਤੀ ਅਤੇ ਇੱਜ਼ਤ ਰਾਹੀਂ, ਮਨੁੱਖ ਤੇ ਦੇਵਗਤੀ ਨੂੰ ਪ੍ਰਾਪਤ ਕਰਦਾ ਹੈ। ਉੱਚੀ ਸਿੱਧ ਅਵਸਥਾ ਵੱਲ ਅੱਗੇ ਵਧਦਾ ਹੈ ਵਿਨੈ ਸਬੰਧੀ ਅੱਗੇ ਵਧਦਾ ਹੈ। ਹੋਰ ਬਹੁਤ ਸਾਰੇ ਜੀਵਾਂ ਨੂੰ ਵੀ ਵਿਨੈਵਾਨ ਬਣਾਉਂਦਾ ਹੈ।4।

ਪ੍ਰਸ਼ਨ : ਹੇ ਭਗਵਾਨ ! ਆਲੋਚਨਾ (ਗੁਰੂਆਂ ਸਾਹਮਣੇ ਆਪਣੇ ਦੋਸ਼ਾਂ ਨੂੰ ਉਜਾਗਰ) ਕਰਨ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਆਲੋਚਨਾ ਨਾਲ ਜੀਵ ਮੋਕਸ਼ ਮਾਰਗ ਵਿਚ ਰੁਕਾਵਟ ਬਣਨ ਵਾਲੇ ਅਤੇ ਅਨੰਤ ਸੰਸਾਰ ਆਵਾਗਮਨ ਨੂੰ ਵਧਾਉਣ ਵਾਲੇ ਮਾਇਆ ਨਿਦਾਨ (ਤਪ ਆਦਿ ਦੇ ਫਲ ਵਿਚ ਸ਼ੱਕ ਹੋਣਾ) ਅਤੇ ਮਿਥਿਆਦਰਸ਼ਨ (ਝੂਠ) ਰੂਪੀ ਕੰਡਿਆਂ ਨੂੰ ਕੱਢ ਸੁੱਟਦਾ ਹੈ। ਸਰਲਤਾ (ਰਿਜੂਭਾਵ) ਨੂੰ ਪ੍ਰਾਪਤ ਕਰਦਾ ਹੈ। ਇਸ ਲਈ ਉਹ ਇਸਤਰੀ ਤੇ ਹਿਜੜੇ ਦੀ ਜੂਨ ਪ੍ਰਾਪਤ ਨਹੀਂ ਕਰਦਾ ਅਤੇ ਪਹਿਲਾਂ ਕੀਤੇ ਪਾਪ ਕਰਮਾਂ ਦੀ ਨਿਰਜਰਾ (ਕਰਮਾਂ ਦੀ ਧੂਲ ਝਾੜਨ ਦੀ ਪ੍ਰਕਿਰਿਆ) ਕਰਦਾ ਹੈ।5।

ਪ੍ਰਸ਼ਨ : ਹੇ ਭਗਵਾਨ ! ਨਿੰਦਾ (ਆਪਣੇ ਆਪ ਨੂੰ ਫਿਟਕਾਰ ਪਾਉਣ ਨਾਲ) ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਅੰਤਿਮ ਨਿੰਦਾ ਨਾਲ ਪਸ਼ਚਾਤਾਪ ਹੁੰਦਾ ਹੈ। ਪਸ਼ਚਾਤਾਪ ਨਾਲ ਕਰਨ ਗੁਣ ਸ਼੍ਰੇਣੀ ਪ੍ਰਾਪਤ ਹੁੰਦੀ ਹੈ। ਕਰਨ ਗੁਣ ਸ਼੍ਰੇਣੀ (ਸ਼ਪਕ) ਨਾਲ ਸਾਧੂ ਦਾ ਮੋਹਨੀਆ ਕਰਮ ਨਸ਼ਟ ਹੁੰਦਾ ਹੈ।6।

ਪ੍ਰਸ਼ਨ : ਹੇ ਭਗਵਾਨ ! ਗ੍ਰਹ (ਦੂਸਰੇ ਦੇ ਸਾਹਮਣੇ ਆਪਣੇ ਦੋਸ਼

ਦੱਸਣ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਗ੍ਰਹ ਨਾਲ ਜੀਵ ਅਪੁਰਸਕਾਰ (ਆਤਮ ਨਿਮਰਤਾ) ਨੂੰ ਪ੍ਰਾਪਤ ਕਰਦਾ ਹੈ। ਅਪੁਰਸਕਾਰ (ਆਤਮ ਨਿਮਰਤਾ) ਕਾਰਨ ਉਹ ਭੈੜੇ ਕੰਮਾਂ ਨੂੰ ਛੱਡ ਦਿੰਦਾ ਹੈ। ਚੰਗਾ ਕੰਮ ਕਰਦਾ ਹੈ। ਅਜਿਹਾ ਅਨਗਾਰ (ਘਰ ਬਾਰ ਛੱਡ ਚੁੱਕਾ) ਭਿਕਸ਼ੂ ਅਨਤ ਘਾਤੀ ਗਿਆਨ ਦਰਸ਼ਨ (ਗਿਆਨਵਰਨੀਆ ਕਰਮਾਂ ਦੀ ਪਰਿਆਏ) ਦਾ ਖ਼ਾਤਮਾ ਕਰਦਾ ਹੈ।7।

ਪ੍ਰਸ਼ਨ : ਹੇ ਭਗਵਾਨੋਠ( ! ਸਮਾਇਕ (ਸਮਭਾਵ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸਮਾਇਕ ਨਾਲ ਜੀਵ ਸਾਵੱਧਯ (ਪਾਪਕਾਰੀ ਉਦਯੋਗਾਂ) ਕੰਮਾਂ ਨੂੰ ਛੱਡਦਾ ਹੈ।8।

ਪ੍ਰਸ਼ਨ : ਹੇ ਭਗਵਾਨ ! ਚੌਵੀ ਤੀਰਥੰਕਰਾਂ ਦੀ ਪ੍ਰਾਰਥਨਾ ਕਰਨ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਚੌਵੀ ਵੀਤਰਾਗ ਪ੍ਰਭੂ ਦੀ ਸਤੁਤੀ ਨਾਲ ਜੀਵ ਦਰਸ਼ਨ ਸੱਮਿਅਕਤਵ ਭਾਵ ਸ਼ਰਧਾ ਨੂੰ ਪ੍ਰਾਪਤ ਹੁੰਦਾ ਹੈ।9।

ਪ੍ਰਸ਼ਨ : ਹੇ ਭਗਵਾਨ ! ਬੰਦਨਾ (ਨਮਸਕਾਰ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਨਮਸਕਾਰ ਨਾਲ ਜੀਵ ਨੀਚ ਗਤੀ (ਜੂਨ) ਵਾਲੇ ਕਰਮਾਂ ਦਾ ਖ਼ਾਤਮਾ ਕਰਦਾ ਹੈ। ਉੱਚ ਗੋਤਰ ਵਾਲੇ ਕਰਮਾਂ ਨੂੰ ਪ੍ਰਾਪਤ ਕਰਦਾ ਹੈ। ਉਹ ਚੰਗੇ ਭਾਗ ਵਾਲਾ ਅਤੇ ਸਭ ਦਾ ਪਿਆਰਾ ਹੁੰਦਾ ਹੈ। ਉਸ ਦਾ ਹੁਕਮ ਚੱਲਦਾ ਹੈ। ਉਹ ਲੋਕਾਂ ਤੋਂ ਅਨੁਕੂਲਤਾ (ਠੀਕ ਵਰਤਾਉ) ਪ੍ਰਾਪਤ ਕਰਦਾ ਹੈ।10।

ਪ੍ਰਸ਼ਨ : ਹੇ ਭਗਵਾਨ ! ਪ੍ਰਤਿਕਰਮਨ (ਦੋਸ਼ਾਂ ਨੂੰ ਸਿਲਸਿਲੇ ਵਾਰ

ਯਾਦ) ਕਰਨ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਪ੍ਰਤਿਕਰਮਨ ਨਾਲ ਜੀਵ ਗ੍ਰਹਿਨ ਕੀਤੇ ਵਰਤਾ (ਪ੍ਰਤਿ ਗਿਆਵਾਂ) ਦੇ ਦੋਸ਼ਾਂ ਰੂਪੀ ਛੇਦਾਂ ਨੂੰ ਬੰਦ ਕਰਦਾ ਹੈ। ਵਰਤਾਂ ਦੇ ਛੇਦਾਂ ਨੂੰ ਬੰਦ ਕਰਨ ਵਾਲਾ ਜੀਵ ਪਾਪ ਕਰਮਾਂ (ਆਸ਼ਰਵ) ਨੂੰ ਰੋਕਦਾ ਹੈ। ਸ਼ੁੱਧ ਚਾਰਿੱਤਰ ਪਾਲਣ ਕਰਦਾ ਹੈ। ਸਮਿਤੀ ਰੂਪੀ ਅੱਠ ਪ੍ਰਵਚਨਮਾਵਾਂ ਦੀ ਅਰਾਧਨਾ ਵਿਚ ਲੱਗਿਆ ਰਹਿੰਦਾ ਹੈ ਅਤੇ ਸੱਚੇ ਰਾਹ ਤੇ ਸੱਚੀ ਸਮਾਧੀ (ਸੁੱਖ) ਵਿਚ ਘੁੰਮਦਾ ਹੈ।11।

ਪ੍ਰਸ਼ਨ : ਹੇ ਭਗਵਾਨ ! ਕਾਯੋਤਸਰਗ (ਕੁਝ ਸਮੇਂ ਲਈ ਸਰੀਰ ਦਾ ਮੋਹ ਛੱਡ ਕੇ ਆਤਮਾ ਦਾ ਧਿਆਨ ਕਰਨਾ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਕਾਯੋਤਸਰਗ ਨਾਲ ਜੀਵ ਪੁਰਾਣੇ ਅਤੇ ਨਵੇਂ ਪ੍ਰਾਸ਼ਚਿਤ ਯੋਗ (ਭੁੱਲ ਦਾ ਪਛਤਾਵਾ ਕਰਨ ਯੋਗ), ਪਾਪਾਂ ਦੀ ਸ਼ੁੱਧੀ ਕਰਦਾ ਹੈ। ਪ੍ਰਾਸ਼ਚਿਤ ਤੋਂ ਸ਼ੁੱਧ ਹੋਇਆ ਜੀਵ ਆਪਣੇ ਉੱਪਰ ਚੁੱਕੇ ਭਾਰ ਨੂੰ ਹਟਾ ਦੇਣ ਦੀ ਤਰ੍ਹਾਂ ਸ਼ਾਂਤ ਹੋ ਜਾਂਦਾ ਹੈ ਅਤੇ ਸਤਿਕਾਰ ਯੋਗ ਸਮਾਧੀ (ਧਿਆਨ) ਵਿਚ ਸੁੱਖ ਪੂਰਵਕ ਘੁੰਮਦਾ ਹੈ।12।

ਪ੍ਰਸ਼ਨ : ਹੇ ਭਗਵਾਨ ! ਪਛਖਾਨ ਨਾਲ ਜੀਵ (ਸੰਸਾਰੀ ਵਿਸ਼ੇ ਵਿਕਾਰਾਂ ਦੇ ਤਿਆਗ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਪਛਖਾਨ ਨਾਲ ਜੀਵ ਆਸ਼ਰਵ ਦਵਾਰ ਨੂੰ ਰੋਕ ਦਿੰਦਾ ਹੈ। ਫਿਰ ਪਛਖਾਨ ਰਾਹੀਂ ਇੱਛਾਵਾਂ ਦਾ ਨਿਰੋਧ ਕਰਦਾ ਹੈ। ਇੱਛਾ ਨਿਰੋਧ ਨੂੰ ਹੀ ਪ੍ਰਾਪਤ ਹੋਇਆ ਜੀਵ ਸਭ ਦਰਵਾਂ ਵਿਚ ਕ੍ਰਿਆ ਰਹਿਤ ਹੋ ਕੇ ਪਰਮ ਸੁੱਖ ਵਿਚ ਵਿਚਰਦਾ ਹੈ।13।

ਪ੍ਰਸ਼ਨ : ਹੇ ਭਗਵਾਨ ! ਆਰਤੀ ਭਜਨ ਅਤੇ ਮੰਗਲ (ਅਰਿਹੰਤ,

ਸਿੱਧ, ਸਾਧੂ ਤੇ ਧਰਮ ਜਾਂ ਅਹਿੰਸਾ ਸੱਚ ਤਪ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਆਰਤੀ, ਭਜਨ ਤੇ ਮੰਗ ਨਾਲ ਜੀਵ ਨੂੰ ਗਿਆਨ, ਦਰਸ਼ਨ (ਵਿਸ਼ਵਾਸ) ਤੇ ਚਾਰਿੱਤਰ ਰੂਪੀ ਲਾਭ ਦੀ ਪ੍ਰਾਪਤੀ ਹੁੰਦੀ ਹੈ। ਗਿਆਨ ਦਰਸ਼ਨ ਤੇ ਚਾਰਿੱਤਰ ਨੂੰ ਪ੍ਰਾਪਤ ਹੋਇਆ ਜੀਵ ਅੰਤ ਕਿਰਿਆ (ਮੋਕਸ਼) ਦੇ ਯੋਗ ਜਾਂ ਵਿਮਾਨ ਵਾਲੇ ਦੇਵਤੇ ਦੇ ਰੂਪ ਵਿਚ ਉਤਪੰਨ ਹੋਣ ਦੀ ਅਰਾਧਨਾ ਕਰਦਾ ਹੈ।14।

ਪ੍ਰਸ਼ਨ : ਹੇ ਭਗਵਾਨ ! ਕਾਲ ਸਮੇਂ ਦੀ ਪ੍ਰਤਿਲੇਖਨਾ (ਸ਼ਾਸਤਰਾਂ ਦੀ ਪੜ੍ਹਾਈ ਤੇ ਧਰਮ ਕਿਰਿਆਵਾਂ ਲਈ ਠੀਕ ਸਮੇਂ ਸਮੇਂ ਦਾ ਧਿਆਨ ਰੱਖਣ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਕਾਲ ਦੀ ਪ੍ਰਤਿਲੇਖਨਾ ਕਰਨ ਨਾਲ ਜੀਵ ਦੇ ਗਿਆਨ ਵਰਨੀਆਂ ਕਰਮ (ਅਗਿਆਨ) ਦਾ ਖ਼ਾਤਮਾ ਹੁੰਦਾ ਹੈ।15।

ਪ੍ਰਸ਼ਨ : ਹੇ ਭਗਵਾਨ ! ਪ੍ਰਾਸ਼ਚਿਤ (ਪਾਪ ਕਰਮਾਂ ਦੀ ਤਪ ਆਦਿ ਨਾਲ ਸ਼ੁੱਧੀ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਪ੍ਰਾਸ਼ਚਿਤ ਨਾਲ ਜੀਵ ਪਾਪ ਕਰਮਾਂ ਨੂੰ ਦੂਰ ਕਰਦਾ ਹੈ ਅਤੇ ਧਰਮ ਸਾਧਨਾ ਨੂੰ ਪਾਪ ਰਹਿਤ ਬਣਾਉਂਦਾ ਹੈ। ਸੱਚੀ ਵਿਧੀ ਨਾਲ ਪ੍ਰਾਸ਼ਚਿਤ ਕਰਨ ਵਾਲਾ ਸਾਧਕ, ਗਿਆਨ ਮਾਰਗ ਤੇ ਮਾਰਗ ਫਲ (ਗਿਆਨ) ਨੂੰ ਪ ਵਿੱਤਰ ਕਰਦਾ ਹੈ। ਆਚਾਰ ਅਤੇ ਆਚਾਰ ਦੇ ਫਲ (ਮੁਕਤੀ) ਦੀ ਅਰਾਧਨਾ ਕਰਦਾ ਹੈ।16।

ਪ੍ਰਸ਼ਨ : ਹੇ ਭਗਵਾਨ ! ਖਿਮਾਯਾਚਨਾ ਕਰਨ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਖਿਮਾਯਾਚਨਾ ਕਰਨ ਨਾਲ ਜੀਵ ਪ੍ਰਹਲਾਦ ਭਾਵ

(ਮਾਨਸਿਕ ਪ੍ਰਸੰਨਤਾ) ਨੂੰ ਪ੍ਰਾਪਤ ਕਰਦਾ ਹੈ। ਪ੍ਰਹਲਾਦ ਭਾਵ ਨਾਲ ਸੰਪੰਨ ਸਾਧਕ ਸਾਰੇ ਪ੍ਰਾਣ, ਭੂਤ, ਜੀਵ ਅਤੇ ਸਤਵਾਂ (ਧਰਤੀ) ਜੀਵਾਂ ਦੇ ਨਾਲ ਦੋਸਤੀ ਦੀ ਭਾਵਨਾ ਨਾਲ ਇਹ ਜੀਵ, ਸ਼ੁੱਧ ਭਾਵਨਾ ਨੂੰ ਪ੍ਰਾਪਤ ਕਰਦਾ ਹੈ ਅਤੇ ਨਿਰਭੈ ਹੋ ਜਾਂਦਾ ਹੈ।17।

ਪ੍ਰਸ਼ਨ : ਹੇ ਭਗਵਾਨ ! ਸਵਾਧਿਆਏ (ਸ਼ਾਸਤਰਾਂ ਦੀ ਪੜ੍ਹਾਈ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸਵਾਧਿਆਏ ਨਾਲ ਜੀਵ ਦਾ ਗਿਆਨਾਵਰਨੀਆ ਕਰਮ (ਅਗਿਆਨ) ਖ਼ਤਮ ਹੋ ਜਾਂਦਾ ਹੈ।18।

ਪ੍ਰਸ਼ਨ : ਹੇ ਭਗਵਾਨ ! ਵਾਚਨਾ (ਪੜ੍ਹਨਾ-ਪੜ੍ਹਾਉਣਾ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਵਾਚਨਾ ਦੇ ਨਾਲ ਜੀਵ ਦੇ ਕਰਮਾਂ ਦੀ ਨਿਰਜਰਾ ਹੁੰਦੀ ਹੈ। ਗਿਆਨ (ਸਰੁਤ) ਦੀ ਉਲੰਘਣਾ ਦੇ ਦੋਸ਼ ਤੋਂ ਦੂਰ ਰਹਿੰਦਾ ਹੈ। ਸ਼ਰੁਤ ਗਿਆਨ ਨੂੰ ਵਾਰ ਵਾਰ ਪੜ੍ਹਨ ਵਾਲਾ (ਅਨੁਵਰਤਨਾ) ਆਸ਼ਤਨਾ ਦੇ ਦੋਸ਼ ਤੋਂ ਦੂਰ ਰਹਿਣ ਵਾਲਾ ਤੀਰਥ ਤੇ ਧਰਮ ਦਾ ਸਹਾਰਾ ਪ੍ਰਾਪਤ ਕਰਦਾ ਹੈ।ਗਨਧਰ ਦੀ ਤਰ੍ਹਾਂ ਗਿਆਨ ਦੇ ਇੱਛੁਕ ਚੇਲਿਆਂ ਨੂੰ ਗਿਆਨ ਦੇਣ ਵਾਲਾ ਬਣਦਾ ਹੈ। ਤੀਰਥ ਧਰਮ ਦਾ ਸਹਾਰਾ ਲੈ ਕੇ ਕਰਮਾਂ ਦੀ ਮਹਾਨਿਰਜਰਾ ਕਰਦਾ ਹੈ ਅਤੇ ਸੰਸਾਰ ਦਾ ਅੰਤ (ਜਨਮ ਮਰਨ ਤੋਂ ਛੁਟਕਾਰਾ) ਕਰਦਾ ਹੈ।19।

ਪ੍ਰਸ਼ਨ : ਹੇ ਭਗਵਾਨ ! ਪ੍ਰਤਿਪ੍ਰਛਨਾ (ਪੜ੍ਹੇ ਹੋਏ ਪਾਠ ਸਬੰਧੀ ਸ਼ੰਕਾ ਦੂਰ ਕਰਨ ਲਈ ਪ੍ਰਸ਼ਨ ਕਰਨ ਨਾਲ) ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਪ੍ਰਤਿਪ੍ਰਛਣਾ (ਪੜ੍ਹੇ ਪਾਠ ਸਬੰਧੀ ਸ਼ੰਕਾ ਦੂਰ ਕਰਨ ਲਈ ਪ੍ਰਸ਼ਨ ਵਾਲਾ ਸੂਤਰ (ਸ਼ਲੋਕ) ਅਰਥ ਅਤੇ ਦੋਹਾਂ ਸੰਬੰਧੀ ਕਾਂਕਸ਼ਾਸਮੋਹਨੀਆ

ਸ਼ੱਕ ਦਾ ਕਾਰਨ ਦੂਰ ਕਰਦਾ ਹੈ।20।

ਪ੍ਰਸ਼ਨ : ਹੇ ਭਗਵਾਨ ! ਪਰਾਵਰਤਨਾ (ਪੜ੍ਹੇ ਪਾਠ ਨੂੰ ਦੁਹਰਾਉਣ ਨਾਲ) ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਪਰਾਵਰਤਨਾ ਨਾਲ ਵਿਅੰਜਨ (ਸ਼ਬਦ ਤੇ ਵਿਅੰਜਨ ਲ਼ਬਧੀ) ਨੂੰ ਪ੍ਰਾਪਤ ਕਰਦਾ ਹੈ ਅਤੇ ਪਦਾਂ ਅਨੁਸਾਰ ਦੀ ਲਬਧੀ ਨੂੰ ਯਾਦ ਰੱਖਦਾ ਹੈ।21।

ਪ੍ਰਸ਼ਨ : ਹੇ ਭਗਵਾਨ ! ਅਨੁਪਰੇਕਸ਼ਾ (ਸੂਤਰ ਦੇ ਅਰਥਾਂ ਤੋਂ ਸੋਚ ਵਿਚਾਰ ਕਰਨ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਅਨੁਪਰੇਕਸ਼ਾ ਨਾਲ ਜੀਵ ਦਾ ਆਯੁਸ਼ ਕਰਮ (ਉਮਰ ਦਾ ਕਾਰਨ ਕਰਮ ਜਿਸ ਨਾਲ ਉਮਰ ਵਧਦੀ ਘਟਦੀ ਹੈ) ਨੂੰ ਛੱਡ ਕੇ ਬਾਕੀ ਗਿਆਨਾਵਰਨੀਆ ਆਦਿ ਸੱਤ ਕਰਮਾਂ ਨੂੰ ਢਿੱਲਾ ਕਰਦਾ ਹੈ। ਉਸ ਲੰਬੇ ਸਮੇਂ ਖ਼ਤਮ ਹੋਣ ਵਾਲੇ ਕਰਮਾਂ ਨੂੰ ਛੇਤੀ ਖ਼ਤਮ ਕਰਦਾ ਹੈ। ਉਨ੍ਹਾਂ ਦੇ ਤੇਜ਼ ਅਸਰ ਨੂੰ ਘੱਟ ਕਰਦਾ ਹੈ। ਬਹੁਕਰਮ ਪ੍ਰਦੇਸ਼ਾਂ ਨੂੰ ਘੱਟ ਕਰਮ ਪ੍ਰਦੇਸ਼ਾਂ ਵਿਚ ਬਦਲਦਾ ਹੈ। ਆਯੁਕਰਮ ਦੀ ਪ੍ਰਾਪਤੀ ਕਰਦਾ ਹੈ ਅਤੇ ਕਦੇ ਨਹੀਂ ਵੀ ਕਰਦਾ। ਦੁੱਖ ਪੈਦਾ ਕਰਨ ਵਾਲੇ ਕਰਮਾਂ ਦਾ ਸੰਗ੍ਰਹਿ ਨਹੀਂ ਕਰਦਾ ਸੰਸਾਰ ਰੂਪੀ ਅਟਵੀ (ਜੰਗਲ) ਜੋ ਅਨਾਦਿ (ਸ਼ੁਰੂ ਅੰਤ ਤੋਂ ਮੁਕਤ) ਅਤੇ ਅਨੰਤ ਹੈ ਅਤੇ ਲੰਬੇ ਰਸਤੇ ਨਾਲ ਭਰਪੂਰ ਹੈ ਜਿਸਦੇ ਨਰਕ ਆਦਿ (ਨਰਕ, ਪਸ਼ੂ, ਮਨੁੱਖ ਅਤੇ ਦੇਵਗਤੀ) ਜੂਨਾਂ ਹਨ, ਉਨ੍ਹਾਂ ਤੋਂ ਛੇਤੀ ਮੁਕਤ ਹੋ ਜਾਂਦਾ ਹੈ।22।

ਪ੍ਰਸ਼ਨ : ਹੇ ਭਗਵਾਨ ! ਧਰਮ ਕਥਾ (ਧਰਮ ਉਪਦੇਸ਼) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਧਰਮ ਕਥਾ ਨਾਲ ਜੀਵ ਕਰਮਾਂ ਦੀ ਨਿਰਜ਼ਰਾ ਕਰਦਾ

ਹੈ ਅਤੇ ਪ੍ਰਬਚਨ (ਜੈਨ ਧਰਮ ਅਤੇ ਸਿਧਾਂਤ) ਦਾ ਪ੍ਰਚਾਰ ਕਰਦਾ ਹੈ।

ਪ੍ਰਬਚਨ ਦੇ ਪ੍ਰਚਾਰ ਨਾਲ ਜੀਵ ਭਵਿੱਖ ਵਿਚ ਚੰਗੇ ਫਲ ਦੇਣ ਵਾਲੇ ਕਰਮਾਂ ਦੀ ਪ੍ਰਾਪਤੀ ਕਰਦਾ ਹੈ।23।

ਪ੍ਰਸ਼ਨ : ਹੇ ਭਗਵਾਨ ! ਸਰੁਤ (ਗਿਆਨ) ਦੀ ਅਰਾਧਨਾ ਨਾਲ ਜੀਵਾਂ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸਰੁਤ ਦੀ ਅਰਾਧਨਾ (ਭਗਤੀ) ਨਾਲ ਜੀਵ ਅਗਿਆਨ ਦਾ ਖ਼ਾਤਮਾ ਕਰਦਾ ਹੈ ਅਤੇ ਕਲੇਸ਼ ਨੂੰ ਪ੍ਰਾਪਤ ਨਹੀਂ ਕਰਦਾ, ਸੁਖੀ ਰਹਿੰਦਾ ਹੈ।24।

ਪ੍ਰਸ਼ਨ : ਹੇ ਭਗਵਾਨ ! ਮਨ ਨੂੰ ਇਕਾਗਰਤਾ ਵਿਚ ਸਲੀਵੇਸ਼ਨ (ਸਥਾਪਿਤ) ਕਰਨ ਦੇ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਮਨ ਨੂੰ ਇਕਾਗਰਤਾ ਵਿਚ ਸਥਾਪਿਤ ਕਰਨ ਨਾਲ ਚਿੱਤ ਦਾ ਨਿਰੋਧ (ਵਿਚਾਰ ਤੇ ਤਰਕ) ਤੇ ਪਾਪ ਕਰਮਾਂ ਦਾ ਖ਼ਾਤਮਾ ਹੁੰਦਾ ਹੈ।25।

ਪ੍ਰਸ਼ਨ : ਹੇ ਭਗਵਾਨ ! ਸੰਜਮ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸੰਜਮ ਨਾਲ ਜੀਵ ਨਵੇਂ ਆਉਣ ਵਾਲੇ ਪਾਪ (ਆਸ਼ਰਵ) ਨੂੰ ਰੋਕਦਾ ਹੈ।26।

ਪ੍ਰਸ਼ਨ : ਹੇ ਭਗਵਾਨ ! ਤਪ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਤਪ ਨਾਲ ਪਿਛਲੇ ਇਕੱਠੇ ਕੀਤੇ ਕਰਮਾਂ ਦਾ ਖ਼ਾਤਮਾ ਕਰਕੇ ਜੀਵ ਵਿਅਵਦਾਨ (ਸ਼ੁੱਧੀ) ਨੂੰ ਪ੍ਰਾਪਤ ਹੁੰਦਾ ਹੈ।27।

ਪ੍ਰਸ਼ਨ : ਹੇ ਭਗਵਾਨ ਨੂੰ ਵਿਯਵਦਾਨ (ਸ਼ੁੱਧੀ) ਨਾਲ ਜੀਵ ਨੂੰ ਕੀ

ਇਹ ਸਾਹਿਤ ਭਗਵਾਨ ਪਾਰਸ਼ਵਨਾਥ ਤੇ ਮਹਾਵੀਰ ਸਵਾਮੀ ਤੋਂ ਪਹਿਲਾਂ ਦੀਆਂ ਰਚਨਾ ਸੀ। ਇਨ੍ਹਾਂ ਦੀ ਭਾਸ਼ਾ ਵੀ ਸੰਸਕ੍ਰਿਤ ਲੱਗਦੀ ਹੈ।

ਭਗਵਾਨ ਮਹਾਵੀਰ ਦੇ ਉਪਦੇਸ਼ ਨੂੰ ਉਨ੍ਹਾਂ ਦੇ ਪ੍ਰਮੁੱਖ ਸੁਧਰਮਾ ਸੁਆਮੀ ਨੇ ਇਕੱਠਾ ਕੀਤਾ। ਉਸ ਸਮੇਂ ਪੜ੍ਹਾਈ ਦਾ ਕੰਮ ਮੂੰਹ ਜ਼ੁਬਾਨੀ ਹੁੰਦਾ ਸੀ। ਗੁਰੂ ਸ਼ਿੱਸ਼ ਨੂੰ ਆਗਮ ਸੁਣਾ ਦਿੰਦਾ ਸੀ। ਇਹੋ ਸਿਲਸਿਲਾ ਕਈ ਸਦੀਆਂ ਤੱਕ ਚਲਦਾ ਰਿਹਾ। ਕਿਸੇ ਨੇ ਵੀ ਭਗਵਾਨ ਨਿਰਵਾਨ ਮਹਾਵੀਰ ਸੰਮਤ 1000 ਤੱਕ ਸੂਤਰਾਂ ਨੂੰ ਲਿਖਣਾ ਠੀਕ ਨਹੀਂ ਸਮਝਿਆ ਪਰ ਇਸ ਦਾ ਇਹ ਅਰਥ ਨਹੀਂ ਕਿ ਆਗਮਾਂ ਦੇ ਸਬੰਧੀ ਕੋਈ ਵਿਦਵਾਨਾਂ ਦਾ ਸੰਮੇਲਨ ਨਾ ਹੋਇਆ ਹੋਵੇ।

ਪਹਿਲੀ ਵਾਚਨਾ

ਜੈਨ ਇਤਿਹਾਸ ਵਿਚ ਜੈਨ ਆਗਮਾਂ ਦੇ ਸੰਪਾਦਨ ਦਾ ਕੰਮ ਭਿੰਨ ਭਿੰਨ ਸਮੇਂ ਪੰਜ ਕਾਨਫਰੰਸਾਂ ਵਿਚ ਹੁੰਦਾ ਰਿਹਾ। ਸਭ ਤੋਂ ਪਹਿਲੀ ਕਾਨਫਰੰਸ ਮਹਾਵੀਰ ਨਿਰਵਾਨ ਸੰਮਤ ਦੀ ਦੂਸਰੀ ਸਦੀ (160 ਬੀ.ਸੀ.) ਵਿਚ ਹੋਈ। ਉਸ ਸਮੇਂ ਆਚਾਰਿਆ ਭੱਦਰਵਾਹੂ ਸਵਾਮੀ ਨੇਪਾਲ ਵਿਚ ਸਨ। ਸਾਰੇ ਦੇਸ਼ ਵਿਚ ਅਕਾਲ ਪਿਆ ਹੋਇਆ ਸੀ। ਲੋਕ ਭੁੱਖ ਨਾਲ ਮਰ ਰਹੇ ਸਨ। ਸਾਧੂਆਂ ਨੂੰ ਵੀ ਭੋਜਨ ਮਿਲਣਾ ਬਹੁਤ ਮੁਸ਼ਕਿਲ ਹੋ ਗਿਆ ਸੀ। ਇਹ ਅਕਾਲ 12 ਸਾਲ ਰਿਹਾ। ਉਸ ਸਮੇਂ ਬਹੁਤ ਸਾਰੇ ਸਾਧੂ ਮਗਧ ਦੀ ਰਾਜਧਾਨੀ ਪਾਟਲੀ ਪੁੱਤਰ ਇਕੱਠੇ ਹੋਏ, ਉਨ੍ਹਾਂ ਨੇ 11 ਅੰਗਾਂ ਦਾ ਸੰਪਾਦਨ ਕੀਤਾ। 12ਵਾਂ ਦ੍ਰਿਸ਼ਟੀਵਾਦ ਅੰਗ ਸਭ ਭੁੱਲ ਚੁੱਕੇ ਸਨ। ਇਸ ਕੰਮ ਦੀ ਪੂਰਤੀ ਲਈ ਭੱਦਰਬਾਹੂ ਸਵਾਮੀ ਦੇ ਸ਼ਿੱਸ਼ ਸਥੂਲ ਭੱਦਰ ਨੇਪਾਲ 12

ਅੰਗ ਸਿੱਖਣ ਗਏ ਜੋ ਕਿ ਪੂਰਾ ਨਾ ਹੋ ਸਕਿਆ ਕਿਉਂਕਿ ਮਹਾਵੀਰ ਸੰਮਤ 170 ਵਿਚ ਭੱਦਰਬਾਹੂ ਸਵਾਮੀ ਦਾ ਸਵਰਗਵਾਸ ਹੋ ਗਿਆ। ਇਸ ਸਭਾ ਵਿਚ ਜਿਹੜੇ ਭਿਕਸ਼ੂਆਂ ਦੇ ਜੋ ਕੁਝ ਵੀ ਯਾਦ ਸੀ ਵੁਹ ਇਕੱਠਾ ਕਰ ਲਿਆ ਗਿਆ ਪਰ ਬਹੁਤ ਸਾਰਾ ਆਗਮਾਂ ਦਾ ਗਿਆਨ ਭਿਕਸ਼ੂ ਭੁੱਲ ਚੁੱਕੇ ਸਨ। ਇਸ ਸਾਹਿਤ ਨੂੰ ਕਈ ਵਿਦਵਾਨ ਭਿਕਸ਼ੂਆਂ ਨੇ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਦੇ ਵਜੋਂ ਜੈਨੀਆਂ ਦੇ ਦੋ ਪ੍ਰਮੁੱਖ ਸੰਪਰਦਾਇ ਸ਼ਵੇਤਾਂਬਰ ਤੇ ਦਿਗੰਬਰ ਸਾਹਮਣੇ ਆਏ।

## ਦੂਸਰੀ ਵਾਚਨਾ

ਈਸਾ ਦੀ 2 ਸ਼ਤਾਬਦੀ ਵਿਚ ਮਹਾਰਾਜ ਖਾਰਵੇਲ ਕਲਿੰਗ ਰਾਜ ਦਾ ਸਮਰਾਟ ਬਣਿਆ। ਉਹ ਇਕ ਜੈਨ ਸਮਰਾਟ ਸੀ। ਉਸ ਦੇ ਸਮੇਂ ਆਗਮਾਂ ਦਾ ਸੰਪਾਦਨ ਕਰਨ ਦੀ ਇਕ ਕੋਸ਼ਿਸ਼ ਕੀਤੀ ਗਈ ਜਿਸ ਦਾ ਖੰਡ ਗਿਰੀ ਤੇ ਉਦੈ ਗਿਰੀ ਦੀਆਂ ਗੁਫਾਵਾਂ ਵਿਚ ਖੁਦੇ ਸ਼ਿਲਾ ਲੇਖਾਂ ਤੋਂ ਪਤਾ ਲੱਗਦਾ ਹੈ। ਪਰ ਜੈਨ ਇਤਿਹਾਸਕਾਰ ਨੇ ਇਸ ਦਾ ਕੋਈ ਵਰਨਣ ਨਹੀਂ ਕੀਤਾ।

## ਤੀਸਰੀ ਵਾਚਨਾ

ਮਹਾਵੀਰ ਸੰਮਤ 827-840 ਦੇ ਕਰੀਬ ਜੈਨ ਸੰਘ ਮਥੁਰਾ ਵਿਖੇ ਇਕੱਠਾ ਹੋਇਆ। ਉਸ ਸਮੇਂ ਭਾਰੀ ਅਕਾਲ ਪਿਆ ਹੋਇਆ ਸੀ। ਗਿਆਨੀ ਸਾਧੂ ਮਰ ਚੁੱਕੇ ਸਨ। ਬਾਕੀ ਸਾਧੂ ਕਾਫੀ ਕੁਝ ਭੁੱਲ ਚੁੱਕੇ ਸਨ। ਅਚਾਰਿਆ ਸਕੰਦਲ ਦੀ ਪ੍ਰਧਾਨਗੀ ਹੇਠ ਇਕ ਵਾਰ ਆ ਗਮਾਂ ਦਾ ਸੰਪਾਦਨ ਫਿਰ ਕੀਤਾ ਗਿਆ। ਇਸ ਨੂੰ ਮਾਥੁਰੀ ਵਾਚਨਾ ਆਖਦੇ ਹਨ।

## ਚੌਥੀ ਵਾਚਨਾ

ਮਹਾਵੀਰ ਸੰਮਤ 827-840 ਸਮੇਂ ਹੀ ਵੱਲਭੀ (ਗੁਜ਼ਰਾਤ) ਵਿਖੇ ਆਚਾਰਿਆ ਨਾਗਾ ਅਰੁਜਨ ਦੀ ਪ੍ਰਧਾਨਗੀ ਹੇਠ ਇਕ ਵਾਚਨਾ ਫਿਰ ਕੀਤੀ ਗਈ। ਉਸ ਸੇਮੰ ਕਾਫੀ ਕੁਝ ਸਾਧੂ ਭੁੱਲ ਚੁੱਕੇ ਸਨ।

## ਪੰਜਵੀਂ ਵਾਚਨਾ

980 ਜਾਂ 993 ਮਹਾਵੀਰ ਸੰਮਤ ਸਮੇਂ ਵੱਲਭੀ ਵਿਖੇ ਸ਼੍ਰਮਣ ਸੰਘ ਆਚਾਰਿਆ ਦੇਵਾ ਰਿਧੀਗਣੀ ਸ਼ਮਾ ਸ਼੍ਰਮਣ ੀ ਪ੍ਰਧਾਨਗੀ ਹੇਠ ਇਕੱਠ ਹੋਇਆ। ਸਾਰੇ ਆਗਮਾਂ ਨੂੰ ਤਾੜ ਪੱਤਰ ਤੇ ਲਿਖ ਕੇ ਸੁਰੱਖਿਅਤ ਕੀਤਾ ਗਿਆ। ਅੱਜ ਕੱਲ੍ਹ ਉਸੇ ਵਾਚਨਾ ਵਿਚ ਲਿਖੇ ਗਏ ਆਗਮ ਹੀ ਮਿਲਦੇ ਹਨ। ਇਸ ਤੋਂ ਬਾਅਦ ਕੋਈ ਅਜਿਹੀ ਸੰਗੀਤੀ ਨਹੀਂ ਹੋਈ।

ਉਸ ਸਮੇਂ ਤੋਂ ਲੈ ਕੇ ਹੁਣ ਤੱਕ ਅਨੇਕਾਂ ਆਚਾਰਿਆਂ ਨੇ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਤੇਲਗੂ, ਕੱਨਡ, ਰਾਜਸਥਾਨੀ, ਗੁਜ਼ਰਾਤੀ ਤੇ ਹਿੰਦੀ ਵਿਚ ਆਗਮ ਤੇ ਅਨੇਕਾਂ ਟੀਕੇ, ਟੱਬਾ, ਨਿਉਕਤੀਆਂ, ਚੂਰਨੀਆਂ, ਭਾਸ਼ਯ ਤੇ ਅਵਚੂਰਨੀਆਂ ਭਾਰੀ ਸੰਖਿਆ ਵਿਚ ਲਿਖੇ ਗਏ। ਅੱਜ ਵੀ ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਹਜ਼ਾਰਾਂ ਸਾਲ ਪਹਿਲਾਂ ਲਿਖੇ ਗ੍ਰੰਥਾਂ ਦੇ ਭੰਡਾਰ ਮਿਲਦੇ ਹਨ।

# ਸ਼ਵੇਤਾਂਬਰ ਜੈਨ ਪਰੰਪਰਾ ਅਨੁਸਾਰ ਆਗਮਾਂ ਦਾ ਵਰਗੀਕਰਨ

ਸ਼੍ਰੀ ਨੰਦੀ ਸੂਤਰ ਅਨੁਸਾਰ ਆਗਮਾਂ ਦਾ ਵਰਗੀਕਰਨ ਇਸ ਪ੍ਰਕਾਰ ਹੈ :

ਆਵਸ਼ਕ 6 ਹਨ :

(1) ਸਮਾਇਕ (2) ਚਤੁਰਵਿਸ਼ਤਵ (3) ਬੰਦਨ (4) ਪ੍ਰਤਿਕ੍ਰਮਨ (5) ਕਾਯੋਤਸਰਗ (6) ਪ੍ਰਤਿਖਿਆਨ।

ਉਤਕਾਲਿਕ 29 ਹਨ :

(1) ਦਸ਼ਵੈਕਾਲਿਕ (2) ਕਲਪਾਕਲਪ (3) ਚੂਲਕਲਪ (4) ਮਹਾਕਲਪ (5) ਔਪਪਾਤਿਕ (6) ਰਾਜਪ੍ਰਸ਼ਨੀਆ (7) ਜੀਵਾਭਿਗਮ (8) ਪ੍ਰਗਿਆਪਨਾ (9) ਮਹਾਪ੍ਰਗਿਆਪਨਾ (10) ਪ੍ਰਮਾਦਾਪ੍ਰਮਾਦ (11) ਨੰਦੀ (12) ਅਨੁਯੋਗਦਵਾਰ (13) ਦਵਿੰਦਰ ਸੱਤਵ (14) ਤੰਦੁਲਵਿਚਾਰਕ (15) ਚੰਦਰ ਵਿੱਦਿਆ (16) ਸੂਰਜਪ੍ਰਗਿਅਪਤੀ (17) ਪੋਰਸ਼ੀਮੰਡਲ (18) ਮੰਡਲ ਪ੍ਰਵੇਸ਼ (19) ਵਿੱਦਿਆ ਚਰਨ ਨਿਸ਼ਚੈ (20) ਗਣੀ ਵਿੱਦਿਆ (21) ਧਿਆਨ ਵਿਭਕਤੀ (22) ਮਰਨ ਵਿਭਕਤੀ (23) ਆਤਮ ਵਿਸ਼ੁੱਧੀ (24) ਵੀਤਰਾਗ ਸ਼ਰੁਤ (25) ਸਰਲੇਖਣਾ ਸ਼ਰੁਤ (26) ਵਿਹਾਰ ਕਲਪ (27) ਚਰਨ ਵਿਧੀ (28) ਆਤੁਰਪ੍ਰਤਿਖਿਆਨ (29) ਮਹਾਪ੍ਰਤਿਖਿਆਨ

## ਕਾਲਿਕ ਸੂਤਰ

(1) ਉੱਤਰਾਧਿਐਨ (2) ਦਸ਼ਾਸ਼ਰੁਤ ਸਕੰਧ (3) ਕਲਪ ਬ੍ਰਿਹਤ ਕਲਪ (4) ਵਿਵਹਾਰ (5) ਨਸ਼ੀਥ (6) ਮਹਾਨਸ਼ੀਥ (7) ਰਿਸ਼ੀ ਭਾਸ਼ੀਤ (8) ਜੰਬੂ ਦੀਪ ਪ੍ਰਗਿਆਪਤੀ (9) ਦੀਪਸਾਗਰ ਪ੍ਰਗਿਆਪਤੀ (10) ਚੰਦਰ ਪ੍ਰਗਿਆਪਤੀ (11) ਲਘੁਵਿਮਾਨ ਪ੍ਰਵਿਭੱਕਤੀ (12) ਮਹਾਵਿਮਾਨ (13) ਅੰਗ ਚੂਲਿਕਾ (14) ਵਰਗ ਚੂਲਿਕਾ (15)

ਵਿਆਖਿਆ ਚੂਲਿਕਾ (16) ਅਰੁਣੋਪਪਾਤ (17) ਵਰੁਣੋਪਪਾਤ (18) ਗੁੜੋਪਪਾਤ (19) ਧਰਨੋਪਪਾਤ (20) ਵੈਸ਼ਰਮਨੋਪਪਾਤ (21) ਵੇਲੰਧਰੋਪਪਾਤ (22) ਦੇਵਿੰਦਰੋਪਪਤਾ (23) ਉਥਾਨ ਸ਼ਰੁਤ (24) ਸਮੁਥਾਨ ਸ਼ਰੁਤ (25) ਨਾਗ ਪ੍ਰਗਿਆਪਨਿਕਾ (26) ਨਿਰਯਵਾਲਿਕਾ (27) ਕਲਪਾਵਤਸਿਕਾ (28) ਪੁਸ਼ਪਿਤਾ (29) ਪੁਸ਼ਪ ਚੂਲਿਕਾ (30) ਵਿਸ਼ਨੀ ਦਸ਼ਾ (31) ਆਸ਼ੀਵਿਸ਼ ਭਾਵਨਾ (32) ਦ੍ਰਿਸ਼ਟੀਵਿਸ਼ ਭਾਵਨਾ (33) ਸੁਪਨ ਭਾਵਨਾ (34) ਮਹਾਸੁਪਨ ਭਾਵਨਾ (35) ਤੇਜੋਨਿਸਰਗ।

ਇਹ ਸੂਤਰ ਜੋ ਦਿਨ ਅਤੇ ਰਾਤ ਦੇ ਆਖ਼ਿਰੀ ਪੱਖ ਵਿਚ ਪੜ੍ਹੇ ਜਾਂਦੇ ਹਨ ਕਾਲਿਕ ਅਖਵਾਉਂਦੇ ਹਨ।

### ਅੰਗ ਪ੍ਰਵਿਸ਼ਟ 12 ਹਨ :

(1) ਅਚਾਰਾਂਗ (2) ਸੂਤਰ ਕ੍ਰਿਤਾਂਗ (3) ਸਥਾਨਾਂਗ (4) ਸਮਵਾਯਾਂਗ (5) ਵਿਆਖਿਆ ਪ੍ਰਗਿਆਪਤੀ (6) ਗਿਆਤਾ ਧਰਮ ਕਥਾਂਗ (7) ਉਪਾਸਕ ਦਸ਼ਾਂਗ (8) ਅੰਤਕ੍ਰਿਤਦਸ਼ਾਂਗ (9) ਅਨੁਤਰ ਔਪਪਾਤਿਕ (10) ਪ੍ਰਸ਼ਨ ਵਿਆਕਰਣ (11) ਵਿਪਾਕ (12) ਦ੍ਰਿਸ਼ਟੀਵਾਦ।

## ਦਿਗੰਬਰ ਪਰੰਪਰਾ ਅਨੁਸਾਰ ਆਗਮਾਂ ਦਾ ਵਰਗੀਕਰਨ

ਸ਼੍ਰੀ ਤੱਤਵਾਰਥ ਸੂਤਰ (1-20) ਸ਼ਰੁਤ ਸਾਗਰ ਵਿਰਤੀ ਅਨੁਸਾਰ ਇਸ ਪ੍ਰਕਾਰ ਹੈ :

# ਆਗਮ

| ਅੰਗ ਪ੍ਰਵਿਸ਼ਟ | ਅੰਗ ਬਾਹਰ |
|---|---|
| 1. ਆਚਾਰ | 1. ਸਮਾਇਕ |
| 2. ਸੁਤਰਕ੍ਰਿਤ | 2. ਚਤੁਰਵਿਸ਼ਤਵ |
| 3. ਸਥਾਨ | 3. ਬੰਦਨਾ |
| 4. ਸਮਵਾਯ | 4. ਪ੍ਰਤਿਕ੍ਰਮਨ |
| 5. ਵਿਆਖਿਆ ਪ੍ਰਗਿਪਤੀ | 5. ਵੈਨਯੀਕ |
| 6. ਗਿਆਤਾ ਧਰਮ ਕਥਾਂਗ | 6. ਕ੍ਰਿਤਿਕਰਮ |
| 7. ਉਪਾਸ਼ਕ ਦਸ਼ਾਂਗ | 7. ਦਸਵੈਕਾਲਿਕ |
| 8. ਅੰਤਕ੍ਰਿਤ ਦਸ਼ਾ | 8. ਉਤਰਾਧਿਐਨ |
| 9. ਅਨੁਤਪੋਪਾਤਿਕ ਦਸ਼ਾ | 9. ਕਲਪ ਵਿਵਹਾਰ |
| 10. ਪ੍ਰਸ਼ਨ ਵਿਆਕਰਨ | 10. ਕਲਪਾਕਲਪ |
| 11. ਵਿਪਾਕ | 11. ਮਹਾਕਲਪ |
| 12. ਦ੍ਰਿਸ਼ਟੀਵਾਦ | 12. ਪੁੰਡਰੀਕ |
| | 13. ਮਹਾ ਪੁੰਡਰੀਕ |
| | 14. ਅਸ਼ੀਤਕਾ |

# ਦ੍ਰਿਸ਼ਟੀਵਾਦ

| ਪਰਿਕਰਮ ਸੂਤਰ | ਪ੍ਰਥਮਾਨੁਯੋਗ | ਪੂਰਵਗਤ | ਚੂਲਿਕ |
|---|---|---|---|
| ਚੰਦਰ ਪ੍ਰਗਿਆਪਤੀ | 1. ਉਤਪਾਦ | | 1. ਜਲਗਤਾ |
| ਸੂਰਜ ਪ੍ਰਗਿਆਪਤੀ | 2. ਅਗਰਾਇਣੀਏ | | 2. ਸਥਲਗਤਾ |
| ਜੰਬੂਦੀਪ ਪ੍ਰਗਿਆਪਤੀ | 3. ਵੀਰਯਾਨੁਪ੍ਰਵਾਦ | | 3. ਮਾਯਾਗਤਾ |
| ਦੀਪਸਾਗਰ ਪ੍ਰਗਿਆਪਤੀ | 4. ਆਸਤੀਨਾਸਤੀਪ੍ਰਵਾਦ | | 4. ਅਕਾਸ਼ਗਤਾ |

ਵਿਆਖਿਆ ਪ੍ਰਗਿਆਪਤੀ 5. ਗਿਆਨਪ੍ਰਪਾਦ 5. ਰੂਪਗਤਾ

6. ਸਤਯਪ੍ਰਵਾਦ

7. ਆਤਮ ਪ੍ਰਵਾਦ

8. ਕਰਮ ਪ੍ਰਵਾਦ

9. ਪ੍ਰਤਿਖਿਆਨ ਪ੍ਰਵਾਦ

10. ਵਿਦਿਆਨੁ ਪ੍ਰਵਾਦ

11. ਕਲਿਆਣ

12. ਪ੍ਰਾਣਾਵਾਯ

13. ਕ੍ਰਿਆਵਿਸ਼ਾਲ

14. ਲੋਕਬਿੰਦੂਸਾਰ

ਜੈਨ ਧਰਮ ਦੇ ਦੋਹੇ ਪ੍ਰਮੁੱਖ ਫਿਰਕੇ ਇਹ ਗੱਲ ਮੰਨਦੇ ਹਨ ਕਿ ਭਗਵਾਨ ਮਹਾਵੀਰ ਦਾ ਅਸਲ ਸਾਹਿਤ ਨਸ਼ਟ ਹੁੰਦਾ ਰਿਹਾ ਹੈ। ਇਸ ਬਾਰੇ ਜਦ ਅਸੀਂ ਦੋਹੇ ਫਿਰਕਿਆਂ ਦਾ ਇਤਿਹਾਸ ਵੇਖਦੇ ਹਾਂ ਤਾਂ ਇਸ ਬਾਰੇ ਮੱਤਭੇਦ ਦਾ ਪਤਾ ਲੱਗਦਾ ਹੈ।

## ਆਗਮ ਦਾ ਨਸ਼ਟ ਹੋਣਾ
## ਦਿਗੰਬਰ ਪਰੰਪਰਾ ਅਨੁਸਾਰ

ਦਿਗੰਬਰ ਪਰੰਪਰਾ ਅਨੁਸਾਰ ਅੱਜ ਕੱਲ ਕੋਈ ਆਗਮ ਉਪਲਬਧ ਨਹੀਂ ਹੈ। ਭਗਵਾਨ ਮਹਾਵੀਰ ਦੇ ਨਿਰਵਾਨ ਤੋਂ 62 ਸਾਲ ਬਾਅਦ ਕੇਵ ਗਿਆਨੀ (ਬ੍ਰਹਮ ਗਿਆਨੀ) ਖ਼ਤਮ ਹੋ ਗਏ। ਆਖ਼ਿਰੀ ਕੇਵਲ ਗਿਆਨੀ ਸ੍ਰੀ ਜੰਬੂ ਸਵਾਮੀ ਸਨ। ਉਨ੍ਹਾਂ ਤੋਂ 100 ਸਾਲ ਬਾਅਦ ਸ਼ਰੁਤ ਕੇਵਲੀ ਦੀ ਪਰੰਪਰਾ ਵੀ ਖ਼ਤਮ ਹੋ ਗਈ। ਆਖ਼ਿਰੀ

ਕੇਵਲੀ ਭੱਦਰਵਾਹੂ ਸਨ। ਇਸ ਤੋਂ 183 ਸਾਲ ਬਾਅਦ 10 ਪੂਰਵਾਂ ਦਾ ਗਿਆਨ ਵੀ ਨਸ਼ਟ ਹੋ ਗਿਆ। ਆਖ਼ਿਰੀ ਪੂਰਵਾਂ ਦੇ ਜਾਣਕਾਰ ਸੁਧਰਮਾਂ ਜਾਂ ਧਰਸੇਨ ਸਨ। ਉਨ੍ਹਾਂ ਤੋਂ 220 ਸਾਲ ਬਾਅਦ 11 ਅੰਗਾਂ ਦੇ ਜਾਣਕਾਰ ਵੀ ਖ਼ਤਮ ਹੋ ਗਏ। ਆਖ਼ਿਰੀ ਅੰਗਾਂ ਦੇ ਜਾਣਕਾਰ ਕੰਸ ਅਚਾਰਿਆ ਸਨ। ਇਸ ਤੋਂ 118 ਸਾਲ ਬਾਅਦ ਆਚਾਰੰਗ ਸੂਤਰ ਦੇ ਆਖ਼ਿਰੀ ਜਾਣਕਾਰੀ ਲੋਹ ਆਚਾਰਿਆ ਸਮੇਂ ਸਾਰਾ ਆਗਮ ਸਾਹਿਤ ਨਸ਼ਟ ਹੋ ਗਿਆ। ਇਸ ਪ੍ਰਕਾਰ (62+100+183+220+118 -683) ਮਹਾਵੀਰ ਨਿਰਵਾਨ ਦੀ 7 ਸਦੀ ਵਿਚ ਸਾਰਾ ਸਾਹਿਤ ਨਸ਼ਟ ਹੋ ਗਿਆ। ਉਸ ਸਮੇਂ ਦ੍ਰਿਸ਼ਟੀਵਾਦਕ ਨਾਮਕ ਅੰਗ ਦੇ ਕੁਝ ਅੰਸ਼ ਆਚਾਰਿਆ ਧਰ ਸੇਨ ਨੂੰ ਯਾਦ ਸਨ। ਉਨ੍ਹਾਂ ਸੋਚਿਆ ਕਿ ਇਨ੍ਹਾਂ ਨੂੰ ਲਿੱਪੀਬੱਧ ਨਾ ਕੀਤਾ ਤਾਂ ਕੁਝ ਵੀ ਨਹੀਂ ਬਚੇਗਾ। ਸੋ ਉਨ੍ਹਾਂ ਨੇ ਪਹਿਲੀ ਸਦੀ ਦੇ ਸ਼ੁਰੂ ਵਿਚ ਗਿਰਨਾਰ ਪਰਬਤ ਦੀ ਚੰਦਰ ਗਿਰੀ ਗਬਫ਼ਾ ਵਿਚ ਆਪਣੇ ਚੇਲੇ ਪੁਸ਼ਪ ਦੇਵ ਅਤੇ ਭੂਤਵਲੀ ਨੂੰ ਇਕੱਠਾ ਕਰਕੇ ਸਾਹਿਤ ਨੂੰ ਲਿਖਾਇਆ ਜੋ ਕਿ ਮਹਾਬੰਧ ਨਾਉਂ ਦੇ ਵਿਸ਼ਾਲ ਗ੍ਰੰਥ ਦੇ ਰੂਪ ਵਿਚ ਸਾਡੇ ਸਾਹਮਣੇ ਹੈ। ਇਸ ਨੂੰ ਮਹਾਬੰਧ ਸ਼ਟਖੰਡ ਆਗਮ ਵੀ ਆਖਦੇ ਹਨ। ਇਸ ਤੋਂ ਛੁੱਟ ਦਿਗੰਬਰ ਫਿਰਕੇ ਵਾਲੇ ਤਤਵਾਰਥ ਸੂਤਰ, ਕਸ਼ਾਏ ਪਾਹੁੜ, ਗੋਮਟਸਾਰ, ਪ੍ਰਵਚਨਸਾਰ, ਨਿਆਮਸਾਰ, ਵਸੁਨੰਦੀ, ਮੁਰਾਵਕਾਚਾਰ, ਤਿਲੋਯ ਪ੍ਰਣਤੀ ਆਦਿ ਗ੍ਰੰਥਾਂ ਨੂੰ ਆਗਮਾਂ ਦੀ ਤਰ੍ਹਾਂ ਮੰਨਦੇ ਹਨ।

ਇਨ੍ਹਾਂ ਗ੍ਰੰਥਾਂ ਤੇ ਅਨੇਕਾਂ ਭਾਸ਼ਾ ਟੀਕਾਵਾਂ ਲਿਖੀਆਂ ਗਈਆਂ ਹਨ। ਤਤਵਾਰਥ ਸੂਤਰ ਦੀ ਪ੍ਰਮੁੱਖ ਟੀਕਾ ਤਤਵਾਰਥ ਰਾਜਵਾਰਤਿਕ ਹੈ। ਦਿਗੰਬਰ ਫਿਰਕਿਆਂ ਵਾਲਿਆਂ ਨੇ ਪ੍ਰਮਾਣ ਤੇ ਨਯ ਦੇ ਵਿਸ਼ੇ ਤੇ

ਬਹੁਤ ਸਾਹਿਤ ਲਿਖਿਆ ਹੈ। ਦਿਗੰਬਰ ਸੰਪਰਦਾਏ ਵਾਲਿਆਂ ਨੇ ਸੰਸਕ੍ਰਿਤ ਤੇ ਅਪਭ੍ਰੰਸ਼ ਭਾਸ਼ਾ ਵਿਚ ਪੁਰਾਨ ਸਾਹਿਤ ਦੀ ਰਚਨਾ ਵੀ ਕੀਤੀ ਹੈ। ਦਿਗੰਬਰ ਸਾਹਿਤਕਾਰ ਵਿਚੋਂ ਪ੍ਰਮੁੱਖ ਆਚਾਰਿਆ ਉਮਾਸਵਾਤੀ, ਅੰਕਲਕ, ਵਿੱਦਿਆਨੰਦੀ, ਕੁੰਦਕੁੰਦ, ਸਮੱਤਭਦਰ, ਵਸੁਨੰਦੀ ਆਦਿ ਦੇ ਨਾਂ ਬਹੁਤ ਪ੍ਰਸਿੱਧ ਹਨ।

## ਸ਼ਵੇਤਾਂਬਰ ਜੈਨ ਪਰੰਪਰਾ

ਸ਼ਵੇਤਾਂਬਰ ਪਰੰਪਰਾ ਅਨੁਸਾਰ ਜੰਬੂ ਸਵਾਮੀ ਤੋਂ ਬਾਅਦ ਕੇਵਲ ਗਿਆਨ ਦੀ ਪਰੰਪਰਾ ਖ਼ਤਮ ਹੋ ਗਈ। ਆਚਾਰਿਆ ਸਥੂਲਭੱਦਰ (ਮਹਾਵੀਰ ਸੰਮਤ 170-205) ਤੱਕ 14 ਪੂਰਵਾਂ ਦੇ ਜਾਣਕਾਰ ਸਨ, ਵਿਜੈ ਸੁਰੀ ਤੱਕ 10 ਪੂਰਵਾਂ ਦੇ ਜਾਣਕਾਰ ਸਨ। ਆਰੀਆ ਰਕਸ਼ਿਤ (ਮਹਾਵੀਰ ਸੰਮਤ 597) 9.5 ਪੂਰਵਾਂ ਦੇ ਜਾਣਕਾਰ ਸਨ। ਉਨ੍ਹਾਂ ਦੇ ਸ਼ਿੱਸ਼ ਪੁਸਯਮਿੱਤਰ 9 ਪੂਰਵਾਂ ਦੇ ਜਾਣਕਾਰ ਸਨ। 8-7-6 ਪੂਰਵਾਂ ਦੇ ਜਾਣਕਾਰਾਂ ਬਾਰੇ ਕੋਈ ਵਰਨਣ ਪ੍ਰਾਪਤ ਨਹੀਂ ਹੁੰਦਾ।

ਇਸ ਤੋਂ ਬਾਅਦ ਆਚਾਰਾਂਗ ਸੂਤਰ ਦਾ ਮਹਾਪ੍ਰਗਿਆ ਨਾਮ ਅਧਿਐਨ ਨਸ਼ਟ ਹੋ ਗਿਆ। ਪ੍ਰਸ਼ਨ ਵਿਆਕਰਨ ਦਾ ਸਾਰਾ ਵਿਸ਼ਾ ਹੀ ਬਦਲ ਗਿਆ। ਗਿਆਤਾ ਧਰਮ ਕਥਾਂਗ ਸੂਤਰ ਦੀਆਂ ਕਈ ਕਹਾਣੀਆਂ ਨਸ਼ਟ ਹੋ ਗਈਆਂ।

ਇਹ ਵੀ ਮੰਨਿਆ ਜਾਂਦਾ ਹੈ ਕਿ ਦੇਵਾਅਰਧਗਣੀ ਸ਼ਮਾ ਸ਼੍ਰਮਣ ਦੀ ਪੂਰਵਾਂ ਦਾ ਕੁਝ ਹਿੱਸਾ ਜਾਣਦੇ ਸਨ। ਇਹ ਉਹੀ ਆਚਾਰਿਆ

ਸਨ ਜਿਨ੍ਹਾਂ ਦੀ ਅਗਵਾਈ ਹੇਠ ਭਗਵਾਨ ਮਹਾਵੀਰ ਦੀ ਦਸਵੀਂ ਸਦੀ ਹੇਠ ਆਗਮ ਸਾਹਿਤ ਲਿੱਪੀਬੱਧ ਕੀਤਾ ਗਿਆ। ਇਸ ਪ੍ਰਕਾਰ ਭਗਵਾਨ ਮਹਾਵੀਰ ਦੇ ਨਿਰਵਾਨ ਤੋਂ 1000 ਸਾਲ ਬਾਅਦ ਕੋਈ ਵੀ ਪੂਰਵਾਂ ਦਾ ਜਾਣਕਾਰ ਨਾ ਰਿਹਾ ਅਤੇ ਆਗਮ ਸਾਹਿਤ ਦਾ ਕਾਫੀ ਹਿੱਸਾ ਵੀ ਨਸ਼ਟ ਹੋ ਗਿਆ।

ਆਗਮਾਂ ਦੀ ਸੰਖਿਆ ਬਾਰੇ ਅਨੇਕਾਂ ਮੱਤ ਪ੍ਰਚਲਤ ਹਨ। ਪਰ ਅੱਜਕੱਲ੍ਹ ਆਗਮ ਤਿੰਨ ਰੂਪ ਵਿਚ ਮਿਲਦੇ ਹਨ।

(1) 84 ਆਗਮ

(2) 45 ਆਗਮ

(3) 32 ਆਗਮ

## 84 ਆਗਮ

(1) ਦਸ਼ਵੈਕਾਲਿਕ (2) ਕਲਪਾਕਲਪ (3) ਸ਼ੂਲਕਲਪ (4) ਮਹਾਕਲਪ (5) ਔਪਪਾਤਿਕ (6) ਰਾਜਪ੍ਰਸ਼ਨੀਆ (7) ਜੀਵਾਭਿਗਮ (8) ਪ੍ਰਗਿਆਪਨਾ (9) ਮਹਾਪ੍ਰਗਿਆਪਨਾ (10) ਪ੍ਰਮਾਦਾਪ੍ਰਮਾਦ (11) ਨੰਦੀ (12) ਅਨੁਯੋਗਦਵਾਰ (13) ਦਵਿੰਦਰ ਸੱਤਵ (14) ਤੰਦੂਲਵਿਚਾਰਕ (15) ਚੰਦਰ ਵਿੱਦਿਆ (16) ਸੂਰਯਪ੍ਰਗਿਅਪਤੀ (17) ਪੋਰਸ਼ੀਮੰਡਲ (18) ਮੰਡਲ ਪ੍ਰਵੇਸ਼ (19) ਵਿੱਦਿਆ ਚਰਨ ਵਿਨਸ਼ਚੈ (20) ਗਣੀ ਵਿੱਦਿਆ (21) ਧਿਆਨ ਵਿਭਕਤੀ (22) ਮਰਨ ਵਿਭਕਤੀ (23) ਆਤਮ ਵਿਸ਼ੁੱਧੀ (24) ਵੀਤਰਾਗ ਸ਼ਰੁਤ (25) ਸਰਲੇਖਣਾ ਸ਼ਰੁਤ (26) ਵਿਹਾਰ ਕਲਪ (27) ਚਰਨ ਵਿਧੀ (28) ਆਤੁਰਪ੍ਰਤਿਖਿਆਨ (29) ਮਹਾਪ੍ਰਤਿਖਿਆਨ

## ਕਾਲਿਕ

(1) ਉੱਤਰਾਧਿਐਨ (2) ਦਸ਼ਾਸ਼ਰੁਤ ਸਕੰਧ (3) ਬ੍ਰਿਹਤ ਕਲਪ (4) ਵਿਵਹਾਰ (5) ਨਸ਼ੀਥ (6) ਮਹਾਨਸ਼ੀਥ (7) ਰਿਸ਼ੀ ਭਾਸ਼ੀਤ (8) ਜੰਬੂ ਦੀਪ (9) ਦੀਪਸਾਗਰ ਪ੍ਰਗਿਆਪਤੀ (10) ਚੰਦਰ ਪ੍ਰਗਿਆਪਤੀ (11) ਲਘੁਵਿਮਾਨ ਪ੍ਰਵਿਭੱਕਤੀ (12) ਮਹਾਵਿਮਾਨ (13) ਅੰਗ ਚੂਲਿਕਾ (14) ਵਰਗ ਚੂਲਿਕਾ (15) ਵਿਵਾਹ ਚੂਲਿਕਾ (16) ਅਰੁਣੋਪਪਾਤ (17) ਵਰੁਣੋਪਪਾਤ (18) ਗਰੁੜੋਪਪਾਤ (19) ਧਰਨੋਪਪਾਤ (20) ਵੈਸ਼ਰਮਨੋਪਪਾਤ (21) ਵੇਲੰਧਰੋਪਪਾਤ (22) ਦੇਵਿੰਦਰੋਪਪਤਾ (23) ਉਥਾਨ ਸ਼ਰੁਤ (24) ਸਮੁਥਾਨ ਸ਼ਰੁਤ (25) ਨਾਗ ਪ੍ਰਗਿਆਪਨਿਕਾ (26) ਕਲਪਾਵਤਸਿਕਾ (28) ਪੁਸ਼ਪਿਤਾ (29) ਪੁਸ਼ਪ ਚੂਲਿਕਾ (30) ਵਿਸ਼ਨੀ ਦਸ਼ਾ।

## ਅੰਗ

(1) ਅਚਾਰਾਂਗ (2) ਸੂਤਰ ਕ੍ਰਿਤਾਂਗ (3) ਸਥਾਨਾਂਗ (4) ਸਮਵਾਯਾਂਗ (5) ਵਿਆਖਿਆ ਪ੍ਰਗਿਆਪਤੀ (6) ਗਿਆਤਾ ਧਰਮ ਕਥਾਂਗ (7) ਉਪਾਸਕ ਦਸ਼ਾਂਗ (8) ਅੰਤਕ੍ਰਿਤਦਸ਼ਾਂਗ (9) ਅਨੁਤਰ ਔਪਪਾਤਿਕ (10) ਪ੍ਰਸ਼ਨ ਵਿਆਕਰਣ (11) ਵਿਪਾਕ (12) ਦ੍ਰਿਸ਼ਟੀਵਾਦ। (29+30+12=71) (72) ਆਵਸ਼ਕ (73) ਅੰਤਕ੍ਰਿਤ ਦਸ਼ਾ (74) ਪ੍ਰਸ਼ਨ ਵਿਆਕਰਣ (75) ਅਨੁਤਰੋਪਾਤਿਕ ਦਸ਼ਾ (76) ਬੰਧ ਦਸ਼ਾ (77) ਦਿਵੀਗ੍ਰਿਧਿ ਦਸ਼ਾ (78) ਦੀਰਘ ਦਸ਼ਾ (79) ਸੁਪਨ ਭਾਵਲਾ (80) ਚਾਰਨ ਭਾਵਨਾ (81) ਤੇਜੋਨਿਗਰਗ (82) ਆਸੀਵਿਸ਼ ਭਾਵਨਾ (83) ਦਰਿਸ਼ਟੀਵਿਸ਼ ਭਾਵਨਾ (84) 55 ਅਧਿਐਨ ਕਲਿਆਣ

ਫਲ ਵਿਪਾਕ ਤੇ 55 ਅਧਿਐਨ ਪਾਪ ਫਲ ਵਿਪਕ।

ਅੱਜ ਕੱਲ੍ਹ 45 ਆਗਮ ਸ਼ਵੇਤਾਂਬਰ ਮੂਰਤੀ ਪੂਜਕ ਪਰੰਪਰਾ ਵਿਚ ਮੰਨੇ ਜਾਂਦੇ ਹਨ, ਜੋ ਇਸ ਪ੍ਰਕਾਰ ਹਨ :

(1) 11 ਅੰਗ

(2) 12 ਉਪਾਂਗ

(3) 06 ਛੇਦ ਸੂਤਰ

(1) ਨਸ਼ੀਥ (2) ਮਹਾਨਸ਼ੀਥ (3) ਵਿਵਹਾਰ (4) ਦਸ਼ਾਸ਼ਰੁਤ ਸਕੰਧ (5) ਬ੍ਰਿਹਤ ਕਲਪ (6) ਪੰਚਕਲਪ।

(4) 6 ਮੂਲ ਸੂਤਰ

(1) ਉਤਰਾਧਿਐਨ (2) ਆਵਸ਼ਕ (3) ਦਸ਼ਵੈਕਾਲਿਕ (4) ਪਿੰਡਨਿਯੁਕਤੀ (5) ਨੰਦੀ (6) ਅਨੁਯੋਗ ਦਵਾਰ।

(5) 10 ਪਰਿਕਿਰਨਕ

(1) ਚਤੁਸ਼ਰਨ (2) ਆਤੁਰ ਪ੍ਰਤਿਖਿਆਨ (3) ਮਹਾਪ੍ਰਤਿਖਿਆਨ (4) ਸੰਸਤਾਰਕ (5) ਭਕਤ ਪ੍ਰਤਿਖਿਆਨ (6) ਚੰਦਰ ਕਵੈਦਿਯਕ (7) ਦਵੇਂਦਰ ਸਤਵ (8) ਗਣੀ ਵਿੱਦਿਆ (9) ਮਹਾ ਪ੍ਰਤਿਖਿਆਨ (10) ਵੀਰਸਤਵ।

ਸ਼ਵੇਤਾਂਬਰ ਸਥਾਨਕ ਵਾਸੀ ਤੇਰਾ ਪੰਥੀ ਇਹ ਸਿਰਫ 32 ਆਗਮਾਂ ਨੂੰ ਪ੍ਰਮਾਣਿਕ ਮੰਨਦੇ ਹਨ। ਜਿਨ੍ਹਾਂ ਵਿਚ 11 ਅੰਗ, 12 ਉਪਾਂਗ, 4 ਮੂਲ ਸੂਤਰ (ਆਵਸ਼ਕ, ਪਿੰਡ ਨਿਯੁਕਤੀ ਨੂੰ ਛੱਡ ਕੇ), 5 ਛੇਦ ਸੂਤਰ (ਪੰਚਕਲਪ ਸੂਤਰ ਨੂੰ ਛੱਡ ਕੇ) ਮੰਨੇ ਜਾਂਦੇ ਹਨ। ਇਸ ਪਰੰਪਰਾ ਵਿਚ 10 ਪ੍ਰਕਿਰਨਕਾਂ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ।

## ਜੈਨ ਸਾਹਿਤ ਦਾ ਦੂਸਰੇ ਸਾਹਿਤ ਤੇ ਅਸਰ :

ਅੱਜ ਕੱਲ ਉਪਨਿਸ਼ਧਾਂ ਦਾ ਅਵੇਦਿਕ ਹਿੱਸਾ, ਗੀਤਾ, ਮਹਾਭਾਰਤ, ਸਾਂਖਯ ਦਰਸ਼ਨ ਉਪਰ ਸ਼੍ਰਮਣ ਸੰਸਕ੍ਰਿਤੀ ਦੀ ਬਹੁਤ ਡੂੰਘੀ ਛਾਪ ਹੈ। ਇਸੇ ਲਈ ਸ੍ਰੀ ਉਤਰਾਧਿਐਨ ਸੂਤਰ ਦੀਆਂ ਕਈਆਂ ਗਾਥਾਵਾਂ ਗੀਤਾ, ਮਹਾਭਾਰਤ ਤੇ ਬੋਧੀ ਗਰੰਥਾਂ ਵਿਚ ਮਿਲਦੀਆਂ ਹਨ। ਕਈ ਕਹਾਣੀਆਂ ਵੀ ਨਾਂ ਦੇ ਹੇਰ ਫੇਰ ਨਾਲ ਮਹਾਭਾਰਤ ਤੇ ਬੋਧੀ ਗਰੰਥਾਂ ਵਿਚ ਮਿਲਦੀਆਂ ਹਨ। ਸ਼੍ਰਮਣ ਪਰੰਪਰਾ ਦੀ ਸਭ ਤੋਂ ਵੱਡੀ ਦੇਣ ਧਿਆਨ, ਤਪੱਸਿਆ, ਵਰਤ ਆਦਿ ਦੀ ਮਹਾਨ ਪਰੰਪਰਾ ਹੈ। ਭਗਵਾਨ ਮਹਾਵੀਰ ਇਸੇ ਪਰੰਪਰਾ ਦੀ ਆਖਰੀ ਕੜੀ ਸਨ। ਉਹ ਸੰਸਥਾਪਕ ਨਹੀਂ ਸ਼੍ਰਮਣ ਪਰੰਪਰਾ ਭਾਰਤ ਦੀ ਆਦਿ ਕਾਲ ਤੋਂ ਚੱਲੀ ਪਰੰਪਰਾ ਹੈ। ਇਹ ਯੱਗ ਵਿਰੋਧੀ ਹੈ ਜਾਤ ਪਾਤ ਤੋਂ ਰਹਿਤ ਹੈ। ਵਰਨ ਆਸ਼ਰਮ ਲਈ ਇਸ ਵਿਚ ਕੋਈ ਥਾਂ ਨਹੀਂ। ਵੇਦਾਂ ਵਿਚ ਵਰਨਣ ਕੀਤੇ ਅਸੁਰਾਂ ਦਾ ਧਰਮ ਇਸੇ ਨਾਲ ਸਬੰਧਤ ਹੈ।

## ਇਸ ਅਨੁਵਾਦ ਬਾਰੇ

ਇਸ ਅਨੁਵਾਦ ਬਾਰੇ ਅਸੀਂ ਕੀ ਲਿਖੀਏ ? ਸੂਝਵਾਨ ਪਾਠਕ ਇਸ ਨੂੰ ਪੜ੍ਹ ਕੇ ਆਪ ਹੀ ਅੰਦਾਜ਼ਾ ਲਗਾ ਸਕਦੇ ਹਨ ਕਿ ਅਨੁਵਾਦਕ ਨੇ ਕਿੰਨੀ ਮਿਹਨਤ ਤੇ ਲਗਨ ਨਾਲ ਇਸ ਵਿਸ਼ਾਲ ਗ੍ਰੰਥ ਦਾ ਅਨੁਵਾਦ ਕੀਤਾ ਹੈ। ਇਸ ਅਨੁਵਾਦ ਦੇ ਮੁੱਖ ਰੂਪ ਵਿਚ ਤਿੰਨ ਭਾਗ ਹਨ। ਸਭ ਤੋਂ ਪਹਿਲਾਂ ਹਰ ਅਧਿਐਨ ਦੀ ਸੰਖੇਪ ਜਾਣਕਾਰੀ, ਮਹੱਤਵਪੂਰਨ ਸ਼ਬਦਾਂ ਦੀ ਵਿਆਖਿਆ ਤੇ ਅਧਿਐਨ ਨਾਲ ਸਬੰਧਿਤ ਕਹਾਣੀਆਂ ਦਿੱਤੀਆਂ ਗਈਆਂ ਹਨ।

ਦੂਸਰੇ ਭਾਗ ਵਿਚ ਹਰ ਇਕ ਅਧਿਐਨ ਦੀ ਗਾਥਾ ਦਾ ਅਰਥ

ਹੈ। ਹਰ ਗਾਥਾ ਨਾਲ ਸਬੰਧਤ ਟਿੱਪਣੀ, ਅਧਿਐਨ ਨਾਲ ਹੀ ਦੇ ਦਿੱਤੀ ਗਈ ਹੈ। ਟਿੱਪਣੀ ਦੇ ਨਾਲ ਨਾਲ ਗਾਥਾ ਦਾ ਦੂਸਰੇ ਭਾਰਤੀ ਧਰਮ ਗ੍ਰੰਥਾਂ ਨਾਲ ਤੁਲਨਾ ਕਰ ਦਿੱਤੀ ਗਈ ਹੈ, ਤਾਂ ਕਿ ਪਾਠਕਾਂ ਨੂੰ ਪਤਾ ਲੱਗ ਸਕੇ ਕਿ ਭਾਰਤੀ ਸਾਹਿਤ ਵਿਚ ਸ਼੍ਰੀ ਉੱਤਰਾਧਿਐਨ ਸੂਤਰ ਦੀ ਕਿੰਨੀ ਮਹੱਤਵ ਪੂਰਨ ਥਾਂ ਹੈ। ਮੂਲ ਪ੍ਰਾਕ੍ਰਿਤ ਪਾਠ ਛੱਡ ਦਿੱਤਾ ਗਿਆ ਹੈ ਕਿਉਂਕਿ ਇਸ ਦਾ ਲਿੱਪੀਅੰਤਰ ਕਰਕੇ ਗ੍ਰੰਥਾ ਦਾ ਆਕਾਰ ਵਧਾਉਣਾ ਠੀਕ ਨਹੀਂ ਸਮਝਿਆ ਗਿਆ। ਪਰ ਹਰ ਗਾਥਾ ਦਾ ਨੰਬਰ ਉਸ ਦੇ ਨਾਲ ਹੀ ਦਿੱਤਾ ਗਿਆ ਹੈ। ਗ੍ਰੰਥ ਦੇ ਤੀਸਰੇ ਭਾਗ ਵਿਚ ਸ਼੍ਰੀ ਉੱਤਰਾਧਿਐਨ ਸੂਤਰ ਦਾ ਤੁਲਨਾਤਮਕ ਅਧਿਐਨ ਅਤੇ ਜੈਨ ਧਰਮ ਸਬੰਧੀ ਕੁਝ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ। ਤਾਂ ਕਿ ਪੰਜਾਬੀ ਪਾਠਕ ਸ਼੍ਰੀ ਉੱਤਰਾਧਿਐਨ ਸੂਤਰ ਦਾ ਪੂਰਾ ਲਾਭ ਉਠਾ ਸਕਣ।

## ਦੂਸਰਾ ਐਡੀਸ਼ਨ

ਇਸ ਗ੍ਰੰਥ ਦਾ ਪਹਿਲਾ ਐਡੀਸ਼ਨ ਸੰਨ 1976 ਵਿਚ ਛਪਿਆ ਸੀ ਜੋ ਕਿ ਕੁਝ ਸਮੇਂ ਬਾਅਦ ਸਮਾਪਤ ਹੋ ਗਿਆ। ਪਾਠਕਾਂ ਦੀ ਲੰਬੇ ਸਮੇਂ ਤੋਂ ਇਸ ਗ੍ਰੰਥ ਦੇ ਦੂਸਰੇ ਐਡੀਸ਼ਨ ਦੀ ਮੰਗ ਸੀ। ਸੋ ਅਸੀਂ ਇਸ ਐਡੀਸ਼ਨ ਵਿਚ ਸੁਧਾਰ ਕਰਕੇ ਇਸ ਐਡੀਸ਼ਨ ਨੂੰ ਦੁਬਾਰਾ ਪਾਠਕਾਂ ਦੇ ਲਈ ਪ੍ਰਕਾਸ਼ਿਤ ਕੀਤਾ ਹੈ। ਆਸ ਹੈ ਕਿ ਪਾਠਕ ਇਸ ਗ੍ਰੰਥ ਵਿਚ ਰਹਿ ਗਈਆਂ ਗਲਤੀਆਂ ਸਬੰਧੀ ਧਿਆਨ ਨਹੀਂ ਦੇਣਗੇ। ਅਸੀਂ ਵਿਸ਼ੇਸ਼ ਸਹਿਯੋਗ ਲਈ ਸ਼੍ਰੀ ਚਰਨਜੀਤ, ਓਮੇਗਾ ਕੰਪਿਊਟਰ, ਮਾਲੇਰਕੋਟਲਾ ਦਾ ਧੰਨਵਾਦੀ ਹਾਂ।

ਪੁਰਸ਼ੋਤਮ ਜੈਨ, ਰਵਿੰਦਰ ਜੈਨ,

(xxx) 10 ਨਵੰਬਰ, 2005

# ਟਿੱਪਣੀਆਂ

(1) ਪ੍ਰਵਚਨ ਸਾਰੋ ਦਵਾਰ ਗਾਥਾ 731-33

(2) ਰਿਗਵੇਦ 10/11/36/2

ਸ਼੍ਰੀਮਦ ਭਾਗਵਤ ਤੋਠੋਂਓ3/20

(3) ਬ੍ਰਹਦਾਰ ਨਕ ਉਪਨਿਸ਼ਧ 4/3/22

(4) ਬਾਲਕਾਂਡ ਸਰਗ 14/22

(5) ਰਿਗਵੇਦ 10/9/102/6

(6) ਅਥਰਵਵੇਦ ਸਾਯਨ ਭਾਸ਼ਯ 15/1/1/1

(7) ਰਿਗਵੇਦ 1/24/140/1-2/4/33/15-5/2/28-4/6/1/1/8,-

6/2/19/11, 10/12/166/1।

(8) ਰਿਗਵੇਦ 2/4/33/10

(9) ਵਿਸ਼ਨੂੰ ਪੁਰਾ 3/17/18

ਪਦਮ ਪੁਰਾਨ ਸ੍ਰਿਸ਼ਟੀ ਖੰਡ ਅਧਿਆਏ 13/170-410

ਮਤਸਯ ਪੁਰਾਨ 24/43-49

ਦੇਵੀ ਭਾਗਵਤ 4/13/54-57

(10) ਵਿਸ਼ਨੂੰ ਪੁਰਾਨ 3/18/12-13-14-3/18/27

3/18/25-3/18/28-29-3/18/8-11

(11) (ੳ) ਵਾਯੂ ਪੁਰਾਣ ਪੂਰਵ ਅਰਧ 33/50

(ਅ) ਬ੍ਰਹਮੰਡ ਪੁਰਾਣ ਪੂਰਵ ਅਰਧ ਅਨੁਸ਼ਪਾਦ 14/60

(12) ਮਹਾਭਾਰਤ ਸ਼ਾਂਤੀ ਪੂਰਵ ਮੋਕਸ਼ ਧਰਮ ਅਧਿਆਏ 263/20

(13) ਜੈ:ਸ:ਈ:ਪੁ: ਪੰਨਾ 108

(14) ਦੀਰਘ ਨਿਕਾਏ 1/1 (5-15) 1/2 (21)

(15) ਥੇਰ ਗਾਥਾ (1-20)

(16) ਜੈਨ ਸਾਹਿਤ ਦਾ ਇਤਿਹਾਸ ਭਾਗ - 1 ਪੰਨਾ 2/24-25

# ਸ੍ਰੀ ਉੱਤਰਾਧਿਐਨ ਸੂਤਰ ਸਤੁਤੀ

## (ਆਚਾਰਿਆ ਭੱਦਰਵਾਹੂ ਸਵਾਮੀ)

''ਜੋ ਜਨਮ ਮਰਨ ਦੇ ਗੇੜ ਨੂੰ ਖ਼ਤਮ ਕਰਕੇ ਛੇਤੀ ਮੁਕਤੀ ਪ੍ਰਾਪਤ ਕਰਨ ਯੋਗ ਹਨ, ਜਿਨ੍ਹਾਂ ਦਾ ਸੰਸਾਰ ਚੱਕਰ ਘੱਟ ਰਹਿ ਗਿਆ ਹੈ। ਅਜਿਹੇ ਮਹਾਨ ਪੁਰਸ਼ ਹੀ ਸ੍ਰੀ ਉੱਤਰਾਧਿਐਨ ਸੂਤਰ ਦੇ 36 ਅਧਿਐਨਾਂ ਦਾ ਸੱਚੇ ਹਿਰਦੇ ਨਾਲ ਅਧਿਐਨ ਕਰਦੇ ਹਨ। ਜਿਨ੍ਹਾਂ ਦਾ ਜਨਮ ਮਰਨ ਦਾ ਗੇੜ ਬਾਕੀ ਹੈ, ਜਿਨ੍ਹਾਂ ਨੇ ਅਜੇ ਸੰਸਾਰ ਵਿਚ ਘੁੰਮਣਾ ਹੈ, ਜਿਨ੍ਹਾਂ ਦੇ ਭੈੜੇ ਕਰਮਾਂ ਕਾਰਨ ਅਸ਼ੁਭ ਵਿਚਾਰ ਹਨ, ਉਹ ਸ੍ਰੀ ਉੱਤਰਾਧਿਐਨ ਸੁਤਰ ਦਾ ਅਧਿਐਨ ਕਰਨ ਦੇ ਅਯੋਗ ਹਨ। ਇਸ ਲਈ ਜਿਨੇਂਦਰ ਭਗਵਾਨ ਮਹਾਵੀਰ ਰਾਹੀਂ ਫੁਰਮਾਏ ਸ਼ਬਦ ਅਤੇ ਵਿਸ਼ਾਲ ਅਰਥਾਂ ਬਾਰੇ ਇਸ ਉੱਤਰਾਧਿਐਨ ਸੂਤਰ ਦੇ ਅਧਿਐਨਾਂ ਦਾ ਵਿਧੀ ਪੂਰਵਕ ਤਪ ਕਰਕੇ ਗੁਰੂਆਂ ਪਾਸੋਂ ਪ੍ਰਸੰਨਤਾ ਨਾਲ ਅਧਿਐਨ ਕਰਨਾ ਚਾਹੀਦਾ ਹੈ।''

(ਸ੍ਰੀ ਉੱਤਰਾਧਿਐਨ ਨਿਰਯੁਕਤੀ)

ਪ੍ਰਾਪਤ ਹੁੰਦਾ ਹੈ ?

ਉੱਤਰ : ਵਿਯਵਦਾਨ (ਸ਼ੁੱਧੀ) ਨਾਲ ਜੀਵ (ਅਕ੍ਰਿਆ) ਮਨ, ਬਚਨ ਤੇ ਸਰੀਰ ਦੇ ਵਿਕਾਰਾਂ ਤੋਂ ਛੁਟਕਾਰਾ ਪ੍ਰਾਪਤ ਕਰਦਾ ਹੈ। ਅਕ੍ਰਿਆ (ਕਰਮਾਂ ਤੋਂ ਮੁਕਤ) ਹੋਣ ਤੋਂ ਬਾਅਦ ਉਹ ਜੀਵ ਸਿੱਧ ਹੁੰਦਾ ਹੈ ਅਤੇ ਸਾਰੇ ਦੁੱਖਾਂ ਦਾ ਅੰਤ ਕਰਦਾ ਹੈ।28।

ਪ੍ਰਸ਼ਨ : ਹੇ ਭਗਵਾਨ ! ਸੁਖਸ਼ਾਂਤ (ਸੁੱਖਾਂ ਦੀ ਕਾਮਨਾ ਨਾ ਕਰਨ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸੁਖਸ਼ਾਂਤ ਨਾਲ ਵਿਸ਼ੇ ਵਿਕਾਰਾਂ ਦੇ ਪ੍ਰਤੀ ਇੱਛਾ ਘੱਟਦੀ ਹੈ। ਇੱਛਾ ਘਟਾਉਣ ਵਾਲਾ ਜੀਵ ਰਹਿਮ ਕਰਨ ਵਾਲਾ, ਅਭੀਮਾਨ, ਸ਼ਾਂਤ ਅਤੇ ਦੁੱਖ ਰਹਿਤ ਹੋ ਕੇ ਚਾਰਿੱਤਰ ਮੋਹਨੀਆਂ (ਚਾਰਿੱਤਰ ਨੂੰ ਖ਼ਤਮ ਕਰਨ ਵਾਲੇ) ਕਰਮ ਦਾ ਖ਼ਾਤਮਾ ਕਰਦਾ ਹੈ।29।

ਪ੍ਰਸ਼ਨ : ਹੇ ਭਗਵਾਨ ! ਅਪ੍ਰਤਿਬੰਧਤਾ (ਸੰਸਾਰ ਪ੍ਰਤਿ ਲਗਾਉ ਦੀ ਭਾਵਨਾ ਤੋਂ ਰਹਿਤ ਹੋਣ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਅਪ੍ਰਤਿਬੰਧਤਾ ਨਾਲ ਜੀਵ ਨਿਸੰਸਗ (ਮੇਲ ਮਿਲਾਪ) ਤੋਂ ਰਹਿਤ ਹੁੰਦਾ ਹੈ। ਮੇਲ ਮਿਲਾਪ ਤੋਂ ਰਹਿਤ, ਜੀਵ ਇਕੱਲਾ (ਆਤਮਾ ਸਾਧਨਾ ਵਾਲਾ) ਹੁੰਦਾ ਹੈ। ਇਕ ਚਿੱਤ ਹੁੰਦਾ ਹੈ। ਦਿਨ ਤੇ ਰਾਤ ਹਮੇਸ਼ਾ ਸੰਸਾਰ ਤੋਂ ਅਲੱਗ ਅਤੇ ਬੇਰੋਕ ਹੋ ਕੇ ਘੁੰਮਦਾ ਹੈ।30।

ਪ੍ਰਸ਼ਨ : ਹੇ ਭਗਵਾਨ ! ਵਿਵਿਕਤ ਸ਼ਯਨਾਆਸਨ (ਇਸਤਰੀ ਪੁਸ਼ਰ ਤੇ ਨਿਪੁੰਸਕ) ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਵਿਵਿਕਤ ਸ਼ਯਨਾਆਸਨ ਨਾਲ ਜੀਵ ਚਾਰਿੱਤਰ ਦੀ ਰੱਖਿਆ ਕਰਦਾ ਹੈ। ਚਾਰਿੱਤਰ ਰੱਖਿਆ ਕਰਨ ਵਾਲਾ ਵਿਵਿਕਤ ਆਹਾਰੀ (ਵਾਸਨਾ ਵਧਾਉਣ ਵਾਲੇ ਖਾਣੇ ਦਾ ਤਿਆਗੀ) ਦ੍ਰਿੜ ਚਾਰਿੱਤਰਵਾਨ,

ਇਕੱਲ ਪਸੰਦ ਕਰਨ ਵਾਲਾ, ਮੁਕਤੀ ਭਾਵ ਨਾਲ ਸੰਪੰਨ ਜੀਵ, ਅੱਠ ਪ੍ਰਕਾਰ ਦੇ ਕਰਮਾਂ ਦੀ ਗੱਠਾਂ ਨੂੰ ਖ਼ਤਮ ਕਰਦਾ ਹੈ।31।

ਪ੍ਰਸ਼ਨ : ਹੇ ਭਗਵਾਨ ! ਵਿਨਿਵਰਤਨਾ (ਮਨ ਤੇ ਇੰਦਰੀਆਂ ਨੂੰ ਵਿਸ਼ੇ ਵਿਕਾਰਾਂ ਤੋਂ ਅੱਡ ਰੱਖਣ ਦੀ ਭਾਵਨਾ ਨਾਲ) ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉਤਰ : ਵਿਨਿਵਰਤਨਾ ਨਾਲ (ਮਨ ਅਤੇ ਇੰਦਰੀਆਂ ਨੂੰ ਵਿਸ਼ੇ ਵਿਕਾਰਾਂ ਤੋਂ ਅੱਡ ਰੱਖਣ ਦੀ ਸਾਧਨਾ ਕੋਸ਼ਿਸ਼) ਨਾਲ ਜੀਵ ਪਾਪ ਕਰਮਾਂ ਨੂੰ ਨਾਲ ਕਰਨ ਲਈ ਤਿਆਰ ਹੁੰਦਾ ਹੈ। ਪਿਛਲੇ ਕੀਤੇ ਗਏ ਕਰਮਾਂ ਦੀ ਨਿਰਜਰਾ ਤੋਂ ਛੁਟਕਾਰਾ ਪਾਉਂਦਾ ਹੈ ਅਤੇ ਚਾਰ ਦਰਵਾਜ਼ੇ (ਦੇਵ, ਮਨੁੱਖ, ਪਸ਼ੂ ਤੇ ਨਰਕ) ਰੂਪੀ ਸੰਸਾਰ ਤੋਂ ਪਾਰ ਹੋ ਜਾਂਦਾ ਹੈ।32।

ਪ੍ਰਸ਼ਨ : ਹੇ ਭਗਵਾਨ ! ਸੰਭੋਗ (ਇਕੱਠੇ ਮਿਲ ਕੇ ਖਾਣ-ਪੀਣ ਦੀ ਇੱਛਾ ਤਿਆਗਣਾ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸੰਭੋਗ (ਇਕ ਦੂਸਰੇ ਦੇ ਨਾਲ ਇਕੱਠੇ ਭੋਜਨ ਦੀ ਆਦਤ ਤਿਆਗਣ) ਨਾਲ ਪਰ ਅਧੀਨਗੀ ਤੋਂ ਛੁਟਕਾਰਾ ਪ੍ਰਾਪਤ ਕਰਦਾ ਹੈ। ਇਸ ਤੋਂ ਛੁਟਕਾਰਾ ਮਿਲਣ ਤੋਂ ਬਾਅਦ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਮੁਕਤੀ ਪ੍ਰਾਪਤ ਕਰਨ ਦੀ ਇੱਛ ਵੱਲ ਲੱਗ ਜਾਂਦੀਆਂ ਹਨ ਆਪਣੇ ਰਾਹੀਂ ਪ੍ਰਾਪਤ ਕਰਨ ਦੀ ਇੱਛਾ ਤੋਂ ਸੰਤੁਸ਼ਟ ਹੁੰਦਾ ਹੈ। ਦੂਸਰੇ ਦੇ ਲਾਭ ਦਾ ਸੇਵਨ ਨਹੀਂ ਕਰਦਾ ਅਤੇ ਪਰਾਏ ਲਾਭ ਦੀ ਵਰਤੋਂ ਦੀ ਕਲਪਣਾ ਤੱਕ ਵੀ ਨਹੀਂ ਕਰਦਾ ਅਤੇ ਇੱਛਾ ਨਹੀਂ ਕਰਦਾ। ਪਰ ਅਧੀਨਗੀ ਦੀ ਇੱਛਾ ਨਹੀਂ ਕਰਦਾ ਇਸ ਪ੍ਰਕਾਬ ਦੇ ਲਾਭ ਕਲਪਨਾ, ਇੱਛਾ, ਬੇਨਤੀਆਂ ਇੱਛਾ ਨਾ ਰੱਖਦਾ ਹੋਇਆ ਸਾਧੂ ਜੀਵਨ ਵਿਚ ਦੂਸਰੇ ਦੀ ਸੁੱਖ ਸ਼ੈਯਾ (ਆਸਨ) ਨੂੰ ਪ੍ਰਾਪਤ ਕਰਦਾ ਹੈ ਅਤੇ ਘੁੰਮਦਾ ਹੈ।33।

ਪ੍ਰਸ਼ਨ : ਹੇ ਭਗਵਾਨ ! ਉਪਧਿ (ਬਰਤਨ, ਕੱਪੜੇ) ਦੇ ਤਿਆਗ ਕਰਨ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਉਪਧਿ (ਉਪਕਰਨਾਂ) ਦੇ ਤਿਆਗ ਕਰਨ ਨਾਲ ਜੀਵ ਨਿਰਵਿਘੰਨਤਾ ਨੂੰ ਪ੍ਰਾਪਤ ਕਰਦਾ ਹੈ। ਉਪਧਿ ਰਹਿਤ ਜੀਵ ਇੱਛਾ ਤੋਂ ਮੁਕਤ ਹੋ ਕੇ ਕੱਪੜੇ ਭਾਂਡੇ ਦੀ ਕਮੀ ਹੋਣ ਤੇ ਵੀ ਕਸ਼ਟ ਮਹਿਸੂਸ ਨਹੀਂ ਕਰਦਾ।34।

ਪ੍ਰਸ਼ਨ : ਹੇ ਭਗਵਾਨ ! ਆਹਾਰ ਦੇ ਪਛਖਾਨ (ਤਿਆਗ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਭੋਜਨ ਦੇ ਪਛਖਾਨ ਨਾਲ ਜੀਵ ਜੀਵਨ ਦੀ ਇੱਛਾ ਦੀ ਕੋਸ਼ਿਸ਼ ਖ਼ਤਮ ਕਰ ਦਿੰਦਾ ਹੈ। ਜੀਉਣ ਦੀਆਂ ਕੋਸ਼ਿਸ਼ਾਂ ਛੱਡ ਕੇ ਉਹ ਭੋਜਨ ਦੇ ਨਾ ਮਿਲਣ ਤੇ ਵੀ ਦੁਖੀ ਨਹੀਂ ਹੁੰਦਾ ਹੈ।35।

ਪ੍ਰਸ਼ਨ : ਹੇ ਭਗਵਾਨ ! ਕਸ਼ਾਏ ਦੇ ਤਿਆਗ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਕਸ਼ਾਏ (ਕਾਮ, ਕਰੋਧ, ਲੋਭ ਮੋਹ) ਆਦਿ ਦੇ ਤਿਆਗ ਨਾਲ ਜੀਵ ਵੀਤਰਾਗ (ਰਾਗ, ਦਵੇਸ਼ ਆਦਿ ਵਿਕਾਰਾਂ ਨੂੰ ਖ਼ਤਮ ਕਰਨਾ) ਭਾਵ ਨੂੰ ਪ੍ਰਾਪਤ ਹੁੰਦਾ ਹੈ। ਵੀਤਰਾਗ ਭਾਵ ਨੂੰ ਪ੍ਰਾਪਤ ਜੀਵ ਸੁੱਖ ਦੁੱਖ ਵਿਚ ਇਕ ਬਰਾਬਰ ਰਹਿੰਦਾ ਹੈ।36।

ਪ੍ਰਸ਼ਨ : ਹੇ ਭਗਵਾਨ ਨੂੰ ! ਯੋਗ (ਮਨ, ਬਚਨ, ਕਾਇਆ ਦੇ ਪਾਪਾਂ ਦਾ ਤਿਆਗ ਕਰਨ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਮਨ, ਬਚਨ ਕਾਇਆ ਨਾਲ ਸਬੰਧਤ ਯੋਗਾਂ ਦੇ ਲੱਛਣ ਨਾਲ ਅਯੋਗੀ (ਪਾਪ ਰਹਿਤ) ਹੋ ਜਾਂਦਾ ਹੈ। ਅਯੋਗੀ (ਪਾਪ ਰਹਿਤ) ਜੀਵ ਨਵੇਂ ਕਰਮਾਂ ਨੂੰ ਪ੍ਰਾਪਤ (ਸੰਗ੍ਰਹਿ) ਨਹੀਂ ਕਰਦਾ ਅਤੇ ਨਵੇਂ ਕਰਮ ਨਹੀਂ

ਕਰਦਾ ਅਤੇ ਪਹਿਲਾਂ ਕੀਤੇ ਕਰਮਾਂ ਦੀ ਨਿਰਜਰਾ ਕਰਨਾ।37।

ਪ੍ਰਸ਼ਨ : ਹੇ ਭਗਵਾਨ ! ਸਰੀਰ ਦੇ ਤਿਆਗ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ਭਾਵ ਸਰੀਰ ਦੇ ਮੋਹ ਛੱਡਣ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸਰੀਰ ਦੇ ਮੋਹ ਛੱਡਣ ਨਾਲ ਜੀਵ ਸਿੱਧਾਂ ਵਰਗੇ ਖਾਸ ਗੁਣ ਪ੍ਰਾਪਤ ਕਰਦਾ ਹੈ। ਸਿੱਧਾਂ ਦੇ ਵਿਸ਼ੇਸ਼ ਗੁਣਾਂ ਨਾਲ ਭਰਪੂਰ ਜੀਵ ਲੋਕ ਤੋਂ ਅੱਗੇ (ਸਿੱਧ ਸਥਾਨ) ਪਹੁੰਚ ਕੇ ਪਰਮ ਸੁੱਖ ਨੂੰ ਪ੍ਰਾਪਤ ਹੁੰਦਾ ਹੈ।38।

ਪ੍ਰਸ਼ਨ : ਹੇ ਭਗਵਾਨ ! ਸਹਾਇਤਾ ਮੰਗਣ ਦੀ ਆਦਤ ਛੱਡਣ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸਹਾਇਤਾ (ਸਾਥ ਛੱਡਣ ਨਾਲ) ਜੀਵ ਇਕੱਲੇ ਹੋਣ ਦੇ ਭਾਵ ਨੂੰ ਪ੍ਰਾਪਤ ਹੁੰਦਾ ਹੈ, ਇਕੱਲੇ ਰਹਿਣ ਨਾਲ ਜੀਵ ਇਕਾਗਰਤਾ ਦੀ ਭਾਵਨਾ ਕਰਦਾ ਹੋਇਆ ਗਲਤ, ਸ਼ਬਦ ਲੜਾਈ ਕਰਾਉਣ ਵਾਲੇ ਵਾਕਾਂ, ਝਗੜੇ, ਗੁੱਸੇ, ਕਲੇਸ਼, ਕਸ਼ਾਇ ਅਤੇ ਤੂੰ ਤੂੰ ਮੈਂ ਮੈਂ ਆਦਿ ਤੋਂ ਮੁਕਤ ਹੁੰਦਾ ਹੈ। ਸੰਜਮ ਅਤੇ ਸੰਵਰ (ਪਾਪ ਨੂੰ ਰੋਕਨਾ) ਨਾਲ ਵਿਸ਼ਾਲਤਾ ਪ੍ਰਾਪਤ ਕਰਦਾ ਹੈ।39।

ਪ੍ਰਸ਼ਨ : ਹੇ ਭਗਵਾਨ ! ਭਗਤ ਪਛਖਾਨ (ਆਪਣੀ ਇੱਛਾ ਨਾਲ ਲਈ ਗਿਆਨ ਪੂਰਵਕ ਭੋਜਨ ਤਿਆਗ ਨਾਲ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਭਗਤ ਪਛਖਾਨ (ਸਥਾਂਗ) ਨਾਲ ਜੀਵ ਅਨੇਕਾਂ ਪ੍ਰਕਾਰ ਦੇ ਸੈਂਕੜੇ ਜਨਮਾਂ ਮਰਨਾਂ ਨੂੰ ਰੋਕਦਾ (ਨਿਰੋਧ) ਹੈ।40।

ਪ੍ਰਸ਼ਨ : ਹੇ ਭਗਵਾਨ ! ਸਦਭਾਵ ਵਿਕਾਰਾਂ ਪਛਖਾਨ ਨਾਲ ਜੀਵ

ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸਦਭਾਵ ਪਛਖਾਨ ਨਾਲ ਜੀਵ ਅਨਿਵਰਤੀ (ਸ਼ੁਕਲ ਧਿਆਨ ਦਾ ਚੌਥਾ ਭੇਦ) ਨੂੰ ਪ੍ਰਾਪਤ ਕਰਦਾ ਹੈ। ਅਨਿਵਰਤੀ ਨੂੰ ਪ੍ਰਾਪਤ ਕਰਦੇ ਅਨਗਾਰ ਕੇਵਲੀ (ਸਰਵੱਗ - ਸਭ ਕੁਝ ਜਾਨਣ ਵਾਲਾ) ਦੇ ਬਾਕੀ ਰਹਿੰਦੇ ਵੇਦਨੀਆ ਆਯੁਸ਼, ਨਾਮ ਅਤੇ ਗੋਤਰ ਕਰਮ - ਇਨ੍ਹਾਂ ਚਾਰ ਕਰਮਾਂ ਦਾ ਖ਼ਾਤਮਾ ਕਰਦਾ ਹੈ। ਨਿਰਵਾਨ (ਮੁਕਤੀ) ਹਾਸਲ ਕਰਦਾ ਹੈ। ਸਾਰੇ ਦੁੱਖਾਂ (ਜਨਮ-ਮਰਨ) ਨੂੰ ਖ਼ਤਮ ਕਰਕੇ ਪਰਮ ਸ਼ਾਂਤੀ ਨੂੰ ਪ੍ਰਾਪਤ ਕਰਦਾ ਹੈ।41।

ਪ੍ਰਸ਼ਨ : ਹੇ ਭਗਵਾਨ ! ਪ੍ਰਤਿਰੂਪਤਾ (ਜਿਨਕਲਪ ਬਸਤਰ ਰਹਿਤ ਉੱਚੀ ਸਾਧਨਾ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਜਿਨਕਲਪ (ਉੱਚੀ ਸਾਧਨਾ) ਨਾਲ ਜੀਵ ਉਪਕਰਨਾ (ਭਾਂਡੇ ਕੱਪੜੇ) ਪ੍ਰਤਿ ਮੋਹ ਘੱਟ ਕਰਦਾ ਹੈ। (ਮੋਹ ਘੱਟ ਕਰਨ ਨਾਲ ਜੀਵ ਅਣਗਹਿਲੀ ਰਹਿਤ, ਪ੍ਰਤੱਖ ਭੇਸ਼ ਵਾਲਾ) ਸੱਚੇ ਆਤਮਿਕ ਵਸਤਰ ਧਾਰਨ ਕਰਨ ਵਾਲਾ ਪ੍ਰਸੰਸਾ ਯੋਗ ਚਿੰਨ੍ਹਾਂ ਵਾਲਾ, ਸ਼ੁੱਧ ਗਿਆਨ ਵਾਲਾ, ਉੱਚੇ ਤੇ ਸੁੱਚੇ ਹੌਸਲੇ ਵਾਲਾ ਅਤੇ ਸਮਿਤੀ ਨਾਲ ਭਰਪੂਰ, ਸਾਰੇ ਪ੍ਰਾਣ-ਭੂਤ ਜੀਵ ਸਤਵਾਂ ਲਈ ਵਿਸ਼ਵਾਸ ਪਾਤਰ, ਥੋੜ੍ਹੀ ਝਾੜ ਪੂੰਝ ਕਰਨ ਵਾਲਾ, ਇੰਦਰੀਆਂ ਦਾ ਜੇਤੂ, ਮਹਾਨ ਤਪੱਸਵੀ ਅਤੇ ਸੱਚੀ ਸਮਿਤੀਆਂ ਦੀ ਸਭ ਪਾਸੇ ਵਰਤੋਂ ਖਿਆਲ ਕਰਨ ਵਾਲਾ ਹੁੰਦਾ ਹੈ।42।

ਪ੍ਰਸ਼ਨ : ਹੇ ਭਗਵਾਨ ! ਸੇਵਾ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸੇਵਾ ਨਾਲ ਜੀਵ ਤੀਰਥੰਕਰ ਵਾਲੇ ਗੋਤ (ਜਨਮ) ਨੂੰ

ਪ੍ਰਾਪਤ ਕਰਦਾ ਹੈ।43।

ਪ੍ਰਸ਼ਨ : ਹੇ ਭਗਵਾਨ ! ਸਾਰੇ ਗੁਣਾਂ ਨਾਲ ਸੰਪੰਨ, ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸਰਵਗੁਣ ਸੰਪਨਤਾ ਨਾਲ ਜੀਵ ਨੂੰ ਮੁਕਤੀ ਪ੍ਰਾਪਤ ਹੁੰਦੀ ਹੈ। ਮੁਕਤ ਜੀਵ, ਸਰੀਰਿਕ ਤੇ ਮਾਨਸਿਕ ਦੁੱਖਾਂ ਤੋਂ ਰਹਿਤ ਹੋ ਜਾਂਦਾ ਹੈ।44।

ਪ੍ਰਸ਼ਨ : ਹੇ ਭਗਵਾਨ ! ਵੀਤਰਾਗਤਾ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਵੀਤਰਾਗਤਾ ਨਾਲ ਜੀਵ ਮੋਹ ਅਤੇ ਇੱਛਾ ਦੇ ਬੰਧਨਾਂ (ਜੰਜ਼ੀਰਾਂ) ਨੂੰ ਖ਼ਤਮ ਕਰਦਾ ਹੈ। ਚੰਗੇ ਜਾਂ ਮਾੜੇ ਸ਼ਬਦ, ਸੁਪਰਸ਼, ਰਸ, ਰੂਪ ਅਤੇ ਖੁਸ਼ਬੂ ਤੋਂ ਰਹਿਤ ਹੁੰਦਾ ਹੈ।45।

ਪ੍ਰਸ਼ਨ : ਹੇ ਭਗਵਾਨ ! ਖਿਮਾਂ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਖਿਮਾਂ ਨਾਲ ਜੀਵ ਪਰਿਸ਼ੈ (ਸਾਧੂ ਜੀਵਨ ਦੀਆਂ ਮੁਸੀਬਤਾਂ) ਤੇ ਜਿੱਤ ਹਾਸਲ ਕਰਦਾ ਹੈ।46।

ਪ੍ਰਸ਼ਨ : ਹੇ ਭਗਵਾਨ ! ਅਕਿੰਚਨ (ਨਿਰਲੋਭਤਾ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਨਿਰਲੋਭਤਾ ਨਾਲ ਜੀਵ ਅਪ੍ਰਿਗ੍ਰਹਿ (ਸੰਗ੍ਰਹਿ ਤੋਂ ਰਹਿਤ ਭਾਵਨਾ) ਨੂੰ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਜੀਵ ਧਨ ਦੇ ਲੋਭੀ ਲੋਕਾਂ ਨੂੰ ਪੈਸੇ ਲਈ ਬੇਨਤੀ ਨਹੀਂ ਕਰਦਾ। ਉਸ ਦੇ ਪਿੱਛੇ ਚੋਰ ਠੱਗ ਆਦਿ ਲੋਭੀ ਪੁਰਸ਼ ਨਹੀਂ ਲੱਗਦੇ।47।

ਪ੍ਰਸ਼ਨ : ਹੇ ਭਗਵਾਨ ! ਰਿਜੂਤਾ (ਸਰਲਤਾ – ਸਾਦਗੀ) ਨਾਲ ਜੀਵ

ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸਰਲਤਾ ਨਾਲ ਜੀਵ ਸਰੀਰ ਦੀ ਸਰਲਤਾ, ਭਾਵ (ਮਨ) ਦੀ ਸਰਲਤਾ, ਭਾਸ਼ਾ ਦੀ ਸਰਲਤਾ ਅਤੇ ਬਚਨ ਦੀ ਸਰਲਤਾ ਨੂੰ ਜੀਵ ਪ੍ਰਾਪਤ ਕਰਦਾ ਹੈ। ਬਚਨ ਸਰਲਤਾ ਵਾਲਾ ਜੀਵ ਧਰਮ ਦਾ ਪਾਲਣ ਕਰਨ ਦਾ ਅਧਿਕਾਰੀ ਹੁੰਦਾ ਹੈ।48।

ਪ੍ਰਸ਼ਨ : ਹੇ ਭਗਵਾਨ ! ਮਰਿਦੁਤਾ (ਨਰਮ ਸੁਭਾਅ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ,

ਉੱਤਰ : ਨਰਮ ਸੁਭਾਅ ਨਾਲ ਜੀਵ ਅਭਿਮਾਨ ਤੇ ਚਲਾਕੀ ਤੋਂ ਰਹਿਤ ਹੋ ਜਾਂਦਾ ਹੈ। ਇਸ ਭਾਵਨਾ ਨਾਲ ਜੀਵ ਮਿੱਠਾਸ ਨੂੰ ਪ੍ਰਾਪਤ ਹੁੰਦਾ ਹੈ ਅਤੇ ਹੰਕਾਰ ਦੇ ਅੱਠ ਕਾਰਨਾਂ ਨੂੰ ਨਸ਼ਟ ਕਰਦਾ ਹੈ।49।

ਪ੍ਰਸ਼ਨ : ਹੇ ਭਗਵਾਨ ! ਭਾਵ ਸੱਚ (ਅੰਦਰਲੀ ਸੱਚਾਈ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਭਾਵ ਸੱਚ (ਅੰਦਰਲੀ ਸੱਚਾਈ) ਨਾਲ ਭਾਵ ਸ਼ੁੱਧੀ (ਸ਼ੁੱਧ ਵਿਚਾਰਾਂ) ਨੂੰ ਪ੍ਰਾਪਤ ਕਰਦਾ ਹੈ। ਭਾਵ ਸ਼ੁੱਧੀ ਨਾਲ ਵਰਤਮਾਨ ਜਨਮ ਵਿਚ ਹੀ ਅਰਹੱਤ (ਸਰਵਗ) ਦੇ ਧਰਮ ਦੀ ਭਗਤੀ ਲਈ ਤਿਆਰ ਹੁੰਦਾ ਹੈ। ਅਰਹੱਤ ਦੇ ਧਰਮ ਦੀ ਅਰਾਧਨਾ ਲਈ ਤਿਆਰ ਹੋਇਆ ਮਨੁੱਖ ਪਰਲੋਕ (ਸਵਰਗਾਂ) ਦਾ ਅਧਿਕਾਰੀ ਹੁੰਦਾ ਹੈ।50।

ਪ੍ਰਸ਼ਨ : ਹੇ ਭਗਵਾਨ ! ਕਰਨ ਸੱਚ (ਕੱਮ ਦੀ ਸੱਚਾਈ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਕੰਮ ਦੀ ਸੱਚਾਈ ਨਾਲ ਜੀਵ (ਪ੍ਰਾਪਤ ਕੀਤੇ ਹੋਏ ਸੰਪੰਨ ਕਰਨ ਵਿਚ) ਸਮਰਥ ਹੁੰਦਾ ਹੈ। ਕਰਨ ਸੱਚ ਨਾਲ ਜੀਵ ਯਥਾਵਾਦੀ ਜਾਂ ਤਥਾਕਾਰੀ (ਜਿਸ ਤਰ੍ਹਾਂ ਬੋਲਦਾ ਹੈ ਉਸੀ ਤਰ੍ਹਾਂ ਹੀ ਕਰਨ ਵਾਲਾ) ਹੁੰਦਾ

ਹੈ।51।

ਪ੍ਰਸ਼ਨ : ਹੇ ਭਗਵਾਨ ! ਯੋਗ ਦੀ ਸੱਚਾਈ ਕਰਨ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਯੋਗ ਸੱਚ ਨਾਲ ਮਨ, ਬਚਨ ਤੇ ਕਾਇਆ ਦੇ ਯੋਗ (ਮੈਲ) ਨਾਲ ਜੀਵ ਯੋਗ ਨੂੰ ਸ਼ੁੱਧ ਕਰਦਾ ਹੈ।52।

ਪ੍ਰਸ਼ਨ : ਹੇ ਭਗਵਾਨ ਮਨ ਗੁਪਤੀ (ਮਨ ਤੇ ਕਾਬੂ ਕਰਨ) ਨਾਲ ਜੀਵ ਨੂੰ ਕੀ ਫਲ ਦੀ ਪ੍ਰਾਪਤੀ ਹੁੰਦੀ ਹੈ।

ਉੱਤਰ : ਮਨਗੁਪਤੀ ਨਾਲ ਜੀਵ ਦਾ ਚਿੱਤ ਇਕਾਗਰਤਾ ਨੂੰ ਪ੍ਰਾਪਤ ਹੁੰਦਾ ਹੈ। ਇਕ ਚਿੱਤ ਵਾਲਾ ਜੀਵ ਅਸ਼ੁਭ ਵਿਕਲਪਾਂ ਤੋਂ ਮਨ ਦੀ ਰੱਖਿਆ ਕਰਦਾ ਹੈ ਅਤੇ ਸੰਜਮ ਦੀ ਰੱਖਿਆ ਕਰਨ ਵਾਲਾ ਹੁੰਦਾ ਹੈ।53।

ਪ੍ਰਸ਼ਨ : ਹੇ ਭਗਵਾਨ ! ਬਚਨ ਦੀ ਗੁਪਤੀ (ਸੋਚ ਸਮਝ ਕੇ ਗੱਲ ਬਾਤ ਕਰਨ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਬਚਨ ਦੀ ਗੁਪਤੀ ਨਾਲ ਜੀਵ ਵਿਕਾਰਾਂ ਤੋਂ ਰਹਿਤ ਹੁੰਦਾ ਹੈ। ਵਿਕਾਰ ਰਹਿਤ ਜੀਵ ਬਾਣੀ ਦੇ ਦੋਸ਼ਾਂ ਤੇ ਕਾਬੂ ਪਾ ਕੇ ਯੋਗ ਅਧਿਆਤਮ ਨੂੰ ਪ੍ਰਾਪਤ ਕਰ ਲੈਂਦਾ ਹੈ।54।

ਪ੍ਰਸ਼ਨ : ਹੇ ਭਗਵਾਨ ! ਸਰੀਰ ਦੀ ਗੁਪਤੀ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸਰੀਰਿਕ ਗੁਪਤੀ ਨਾਲ ਜੀਵ ਬੁਰੇ ਕੰਮਾਂ ਨੂੰ ਰੋਕਣ ਵਾਲਾ ਹੁੰਦਾ ਹੈ। ਬੁਰੇ ਕੰਮਾਂ ਨੂੰ ਰੋਕਣ ਵਾਲਾ ਹੋ ਕੇ ਪਾਪਾਂ ਨੂੰ ਰੋਕਣ ਵਾਲਾ ਹੁੰਦਾ ਹੈ।55।

ਪ੍ਰਸ਼ਨ : ਹੇ ਭਗਵਾਨ ! ਮਨ ਦੀ ਸਮਾਧਾਰਨਾ (ਮਨ ਨੂੰ ਸਮਾਧੀ ਵਿਚ ਲਾਉਣ) ਨਾਲ ਜੀਵ ਨੂੰ ਕਿਸ ਫਲ ਦੀ ਪ੍ਰਾਪਤੀ ਹੁੰਦੀ ਹੈ।

ਉੱਤਰ : ਮਨ ਦੀ ਸਮਾਧਾਰਨਾ ਨਾਲ ਜੀਵ ਇਕ ਚਿੱਤ ਵਾਲਾ ਹੁੰਦਾ ਹੈ। ਇਸ ਇਕਾਗਰਤਾ ਨੂੰ ਪ੍ਰਾਪਤ ਕਰਕੇ ਜੀਵ ਤੱਤਵਬੋਧ ਨੂੰ ਪ੍ਰਾਪਤ ਕਰਦਾ ਹੈ। ਗਿਆਨ (ਪਰਿਆਏ) ਨੂੰ ਪ੍ਰਾਪਤ ਕਰਕੇ ਸੱਚੀ ਤੇ ਸ਼ੁੱਧ ਸ਼ਰਧਾ ਪਾਉਂਦਾ ਹੈ। ਝੂਠੀ ਸ਼ਰਧਾ ਦੀ ਧੂੜ ਝਾੜਦਾ ਹੈ।56।

ਪ੍ਰਸ਼ਨ : ਹੇ ਭਗਵਾਨ ! ਬਚਨ ਦੀ ਸਮਾਧਾਰਨਾ ਨਾਲ ਕਿਸ ਫਲ ਦੀ ਪ੍ਰਾਪਤੀ ਹੁੰਦੀ ਹੈ ?

ਉੱਤਰ : ਬਚਨ ਦੀ ਸਮਾਧਾਰਨਾ ਨਾਲ ਜੀਵ ਬਚਨ ਦੇ ਵਿਵਿਧ (ਭਿੰਨ) ਪ੍ਰਕਾਰਾਂ ਨਾਲ ਬਚਨ ਸਮਾਧਾਰਨਾ ਦਰਸ਼ਨ ਪਰਿਆਏ ਦੀ ਵਿਸ਼ੁੱਧੀ ਕਰਦਾ ਹੈ ਬਾਣੀ ਦੇ ਸ਼ੁੱਧ ਹੋਣ ਨਾਲ ਸੌਖੇ ਢੰਗ ਨਾਲ ਹੀ ਗਿਆਨ ਦੀ ਪ੍ਰਾਪਤੀ ਕਰਦਾ ਹੈ।57।

ਪ੍ਰਸ਼ਨ : ਹੇ ਭਗਵਾਨ ! ਸਰੀਰ ਦੀ ਪ੍ਰਵਿਰਤੀ ਚੰਗੇ ਪਾਸੇ ਲਾਉਣ ਨਾਲ ਕਿਸ ਫਲ ਦੀ ਪ੍ਰਾਪਤੀ ਹੁੰਦੀ ਹੈ ?

ਉੱਤਰ : ਸਰੀਰ ਨੂੰ ਚੰਗੇ ਪਾਸੇ ਲਾਉਣ ਵਾਲਾ ਜੀਵ ਚੰਗੇ ਚਾਰਿੱਤਰ ਵਾਲਾ ਬਣਦਾ ਹੈ। ਯਥਾਖਿਆਤ ਚਾਰਿੱਤਰ ਨੂੰ ਸ਼ੁੱਧ ਕਰਕੇ ਮੁਕਤੀ ਦੇ ਰਾਹ ਦੀ ਰੁਕਾਵਟ ਚਾਰ ਕਰਮਾਂ ਨੂੰ ਨਾਸ਼ ਕਰਦਾ ਹੈ। ਉਸ ਤੋਂ ਬਾਅਦ ਸਿੱਧ ਬੁੱਧ ਹੁੰਦਾ ਹੈ। ਸਾਰੇ ਦੁੱਖਾਂ ਦਾ ਅੰਤ ਕਰ ਲੈਂਦਾ ਹੈ।58।

ਪ੍ਰਸ਼ਨ : ਹੇ ਭਗਵਾਨ ! ਗਿਆਨ ਸੰਪੰਨਤਾ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਗਿਆਨ ਸੰਪਨਤਾ ਨਾਲ ਜੀਵ ਸਾਰੇ ਪਦਾਰਥਾਂ ਦੇ ਭੇਦ ਨੂੰ ਜਾਨ ਲੈਂਦਾ ਹੈ। ਗਿਆਨ ਸੰਪੰਨ ਜੀਵ ਚਾਰ ਗਤੀ ਸੰਸਾਰ ਰੂਪੀ ਜੰਗਲ ਵਿਚ ਨਸ਼ਟ ਨਹੀਂ ਹੁੰਦਾ।

ਜਿਸ ਤਰ੍ਹਾਂ ਧਾਗੇ ਵਿਚ ਪਿਰੋਈ ਸੂਈ ਜੇ ਗਿਰ ਵੀ ਜਾਵੇ ਤਾਂ ਵੀ

ਗੁੰਮ ਨਹੀਂ ਹੁੰਦੀ। ਉਸੇ ਤਰ੍ਹਾਂ ਸ਼ਾਸਤਰਾਂ ਦੇ ਗਿਆਨ ਦਾ ਧਨੀ ਜੀਵ ਸੰਸਾਰ ਵਿਚ ਨਹੀਂ ਭਟਕਦਾ।

ਇਸ ਨਾਲ ਜੀਵ ਗਿਆਨ, ਵਿਨੈ, ਤੱਪ ਅਤੇ ਚਾਰਿੱਤਰ ਆਦਿ ਯੋਗਾਂ ਨੂੰ ਪ੍ਰਾਪਤ ਹੁੰਦਾ ਹੈ ਅਤੇ ਆਪਣੇ ਮੱਤ ਦੇ ਪਰਾਏ ਮੱਤ ਦੀਆਂ ਵਿਆਖਿਆਵਾਂ ਵਿਚ ਪ੍ਰਮਾਣਿਕ ਸੱਚਾ ਮੰਨਿਆ ਜਾਂਦਾ ਹੈ।59।

ਪ੍ਰਸ਼ਨ : ਹੇ ਭਗਵਾਨ ! ਦਰਸ਼ਨ ਸੰਪੰਨਤਾ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਦਰਸ਼ਨ ਸੰਪੰਨਤਾ ਨਾਲ ਜੀਵ ਸੰਸਾਰ ਦਾ ਕਾਰਨ ਸ਼ਾਯਕ ਨੂੰ (ਨਾ ਖ਼ਤਮ ਹੋਣ ਵਾਲਾ ਸੱਮਿਅਕਤਵ) ਪ੍ਰਾਪਤ ਹੁੰਦਾ ਹੈ ਅਤੇ ਸੱਚਾਈ ਦਾ ਚਾਨਣ ਕਦੇ ਨਹੀਂ ਬੁਝਦਾ ਅਤੇ ਜੀਵ ਸੱਚੇ, ਗਿਆਨ, ਦਰਸ਼ਨ ਨਾਲ ਸ਼ਿੰਗਾਰੀ ਆਤਮਾ ਵਿਚ ਰਹਿ ਕੇ ਆਪਣੀ ਆਤਮਾ ਵਿਚ ਘੁੰਮਦਾ ਹੈ।60।

ਪ੍ਰਸ਼ਨ : ਹੇ ਭਗਵਾਨ ! ਚਾਰਿੱਤਰ ਸੰਪੰਨਤਾ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਚਾਰਿੱਤਰ ਸੰਪੰਨਤਾ ਨਾਲ ਜੀਵ ਸੈਲੇਸ਼ੀ ਭਾਵ ਅਰਥਾਤ ਪਰਬਤ ਦੀ ਤਰ੍ਹਾਂ ਨਾ ਡੋਲਣ ਤੇ ਨਾ ਹਿੱਲਣ ਵਾਲਾ ਬਣ ਜਾਂਦਾ ਹੈ। ਸਲੈਸ਼ੀ ਭਾਵ ਨੂੰ ਪ੍ਰਾਪਤ ਕਰਕੇ ਸਾਧੂ ਚਾਰ ਬੁਰੇ ਕਰਮਾਂ ਨੂੰ ਖ਼ਤਮ ਕਰਦਾ ਹੈ ਅਤੇ ਫਿਰ ਸਿੱਧ ਹੋ ਜਾਂਦਾ ਹੈ, ਮੁਕਤ ਹੋ ਜਾਂਦਾ ਹੈ, ਨਿਰਵਾਨ ਨੂੰ ਪ੍ਰਾਪਤ ਕਰਦਾ ਹੈ ਅਤੇ ਸਭ ਦੁੱਖਾਂ ਦਾ ਅੰਤ ਕਰਦਾ ਹੈ।61।

ਪ੍ਰਸ਼ਨ : ਹੇ ਭਗਵਾਨ ! ਸਰੋਤ ਇੰਦਰੀਆਂ (ਕੰਨਾਂ ਦੇ ਵਿਸ਼ੇ ਤੇ ਕਾਬੂ ਕਰਨ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸਰੋਤ ਇੰਦਰੀਆਂ ਤੇ ਕਾਬੂ ਕਰਨ ਨਾਲ ਜੀਵ ਮਨਭਾਉਂਦੇ ਤੇ ਘ੍ਰਿਣਾਯੋਗ ਸ਼ਬਦ ਨਾਲ ਹੋਣ ਵਾਲੇ ਰਾਗ (ਮੋਹ) ਅਤੇ ਦਵੇਸ਼ ਦਾ ਕਾਬੂ

ਪਾ ਲੈਂਦਾ ਹੈ। ਫਿਰ ਸ਼ਬਦ ਸਬੰਧੀ ਕਰਮਾਂ ਦਾ ਸੰਗ੍ਰਹਿ ਨਹੀਂ ਹੁੰਦਾ ਅਤੇ ਪਿਛਲੇ ਕਰਮ ਝੜਦੇ ਹਨ।62।

ਪ੍ਰਸ਼ਨ : ਹੇ ਭਗਵਾਨ ! ਚਕਸ਼ੂ (ਅੱਖਾਂ ਦੇ ਵਿਸ਼ਿਆਂ ਤੇ ਕਾਬੂ ਪਾਉਣ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਅੱਖਾਂ ਦੇ ਵਿਸ਼ੇ ਵਿਕਾਰਾਂ ਤੇ ਕਾਬੂ ਪਾਉਣ ਨਾਲ ਮਨ ਭਾਉਣੀ ਜਾਂ ਘ੍ਰਿਣਾ ਯੋਗ ਸ਼ਕਲ ਸੂਰਤ ਸਬੰਧੀ ਪੈਦਾ ਹੋਣ ਵਾਲੇ ਰਾਗ ਦਵੇਸ਼ ਤੇ ਕਾਬੂ ਪਾਉਂਦਾ ਹੈ। ਫਿਰ ਸ਼ਕਲ ਸੂਰਤ ਸਬੰਧੀ ਕਰਮ ਪੈਦਾ ਕਰਦਾ ਪਿਛਲੇ ਕਰਮਾਂ ਦੀ ਧੂੜ ਨੂੰ ਝਾੜਦਾ ਹੈ।63।

ਪ੍ਰਸ਼ਨ : ਹੇ ਭਗਵਾਨ ! ਘਰਾਨ (ਨੱਕ ਇੰਦਰੀਆਂ ਦੇ ਵਿਸ਼ੇ ਤੇ ਕਾਬੂ) ਕਰਨ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉਤਰ : ਘ੍ਰਾਣ ਇੰਦਰੀ ਦੇ ਕਾਬੂ ਕਰਨ ਨਾਲ ਜੀਵ ਮਨ ਭਾਉਂਦੇ ਅਤੇ ਘ੍ਰਿਣਾ ਯੋਗ ਖੁਸ਼ਬੂਆਂ ਨਾਲ ਪੈਦਾ ਹੋਣ ਵਾਲੇ ਰਾਗ, ਦਵੇਸ਼ ਤੇ ਕਾਬੂ ਪਾਉਂਦਾ ਹੈ ਅਤੇ ਖੁਸ਼ਬੂ ਦੇ ਕਾਰਨ ਤੋਂ ਪੈਦਾ ਹੋਣ ਵਾਲੇ ਕਰਮਾਂ ਦਾ ਸੰਗ੍ਰਹਿ ਨਹੀਂ ਕਰਦਾ। ਪਿਛਲੇ ਕੀਤੇ ਕਰਮਾਂ ਦੀ ਨਿਰਜਰਾ (ਝਾੜਦਾ) ਕਰਦਾ ਹੈ।64।

ਪ੍ਰਸ਼ਨ : ਹੇ ਭਗਵਾਨ ! ਜੀਭ ਦੇ ਵਿਸ਼ੇ ਤੇ ਕਾਬੂ ਕਰਨ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਜੀਭ ਤੇ ਕਾਬੂ ਕਰਨ ਨਾਲ ਜੀਵ ਮਨ ਭਾਉਂਦੇ ਅਤੇ ਘ੍ਰਿਣਾ ਯੋਗ ਰਸਾਂ (ਸਵਾਦਾਂ) ਨਾਲ ਪੈਦਾ ਹੋਣ ਵਾਲੇ ਰਾਗ ਦਵੇਸ਼ ਤੇ ਕਾਬੂ ਪਾਉਂਦਾ ਹੈ ਅਤੇ ਰਸ ਕਾਰਨ ਪੈਦਾ ਹੋਣ ਵਾਲੇ ਕਰਮਾਂ ਦਾ ਸੰਗ੍ਰਹਿ ਨਹੀਂ ਕਰਦਾ। ਪਿਛਲੇ ਕੀਤੇ ਕਰਮਾਂ ਦੀ ਨਿਰਜਰਾ ਕਰਦਾ ਹੈ।65।

ਪ੍ਰਸ਼ਨ : ਹੇ ਭਗਵਾਨ ! ਸਪਰਸ਼ਨ (ਛੋਹ ਇੰਦਰੀਆਂ ਦੇ ਵਿਸ਼ੇ ਤੇ

ਕਾਬੂ ਕਰਨ) ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਸਪਰਸ਼ਨ ਇੰਦਰੀਆਂ ਤੇ ਕਾਬੂ ਕਰਨ ਨਾਲ ਜੀਵ ਮਨਭਾਉਂਦੇ ਅਤੇ ਘ੍ਰਿਣਾ ਯੋਗ ਸਪਰਸ਼ਾਂ (ਛੋਹਾਂ) ਨਾਲ ਪੈਦਾ ਹੋਣ ਵਾਲੇ ਰਾਗ ਦਵੇਸ਼ ਤੇ ਕਾਬੂ ਪਾਉਂਦਾ ਹੈ ਅਤੇ ਸਪਰਸ਼ ਨਾਲ ਪੈਦਾ ਹੋਣ ਵਾਲੇ ਕਰਮਾਂ ਦਾ ਸੰਗ੍ਰਹਿ ਨਹੀਂ ਕਰਦਾ। ਪਿਛਲੇ ਕੀਤੇ ਕਰਮਾਂ ਦੀ ਨਿਰਜਰਾ (ਝਾੜਦਾ) ਕਰਦਾ ਹੈ।66।

ਪ੍ਰਸ਼ਨ : ਹੇ ਭਗਵਾਨ ! ਕਰੋਧ ਜਿੱਤਣ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਕਰੋਧ ਜਿੱਤਣ ਨਾਲ ਜੀਵ ਖਿਮਾਂ ਨੂੰ ਪ੍ਰਾਪਤ ਕਰਦਾ ਹੈ। ਕਰੋਧ ਨੂੰ ਜਿੱਤ ਕੇ ਵੇਦਨੀਆਂ (ਗੁੱਸੇ ਨਾਲ ਭੋਗਣ ਵਾਲੇ) ਕਰਮਾਂ ਦਾ ਸੰਗ੍ਰਹਿ ਨਹੀਂ ਕਰਦਾ ਅਤੇ ਪਿਛਲੇ ਕਰਮਾਂ ਦੀ ਨਿਰਜਰਾ ਕਰਦਾ ਹੈ।67।

ਪ੍ਰਸ਼ਨ : ਹੇ ਭਗਵਾਨ ! ਮਾਨ (ਹੰਕਾਰ) ਜਿੱਤਣ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਹੰਕਾਰ ਜਿੱਤਣ ਨਾਲ ਜੀਵ ਮਿਠਾਸ ਨੂੰ ਪ੍ਰਾਪਤ ਕਰਦਾ ਹੈ ਅਤੇ ਮਾਨ ਵੇਦਨੀਆਂ (ਹੰਕਾਰ ਨਾਲ ਪੈਦਾ ਹੋਣ ਵਾਲੇ) ਕਰਮਾਂ ਨੂੰ ਸੰਗ੍ਰਹਿ ਨਹੀਂ ਕਰਦਾ ਅਤੇ ਪਿਛਲੇ ਕੀਤੇ ਕਰਮਾਂ ਦੀ ਨਿਰਜਰਾ ਕਰਦਾ ਹੈ।68।

ਪ੍ਰਸ਼ਨ : ਹੇ ਭਗਵਾਨ ! ਮਾਇਆ (ਧੋਖਾ) ਜਿੱਤਣ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਮਾਇਆ ਜਿੱਤਣ ਨਾਲ ਰਿਜੂਤਾ (ਸਰਲਤਾ) ਪੈਦਾ ਹੁੰਦੀ ਹੈ। ਮਾਇਆ ਵੇਦਨੀਆਂ ਕਰਮ ਦਾ ਸੰਗ੍ਰਹਿ ਨਹੀਂ ਹੁੰਦਾ ਅਤੇ ਪਿਛਲੇ ਕੀਤੇ ਕਰਮਾਂ ਦੀ ਨਿਰਜਰਾ ਹੁੰਦੀ ਹੈ।69।

ਪ੍ਰਸ਼ਨ : ਹੇ ਭਗਵਾਨ ! ਲੋਭ ਜਿੱਤਣ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਲੋਭ ਜਿੱਤਣ ਨਾਲ ਜੀਵ ਸੰਤੋਖ (ਸਬਰ) ਪ੍ਰਾਪਤ ਕਰਦਾ ਹੈ। ਲੋਭ ਵੇਦਨੀਆਂ ਕਰਮਾਂ ਦਾ ਸੰਗ੍ਰਹਿ ਨਹੀਂ ਕਰਦਾ। ਪਿਛਲੇ ਕਰਮਾਂ ਦੀ ਨਿਰਜਰਾ ਕਰਦਾ ਹੈ।70।

ਪ੍ਰਸ਼ਨ : ਹੇ ਭਗਵਾਨ ! ਪ੍ਰੇਮ, ਦਵੇਸ਼ ਅਤੇ ਮਿੱਥਿਆ ਦਰਸ਼ਨ ਹਾਲਤ ਵਿਸ਼ਵਾਸ ਨੂੰ ਜਿੱਤਣ ਨਾਲ ਜੀਵ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ : ਪ੍ਰੇਮ, ਘ੍ਰਿਣਾ ਅਤੇ ਗਲਤ ਵਿਸ਼ਵਾਸ ਨੂੰ ਜਿੱਤ ਦੇ ਜੀਵ ਗਿਆਨ, ਦਰਸ਼ਨ ਅਤੇ ਚਾਰਿੱਤਰ ਨੂੰ ਪ੍ਰਾਪਤ ਕਰਨ ਲਈ ਤਿਆਰ ਹੁੰਦਾ ਹੈ। ਅੱਠ ਪ੍ਰਕਾਰ ਦੀਆਂ ਕਰਮ ਗੱਠਾਂ ਖੋਲ੍ਹਣ ਲਈ ਪਹਿਲਾ ਮੋਹਨੀਆ ਕਰਮ ਦੀਆਂ 28 ਪ੍ਰਾਕ੍ਰਿਤੀਆਂ ਦਾ ਨਾਸ਼ ਕਰਦਾ ਹੈ ਫਿਰ ਪੰਜ ਪ੍ਰਕਾਰ ਦੇ ਗਿਆਨਾਵਰਨੀਆ (ਅਗਿਆਨ) ਕਰਮਾਂ ਦੀਆਂ ਪ੍ਰਾਕ੍ਰਿਤੀਆਂ, ਦਰਸ਼ਨਾਵਰਨੀਆਂ ਕਰਮ ਦੀਆਂ 9 ਅਤੇ ਅੰਤਰਾਏ ਕਰਮ ਦੀਆਂ ਕਰਮ ਪ੍ਰਕ੍ਰਿਤੀਆਂ (ਆਦਤਾਂ), ਇਨ੍ਹਾਂ ਤਿੰਨਾਂ ਕਰਮਾਂ ਦੀਆਂ ਆਦਤਾਂ ਦਾ ਇਕ ਵੇਲ਼ੇ ਖ਼ਾਤਮਾ ਕਰ ਦਿੰਦਾ ਹੈ। ਉਸ ਤੋਂ ਬਾਅਦ ਉਹ ਪ੍ਰਮੁੱਖ, ਅਨੰਤ ਉੱਚੀ, ਸਭ ਵਸਤੂਆਂ ਬਾਰੇ ਪੂਰਾ ਜਾਣਕਾਰ ਰੰਗ ਰਹਿਤ, ਅਗਿਆਨ ਹਨੇਰਾ ਦੂਰ ਕਰਨ ਵਾਲੇ ਸ਼ੁੱਧ ਅਤੇ ਪਰਲੋਕ ਨੂੰ ਉਜਾਗਰ ਕਰਨ ਵਾਲੇ ਕੇਵਲ ਗਿਆਨ (ਬ੍ਰਹਮ ਗਿਆਨ ਭਾਵ ਸਰਵੱਗਤਾ) ਕੇਵਲ ਦਰਸ਼ਨ (ਮੁਕਤੀ) ਨੂੰ ਪ੍ਰਾਪਤ ਕਰਦਾ ਹੈ। ਜਦ ਤੱਕ ਸੰਜੋਗੀ ਰਹਿੰਦਾ ਹੈ ਤਦ ਤੱਕ ਈਰੀਆ ਪਥਿਕ ਕਰਮ ਦਾ ਸੰਗ੍ਰਹਿ ਨਹੀਂ ਕਰਦਾ ਹੈ ਪਰ ਉਹ ਕਰਮਾਂ ਦਾ ਸੰਗ੍ਰਹਿ ਵੀ ਸੁੱਖਕਾਰੀ ਹੁੰਦਾ ਹੈ ਉਸ ਦੀ ਸਥਿਤੀ ਦੋ ਸਮੇਂ ਦੀ ਹੈ। ਪਹਿਲੇ

ਕੀਤਾ ਗਿਆ ਹੈ ਅਤੇ ਉਪਦੇਸ਼ ਦਿੱਤਾ ਗਿਆ ਹੈ।74।

ਇਸ ਪ੍ਰਕਾਰ ਮੈਂ ਆਖਦਾ ਹਾਂ।

## ਟਿੱਪਣੀਆਂ

ਸੂਤਰ 15

ਇਕ, ਦੋ ਜਾਂ ਤਿੰਨ ਸਲੋਕ ਵਿਚ ਹੋਣ ਵਾਲੀ ਗੁਣ ਕੀਰਤੀ ਸਤੁਤੀ ਅਖਵਾਉਂਦੀ ਹੈ। ਤਿੰਨ ਤੋਂ ਜ਼ਿਆਦਾ ਸਲੋਕ ਵਾਲੀ ਸਤੁਤੀ ਸਤਵਨ ਅਖਵਾਉਂਦੀ ਹੈ।

ਸੂਤਰ 18

ਕਾਯੋਤਸਰਗ (सव्पाणा-भुआ जीव सत) ਪ੍ਰਾਣ ਤੋਂ ਭਾਵ ਦੋ, ਚਾਰ ਇੰਦਰੀਆਂ ਵਾਲੇ ਜੀਵ, ਪੰਜ ਪ੍ਰਕਾਰ ਦੇ ਭੂਤ ਤੋਂ ਭਾਵ ਬਨਾਸਪਤੀ ਅਤੇ ਸਤਵ ਤੋਂ ਭਾਵ ਸਭ ਚੱਲਣ ਫਿਰਣ ਵਾਲੀਆਂ ਚੀਜ਼ਾਂ ਹਨ।

ਸੂਤਰ 19

ਕਈ ਪ੍ਰਤੀਆਂ ਵਿਚ ਅਸੰਪ੍ਰਜਨਾਯ ਪਦ ਨਹੀਂ ਹੈ।

ਸੂਤਰ 23

ਅਨੁਪਰੇਕਸ਼ਾ ਦਾ ਅਰਥ ਸੂਤਰ ਦਾ ਚਿੰਤਨ ਹੈ। ਇਹ ਵੀ ਤਪ ਹੈ। ਇਸ ਨਾਲ ਵੀ ਕਰਮਾਂ ਦਾ ਬੋਝ ਹਲਕਾ ਹੁੰਦਾ ਹੈ। तपतोरूपावत्दस्यास्तपसश्च निकाचितकर्मक्षयक्षमत्पात् (ਸਰਵਾਰਥ ਸਿੱਧੀ)

ਸੂਤਰ 72

ਅ ਇ ਉ ਰਿ ਲ੍ਰਿ - ਇਹ ਪੰਜ ਹਰਸਵ ਅੱਖਰ ਹਨ। ਇਨ੍ਹਾਂ ਸਮਾਂ 14ਵੇਂ ਗੁਣ ਸਥਾਨ ਦਾ ਹੈ ਭਾਵ ਜਿੰਨਾ ਸਮਾਂ ਇਨ੍ਹਾਂ ਸ਼ਬਦਾਂ ਤੇ ਲੱਗਦਾ

ਹੈ. ਉਸ ਤੋਂ ਬਾਅਦ ਦੇਹ ਮੁਕਤ ਹੋ ਕੇ ਸਿੱਧ ਹੋ ਜਾਂਦਾ ਹੈ।

ਸਮੁਚਿਛੰਨਕ੍ਰਿਯਾ ਅਨਿਵ੍ਰਿੱਤਿ - ਸ਼ੁਕਲ ਧਿਆਨ ਦਾ ਅਰਥ ਹੈ ਕਰਮਾਂ ਦਾ ਪੂਰਨ ਰੂਪ ਵਿਚ ਖ਼ਾਤਮਾ ਤੇ ਪੈਦਾ ਹੋਣ ਵਾਲਾ ਪੂਰਨ ਸ਼ੁਕਲ ਧਿਆਨ। ਇਹ ਸ਼ਲੈਸ਼ੀ ਭਾਵ ਸੁਮੇਰੂ ਪਰਬਤ ਵਾਂਗ ਅਡੋਲ ਅਤੇ ਕੰਬਣ ਤੋਂ ਰਹਿਤ ਹੁੰਦਾ ਹੈ। ਮੁਕਤ ਆਤਮਾ ਦਾ ਮੋਕਸ਼ ਗਮਨ ਸਰਲ ਸਮ ਸ਼ਰੇਣੀ ਵਿਚ ਹੁੰਦਾ ਹੈ।

ਡ:ਜੌਂਅਨੂੰਘਗਿ ਦੇ ਅਨੇਕ ਅਰਥ ਹਨ। ਜਿੰਨੇ ਆਕਾਸ਼ ਪ੍ਰਦੇਸ਼ਾਂ ਨੂੰ ਜੀਵ ਘੇਰਦਾ ਹੈ ਉਨੇ ਹੀ ਪ੍ਰਦੇਸ਼ਾਂ ਨੂੰ ਛੂੰਹਦਾ ਗਤੀ ਵੀ ਕਰਦਾ ਹੈ। ਉਸ ਤੋਂ ਵੱਖ ਉਹ ਕਿਸੇ ਆਕਾਸ਼ ਪ੍ਰਦੇਸ਼ ਨੂੰ ਨਹੀਂ ਛੂੰਹਦਾ (ਸ਼ਾਂਤਾ ਆਚਾਰਿਆ ਬ੍ਰਹਦਵਿਰਤੀ) ਬਿਨਾਂ ਆਕਾਸ਼ ਪ੍ਰਦੇਸ਼ ਨੂੰ ਛੋਹੇ ਮੋਕਸ਼ ਪਹੁੰਚਣਾ। (ਅਭੈਦੇਵ ਸੁਰੀ)

ਮੁਕਤ ਜੀਵ ਇਕ ਸਮੇਂ ਵਿਚ ਹੀ ਮੋਕਸ਼ ਪਹੁੰਚ ਜਾਂਦਾ ਹੈ। ਦੂਸਰੇ ਸਮੇਂ ਨੂੰ ਛੂੰਹਦਾ ਨਹੀਂ। ਮੁਕਤ ਆਤਮਾਂ ਦੀ ਇਹੋ ਸਮ ਸ਼ਰੇਣੀ ਰੂਪੀ ਸਹਿਜ ਗਤੀ ਹੈ। ਇਸ ਵਿਚ ਮੋੜ ਨਹੀਂ ਹੁੰਦਾ। ਦੂਸਰੇ ਸਮੇਂ ਦੀ ਜ਼ਰੂਰਤ ਨਹੀਂ। (ਆਵਸ਼ਨ ਚੂਰਨੀ)

# 30

# ਤਪੋ-ਮਾਰਗ ਗਤੀ ਅਧਿਐਨ

ਗਿਆਨ, ਦਰਸ਼ਨ, ਚਾਰਿੱਤਰ ਦੀ ਤਰ੍ਹਾਂ ਤਪ ਵੀ ਮੋਕਸ਼ ਲਈ ਇਕ ਜ਼ਰੂਰੀ ਅੰਗ ਹੈ। ਇਸ ਅਧਿਐਨ ਵਿਚ ਤਪ ਬਾਰੇ ਬੜੇ ਵਿਸਤਾਰ ਨਾਲ ਦੱਸਿਆ ਗਿਆ ਹੈ। ਤਪ ਦੋ ਪ੍ਰਕਾਰ ਦਾ ਹੈ : ਅੰਦਰਲਾ ਤਪ ਤੇ ਬਾਹਰਲਾ ਸਰੀਰਿਕ ਤਪ। ਇਨ੍ਹਾਂ ਦੋਹਾਂ ਤਪਾਂ ਨੂੰ ਵਿਸਥਾਰ ਨਾਲ ਦੱਸ ਕੇ ਸਮਝਾਇਆ ਗਿਆ ਹੈ ਕਿ ਅੰਦਰਲੇ ਤਪ ਨਾਲ ਕੀ ਲਾਭ ਹੈ ਤੇ ਬਾਹਰਲੇ ਤਪ ਦਾ ਕੀ ਲਾਭ ਹੈ ? ਦੋਵੇਂ ਪ੍ਰਕਾਰ ਦੇ ਤਪਾਂ ਦੇ ਛੇ ਛੇ ਭੇਦ ਹਨ। ਹਰ ਭੇਦ ਦੀ ਵਿਆਖਿਆ ਇਸ ਅਧਿਐਨ ਵਿਚ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਗਈ ਹੈ। ਇਸ ਅਧਿਐਨ ਵਿਚ ਸ਼ੁੱਧ ਭਿਕਸ਼ੂ ਦੇ ਜੀਵਨ ਵਿਚ ਤਪੱਸਿਆ ਦਾ ਮਹੱਤਵ ਵਰਨਣ ਕੀਤਾ ਗਿਆ ਹੈ। ਤਪ ਕਰਮ ਨਿਰਜਲਾ ਦਾ ਕਾਰਨ ਹੈ। ਕਰਮਾਂ ਦਾ ਖ਼ਾਤਮਾ ਹੀ ਮੋਕਸ਼ ਹੈ।

# ਤੀਹਵਾਂ ਅਧਿਐਨ

ਭਿਕਸ਼ੂ ਰਾਗ ਦਵੇਸ਼ ਰਾਹੀਂ ਇਕੱਠੇ ਕੀਤੇ ਪਾਪ ਕਰਮਾਂ ਦਾ ਤਪ ਰਾਹੀਂ ਜਿਸ ਢੰਗ ਨਾਲ ਖ਼ਾਤਮਾ ਕਰਦਾ ਹੈ ਉਸ ਦਾ ਢੰਗ ਇਕ ਚਿੱਤ ਹੋ ਕੇ ਸੁਣੋ।1।

ਹਿੰਸਾ (ਪ੍ਰਾਣ ਹੱਤਿਆ), ਝੂਠ, ਚੋਰੀ, ਮੈਥੁਨ (ਵਿਭਚਾਰ), ਪਰਿਗ੍ਰਹਿ (ਜ਼ਰੂਰਤ ਤੋਂ ਵੱਧ ਵਸਤਾਂ ਦਾ ਸੰਗ੍ਰਹਿ) ਅਤੇ ਰਾਤ ਦਾ ਭੋਜਨ ਤੋਂ ਛੁਟਕਾਰਾ ਪਾ ਕੇ ਜੀਵ ਆਸ਼ਰਵ-ਰਹਿਤ (ਪਾਪ ਰਹਿਤ) ਹੋ ਜਾਂਦਾ ਹੈ।2।

ਪੰਜ ਸਮਿਤੀ ਅਤੇ ਤਿੰਨ ਗੁਪਤੀ ਸਹਿਤ, ਕਸ਼ਾਏ ਤੋਂ ਰਹਿਤ, ਇੰਦਰੀ ਜੇਤੂ ਤਿੰਨ ਪ੍ਰਕਾਰ ਦੇ ਅਭਿਮਾਨ ਰਹਿਤ, ਤਿੰਨ ਪ੍ਰਕਾਰ ਦੇ ਨਿਸ਼ਲਯ (ਪਾਪ ਰੂਪੀ ਕੰਢਿਆਂ ਤੋਂ ਰਹਿਤ) ਜੀਵ ਆਸ਼ਰਵ ਰਹਿਤ ਹੁੰਦਾ ਹੈ।3।

ਇਸ ਧਰਮ ਸਾਧਨਾਂ ਤੋਂ ਉਲਟ ਆਚਰਨ ਕਰਕੇ, ਰਾਗ ਦਵੇਸ਼ ਰਾਹੀਂ ਇਕੱਠੇ ਕੀਤੇ ਕਰਮਾਂ ਦਾ ਭਿਕਸ਼ੂ ਕਿਸ ਤਰ੍ਹਾਂ ਖ਼ਾਤਮਾ ਕਰਦਾ ਹੈ। ਇਕ ਚਿੱਤ ਹੋ ਕੇ ਸੁਣੋ।4।

ਜਿਸ ਪ੍ਰਕਾਰ ਕਿਸੇ ਵੱਡੇ ਤਾਲਾਬ ਦਾ ਪਾਣੀ, ਪੀਣ ਆਉਣ ਵਾਲੇ ਰਾਹ ਤੋਂ ਰੋਕਣ ਨਾਲ ਅਤੇ ਪਹਿਲਾਂ ਮੌਜੂਦ ਪਾਣੀ ਨੂੰ ਸੂਰਜ ਅਤੇ ਗਰਮੀ ਰਾਹੀਂ ਸੁਕਾਉਣ ਨਾਲ ਜਿਵੇਂ ਸੁੱਕ ਜਾਂਦਾ ਹੈ।5।

ਉਸੇ ਤਰ੍ਹਾਂ ਸੰਜਮੀ ਦੇ ਕਰੋੜਾਂ ਭੱਵਾਂ (ਜਨਮਾਂ) ਦੇ ਇਕੱਠੇ ਕੀਤੇ ਕਰਮ, ਪਾਪ ਕਰਮ ਦੇ ਆਉਣ ਦੇ ਰਾਹ ਨੂੰ ਰੋਕਣ ਤੇ ਹੀ ਤਪ ਰਾਹੀਂ ਨਸ਼ਟ (ਨਿਰਜਰਾ) ਹੁੰਦੇ ਹਨ।6।

ਇਹ ਤਪ ਦੋ ਪ੍ਰਕਾਰ ਦਾ ਹੈ : (1) ਬਾਹਰਲਾ (2) ਅੰਦਰਲਾ।

ਬਾਹਰਲਾ ਤਪ ਛੇ ਪ੍ਰਕਾਰ ਦਾ ਹੈ ਇਸੇ ਤਰ੍ਹਾਂ ਅੰਦਰਲਾ ਤਪ ਵੀ ਛੇ ਪ੍ਰਕਾਰ ਦਾ ਹੈ।7।

(1) ਅਨਸ਼ਨ (2) ਉਨੋਦਰਿਕਾ (3) ਭਿਕਸ਼ਾਚਾਰੀਆ (4) ਰਸ ਤਿਆਗ (5) ਕਾਇਆ ਕਲੇਸ਼ (6) ਸੰਲੀਨਤਾ - ਇਹ ਬਾਹਰਲਾ ਤਪ ਹੈ।8।

ਅਨਸਨ ਦੋ ਪ੍ਰਕਾਰ ਦਾ ਹੈ (1) ਇਤਵਾਰਿਕ (ਨਿਰਧਾਰਿਤ ਸਮੇਂ ਦਾ ਅਨਸ਼ਨ) ਹੁੰਦਾ ਹੈ। (2) ਮਰਨ ਕਾਲ ਨਿਰਵਾਕਾਂਖ (ਸੀਮਾ ਰਹਿਤ ਰਹਿਤ) ਹੁੰਦਾ ਹੈ।9।

ਸੰਖੇਪ ਵਿਚ ਇਤਵਾਰਿਕ ਤਪ ਛੇ ਪ੍ਰਕਾਰ ਦਾ ਹੈ (1) ਸ੍ਰੇਣੀ ਤਪ (2) ਨਿਰਪਰਿਯੰਤਕਾਂਖ (3) ਘਨ ਤਪ (4) ਵਰਗ ਤਪ।10।

(5) ਵਰਗ ਤਪ (6) ਪ੍ਰਕੀਰਨ ਤਪ। ਇਸ ਪ੍ਰਕਾਰ ਮਨ ਦੀ ਇੱਛਾ ਅਨੁਸਾਰ ਫਲ ਦੇਣ ਵਾਲਾ ਇਤਵਾਰਿਕ ਅਨਸ਼ਨ ਜਾਨਣਾ ਚਾਹੀਦਾ ਹੈ।11।

ਕਾਈਆ-ਚੇਸ਼ਟਾ (ਸਰੀਰ ਦੀ ਇੱਛਾ ਮੁਤਾਬਿਕ) ਦੇ ਆਧਾਰ ਤੇ ਮਰਨ ਕਾਲ ਸਬੰਧੀ ਵਰਤ ਦੇ ਦੋ ਭੇਦ ਹਨ। ਸਵਿਚਾਰ (ਕਰਵਟ ਬਦਲਣ ਵਾਲਾ) ਅਤੇ ਅਵਿਚਾਰ (ਕਰਵਟ ਲੈਣ ਤੋਂ ਰਹਿਤ)।12।

ਜਾਂ ਮਰਨਕਾਲ ਵਰਤ ਦੇ ਸਪਰਿ ਕਰਮ (ਦੂਸਰੇ ਤੋਂ ਸੇਵਾ ਕਰਾਉਣਾ) ਅਤੇ ਅਪਰਿ ਕਰਮ ਇਹ ਦੋ ਭੇਦ ਹਨ। ਅਵਿਚਾਰ ਵਰਤ ਦੇ ਦੋ ਨਿਰਾਹਾਰੀ ਅਤੇ ਅਨਿਰਾਹਾਰੀ ਇਹ ਦੋ ਭੇਦ ਹਨ। ਦੋਹਾਂ ਵਿਚ ਭੋਜਨ ਦਾ ਤਿਆਗ ਹੁੰਦਾ ਹੈ।13।

ਸੰਖੇਪ ਵਿਚ ਉਨੋਦਰਿਕਾ, ਦਰੱਵ, ਖੇਤਰ, ਕਾਲ, ਭਾਵ ਅਤੇ ਪਰਿਆਏ ਅਨੁਸਾਰ ਪੰਜ ਪ੍ਰਕਾਰ ਦਾ ਹੈ।14।

ਜੋ ਜਿੰਨਾ ਭੋਜਨ ਕਰ ਸਕਦਾ ਹੈ ਉਸ ਵਿਚੋਂ ਘੱਟੋ-ਘੱਟ ਇਕ ਕਣ ਅਤੇ ਇਕ ਬੁਰਕੀ ਘੱਟ ਕਰਨਾ, ਦਰੱਵ ਦਾ ਉਨੋਦਰੀ ਤਪ ਹੈ।15।

ਪਿੰਡ, ਸ਼ਹਿਰ, ਰਾਜਧਾਨੀ, ਨਿਗਮ (ਵਿਉਪਾਰੀਆਂ ਦਾ ਪੜਾਉ), ਆਕਰ ਪੱਲੀ (ਜੰਗਲੀ ਕਬੀਲੇ ਦਾ ਟਿਕਾਣਾ), ਖੇਟਕ (ਕੰਧ) ਕਰਵਟ (ਮੰਡੀ), ਦਰੋਨ ਮੁੱਖ (ਜਿਸ ਜ਼ਮੀਨ ਵਿਚ ਪਾਣੀ ਅਤੇ ਜ਼ਮੀਨ ਜ਼ਿਆਦਾ ਹੋਵੇ), ਪੱਤਨ (ਇਕ ਲੰਬਾ ਸ਼ਹਿਰ), ਮੰਡਪ (ਜੋ ਸ਼ਹਿਰ ਇਕ ਪਿੰਡ ਤੋਂ ਸਾਢੇ ਤਿੰਨ ਯੋਜਨ ਦੋਰ ਹੋਵੇ), ਸੰਵਾਦ (ਇਕ ਖੁੱਲ੍ਹਾ ਸ਼ਹਿਰ)। ਆਸ਼ਰਮ, ਵਿਹਾਰ (ਸਾਧੂ ਦੇ ਠਹਿਰਣ ਦੀ ਥਾਂ) ਸੰਨੀਵੇਸ਼ ਸਮਾਜ (ਮੁਸਾਫਿਰ ਖਾਨਾ) ਘੋਸ਼ (ਗਊਸ਼ਾਲਾ) ਸਥੱਲੀ (ਉੱਚੇ ਟਿੱਲੇ ਤੇ ਟਿਕਾਣਾ) ਫੌਜ਼ ਦਾ ਕੈਂਪ, ਕੰਧਵਾਰ ਸਾਰਥੈ, ਸੰਵਰਤ (ਜਿੱਥੇ ਦੇ ਲੋਕ ਡਰੇ ਹੋਣ), ਕੋਟ (ਕਿਲਾ) ਅਤੇ ਘਰਾਂ ਦਾ ਸਮੂਹ, ਗਲੀਆਂ, ਆਮ ਘਰਾਂ, ਭਿਕਸ਼ਾ ਯੋਗ ਖੇਤਰ ਜਾਣਨਾ ਚਾਹੀਦਾ ਹੈ। ਇਹ ਖੇਤਰ ਸਬੰਧੀ ਉਨੋਦਰੀ ਤਪ ਹੈ।।16।17।18।

ਪੇਟ, ਅਰਧ ਪੇਟਾ, ਗੋਮੁਤਰੀਕਾ, ਪਤੰਗ, ਵੀਥਿਕਾ, ਸੰਖਾਵਰਤ, ਆਯਤਮਗਤਵਾ-ਪ੍ਰਤਿਆਗਤਾ-ਭਿਕਸ਼ਾਚਰੀ ਦੇ ਇਹ ਖੇਤਰ ਪੱਖੋਂ 6 ਪ੍ਰਕਾਰ ਦੇ ਖੇਤਰ ਹਨ।19।

ਦਿਨ ਦੇ ਚਾਰ ਪਹਿਰ ਹਨ। ਇਨ੍ਹਾਂ ਚਾਰ ਪਹਿਰਾਂ ਵਿਚ ਭਿਕਸ਼ਾ ਦਾ ਜੋ ਸਮਾਂ ਮੁਕਰਰ ਹੈ ਉਸ ਅਨੁਸਾਰ ਭਿਕਸ਼ਾ ਲਈ ਜਾਣਾ ਉਨੋਦੋਰੀ ਤਪ ਹੈ।20।

ਜਾਂ ਕੁਝ ਚੌਥੇ ਭਾਗ ਦੇ ਤੀਜੇ ਪਹਿਰ ਵਿਚ ਭਿਕਸ਼ਾ ਲਈ ਇੱਛਾ ਕਰਨਾ, ਕਾਲ ਦੀ ਦ੍ਰਿਸ਼ਟੀ ਵਿਚ ਉਨੋਦਰੀ ਤਪ ਹੈ।21।

ਇਸਤਰੀ ਜਾਂ ਪੁਰਸ਼, ਸ਼ਿੰਗਾਰ ਵਾਲੇ ਜਾਂ ਸ਼ਿੰਗਾਰ ਰਹਿਤ, ਵਿਸ਼ੇਸ਼ ਉਮਰ ਅਤੇ ਅਜਿਹੇ ਰੰਗ ਦੇ ਕੱਪੜੇ ਵਾਲਾ ਹੋਵੇ ਜਾਂ ਅਜਿਹਾ ਖਾਸ

ਰੰਗ, ਅਤੇ ਭਾਵ ਨਾਲ ਭਿਕਸ਼ਾ ਗ੍ਰਹਿਣ ਕਰਨਾ, ਇਸ ਪ੍ਰਕਾਰ ਦੀ ਵਿਰਤੀ (ਆਦਤ) ਹੀ ਭਾਵ ਊਨੋਦਰੀ ਤਪ ਹੈ।22।23।

ਦਰੱਵ, ਖੇਤਰ, ਕਾਲ, ਭਾਵ ਵਿਚ ਜੋ ਪ੍ਰਗਟਾਵਾ (ਭਾਵ) ਆਖੇ ਗਏ ਹਨ, ਉਨ੍ਹਾਂ ਸਭ ਢੰਗਾਂ ਨਾਲ ਊਨੋਦਰੀ ਤਪ ਕਰਨ ਵਾਲਾ ਭਿਕਸ਼ੂ 'ਪਰਿਯਵ-ਚਰਕ' ਹੁੰਦਾ ਹੈ।24।

ਅੱਠ ਪ੍ਰਕਾਰ ਦੇ ਭਿਕਸ਼ਾ ਅਤੇ ਸੱਤ ਪ੍ਰਕਾਰ ਏਸ਼ਨਾ (ਮੰਗਣ ਦੇ ਢੰਗ) ਅਤੇ ਅਨੇਕ ਪ੍ਰਕਾਰ ਦੇ ਅਭਿਗ੍ਰਹ (ਗੁਪਤ ਪ੍ਰਤਿਗਿਆ ਨਾਲ ਭਿਕਸ਼ਾ ਗ੍ਰਹਿਣ ਕਰਨਾ) ਭਿਖਿਆ ਚਰਿਆ ਤਪ ਹੈ।25।

ਦੁੱਧ, ਦਹੀਂ, ਘੀ ਆਦਿ ਤਾਕਤਵਰ, ਪੀਣਯੋਗ ਪਦਾਰਥ, ਭੋਜਨ, ਤੇ ਰਸਾਂ ਦਾ ਤਿਆਗ 'ਰਸ-ਤਿਆਗ' ਹੈ।26।

ਆਤਮਾ ਨੂੰ ਸੁੱਖਕਾਰੀ ਵੀਰਆਸਨ ਆਦਿ ਕਠਿਨ ਆਸਨਾਂ ਵਿਚ ਲਗਾਉਣ ਦਾ ਅਭਿਆਸ ਕਾਇਆ ਕਲੇਸ਼ ਤਪ ਹੈ।27।

ਏਕਾਂਤ, ਅਨਾਪਾਤ (ਜਿੱਥੇ ਕੋਈ ਆਉਂਦਾ ਜਾਂਦਾ ਨਾ ਹੋਵੇ) ਅਤੇ ਇਸਤਰੀ ਪਸ਼ੂ ਆਦਿ ਤੋਂ ਰਹਿਤ ਵਿਸ਼ੋਣਾ, ਅਤੇ ਆਸਨ ਗ੍ਰਹਿਣ ਕਰਨਾ ਵਿਵਿਕਤ-ਸ਼ਯਨਾ-ਆਸਨ ਤਪ ਹੈ।28।

ਸੰਖੇਪ ਵਿਚ ਇਹ ਬਾਹਰਲੇ ਤਪ ਦੀ ਵਿਆਖਿਆ ਹੈ, ਹੁਣ ਸਿਲਸਿਲੇ ਵਾਰ ਅੰਦਰਲੇ ਤਪ ਦੀ ਵਿਆਖਿਆ ਕਰਾਂਗਾ।29।

ਪ੍ਰਾਸ਼ਚਿਤ, ਵਿਨੈ, ਸੇਵਾ, ਸ਼ਾਸਤਰਾਂ ਦੀ ਪੜ੍ਹਾਈ, ਧਿਆਨ ਅਤੇ ਵਿਉਤਸਰਗ (ਦੇਹ ਦਾ ਮੋਹ ਛੱਡਣਾ) ਇਹ ਅੰਦਰਲਾ ਤਪ ਹੈ।30।

ਆਲੋਚਨਾ ਯੋਗ ਆਦਿ ਦਸ ਪ੍ਰਕਾਰ ਦਾ ਪ੍ਰਾਸ਼ਚਿਤ, ਜਿਸ ਦਾ ਭਿਕਸ਼ੂ ਸੱਮਿਅਕ (ਸਹੀ) ਢੰਗ ਨਾਲ ਪਾਲਣ ਕਰਦਾ ਹੈ ਪ੍ਰਾਸ਼ਚਿਤ ਤਪ ਹੈ।31।

ਖੜ੍ਹੇ ਰਹਿਣਾ, ਹੱਥ ਜੋੜਨਾ, ਆਸਨ ਦੇਣਾ, ਗੁਰੂਆਂ ਦੀ ਭਗਤੀ ਅਤੇ ਅੰਤਾਕਰਨ (ਭਾਵਪੂਰਵਕ) ਸੇਵਾ ਕਰਨਾ, ਵਿਨੈ ਤਪ ਹੈ।32।

ਆਚਾਰਿਆ ਆਦਿ ਨਾਲ ਸਬੰਧਤ ਦਸ ਪ੍ਰਕਾਰ ਦੀ ਸੇਵਾ ਕਰਨ ਦੀ ਕੋਸ਼ਿਸ਼ ਕਰਨਾ ਸੇਵਾ ਤਪ ਹੈ।33।

(1) ਵਾਚਨਾ (ਪੜ੍ਹਨਾ) (2) ਪ੍ਰਸ਼ਨ ਕਰਨਾ, (3) ਪੜ੍ਹੇ ਹੋਏ ਸ਼ਾਸਤਰ ਨੂੰ ਦੁਹਰਾਨਾ (4) ਅਨੁਪਰੇਕਸ਼ਾ (5) ਧਰਮ ਕਥਾ ਇਹ ਪੰਜ ਪ੍ਰਕਾਰ ਦਾ ਸਵਾਧਿਆਏ ਤਪ ਹੈ।34।

ਆਰਤ (ਦੁੱਖ ਦੇਣ ਵਾਲੇ) ਰੋਦਰ (ਗੁੱਸਾ) ਆਦਿ ਧਿਆਨਾਂ ਨੂੰ ਛੱਡ ਕੇ ਮੁਨੀ, ਜੋ ਧਰਮ ਤੇ ਸ਼ੁਕਲ ਧਿਆਨ ਵਿਚ ਮਨ ਲਗਾਉਂਦਾ ਹੈ, ਗਿਆਨੀ ਜਨ ਉਸ ਨੂੰ ਧਿਆਨ ਤਪ ਆਖਦੇ ਹਨ।35।

ਸੌਣ, ਬੈਠਣ ਅਤੇ ਖੜ੍ਹੇ ਹੋਣ ਸਮੇਂ ਜੋ ਭਿਕਸ਼ੂ ਸਰੀਰ ਨਾਲ ਫਿਜ਼ੂਲ ਕ੍ਰਿਆਵਾਂ ਨਹੀਂ ਕਰਦਾ, ਇਹ ਹੀ ਸਰੀਰ ਦਾ ਵਿਉਤਸਰਗ ਤਪ ਹੈ।36।

ਜੋ ਪੰਡਤ ਮੁਨੀ ਦੋਹਾਂ ਪ੍ਰਕਾਰ ਦੇ ਤਪ ਦਾ ਪਾਲਣ ਕਰਦੇ ਹਨ। ਉਹ ਛੇਤੀ ਹੀ ਸੰਸਾਰ ਦੇ ਜਨਮ ਮਰਨ ਤੋਂ ਮੁਕਤ ਹੋ ਜਾਦੇ ਹਨ।37।

ਇਸ ਪ੍ਰਕਾਰ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 10–11

ਸ਼੍ਰੇਣੀ ਤਪ ਇਕ ਵਰਤ ਤੋਂ ਲੈ ਕੇ ਮਹੀਨੇ ਤੱਕ ਸ਼੍ਰੇਣੀ ਅਨੁਸਾਰ ਤਪ ਕਰਨਾ। ਸ਼੍ਰੇਣੀਆਂ ਅਨੇਕਾਂ ਹਨ ਜਿਵੇਂ ਵਰਤ, ਦੋ ਵਰਤ ਇਹ ਦੋ ਪੱਦਾਂ ਦਾ ਸ਼੍ਰੇਣੀ ਤਪ ਹੈ। ਵਰਤ, ਦੋ ਵਰਤ, ਤਿੰਨ ਵਰਤ, ਚਾਰ ਵਰਤ, ਇਹ ਚਾਰ ਪਦਾਂ ਦਾ ਸ਼੍ਰੇਣੀ ਤਪ ਹੈ।

(2) ਪ੍ਰਤਰ ਤਪ

1, 2, 3, 5 ਵਰਤ ਚਾਰ ਪ੍ਰਕਾਰ ਨਾਲ ਬਣਦੇ ਹਨ। ਹੇਠ ਲਿਖੇ ਚਾਰਟ ਤੋਂ ਸਮਝ ਲੈਣਾ ਚਾਹੀਦਾ ਹੈ :

| ਲੜੀ ਨੰ | 1 | 2 | 3 | 4 |
|---|---|---|---|---|
| 1 | ਇਕ ਵਰਤ | ਦੋ ਵਰਤ | ਤਿੰਨ ਵਰਤ | ਚਾਰ ਵਰਤ |
| 2 | ਦੋ ਵਰਤ | ਤਿੰਨ ਵਰਤ | ਚਾਰ ਵਰਤ | ਇਕ ਵਰਤ |
| 3 | ਤਿੰਨ ਵਰਤ | ਚਾਰ ਵਰਤ | ਇਕ ਵਰਤ | ਦੋ ਵਰਤ |
| 4 | ਚਾਰ ਵਰਤ | ਇਕ ਵਰਤ | ਦੋ ਵਰਤ | ਤਿੰਨ ਵਰਤ |

ਇਹ ਪ੍ਰਤਰ ਤਪ ਹੈ ਇਸ ਵਿਚ ਕੁੱਲ ਪੱਦਾਂ ਦੀ ਸੰਖਿਆ 16 ਹੈ। ਇਸ ਤਰ੍ਹਾਂ ਇਹ ਸ਼੍ਰੇਣੀ ਪਦਾਂ ਨੂੰ ਗੁਣਾ ਕਰਕੇ ਬਣਦਾ ਹੈ। ਚਾਰ ਨੂੰ ਚਾਰ ਨਾਲ ਗੁਣਾ ਕਰਨ ਨਾਲ 16 ਸੰਖਿਆ ਆਉਂਦੀ ਹੈ।

(3) ਘਨਤਪ : ਇਸ ਦੇ 64 ਪਦ ਹਨ।

(4) ਵਰਗ ਤਪ : 64 × 64 4096 ਹਿੱਸੇ ਬਣਦੇ ਹਨ।

(5) ਵਰਗ ਤਪ : 4096 × 4096 = 16777216 ਪਦ ਬਣਦੇ ਹਨ।

ਇਹ ਸ਼੍ਰੇਣੀ ਤਪ ਦੇ ਚਾਰ ਪਦਾਂ ਦੀ ਵਿਆਖਿਆ ਹੈ, ਇਸੇ ਤਰ੍ਹਾਂ 5, 6, 7 ਆਦਿ ਪਦਾਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ।

ਗਾਥਾ 12

ਮਰਨ ਵੇਲੇ ਕੀਤਾ ਜਾਣ ਵਾਲਾ ਵਰਤ ਸੰਨਥਾਰਾ ਅਖਵਾਉਂਦਾ ਹੈ। ਸਵਿਚਾਰ ਅਤੇ ਅਵਿਚਾਰ ਇਸ ਦੇ ਦੋ ਭੇਦ ਹਨ। ਸਵਿਚਾਰ ਵਿਚ ਕਰਵਟ ਲਈ ਜਾ ਸਕਦੀ ਹੈ ਪਰ ਵਿਚਾਰ ਵਿਚ ਨਹੀਂ। ਸਵਿਚਾਰ ਦੇ

ਦੋ ਭੇਦ ਹਨ :

(1) ਭਗਤ-ਪਛਖਾਨ (2) ਇੰਗਤਮਰਨ। ਭਗਤ ਪਛਖਾਨ ਵਿਚ ਸਾਧੂ ਆਪ ਵੀ ਕਰਵਟ ਲੈ ਸਕਦਾ ਹੈ ਤੇ ਦੂਸਰੇ ਦੀ ਮਦਦ ਨਾਲ ਵੀ ਕਰਵਟ ਲੈ ਸਕਦਾ ਹੈ। ਉਸ ਦੀ ਸੇਵਾ ਲਈ ਕੁਝ ਸਾਧੂ ਵੀ ਰਹਿ ਸਕਦੇ ਹਨ। ਇਸ ਵਿਚ ਤਿੰਨ ਅਹਾਰ ਜਾਂ ਚਾਰ ਅਹਾਰ ਦਾ ਤਿਆਗ ਕੀਤਾ ਜਾਂਦਾ ਹੈ।

(2) ਇੰਗਤ ਮਰਨ : ਇਸ ਵਿਚ ਸਾਧੂ ਇਕੱਲਾ ਰਹਿੰਦਾ ਹੈ। ਸਾਧੂ ਆਪਣੀ ਤਾਕਤ ਅਨੁਸਾਰ ਕਰਵਟ ਲੈ ਸਕਦਾ ਹੈ ਪਰ ਦੂਸਰੇ ਤੋਂ ਸਹਾਇਤਾ ਨਹੀਂ ਲੈ ਸਕਦਾ। ਪਹਾੜਾਂ ਦੀਆਂ ਗੁਫਾਵਾਂ ਅਤੇ ਹੋਰ ਸੁੰਨਸਾਨ ਥਾਵਾਂ ਤੇ ਘੁੰਮਣਾ ਅਵਿਚਾਰ ਹੈ। ਜਿਵੇਂ ਦਰਖ਼ਤ ਡਿੱਗ ਕੇ ਉੱਥੇ ਹੀ ਪਿਆਰ ਰਹਿੰਦਾ ਹੈ ਇਸੇ ਤਰ੍ਹਾਂ ਇਕ ਹੀ ਆਸਨ ਕੀਤਾ ਜਾਂਦਾ ਹੈ ਜੋ ਮਰਨ ਤੱਕ ਜਾਰੀ ਰਹਿੰਦਾ ਹੈ।

ਗਾਥਾ 13

ਸੰਥਾਰਾ ਦੋ ਪ੍ਰਕਾਰ ਦਾ ਹੈ। ਸਵਪਰਿਕਮ (ਬੈਠਣਾ, ਉੱਠਣਾ, ਕਰਵਟ ਬਦਲਣਾ) ਅਤੇ ਅਪਰਿਕਰਮ। ਭਗਤ ਪਛਖਾਨ ਅਤੇ ਇੰਗਨੀ ਸਵਪਰਿਕਰਮ ਹੁੰਦੇ ਹਨ ਅਤੇ ਪਾਦਪੋ ਗਮਨ। ਅਪਰਿਕਰਮ ਪਿੰਡ ਤੋਂ ਬਾਹਰ ਜੋ ਵਰਤ ਕੀਤਾ ਜਾਂਦਾ ਹੈ ਉਹ ਨਿਰਅਹਾਰੀ ਹੈ ਜੋ ਪਿੰਡ ਵਿਚ ਵਰਕਤ ਕੀਤਾ ਜਾਂਦਾ ਉਹ ਅਨਿਰਹਾਰੀ ਹੈ। ਜਿਸ ਸਰੀਰ ਦਾ ਮਰਨ ਤੋਂ ਬਾਅਦ ਅੱਗ ਨਾਲ ਸੰਸਕਾਰ ਕੀਤਾ ਜਾਂਦਾ ਉਹ ਨਿਰਹਾਰਮ ਹੈ। ਜਿਸ ਦਾ ਸੁੰਨਸਾਨ ਥਾਵਾਂ ਤੇ ਹੋਣ ਕਾਰਨ ਅਗਣੀ ਸੰਸਕਾਰ ਨਹੀਂ ਹੁੰਦਾ ਉਹ ਅਨਿਰਹਾਰੀ ਹੈ।

| | | |
|---|---|---|
| (1) | ਜਿੱਥੇ ਟੈਕਸ ਲੱਗੇ | ਗ੍ਰਾਮ |
| (2) | ਵਿਉਪਾਰ ਦੀ ਮੰਡੀ | ਨਿਗਮ |
| (3) | ਸੋਨੇ ਦੀ ਖਾਨ | ਆਕਰ |
| (4) | ਜੰਗਲ ਵਿਚ ਚੋਰਾਂ ਜਾਂ ਆਮ ਲੋਕਾਂ ਦੀ ਬਸਤੀ | ਪੱਲੀ |
| (5) | ਧੂੜ ਮਿੱਟੀ ਦੀਆਂ ਕੰਧਾਂ ਵਾਲਾ ਪਿੰਡ | ਖੇਟ |
| (6) | ਛੋਟਾ ਨਗਰ | ਕਰਵੱਟ |
| (7) | ਜਿੱਥੇ ਆਉਣ ਜਾਣ ਦੇ ਪਾਣੀ ਤੇ ਖੁਸ਼ਕ ਦੋਹੇ ਰਾਹ ਹੋਣ | ਦਰੋਨਮੁੱਖ |
| (8) | ਜਿੱਥੇ ਸਾਰੇ ਲੋਕ ਆਉਂਦੇ ਹੋਣ | ਪੱਤਣ |
| (9) | ਜਿੱਥੇ ਸਾਰੇ ਪਾਸੇ ਢਾਈ ਯੋਜਨ ਤੱਕ ਪਿੰਡ ਨਾ ਹੋਵੇ | ਮੰਡਪ |
| (10) | ਜਿੱਥੇ ਚਾਰੇ ਵਰਨ ਰਹਿੰਦੇ ਹੋਣ | ਸੰਬਾਧ |
| (11) | ਤਾਪਸ ਆਦਿ ਦਾ ਆਸ਼ਰਮ | ਆਸ਼ਰਮਪੱਦ |
| (12) | ਦੇਵ ਮੰਦਰ | ਬਿਹਾਰ |
| (13) | ਸਰਾਂ | ਸੰਨੀਵੇਸ਼ |
| (14) | ਸਭਾ, ਪਰਿਸ਼ਧ | ਸਮਾਜ |
| (15) | ਗਊਸ਼ਾਲਾ | ਘੋਸ਼ |
| (16) | ਉੱਚਾ ਟਿੱਲਾ | ਸਥੱਲੀ |
| (17) | ਵਿਉਪਾਰੀਆਂ ਨਾਲ ਚੱਲਣ ਵਾਲਾ ਸਮੂਹ | ਸਾਰਥ |

| | | |
|---|---|---|
| (18) | ਜਿੱਥੇ ਲੋਕ ਡਰੇ ਹੋਣ | ਸੰਵੇਰਤ |
| (19) | ਕਿਲਾ | ਕੋਟ |
| (20) | ਜਿੱਥੇ ਘਰਾਂ ਵਿਚ ਕੰਡੇ ਦੀ ਵਾੜ | ਵਾਟ |
| (21) | ਪਿੰਡ ਦੀ ਗਲੀ | ਰੱਥਥਿਆ |

ਖੇਤਰ ਅਵਮੋਦਰਯ ਦਾ ਅਰਥ ਹੈ - ਸਫ਼ਰ ਆਦਿ ਨੂੰ ਮੁੱਖ ਰੱਖ ਕੇ ਇਕ ਹੱਦ ਨਿਸ਼ਚਿਤ ਕਰਨਾ।

ਗਾਥਾ 19

1. ਪੇਟਾ - ਜਿਵੇਂ ਪੇਟੀ ਦੇ ਚਾਰ ਕੋਣੇ ਹੁੰਦੇ ਹਨ ਇਸੇ ਤਰ੍ਹਾਂ ਵਿਚਕਾਰਲੇ ਘਰ ਛੱਡ ਕੇ ਭੋਜਨ ਮੰਗ ਕੇ ਲੈ ਆਉਣਾ।
2. ਅਰਧ ਪੇਟਾ - ਇਸ ਵਿਚ ਕੇਵਲ ਦੋ ਸ਼੍ਰੇਣੀਆਂ ਤੋਂ ਹੀ ਭੋਜਨ ਲਿਆ ਜਾਂਦਾ ਹੈ।
3. ਗੋਮੁਤਰੀਕਾ - ਉਲਟੇ-ਸਿੱਧੇ ਰਸਤੇ ਤੇ ਭੋਜਨ ਲੈ ਕੇ ਆਉਣਾ ਗੋਮੁਤਰੀਕਾ ਤਰੀਕਾ ਜਿਵੇਂ ਬਲਦ ਚਲਦਾ ਪੇਸ਼ਾਬ ਕਰਦਾ ਹੈ ਉਸੇ ਪ੍ਰਕਾਰ ਉਲਟੇ ਸਿੱਧੇ ਰਾਹ ਤੋਂ ਭੋਜਨ ਮੰਗਣਾ।
4. ਪਤੰਗਵੀਥਿਕਾ - ਪਤੰਗਾ ਜਿਵੇਂ ਉੱਡਦਾ ਹੋਇਆ ਕਦੇ ਕਦੇ ਚਮਕਦਾ ਹੈ ਇਸੇ ਪ੍ਰਕਾਰ ਵਿਚਕਾਰਲੇ ਘਰ ਛੱਡ ਕੇ ਭੋਜਨ ਮੰਗਨਾ।
5. ਸੰਬੂਕਾਵਰਤਾ - ਸ਼ੰਖ ਦੀਆਂ ਤੈਹਾਂ ਦੀ ਤਰ੍ਹਾਂ ਪਿੰਡ ਦੇ ਬਾਹਰਲੇ ਹਿੱਸੇ ਤੋਂ ਭੋਜਨ ਮੰਗਣਾ ਜਾਂ ਪਿੰਡ ਦੇ ਅੰਦਰ ਭੋਜਨ ਲੈਂਦਾ ਹੋਇਆ ਪਿੰਡ ਦੇ ਬਾਹਰ ਤੱਕ ਭੋਜਨ ਕਰਨਾ। ਸ਼ੰਬੂਕਾਵਰਤਾ, ਇਹ ਦੋ ਪ੍ਰਕਾਰ ਦਾ ਹੈ।

6. ਆਯਤਮਗਤਵਾ - ਪ੍ਰਤਿਅਤਾ - ਪਿੰਡ ਦੀ ਇਕ ਗਲੀ ਤੇ ਪਹਿਲੇ ਘਰ ਤੋਂ ਲੈ ਕੇ ਆਖ਼ਿਰੀ ਘਰ ਤੱਕ ਭੋਜਨ ਮੰਗਣਾ। ਇਸ ਦੇ ਦੋ ਭੇਦ ਹਨ। ਜਾਂਦੇ ਸਮੇਂ ਗਲੀ ਦੀ ਇਕ ਲਾਈਨ ਤੋਂ ਲੈ ਕੇ ਆਉਣਾ ਤੇ ਵਾਪਸੀ ਤੇ ਗਲੀ ਦੀ ਦੂਸਰੀ ਲਾਈਨ ਤੱਕ ਮੰਗਣਾ। ਜਾਂ ਇਕ ਹੀ ਲਾਈਨ ਵਿਚੋਂ ਭਿਕਸ਼ਾ ਲੈ ਕੇ ਆਉਣਾ, ਦੂਸਰੀ ਲਾਈਨ ਤੋਂ ਨਾ ਮੰਗਣਾ।

ਗਾਥਾ 25

ਗੋਚਰੀ ਦੇ ਅੱਠ ਭੇਦ ਇਸ ਪ੍ਰਕਾਰ ਬਣਦੇ ਹਨ :

ਪੇਟੀਕਾ ਦੇ 6 ਭੇਦ ਅਤੇ ਸ਼ੰਬੂਕਾਵਰਤਾ ਅਤੇ ਆਯਤਮਗਤਵਾ ਪ੍ਰਤਿਆਗਤਾ ਦੇ ਦੋ ਉਪਭੇਦ ਮਿਲਾ ਕੇ ਅੱਠ ਭੇਦ ਹਨ।

ਸੱਤ ਏਸ਼ਨਾਵਾਂ :

(1) ਸੰਸ੍ਰਿਸ਼ਟਾ - ਭੋਜਨ ਨਾਲ ਲਿੱਬੜੇ ਹੱਥਾਂ ਜਾਂ ਭਾਂਡੇ ਰਾਹੀਂ ਭੋਜਨ ਮੰਗਣਾ।

(2) ਅਸੰਸ੍ਰਿਸ਼ਟਾ - ਬਿਨਾਂ ਲਿੱਬੜੇ ਹੱਥਾਂ ਜਾਂ ਭਾਂਡੇ ਰਾਹੀਂ ਭੋਜਨ ਮੰਗਣਾ।

(3) ਉਦਧ੍ਰਿਤਾ - ਗ੍ਰਹਿਸਥ ਰਾਹੀਂ ਆਪਣੇ ਭਾਂਡੇ ਦੇ ਭੋਜਨ 'ਚੋਂ ਕੱਢ ਕੇ ਦੂਸਰੇ ਭਾਂਡੇ ਵਿਚ ਕੱਢਿਆ ਭੋਜਨ ਗ੍ਰਹਿਣ ਕਰਨਾ।

(4) ਅਲੱਪਾਲੇਪਾ - ਛੋਲੇ ਆਦਿ ਪਦਾਰਥ ਲੈਣਾ।

(5) ਅਵਗ੍ਰਹੀਤਾ - ਖਾਣ ਦੇ ਲਈ ਥਾਲੀ ਵਿਚ ਪਰੋਸਿਆ ਹੋਇਆ ਭੋਜਨ ਲੈਣਾ।

(6) ਪ੍ਰਗ੍ਰਹੀਤਾ - ਕੜਛੀ ਆਦਿ ਨਾਲ ਬਾਹਰ ਰੱਖਿਆ ਭੋਜਨ ਲੈਣਾ।

(7) ਉਜਝਿਤੱਧਰਮਾ - ਸੁੱਟਣ ਯੋਗ, ਬਾਸੀ ਭੋਜਨ ਲੈਣਾ।

ਗਾਥਾ 31

ਪ੍ਰਾਸ਼ਚਿਤ ਦਸ ਪ੍ਰਕਾਰ ਦਾ ਹੈ :

(1) ਆਲੋਚਨਾਯੋਗ - ਗੁਰੂ ਸਾਹਮਣੇ ਆਪਣੇ ਦੋਸ਼ ਦੱਸਣਾ ਹੀ ਆਲੋਚਨਾ ਯੋਗ ਹੈ।

(2) ਪ੍ਰਤਿਕਰਮਨ ਯੋਗ ਪਾਪ ਕਰਮਾਂ ਤੋਂ ਛੁਟਕਾਰਾ ਪਾਉਣ ਲਈ ਮਿੱਛਾਮਿ ਦੁਕੱਕੜੰਮ (ਮੇਰੇ ਸਾਰੇ ਪਾਪ ਅਸਫਲ ਹੋਣ) ਆਖਣਾ ਅਤੇ ਕਾਯੋਤਸਰਗ ਕਰਨਾ ਅਤੇ ਭਵਿੱਖ ਵਿਚ ਪਾਪਾਂ ਪ੍ਰਤਿ ਸਾਵਧਾਨ ਰਹਿਣਾ

(3) ਤਦੁਭਿਆਰਹ - ਪਾਪ ਤੋਂ ਛੁਟਕਾਰਾ ਪਾਉਣ ਲਈ ਆਲੋਚਨਾ ਤੇ ਪ੍ਰਤਿਕ੍ਰਮਨ ਕਰਨਾ।

(4) ਵਿਵੇਕਾਰਹ - ਲਿਆਏ ਹੋਏ ਅਸ਼ੁੱਧ ਭੋਜਨ ਦਾ ਤਿਆਗ ਕਰਨਾ।

(5) ਤਪਯੋਗ - ਵਰਤ ਆਦਿ ਤਪ ਕਰਨਾ

(6) ਛੇਦਾਅਰਹ - ਸੰਜਮ ਦੇ ਸਮੇਂ ਨੂੰ ਘੱਟ ਕਰਨਾ, ਦੀਖਿਆ ਦਾ ਸਮਾਂ ਸੰਜਮ ਸਮੇਂ ਤੋਂ ਕੱਢਣਾ।

(7) ਮੂਲਾਰਹ - ਦੁਬਾਰਾ ਮਹਾਂਵਰਤ ਧਾਰ ਕੇ, ਦੀਖਿਆ ਲੈਣਾ।

(8) ਅਨਵਸਥਾਪਨਾਰਹ - ਤਪੱਸਿਆ ਕਰਕੇ ਨਵੀਂ ਦੀਖਿਆ ਲੈਣਾ।

(9) ਪਾਰੰਚਿਕਾਰਹ – ਭਿਅੰਕਰ ਦੋਸ਼ ਲੱਗਣ ਤੇ ਕਾਫ਼ੀ ਸਮੇਂ ਤੱਕ ਆਤਮ ਗਲਾਨੀ (ਨਫ਼ਰਤ) ਕਰਦੇ ਹੋਏ ਨਵੀਂ ਦੀਖਿਆ ਲੈਣਾ।

ਗਾਥਾ 33

ਵੈਅਵਿਰਤਯ ਤਪ ਦਸ ਪ੍ਰਕਾਰ ਦਾ ਹੈ :

(1) ਆਚਾਰਿਆ ਦੀ ਸੇਵਾ (2) ਉਪਾਧਿਆਇ ਦੀ ਸੇਵਾ (3) ਸਥਵਿਰ (ਬਜ਼ੁਰਗਾਂ) ਦੀ ਸੇਵਾ (4) ਤਪੱਸਵੀ ਦੀ ਸੇਵਾ (5) ਰੋਗੀ ਦੀ ਸੇਵਾ (6) ਨਵੇਂ ਵਿਦਿਆਰਥੀ ਦੀ ਸੇਵਾ (7) ਕੁਲ (ਸਮੂਹਾਂ) ਦੀ ਸੇਵਾ (8) ਗਣ (ਕੁਲਾਂ ਦਾ ਇਕੱਠ) ਦੀ ਸੇਵਾ (9) ਸੰਘ (ਗਣਾਂ ਦੇ ਸਮੂਹ) ਦੀ ਸੇਵਾ (10) ਸਹਿਧਰਮੀ (ਹਮਧਰਮੀ) ਸਾਧੂ, ਸਾਧਵੀ ਦੀ ਸੇਵਾ।

# 31
# ਚਰਨ ਵਿਧੀ ਅਧਿਐਨ

ਚਰਨਵਿਧੀ ਦਾ ਅਰਥ ਹੈ - ਵਿਵੇਕ ਪੂਰਵਕ ਸ਼ੁਭ ਕਰਮ। ਇਸ ਅਧਿਐਨ ਵਿਚ ਸੰਜਮ ਪ੍ਰਤਿ ਵਿਵੇਕ ਅਤੇ ਅਸੰਜਮ ਪ੍ਰਤੀ ਅਵਿਵੇਕ ਰੱਖਣ ਬਾਰੇ ਫੁਰਮਾਇਆ ਗਿਆ ਹੈ। ਇਸ ਅਧਿਐਨ ਵਿਚ ਇਸ ਸਬੰਧੀ ਕਾਫ਼ੀ ਕੁਝ ਸੰਖੇਪ ਵਿਚ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ।

# ਇਕੱਤੀਵਾਂ ਅਧਿਐਨ

ਜੀਵ ਨੂੰ ਸੁੱਖ ਦੇਣ ਵਾਲੀ, ਉਸ ਚਾਰਿੱਤਰ ਵਿਧੀ ਨੂੰ ਆਖਾਂਗਾ, ਜਿਸ ਦਾ ਪਾਲਣ ਕਰਕੇ ਬਹੁਤ ਸਾਰੇ ਜੀਵ ਸੰਸਾਰ ਸਾਗਰ ਤੈਰ ਗਏ ਹਨ।1।

ਸਾਧੂ ਨੂੰ ਇਕ ਤਰਫ ਛੱਡਣ ਦੀ ਅਤੇ ਇਕ ਤਰਫ ਲੱਗਣ ਦੀ ਆਦਤ ਰੱਖਣੀ ਚਾਹੀਦੀ ਹੈ।2।

ਪਾਪ ਕਰਮ ਦੇ ਮੋਢੀ, ਰਾਗ ਅਤੇ ਦਵੇਸ਼ ਹਨ। ਇਨ੍ਹਾਂ ਦੋ ਪਾਪ ਕਰਮਾਂ ਦੀ ਜੋ ਭਿਕਸ਼ੂ ਸਦਾ ਰੋਕ ਰੱਖਦਾ ਹੈ, ਉਹ ਸੰਸਾਰ ਵਿਚ ਕਦੇ ਨਹੀਂ ਰੁਕਦਾ (ਭਾਵ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ)।3।

ਤਿੰਨ, ਦੰਡ, ਤਿੰਨ ਗੌਰਵ, ਅਤੇ ਤਿੰਨ ਸ਼ਲਯ ਦਾ ਜੋ ਭਿਕਸ਼ੂ ਸਦਾ ਲਈ ਤਿਆਗ ਕਰ ਦਿੰਦਾ ਹੈ, ਉਹ ਸੰਸਾਰ ਵਿਚ ਕਦੇ ਨਹੀਂ ਰੁਕਦਾ।4।

ਦੇਵਤੇ ਪਸ਼ੂ ਮਨੁੱਖ ਰਾਹੀਂ ਪੈਦਾ ਕੀਤੇ ਗਏ ਕਸ਼ਟਾਂ ਨੂੰ ਜੋ ਭਿਕਸ਼ੂ ਸ਼ਾਂਤੀ ਨਾਲ ਸਹਿਣ ਕਰਦਾ ਹੈ ਉਹ ਸੰਸਾਰ ਵਿਚ ਨਹੀਂ ਰੁਕਦਾ।5।

ਜੋ ਸਾਧੂ ਚਾਰ ਵਿਕਥਾ (ਫਜ਼ੂਲ ਤੇ ਝੂਠੇ ਉਪਦੇਸ਼) ਚਾਰ ਕਸ਼ਾਏ ਦੀ ਚਾਰ ਸੰਗੀਆ ਦਾ ਅਤੇ ਆਰਤ ਤੇ ਰੌਦਰ ਧਿਆਨ-ਦੋ ਧਿਆਨਾਂ ਨੂੰ ਸਦਾ ਲਈ ਛੱਡ ਦਿੰਦਾ ਹੈ ਉਹ ਸੰਸਾਰ ਵਿਚ ਨਹੀਂ ਰੁਕਦਾ।6।

ਜੋ ਭਿਕਸ਼ੂ ਵਰਤਾਂ ਅਤੇ ਸਮਿਤੀਆਂ ਦੇ ਪਾਲਣ ਅਤੇ ਇੰਦਰੀਆਂ ਦੇ ਵਿਸ਼ੇ ਵਿਕਾਰਾਂ ਅਤੇ ਕ੍ਰਿਆਵਾਂ ਦਾ ਖ਼ਾਤਮਾ ਕਰਨ ਲਈ ਕੋਸ਼ਿਸ਼ ਕਰਦਾ ਹੈ ਉਹ ਸੰਸਾਰ ਵਿਚ ਨਹੀਂ ਰੁਕਦਾ।7।

ਜੋ ਭਿਕਸ਼ੂ ਛੇ ਲੇਸ਼ਿਯਾ, ਪ੍ਰਿਥਵੀ ਕਾਇਆ ਆਦਿ ਛੇ ਕਾਇਆ ਅਤੇ ਭੋਜਨ ਦੇ ਛੇ ਕਾਰਨਾਂ ਦਾ ਸਦਾ ਧਿਆਨ ਵਿਚ ਰੱਖਦਾ ਹੈ, ਉਹ ਸੰਸਾਰ

ਵਿਚ ਨਹੀਂ ਰੁਕਦਾ।8।

ਭੋਜਨ ਸਬੰਧੀ ਸੱਤ ਪ੍ਰਤਿਮਾਵਾਂ ਵਿਚ ਅਤੇ ਸੱਤ ਭੈ ਸਥਾਨਾਂ (ਡਰ ਦੇ ਕਾਰਨਾਂ) ਦਾ ਜੋ ਸਦਾ ਧਿਆਨ ਕਰਦਾ ਹੈ ਉਹ ਸੰਸਾਰ ਵਿਚ ਨਹੀਂ ਰੁਕਦਾ।9।

ਅੱਠ ਪ੍ਰਕਾਰ ਦੇ ਮੱਦ (ਹੰਕਾਰ) ਨੌ ਪ੍ਰਕਾਰ ਦੇ ਬ੍ਰਹਮਚਰਜ, ਤਿੰਨ ਗੁਪਤੀਆਂ ਅਤੇ ਦਸ ਪ੍ਰਕਾਰ ਦੇ ਭਿਕਸ਼ੂ ਧਰਮਾਂ ਵਿਚ ਜੋ ਭਿਕਸ਼ੂ ਲੱਗਾ ਰਹਿੰਦਾ ਹੈ ਉਹ ਸੰਸਾਰ ਵਿਚ ਨਹੀਂ ਰੁਕਦਾ।10।

ਉਪਾਸ਼ਕ ਦੀ ਪ੍ਰਤਿਮਾਵਾਂ ਵਿਚ ਤੇ ਭਿਕਸ਼ੂ ਦੀ ਪ੍ਰਤਿਮਾਵਾਂ ਵਿਚ ਦਾ, ਜੋ ਭਿਕਸ਼ੂ ਧਿਆਨ ਰੱਖਦਾ ਹੈ ਉਹ ਸੰਸਾਰ ਵਿਚ ਨਹੀਂ ਰੁਕਦਾ।11।

ਕ੍ਰਿਆਵਾਂ ਵਿਚ, ਜੀਵਾਂ ਦੇ ਇਕੱਠਾਂ ਅਤੇ ਪਰਮਾਧਾਰਮਿਕ (ਨਰਕਾਂ ਵਿਚ ਸਜ਼ਾ ਦੇਣ ਵਾਲੇ ਦੇਵਤੇ) ਦੇਵਤੇ ਨੂੰ ਜੋ ਸਦਾ ਧਿਆਨ ਵਿਚ ਰੱਖਦਾ ਹੈ ਉਹ ਸੰਸਾਰ ਵਿਚ ਨਹੀਂ ਰੁਕਦਾ।12।

ਗਾਥਾ ਸੋਲਾਂ ਅਧਿਐਨਾਂ ਵਿਚ ਅਤੇ ਅਸੰਜਮ ਨੂੰ ਧਿਆਨ ਵਿਚ ਰੱਖਦਾ ਹੈ ਉਹ ਸੰਸਾਰ ਵਿਚ ਨਹੀਂ ਰੁਕਦਾ, ਸਗੋਂ ਸੰਸਾਰ ਸਾਗਰ ਨੂੰ ਪਾਰ ਕਰ ਜਾਂਦਾ ਹੈ।13।

ਬ੍ਰਹਮਚਰੇਜ ਵਿਚ 19 ਗਿਆਤ ਧਰਮ ਕਥਾਂਗਸੂਤਰ ਦੇ ਅਧਿਐਨ ਵਿਚ ਅਸਮਾਧੀ (ਦੁੱਖ) ਦੇ ਸਥਾਨਾਂ ਨੂੰ ਜੋ ਭਿਕਸ਼ੁ, ਧਿਆਨ ਵਿਚ ਰੱਖਦਾ ਹੈ, ਉਹ ਸੰਸਾਰ ਵਿਚ ਨਹੀਂ ਰੁਕਦਾ।14।

21 ਸ਼ਬਲ ਦੋਸ਼ਾਂ ਵਿਚ ਅਤੇ 22 ਪਰਿਸ਼ੈ ਨੂੰ ਜੋ ਭਿਕਸ਼ੂ ਸਦਾ ਧਿਆਨ ਵਿਚ ਰੱਖਦਾ ਹੈ, ਉਹ ਸੰਸਾਰ ਵਿਚ ਨਹੀਂ ਰੁਕਦਾ।15।

ਸੂਤਰਕ੍ਰਿਤਾਂਗ ਸੂਤਰ ਦੇ 23 ਅਧਿਐਨ ਦੇ ਸਵਾਧਿਆਇ ਵਿਚ 24 ਦੇਵਤਿਆਂ ਨੂੰ ਜੋ ਸਦਾ ਧਿਆਨ ਵਿਚ ਰੱਖਦਾ ਹੈ, ਉਹ ਸੰਸਾਰ ਵਿਚ ਨਹੀਂ

ਰੁਕਦਾ।16।

25 ਭਾਵਨਾਵਾਂ, ਦਸ਼ਾ ਆਦਿ ਸੂਤਰ (ਦਸ਼ਾਂਸ਼ਰੁਤ ਸਕੰਧ, ਵਿਵਹਾਰ ਅਤੇ ਬ੍ਰਿਹਤ ਕਲਪ) ਦੇ ਉਦੇਸ਼ਾਂ ਨੂੰ ਜੋ ਸਦਾ ਧਿਆਨ ਵਿਚ ਰੱਖਦਾ ਹੈ, ਉਹ ਸੰਸਾਰ ਵਿਚ ਨਹੀਂ ਰੁਕਦਾ।17।

ਜੋ ਅਨਗਾਰ (ਭਿਕਸ਼ੂ) ਦੇ ਗੁਣਾਂ ਦਾ ਅਤੇ ਆਚਾਰਾਂਗ ਦੇ 28 ਅਧਿਐਨ ਦਾ ਸਦਾ ਧਿਆਨ ਵਿਚ ਰੱਖਦਾ ਹੈ, ਉਹ ਸੰਸਾਰ ਵਿਚ ਨਹੀਂ ਰੁਕਦਾ।18।

ਪਾਪ ਸ਼ਰੁਤ (ਗਲਤ ਧਿਆਨ) ਪ੍ਰਸੰਗਾਂ ਵਿਚ ਅਤੇ ਮੋਹ ਸਥਾਨਾਂ ਨੂੰ ਜੋ ਭਿਕਸ਼ੂ ਸਦਾ ਧਿਆਨ ਵਿਚ ਰੱਖਦਾ ਹੈ, ਉਹ ਸੰਸਾਰ ਵਿਚ ਨਹੀਂ ਰੁਕਦਾ।19।

ਸਿੱਧਾਂ ਦੇ 31 ਅਤਿਸ਼ਯ ਗੁਣਾਂ (ਵਿਚ), ਯੋਗ ਸੰਗ੍ਰਹਿ ਵਿਚ ਅਤੇ 33 ਅਸ਼ਾਤਨਾ ਨੂੰ ਜੋ ਸਦਾ ਧਿਆਨ ਵਿਚ ਰੱਖਦਾ ਹੈ, ਉਹ ਸੰਸਾਰ ਵਿਚ ਨਹੀਂ ਰੁਕਦਾ।20।

ਇਸ ਪ੍ਰਕਾਰ ਜੋ ਪੰਡਤ ਭਿਕਸ਼ੂ ਸਥਾਨਾਂ ਨੂੰ ਹਮੇਸ਼ਾ ਧਿਆਨ ਵਿਚ ਰੱਖਦਾ ਹੈ, ਉਹ ਛੇਤੀ ਹੀ ਸੰਸਾਰ ਤੋਂ ਮੁਕਤ ਹੋ ਜਾਂਦਾ ਹੈ।21।

ਅਜਿਹਾ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 4

ਤਿੰਨ ਦੰਡ ਇਹ ਹਨ : (1) ਪਾਪ ਕਰਮ ਵਿਚ ਲੱਗਾ ਮਨ (2) ਪਾਪੀ ਬਚਨ (3) ਪਾਪ ਕਰਨ ਵਾਲਾ ਸਰੀਰ

ਤਿੰਨ ਗੌਰਵ (ਹੰਕਾਰ) ਇਸ ਪ੍ਰਕਾਰ ਹਨ : (1) ਰਿਧੀ ਗੌਰਵ

(2) ਰਸ ਗੌਰਵ (3) ਸਾਤ (ਸੁੱਖ) ਗੌਰਵ

ਤਿੰਨ ਸ਼ਲਯ ਇਸ ਪ੍ਰਕਾਰ ਹਨ : (1) ਮਾਇਆ (2) ਨਿਦਾਨ (ਸੰਸਾਰਿਕ ਪਰਲੋਕਿਕ ਅਤੇ ਭੌਤਿਕ ਸੁੱਖਾਂ ਲਈ ਧਰਮ ਕ੍ਰਿਆਵਾਂ ਕਰਨਾ) (3) ਮਿਥਿਆ ਦਰਸ਼ਨ (ਆਤਮ ਤੱਤਵ ਦੇ ਪ੍ਰਤਿ ਗਲਤ ਵਿਚਾਰ ਕਰਨਾ) ਇਹ ਤਿੰਨੇ ਸ਼ਲਯ ਆਤਮਾ ਦੇ ਵਿਕਾਸ ਵਿਚ ਕੰਡੇ ਦੇ ਸਮਾਨ ਹਨ।

ਗਾਥਾ 6

ਚਾਰ ਵਿਕਥਾ ਇਸ ਪ੍ਰਕਾਰ ਹਨ (1) ਇਸਤਰੀ ਕਥਾ (ਇਸਤਰੀਆਂ ਦੇ ਰੂਪ ਅਤੇ ਸ਼ਿੰਗਾਰ ਦੀ ਚਰਚਾ ਕਰਨਾ) (2) ਭੱਤ ਕਥਾ (ਭਿੰਨ ਭਿੰਨ ਪ੍ਰਕਾਰ ਦੇ ਭੋਜਨਾਂ ਅਤੇ ਉਨ੍ਹਾਂ ਦੇ ਸਵਾਦਾਂ ਦੀ ਚਰਚਾ ਕਰਨਾ (3) ਦੇਸ਼ ਕਥਾ (ਭਿੰਨ ਭਿੰਨ ਦੇਸ਼ਾਂ ਦੇ ਰਹਿਣ ਵਾਲੇ ਅਤੇ ਸ਼ਹਿਰਾਂ ਬਾਰੇ ਫਜ਼ੂਲ ਚਰਚਾ ਕਰਨਾ) (4) ਰਾਜਕਥਾ (ਰਾਜਿਆਂ ਦੇ ਸੁੱਖਾਂ ਅਤੇ ਭੋਗ ਵਿਲਾਸਾਂ ਦੀ ਚਰਚਾ ਕਰਨਾ)

ਚਾਰ ਸੰਗੀਆਵਾ (ਲਗਾਉ ਦੀਆਂ ਭਾਵਨਾਵਾਂ) ਇਸ ਪ੍ਰਕਾਰ ਹਨ (1) ਆਹਾਰ ਸੰਗੀਆ (2) ਭੈਅ ਸੰਗੀਆ (3) ਮੈਥੁਨ ਸੰਗੀਆ (ਵਿਭਚਾਰ ਸੰਗੀਆ) (4) ਲੋਭ ਸੰਗੀਆ (ਪ੍ਰਿਗ੍ਰਹਿ ਸੰਗੀਆ)।

ਗਾਥਾ 7

ਪੰਜ ਇੰਦਰੀਆਂ ਦੇ ਵਿਸ਼ੇ ਇਸ ਪ੍ਰਕਾਰ ਹਨ : (1) ਸ਼ਬਦ (2) ਵਰਨ (3) ਗੰਧ (4) ਰਸ (5) ਸਪਰਸ਼।

ਪੰਜ ਕ੍ਰਿਆਵਾਂ ਇਸ ਪ੍ਰਕਾਰ ਹਨ : (1) ਕਾਯਕੀ ਅਧਿਕਰਨਕੀ (2) ਹਥਿਆਰਾਂ ਸਬੰਧੀ (3) ਪਰਾਦਵੇਸ਼ਕੀ (ਦਵੇਸ਼ ਦੇ ਰੂਪ ਵਿਚ) (4) ਪਰਤਾਪਨੀਕੀ (ਦੂਸਰੇ ਨੂੰ ਤੰਗ ਕਰਨਾ) (5) ਪ੍ਰਾਣਾਤੀਪਾਤ (ਕਿਸੇ ਨੂੰ ਜਾਨੋਂ ਮਾਰਨਾ)।

ਗਾਥਾ 8

ਡਾ: ਹੈਰਮਨ ਜੈਕੋਵੀ ਦਾ ਕਥਨ ਹੈ ਕਿ ਉਸਨੂੰ ਭਿਕਸ਼ਾ ਦੇ ਛੇ ਕਾਰਨਾਂ ਦੀ ਥਾਂ ਤੇ ਅੱਠ ਕਾਰਨ ਮਿਲੇ ਹਨ। ਦੋ ਹੋਰ ਕਾਰਨ ਹਨ ਵੇਦਨਾ ਤੇ ਵੈਯਾਵਰਿਤ (ਸੇਵਾ)।

(The Sacred Book of the East Vol. XLV Page 181)
(ਲੇਸ਼ਿਆਵਾਂ ਬਾਰੇ 34ਵਾਂ ਅਧਿਐਨ ਵੇਖੋ)।

ਗਾਥਾ 9

ਆਹਾਰ (ਭੋਜਨ) ਦੀਆਂ ਸੱਤ ਪ੍ਰਤਿਮਾਵਾਂ ਇਸ ਪ੍ਰਕਾਰ ਹਨ :

(1) ਇਸ ਤਰ੍ਹਾਂ ਦੇ ਥਾਂ ਵਿਚ ਰਹਾਂਗਾ ਦੂਸਰੇ ਤਰ੍ਹਾਂ ਦੇ ਥਾਂ ਵਿਚ ਨਹੀਂ।

(2) ਮੈਂ ਦੂਸਰੇ ਸਾਧੂਆਂ ਦੇ ਰਹਿਣ ਲਈ ਮਕਾਨ ਦੀ ਪ੍ਰਾਰਥਨਾ ਕਰਾਂਗਾ। ਇਹ ਪ੍ਰਤਿੱਗਿਆ ਗਣ (ਸਮੂਹ) ਅੰਦਰ ਰਹਿਣ ਵਾਲੇ ਥਾਂ ਲਈ ਹੁੰਦੀ ਹੈ।

(3) ਮੈਂ ਦੂਸਰੇ ਦੇ ਰਹਿਣ ਲਈ ਥਾਂ ਮੰਗਾਗਾਂ ਪਰ ਦੂਸਰੇ ਦੇ ਮੰਗੇ ਥਾਂ ਵਿਚ ਨਹੀਂ ਰਹਾਂਗਾ।

(4) ਮੈਂ ਦੂਸਰੇ ਦੇ ਲਈ ਥਾਂ ਨਹੀਂ ਮੰਗਾਗਾਂ ਪਰ ਦੂਸਰੇ ਰਾਹੀਂ ਮੰਗੇ ਥਾਂ ਵਿਚ ਰਹਾਂਗਾ। ਇਹ ਹਾਲਤ ਜਿਨ ਕਲਪੀ (ਨੰਗੇ) ਸਾਧੂ ਬਨਣ ਦੇ ਅਭਿਆਸੀਆਂ ਦੀ ਹੁੰਦੀ ਹੈ।

(5) ਮੈਂ ਇਸ ਲਈ ਹੀ ਥਾਂ ਦੀ ਮੰਗ ਕਰਾਂਗਾ ਦੂਸਰੇ ਲਈ ਨਹੀਂ ਇਹ ਹਾਲਤ ਜਿਨ ਕਲਪੀ ਸਾਧੂਆਂ ਦੀ ਹੁੰਦੀ ਹੈ।

(6) ਮੈਂ ਜਿਸ ਘਰ ਵਿਚ ਰਹਾਂਗਾ, ਉਥੋਂ ਹੀ ਬਿਸਤਰੇ ਦੇ ਰੂਪ ਵਿਚ ਘਾਹ ਫੂਸ ਪ੍ਰਾਪਤ ਕਰਾਂਗਾ, ਨਹੀਂ ਤਾਂ ਉਕੜੂ ਆਸਨ ਵਿਚ ਬੈਠ

ਕੇ ਸਾਰੀ ਰਾਤ ਗੁਜ਼ਾਰ ਦੇਵਾਂਗਾ। ਇਹ ਪ੍ਰਤਿੱਗਿਆ ਜਿਨ ਕਲਪੀ ਜਾਂ ਅਭਿਗ੍ਰਹਿਧਾਰੀ (ਪ੍ਰਤਿੱਗਿਆ ਕਰਕੇ ਪ੍ਰਤਿੱਗਿਆ ਅਨੁਸਾਰ ਹੀ ਭੋਜਨ ਲੈਣ ਵਾਲੇ ਸਾਧੂ) ਵਾਲਿਆਂ ਦੀ ਹੁੰਦੀ ਹੈ।

(7) ਜਿਸ ਥਾਂ ਤੇ ਮੈਂ ਰਹਾਂਗਾ ਉਸ ਤੋਂ ਹੀ ਸਹਿਜ ਭਾਵ ਨਾਲ ਪੱਥਰ ਸਿਲ ਜਾਂ ਲੱਕੜੀ ਦਾ ਫੱਟਾ ਜੋ ਪ੍ਰਾਪਤ ਹੋਵੇਗਾ ਤਾਂ ਲਵਾਂਗਾ ਨਹੀਂ ਤਾਂ ਉਕੜੂ ਆਸਨ ਵਿਚ ਬੈਠ ਕੇ ਸਾਰੀ ਰਾਤ ਗੁਜ਼ਾਰ ਦੇਵਾਂਗਾ ਇਹ ਪ੍ਰਤਿੱਗਿਆ ਜਿਨ ਕਲਪੀ ਜਾਂ ਅਭਿਗ੍ਰਹਿ ਵਾਲਿਆਂ ਦੀ ਹੁੰਦੀ ਹੈ।

ਸੱਤ ਭੈ ਇਸ ਪ੍ਰਕਾਰ ਹਨ :

(1) ਇਹ ਲੋਕ ਭੈ : ਆਪਣੇ ਹੀ ਤਰ੍ਹਾਂ ਦੇ ਜੀਵਾਂ ਤੋਂ ਡਰਨਾ ਲੋਭ ਇਹ ਭੈ ਹੈ। ਜਿਵੇਂ ਮਨੁੱਖ ਦਾ ਮਨੁੱਖ ਤੋਂ ਅਤੇ ਪਸ਼ੂ ਦਾ ਪਸ਼ੂ ਤੋਂ ਡਰਨਾ।

(2) ਪਰਲੋਕ ਭੈ : ਦੂਸਰੇ ਤਰ੍ਹਾਂ ਦੇ ਜੀਵਾਂ ਤੋਂ ਡਰਨਾ ਜਿਵੇਂ ਮਨੁੱਖ ਦਾ ਦੇਵਤੇ ਜਾਂ ਪਸ਼ੂ ਤੋਂ ਡਰਨਾ।

(3) ਆਦਾਨ ਭੈ : ਆਪਣੀ ਚੀਜ਼ ਦੀ ਰੱਖਿਆ ਲਈ ਚੋਰ ਆਦਿ ਤੋਂ ਡਰਨਾ।

(4) ਅਕਸਮਾਤ ਭੈ : ਬਿਨਾਂ ਕਿਸੇ ਕਾਰਨ ਤੋਂ ਆਪਣੇ ਆਪ ਹੀ ਡਰਨਾ। ਜਿਵੇਂ ਰਾਤ ਨੂੰ ਅਚਾਨਕ ਹੀ ਸੁੱਤੇ ਪਏ ਹੀ ਡਰ ਕੇ ਉਠਣਾ।

(5) ਅਜੀਵ ਭੈ : ਅਕਾਲ ਸਮੇਂ ਤੇ ਭੋਜਨ ਦੀ ਨਾ ਪ੍ਰਾਪਤੀ ਹੋਣ ਦੇ ਡਰ ਤੋਂ ਡਰਨਾ।

(6) ਮਰਨ ਭੈ : ਮੌਤ ਤੋਂ ਡਰਨਾ

(7) ਅਸ਼ਲੋਕ ਭੈ : ਬੇਇੱਜ਼ਤੀ ਦੇ ਡਰ ਤੋਂ ਡਰਨਾ।

ਮਦ ਅੱਠ ਪ੍ਰਕਾਰ ਦਾ ਹੈ :

(1) ਜਾਤੀ ਮਦ - ਉੱਚੀ ਜਾਤ ਦਾ ਹੰਕਾਰ ਕਰਨਾ।

(2) ਕੁਲ ਮਦ - ਉਚੀ ਕੁਲ ਦਾ ਹੰਕਾਰ ਕਰਨਾ।

(3) ਬਲ ਮਦ - ਆਪਣੀ ਤਾਕਤ ਦਾ ਹੰਕਾਰ ਕਰਨਾ।

(4) ਰੂਪ ਮਦ - ਆਪਣੇ ਰੰਗ ਰੂਪ ਦਾ ਹੰਕਾਰ ਕਰਨਾ।

(5) ਤਪ ਮਦ - ਤਪੱਸਿਆ ਦਾ ਹੰਕਾਰ ਕਰਨਾ।

(6) ਸ਼ਰੁਤ ਮਦ - ਆਪਣੇ ਗਿਆਨ ਦਾ ਹੰਕਾਰ ਕਰਨਾ।

(7) ਲਾਭ ਮਦ - ਆਪਣੇ ਪ੍ਰਾਪਤ ਲਾਭ ਦਾ ਹੰਕਾਰ ਕਰਨਾ।

(8) ਏਸ਼ਵਰਿਆ ਮਦ - ਆਪਣੇ ਐਸ਼ੋ ਆਰਾਮ ਦਾ ਹੰਕਾਰ ਕਰਨਾ।

ਬ੍ਰਹਮਚਰਜ ਦੀਆਂ 9 ਗੁਪਤੀਆਂ ਇਸ ਪ੍ਰਕਾਰ ਹਨ :

(1) ਵਿਵਿਕਤ ਵਸਤੀ ਸੇਵਨ - ਇਸਤਰੀ, ਪੁਰਸ਼ ਤੇ ਨਪੁੰਸਕ ਵਾਲੇ ਥਾਂ ਤੇ ਨਾ ਰਹਿਣਾ।

(2) ਇਸਤਰੀ ਕਥਾ ਪਰਿਹਾਰ - ਇਸਤਰੀਆਂ ਦੇ ਰੰਗ ਰੂਪ ਆਦਿ ਦੀ ਚਰਚਾ ਨਾ ਕਰਨਾ।

(3) ਨਿਸ਼ਧਾਨੁਪਵੇਸ਼ਨ - ਇਸਤਰੀ ਦੇ ਨਾਲ ਇਕ ਥਾਂ ਤੇ ਨਾ ਬੈਠੇ।

(4) ਇਸਤਰੀ ਅੰਗ ਉਪੰਗ ਦਰਸ਼ਨ - ਇਸਤਰੀਆਂ ਦੇ ਅੰਗ ਨਾ ਵੇਖੇ। ਜੇ ਅਚਾਨਕ ਨਜ਼ਰ ਪੈ ਜਾਵੇ ਤਾਂ ਨਜ਼ਰ ਉਠਾ ਲਵੇ।

(5) ਕੁੜਯਾਤਰੰ ਸ਼ਬਦ : ਸ੍ਰਵਨਾਦਿ ਵਰਜਨ - ਦੀਵਾਰ ਆਦਿ ਦੇ ਓਹਲੇ ਇਸਤਰੀਆਂ ਦੇ ਸ਼ਬਦ, ਗੀਤ, ਰੂਪ ਆਦਿ ਨਾ ਸੁਣੇ ਨਾ

ਵੇਖੇ।

(6) ਪੂਰਵ ਭੋਗ ਸਿਮਰਨ - ਪਹਿਲਾਂ ਭੋਗੇ, ਨੂੰ ਯਾਦ ਕਰਨਾ।

(7) ਪ੍ਰਣਿਤ ਭੋਜਨ ਤਿਆਗ - ਵਿਸ਼ੇ ਵਿਕਾਰ ਪੈਦਾ ਕਰਨ ਵਾਲਾ ਭੋਜਨ ਨਾ ਕਰੇ।

(8) ਅਤਿਮਾਨ ਭੋਜਨ ਤਿਆਗ - ਰੁੱਖਾ-ਸੁੱਕਾ ਭੋਜਨ ਵੀ ਜ਼ਿਆਦਾ ਨਾ ਖਾਵੇ, ਅੱਧਾ ਪੇਟ ਭੋਜਨ ਖਾਵੇ, ਦੋ ਹਿੱਸੇ ਪਾਣੀ ਪੀਵੇ, ਇਕ ਹਿੱਸਾ ਹਵਾ ਖਾਰਜ ਹੋਣ ਲਈ ਛੱਡ ਦੇਵੇ।

(9) ਵਿਭੂਸ਼ਾ ਪਰਿਵਰਜਨ - ਸਰੀਰ ਦਾ ਸ਼ਿੰਗਾਰ ਨਾ ਕਰਨਾ।

ਧਰਮ ਦਸ ਪ੍ਰਕਾਰ ਦਾ ਹੈ :

(1) ਸ਼ਾਂਤੀ - ਕਰੋਧ ਨਾ ਕਰਨਾ

(2) ਮਾਰਦਵ - ਮਿੱਠਾ ਨਰਤਾਉ ਕਰਨਾ। ਜਾਤ, ਕੌਮ ਦਾ ਹੰਕਾਰ ਨਾ ਕਰਨਾ।

(3) ਆਰਜਵ - ਸਰਲਤਾ, ਧੋਖਾ ਨਾ ਦੇਣਾ।

(4) ਮੁਕਤੀ - ਨਿਰਲੋਭਤਾ

(5) ਤਪ - ਵਰਤ ਆਦਿ ਵਾਲਾ 12 ਪ੍ਰਕਾਰ ਦਾ ਤਪ।

(6) ਸੰਜਮ - ਹਿੰਸਾ ਆਦਿ ਪਾਪਾਂ ਤੇ ਕਾਬੂ ਪਾਉਣਾ।

(7) ਸੱਚ - ਸੱਚ ਬੋਲਣਾ

(8) ਸ਼ੋਚ - ਸੰਜਮ ਨੂੰ ਪਵਿੱਤਰ ਰੱਖਣਾ।

(9) ਅਕਿੰਚਨਿਆ - ਪਰਿਗ੍ਰਹਿ (ਸੰਗ੍ਰਹਿ) ਨਾ ਰੱਖਣਾ।

(10) ਬ੍ਰਹਮਚਰਜ - ਬ੍ਰਹਮਚਰਜ (ਭੋਗ ਵਿਲਾਸ ਤੋਂ ਰਹਿਤ) ਜੀਵਨ ਗੁਜ਼ਾਰਨਾ।

ਉਪਾਸਕ ਦੀਆਂ 11 ਪ੍ਰਤਿਮਾਵਾਂ :

(1) ਦਰਸ਼ਨ ਪ੍ਰਤਿਮਾ : ਕਿਸ ਤਰ੍ਹਾਂ ਦਾ ਰਾਜੇ ਆਦਿ ਡਰ ਤੋਂ ਮੁਕਤ ਹੋ ਕੇ ਸ਼ੁੱਧ, ਦੋਸ਼ ਰਹਿਤ, ਵਿਧੀ ਅਨੁਸਾਰ, ਸਮਿਅਕ ਦਰਸ਼ਨ (ਸੱਚੇ ਵਿਸ਼ਵਾਸ ਦਾ ਪਾਲਣ ਕਰਨਾ) ਇਹ ਪ੍ਰਤਿਮਾ ਵਰਤ ਰਹਿਤ ਸ੍ਰਾਵਕ ਦੀ ਹੁੰਦੀ ਹੈ। ਮੁੱਖ ਰੂਪ ਵਿਚ ਇਹ ਝੂਠੇ ਭਰਮਾਂ ਤੇ ਵਹਿਮਾਂ ਨੂੰ ਛੱਡਣ ਦਾ ਅਭਿਆਸ ਹੈ। ਇਸ ਦਾ ਸਮਾਂ ਇਕ ਮਹੀਨਾ ਹੈ। **सम्यग्दर्शनस्य शंकाशिल्यरहितस्य अणुव्रतातिगुणविकलस्य योभ्युपगमः सा प्रतिमा प्रथमेति** - ਅਭੈ ਦੇਵ ਸਮਵਾਯਾਂਗ ਵਿਰਤੀ।

(2) ਵਰਤ ਪ੍ਰਤਿਮਾ - ਵਰਤੀ ਸ੍ਰਾਵਕ (ਉਪਾਸਕ) ਸਮਿਅਕਤਵ ਦੇ ਲਾਭ ਲਈ ਪੰਜ ਅਣੂਵਰਤਾਂ ਆਦਿ ਦਾ ਪਾਲਣ ਕਰਦਾ ਹੈ ਪਰ ਸਮਾਇਕ ਦਾ ਠੀਕ ਪਾਲਣ ਨਹੀਂ ਕਰਦਾ। ਇਸ ਦਾ ਸਮਾਂ ਦੋ ਮਹੀਨੇ ਹੈ।

(3) ਸਮਾਇਕ ਪ੍ਰਤਿਮਾ - ਇਸ ਪ੍ਰਤਿਮਾ ਵਿਚ ਸਵੇਰੇ ਤੇ ਸ਼ਾਮ ਨੂੰ ਪਾਪ ਰਹਿਤ ਸਮਾਇਕ ਦੀ ਸਾਧਨਾ ਕੀਤੀ ਜਾਂਦੀ ਹੈ। ਇਸ ਦਾ ਸਮਾਂ ਤਿੰਨ ਮਹੀਨੇ ਹੈ। ਇਸ ਨਾਲ ਸ੍ਰਾਵਕ ਦੀ ਸ਼ਰਧਾ ਮਜਬੂਤ ਹੁੰਦੀ ਹੈ। 48 ਮਿੰਟ ਲਈ ਉਪਾਸਕ ਇਕ ਪ੍ਰਕਾਰ ਨਾਲ ਸਾਧੂ ਜੀਵਨ ਧਾਰਨ ਕਰਕੇ ਸਭ ਪ੍ਰਕਾਰ ਦੇ ਪਾਪਾਂ ਤੋਂ ਬਚਦਾ ਹੈ।

(4) ਪੋਸ਼ਧ ਪ੍ਰਤਿਮਾ : ਇਸ ਪ੍ਰਤਿਮਾ ਵਿਚ ਹਰ ਮਹੀਨੇ ਦੀ ਅੱਠ ਚੌਦ੍ਹਾਂ, ਗਿਆਰਾਂ ਅਤੇ ਪੰਦਰਾਂ ਤਿਥੀਆਂ ਨੂੰ ਭੋਜਨ, ਸਰੀਰ ਦੇ ਸ਼ਿੰਗਾਰ, ਆਬ੍ਰਹਮਚਰਜ ਅਤੇ ਸੰਸਾਰਿਕ ਕੰਮਾਂ ਦਾ ਤਿਆਗ ਕਰਕੇ ਧਰਮ ਸਥਾਨ ਵਿਚ ਧਾਰਮਿਕ ਕ੍ਰਿਆ ਦਾ ਨਾਂ ਪੋਸ਼ਧ ਕਰਨਾ ਹੈ ਇਸ ਦਾ ਸਮਾਂ 4 ਮਹੀਨੇ

ਹੈ।

(5) ਨਿਯਮ ਪ੍ਰਤਿਮਾ - ਉਪਰੋਕਤ ਵਰਤਾਂ ਦਾ ਪਾਲਣ ਕਰਦੇ ਹੋਏ ਉਹ ਹੇਠ ਲਿਖੇ ਨਿਯਮਾਂ ਦਾ ਵੀ ਪਾਲਣ ਕਰਦਾ ਹੈ। ਉਹ ਇਸ਼ਨਾਨ ਨਹੀਂ ਕਰਦਾ ਰਾਤ ਨੂੰ ਚਾਰੇ ਆਹਾਰਾਂ ਦਾ ਤਿਆਗ ਕਰਦਾ ਹੈ। ਦਿਨ ਵਿਚ ਭੋਜਨ ਕਰਦਾ ਹੈ। ਧੋਤੀ ਤੇ ਲੰਗ ਨਹੀਂ ਟੰਗਦਾ। ਦਿਨ ਬ੍ਰਹਮਚਾਰੀ ਰਹਿੰਦਾ ਹੈ। ਪੋਸ਼ਧ ਹੋਣ ਦੀ ਹਾਲਤ ਵਿਚ ਰਾਤ ਦੇ ਭੋਜਨ ਦਾ ਤਿਆਗ ਕਰਦਾ ਹੈ ਅਤੇ ਰਾਤ ਨੂੰ ਕਾਯੋਤਸਰਗ ਕਰਦਾ ਹੈ। ਇਸ ਪ੍ਰਤਿਮਾ ਦਾ ਸਮਾਂ ਘੱਟੋ ਇਕ, ਦੋ ਦਿਨ ਜ਼ਿਆਦਾ ਤੋਂ ਜ਼ਿਆਦਾ 5 ਮਹੀਨੇ ਹੈ।

(6) ਬ੍ਰਹਮਚਰਜ ਪ੍ਰਤਿਮਾ - ਇਸ ਦਾ ਘੱਟੋ ਘੱਟ ਸਮਾਂ ਇਕ ਰਾਤ ਅਤੇ ਜ਼ਿਆਦਾ ਤੋਂ ਜ਼ਿਆਦਾ 6 ਮਹੀਨੇ ਹੈ।

(7) ਸਚਿਤ ਭੋਜਨ ਤਿਆਗ ਪ੍ਰਤਿਮਾ - ਇਸ ਦਾ ਘੱਟੋ ਘੱਟ ਸਮਾਂ ਇਕ ਰਾਤ ਅਤੇ ਜ਼ਿਆਦਾ ਤੋਜ ਜ਼ਿਆਦਾ 7 ਮਹੀਨੇ ਹੈ।

(8) ਆਰੰਭ ਤਿਆਗ ਪ੍ਰਤਿਮਾ - ਸ੍ਰਾਵਕ ਪਾਪ ਦਾ ਤਿਆਗ ਕਰਦਾ ਹੈ ਅਤੇ ਜੀਵਾਂ ਪ੍ਰਤਿ ਰਹਿਮ ਰੱਖਦਾ ਹੈ। ਇਸ ਦਾ ਸਮਾਂ 1 ਅਤੇ 2, 3 ਦਿਨ ਜ਼ਿਆਦਾ ਤੋਂ ਜ਼ਿਆਦਾ 8 ਮਹੀਨੇ ਹੈ।

(9) ਪ੍ਰੇਸ਼ਯ ਤਿਆਗ ਪ੍ਰਤਿਮਾ - ਇਸ ਰਾਹੀਂ ਸ਼ਰਾਵਕ ਦੂਸਰੇ ਲਈ ਵੀ ਪਾਪ ਨਹੀਂ ਕਰਦਾ ਨਾ ਆਪਣੇ ਲਈ ਕਰਾਉਂਦਾ ਹੈ ਨਾ ਹੀ ਇਸਦੀ ਹਿਮਾਇਤ ਕਰਦਾ ਹੈ। ਇਸ ਦਾ ਘੱਟੋ ਘੱਅ ਸਮਾਂ 1, 2, 3, ਜ਼ਿਆਦਾ ਤੋਂ ਜ਼ਿਆਦਾ ਸਮਾਂ 9 ਮਹੀਨੇ ਹੈ।

(10) ਉਦੀਸ਼ਟ ਭੱਤ ਤਿਆਗ ਪ੍ਰਤਿਮਾ - ਇਸ ਵਿਚ ਉਪਾਸਕ ਆਪਣੇ ਲਈ ਬਣਾਇਆ ਭੋਜਨ ਗ੍ਰਹਿਣ ਨਹੀਂ ਕਰਦਾ। ਗ੍ਰਹਿਸਥ ਸਬੰਧੀ ਕੋਈ ਰਾਇ ਮਸ਼ਵਰਾ ਨਹੀਂ ਦਿੰਦਾ, ਉਸਤਰੇ ਨਾਲ ਸਿਰ ਮੁੰਨਾਉਂਦਾ ਹੈ।

ਵਿਉਪਾਰ ਨਹੀਂ ਕਰਦਾ। ਇਸ ਦਾ ਸਮਾਂ ਇਕ ਰਾਤ ਅਤੇ ਜ਼ਿਆਦਾ ਤੋਂ ਜ਼ਿਆਦਾ 11 ਮਹੀਨੇ ਹੈ।

(11) ਸ੍ਰਮਣ ਭੂਤ ਪ੍ਰਤਿਮਾ - ਇਸ ਹਾਲਤ ਵਿਚ ਸ੍ਰਾਵਕ ਸਾਧੂ ਦਾ ਭੇਸ ਗ੍ਰਹਿਣ ਕਰਦਾ ਹੈ। ਸ਼ਕਤੀ ਹੋਵੇ ਤਾਂ ਬਾਲਾਂ ਨੂੰ ਹੱਥਾਂ ਨਾਲ ਪੁੱਟਦਾ ਹੈ। ਭਿਕਸ਼ਾ ਗ੍ਰਹਿਣ ਕਰਦਾ ਹੈ। ਉਹ ਸਭ ਕ੍ਰਿਆਵਾਂ ਸਾਧੂ ਦੀ ਤਰ੍ਹਾਂ ਕਰਦਾ ਹੈ। ਇਸ ਦਾ ਘੱਟੋ ਘੱਟ ਸਮਾਂ 1 ਰਾਤ ਅਤੇ ਜ਼ਿਆਦਾ ਤੋਂ ਜ਼ਿਆਦਾ ਸਮਾਂ 11 ਮਹੀਨੇ ਹੈ।

ਭਿਕਸ਼ੂ ਦੀਆਂ 12 ਪ੍ਰਤਿਮਾਵਾਂ ਇਸ ਪ੍ਰਕਾਰ ਹਨ :

(1) ਪਹਿਲੀ ਪ੍ਰਤਿਮਾ ਨੂੰ ਧਾਰਨ ਕਰਨ ਵਾਲਾ ਇਕ ਦੱਤੀ (ਮੁੱਠੀ) ਅੰਨ ਅਤੇ ਪਾਣੀ ਲੈਂਦਾ ਹੈ। ਜਦ ਤੱਕ ਸਾਧੂ ਦੇ ਭਾਂਡੇ ਵਿਚ ਪਾਇਆ ਅੰਨ ਅਤੇ ਜਲ ਦੀ ਧਾਰ ਅਖੰਡ ਬਣੀ ਰਹੇ ਉਨਾ ਭੋਜਨ ਇਕ ਦੱਤੀ ਹੈ। ਜਿੱਥੇ ਇਕ ਆਦਮੀ ਲਈ ਹੀ ਭੋਜਨ ਬਣਿਆ ਹੋਵੇ। ਉਥੇ ਹੀ ਸਾਧੂ ਭੋਜਨ ਲੈਂਦਾ ਹੈ। ਇਸ ਦਾ ਸਮਾਂ ਇਕ ਮਹੀਨਾ ਹੈ।

(2) ਦੂਸਰੀ ਪ੍ਰਤਿਮਾ ਇਕ ਮਹੀਨੇ ਦੀ ਹੈ ਦੋ ਦੱਤੀ ਅੰਨ ਅਤੇ ਦੋ ਦੱਤੀ ਪਾਣੀ ਲੈਣਾ ਇਸ ਪ੍ਰਕਾਰ ਤੀਸਰੀ, ਚੌਥੀ, ਪੰਜਵੀਂ, ਛੇਵੀਂ ਅਤੇ ਸੱਤਵੀਂ ਪ੍ਰਤਿਮਾ ਵਿਚ 3-4-5-6-7 ਦੱਤੀ ਅੰਨ ਅਤੇ ਇਨਾ ਹੀ ਪਾਣੀ ਗ੍ਰਹਿਣ ਕੀਤਾ ਜਾਂਦਾ ਹੈ। ਇਹ ਦੱਤੀਆਂ ਅਨੁਸਾਰ ਦੋ ਮਹੀਨੇ, ਤਿੰਨ ਮਹੀਨੇ, ਚਾਰ ਮਹੀਨੇ, ਪੰਜ ਮਹੀਨੇ, ਛੇ ਮਹੀਨੇ ਅਤੇ ਸੱਤ ਮਹੀਨੇ ਦੀ ਅਖਵਾਉਂਦੀ ਹੈ।

(8) ਇਹ ਅੱਠਵੀਂ ਪ੍ਰਤਿਮਾ 8 ਦਿਨ ਅਤੇ ਰਾਤ ਦੀ ਹੁੰਦੀ ਹੈ। ਇਕਾਂਤਰਾ (ਇਕ ਵਾਰ ਭੋਜਨ) ਦਾ ਵਰਤ ਹੁੰਦਾ ਹੈ। ਪਿੰਡ ਦੇ ਬਾਹਰ

ਆਕਾਸ਼ ਦੇ ਵੱਲੋਂ ਮੂੰਹ ਕਰਕੇ ਪੈਣਾ, ਇਕ ਕਰਵਟ ਨਾਲ ਪੈਣਾ, ਪੈਰਾਂ ਨੂੰ ਬਰਾਬਰ ਕਰਕੇ ਖੜ੍ਹਾ ਹੋਣਾ ਜਾਂ ਬੈਠਣਾ ਆਦਿ ਧਿਆਨ ਲਗਾਉਣਾ ਚਾਹੀਦਾ ਹੈ।

(9) ਇਹ ਪ੍ਰਤਿਮਾ ਸੱਤ ਦਿਨ ਤੇ ਸੱਤ ਰਾਤ ਦੀ ਹੈ। ਇਸ ਵਿਚ ਦੋ ਦੋ ਵਰਤਾਂ ਤੋਂ ਉਪਰੰਤ ਭੋਜਨ ਕੀਤਾ ਜਾਂਦਾ ਹੈ। ਪਿੰਡ ਦੇ ਬਾਹਰ ਏਕਾਂਤ ਥਾਂ ਵਿਚ ਦੰਡਾਸਨ, ਉਕੜੂ ਆਸਨ ਵਿਚ ਧਿਆਨ ਲਗਾਇਆ ਜਾਂਦਾ ਹੈ।

(10) ਇਹ ਵੀ ਸੱਤ ਰਾਤ ਸੱਤ ਦਿਨ ਹੀ ਹੁੰਦੀ ਹੈ। ਬਿਨਾਂ ਭੋਜਨ ਤੋਂ ਤਿੰਨ ਤਿੰਨ ਵਰਤ ਕਰਕੇ ਭੋਜਨ ਕੀਤਾ ਜਾਂਦਾ ਹੈ। ਪਿੰਡ ਦੇ ਬਾਹਰ ਗੌ ਦੋਹੀਕਾ ਆਸਨ, ਵੀਰ ਆਸਨ ਜਾਂ ਅਮਰਕੁਬਜ ਆਸਨ ਦਾ ਧਿਆਨ ਕੀਤਾ ਜਾਦਾ ਹੈ।

(11) ਇਸ ਦੀ ਸਾਧਨਾ 8 ਪਹਿਰ ਦੀ ਹੈ। ਬਿਨਾਂ ਭੋਜਨ ਤੋਂ 2 ਵਰਤ ਕੀਤੇ ਜਾਂਦੇ ਹਨ। ਸ਼ਹਿਰ ਦੇ ਬਾਹਰ ਦੋਵੇਂ ਹੱਥਾਂ ਨੂੰ ਗੋਡੇ ਦੇ ਵੱਲ ਲੰਬਾ ਕਰਕੇ ਜਾਂ ਖੜ੍ਹੇ ਹੋ ਕੇ ਕਾਯੋਤਸਰਗ ਕੀਤਾ ਜਾਂਦਾ ਹੈ।

(12) ਇਹ ਪ੍ਰਤਿਮਾ ਇਕ ਰਾਤ ਦੀ ਹੈ। ਇਸ ਦੀ ਅਰਾਧਨਾ ਨੂੰ ਦੋ ਵਰਤਾਂ ਤੋਂ ਵਧਾ ਕੇ ਤਿੰਨ ਵਰਤਾਂ ਤੱਕ ਕਰ ਦਿੱਤਾ ਜਾਦਾ ਹੈ। ਪਿੰਡ ਦੇ ਬਾਹਰ ਖੜੇ ਹੋ ਕੇ ਮੱਥੇ ਨੂੰ ਥੋੜ੍ਹਾ ਜਿਹਾ ਝੁਕਾ ਕੇ, ਕਿਸੇ ਇਕ ਪੁਦਗਲ ਤੇ ਧਿਆਨ ਟਿਕਾ ਕੇ ਸਥਿਰ ਰੂਪ ਵਿਚ ਕਾਯੋਤਸਰਗ ਕੀਤਾ ਜਾਦਾ ਹੈ ਅਤੇ ਕਸ਼ਟ ਆਉਣ ਤੇ ਉਨ੍ਹਾਂ ਨੂੰ ਖੁਸ਼ੀ ਨਾਲ ਸਹਿਣ ਕੀਤਾ ਜਾਂਦਾ ਹੈ।

ਗਾਥਾ 12

ਕ੍ਰਿਆ ਸਥਾਨ 13 ਹਨ :

(1) ਅਰਥ ਕ੍ਰਿਆ : ਕੰਮ ਲਈ ਤੁਰਦੇ ਫਿਰਦੇ ਅਤੇ ਸਥਿਰ ਜੀਵਾਂ ਦੀ ਹਿੰਸਾ ਕਰਨਾ, ਕਰਾਉਣਾ ਜਾਂ ਹਿਮਾਇਤ ਕਰਨਾ।

(2) ਅਨਰਥ ਕ੍ਰਿਆ : ਬਿਨਾਂ ਕਿਸੇ ਕਾਰਨ ਕਿਸੇ ਨੂੰ ਸਤਾਉਣਾ ਜਾਂ ਕਸ਼ਟ ਦੇਣਾ।

(3) ਹਿੰਸਾ ਕ੍ਰਿਆ : 'ਉਹ ਮੇਰੇ ਰਿਸ਼ਤੇਦਾਰ ਨੂੰ ਕਸ਼ਟ ਦਿੰਦਾ ਹੈ ਜਾਂ ਦੇਵੇਗਾ' ਇਹ ਸੋਚ ਕੇ ਹਿੰਸਾ ਕਰਨਾ।

(4) ਅਕਸਮਾਤ ਕ੍ਰਿਆ : ਛੇਤੀ ਨਾਲ ਹੋ ਜਾਣ ਵਾਲਾ ਅਚਾਨਕ ਪਾਪ।

(5) ਦ੍ਰਿਸ਼ਟੀ ਵਿਪਰਿਆਸ ਕ੍ਰਿਆ : ਗਲਤ ਸਮਝ ਨਾਲ ਹੋ ਜਾਣ ਵਾਲਾ ਪਾਪ, ਜਿਵੇਂ ਚੋਰ ਦੇ ਭੁਲੇਖੇ ਕੋਈ ਗਲਤ ਆਦਮੀ ਨੂੰ ਸਜ਼ਾ ਦੇ ਣਾ।

(6) ਮਰਿਸ਼ਾ ਕ੍ਰਿਆ : ਝੂਠ ਬੋਲਣਾ।

(7) ਅਦੱਤਾ ਦਾਨ : ਚੋਰੀ ਕਰਨਾ।

(8) ਅਧਿਆਤਮ ਕ੍ਰਿਆ : ਬਿਨਾਂ ਕਿਸੇ ਕਾਰਨ ਹੋਣ ਵਾਲਾ ਮਨ ਦਾ ਦੁੱਖ।

(9) ਮਾਨ ਕ੍ਰਿਆ : ਆਪਣੀ ਪ੍ਰਸੰਸਾ ਕਰਨਾ।

(10) ਮਿੱਤਰ ਕ੍ਰਿਆ : ਆਪਣੇ ਪਿਆਰੇ ਨੂੰ ਕਠੋਰ ਸਜ਼ਾ ਦੇਣਾ।

(11) ਮਾਇਆ ਕ੍ਰਿਆ : ਧੋਖਾ ਕਰਨਾ

(12) ਲੋਭ ਕ੍ਰਿਆ : ਲੋਭ ਕਰਨਾ

(13) ਈਰੀਆ ਪਥੀਕ ਕ੍ਰਿਆ : ਅਣਗਹਿਲੀ ਨਾਲ ਤੁਰਨ ਫਿਰਨ ਲੱਗੇ ਜੀਵ ਘਾਤ ਕਾਰਨ ਹੋਣ ਵਾਲੀ ਕ੍ਰਿਆ।

ਭੂਤ ਗ੍ਰਾਮ ਜੀਵ ਸਮੂਹ 14 ਹਨ :

(1) ਸੂਖਮ ਇੰਦਰੀ (2) ਵਾਦਰ ਇਕ ਇੰਦਰੀ (3) ਦੋ ਇੰਦਰੀਆਂ (4) ਤਿੰਨ ਇੰਦਰੀਆਂ (5) ਚਾਰ ਇੰਦਰੀ (6) ਅਸੰਗੀ ਪੰਜ ਇੰਦਰੀ (7) ਅਸੰਗੀ (8) ਪੰਜ ਇੰਦਰੀ ਸੰਗੀ (ਮਨ ਵਾਲੇ)।

ਇਨ੍ਹਾਂ ਦੇ ਪਰਿਆਪਤ ਅਤੇ ਅਪਿਰਆਪਤ ਕੁੱਲ ਮਿਲਾ ਕੇ 14 ਭੇਦ ਹਨ। ਇਨ੍ਹਾਂ ਨੂੰ ਕਸ਼ਟ ਦੇਣਾ ਮਨਾ ਹੈ।

15 ਪਰਮ ਧਾਰਮਿਕ ਦੇਵ ਇਸ ਪ੍ਰਕਾਰ ਹਨ :

(1) ਅੰਬ (2) ਅੰਬਰੀਸ਼ (3) ਸ਼ਿਆਮ (4) ਸ਼ਬਲ (5) ਰੋਦਰ (6) ਉਪ-ਰੋਦਰ (7) ਕਾਲ (8) ਮਹਾਕਾਲ (9) ਅਸੀਂ ਪੱਤਰ (10) ਧਨੂੰ (11) ਕੁਭ (12) ਬਾਲੁਕਾ (13) ਵੈਤਰਨੀ (14) ਖੁਰਸ਼ਵਰ (15) ਮਹਾਂਘੋਸ਼।

ਇਹ ਦੇਵਤੇ ਪਾਪੀ ਤੇ ਨਿਰਦੇਈ ਹਨ। ਇਨ੍ਹਾਂ ਦੇ ਹਿੰਸਕ ਕਰਮਾਂ ਦੀ ਹਿਮਾਇਤ ਨਹੀਂ ਕਰਨੀ ਚਾਹੀਦੀ।

ਗਾਥਾ 13

ਸੋਲ੍ਹਾਂ ਗਾਥਾ (ਸੂਤਰਕ੍ਰਿਤਾਂਗ) ਦੇ 16 ਅਧਿਐਨ ਹਨ, ਜਿੰਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ : (1) ਸਵ ਸਮੇਂ ਪਰਸਮੇਂ (2) ਵੈਤਾਲਿਆ (3) ਉਪਸਰਗ ਪ੍ਰਿਗਿਆ (4) ਇਸਤਰੀ ਪਰਿਗਿਆ (5) ਨਰਕ ਵਿਭਕਤੀ (6) ਵੀਰ ਸਤੁਤੀ (7) ਕੁਸ਼ੀਲ ਪਰਿਭਾਸ਼ਾ (8) ਵੀਰਜ (9) ਧਰਮ (10) ਸਮਾਧੀ (11) ਮਾਰਗ (12) ਸਮੋਸਰਨ (13) ਯਾਥਾਤੱਥਅ (14) ਗ੍ਰੰਥ (15) ਆਦਨੀਆਂ (16) ਗਾਥਾ।

17 ਪ੍ਰਕਾਰ ਦਾ ਅਸੰਜਮ :

(1) ਪ੍ਰਿਥਵੀ (2) ਆਪ (3) ਤੇਜਸ (4) ਵਾਯੂ (5) ਬਨਸਪਤੀ (6) ਦੋ ਇੰਦਰੀ (7) ਤਿੰਨ ਇੰਦਰੀ (8) ਚਾਰ ਇੰਦਰੀ (9) ਪੰਜ

ਇੰਦਰੀਆਂ ਦੇ ਜੀਵਾਂ ਦੀ ਹਿੰਸਾ ਕਰਨਾ, ਕਰਾਉਣਾ, ਕਰਦੇ ਨੂੰ ਸਮਰਥਨ ਕਰਨਾ ।

(10) ਅਜੀਵ ਅਸੰਜਮ : ਅਜੀਵ ਹੋਣ ਤੇ ਵੀ ਜਿਨ੍ਹਾਂ ਵਸਤੂਆਂ ਨਾਲ ਅਸੰਜਮ ਹੋਵੇ। ਜਿਵੇਂ ਬਹੁਮੁੱਲ ਦੇ ਵਸਤਰ ਲੈਣਾ।

(11) ਪਰੇਕਸ਼ਾ ਅਸੰਜਮ : ਜੀਵਾਂ ਵਾਲੇ ਥਾਂ ਤੇ ਬੈਠਣਾ, ਉੱਠਣਾ, ਸੌਣਾ ਆਦਿ।

(12) ਉਕੇਸ਼ਾ ਅਸੰਜਮ : ਗ੍ਰਹਿਸਥ ਦੇ ਪਾਪ ਕਰਮਾਂ ਦੀ ਹਿਮਾਇਤ ਕਰਨਾ

(13) ਅੱਪ ਹੱਤਯ ਅਸੰਜਮ : ਗਲਤ ਢੰਗ ਨਾਲ ਕੋਈ ਚੀਜ਼ ਸੁੱਟਣਾ।

(14) ਮਨ ਅਸੰਜਮ : ਭੈੜਾ ਮਨ ਰੱਖਣਾ।

(15) ਬਚਨ ਅਸੰਜਮ : ਬੁਰੇ ਬਚਨ ਆਖਣਾ।

(16) ਕਾਇਆ ਅਸੰਜਮ : ਚੱਲਣ-ਫਿਰਣ ਲੱਗਿਆਂ ਅਣਗਹਿਲੀ ਕਰਨਾ।

ਗਾਥਾ 14

18 ਪ੍ਰਕਾਰ ਦਾ ਬ੍ਰਹਮਚਰਜ ਇਸ ਪ੍ਰਕਾਰ ਹੈ :

(1 ਤੋਂ 3) ਦੇਵਤੇ ਸਬੰਧੀ, ਕਾਮ ਭੋਗ, ਮਨ ਨਾਲ ਚਿੰਤਨ ਕਰਨਾ ਕਰਾਉਣਾ ਤੇ ਕਰਨ ਵਾਲੇ ਦੀ ਹਿਮਾਇਤ ਕਰਨੀ।

(3 ਤੋਂ 6) ਦੇਵਤੇ ਸਬੰਧੀ ਭੋਗ, ਬਚਨ ਨਾਲ ਵਿਆਖਿਆ ਕਰਨਾ ਕਰਾਉਣਾ ਤੇ ਕਰਨ ਵਾਲੇ ਦੀ ਹਿਮਾਇਤ ਕਰਨੀ।

(6 ਤੋਂ 9) ਦੇਵਤੇ ਸਬੰਧੀ ਸਰੀਰ ਰਾਹੀਂ ਕਾਮ ਭੋਗ ਦਾ ਪ੍ਰਯੋਗ ਕਰਨਾ ਕਰਾਉਣ ਤੇ ਕਰਨ ਵਾਲੇ ਦੀ ਹਿਮਾਇਤ ਕਰਨਾ।

(9 ਤੋਂ 12) ਮਨੁੱਖ ਤੇ ਪਸ਼ੂ ਸਬੰਧੀ ਮਨ ਰਾਹੀਂ ਕਾਮ ਭੋਗਾਂ ਦਾ ਚਿੰਤਨ ਕਰਨਾ, ਕਰਾਉਣ ਤੇ ਕਰਨ ਵਾਲੇ ਦੀ ਹਿਮਾਇਤ ਕਰਨਾ।

(12 ਤੋਂ 15) ਮਨੁੱਖ ਤੇ ਪਸ਼ੂ ਸਬੰਧੀ ਬਚਨ ਰਾਹੀਂ ਕਾਮ ਭੋਗਾਂ ਦੀ ਵਿਆਖਿਆ ਕਰਨਾ, ਕਰਾਉਣ ਤੇ ਕਰਨ ਵਾਲੇ ਦੀ ਹਿਮਾਇਤ ਕਰਨਾ।

(15 ਤੋਂ 18) ਮਨੁੱਖ ਪਸ਼ੂ ਸਬੰਧੀ ਸਰੀਰ ਰਾਹੀਂ ਕਾਮ ਭੋਗਾਂ ਦਾ ਚਿੰਤਨ ਕਰਨਾ, ਕਰਾਉਣਾ ਤੇ ਕਰਨ ਵਾਲੇ ਦੀ ਹਿਮਾਇਤ ਕਰਨੀ।

ਗਿਆਤਾ ਧਰਮ ਕਥਾਂਗ ਦੇ 19 ਅਧਿਐਨ ਹਨ :

(1) ਉਤਸ਼ਿਪਤ ਅਰਥਾਤ ਮੇਘ ਕੁਮਾਰ (2) ਸੰਘਾਟ (3) ਅੰਡ (4) ਕੂਰਮ (5) ਸ਼ੈਲਕ (6) ਤੂੰਬ (7) ਰੋਹਣੀ (8) ਮੱਲੀ (9) ਮਾਕੰਦੀ (10) ਚੰਦਰਮਾ (11) ਦਾਵਦਵ (12) ਉਦਕ (13) ਮੰਡੂਕ (14) ਤੇਤਲੀ (15) ਨੰਦੀ ਫਲ (16) ਅਮਰਕੰਕਾ (17) ਆਕੀਰਣਕ (180 ਸੰਮਮਾਦੀਰੀਕਾ (19) ਪੁੰਡਰੀਕ।

20 ਅਸਮਾਧੀ ਦੇ ਥਾਂ (ਕਾਰਣ) ਇਸ ਪ੍ਰਕਾਰ ਹਨ :

(1) ਦਰੁਤ ਦਰੁਤ ਚਾਰਿਤਵ : ਛੇਤੀ ਛੇਤੀ ਚੱਲਣਾ।

(2) ਅਪ੍ਰਮ੍ਰਜਿਆ ਚਾਰਿਤਵ : ਬਿਨਾਂ ਝਾੜੇ ਪੂੰਝੇ ਹਨੇਰੇ ਵਿਚ ਚੱਲਣਾ।

(3) ਦੁਸ਼ਪ੍ਰਮ੍ਰਜਿਆ ਚਾਰਿਤਵ : ਬਿਨਾਂ ਜ਼ਰੂਰਤ ਤੋਂ ਝਾੜ ਪੂੰਝ ਕਰਨਾ।

(4) ਅਤਿਰਿਕਤ ਸ਼ੈਯਾਅਸ਼ਨਿਕਤਵ : ਬਿਨਾ ਮਰਿਆਦਾ ਤੋਂ ਤਖ਼ਤ ਪੋਸ਼ ਤੇ ਆਸਣ ਆਦਿ ਬਿਛਾਉਣਾ।

(5) ਗਣਨੀਕ ਪਰਾਭਵ : ਗੁਰੂਆਂ ਦੀ ਬੇਇੱਜ਼ਤੀ ਕਰਨਾ।

(6) ਸਥੀਵਰੋਪਘਾਤ : ਬਜ਼ੁਰਗਾਂ ਦੀ ਬੇਇੱਜ਼ਤੀ ਕਰਨਾ।

(7) ਭੁਤੋਪਘਾਤ : ਜੀਵਾਂ ਦਾ ਘਾਤ ਕਰਨਾ

(8) ਸੰਜਬਲਨ : ਵਾਰ ਵਾਰ ਗੁੱਸਾ ਕਰਨਾ।

(9) ਦੀਰਘਕੋਪ : ਕਾਫੀ ਸਮੇਂ ਤੱਕ ਕਰੋਧ ਕਾਇਮ ਰੱਖਣਾ।

(10) ਪ੍ਰਿਸ਼ਟਮਾਸਿਕਤਵ : ਪਿੱਠ ਪਿੱਛੇ ਚੁਗਲੀ ਕਰਨਾ।

(11) ਅਧਿਕਸ਼ਨਾਵਭਾਸ਼ਨ : ਸ਼ੱਕ ਹੋਣ ਤੇ ਵੀ ਮਜਬੂਤੀ ਨਾਲ ਗੱਲ ਕਰਨਾ।

(12) ਨਵਾਧੀਕਰਨ ਕਰਨ : ਨਿੱਤ ਨਵਾਂ ਝਗੜਾ ਕਰਨਾ।

(13) ਉਪਸ਼ਾਤ ਕਲਹਦੀਰਨ : ਖ਼ਤਮ ਹੋਏ ਝਗੜੇ ਨੂੰ ਦੁਬਾਰਾ ਪੈਦਾ ਕਰਨਾ।

(14) ਅਕਾਲ ਸਵਾਧਿਆਏ : ਅਕਾਲ (ਸ਼ਾਸਤਰਾਂ ਵਿਚ ਦੱਸੇ ਨਿਸ਼ਚਿਤ ਸਮੇਂ ਤੋਂ ਉਲਟ ਸਮੇਂ) ਵਿਚ ਸਵਾਧਿਆਏ ਕਰਨਾ।

(15) ਸਰਜਸਕ ਪਾਣੀ ਭਿਕਸ਼ਾਗ੍ਰਹਿਣ : ਸਚਿੱਤ ਹੱਥ ਨਾਲ ਭਿਕਸ਼ਾ ਲੈਣਾ।

(16) ਸ਼ਬਦ ਕਰਨ : ਅੱਧੀ ਰਾਤ ਬੀਤਣ ਤੇ ਵੀ ਉੱਚੀ ਉੱਚੀ ਬੋਲਣਾ।

(17) ਝੰਜਾਕਰਨ : ਸੰਘ ਵਿਚ ਫੁੱਟ ਪਾਉਣ ਵਾਲੇ ਬਚਨ ਬੋਲਣਾ।

(18) ਕਲਹਕਰਨ : ਗੁੱਸੇ ਵਿਚ ਝਗੜਾ ਕਰਨਾ।

(19) ਸੂਰਜਪ੍ਰਮਾਣ ਭੋਜੀਤਵ : ਸਾਰਾ ਦਿਨ ਕੁਝ ਨਾ ਕੁਝ ਖਾਂਦੇ ਰਹਿਣਾ।

(2) ਏਸ਼ਨਾਸਮਿਤੀ : ਏਸ਼ਨਾ ਸਮਿਤੀ ਦਾ ਠੀਕ ਧਿਆਨ ਨਾ ਰੱਖਣਾ।

ਗਾਥਾ 15

(1) ਹਸਤ ਕਰਮ (2) ਮੈਥੁਨ (3) ਰਾਤ ਦਾ ਭੋਜਨ (4) ਆਧਾ ਕਰਮ (ਸਾਧੂ ਲਈ ਬਣਿਆ ਭੋਜਨ ਕਰਨਾ) 5. ਸਾਗਰਿਕ ਪਿੰਡ - ਜਿਸ ਥਾਂ ਠਹਿਰੇ ਉਸੇ ਥਾਂ ਤੇ ਮਾਲਿਕ ਤੋਂ ਭੋਜਨ ਲੈਣਾ (6) ਉਦੇਸ਼ੀਕ - ਸਾਧੂ ਲਈ ਬਣਾਇਆ ਗਿਆ।

ਕਰੀਤ - ਖਰੀਦਾ ਹੋਇਆ

ਆਹਤ - ਠਿਕਾਨੇ ਤੇ ਲਿਆ ਕੇ ਦਿੱਤਾ ਭੋਜਨ

ਪ੍ਰਾਮੀਤ - ਉਧਾਰ ਲਿਆ ਹੋਇਆ ਭੋਜਨ

ਆਛਿਨ - ਖੋਹ ਕੇ ਲਿਆਂਦਾ ਹੋਇਆ ਭੋਜਨ

7. ਪ੍ਰਤਿਖਿਆਨ ਭੰਗ - ਵਾਰ ਵਾਰ ਪ੍ਰਤਿੱਗਿਆ ਤੋੜਨਾ

8. ਗਣ ਪਰਿਵਰਤਨ - ਛੇ ਮਹੀਨੇ ਦੇ ਅੰਦਰ ਹੀ ਟੋਲਾ ਬਦਲਣਾ

9. ਉਦਕ ਲੇਪ : ਇਕ ਮਹੀਨੇ ਵਿਚ ਤਿੰਨ ਵਾਰ ਧੁੰਨੀ ਜਾਂ ਪੱਟ ਤੱਕ ਪਾਣੀ ਦੀ ਨਦੀ ਪਾਰ ਕਰਨਾ।

10. ਮਾਤਰ ਸਥਾਨ : ਇਕ ਮਹੀਨੇ ਵਿਚ ਤਿੰਨ ਵਾਰ ਧੋਖਾ ਕਰਨਾ ਜਾਂ ਕਸੂਰ ਕਰਕੇ ਛਿਪਾਉਣਾ।

11. ਰਾਜ ਪਿੰਡ - ਰਾਜੇ ਲਈ ਤਿਆਰ ਕੀਤਾ ਗਿਆ ਭੋਜਨ ਗ੍ਰਹਿਣ ਕਰਨਾ।

12. ਅਕੁਟੀਆ ਹਿੰਸਾ - ਜਾਣ-ਬੁੱਝ ਕੇ ਹਿੰਸਾ ਕਰਨਾ।

13. ਅਕੁਟੀਆ ਮਰਿਸ਼ਾ - ਜਾਣ-ਬੁੱਝ ਕੇ ਝੂਠ ਬੋਲਣਾ।

14. ਅਕੁਟੀਆ ਅਦੱਤਾਦਾਨ - ਜਾਨ-ਬੁੱਝ ਕੇ ਚੋਰੀ ਕਰਨਾ।

15. ਸਚਿਤ ਪ੍ਰਿਥਵੀ ਸਪਰਸ਼ - ਜਾਣ-ਬੁੱਝ ਕੇ ਸਚਿਤ (ਜੀਵ)

ਜ਼ਮੀਨ ਤੇ ਬੈਠਣਾ, ਸੌਣਾ, ਖੜ੍ਹੇ ਹੋਣਾ।

16. ਇਸੇ ਪ੍ਰਕਾਰ ਸਚਿਤ ਪਾਣੀ ਨਾਲ ਚਿਕਨੇ ਅਤੇ ਸਚਿਤ ਮਿੱਟੀ ਅਤੇ ਸਚਿਤ ਸਿਲ ਘੁਣ ਵਾਲੀ ਲਕੜੀ ਤੇ ਬੈਠਣਾ ਜਾਂ ਧਿਆਨ ਕਰਨਾ।

17. ਜੀਵਾਂ ਵਾਲੇ ਥਾਂ ਤੇ ਅਤੇ ਪ੍ਰਾਣ, ਬੀਜ, ਹਰੀ, ਕੀੜੀ, ਨਾਗਰਾਂ, ਫੁੱਲ, ਪਾਣੀ ਕੀਚੜ ਅਤੇ ਮਕੜੀ ਦੇ ਜਾਲ ਵਾਲੇ ਥਾਂ ਤੇ ਬੈਠਣਾ, ਸੌਣਾ, ਕਾਯੋਤਸਰਗ ਕਰਨਾ।

18. ਜਾਣ-ਬੁੱਝ ਕੇ ਕੰਦਮੂਲ, ਛਾਲ, ਪ੍ਰਵਾਲ, ਫੁੱਲ, ਬੀਜ ਅਤੇ ਹਰਿਆਈ ਦਾ ਭੋਜਨ ਕਰਨਾ।

19. ਸਾਲ ਵਿਚ 10 ਵਾਰ ਨਦੀ ਪਾਰ ਕਰਨਾ।

20. ਸਾਲ ਵਿਚ 10 ਵਾਰ ਭੈੜੀਆਂ ਜਗ੍ਹਾ ਤੇ ਜਾਣਾ।

21. ਜਾਣ-ਬੁੱਝ ਕੇ ਵਾਰ ਵਾਰ ਸਚਿਤ ਪਾਣੀ ਵਾਲੇ ਹੱਥ ਨਾਲ ਜਾਂ ਕੜਛੀ ਨਾਲ ਦਿੱਤਾ ਆਹਾਰ ਲੈਣਾ।

22. ਪਰਿਸ਼ੈ (ਵੇਖੋ ਸ਼੍ਰੀ ਉਤਰਾਧਿਐਨ ਸੂਤਰ ਦਾ ਦੂਸਰਾ ਅਧਿਐਨ) ਗਾਥਾ 16

ਸੂਤਰਕ੍ਰਿਤਾਂਗ ਦੇ 27 ਅਧਿਐਨ ਇਸ ਪ੍ਰਕਾਰ ਹਨ :

ਪਹਿਲੇ ਸਕੰਧ (ਹਿੱਸੇ) ਦੇ 16 ਪਾਠਾਂ ਦੇ ਨਾਂ ਉੱਪਰ ਦਿੱਤੇ ਜਾ ਚੁੱਕੇ ਹਨ (ਵੇਖੋ ਟਿੱਪਣੀ 12 ਗਾਥਾ) (17) ਪੋਡਰੀਕ (18) ਕ੍ਰਿਆਸਥਾਨ (19) ਅਹਾਰ ਪਰਿਗਿਆ (20) ਪ੍ਰਤਿਖਿਆਨ ਪਰਿਗਿਆ (21) ਅਨਗਾਰ ਸਰੁਤ (22) ਆਦਰਕੀਆ (23) ਨਾਲੰਦੀਆ।

ਇਨ੍ਹਾਂ 23 ਅਧਿਆਏ ਤੋਂ ਉਲਟ ਚੱਲਣਾ ਅਸੰਜਮੀ ਸਾਧੂ ਦਾ ਕੰਮ ਹੁੰਦਾ ਹੈ।

24 ਦੇਵਤੇ ਇਸ ਪ੍ਰਕਾਰ ਹਨ :

| | | |
|---|---|---|
| ਅਸੁਰਕੁਮਾਰ ਆਦਿ | | 10 ਦੇਵਤੇ |
| ਭੂਤ ਰਾਖਸ਼ ਆਦਿ | | 08 ਦੇਵਤੇ |
| ਸੂਰਜ, ਚੰਦ ਆਦਿ | | 05 ਜੋਤਿਸ਼ ਦੇਵਤੇ |
| ਇਕ ਵੈਮਾਨੀਕ | | 01 ਦੇਵਤਾ |
| | ਕੁੱਲ | 24 ਦੇਵਤੇ |

ਇਨ੍ਹਾਂ ਦੀ ਪੂਜਾ ਪ੍ਰਸੰਸਾ ਕਰਨਾ ਕਾਮ ਭੋਗ ਦੀ ਪੂਜਾ ਪ੍ਰਸੰਸਾ ਕਰਨ ਦੇ ਬਰਾਬਰ ਹੈ ਅਤੇ ਨਿੰਦਾ ਕਰਨਾ ਦਵੇਸ਼ ਸਮਾਨ ਹੈ। ਭਾਵ ਸਾਧੂ ਨੂੰ ਇਨ੍ਹਾ ਦੀ ਨਾ ਨਿੰਦਾ ਕਰਨੀ ਚਾਹੀਦੀ ਹੈ ਨਾ ਪ੍ਰਸੰਸਾ।

ਗਾਥਾ 17

ਪੰਜ ਮਹਾਵਰਤਾਂ ਦੀਆਂ 25 ਭਾਵਨਾਵਾਂ ਇਸ ਪ੍ਰਕਾਰ ਹਨ :

(1) ਅਹਿੰਸਾ ਵਰਤ ਦੀ ਪੰਜ ਭਾਵਨਾਵਾਂ :

(ੳ) ਈਰੀਆ ਸਮਿਤੀ : ਧਿਆਨ ਨਾਲ ਚੱਲਣਾ

(ਅ) ਆਲੋਕਿਤ ਪਾਨ ਭੋਜਨ : ਦੇਖਭਾਲ ਕੇ ਰੋਸ਼ਨੀ ਵਾਲੇ ਥਾਂ ਤੇ ਭੋਜਨ ਕਰਨਾ।

(ੲ) ਆਦਾਨ ਨਿਕਸ਼ੇਪ ਸਮਿਤੀ : ਵਿਵੇਕ ਪੂਰਵਕ ਭਾਂਡੇ ਆਦਿ ਚੁੱਕਣਾ ਤੇ ਧਰਨਾ।

(ਸ) ਮਨ ਗੁਪਤੀ : ਮਨ ਦਾ ਸੰਜਮ

(ਹ) ਬਚਨ ਗੁਪਤੀ : ਬੋਲਣ ਦਾ ਸੰਜਮ

(2) ਸੱਚ ਵਰਤ ਦੀ ਪੰਜ ਭਾਵਨਾਵਾਂ :

(ੳ) ਅਨੂਵਿਚਿਕਤਸਾ ਭਾਸਨਤ : ਵਿਚਾਰ ਨਾਲ ਬੋਲਣਾ।

(ਅ) ਕਰੋਧ ਵਿਵੇਕ : ਗੁੱਸੇ ਦਾ ਤਿਆਗ

(ੲ) ਲੋਭ ਵਿਵੇਕ : ਲੋਭ ਦਾ ਤਿਆਗ

(ਸ) ਭੈ ਵਿਵੇਕ : ਡਰ ਦਾ ਤਿਆਗ

(ਹ) ਹਾਸਯ ਵਿਵੇਕ : ਹਾਸਾ ਮਜ਼ਾਕ ਦਾ ਤਿਆਗ

(3) ਅਸਤੇਯ (ਚੋਰੀ ਨਾ ਕਰਨ) ਦੀਆਂ ਪੰਜ ਭਾਵਨਾਵਾਂ :

(ੳ) ਅਵਗ੍ਰਹਿਨੁਰਿਆਪਨਾ : ਠਿਕਾਨੇ ਦੇ ਮਾਲਿਕ ਦੀ ਠੀਕ ਤਰ੍ਹਾਂ ਰਹਿਣ ਲਈ ਇਜਾਜ਼ਤ ਲੈਣਾ।

(ਅ) ਅਵਗ੍ਰਹਿ ਸੀਮਾ ਪਰਿਗਿਆਨਤਾ : ਠਿਕਾਣੇ ਦੀ ਹੱਦ ਦਾ ਠੀਕ ਗਿਆਨ ਹੋਣਾ।

(ੲ) ਅਵਗ੍ਰਹਿਨੁਗ੍ਰਹਿਨਤਾ : ਆਪਣੀ ਜ਼ਰੂਰਤ (ਤਖ਼ਤ ਪੋਸ਼ ਆਦਿ) ਦੀ ਚੀਜ਼ਾਂ ਇਜਾਜ਼ਤ ਨਾਲ ਗ੍ਰਹਿਣ ਕਰਨਾ।

(ਸ) ਗੁਰੂ ਅਤੇ ਹੋਰ ਧਰਮ ਭਰਾਵਾਂ ਦੀ ਇਜਾਜ਼ਤ ਨਾਲ ਹੀ ਸਾਂਝੇ ਭੋਜਨ ਵਿਚੋਂ ਭੋਜਨ ਗ੍ਰਹਿਣ ਕਰਨਾ।

(ਹ) ਠਿਕਾਣੇ ਤੇ ਪਹਿਲਾਂ ਤੋਂ ਰਹਿ ਰਹੇ ਧਰਮ ਭਰਾਵਾਂ ਦੀ ਇਜਾਜ਼ਤ ਨਾਲ ਠਹਿਰਣਾ।

(4) ਬ੍ਰਹਮਚਰਜ ਵਰਤ ਦੀ ਪੰਜ ਭਾਵਨਾਵਾਂ।

(ੳ) ਜ਼ਿਆਦਾ ਚਿਕਨੇ, ਤਾਕਤਵਰ ਭੋਜਨ ਦਾ ਤਿਆਗ ਕਰਨਾ।

(ਅ) ਪਿਛਲੇ ਭੋਗੇ ਭੋਗਾਂ ਨੂੰ ਯਾਦ ਨਾ ਕਰਨਾ।

(ੲ) ਇਸਤਰੀਆਂ ਦੇ ਸਰੀਰ, ਅੰਗ ਅਤੇ ਸ਼ਿੰਗਾਰ ਵੇਖਣ ਦਾ ਤਿਆਗ ਕਰਨਾ।

(ਸ) ਤੀਵੀਆਂ, ਹਿਜੜੇ ਅਤੇ ਪਸ਼ੂ ਦੇ ਨਿਵਾਸ ਤੇ ਠਹਿਰਣ ਦਾ

ਤਿਆਗ ਕਰਨਾ।

(ਹ) ਇਸਤਰੀਆਂ ਬਾਰੇ ਹਰ ਤਰ੍ਹਾਂ ਦੇ ਕਾਮ-ਭੋਗ ਵਧਾਉਣ ਵਾਲੀ ਚਰਚਾ ਦਾ ਤਿਆਗ ਕਰਨਾ।

(5) ਅਪਰਿਗ੍ਰਹਿ ਵਰਤ ਦੀਆਂ 5 ਭਾਵਨਾਵਾਂ :

(ੳ ਤੋਂ ਹ) ਪੰਜ ਇੰਦਰੀਆਂ ਦੇ ਸ਼ਬਦ, ਰੂਪ, ਗੰਧ, ਰਸ ਅਤੇ ਸਪਰਸ਼ ਆਦਿ ਵਿਸ਼ਿਆਂ ਪ੍ਰਤਿ ਰਾਗ ਦਵੇਸ਼ ਨਾ ਰੱਖਣਾ, ਸਗੋਂ ਉਦਾਸੀਨ (ਨਵੇਕਲਾ, ਨਿਰਪੱਖ) ਰਹਿਣਾ।

ਦਸ਼ਾਸਰੁਤ ਸਕੰਧ ਸੂਤਰ ਦੇ 26 ਉਦੇਸ਼ਨ ਕਾਲ (ਇਕ ਦਿਨ ਵਿਚ ਜਿਨਾ ਪੜ੍ਹਾਇਆ ਜਾਵੇ ਉਹ ਉਦੇਸ਼ ਕਾਲ) ਹਨ। ਇਸ ਵਿਚ ਦਸ਼ਾ ਸ਼ਰੁਤ ਸਕੰਧ ਦੇ 10 ਉਦੇਸ਼, ਬ੍ਰਹਤਕਲਪ ਦੇ 6 ਉਦੇਸ਼ ਅਤੇ ਵਿਵਹਾਰ ਕਲਪ ਦੇ 10 ਉਦੇਸ਼ ਹਨ।

ਗਾਥਾ 18

ਸਾਧੂ ਦੇ 27 ਗੁਣ ਇਸ ਪ੍ਰਕਾਰ ਹਨ :

(1) ਪੰਜ ਮਹਾਵਰਤ - 5

(6) ਰਾਤਰੀ ਭੋਜਨ ਦਾ ਤਿਆਗ - 1

(7 ਤੋਂ 11) ਪੰਜਾਂ ਇੰਦਰੀਆਂ ਨੂੰ ਵੱਸ ਵਿਚ ਰੱਖਣਾ - 5

(12) ਭਾਵ ਸੱਤ - ਅੰਦਰਲੀ ਸ਼ੁੱਧੀ

(13) ਕਰਣ ਸੱਤ - ਕੱਪੜੇ, ਭਾਂਡੇ ਠੀਕ ਤਰ੍ਹਾਂ ਝਾੜਨਾ-ਪੂੰਝਣਾ।

(14) ਖਿਮਾਂ

(15) ਵੈਰਾਗਤਾ - ਲੋਭ ਦਾ ਤਿਆਗ

(16) ਮਨ ਦੀਆਂ ਚੰਗੀਆਂ ਆਦਤਾਂ

(17) ਬਚਨ ਦੀਆਂ ਚੰਗੀਆਂ ਆਦਤਾਂ

(18) ਸਰੀਰ ਦੀਆਂ ਚੰਗੀਆਂ ਆਦਤਾਂ

(19 ਤੋਂ 24) 6 ਕਾਈਆਂ ਦੇ ਜੀਵਾਂ ਦੀ ਰੱਖਿਆ।

(25) ਸੰਜਮ ਵਿਚ ਠੀਕ ਤਰ੍ਹਾਂ ਲੱਗੇ ਰਹਿਣਾ।

(26) ਵੇਦਨਾ ਅਭਿਸਹਨ - ਠੰਢ ਆਦਿ ਲੱਗਣ ਤੇ ਮਨ ਮਜਬੂਤ ਰੱਖਣਾ।

(27) ਮਰਨ ਅੰਤੀਕਾ ਅਭਿਸਹਨ - ਮੌਤ ਵਰਗਾ ਕਸ਼ਟ ਆਉਣ ਤੇ ਵੀ ਨਾ ਘਬਰਾਉਣਾ - ਇਹ ਗੁਣ ਆਚਾਰਿਆ ਹਰੀਭੱਦਰ ਨੇ ਆਵਸ਼ਕ ਸੂਤਰ ਦੀ ਸ਼ਿਸ਼ਸੰਘਤਾ ਵਿਰਤੀ ਵਿਚ ਫੁਰਮਾਏ ਹਨ।

ਪਰ ਸ੍ਰੀ ਸਮਵਾਯਾਂਗ ਸੂਤਰ ਵਿਚ ਕੁਝ ਫ਼ਰਕ ਹੈ :

24 ਆਚਾਰਾਂਗ ਸੂਤਰ ਦੇ ਅਧਿਐਨਾਂ ਦੇ ਨਾਂ ਇਸ ਪ੍ਰਕਾਰ ਹਨ :

(1) ਸ਼ਸਤਰ ਪ੍ਰਿਗਿਆ (2) ਲੋਕ ਵਿਜੈ (3) ਸ਼ੀਤੋਉਸਨੀਆਂ (4) ਸਮਿਅਕਤ (5) ਲੋਕ ਸਾਰ (6) ਧੁੱਤਾ ਅਧਿਐਨ (7) ਮਹਾਪਰਿਗਿਆ (8) ਵਿਮਕੋਸ਼ (9) ਉਪਾਧਾਨ ਸਰੁਤ (10) ਪਿੰਡਸ਼ੈਣਾ (11) ਸ਼ੈਯਾ (12) ਈਰੀਆ (13) ਭਾਸ਼ਾ (14) ਵਸਤਰਏਸ਼ਨਾ (15) ਪਾਤਰ ਏਸ਼ਨਾ (16) ਅਵਗ੍ਰਹਿ ਪ੍ਰਤਿਮਾ ਦੇ ਸੱਤ ਥਾਂ ਸੱਪਤਿਕਾ ਨੂੰ ਮਿਲਾ ਕੇ 16 + 7 (23) ਹੋਏ। (24) ਭਾਵਨਾ (25) ਵਿਮੁਕਤੀ (26) ਉਦਘਾਤ (27) ਅਨੁਦਘਾਤ (28) ਆਰੋਪਣਾ (ਪਹਿਲੇ 25 ਅਧਿਐਨ ਸ੍ਰੀ ਆਚਾਰਾਂਗ ਸੂਤਰ ਦੇ ਹਨ ਤੇ ਤਿੰਨ ਨਸ਼ਿੱਥ ਸੂਤਰ ਦੇ ਹਨ।)

ਗਾਥਾ 19

ਪਾਪ ਸ਼ਰੁਤ ਦੇ 29 ਭੇਦ ਹਨ :

(1) ਭੋਮ - ਭੂਚਾਲ ਆਦਿ ਦੀ ਭਵਿੱਖ ਬਾਣੀ ਕਰਨ ਵਾਲਾ

ਗ੍ਰੰਥ।

(2) ਉਤਪਾਤ - ਖ਼ੂਨ ਦੀ ਬਾਰਿਸ਼, ਦਿਸ਼ਾਵਾਂ ਦਾ ਲਾਲ ਹੋਣਾ ਤੇ ਚੰਗਾ ਮਾੜੇ ਫਲ ਦੱਸਣ ਵਾਲਾ ਜੋਤਿਸ਼ ਗ੍ਰੰਥ।

(3) ਸੁਪਨ ਸ਼ਾਸਤਰ

(4) ਆਂਤਰਿਕਸ਼ - ਆਕਾਸ਼ ਦੇ ਗ੍ਰਹਿ ਬਾਰੇ ਦੱਸਣ ਵਾਲਾ ਗ੍ਰੰਥ।

(5) ਅੰਗ ਸ਼ਾਸਤਰ - ਸਰੀਰ ਦੇ ਕੰਬਣ, ਛਿੱਕਣ ਦਾ ਫਲ ਦੱਸਣ ਵਾਲਾ ਗ੍ਰੰਥ।

(6) ਸਵਰ ਸ਼ਾਸਤਰ - ਆਵਾਜ਼ ਜਾਂ ਸਾਹ ਦੀ ਗਤੀ ਨਾਲ ਜੋਤਿਸ਼ ਲਗਾ ਕੇ ਫਲ ਦੱਸਣ ਵਾਲਾ ਗ੍ਰੰਥ।

(7) ਵਿਅੰਜਣ ਸ਼ਾਸਤਰ - ਤਿਲਾਂ ਆਦਿ ਨੂੰ ਵੇਖ ਕੇ ਚੰਗਾ ਮਾੜਾ ਫਲ ਦੱਸਣ ਵਾਲਾ।

(8) ਲਕਸ਼ਨ ਸ਼ਾਸਤਰ - ਇਸਤਰੀ ਪੁਰਸ਼ਾਂ ਦੇ ਲੱਛਣ ਵੇਖ ਕੇ ਚੰਗਾ ਮਾੜਾ ਫਲ ਦੱਸਣ ਵਾਲਾ ਗ੍ਰੰਥ।

ਇਨ੍ਹਾਂ ਅੱਠਾਂ ਦੇ ਸੂਤਰ, ਵਿਰਤੀ ਤੇ ਵਾਰਤਿਕ ਭੇਦ ਹਨ। ਇਸ ਤਰ੍ਹਾਂ 24 ਭੇਦ ਹੋਏ।

(25) ਵਿਥਾਨ ਯੋਗ - ਅਰਥ (ਪੈਸਾ ਤੇ ਕਾਮ) ਔਲਾਦ ਬਾਰੇ ਦੱਸਣ ਵਾਲਾ ਸ਼ਾਸਤਰ ਜਿਵੇਂ ਵਾਤਸਯਾਨ ਦਾ ਕਾਮ ਸੂਤਰ।

(26) ਵਿੱਦਿਆ ਨੂੰ ਯੋਗ - ਰੋਹਨੀ ਆਦਿ ਵਿੱਦਿਆਵਾਂ ਨੂੰ ਸਿੱਧ ਕਰਨ ਦਾ ਢੰਗ ਦੱਸਣ ਵਾਲਾ ਸ਼ਾਸਤਰ।

(27) ਮੰਤਰਾਂ ਨੂੰ ਯੋਗ - ਮੰਤਰ ਆਦਿ ਨਾਲ ਕਾਰਜ ਸਿੱਧ ਕਰਨ ਦਾ ਢੰਗ ਦੱਸਣ ਵਾਲਾ ਸ਼ਾਸਤਰ।

(28) ਯੋਗਾਨੂੰਯੋਗ - ਕਿਸੇ ਨੂੰ ਕਿਵੇਂ ਵੱਸ ਕੀਤਾ ਜਾਵੇ ਇਹ ਢੰਗ

ਦੱਸਣ ਵਾਲਾ ਸ਼ਾਸਤਰ।

(29) ਅਨਯਤੀਰਥਾਨੂੰਯੋਗ - ਦੂਸਰੇ ਧਰਮ ਦੇ ਮੋਢੀਆਂ ਰਾਹੀਂ ਦੱਸੇ ਹਿੰਸਾ ਆਦਿ ਬਾਰੇ ਦੱਸਣ ਵਾਲੇ ਸ਼ਾਸਤਰ।

ਗਾਥਾ 20

ਸਿੱਧਾਂ ਦੇ 31 ਅਤਿਸ਼ੈ (ਚਮਤਕਾਰ) :

(1) ਸ਼ੀਨ ਮਤਿ ਗਿਆਨਾ ਵਰਨ (2) ਸ਼ੀਨ ਸ਼ਰੁਤ ਗਿਆਨਾ ਵਰਨ (3) ਸ਼ੀਨ ਅਵਧਗਿਆਨਾ ਵਰਨ (4) ਸ਼ੀਨ ਮਨ ਪਰਿਆਏ (8) ਸ਼ੀਨ ਅੱਵਧੀਦਰਸ਼ਨਾਵਰਨ (9) ਸ਼ੀਨ ਕੇਵਲ ਦਰਸ਼ਨਾਵਰਨ (10) ਸ਼ੀਨ ਨਿੰਦਰਾ (11) ਸ਼ੀਨ ਨਿੰਦਰਾ ਨਿੰਦਰਾ (12) ਸ਼ੀਨ ਪ੍ਰਚਲਾ (13) ਸ਼ੀਨ ਪ੍ਰਚਲਾ ਪ੍ਰਚਲਾ (14) ਸ਼ੀਨ ਸਤਿਅਨਗ੍ਰਿਧਿ (15) ਸ਼ੀਨ ਸਾਤਾ ਵੇਦਨੀਆ (16) ਸ਼ੀਨ ਅਸਾਤਾ ਵੇਦਨੀਆ (17) ਸ਼ੀਨ ਦਰਸ਼ਨ ਮੋਹਨੀਆ (18) ਸ਼ੀਨ ਚਾਰਿੱਤਰ ਮੋਹਨੀਆ (19) ਸ਼ੀਨ ਨਰਕ ਆਯੂ (20) ਸ਼ੀਨ ਤੀਰਯੰਚ ਆਯੂ (21) ਸ਼ੀਨ ਮਨੁੱਖ ਆਯੂ (22) ਸ਼ੀਨ ਵੇਦ ਆਯੂ (23) ਸ਼ੀਨ ਉਚਗੋਤਰ (24) ਸ਼ੀਨ ਨੀਚ ਗੋਤਰ (25) ਸ਼ੀਨ ਸ਼ੁਭ ਨਾਮ (26) ਸ਼ੀਨ ਅਸ਼ੁਭ ਨਾਮ (27) ਸ਼ੀਨ ਦਾਨ ਅੰਤਰਾਇ (28) ਸ਼ੀਨ ਲਾਭ ਅੰਤਰਾਇ (29) ਸ਼ੀਨ ਭੋਗ ਅੰਤਰਾਇ (30) ਸ਼ੀਨ ਉਪਭੋਗ ਅੰਤਰਾਇ (31) ਸ਼ੀਨ ਵੀਰਜ ਅੰਤਰਾਇ ਯੋਗ ਸੰਗ੍ਰਹਿ ਇਸ ਪ੍ਰਕਾਰ ਹਨ :

(1) ਗੁਰੂਆਂ ਦੇ ਕੋਲ ਆਪਣੇ ਦੋਸ਼ਾਂ ਦੀ ਆਲੋਚਨਾ ਕਰਨਾ (2) ਕਿਸੇ ਦੇ ਦੋਸ਼ ਦੀ ਆਲੋਚਨਾ ਸੁਣ ਕੇ ਦੂਸਰੇ ਕੋਲ ਨਾ ਕਹਿਣਾ (3) ਸੰਕਟ ਆਉਣ ਤੇ ਧਰਮ ਤੇ ਦ੍ਰਿੜ ਰਹਿਣਾ (4) ਇੱਛਾ ਰਹਿਤ ਹੋ ਕੇ ਤਪ ਕਰਨਾ (5) ਆਚਾਰ (ਚਾਰਿੱਤਰ) ਸਿੱਖਿਆ ਦਾ ਅਭਿਆਸ ਕਰਨਾ (6) ਸ਼ਿੰਗਾਰ ਨਾ ਕਰਨਾ (7) ਪੂਜਾ, ਸਤਿਕਾਰ ਦਾ ਮੋਹ ਤਿਆਗ ਕੇ

ਅਗਿਆਤ ਤਪ ਕਰਨਾ (8) ਲੋਭ ਦਾ ਤਿਆਗ (9) ਠੰਢ ਆਦਿ ਸਹਿਣ ਕਰਨਾ (10) ਆਰਜਵ (ਸਰਲਤਾ) (11) ਸੁੱਚੀ ਸੰਜਮ ਤੇ ਸੱਚ ਦੀ ਪਵਿੱਤਰਤਾ (12) ਸਮਿਅਕਤਵ ਸ਼ੁੱਧੀ (13) ਸਮਾਧੀ-ਪ੍ਰਸੰਨਤਾ (14) ਆਚਾਰ ਪਾਲਣ ਕਰਨ ਵਿਚ ਧੋਖਾ ਨਾ ਕਰਨਾ (15) ਵਿਨੈ (16) ਧੀਰਜ (17) ਸੰਵੇਗ-ਸੰਸਾਰ ਦੇ ਭੋਗਾਂ ਦਾ ਡਰ ਜਾਂ ਮੁਕਤੀ ਦੀ ਇੱਛਾ (18) ਧੋਖਾ ਨਾ ਕਰਨਾ (19) ਚੰਗੇ ਕਰਮ (20) ਸੰਵਰ-ਪਾਪਾਂ ਦੇ ਵਹਾ ਨੂੰ ਰੋਕਣਾ (21) ਦੋਸ਼ਾਂ ਦੀ ਸ਼ੁੱਧੀ ਕਰਨਾ (22) ਕਾਮ ਭੋਗਾਂ ਤੋਂ ਛੁਟਕਾਰਾ ਪਾਉਣਾ (23) ਮੂਲ (ਬੁਨਿਆਦੀ) ਗੁਣਾਂ ਦਾ ਠੀਕ ਤਰ੍ਹਾਂ ਨਾਲ ਪਾਲਣ ਕਰਨਾ (24) ਉਤਰ ਗੁਣਾਂ ਦਾ ਸ਼ੁੱਧ ਪਾਲਣ (25) ਵਿਉਤਸਰਗ (ਕਾਯੋਤਸਰਗ) ਕਰਨਾ (26) ਪ੍ਰਮਾਦ ਨਾ ਕਰਨਾ (27) ਹਰ ਸਮੇਂ ਸੰਜਮ ਪ੍ਰਤਿ ਸਾਵਧਾਨ ਰੱਖਣਾ (28) ਸ਼ੁਭ ਧਿਆਨ (29) ਮੌਤ ਵਰਗਾ ਕਸ਼ਟ ਆਉਣ ਤੇ ਵੀ ਨਾ ਘਬਰਾਉਣਾ (30) ਸੰਘ ਨੂੰ ਨਾ ਛੱਡਣਾ (31) ਪ੍ਰਾਸ਼ਚਿਤ ਲੈਣਾ (32) ਅੰਤ ਸਮੇਂ ਸਲੇਖਣਾ (ਸੰਥਾਰਾ) ਕਰਨਾ।

### ਤੇਤੀ ਅਸ਼ਾਤਨਾ (ਦੁੱਖਦਾਇਕ ਨਾ ਕਰਨਯੋਗ ਕਰਮ)

1. ਰਸਤੇ ਵਿਚ ਆਪਣੇ ਤੋਂ ਦੀਖਿਆ ਵਿਚ ਵੱਡੇ ਦੇ ਅੱਗੇ ਚੱਲਣਾ।
2. ਰਾਹ ਵਿਚ ਆਪਣੇ ਤੋਂ ਦੀਖਿਆ ਵਿਚ ਵੱਡੇ ਦੇ ਬਰਾਬਰ ਚੱਲਣਾ।
3. ਰਾਹ ਵਿਚ ਆਪਣੇ ਤੋਂ ਦੀਖਿਆ ਵਿਚ ਵੱਡੇ ਦੇ ਪਿੱਛੇ ਚੱਲਣਾ।

4 ਤੋਂ 6 ਦੀਖਿਆ ਤੋਂ ਵੱਡਾ ਦੇ ਅੱਗੇ, ਪਿੱਛੇ ਜਾਂ ਬਰਾਬਰ ਚੱਲਣਾ।

7 ਤੋਂ 9 ਦੀਖਿਆ ਤੋਂ ਵੱਡੇ ਦੇ ਅੱਗੇ ਬਰਾਬਰ ਜਾਂ ਪਿੱਛੇ ਅੜ ਕੇ ਬੈਠਣਾ।

10. ਦੀਖਿਆ ਤੋਂ ਵੱਡੇ ਅਤੇ ਚੇਲੇ ਜੰਗਲ ਗਏ ਹੋਣ, ਉਥੇ ਦੀਖਿਆ ਤੋਂ ਵੱਡੇ ਤੋਂ ਪਹਿਲਾਂ ਸਰੀਰਿਕ ਸਫ਼ਾਈ ਕਰਨਾ।
11. ਜੰਗਲ ਤੋਂ ਆ ਕੇ ਰਸਤੇ ਦੇ ਦੋਸ਼ਾਂ ਦੀ ਦੀਖਿਆ ਤੋਂ ਵੱਡੇ ਤੋਂ

ਪਹਿਲਾਂ ਹੀ ਆਲੋਚਨਾ ਕਰ ਲੈਣਾ।

12. ਰਾਤ ਸਮੇਂ ਦੀਖਿਆ ਤੋਂ ਵੱਡਾ ਜਦ ਇਹ ਪੁੱਛੇ ਕਿ ਕੋਈ ਜਾਗਦਾ ਹੈ, ਜਾਗਣ ਤੇ ਚੁੱਪ ਰਹਿਣਾ ਤੇ ਉੱਤਰ ਨਾ ਦੇਣਾ।

13. ਜਿਸ ਆਦਮੀ ਨਾਲ ਦੀਖਿਆ ਤੋਂ ਵੱਡਾ ਗੱਲ ਕਰਨਾ ਚਾਹੁੰਦਾ ਹੋਵੇ ਉਸ ਤੋਂ ਪਹਿਲਾਂ ਆਪ ਹੀ ਗੱਲਾਂ ਕਰਨ ਲੱਗ ਜਾਣਾ।

14. ਭੋਜਨ ਆਦਿ ਦੇ ਦੋਸ਼ਾਂ ਦੀ ਆਲੋਚਨਾ ਦੀਖਿਆ ਤੋਂ ਵੱਡੇ ਨੂੰ ਛੱਡ ਕੇ ਛੋਟੇ ਸਾਧੂਆਂ ਸਾਹਮਣੇ ਆਲੋਚਨਾ ਕਰਨਾ।

15. ਭੋਜਨ ਕਰਨ ਸਮੇਂ ਦੀਖਿਆ ਤੋਂ ਵੱਡੇ ਸਾਧੂ ਨੂੰ ਛੱਡ ਕੇ, ਛੋਟੇ ਸਾਧੂਆਂ ਨੂੰ ਭੋਜਨ ਵਿਖਾਉਣਾ।

16. ਭੋਜਨ ਸਮੇਂ ਦੀਖਿਆ ਤੋਂ ਵੱਡੇ ਸਾਧੂ ਨੂੰ ਛੱਡ ਕੇ, ਛੋਟੇ ਸਾਧੂ ਨੂੰ ਭੋਜਨ ਲਈ ਬੁਲਾਵਾ ਦੇਣਾ।

17. ਦੀਖਿਆ ਤੋਂ ਵੱਡੇ ਸਾਧੂ ਤੋਂ ਬਿਨਾਂ ਪੁੱਛੇ, ਦੂਸਰੇ ਸਾਧੂ ਨੂੰ ਭੋਜਨ ਦੇਣਾ।

18. ਦੀਖਿਆ ਤੋਂ ਵੱਡੇ ਸਾਧੂ ਨਾਲ ਭੋਜਨ ਕਰਦੇ ਸਮੇਂ, ਸਵਾਦੀ ਖਾਣਾ ਆਪ ਖਾ ਲੈਣਾ ਜਾਂ ਛੇਤੀ ਛੇਤੀ ਖਾ ਲੈਣਾ।

19. ਦੀਖਿਆ ਤੋਂ ਵੱਡੇ ਦੇ ਬੁਲਾਉਣ ਤੇ ਚੁੱਪ ਕਰ ਜਾਣਾ।

20. ਦੀਖਿਆ ਤੋਂ ਵੱਡੇ ਪ੍ਰਤਿ ਕਠੋਰ ਜਾਂ ਮਰਿਆਦਾ ਰਹਿਤ ਬੋਲਣਾ।

21. ਦੀਖਿਆ ਤੋਂ ਵੱਡੇ ਦੇ ਬੁਲਾਉਣ ਤੇ ਕਵਸ਼ਾ,।ਾ ਰ੍ਹਆਕਿ (ਮੱਥਾ ਟੇਕਦਾ ਹਾਂ) ਨਾ ਆਖਣਾ ਤੇ ਭੈੜੇ ਬੋਲਾਂ ਦਾ ਤਿਆਗ ਨਾ ਕਰਨਾ।

22. ਦੀਖਿਆ ਤੋਂ ਵੱਡੇ ਦੇ ਬੁਲਾਉਣ ਤੇ ਨਜ਼ਦੀਕ ਆ ਕੇ ਗੱਲ ਸੁਣਨੀ ਚਾਹੀਦੀ ਹੈ। ਅਜਿਹਾ ਨਾ ਕਰਕੇ ਆਪਣੇ ਆਸਣ ਤੇ ਬੈਠੇ ਬੈਠੇ ਨਹੀਂ ਸੁਣਨੀ ਚਾਹੀਦੀ।

23. ਗੁਰਦੇਵ ਦੇ ਪ੍ਰਤਿ "ਤੂੰ" ਸ਼ਬਦ ਦਾ ਇਸਤੇਮਾਲ ਕਰਨਾ।

24. ਗੁਰ ਦੇ ਕੰਮ ਲਈ ਆਖਣ ਤੇ ਕੰਮ ਨਾ ਕਰਨਾ, ਸਗੋਂ ਉਲਟਾ ਆਖਣਾ "ਇਹ ਕੰਮ ਤੁਸੀਂ ਹੀ ਕਰ ਲਵੋ"।

25. ਗੁਰੂ ਦੇ ਉਪਦੇਣ ਨੂੰ ਨਾ ਤਾਂ ਧਿਆਨ ਨਾਲ ਸੁਣਨਾ ਤੇ ਨਾ ਹੀ ਭਾਸ਼ਨ ਦੀ ਪ੍ਰਸੰਸਾ ਕਰਨਾ।

26. ਭਾਸ਼ਨ ਕਰਦੇ ਸਮੇਂ ਗੁਰੂ ਨੂੰ ਵਿਚਕਾਰ ਹੀ ਟੋਕ ਦੇਣਾ ਅਤੇ ਆਖਣਾ "ਤੁਸੀਂ ਇਹੋ ਭੁੱਲ ਗਏ ਹੋ"।

27. ਭਾਸ਼ਨ ਕਰਦੇ ਸਮੇਂ ਵਿਚਕਾਰ ਹੀ ਟੋਕ ਕੇ, ਗੁਰੂ ਦੀ ਥਾਂ ਤੇ ਆਪ ਹੀ ਭਾਸ਼ਨ ਕਰਨਾ।

28. ਭਾਸ਼ਨ ਕਰਦੇ ਸਮੇਂ ਵਿਚਕਾਰ ਹੀ ਸਭਾ ਉਠਾਉਣ ਲਈ ਆਖਣਾ "ਛੱਡੋ ਉਪਦੇਸ਼ ਨੂੰ, ਭੋਜਨ ਦਾ ਸਮਾਂ ਹੋ ਗਿਆ ਹੈ"।

29. ਗੁਰੂ ਦੇ ਭਾਸ਼ਨ ਦੀ ਉਲਟ ਤੇ ਗਲਤ ਵਿਆਖਿਆ ਕਰਨਾ।

30. ਗੁਰੂ ਦੇ ਆਸਣ ਨਾਲ ਪੈਰ ਛੂਹ ਜਾਣ ਤੇ ਵੀ, ਗੁਰੂ ਤੋਂ ਖਿਮਾ ਨਾ ਮੰਗਣਾ।

31. ਗੁਰੂ ਦੇ ਆਸਣ ਤੇ ਖੜ੍ਹਨਾ, ਬੈਠਣਾ, ਸੌਣਾ।

32. ਗੁਰੂ ਦੇ ਆਸਣ ਤੋਂ ਉੱਚੇ ਆਸਣ ਤੇ ਬੈਠਣਾ ਤੇ ਖੜ੍ਹਣਾ।

33. ਗੁਰੂ ਦੇ ਆਸਣ ਦੇ ਬਰਾਬਰ ਖੜ੍ਹਨਾ, ਸੌਣਾ ਤੇ ਬੈਠਣਾ।

ਸਾਧੂ ਉਪਰੋਕਤ ਦੋਸ਼ਾਂ (ਅਸ਼ਾਤਨਾਵਾਂ) ਨੂੰ ਛੱਡ ਦੇਵੇ।

# 32
# ਅਪ੍ਰਮਾਦ ਸਥਾਨ ਅਧਿਐਨ

ਇਸ ਅਧਿਐਨ ਵਿਚ ਅਸ਼ੁਭ ਵਿਚਾਰਾਂ ਤੇ ਅਸ਼ੁਭ ਕੰਮ ਛੱਡਣ ਦੀ ਹਿਦਾਇਤ ਕੀਤੀ ਗਈ ਹੈ। ਅਸ਼ੁਭ ਕਰਮਾਂ ਵਿਚ ਲੱਗੇ ਰਹਿਣਾ ਹੀ ਪ੍ਰਮਾਦ ਸਥਾਨ ਹੈ।

ਪ੍ਰਮਾਦ ਸਥਾਨ ਦਾ ਅਰਥ ਹੈ – ਉਹ ਕੰਮ ਜਿਨ੍ਹਾਂ ਕਾਰਨ ਤਪ ਤੇ ਅਧਿਆਤਮਿਕ ਸਾਧਨਾ ਵਿਚ ਰੁਕਾਵਟ ਪੈਂਦੀ ਹੁੰਦੀ ਹੈ। ਆਤਮ ਸਾਧਨਾਂ ਦਾ ਵਿਕਾਸ ਰੁਕ ਜਾਂਦਾ ਹੈ।

ਇਸ ਅਧਿਐਨ ਵਿਚ ਰਾਗ ਦਵੇਸ਼ ਨੂੰ ਕਰਮਾਂ ਦਾ ਮੂਲ ਬੀਜ ਦੱਸਿਆ ਗਿਆ ਹੈ ਅਤੇ ਇੰਦਰੀਆਂ ਦੇ ਚੰਗੇ, ਮਾੜੇ ਵਿਸ਼ੇ ਵਿਕਾਰਾਂ ਤੇ ਕਾਬੂ ਪਾ ਕੇ ਸੰਜਮ ਪਾਲਣ ਦੀ ਹਿਦਾਇਤ ਕੀਤੀ ਗਈ ਹੈ।

# ਬੱਤੀਵਾਂ ਅਧਿਐਨ

ਅਨਾਦਿ ਸਮੇਂ ਤੋਂ ਸਾਰੇ ਦੁੱਖਾਂ ਅਤੇ ਉਨ੍ਹਾਂ ਦੇ ਮੂਲ ਕਾਰਨ ਤੋਂ ਮੁਕਤ ਹੋਣ ਦਾ ਢੰਗ ਮੈਂ ਦੱਸਦਾ ਹਾਂ। ਉਸ ਨੂੰ ਪੂਰੇ ਮਨ ਨਾਲ ਸੁਣੋ। ਇਹ ਇਕਾਂਤ ਭਲੇ ਲਈ ਹੈ ਕਲਿਆਣ ਲਈ ਹੈ।1।

ਗਿਆਨ ਦੇ ਪੂਰਨ ਪ੍ਰਕਾਸ਼ ਨਾਲ, ਅਗਿਆਨ ਅਤੇ ਮੋਹ ਨੂੰ ਖ਼ਤਮ ਕਰਨ ਨਾਲ, ਰਾਗ ਦਵੇਸ਼ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਨਾਲ ਅਤੇ ਜੀਵ ਏਕਾਂਤ ਸੁਖ ਰੂਪੀ ਮੋਕਸ਼ ਦੀ ਪ੍ਰਾਪਤੀ ਕਰਦਾ ਹੈ।2।

ਗੁਰੂਆਂ ਤੇ ਬਜ਼ੁਰਗਾਂ ਦੀ ਸੇਵਾ ਕਰਨਾ ਅਗਿਆਨੀਆਂ ਦੇ ਮਿਲਾਪ ਦੂਰ ਰਹਿਣਾ, ਹੌਸਲੇ ਨਾਲ ਏਕਾਂਤ ਸਵਾਧਿਆਏ ਕਰਨਾ, ਸੂਤਰ ਦੇ ਅਰਥ ਦੀ ਸੋਚ ਵਿਚਾਰ ਕਰਨਾ (ਚਿੰਤਨ), ਇਹੋ ਦੁੱਖਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਦਾ ਰਾਹ ਹੈ।3।

ਜੇ ਸ੍ਰਮਣ ਤਪੱਸਵੀ, ਸਮਾਧੀ (ਸੁੱਖ) ਦੀ ਇੱਛਾ ਰੱਖਦਾ ਹੈ ਤਾਂ ਉਹ ਮਿੱਤਰ ਪ੍ਰਮਾਣ ਯੁਕਤ (ਸ਼ੁੱਧ ਭੋਜਨ) ਦੀ ਭਾਲ ਕਰੇ ਅਤੇ ਤੱਤਾਂ ਦੇ ਅਰਥ ਸਮਝਣ ਲਈ ਤੇਜ਼ ਦਿਮਾਗ ਵਾਲੇ ਸਾਥੀ ਦੀ ਤਲਾਸ਼ ਕਰੇ, ਅਤੇ ਇਸਤਰੀ, ਪਸ਼ੂ ਤੇ ਨਿਪੁੰਸਕ ਆਦਿ ਤੋਂ ਰਹਿਤ ਹੋ ਕੇ ਵਿਵੇਕ ਯੋਗ ਏਕਾਂਤ ਸਥਾਨ ਤੇ ਰਹੇ।4।

ਜੇ ਆਪਣੇ ਤੋਂ ਜ਼ਿਆਦਾ ਗੁਣ ਵਾਲਾ ਜਾਂ ਆਪਣੇ ਜਿਹੇ ਗੁਣਾਂ ਵਾਲਾ ਸਾਥੀ ਨਾ ਮਿਲੇ, ਤਾਂ ਪਾਪਾਂ ਨੂੰ ਰੋਕਦਾ ਹੋਇਆ ਅਤੇ ਕਾਮ ਭੋਗਾਂ ਤੋਂ ਦੂਰ ਰਹਿੰਦਾ ਹੋਇਆ ਇਕੱਲਾ ਹੀ ਘੁੰਮੇ।5।

ਜਿਸ ਤਰ੍ਹਾਂ ਅੰਡੇ ਤੋਂ ਬਗੁਲੀ ਪੈਦਾ ਹੁੰਦੀ ਹੈ ਅਤੇ ਬਗੁਲੀ ਤੋਂ ਅੰਡਾ

ਪੈਦਾ ਹੁੰਦਾ ਹੈ। ਉਸੇ ਪ੍ਰਕਾਰ ਮੋਹ ਦਾ ਜਨਮ ਸਥਾਨ ਤ੍ਰਿਸ਼ਨਾ (ਇੱਛਾ) ਹੈ ਅਤੇ ਤ੍ਰਿਸ਼ਨਾ ਦਾ ਜਨਮ ਸਥਾਨ ਮੋਹ ਹੈ।6।

ਕਰਮ ਦੇ ਬੀਜ ਰਾਗ ਅਤੇ ਦਵੇਸ਼ ਦੋਵੇਂ ਹਨ। ਇਹ ਕਰਮ ਮੋਹ ਤੋਂ ਉਤਪੰਨ ਹੁੰਦਾ ਹੈ, ਕਰਮ, ਜਨਮ ਤੇ ਮਰਨ ਦਾ ਮੂਲ ਹੈ, ਜਨਮ ਅਤੇ ਮਰਨ ਹੀ ਦੁੱਖ ਦਾ ਕਾਰਨ ਹਨ।7।

ਜਿਸ ਨੂੰ ਮੋਹ ਨਹੀਂ ਪੈਦਾ ਹੁੰਦਾ। ਜਿਸ ਨੇ ਮੋਹ ਖ਼ਤਮ ਕਰ ਦਿੱਤਾ ਹੈ ਉਸ ਨੂੰ ਤ੍ਰਿਸ਼ਨਾ ਤੰਗ ਨਹੀਂ ਕਰਦੀ, ਜਿਸ ਨੇ ਤ੍ਰਿਸ਼ਨਾ ਦਾ ਅੰਤ ਕਰ ਦਿੱਤਾ ਹੈ, ਉਸ ਨੂੰ ਲੋਭ ਸਤਾ ਨਹੀਂ ਸਕਦਾ, ਜਿਸ ਨੇ ਲੋਭ ਖ਼ਤਮ ਕਰ ਦਿੱਤਾ ਹੈ, ਉਹ ਹੀ ਅਕਿੰਚਨ (ਤਿਆਗੀ) ਹੈ।8।

ਜੋ ਰਾਗ, ਦਵੇਸ਼ ਅਤੇ ਮੋਹ ਦੇ ਮੂਲ ਨੂੰ ਦੂਰ ਕਰਨਾ ਚਾਹੁੰਦਾ ਹੈ, ਉਸ ਲਈ ਜਿੰਨ੍ਹਾਂ ਢੰਗਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਉਨ੍ਹਾਂ ਨੂੰ ਮੈਂ ਸਿਲਸਿਲੇ ਵਾਰ ਆਖਾਂਗਾ।9।

ਰਸਾਂ ਦੀ ਵਰਤੋਂ ਜ਼ਿਆਦਾ ਨਹੀਂ ਕਰਨੀ ਚਾਹੀਦੀ। ਰਸ ਹਮੇਸ਼ਾ ਮਨੁੱਖ ਵਿਚ ਕਾਮ ਵਾਸਨਾ ਵਧਾਉਣ ਵਾਲੇ ਹੁੰਦੇ ਹਨ। ਵਿਸ਼ੇ ਵਿਕਾਰਾਂ ਵਿਚ ਫਸੇ ਮਨੁੱਖ ਨੂੰ ਕਾਮ ਵਾਸਨਾ ਇਨਾ ਦੁੱਖੀ ਕਰਦੀ ਹੈ ਜਿਵੇਂ ਸਵਾਦੀ ਫੁੱਲਾਂ ਵਾਲੇ ਦਰਖ਼ਤਾਂ ਤੇ ਬੈਠਾ ਪੰਛੀ ਫੁੱਲਾਂ ਦੇ ਖ਼ਾਤਮੇ ਤੇ ਦੁਖੀ ਹੁੰਦੀ ਹੈ।10।

ਜਿਵੇਂ ਤੇਜ਼ ਹਵਾ ਨਾਲ ਬਾਲਣ ਨਾਲ ਭਰੇ ਜੰਗਲ ਵਿਚ ਲੱਗੀ ਬਾਂਸਾਂ ਦੀ ਅੱਗ ਖ਼ਤਮ ਨਹੀਂ ਹੁੰਦੀ, ਉਸੇ ਪ੍ਰਕਾਰ ਮਰਜ਼ੀ ਅਨੁਸਾਰ ਭੋਜਨ ਕਰਨ ਵਾਲੇ ਦੀ ਵਾਸਨਾ ਕਦੇ ਖ਼ਤਮ ਨਹੀਂ ਹੁੰਦੀ। ਬ੍ਰਹਮਚਾਰੀ ਲਈ ਮਨਮਰਜ਼ੀ ਅਨੁਸਾਰ ਭੋਜਨ ਕਰਨਾ ਚੰਗਾ ਨਹੀਂ। ਉਸ ਦੀਆਂ ਇੰਦਰੀਆਂ ਦੀ ਅੱਗ ਕਦੇ ਸ਼ਾਂਤ ਨਹੀਂ ਹੁੰਦੀ।11।

ਜੋ ਇਸਤਰੀਆਂ ਆਦਿ ਤੋਂ ਰਹਿਤ ਬਿਸਤਰੇ ਤੇ ਨਿਵਾਸ ਕਰਦਾ ਹੈ, ਜੋ ਘੱਟ ਭੋਜਨ ਕਰਦਾ ਹੈ, ਜੋ ਇੰਦਰੀਆਂ ਦਾ ਜੇਤੂ ਹੈ, ਉਨ੍ਹਾਂ ਦੇ ਮਨ ਨੂੰ ਰਾਗ ਦਵੇਸ਼ ਹਰਾ ਨਹੀਂ ਸਕਦੇ ਜਿਸ ਪ੍ਰਕਾਰ ਉੱਤਮ ਦਵਾਈ ਰਾਹੀਂ ਖ਼ਤਮ ਹੋਈ ਬਿਮਾਰੀ ਫਿਰ ਸਰੀਰ ਨੂੰ ਨਹੀਂ ਆਉਂਦੀ।12।

ਜਿਸ ਪ੍ਰਕਾਰ ਬਿੱਲੀ ਦੇ ਨਿਵਾਸ ਕੋਲ ਚੂਹੇ ਦੇ ਲਈ ਰਹਿਣਾ ਚੰਗਾ ਨਹੀਂ, ਇਸੇ ਪ੍ਰਕਾਰ ਇਸਤਰੀਆਂ ਦੇ ਨਿਵਾਸ ਸਥਾਨ ਕੋਲ ਬ੍ਰਹਮਚਾਰੀ ਦਾ ਰਹਿਣਾ ਠੀਕ ਨਹੀਂ।13।

ਸ਼੍ਰਮਣ ਤਪੱਸਵੀ ਇਸਤਰੀਆਂ ਦੇ ਰੂਪ, ਸ਼ਿੰਗਾਰ, ਵਿਲਾਸ, ਹਾਸਾ, ਰੋਣਾ, ਅਦਾਵਾਂ ਅਤੇ ਤਾਨਿਆਂ ਨੂੰ ਮਨ ਵਿਚ ਕਦੇ ਵੀ ਯਾਦ ਨਾ ਕਰੇ।14।

ਜੋ ਸਦਾ ਬ੍ਰਹਮਚਰਜ ਵਿਚ ਲੱਗਾ ਹੋਇਆ ਹੈ, ਉਸ ਨੂੰ ਇਸਤਰੀਆਂ ਨੂੰ ਵਾਸਨਾ ਨਾਲ ਵੇਖਣਾ ਨਹੀਂ ਚਾਹੀਦਾ। ਉਨ੍ਹਾਂ ਦੀ ਇੱਛਾ ਨਾ ਕਰਨਾ, ਉਨ੍ਹਾਂ ਬਾਰੇ ਵਿਚਾਰ ਨਾ ਕਰਨਾ, ਵਰਨਣ ਨਾ ਕਰਨਾ ਹੀ ਚੰਗਾ ਹੈ। ਆਰਿਆ (ਸਰੇਸ਼ਟ) ਸਾਧਨਾ ਦੇ ਲਈ ਇਹੋ ਠੀਕ ਹੈ।15।

ਭਾਵੇਂ ਤਿੰਨ ਗੁਪਤੀਆਂ (ਮਨ, ਵਚਨ ਤੇ ਸਰੀਰ) ਦੇ ਪਾਲਣ ਵਿਚ ਲੱਗੇ ਮੁਨੀ ਨੂੰ ਸਵਰਗ ਦੀਆਂ ਪਰੀਆਂ ਨਹੀਂ ਡਿਗਾ ਸਕਦੀਆਂ। ਫਿਰ ਵੀ ਇਕਾਂਤ ਦੇ ਪੱਖੋਂ, ਮੁਨੀ ਨੂੰ ਮੇਲ ਮਿਲਾਪ ਤੋਂ ਰਹਿਤ, ਇਕਾਂਤਵਾਸ ਕਰਨਾ ਚਾਹੀਦਾ ਹੈ।16।

ਮੋਕਸ਼ ਦੇ ਚਾਹਵਾਨ, ਸੰਸਾਰ ਦੇ ਜੇਤੂ ਅਤੇ ਧਰਮ ਵਿਚ ਪੱਕੇ ਮਨੁੱਖ ਲਈ ਸੰਸਾਰ ਵਿਚ ਕੁਝ ਵੀ ਮੁਸ਼ਕਿਲ ਨਹੀਂ, ਜਿੰਨਾ ਕਿ ਅਗਿਆਨੀਆਂ ਦਾ ਮਨ ਜਿੱਤਣ ਵਾਲੀਆਂ ਇਸਤਰੀਆਂ ਦਾ ਤਿਆਗ ਕਠਿਨ ਹੈ।17।

ਇਸਤਰੀਆਂ ਸਬੰਧੀ ਮੇਲ ਮਿਲਾਪ ਨੂੰ ਛੱਡਣ ਨਾਲ ਹੋਰ ਛੱਡਣ ਯੋਗ ਚੀਜ਼ਾਂ ਤਿਆਗਨੀਆਂ ਸੁਖਾਲੀਆਂ ਹੋ ਜਾਂਦੀਆਂ ਹਨ। ਜਿਸ ਪ੍ਰਕਾਰ ਸਮੁੰਦਰ ਨੂੰ ਤੈਰ ਕੇ ਪਾਰ ਕਰਨ ਵਾਲੇ ਲਈ ਗੰਗਾ ਜਿਹੇ ਨਦੀ ਤੇ ਤੈਰਨਾ ਅਸਾਣ ਹੈ।18।

ਸਾਰੇ ਸੰਸਾਰ ਦੇ, ਇਥੋਂ ਤੱਕ ਦਿ ਦੇਵਤਿਆਂ ਦੇ ਵੀ, ਜੋ ਕੁਝ ਸਰੀਰਿਕ ਜਾਂ ਮਾਨਸਿਕ ਦੁੱਖ ਹਨ, ਉਹ ਸਭ ਕਾਮ ਭੋਗਾਂ ਦੀ ਇੱਛਾ ਕਾਰਨ ਪੈਦਾ ਹੁੰਦੇ ਹਨ। ਵੀਤਰਾਗੀ (ਰਾਗ ਦਵੇਸ਼ ਰਹਿਤ) ਆਤਮਾ ਹੀ ਇਨ੍ਹਾਂ ਦੁੱਖਾਂ ਦਾ ਅੰਤ ਕਰਦੀ ਹੈ।19।

ਜਿਵੇਂ ਕਿਪਾਂਕ ਫਲ, ਰਸ, ਰੂਪ, ਰੰਗ ਤੇ ਵੇਖਣ ਵਿਚ ਸੋਹਣੇ ਲੱਗਦੇ ਹਨ। ਖਾਣ ਵਿਚ ਸੁਆਦੀ ਹੁੰਦੇ ਹਨ, ਪਰ ਨਤੀਜਾ ਮੌਤ ਹੁੰਦਾ ਹੈ। ਉਸੇ ਪ੍ਰਕਾਰ ਕਾਮ ਭੋਗਾਂ ਦਾ ਨਤੀਜਾ ਮੌਤ ਹੈ।20।

ਸਮਾਧੀ (ਸੁੱਖ) ਦੀ ਭਾਵਨਾ ਵਾਲਾ ਤਪੱਸਵੀ ਸ਼੍ਰਮਣ ਇੰਦਰੀਆਂ ਦੇ ਸ਼ਬਦ ਰੂਪ ਮਨ ਭਾਉਣੇ ਵਿਸ਼ੇ ਵਿਕਾਰਾਂ ਪ੍ਰਤਿ ਰਾਗ ਭਾਵ ਨਾ ਕਰੇ ਅਤੇ ਮਨ ਨੂੰ ਨਾ ਭਾਉਂਦੇ ਵਿਕਾਰਾਂ ਪ੍ਰਤੀ ਦਵੇਸ਼ ਨਾ ਰੱਖੇ।21।

ਅੱਖਾਂ ਰੰਗ ਰੂਪ ਨੂੰ ਵੇਖਦੀਆਂ ਹਨ ਜੇ ਰੰਗ ਰੂਪ ਸੁੰਦਰ ਹੈ ਤਾਂ ਰਾਗ ਦਾ ਕਾਰਨ ਹੈ, ਜੇ ਬਦਸੂਰਤ ਹੈ ਤਾਂ ਦਵੇਸ਼ ਦਾ ਕਾਰਨ ਹੈ ਜੋ ਦੋਹਾਂ ਹਾਲਤਾਂ ਵਿਚ ਬਰਾਬਰ ਰਹਿੰਦਾ ਹੈ ਉਹ ਵੀਤਰਾਗੀ ਹੈ।22।

ਰੂਪ ਨੂੰ ਵੇਖਣ ਵਾਲੀ ਅੱਖ ਹੈ ਅਤੇ ਰੂਪ ਅੱਖ ਰਾਹੀਂ ਗ੍ਰਹਿਣ ਕੀਤਾ ਜਾਂਦਾ ਹੈ। ਚੰਗਾ ਰੂਪ ਰਾਗ ਦਾ ਕਾਰਨ ਤੇ ਭੈੜਾ ਰੂਪ ਦਵੇਸ਼ ਦਾ ਕਾਰਨ ਹੈ।23।

ਜਿਸ ਪ੍ਰਕਾਰ ਪ੍ਰਕਾਸ਼ ਦੀ ਵਾਸਨਾ ਕਾਰਨ ਪਰਵਾਨਾ ਮੌਤ ਪ੍ਰਾਪਤ ਕਰਦਾ ਹੈ। ਉਸੇ ਤਰ੍ਹਾਂ ਕਾਮ ਭੋਗਾਂ ਵਿਚ ਲੱਗਾ ਜੀਵ ਸਮੇਂ ਤੋਂ ਪਹਿਲਾਂ

ਹੀ ਮਰਦਾ ਹੈ।24।

ਜੋ ਜੀਵ, ਮਨ ਨੂੰ ਨਾ ਚੰਗੇ ਰੂਪ ਨੂੰ ਵੇਖ ਕੇ ਦਵੇਸ਼ ਕਰਦਾ ਹੈ ਉਹ ਉਸੇ ਸਮੇਂ ਦੁੱਖ ਪਾਉਂਦਾ ਹੈ। ਉਹ ਆਪਣੇ ਹੀ ਕਸੂਰ ਕਾਰਨ ਦੁਖੀ ਹੁੰਦਾ ਹੈ। ਇਸ ਵਿਚ ਰੰਗ ਰੂਪ ਦਾ ਕੋਈ ਦੋਸ਼ ਨਹੀਂ।25।

ਜੋ ਸੁੰਦਰਤਾ ਪ੍ਰਤਿ ਰਾਗ ਲਗਾਵ ਰੱਖਦਾ ਹੈ ਅਤੇ ਕਰੂਪਤਾ ਪ੍ਰਤਿ ਦਵੇਸ਼ (ਘ੍ਰਿਣਾ) ਰੱਖਦਾ ਹੈ। ਉਹ ਅਗਿਆਨੀ ਦੁੱਖਾਂ ਦੀ ਪੀੜ ਪ੍ਰਾਪਤ ਕਰਦਾ ਹੈ। ਵਿਰਕਤ (ਲਗਾਵ ਰਹਿਤ) ਮੁਨੀ ਰੂਪ ਅਤੇ ਕਰੂਪ ਦੇ ਚੱਕਰ ਵਿਚ ਨਹੀਂ ਫਸਦਾ।26।

ਮਨ ਭਾਉਣੇ ਰੰਗ ਰੂਪ ਦੀ ਇੱਛਾ ਕਰਨ ਵਾਲਾ ਆਦਮੀ, ਅਨੇਕਾਂ ਪ੍ਰਕਾਰ ਦੇ ਸਥਾਵਰ ਅਤੇ ਤਰੱਸ ਜੀਵਾਂ ਦੀ ਹਿੰਸਾ ਕਰਦਾ ਹੈ। ਆਪਣੇ ਹੀ ਕੰਮ ਨੂੰ ਜ਼ਿਆਦਾ ਮਹੱਤਵ ਦੇਣ ਵਾਲਾ, ਰਾਗ ਰੱਖਣ ਵਾਲਾ, ਅਗਿਆਨੀ ਉਨ੍ਹਾਂ ਜੀਵਾਂ ਨੂੰ ਭਿੰਨ ਭਿੰਨ ਢੰਗਾਂ ਨਾਲ ਕਸ਼ਟ ਤੇ ਪੀੜ ਦਿੰਦਾ ਹੈ।27।

ਰੰਗ ਰੂਪ ਵਿਚ ਲਗਾਵ ਅਤੇ ਮਮਤਾ ਕਾਰਨ, ਰੰਗ ਰੂਪ ਦੀ ਉਤਪਤੀ ਰੰਗ ਰੂਪ ਦੇ ਵਿਨਾਸ਼ ਤੇ ਵਿਛੋੜੇ ਵਿਚ ਫਸੇ ਜੀਵਾਂ ਨੂੰ ਸੁੱਖ ਕਿੱਥੇ ? ਉਸ ਨੂੰ ਤਾਂ ਇਨ੍ਹਾਂ ਦੇ ਭੋਗ ਸਮੇਂ ਵੀ ਤਸੱਲੀ ਨਹੀਂ ਮਿਲਦੀ।28।

ਰੰਗ ਰੂਪ ਦਾ ਪਿਆਸਾ ਤੇ ਪਰਿਗ੍ਰਹਿ ਦੀ ਰਾਖੀ ਵਿਚ ਲੱਗਾ ਕਾਮੀ ਪੁਰਸ਼ ਸੰਤੋਖ ਨੂੰ ਪ੍ਰਾਪਤ ਨਹੀਂ ਕਰਦਾ। ਉਹ ਸੰਤੋਖ ਰਹਿਤ ਹੋਣ ਕਾਰਨ ਦੂਸਰੇ ਦੀਆਂ ਵਸਤਾਂ ਚੁਰਾਉਂਦਾ ਹੈ।29।

ਰੰਗ ਰੂਪ ਅਤੇ ਪਰਿਗ੍ਰਹਿ ਦਾ ਪਿਆਸਾ ਅਤੇ ਤ੍ਰਿਸ਼ਨਾ (ਇੱਛਾ) ਵਸ ਪਿਆ, ਉਹ ਦੂਸਰੇ ਦੀਆਂ ਵਸਤਾਂ ਚੋਰੀ ਕਰਦਾ ਹੈ। ਲੋਭ ਦੇ ਕਾਰਨ ਉਸ ਦਾ ਧੋਖਾ ਤੇ ਝੂਠ ਵਧਦਾ ਹੈ। ਪਰ ਧੋਖੇ ਤੇ ਝੂਠ ਨਾਲ ਵੀ ਉਹ

ਦੁੱਖਾਂ ਤੋਂ ਮੁਕਤ ਨਹੀਂ ਹੁੰਦਾ ਹੈ।30।

ਝੂਠ ਬੋਲਣ ਤੋਂ ਪਹਿਲਾਂ, ਉਸ ਤੋਂ ਬਾਅਦ ਅਤੇ ਬੋਲਣ ਸਮੇਂ ਵੀ ਉਹ ਦੁਖੀ ਹੀ ਰਹਿੰਦਾ ਹੈ, ਉਸ ਦਾ ਅੰਤ ਵੀ ਦੁੱਖਾਂ ਨਾਲ ਭਰਪੂਰ ਹੁੰਦਾ ਹੈ। ਇਸ ਪ੍ਰਕਾਰ ਰੰਗ ਰੂਪ ਦਾ ਪਿਆਸਾ ਹੋ ਕੇ ਉਹ ਚੋਰੀ ਕਰਨ ਵਾਲਾ, ਦੁੱਖੀ ਤੇ ਬੇ-ਸਹਾਰਾ ਹੋ ਜਾਂਦਾ ਹੈ।31।

ਇਸ ਪ੍ਰਕਾਰ ਰੰਗ ਰੂਪ ਵਿਚ ਫਸੇ ਮਨੁੱਖ ਨੂੰ ਕਿੱਥੇ, ਕਦੋਂ ਤੇ ਕਿੰਨਾ ਸੁੱਖ ਮਿਲੇਗਾ ? ਜਿਸ ਦੀ ਪ੍ਰਾਪਤੀ ਕਾਰਨ ਮਨੁੱਖ ਅਨੇਕਾਂ ਮੁਸੀਬਤਾਂ ਝੱਲਦਾ ਹੈ ਉਸ ਰੰਗ ਰੂਪ ਦੇ ਪ੍ਰਾਪਤ ਹੋਣ ਤੇ ਵੀ ਉਸ ਨੂੰ ਦੁੱਖ ਹੀ ਝੱਲਣਾ ਪੈਂਦਾ ਹੈ।32।

ਇਸ ਪ੍ਰਕਾਰ ਰੰਗ ਰੂਪ ਦੇ ਪ੍ਰਤਿ ਦਵੇਸ਼ ਕਰਨ ਵਾਲਾ ਵੀ, ਇਕ ਤੋਂ ਬਾਅਦ ਇਕ ਦੁੱਖਾਂ ਦੀ ਲੜੀ ਭੋਗਦਾ ਹੈ। ਦਵੇਸ਼ ਕਰਨ ਨਾਲ ਜੋ ਕਰਮ ਪੈਦਾ ਹੁੰਦੇ ਹਨ ਉਨ੍ਹਾਂ ਨੂੰ ਭੋਗਣ ਸਮੇਂ ਵੀ ਦੁੱਖੀ ਹੁੰਦਾ ਹੈ।33।

ਰੰਗ ਰੂਪ ਦੇ ਮੋਹ ਤੋਂ ਰਹਿਤ ਮਨੁੱਖ, ਦੁੱਖ ਤੋਂ ਰਹਿਤ ਹੁੰਦਾ ਹੈ, ਉਹ ਸੰਸਾਰ ਵਿਚ ਰਹਿੰਦਾ ਹੋਇਆ ਵੀ, ਸੰਸਾਰ ਦੇ ਧੋਖੇ ਤੇਜ ਉਸੇ ਤਰ੍ਹਾਂ ਮੁਕਤ ਰਹਿੰਦਾ ਹੈ ਜਿਵੇਂ ਤਲਾਅ ਵਿਚ ਕਮਲ ਦਾ ਪੱਤਾ ਪਾਣੀ ਤੋਂ ਉੱਪਰ ਰਹਿੰਦਾ ਹੈ।34।

ਗਾਥਾ ਨੰ: 35 ਤੋਂ 47, 48 ਤੋਂ 60, 61 ਤੋਂ 71, 74 ਤੋਂ 86, 87 ਤੋਂ 99 ਤੱਕ ਦੀਆਂ ਗਾਥਾਵਾਂ ਦੇ ਅਰਥ 22 ਤੋਂ ਲੈ ਕੇ 34 ਗਾਥਾ ਦੀ ਤਰ੍ਹਾਂ ਹਨ। ਸਿਰਫ 37, 50, 63, 89 ਗਾਥਾ ਦੀਆਂ ਉਦਾਹਰਨਾਂ ਵਿਚ ਫ਼ਰਕ ਹੈ। 35 ਤੋਂ 47 ਤੱਕ ਕੰਨਾਂ ਦੇ ਬਾਰੇ, 48 ਤੋਂ 60 ਤੱਕ ਨੱਕ ਦੇ ਬਾਰੇ, 61 ਤੋਂ 73 ਤੱਕ ਜੀਭ ਦੇ ਬਾਰੇ, 74 ਤੋਂ 86 ਤੱਕ ਛੋਹ ਇੰਦਰੀਆਂ ਦੇ ਵਿਸ਼ਿਆਂ ਬਾਰੇ ਇਸੇ ਪ੍ਰਕਾਰ ਵਿਆਖਿਆ ਕੀਤੀ ਗਈ ਹੈ।

ਜੋ ਮਨ ਨੂੰ ਚੰਗੇ ਲੱਗਣ ਵਾਲੇ ਸ਼ਬਦਾਂ ਦੇ ਪ੍ਰਤਿ ਲਗਾਵ ਰੱਖਦਾ ਹੈ ਉਸ ਲਗਾਵ ਕਾਰਨ ਮੌਤ ਤੋਂ ਪਹਿਲਾਂ ਹੀ ਮਰਦਾ ਹੈ ਜਿਵੇਂ ਸ਼ਬਦ ਨੂੰ ਸੁਣ ਕੇ ਮਿਰਗ ਮਰਦਾ ਹੈ।37।

ਜੋ ਮਨ ਨੂੰ ਚੰਗੇ ਲੱਗਣ ਵਾਲੇ ਖੁਸ਼ਬੂ ਪ੍ਰਤਿ ਲਗਾਵ ਰੱਖਦਾ ਹੈ ਉਹ ਸਮੇਂ ਤੋਂ ਪਹਿਲਾਂ ਮਰਦਾ ਹੈ ਜਿਵੇਂ ਅਸ਼ੋਧੀ ਦੀ ਖੁਸ਼ਬੂ ਕਾਰਨ ਸੱਪ ਖੱਡ ਤੋਂ ਬਾਹਰ ਨਿਕਲ ਕੇ ਮੌਤ ਨੂੰ ਪ੍ਰਾਪਤ ਕਰਦਾ ਹੈ।50।

ਜੋ ਮਨ ਨੂੰ ਚੰਗੇ ਲੱਗਣ ਵਾਲੇ ਰਸ ਪ੍ਰਤਿ ਲਗਾਵ ਰੱਖਦਾ ਹੈ ਉਹ ਸਮੇਂ ਤੋਂ ਪਹਿਲਾਂ ਮਰਦਾ ਹੈ। ਜਿਵੇਂ ਮਾਂਸ ਖਾਣ ਵਿਚ ਲੱਗਾ ਮਨੁੱਖ ਮੱਛੀ ਦੇ ਕੰਡਿਆਂ ਕਾਰਨ ਮੂੰਹ ਛਿੱਲੇ ਜਾਣ ਤੇ ਦੁਖੀ ਹੁੰਦਾ ਹੈ।63।

ਜੋ ਮਨ ਨੂੰ ਚੰਗੇ ਲੱਗਣ ਵਾਲੇ ਭਾਵਾਂ ਪ੍ਰਤਿ ਲਗਾਵ ਰੱਖਦਾ ਹੈ ਉਹ ਸਮੇਂ ਤੋਂ ਪਹਿਲਾਂ ਮਰਦਾ ਹੈ। ਜਿਵੇਂ ਹਥਨੀ ਦੇ ਕਾਰਨ ਕਾਮਭੋਗੀ ਹਾਥੀ ਵਿਨਾਸ਼ ਨੂੰ ਪ੍ਰਾਪਤ ਕਰਦਾ ਹੈ।89।

ਇਸ ਪ੍ਰਕਾਰ ਸੰਸਾਰਿਕ ਵਿਸ਼ਿਆਂ ਪ੍ਰਤਿ ਲਗਾਵ ਰੱਖਣ ਵਾਲੇ ਮਨੁੱਖ ਦੇ ਲਈ, ਜੋ ਇੰਦਰੀਆਂ ਤੇ ਮਨ ਦੇ ਵਿਸ਼ੇ ਦੁੱਖਾਂ ਦਾ ਕਾਰਨ ਹਨ ਉਹ ਵੀਤਰਾਗੀ (ਲਗਾਵ ਰਹਿਤ) ਲਈ ਦੁੱਖਾਂ ਦਾ ਕਾਰਨ ਨਹੀਂ।100।

ਕਾਮ-ਭੋਗ ਆਦਿ ਵਿਸ਼ੇ ਨਾ ਤਾਂ ਰਾਗ ਦਵੇਸ਼ ਘੱਟ ਕਰ ਸਕਦੇ ਹਨ ਅਤੇ ਨਾ ਹੀ ਰਾਗ ਦਵੇਸ਼ ਦੀ ਉਤਪਤੀ ਦਾ ਕਾਰਨ ਹਨ ਪਰ ਜੋ ਮਨੁੱਖ ਰਾਗ ਦਵੇਸ਼ ਪੈਦਾ ਕਰਦੇ ਹਨ ਉਨ੍ਹਾਂ ਵਿਚ ਰਾਗ ਦਵੇਸ਼ ਦਾ ਕਾਰਨ ਕਸ਼ਾਇ (ਕਾਮ ਕਰੋਧ ਆਦਿ) ਪੈਦਾ ਹੁੰਦੇ ਹਨ।101।

ਕਰੋਧ, ਮਾਨ, ਮਾਇਆ (ਧੋਖਾ, ਲੋਭ), ਘਬਰਾਹਟ, ਅਰਿਤ (ਮਨ ਦਾ ਦੁਖੀ ਹੋਣਾ), ਰਤਿ (ਵਿਸ਼ੇ ਵਿਕਾਰਾਂ ਪ੍ਰਤਿ ਲਗਾਵ), ਸ਼ੋਕ (ਦੁੱਖ) ਪੁਰਸ਼ ਸੰਬਧੀ ਭੋਗ, ਇਸਤਰੀ ਸੰਬਧੀ ਭੋਗ) ਹਿਜੜੇ ਸੰਬਧੀ ਭੋਗ ਤੇ ਹਾਸਾ ਰੋਸਾ

ਆਦਿ ਭਿੰਨ ਭਿੰਨ ਤਰ੍ਹਾਂ ਦੇ ਭਾਵ, ਅਨੇਕਾਂ ਪ੍ਰਕਾਰ ਦੇ ਵਿਕਾਰਾਂ ਨੂੰ, ਉਨ੍ਹਾਂ ਕਾਰਨ ਅਨੇਕਾਂ ਭੈੜ ਸਿੱਟਿਆਂ ਨੂੰ, ਉਹ ਪ੍ਰਾਪਤ ਹੁੰਦਾ ਹੈ, ਜੋ ਕਾਮ ਭੋਗਾਂ ਵਿਚ ਲਗਾਵ ਰੱਖਦਾ ਹੈ ਅਤੇ ਉਸ ਦੀ ਹਾਲਤ ਤਰਸਯੋਗ, ਗਰੀਬੀ ਵਾਲੀ, ਸ਼ਰਮ ਤੋਂ ਰਹਿਤ ਅਤੇ ਮਨ ਨੂੰ ਨਾ ਚੰਗੀ ਲੱਗਣ ਵਾਲੀ ਹੁੰਦੀ ਹੈ।102-103।

ਆਪਣੀ ਸੇਵਾ ਦੇ ਲਈ ਯੋਗ ਸਹਾਇਕ ਦੀ ਇੱਛਾ ਨਾ ਕਰੇ, ਦੀਖਿਆ ਲੈ ਕੇ ਪਛਤਾਵਾ ਨਾ ਕਰੇ, ਤਪੱਸਿਆ ਦੇ ਫਲ ਦੀ ਇੱਛਾ ਨਾ ਕਰੇ। ਜੋ ਇਨ੍ਹਾਂ ਗੱਲਾਂ ਤੋਂ ਉਲਟ ਚੱਲਦਾ ਹੈ ਉਹ ਇੰਦਰੀਆਂ ਰੂਪੀ ਚੋਰਾਂ ਦੇ ਵਸ ਪੈ ਕੇ ਅਨੇਕਾਂ ਪ੍ਰਕਾਰ ਦੇ ਦੁੱਖ ਭੋਗਦਾ ਹੈ।104।

ਇਸ ਪ੍ਰਕਾਰ ਸੋਚਣ ਨਾਲ ਵਿਸ਼ੇ ਭੋਗਣ ਦੀ ਇੱਛਾ ਪੈਦਾ ਹੁੰਦੀ ਹੈ, ਮਨੁੱਖ ਮੋਹ ਦੇ ਸਮੁੰਦਰ ਵਿਚ ਡੁੱਬ ਜਾਂਦਾ ਹੈ। ਸੁੱਖਾਂ ਦੀ ਭਾਲ ਤੇ ਦੁੱਖ ਤੋਂ ਛੁਟਕਾਰਾ ਪਾਉਣ ਲਈ ਮਨੁੱਖ ਵਿਸ਼ੇ ਵਿਕਾਰਾਂ ਨੂੰ ਪ੍ਰਾਪਤ ਕਰਨ ਲਈ ਕੋਸ਼ਿਸ਼ ਕਰਨ ਲੱਗ ਜਾਂਦਾ ਹੈ।105।

ਇੰਦਰੀਆਂ ਦੇ ਸ਼ਬਦ ਆਦਿ ਮਨ ਨੂੰ ਚੰਗੇ ਜਾਂ ਭੈੜੇ ਲੱਗਣ ਵਾਲੇ ਵਿਸ਼ੈ, ਵੈਰਾਗੀ ਮਨੁੱਖ ਦੇ ਮਨ ਵਿਚ ਰਾਗ ਤੇ ਦਵੇਸ਼ ਪੈਦਾ ਨਹੀਂ ਕਰ ਸਕਦੇ।106।

ਰਾਗ, ਦਵੇਸ਼ ਤੇ ਮੋਹ ਦੇ ਸੰਕਲਪ ਦੋਸ਼ਾਂ ਦਾ ਕਾਰਨ ਹਨ। ਇਸ ਤਰ੍ਹਾਂ ਦੀ ਭਾਵਨਾ ਤੋਂ ਸਾਵਧਾਨ ਹੋਇਆ, ਵਰਤਾਂ ਦਾ ਧਨੀ ਮੁਨੀ ਨਿਰਲੇਪ ਭਾਵਨਾ ਨੂੰ ਹਾਸਲ ਕਰਦਾ ਹੈ। ਉਹ ਵਿਸ਼ੇ ਵਿਕਾਰਾ ਦੀ ਹਾਲਤ ਪੈਦਾ ਹੋਣ ਤੇ, ਸ਼ੁਭ ਵਿਚਾਰ ਧਾਰਨ ਕਰਦਾ ਹੈ ਅਤੇ ਤ੍ਰਿਸ਼ਨਾ (ਇੱਛਾਵਾਂ) ਨੂੰ ਨਸ਼ਟ ਕਰ ਦਿੰਦਾ ਹੈ।107।

ਉਹ ਵੀਤਰਾਗੀ ਆਤਮਾ, ਗਿਆਨਾਵਰਨੀਆ, ਦਰਸ਼ਨਾਵਰਨੀਆ ਅਤੇ ਅੰਤਰਾਇ ਕਰਮਾਂ ਦਾ ਖ਼ਾਤਮਾ ਕਰਕੇ, ਆਪਣੀ ਆਤਮਾ ਨੂੰ ਆਪ ਮਹਾਨ ਬਣਾ ਲੈਂਦਾ ਹੈ।108।

ਉਸ ਤੋਂ ਬਾਅਦ ਮੋਹ, ਅੰਤਰਾਏ ਅਤੇ ਆਸ਼ਰਵਾਂ (ਪਾਪਾਂ ਰਹਿਤ) ਹੋ ਕੇ, ਵੀਤਰਾਗ ਸਰਵਦਰਸ਼ੀ (ਸਭ ਕੁਝ ਵੇਖਣ ਵਾਲਾ) ਬਣ ਜਾਂਦਾ ਹੈ, ਉਹ ਸ਼ੁਕਲਧਿਆਨ ਅਤੇ ਸ਼ੁਭ ਸਮਾਧੀ ਸਹਿਤ ਹੁੰਦਾ ਹੈ ਅਤੇ ਆਯੂਸ਼ (ਉਮਰ ਦਾ ਕਾਰਨ) ਕਰਮ ਖ਼ਤਮ ਹੋਣ ਤੇ, ਧਰਮ ਸ਼ੁੱਧ ਹੋ ਕੇ, ਸਹਿਜ ਹੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ।109।

ਫਿਰ ਉਹ ਮੁਕਤ ਆਤਮਾ, ਸਾਰੇ ਰੋਗਾਂ ਤੇ ਦੁੱਖਾਂ ਤੋਂ - ਜੋ ਸੰਸਾਰ ਦੇ ਜੀਵਾਂ ਨੂੰ ਸਦਾ ਦੁੱਖ ਦਿੰਦੇ ਹਨ, ਹਮੇਸ਼ਾ ਲਈ ਮੁਕਤ ਹੋ ਜਾਂਦੀ ਹੈ, ਮਹਾਨ ਬਣ ਜਾਂਦੀ ਹੈ ਅਤੇ ਪ੍ਰਸੰਸਾ ਯੋਗ ਬਣ ਕੇ ਹਮੇਸ਼ਾ ਲਈ ਪਰਮ ਆਤਮਿਕ ਸੁੱਖ ਨੂੰ ਪ੍ਰਾਪਤ ਹੋ ਜਾਂਦੀ ਹੈ।110।

ਅਨਾਦਿ ਕਾਲ ਤੋਂ ਜੀਵ ਨਾਲ ਲੱਗੇ, ਸਾਰੇ ਦੁੱਖਾਂ ਤੋਂ ਮੁਕਤ ਹੋਣ ਦਾ, ਭਗਵਾਨ ਮਹਾਵੀਰ ਨੇ ਇਹੋ ਹੀ ਫੁਰਮਾਇਆ ਹੈ ਜਿਸ ਨੂੰ ਸਹੀ ਢੰਗ ਨਾਲ ਧਾਰਨ ਕਰਕੇ ਜੀਵ ਹਮੇਸ਼ਾ ਲਈ ਸੁਖੀ ਹੋ ਜਾਂਦੇ ਹਨ।111।

ਇਸ ਪ੍ਰਕਾਰ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 2 ਗੁਰੂ ਦਾ ਅਰਥ ਹੈ - ਸ਼ਾਸਤਰਾਂ ਦਾ ਠੀਕ ਜਾਣਕਾਰ ਹੈ, ਵਿਰਧ ਤਿੰਨ ਪ੍ਰਕਾਰ ਦੇ ਹਨ - ਗਿਆਨ ਵਿਰਧ, ਦੀਖਿਆ ਵਿਚ ਵੱਡਾ, ਉਮਰ ਵਿਚ ਵੱਡਾ।

ਗਾਥਾ 37 ਹਿਰਨ ਮਿਰਗ ਤੋਂ ਇਕ ਦੋ ਅਰਥ ਨਹੀਂ ਹਨ। ਮਿਰਗ ਦੇ ਮਿਰਗਸ਼ਿਰਾ ਨਛੱਤਰ, ਹਾਥੀ ਦੀ ਇਕ ਕਿਸਮ, ਪਸ਼ੂ ਤੇ ਹਿਰਨ ਆਦਿ ਅਨੰਤ ਹਨ। ਇਥੇ ਮਿਰਗ ਦਾ ਅਰਥ ਪਸ਼ੂ ਹੀ ਹੈ।

ਗਾਥਾ 50 ਔਸ਼ਧੀ ਤੋਂ ਨਾਗ ਦਮਨ ਨਾਉ ਦੀ ਬੂਟੀ ਹੈ।

ਗਾਥਾ 89 ਜੰਗਲ ਵਿਚ ਹਾਥੀ ਨੂੰ ਫਸਾਉਣ ਲਈ ਸਿੱਖਿਅਤ ਹਥਨੀਆਂ ਤੋਂ ਕੰਮ ਲਿਆ ਜਾਂਦਾ ਹੈ।

# 33
# ਕਰਮ ਪ੍ਰਾਕ੍ਰਿਤੀ ਅਧਿਐਨ

## ਕਰਮਵਾਦ

ਭਾਰਤ ਦੇ ਧਾਰਮਿਕ ਵਿਰਸੇ ਵਿਚ ਕਰਮਵਾਦ ਦਾ ਸਿਧਾਂਤ ਜੈਨ ਧਰਮ ਦੀ ਇਕ ਅਮੁੱਲ ਦੇਣ ਹੈ। ਵੇਦਾਂ ਵਿਚ ਇਸ ਸਿਧਾਂਤ ਦਾ ਕੋਈ ਪ੍ਰਮਾਣ ਨਹੀਂ ਮਿਲਦਾ। ਵੇਦਾਂ ਵਿਚ ਜੋ ਥਾਂ ਪ੍ਰਜਾਪਤੀ ਅਤੇ ਦੇਵਤਿਆਂ ਨੂੰ ਪ੍ਰਾਪਤ ਸੀ ਉਹ ਥਾਂ ਬ੍ਰਾਹਮਣ ਕਾਲ ਵਿਚ ਯੱਗਾਂ ਨੇ ਲੈ ਲਿਆ ਸੀ। ਉਪਨਿਸ਼ਧਾਂ ਵਿਚ ਇਹ ਗੱਲ ਦਰਜ ਕੀਤੀ ਗਈ ਹੈ ਕਿ ਭਿੰਨ ਭਿੰਨ ਪ੍ਰਕਾਰ ਦੇ ਯੱਗ ਕਰਮ ਫਲ ਦੇਣ ਦੀ ਸ਼ਕਤੀ ਰੱਖਦੇ ਹਨ।

ਵੈਦਿਕ ਸਾਹਿਤ ਅਨੁਸਾਰ ਸ੍ਰਿਸ਼ਟੀ ਦੀ ਉਤਪਤੀ ਬ੍ਰਹਮਾ ਨੇ ਕੀਤੀ ਹੈ ਇਹ ਅਨਾਦਿ ਨਹੀਂ। ਪਰ ਕਰਮਵਾਦ ਸ੍ਰਿਸ਼ਟੀ ਨੂੰ ਅਨਾਦਿ ਮੰਨਦਾ ਹੈ। ਜੀਵ ਦੇ ਨਾਲ ਕਰਮਾਂ ਦਾ ਸੰਬੰਧ ਵੀ ਅਨਾਦਿ ਕਾਲ ਤੋਂ ਚਲਿਆ ਆ ਰਿਹਾ ਹੈ। ਪਰ ਉਪਨਿਸ਼ਧਾਂ ਵਿਚ ਅਦਿੱਖ ਕਰਮ ਨੂੰ ਕਰਮ ਮੰਨਿਆ ਗਿਆ ਹੈ। ਵਾਅਦ ਵੈਦਿਕ ਸਾਹਿਤ ਵਿਚ ਸ੍ਰਿਸ਼ਟੀ ਨੂੰ ਅਨਾਦਿ ਮੰਨ ਲਿਆ ਗਿਆ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਜੈਨ ਧਰਮ ਦੇ ਕਰਮ ਵਾਦ ਦਾ ਅਸਰ ਵੈਦਿਕ ਸਾਹਿਤ ਤੇ ਪਿਆ ਹੈ।

ਜੈਨ ਧਰਮ ਅਨੁਸਾਰ ਕਰਮ ਆਤਮਾ ਨਾਲ ਅਨਾਦਿ ਕਾਲ ਤੋਂ ਚਿੰਬੜੇ ਹੋਏ ਹਨ। ਕਰਮਾਂ ਕਾਰਨ ਬਾਰ ਬਾਰ ਜਨਮ ਮਰਨ ਹੁੰਦਾ ਹੈ। ਜਦ ਤੱਕ ਆਤਮਾ ਨੂੰ ਕਰਮ ਚਿੰਬੜੇ ਹੋਏ ਹਨ ਆਤਮਾ ਦੀ ਮੁਕਤੀ ਨਹੀਂ ਹੋ ਸਕਦੀ। ਜੈਨ ਧਰਮ ਵਿਚ ਆਤਮਾ ਦੇ ਵਿਕਾਸ ਵਿਚ ਕਿਸੇ ਦੇਵੀ ਦੇਵਤੇ ਨੂੰ ਰੋੜਾ ਨਹੀਂ ਬਨਣ ਦਿੱਤਾ ਗਿਆ। ਆਤਮਾ ਕਰਮਾਂ ਦੀ ਜੰਜ਼ੀਰ

ਤੋੜ ਕੇ ਪ੍ਰਮਾਤਮਾ ਤੱਕ ਬਣ ਜਾਂਦੀ ਹੈ।

ਸੰਸਾਰ ਵਿਚ ਜਨਮ ਮਰਨ, ਦੁੱਖ ਸੁੱਖ, ਬਿਛੜਨਾ ਮਿਲਣਾ ਸਾਰੇ ਸੰਸਾਰਿਕ ਰਿਸ਼ਤੇ ਅਗਿਆਨ ਕਾਰਨ ਹੁੰਦੇ ਹਨ। ਇਹ ਸਭ ਕੁਝ ਕਰਮ ਅਧੀਨ ਹੈ। ਜੈਨ ਧਰਮ ਦੀ ਮਾਨਤਾ ਹੈ ਕਿ ਜੀਵ ਖੁਦ ਕਰਮ ਕਰਦਾ ਹੈ। ਖੁਦ ਫਲ ਭੋਗਦਾ ਹੈ। ਨਰਕ ਸਵਰਗ ਅਤੇ ਹਰ ਪ੍ਰਕਾਰ ਦੀ ਜੀਵ ਜੂਨੀ ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਹੈ। ਜੈਨ ਧਰਮ ਵਿਚ ਕਰਮਾਂ ਨੂੰ ਪੁਦਗਲਾਂ ਦਾ ਸਮੂਹ ਮੰਨਿਆ ਗਿਆ ਹੈ। ਇਹ ਕਰਮ ਆਤਮਾ ਦੇ ਨਾਲ ਜਨਮ ਜਨਮਾਂਤਰਾਂ ਤੱਕ ਚਿੰਬੜੇ ਰਹਿੰਦੇ ਹਨ। ਆਤਮਾ ਦੇ ਨਾਲ ਦੋ ਸੂਖਮ ਸਰੀਰ ਹਨ। ਤੇਜਸ ਤੇ ਕਾਰਮਨ। ਕਾਰਮਨ ਸਰੀਰ ਕਰਮਾਂ ਦਾ ਹਿਸਾਬ ਰੱਖਦਾ ਹੈ ਅਤੇ ਤੇਜਸ ਸਰੀਰ ਜੀਵ ਨੂੰ ਦੂਸਰੇ ਜਨਮ ਵਿਚ ਲੈ ਕੇ ਜਾਂਦਾ ਹੈ। ਕਰਮ ਫਲ ਵਿਚ ਕਿਸੇ ਈਸ਼ਵਰ ਦਾ ਕੋਈ ਦਖ਼ਲ ਨਹੀਂ। ਆਤਮਾ ਨਾਲ ਕਰਮਾਂ ਦਾ ਸਬੰਧ ਲੇਸ਼ਿਆ ਰਾਹੀਂ ਹੁੰਦਾ ਹੈ। ਜਿਸ ਦਾ ਵਰਨਣ ਅਗਲੇ ਅਧਿਐਨ ਵਿਚ ਕੀਤਾ ਗਿਆ ਹੈ।

ਭਗਵਾਨ ਮਹਾਵੀਰ ਸਮੇਂ ਕੁਝ ਵਿਚਾਰਕਾਂ ਨੇ ਵੀ ਕਈ ਸਿਧਾਂਤਾਂ ਰਾਹੀਂ ਆਪਣੇ ਪੱਖ ਨੂੰ ਪ੍ਰਗਟ ਕੀਤਾ ਹੈ ਜਿਨ੍ਹਾਂ ਵਿਚਾਰਾਂ ਨੂੰ ਹੇਠ ਲਿਖੇ ਭਾਗਾਂ ਵਿਚ ਵੰਡ ਸਕਦੇ ਹਾਂ (1) ਕਾਲਵਾਦ (2) ਸੁਭਾਵਵਾਦ (3) ਯੱਦਛਿਆਵਾਦ (4) ਨਿਯਤੀਵਾਦ (5) ਭੂਤਵਾਦ (6) ਪੁਰਸ਼ਾਰਥਵਾਦ।

(1) ਕਾਲਵਾਦ : ਕਾਲ ਸਮਾਂ ਨੇ ਹੀ ਜ਼ਮੀਨ ਪੈਦਾ ਕੀਤੀ ਹੈ। ਕਾਲ ਕਾਰਨ ਸੂਰਜ ਤਪਦਾ ਹੈ; ਦਰਖ਼ਤ ਫਲ ਫੁੱਲ ਦਿੰਦਾ ਹੈ, ਫਸਲ ਪੱਕਦੀ ਹੈ, ਵਰਖਾ ਹੁੰਦੀ ਹੈ। ਸਭ ਕੁਝ ਕਾਲ ਦੇ ਆਸਰੇ ਤੇ ਨਿਰਭਰ ਹੈ। ਕਾਲ (ਸਮੇਂ) ਹੀ ਈਸ਼ਵਰ ਹੈ। ਮਹਾਭਾਰਤ ਵਿਚ ਤਾਂ ਇਥੋਂ ਤੱਕ ਕਿਹਾ ਗਿਆ ਹੈ ਕਿ "ਸੁੱਖ, ਦੁੱਖ, ਜੀਵਨ, ਮਰਨ ਸਭ ਕੁਝ ਦਾ ਆਧਾਰ

ਕਾਲ (ਸਮਾਂ) ਹੈ''

(2) ਸੁਭਾਵਵਾਦੀ : ਇਸ਼ਾ ਅਨੁਸਾਰ ਈਸ਼ਵਰ ਜਾਂ ਕਰਮ ਕੁਝ ਨਹੀਂ ਸਭ ਕੁਝ ਸੁਭਾਵ ਤੇ ਨਿਰਭਰ ਕਰਦਾ ਹੈ। ਕੰਡੇ ਨੂੰ ਤਿੱਖਾ ਕੌਣ ਕਰਦਾ ਹੈ ? ਪਸ਼ੂ ਪੰਛੀ ਕਿਉਂ ਭਿੰਨ ਭਿੰਨ ਹਨ ? ਸੁਭਾਵ ਅਨੁਸਾਰ ਸਾਰੇ ਪਦਾਰਥ ਆਪਣਾ ਚੰਗਾ ਮਾੜਾ ਅਸਰ ਵਿਖਾਉਂਦੇ ਹਨ। ਇਨ੍ਹਾਂ ਬਾਰੇ ਇਹ ਸ਼ਲੋਕ ਪ੍ਰਸਿੱਧ ਹੈ :

नित्यसत्वा भवत्यन्ये नित्यासत्वाश्च केचन।
विचित्रः केचिदित्यत्र तत्स्वभावों नियामकः।।
अग्निरुष्णों जिलं शीतं संसंस्पर्शस्तथानिलः।
केनेदं चित्रितं तस्मात् स्वभावात् तद्व्यवस्थितः।।

(3) ਯੱਦਛਿਆਵਾਦੀ : ਇਸ ਤੋਂ ਭਾਵ ਹੈ, ਅਚਾਨਕ ਇਨ੍ਹਾਂ ਵਿਚਾਰਕਾਂ ਅਨੁਸਾਰ ਸ੍ਰਿਸ਼ਟੀ ਅਨੁਸਾਰ ਜਗਤ ਦਾ ਕੋਈ ਨੀਯਤ ਕਾਰਨ ਨਹੀਂ ਸਗੋਂ ਸਭ ਕੁਝ ਅਚਾਨਕ ਹੀ ਹੋ ਗਿਆ। ਕੁਝ ਲੋਕ ਸੁਭਾਵਵਾਦ ਅਤੇ ਯੱਦਛਿਆਵਾਦ ਨੂੰ ਇਕੋ ਹੀ ਮੰਨਦੇ ਹਨ। ਪਰ ਇਹ ਠੀਕ ਨਹੀਂ ਕਿਉਂਕਿ ਸੁਭਾਵਵਾਦ ਸੁਭਾਵ ਨੂੰ 'ਕਾਰਨ' ਮੰਨਦੇ ਹਨ ਪਰ ਯੱਦਛਿਆਵਾਦੀ ਕਿਸੇ ਨੂੰ ਵੀ ਕਾਰਨ ਨਹੀਂ ਮੰਨਦੇ।

(4) ਨਿਯਤੀਵਾਦ : ਨਿਯਤੀਵਾਦੀ ਲੋਕ ਪ੍ਰਲੋਕ ਨੂੰ ਤਾਂ ਮੰਨਦੇ ਹਨ ਪਰ ਕਿਸੇ ਕੰਮ ਦਾ ਆਧਾਰ ਕਰਮ ਨਹੀਂ ਮੰਨਦੇ। ਇਸ ਮਤ ਦਾ ਵਿਸਥਾਰ ਜੈਨ ਤੇ ਬੁੱਧ ਸਾਹਿਤ ਵਿਚ ਮਿਲਦਾ ਹੈ। ਇਨ੍ਹਾਂ ਦਾ ਸਿਧਾਂਤ ਹੈ ਕਿ ਜਿਵੇਂ ਹੋਣਾ ਹੈ ਉਸੇ ਤਰ੍ਹਾਂ ਹੋ ਕੇ ਰਹੇਗਾ। ਮਿਹਨਤ ਕਰਨ ਦੀ ਕੁਝ ਜ਼ਰੂਰਤ ਨਹੀਂ। ਬੁੱਧ ਗ੍ਰੰਥਾਂ ਵਿਚ ਪੂਰਨ ਕਸ਼ਯਪ ਅਤੇ ਮੰਖਲੀ ਗੋਸ਼ਾਲਕ ਦੇ ਮਤਾਂ ਦਾ ਵਰਨਣ ਹੈ। ਇਨ੍ਹਾਂ ਵਿਚ ਪਹਿਲਾ ਮੱਤ

ਅਕ੍ਰਿਆਵਾਦ ਹੈ ਅਤੇ ਦੂਸਰਾ ਨਿਯਤੀਵਾਦ ਹੈ। ਸ੍ਰੀ ਉਪਾਸਕ ਦਸ਼ਾਂਗ ਸੂਤਰ ਵਿਚ ਭਗਵਾਨ ਮਹਾਵੀਰ ਨੇ ਆਪ ਇਸ ਮੱਤ ਦਾ ਖੰਡਨ ਕੀਤਾ ਹੈ ਜੋ ਕਿ ਤਰਕ ਤੇ ਆਧਾਰਿਤ ਹੈ। ਭਗਵਤੀ ਸੂਤਰ ਵਿਚ ਵੀ ਇਸ ਮੱਤ ਦਾ ਵਿਸਥਾਰ ਨਾਲ ਵਰਨਣ ਆਇਆ ਹੈ।

ਨਿਯਤੀਵਾਦ ਦਾ ਸਿਧਾਂਤ ਹੈ : ਪ੍ਰਾਣੀਆਂ ਦੀ ਪਵਿੱਤਰਤਾ ਅਤੇ ਅਪਵਿੱਤਰਤਾ ਦਾ ਕੋਈ ਕਾਰਨ ਨਹੀਂ। ਮਿਹਨਤ ਨਾਲ ਕੁਝ ਨਹੀਂ ਹੁੰਦਾ। ਕਿਸੇ ਕੰਮ ਲਈ ਆਦਮੀ ਦਾ ਪ੍ਰਾਕਰਮ, ਬਲ, ਵੀਰਜ, ਸ਼ਕਤੀ ਆਦਿ ਕੁਝ ਨਹੀਂ ਕਰ ਸਕਦੇ। ਸਾਰੇ ਪ੍ਰਾਣੀ ਨਿਰਬਲ ਹਨ, ਸ਼ਕਤੀਹੀਣ ਹਨ ਸਭ ਕੁਝ ਨਿਯਤੀ (ਕਿਸਮਤ) ਦੇ ਅਧੀਨ ਹੈ 84 ਲੱਖ ਮਹਾਕਲਪ ਦਾ ਚੱਕਰ ਕੱਟ ਦੇ ਜੀਵਾਂ ਦਾ ਦੁੱਖ ਸੁੱਖ ਦਾ ਖ਼ਾਤਮਾ ਹੋ ਜਾਂਦਾ ਹੈ। ਸ਼ੀਲ ਵਰਤ, ਤਪ ਤੇ ਬ੍ਰਹਮਚਰਜ ਨਾਲ ਕਰਮਾਂ ਦਾ ਕੁਝ ਸੰਬੰਧ ਨਹੀਂ।

(5) ਪੂਰਨਕਸ਼ਯਪ ਦਾ ਸਿਧਾਂਤ ਹੈ : ਕੋਈ ਕਿਸੇ ਨੂੰ ਮਾਰਦਾ ਹੈ, ਕੁੱਟਦਾ ਹੈ, ਦੁੱਖ ਦਿੰਦਾ ਹੈ, ਕੱਟਦਾ ਹੈ, ਕੋਈ ਜੀਵ ਹੱਤਿਆ ਕਰਦਾ ਹੈ, ਚੋਰੀ ਕਰਦਾ ਹੈ, ਵਿਭਚਾਰ ਆਦਿ ਪਾਪ ਕਰਦਾ ਹੈ ਜਾਂ ਕਰਵਾਉਂਦਾ ਹੈ। ਕੋਈ ਵੀ ਕੰਮ ਕਰਨ ਜਾਂ ਕਰਾਉਣ ਵਾਲੇ ਨੂੰ ਪਾਪ ਨਹੀਂ ਲੱਗਦਾ। ਇਸੇ ਤਰ੍ਹਾਂ ਦਾਨ, ਯੋਗ, ਧਰਮ, ਸੰਜਮ, ਸੱਚ, ਤਿਆਗ ਆਦਿ ਨਾਲ ਕੋਈ ਪੁੰਨ ਪ੍ਰਾਪਤ ਨਹੀਂ ਹੁੰਦਾ।

ਸ੍ਰੀ ਸੂਤਰਕ੍ਰਿਤਾਂਗ ਸੂਤਰ ਵਿਚ ਇਸ ਮੱਤ ਬਾਰੇ ਇਸ ਪ੍ਰਕਾਰ ਵਿਆਖਿਆ ਮਿਲਦੀ ਹੈ।

(6) ਅਗਿਆਨਵਾਦੀ : ਇਸ ਮਤ ਨੂੰ ਮੰਨਣ ਵਾਲੇ ਨਾ ਆਸਤਿਕ ਸਨ ਨਾ ਹੀ ਨਾਸਤਿਕ, ਉਹ ਤਰਕਵਾਦੀ ਸਨ। ਇਸ ਮਤ ਦਾ ਬਾਣੀ ''ਸੰਜੈ ਬੇਲਠੀ ਪੁਤ'' ਸੀ। ਉਸ ਨੇ ਕਿਹਾ, ''ਪਰਲੋਕ, ਨਰਕ, ਸਵਰਗ,

ਕਰਮ, ਨਿਰਵਾਨ ਜੇਹੇ ਅਦਿੱਖ ਪਦਾਰਥਾਂ ਬਾਰੇ ਨਾ ਅਸੀਂ 'ਨਾ' ਆਖ ਸਕਦੇ ਹਾਂ ਅਤੇ ਨਾ ਹੀ 'ਹਾਂ' ਅਤੇ ਨਾ ਹਾਂ-ਨਾ ਦੀ ਜੁੜਵੀਂ ਭਾਸ਼ਾ ਵਰਤ ਸਕਦੇ ਹਾਂ। ਨਾ ਹੀ ਕਿਸੇ ਤਜ਼ਰਬੇ ਰਾਹੀਂ ਇਸ ਬਾਰੇ ਆਖ ਸਕਦੇ ਹਾਂ। ਉਹ ਅਗਿਆਨ ਨੂੰ ਮੰਨਦਾ ਸੀ ਤੇ ਗਿਆਨ ਨੂੰ ਹੀ ਸਾਰੇ ਝਗੜੇ ਦੀ ਜੜ ਮੰਨਦਾ ਸੀ। ਉਹ ਆਖਦਾ ਸੀ "ਅਗਿਆਨ ਵਿਚ ਹੀ ਮੁਕਤੀ ਹੈ ਜਦੋਂ ਅਸੀਂ ਕਿਸੇ ਚੀਜ਼ ਨੂੰ ਗਿਆਨ ਨਾਲ ਜਾਨਣ ਦੀ ਕੋਸ਼ਿਸ਼ ਕਰਦੇ ਹਾ ਤਾਂ ਹੀ ਝਗੜਾ ਪੈਦਾ ਹੁੰਦਾ ਹੈ। ਸੋ ਗਿਆਨ ਦਾ ਆਸਰਾ ਛੱਡ ਕੇ ਅਗਿਆਨ ਗ੍ਰਹਿਣ ਕਰਨਾ ਚਾਹੀਦਾ ਹੈ।

ਇਹ ਕਰਮਵਾਦ ਦੇ ਸਿਧਾਂਤ ਤੇ ਵਿਕਾਸ ਦੀ ਕਹਾਣੀ ਹੈ ਪਰ ਜੈਨ ਧਰਮ ਦਾ ਕਰਮਵਾਦ ਕਾਲ, ਸੁਭਾਵ, ਨਿਯਤੀ, ਪਿਛਲੇ ਕੀਤੇ ਕਰਮ ਤੇ ਮਿਹਨਤ ਦੇ ਸਿਧਾਂਤਾ ਦਾ ਸੁਮੇਲ ਹੈ।

ਆਚਾਰਿਆ ਸਿਧਸੇਨ ਵਿਦਾਕਰ ਦਾ ਕਹਿਣਾ ਹੈ ਕਿ ਇਨ੍ਹਾਂ ਪੰਜਾਂ ਕਾਰਨਾਂ ਵਿਚੋ ਜੋ ਇਕ ਨੂੰ ਮੰਨਣਾ ਅਤੇ ਬਾਕੀ ਕਾਰਨਾਂ ਤੋਂ ਇਨਕਾਰ ਕਰਨਾ ਮਿਥਿਆਤਵ ਹੈ। ਕਰਮ ਦੀ ਉਤਪਤੀ ਵਿਚ ਇਨ੍ਹਾਂ ਪੰਜਾਂ ਦਾ ਮਹਾਨ ਹਿੱਸਾ ਹੈ।

<u>ਕਰਮ ਦਾ ਅਰਥ :</u>

ਆਮ ਲੋਕ ਕ੍ਰਿਆ (ਕੰਮ) ਨੂੰ ਕਰਮ ਮੰਨਦੇ ਹਨ। ਵੈਦਿਕ ਧਰਮ ਵਾਲੇ ਯੱਗ ਆਦਿ ਕ੍ਰਿਆ-ਕਾਂਡਾਂ ਨੂੰ ਕਰਮ ਆਖਦੇ ਹਨ। ਪਰ ਇਸ ਦਾ ਇਹ ਅਰਥ ਨਹੀਂ ਜੈਨ ਕ੍ਰਿਆ ਨੂੰ ਕਰਮ ਨਹੀਂ ਮੰਨਦੇ। ਸਗੋਂ ਕ੍ਰਿਆ ਕਰਮ ਕਰਨ ਲੱਗੇ ਚੰਗਾ ਮਾੜੇ ਖਿਆਲ ਦੇ ਕਰਮ ਪੁਦਗਲ ਆਤਮਾ ਨਾਲ ਜੁੜ ਜਾਂਦੇ ਹਨ। ਇਸ ਪੁਦਗਲਾਂ ਦੇ ਬੰਧਨ ਨੂੰ ਜੈਨ 'ਕਰਮ' ਆਖਦੇ ਹਨ।

ਜੈਨ ਆਗਮ ਅਤੇ ਹੋਰ ਜੈਨ ਗਰੰਥਾਂ ਅਨੁਸਾਰ ਕਰਮ ਬੰਧ (ਪੈਦਾ

ਹੋਣ ਦੇ ਕਾਰਨ) ਦੇ ਬਾਰੇ ਤਿੰਨ ਮਾਨਤਾਵਾਂ ਹਨ। (1) ਕਸ਼ਾਏ ਤੇ ਯੋਗ (2) ਮਿਥਿਆਤਵ, ਅਵਰਤ ਕਸ਼ਾਏ ਤੇ ਯੋਗ (3) ਤੀਸਰੀ ਮਾਨਤਾ ਪ੍ਰਮਾਦ (ਗਫ਼ਲਤ) ਸਮੇਤ ਪੰਜ ਕਾਰਨਾਂ ਨੂੰ ਕਰਮ ਬੰਧ ਦਾ ਕਾਰਨ ਮੰਨਦੀ ਹੈ।

ਜੀਵ ਚੇਤਨ ਹੈ ਪਰ ਪੁਦਗਲ ਅਚੇਤਨ। ਦੋਹਾਂ ਦਾ ਆਪਸੀ ਸਿੱਧਾ ਕੋਈ ਸੰਬੰਧ ਨਹੀਂ। ਜੀਵ ਲੇਸ਼ਿਆ ਰਾਹੀਂ ਪੁਦਗਲਾਂ ਨੂੰ ਆਤਮਾ ਵਿਚ ਗ੍ਰਹਿਣ ਕਰਦਾ ਹੈ। ਇਸ ਲਈ ਜਦੋਂ ਮਨੁੱਖ ਸ਼ੁਭ ਕਰਮਾਂ ਵਿਚ ਲੱਗਦਾ ਹੈ ਤਾਂ ਚੰਗੇ ਪੁਦਗਲ ਆਤਮਾ ਨਾਲ ਚਿੰਬੜਦੇ ਨ। ਜਦੋਂ ਮਾੜੇ ਕੰਮਾਂ ਵਿਚ ਲੱਗਾ ਰਹਿੰਦਾ ਹੈ ਤਾਂ ਅਸ਼ੁਭ ਪੁਦਗਲ ਆਤਮਾ ਨਾਲ ਚਿੰਬੜਦੇ ਹਨ। ਜੋ ਪਾਪ ਅਖਵਾਉਂਦੇ ਹਨ। ਇਹ ਪਾਪ ਪੁੰਨ ਅੱਠ ਭਾਗਾਂ ਵਿਚ ਵੰਡੇ ਗਏ ਹਨ :

(1) ਗਿਆਨਾਵਰਨੀਆ : ਇਸ ਕਰਮ ਦੇ ਪ੍ਰਗਟ ਹੋਣ ਕਾਰਨ ਗਿਆਨ ਤੇ ਪਰਦਾ ਪੈ ਜਾਂਦਾ ਹੈ। ਇਹ ਪਾਪ ਕਰਮ ਹੈ। ਜਾਨਣ ਦੀ ਸ਼ਕਤੀ ਖ਼ਤਮ ਹੋ ਜਾਂਦੀ ਹੈ। ਜੀਵ ਅਗਿਆਨਤਾ ਕਾਰਨ ਪਾਪ ਕਰਮ ਕਰਦਾ ਹੈ। ਇਸ ਨਾਲ ਆਤਮਾ ਤੇ ਗਿਆਨ ਤੇ ਪਰਦਾ ਪੈ ਜਾਂਦਾ ਹੈ। ਇਸੇ ਕਾਰਨ ਇਸ ਨੂੰ ਗਿਆਨਾਵਰਨੀਆ ਕਰਮ ਕਿਹਾ ਜਾਂਦਾ ਹੈ ਭਾਵ ਜੋ ਕਰਮ ਗਿਆਨ ਨੂੰ ਢਕ ਲੈਂਦਾ ਹੈ।

(2) ਦਰਸ਼ਨਾਵਰਨੀਆ : ਜਿਨ੍ਹਾਂ ਕਰਮਾਂ ਦੇ ਪੁਦਗਲ ਨਾਲ ਆਤਮਾ ਦੇ ਦਰਸ਼ਨ (ਸ਼ਰਧਾ ਤੇ ਠੀਕ ਵੇਖਣਾ) ਤੇ ਪਰਦਾ ਪੈ ਜਾਂਦਾ ਹੈ ਮਨੁੱਖ ਆਪਣੇ ਸਰੂਪ ਨੂੰ ਭੁੱਲ ਜਾਂਦਾ ਹੈ। ਜਿਵੇਂ ਦਰਬਾਨ ਰਾਜੇ ਨੂੰ ਮਿਲਣ ਵਿਚ ਰੁਕਾਵਟ ਪਾਉਂਦਾ ਹੈ, ਇਸ ਪ੍ਰਕਾਰ ਇਹ ਕਰਮ ਪ੍ਰਗਟ ਹੋਣ ਨਾਲ ਅੱਖਾਂ ਨਾਲ ਵੇਖਣ ਵਾਲੀ ਹਰ ਚੀਜ਼ ਵਿਚ ਰੁਕਾਵਟ ਪਾਉਂਦਾ ਹੈ।

(1) ਚਕਸ਼ੂ ਦਰਸ਼ਨ (2) ਅਚਕਸ਼ੂ ਦਰਸ਼ਨ (3) ਅਵੱਧੀ ਦਰਸ਼ਨ

ਦਰਸ਼ਨਾਂ ਵਰਨੀਆ ਕਰਮ ਦੇ ਭੇਦ ਨਿਮਨ ਲਿਖਤ ਅਨੁਸਾਰ ਹਨ : (1) ਚਕਸ਼ੂ ਦਰਸ਼ਨਾ ਵਰਨੀਆ (2) ਅਚਕਸ਼ੂ ਦਰਸ਼ਨਾ ਵਰਨੀਆ (3) ਅਵੱਧੀ ਦਰਸ਼ਨਾ ਵਰਨੀਆ (4) ਕੇਵਲੀ ਦਰਸ਼ਨਾ ਵਰਨੀਆ (5) ਨਿੰਦਰਾ (6) ਨਿੰਦਰਾ-ਨਿੰਦਰਾ (7) ਪ੍ਰਚਲਾ (8) ਪ੍ਰਚਲਾ-ਪ੍ਰਚਲਾ (9) ਸਤਿਆਨ-ਰਿਧੈ ਨਿੰਦਰਾ (ਇਨ੍ਹਾਂ ਦੀ ਵਿਆਖਿਆ ਕੀਤੀ ਜਾ ਚੁੱਕੀ ਹੈ)।

(3) ਮੋਹਨੀਆ : ਇਹ ਕਰਮ ਸੱਮਿਅਕ ਦ੍ਰਿਸ਼ਟੀ ਅਤੇ ਸੱਮਿਅਕ ਚਾਰਿੱਤਰ ਨੂੰ ਢਕ ਦਿੰਦਾ ਹੈ। ਇਸ ਲਈ ਇਹ ਵੀ ਪਾਪ ਕਰਮ ਹੈ। ਇਸ ਦੀ ਉਦਾਰਹਨ ਸ਼ਰਾਬੀ ਵਾਂਗ ਹੈ ਜਿਵੇਂ ਸ਼ਰਾਬੀ ਸ਼ਰਾਬ ਪੀ ਕੇ ਚੰਗਾ ਮਾੜਾ ਸਭ ਕੁਝ ਭੁੱਲ ਜਾਂਦਾ ਹੈ ਇਸੇ ਪ੍ਰਕਾਰ ਇਸ ਕਰਮ ਦੇ ਪੁਦਗਲ (ਪ੍ਰਗਟ) ਹੋਣ ਨਾਲ ਆਤਮਾ ਦਾ ਸਰੂਪ ਭੁੱਲ ਜਾਂਦਾ ਹੈ।

ਮੋਹਨੀਆ ਕਰਮ ਦੋ ਪ੍ਰਕਾਰ ਦਾ ਹੈ (1) ਦਰਸ਼ਨ ਮੋਹਨੀਆ (2) ਚਾਰਿੱਤਰ ਮੋਹਨੀਆ। ਦਰਸ਼ਨ ਮੋਹਨੀਆ ਦੇ ਤਿੰਨ ਭੇਦ ਹਨ (1) ਸਮਿਅਕਤਵ ਮੋਹਨੀਆ (2) ਸਮਮਿਥਿਆਤਵ ਮੋਹਨੀਆ (3) ਮਿਥਿਆਤਵ ਮੋਹਨੀਆ, ਚਾਰਿੱਤਰ ਮੋਹਨੀਆ ਦੇ ਦੋ ਭੇਦ ਹਨ। (1) ਕਸ਼ਾਏ (2) ਨੋਕਸ਼ਾਏ। ਨੋਕਸ਼ਾਏ ਦੇ 16 ਭੇਦ ਹਨ (1) ਅਸਤਨਿਬਧੀ ਕਸ਼ਾਏ (2) ਅਪ੍ਰਤਿਖਿਆਨ ਕਸ਼ਾਇ (2) ਪ੍ਰਤਿਖਿਆਨ ਕਸ਼ਾਇ (4) ਸੰਜਬਲਨ ਕਸ਼ਾਇ। ਹਰ ਇਕ ਦੇ ਕਰੋਧ, ਮਾਨ, ਮਾਇਆ ਲੋਭ ਆਦਿ ਚਾਰ ਚਾਰ ਭੇਦ ਹਨ।

ਨੋਕਸ਼ਾਏ ਦੇ 9 ਭੇਦ ਹਨ (1) ਹਾਸਾ (2) ਰਤਿ (3) ਅਰਤਿ (4) ਭੈ (5) ਸ਼ੋਕ (6) ਦੁਗੁਛਾ (7) ਇਸਤਰੀ ਵੇਦ (8) ਪੁਰਸ਼ ਵੇਦ (9) ਨਪੁੰਸਕ ਵੇਦ। ਇਸ ਤਰ੍ਹਾਂ ਇਸ ਕਰਮ ਦੇ ਕੁੱਲ 28 ਭੇਦ ਹਨ।

(4) ਅੰਤਰਾਏ : ਇਸ ਨਾਲ ਆਤਮਾ ਦੀ ਅੰਦਰਲੀ ਸ਼ਕਤੀ ਖ਼ਤਮ ਹੋ ਜਾਂਦੀ ਹੈ। ਇਸ ਦੇ ਪੈਦਾ ਹੋਣ ਨਾਲ ਮਨ-ਭਾਉਂਦੇ ਪਦਾਰਥ

ਨਹੀਂ ਮਿਲੇਦ ਸਗੋਂ ਚੰਗੇ ਕੰਮ ਵਿਚ ਰੁਕਾਵਟ ਪੈਂਦੀ ਹੈ। ਇਸ ਕਰਮ ਦੇ 5 ਭੇਦ ਹਨ।

(1) ਦਾਨ ਅੰਤਰਾਏ (2) ਲਾਭ ਅੰਤਰਾਏ (3) ਭੋਗ ਅੰਤਰਾਏ (4) ਉਪਭੋਗ ਅੰਤਰਾਏ (5) ਵੀਰਜ ਅੰਤਰਾਏ

(5) ਵੇਦਨੀਆ : ਇਹ ਕਰਮ ਸੁੱਖ ਦੁੱਖ ਦਾ ਕਾਰਨ ਬਣਦਾ ਹੈ। ਇਸ ਕਰਮ ਦੀ ਤੁਲਣਾ ਸ਼ਹਿਦ ਲਿੱਬੜੀ ਤਲਵਾਰ ਨਾਲ ਕੀਤੀ ਗਈ ਹੈ। ਜੋ ਕਿ ਮਿੱਠਾ ਸਵਾਦ ਤਾ ਦਿੰਦੀ ਹੈ ਅਤੇ ਜੀਵ ਵੀ ਕੱਟਦੀ ਹੈ। ਵੇਦਨਾ ਦੋ ਤਰ੍ਹਾਂ ਦੀ ਹੈ (1) ਸਾਤਾ ਵੇਦਨੀਆ (ਸੁੱਖ) (2) ਅਸਾਤਾ ਵੇਦਨੀਆ (ਦੁੱਖ)।

(6) ਨਾਮ : ਇਸ ਕਰਮ ਦੀ ਤੁਲਨਾ ਚਿੱਤਰਕਾਰ ਵਾਂਗ ਕੀਤੀ ਗਈ ਹੈ। ਜਿਵੇਂ ਚਿੱਤਰਕਾਰ ਆਪਣੀ ਕਲਮ ਨਾਲ ਭਿੰਨ ਭਿੰਨ ਪ੍ਰਕਾਰ ਦੇ ਚਿੱਤਰ ਬਣਾਉਂਦਾ ਹੈ। ਉਸੇ ਪ੍ਰਕਾਰ ਇਹ ਕਰਮ ਮਨੁੱਖ, ਦੇਵਤਾ, ਨਾਰਕੀ, ਮਨੁੱਖ ਤੇ ਪਸ਼ੂ ਦੇ ਨਾਵਾਂ ਦੀ ਰਚਨਾ ਕਰਦਾ ਹੈ। ਨਾਮ ਕਰਮ ਦੇ ਚਾਰ ਪੱਖੋਂ ਭੇਦ ਕੀਤੇ ਜਾਂਦੇ ਹਨ। ਪਹਿਲੇ ਪੱਖੋਂ ਇਸ ਦੇ 42, ਦੂਸਰੇ ਪੱਖੋਂ 92, ਤੀਸਰੇ ਪੱਖੋਂ 103 ਅਤੇ ਚੌਥੇ ਪੱਖੋਂ 67 ਭੇਦ ਹਨ।

42 ਭੇਦ :

ਪਿੰਡ ਪ੍ਰਕ੍ਰਿਤੀ : (1) ਗਤੀ (2) ਜਾਤੀ (3) ਸਰੀਰ (4) ਉਪਾਂਗ (5) ਬੰਧਨ (6) ਸੰਘਾਤਨ (7) ਸਹਨੰਨ (8) ਸੰਸਥਾਨ (9) ਵਰਨ (10) ਗੰਧ (11) ਰਸ (12) ਸਪਰਸ਼ (13) ਅਨਾਪੂਰਬੀ (14) ਵਿਹਾਉਗਤੀ।

ਪ੍ਰਤੇਕ ਪ੍ਰਕ੍ਰਿਤੀ : (1) ਪਰਾਘਾਤ ਨਾਮ (2) ਉਛਵਾਸ ਨਾਮ (3) ਆਤਮ ਨਾਮ (4) ਓਧੋਯਤ ਨਾਮ (5) ਅਗੁਰੂਲਘੁੜਾ ਨਾਮ (6) ਤੀਰਥੰਕਰ ਨਾਮ (7) ਨਿਰਮਾਨ ਨਾਮ (8) ਉਪਘਾਤ ਨਾਮ।

ਸਥਾਵਰ ਦਸ਼ਕ : (1) ਸਥਾਵਰ ਨਾਮ (2) ਸੂਖਮ ਨਾਮ (3) ਅਪਰਿਆਪਤ ਨਾਮ (4) ਸਧਾਰਨ ਨਾਮ (5) ਅਸਿਥਰ ਨਾਮ (6) ਅਸ਼ੁਭ ਨਾਮ (7) ਦੁਰਭਗ ਨਾਮ (8) ਦੁਸ਼ਵਰ ਨਾਮ (9) ਅਨਾਦੇਯ ਨਾਮ (10) ਅਯਸ਼ਕੀਰਤੀ ਨਾਮ।

ਤ੍ਰੱਸ਼ ਦਸ਼ਕ : (1) ਤਰੱਸ ਨਾਮ (2) ਵਾਦਰ ਨਾਮ (3) ਪਰਿਆਪਤ ਨਾਮ (4) ਪ੍ਰਤੇਕ ਨਾਮ (5) ਸਥਿਰ ਨਾਮ (6) ਸ਼ੁਭ ਨਾਮ (7) ਸੁਭਗ ਨਾਮ (8) ਸੁਸਵਰ ਨਾਮ (9) ਆਦੇਯਨ ਨਾਮ (10) ਯਸ਼ ਕੀਰਤੀ ਨਾਮ।

ਕੁੱਲ ਨਾਮ ਕਰਮ ਦੇ 14 + 8 + 10 + 10 (42) ਭੇਦ ਹਨ।

93 ਭੇਦ :

ਗਤੀ ਨਾਮ ਕਰਮ ਦੇ 4 ਭੇਦ ਹਨ : (1) ਨਰਕ (2) ਪਸ਼ੂ (3) ਮਨੁੱਖ (4) ਦੇਵਤੇ

ਜਾਤੀ ਨਾਮ ਕਰਮ ਦੇ 5 ਭੇਦ ਹਨ : (1) ਇਕ ਇੰਦਰੀਆਂ ਵਾਲੇ (2) ਦੋ ਇੰਦਰੀਆਂ ਵਾਲੇ (3) ਤਿੰਨ ਇੰਦਰੀਆਂ ਵਾਲੇ (4) ਚਾਰ ਇੰਦਰੀਆਂ ਵਾਲੇ (5) ਪੰਜ਼ ਇੰਦਰੀਆਂ ਵਾਲੇ।

ਸਰੀਰ ਨਾਮ ਕਰਮ ਦੇ 5 ਭੇਦ ਹਨ (1) ਔਦਾਰਿਕ (2) ਵੈਕਰੀਆ (3) ਅਹਾਰਕ (4) ਤੇਜਸ (5) ਕਾਰਮਨ

(1) ਔਦਾਰਿਕ : ਜੋ ਸਥੂਲ ਪੁਦਗਲਾਂ ਦਾ ਬਣਦਾ ਹੈ। ਜੋ ਆਮ ਮਨੁੱਖਾਂ ਦਾ ਸਰੀਰ ਤੇ ਤੀਰਥੰਕਰਾਂ ਦਾ ਇਸ ਤਰ੍ਹਾਂ ਦਾ ਹੀ ਹੈ। ਇਸੇ ਸਰੀਰ ਨੂੰ ਹੀ ਕੇਵਲ ਗਿਆਨ ਤੇ ਕੇਵਲ ਦਰਸ਼ਨ ਰਾਹੀਂ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। ਇਹ ਸਰੀਰ ਹੱਡੀਆਂ ਮਾਂਸ ਦਾ ਬਣਿਆ ਹੁੰਦਾ ਹੈ। ਮਰਨ ਤੋਂ ਬਾਅਦ ਲਾਸ਼ ਰਹਿ ਜਾਂਦੀ ਹੈ।

(2) ਵੈਕਰੀਆ : ਜਿਸ ਸਰੀਰ ਤੋਂ ਸਰੀਰ ਭਿੰਨ ਭਿੰਨ ਢੰਗ ਦੇ ਰੂਪ ਬਣਾ ਕੇ ਵਿਖਾ ਸਕਦਾ ਹੈ। ਅਜਿਹੇ ਸਰੀਰ ਵਾਲਾ ਆਪਣੇ ਸਰੀਰ ਨੂੰ ਵੱਡਾ ਛੋਟਾ ਕਰ ਸਕਦਾ ਹੈ। ਆਕਾਸ਼ ਵਿਚ ਉੱਡ ਸਕਦਾ ਹੈ। ਆਪਣੇ ਸਰੀਰ ਨੂੰ ਲੋਕਾਂ ਦੇ ਸਾਹਮਣੇ ਅਲੋਪ ਕਰਨ ਦੀ ਸ਼ਕਤੀ ਰੱਖਦਾ ਹੈ। ਵੈਕਰੀਆ ਸਰੀਰ ਵਿਚ ਹੱਡੀ ਮਾਂਸ ਜਿਹੇ ਅਪਵਿੱਤਰ ਪਦਾਰਥ ਨਹੀਂ ਹੁੰਦੇ। ਮੌਤ ਤੋਂ ਬਾਅਦ ਵੀ ਇਹ ਨਹੀਂ ਮਰਦਾ। ਵੈਕਰੀਆ ਸਰੀਰ ਦੋ ਪ੍ਰਕਾਰ ਦਾ ਹੈ :

(1) ਔਪਪਾਤਿਕ ਵੈਕਰਿਆ ਸਰੀਰ : ਜੋ ਇਹ ਦੇਵਤਿਆਂ ਤੇ ਨਾਰਕੀਆਂ ਨੂੰ ਪ੍ਰਾਪਤ ਹੁੰਦਾ ਹੈ।

(2) ਲਬਧੀਪ੍ਰਤਯ ਵੈਕਰਿਆ ਸਰੀਰ : ਇਹ ਮਨੁੱਖ ਤੇ ਦੇਵਤਿਆਂ ਦਾ ਹੁੰਦਾ ਹੈ। ਇਹ ਸਰੀਰ ਦੀ ਪ੍ਰਾਪਤੀ ਤਪ ਰਾਹੀਂ ਹੁੰਦੀ ਹੈ।

(3) ਅਹਾਰਕ ਸਰੀਰ : ਇਹ ਸਰੀਰ 14 ਪੂਰਵਾਂ ਦੇ ਗਿਆਨੀ ਸਾਧੂਆਂ ਕੋਲ ਹੁੰਦਾ ਹੈ। ਕਈ ਵਾਰ ਕਿਸੇ ਵਿਸ਼ੇ ਤੇ ਉਸ ਨੂੰ ਸ਼ੰਕਾ ਹੋ ਜਾਵੇ, ਤਾਂ ਉਹ ਮੁਨੀ ਅਹਾਰਕ ਸਰੀਰ ਰਾਹੀਂ ਮਹਾਵਿਦੇਹ ਖੇਤਰ ਵਿਚ ਵਿਰਾਜਮਾਨ ਤੀਰਥੰਕਰਾਂ ਤੋਂ ਉਹ ਪ੍ਰਸ਼ਨ ਪੁੱਛ ਕੇ ਅਤੇ ਉਤਰ ਲੈ ਕੇ ਮੁੜ ਇਹ ਅਸਲ ਸਰੀਰ ਵਿਚ ਪ੍ਰਵੇਸ਼ ਕਰ ਜਾਂਦਾ ਹੈ, ਇਹ ਸਰੀਰ ਸਾਧਵੀਆਂ ਦੇ ਨਹੀਂ ਹੁੰਦਾ। ਅਹਾਰਕ ਸਰੀਰ ਦਾ ਧਾਰਕ ਮੁਨੀ ਆਪਣੇ ਸਰੀਰ ਦੇ ਪੁਦਗਲਾਂ ਦਾ ਇਹ ਕੰਮ ਇਕ ਹੱਥ ਦੇ ਪੁਤਲੇ ਤੋਂ ਕਰਵਾਉਂਦੇ ਹਨ। ਇਹ ਕੰਮ ਅੱਖ ਝਪਕਣ ਦੇ ਸਮੇਂ ਤੋਂ ਵੀ ਘੱਟ ਸਮੇਂ ਵਿਚ ਹੋ ਜਾਂਦਾ ਹੈ।

(4) ਤੇਜਸ ਸਰੀਰ : ਜੋ ਸਰੀਰ ਤੇਜਸ ਪੁਦਗਲਾਂ ਤੋਂ ਬਣਦਾ ਹੈ। ਇਹ ਦੋ ਕਿਸਮ ਦਾ ਹੁੰਦਾ ਹੈ (1) ਜਠਰਾ ਅਗਨੀ : ਜੋ ਭੋਜਨ ਪਚਾਉਂਦਾ ਹੈ (2) ਜਿਸ ਸਰੀਰ ਵਿਚ ਤੇਜਸ ਲਭਧੀ ਪੈਦਾ ਹੁੰਦੀ ਹੈ। ਇਸ ਸਰੀਰ

ਵਿਸ਼ੇਸ਼ ਤਪੱਸਿਆ ਰਾਹੀਂ ਪ੍ਰਾਪਤ ਹੁੰਦਾ ਹੈ। ਇਸ ਸਰੀਰ ਵਾਲਾ ਮੂੰਹ ਵਿਚੋਜ ਇੰਨੀ ਵਿਸ਼ਾਲ ਅੱਗ ਕੱਢਦਾ ਹੈ ਤਾਂ 16 ਦੇਸ਼ਾਂ ਦੀਆਂ ਵਸਤਾਂ ਫੂਕ ਦਿੰਦਾ ਹੈ। ਇਹ ਤੇਜੋ ਲੇਸ਼ਿਆ ਹੈ (1) ਸ਼ੀਤਲ ਤੇਜੋ ਲੇਸ਼ਿਆ ਵਾਲਾ ਇਸ ਅੱਗ ਨੂੰ ਬੁਝਾ ਸਕਦਾ ਹੈ।

(5) ਕਾਰਮਨ ਕਰਮਾਂ ਦੇ ਪੁਦਗਲਾਂ ਦਾ ਬਣਿਆ ਸਰੀਰ।

ਉਪਾਂਗ ਨਾਮ ਕਰਮ ਦੇ 3 ਭੇਦ ਹਨ : (1) ਅਦਾਰੀਕ ਅੰਗਉਪਾਂਗ ਨਾਮ ਕਰਮ (2) ਵੈਕਰੀਆ ਅੰਗਉਪਾਂਗ ਨਾਮ ਕਰਮ (3) ਅਹਾਰਕ ਅੰਗਉਪਾਂਗ ਨਾਮ ਕਰਮ।

ਬੰਧਨ ਨਾਮ ਕਰਮ ਦੇ ਪੰਜ ਭੇਦ ਹਨ (1) ਔਦਾਰੀਕ ਸਰੀਰ ਬੰਧਨ ਨਾਮ ਕਰਮ (2) ਵੈਕਰੀਆ ਸਰੀਰ ਬੰਧਨ ਨਾਮ ਕਰਮ (3) ਅਹਾਰਕ ਸਰੀਰ ਬੰਧਨ ਨਾਮ ਕਰਮ (4) ਤੇਜਸ ਸਰੀਰ ਬੰਧਨ ਨਾਮ ਕਰਮ (5) ਕਾਰਮਨ ਸਰੀਰ ਬੰਧਨ ਨਾਮ ਕਰਮ ਸੰਘਾਤਨ ਨਾਮ ਕਰਮ ਦੇ ਪੰਜ ਭੇ ਦ ਇਸ ਪ੍ਰਕਾਰ ਹਨ : ਇਨ੍ਹਾਂ ਪੰਜਾਂ ਸਰੀਰ ਨਾਲ ਸੰਘਾਤਨ ਨਾਮ ਕਰਮ ਜੋੜ ਲੈਣਾ ਚਾਹੀਦਾ ਹੈ :

ਸੰਹਨਨ ਨਾਮ ਕਰਮ ਦੇ 6 ਭੇਦ ਹਨ (1) ਬਜਰਰਿਸ਼ਬ ਨਾਰਾਚ (2) ਰਿਸ਼ਵ ਨਾਰਾਚ (3) ਨਾਰਾਚ (4) ਅਰਧ ਨਾਰਾਚ (5) ਕਿਲਿਆ (6) ਸੇਵਾਰਤ।

ਸੰਸਥਾਨ ਨਾਕ ਮਰਕ ਦੇ 6 ਭੇਦ ਹਨ (1) ਸਮ ਚੁਤਰ (2) ਨਯਗਰੋਧ (3) ਸ਼ਾਦਿ (4) ਕੁਬਜ (5) ਵਾਮਨ (6) ਹੁੰਡਕ ਸੰਸਥਾਨ

ਵਰਨ (ਰੰਗ) ਦੇ ਪੰਜ ਭੇਦ ਹਨ : (1) ਕ੍ਰਿਸ਼ਨ (ਕਾਲਾ) (2) ਨੀਲਾ (3) ਲਾਲ (4) ਪੀਲਾ (5) ਸਫ਼ੈਦ

ਗੰਧ ਦੇ ਦੋ ਭੇਦ ਹਨ : (1) ਸੁਗੰਧ (2) ਦੁਰਗੰਧ।

ਰਸ ਦੇ ਪੰਜ ਭੇਦ ਹਨ : (1) ਤਿੱਖਾ (2) ਕੌੜਾ (3) ਕਸੈਲਾ (4) ਤੇਜਾਬੀ (5) ਮਿੱਠਾ।

ਸਪਰਸ਼ ਦੇ 8 ਭੇਦ ਹਨ : (1) ਗੁਰੂ (ਭਾਰਾ) (2) ਲਘੂ (ਹਲਕਾ) (3) ਮਰਿਦੂ (4) ਕਠੋਰ (5) ਠੰਢਾ (6) ਗਰਮ (7) ਸਿਨਗੰਧ (ਚਿਕਨਾ) (8) ਰੁੱਖਾ ਸਪਰਸ਼।

ਅਨੂਪੂਰਬੀ ਦੇ ਚਾਰ ਭੇਦ ਹਨ : (1) ਨਰਕਾਨੂਪੁਰਬੀ (2) ਤਿਰਯੰਚਾਨੂਪੁਰਬੀ (3) ਮਨੁਸਾਨੂਪੁਰਬੀ (4) ਦੇਵਾਨੂਪੁਰਬੀ।

ਵਿਗਾਯੋਗਤੀ ਦੇ 2 ਭੇਦ ਹਨ : (1) ਸ਼ੁਭ (2) ਅਸ਼ੁਭ

ਇਸ ਪ੍ਰਕਾਰ 14 ਪਿੰਡ ਪ੍ਰਕ੍ਰਿਤੀਆਂ ਦੇ 65 ਭੇਦ ਹਨ। ਇਨ੍ਹਾਂ ਵਿਚ ਹਰ ਪ੍ਰਕ੍ਰਿਤੀ, ਤਰਸ ਤੇ ਸਥਾਵਰ ਦਰਸ਼ਕ ਇਹ 28 ਪ੍ਰਕ੍ਰਿਤੀ ਜੋੜ ਲੈਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ 65+28 ਕੁੱਲ ਜੋੜ 93 ਬਣ ਜਾਂਦਾ ਹੈ।

103 ਭੇਦ : 93 ਭੇਦ ਉਪਰਲੇ ਅਤੇ ਬੰਧਨ ਕਰਮ ਦੇ 5 ਭੇਦ ਦੀ ਜਗ੍ਹਾ 15 ਭੇਦ ਵੀ ਹਨ :

1. ਔਦਾਰੀਕ - ਔਦਾਰੀਕ ਕਾਰਮਨ ਬੰਧਨ ਨਾਮ ਕਰਮ।
2. ਔਦਾਰੀਕ - ਤੇਜਸ ਬੰਧਨ ਨਾਮ ਕਰਮ।
3. ਔਦਾਰੀਕ - ਕਾਰਮਨ ਬੰਧਨ ਨਾਮ ਕਰਮ
4. ਵੈਕਰੀਆ - ਵੈਕਰੀਆ ਬੰਧਨ ਨਾਮ ਕਰਮ।
5. ਵੈਕਰੀਆ - ਤੇਜਸ ਬੰਧਨ ਨਾਮ ਕਰਮ।
6. ਵੈਕਰੀਆ - ਕਾਰਮਨ ਬੰਧਨ ਕਰਮ।
7. ਅਹਾਰਕ - ਅਹਾਰਕ ਬੰਧਨ ਨਾਮ ਕਰਮ।
8. ਅਹਾਰਕ - ਤੇਜਸ ਬੰਧਨ ਨਾਮ ਕਰਮ।

9. ਅਹਾਰਕ - ਕਾਰਮਨ ਬੰਧਨ ਨਾਮ ਕਰਮ।

10. ਔਦਾਰੀਕ - ਤੇਜਸ ਕਾਰਮਨ ਬੰਧਨ ਨਾਮ ਕਰਮ।

11. ਵੈਕਰੀਆ - ਤੇਜਸ ਕਾਰਮਨ ਬੰਧਨ ਨਾਮ ਕਰਮ।

12. ਅਹਾਰਕ - ਤੇਜਸ ਕਾਰਮਨ ਬੰਧਨ ਨਾਮ ਕਰਮ।

13. ਤੇਜਸ - ਤੇਜਸ ਬੰਧਨ ਨਾਮ ਕਰਮ।

14. ਤੇਜਸ - ਕਾਰਮਨ ਬੰਧਨ ਨਾਮ ਕਰਮ।

15. ਕਾਰਮਨ - ਕਾਰਮਨ ਬੰਧਨ ਨਾਮ ਕਰਮ।

ਇਸ ਤਰ੍ਹਾਂ ਉਪਰੋਕਤ ਸੂਚੀ ਵਿਚ 10 ਭੇਦ ਸ਼ਾਮਲ ਕਰਨ ਨਾਲ ਗਿਣਤੀ 103 ਹੋ ਜਾਂਦੀ ਹੈ।

68 ਭੇਦ : ਬੰਧਨ ਨਾਮ ਕਰਮ ਦੇ 15 ਭੇਦ ਸੰਘਾਤਨ ਨਾਮ ਕਰਮ ਦੇ 5 ਭੇਦ ਦਾ 5 ਸਰੀਰ ਨਾਮ ਕਰਮ ਵਿਚ ਮਿਲਾਇਆ ਜਾਵੇ ਅਤੇ ਵਰਨ, ਗੰਧ ਤੇ ਸਪਰਸ਼ ਦੇ 20 ਭੇਦਾਂ ਨੂੰ 4 ਸਮਝਣ ਨਾਲ ਬਾਕੀ 67 ਭੇਦ ਬਚ ਜਾਂਦੇ ਹਨ।

| | | |
|---|---|---|
| ਬੰਧਨ ਕਰਮ ਦੇ | | 15 ਭੇਦ |
| ਸੰਘਾਤਨ ਕਰਮ ਦੇ | | 05 ਭੇਦ |
| ਵਰਨਾ ਆਦਿ ਦੇ | | 16 ਭੇਦ |
| | ਕੁੱਲ | 36 ਭੇਦ |

103 - 36 ਕੁੱਲ 67 ਭੇਦ।

(7) ਗੋਤਰ - ਉਚੇ ਤੇ ਨੀਵੇਂ ਗੋਤ ਦਾ ਕਰਨ ਇਹੋ ਕਰਮ ਹੈ ਇਹ ਕਰਮ ਪਾਪ ਦਾ ਕਾਰਨ ਵੀ ਹੈ ਤੇ ਪੁੰਨ ਦਾ ਵੀ ਹੈ। ਨਾਮ ਕਰਮ ਦੇ ਪੈਦਾ ਹੋਣ ਨਾਲ ਮਨੁੱਖ ਉੱਚੇ ਤੇ ਨੀਵੇਂ ਗੋਤ ਵਿਚ ਪੈਦਾ ਹੁੰਦਾ ਹੈ।

(8) ਆਯੁਸ਼ - ਇਸ ਕਰਮ ਦੇ ਪੈਦਾ ਹੋਣ ਨਾਲ ਜੀਵ ਭਿੰਨ

ਭਿੰਨ ਗਤੀ ਵਿਚ ਉਮਰ ਭੋਗਦਾ ਹੈ। ਇਸ ਕਰਮ ਦੇ ਖ਼ਤਮ ਹੋਣ ਤੇ ਜੀਵ ਮਰ ਜਾਂਦਾ ਹੈ। ਇਸ ਦੀ ਤੁਲਨਾ ਉਸ ਕੈਦੀ ਨਾਲ ਕੀਤੀ ਜਾਂਦੀ ਹੈ ਜੋ ਨਿਸ਼ਚਿਤ ਸਮੇਂ ਤੱਕ ਜੇਲ ਭੋਗਦਾ ਹੈ। ਇਸ ਤਰ੍ਹਾਂ ਕੈਦੀ ਜੇਲ ਭੁਗਤ ਕੇ ਕੈਦ ਤੋਂ ਬਾਹਰ ਆ ਜਾਂਦਾ ਹੈ। ਇਸ ਤਰ੍ਹਾਂ ਆਤਮਾ ਆਯੁਸ਼ ਕਰਮ ਅਧੀਨ ਉਮਰ ਭੋਗ ਕੇ ਸਰੀਰ ਦੀ ਕੈਦ ਤੋਂ ਮੁਕਤ ਹੋ ਜਾਂਦੀ ਹੈ। ਇਹ ਚਾਰ ਪ੍ਰਕਾਰ ਦਾ ਹੈ :

(1) ਨਰਕ ਆਯੂ (2) ਤਿਰਯੰਚ ਆਯੂ (3) ਮਨੁੱਖ ਆਯੂ (4) ਦੇਵ ਆਯੂ

ਜੀਵ, ਪੁੰਨ, ਪਾਪ ਆਪ ਨਹੀਂ, ਨਾ ਹੀ ਪੁਦਗਲ ਹੈ। ਪੁੰਨ, ਪਾਪ ਤੇ ਉਹ ਹੈ ਜੋ ਜੀਵ ਤੇ ਪੁਦਗਲ ਦੇ ਮਿਲਾਪ ਕਾਰਨ ਜੋ ਸਥਿਤੀ ਬਣਦੀ ਹੈ, ਉਹ ਪੁੰਨ ਪਾਪ ਹੈ। ਕਰਮਾਂ ਦੇ ਪੁਦਗਲ ਇੰਨੇ ਸੂਖਮ ਹਨ ਕਿ ਮਨੁੱਖ ਵਿਆਖਿਆ ਨਹੀਂ ਕਰ ਸਕਦਾ ਅਤੇ ਈਸ਼ਵਰ ਦੀ ਲੀਲ੍ਹਾ ਆਖ ਕੇ ਕੰਮ ਚਲਾਉਂਦਾ ਹੈ। ਇਹ ਪੁਦਗਲ ਜੜ (ਬੇਜਾਨ) ਹਨ ਪਰ ਚੇਤੰਨ ਆਤਮਾ ਨੂੰ ਚੰਗਾ ਮਾੜਾ ਫਲ ਦਿੰਦੇ ਹਨ ਜਿਵੇਂ ਸ਼ਰਾਬ ਪੀ ਕੇ ਮਨੁੱਖ ਉਸ ਦਾ ਨਸ਼ਾ ਭੋਗਦਾ ਹੈ ਉਸੇ ਤਰ੍ਹਾਂ ਆਤਮਾ ਕਰਮਾਂ ਦੇ ਪੁਦਗਲਾਂ ਕਾਰਨ ਦੁੱਖ ਸੁੱਖ ਉਠਾਉਂਦਾ ਹੈ।

# ਤੇਤੀਵਾਂ ਅਧਿਐਨ

ਮੈਂ ਅੱਠ ਕਰਮਾਂ ਦਾ ਸਿਲਸਿਲੇ ਵਾਰ ਵਰਨਣ ਕਰਾਂਗਾ ਜਿਨ੍ਹਾਂ ਨਾਲ ਜਕੜਿਆ ਹੋਇਆ ਇਹ ਜੀਵ ਸੰਸਾਰ ਵਿਚ ਜਨਮ ਮਰਨ ਕਰਦਾ ਹੈ।1।

(1) ਗਿਆਨਾਵਰਨੀਆ (2) ਦਰਸ਼ਨਾਵਰਨੀਆ (3) ਵੇਦਨੀਆ (4) ਮੋਹ ਕਰਮ (5) ਆਯੂ ਕਰਮ।2।

(6) ਨਾਮ ਕਰਮ (7) ਗੋਤਰ ਕਰਮ (8) ਅੰਤਰਾਏ ਕਰਮ। ਸੰਖੇਪ ਵਿਚ ਅੱਠ ਪ੍ਰਕਾਰ ਦੇ ਕਰਮ ਹਨ।3।

ਗਿਆਨਾ ਵਰਨੀਆ ਕਰਮ ਪੰਜ ਪ੍ਰਕਾਰ ਦਾ ਹੈ (1) ਸ਼ਰੁਤ ਗਿਆਨਾ ਵਰਨ (2) ਅਭਿਨਿਬੋਧਿਕ ਗਿਆਨਾਵਰਨ (3) ਅਵਧੀ ਗਿਆਨਾਵਰਨ (4) ਮਨੋਗਿਆਨਾਵਰਨ (5) ਕੇਵਲ ਗਿਆਨਾਵਰਨ।4।

ਨੀਂਦ - ਸੁੱਖ ਪੂਰਬਕ ਆਉਣ ਵਾਲੀ ਨੀਂਦਰ।

ਪ੍ਰਚਲਾ - ਬੈਠੇ ਬੈਠੇ ਸੌਂ ਜਾਣਾ।

ਨਿਦਰਾ ਨੀਦਰਾ - ਕਸ਼ਟ ਵਿਚ ਆਉਣ ਵਾਲੀ ਨੀਂਦ।

ਪ੍ਰਚਲਾ ਪ੍ਰਚਲਾ - ਤੁਰਦੇ ਤੁਰਦੇ ਸੌਂ ਜਾਣਾ।

ਸਤਿਆਨਰਿਦੀ : ਅਜਿਹੀ ਨੀਂਦ ਹੈ ਜਿਸ ਕਾਰਨ ਆਦਮੀ ਵਿਚ ਕਾਫੀ ਸ਼ਕਤੀ ਪੈਦਾ ਹੋ ਜਾਂਦੀ ਹੈ ਅਤੇ ਉਹ ਅਜਿਹੇ ਗਲਤ ਕੰਮ ਨੀਂਦ ਵਿਚ ਕਰ ਬੈਠਦਾ ਹੈ ਕਿ ਆਦਮੀ ਨੂੰ ਪਤਾ ਨਹੀਂ ਲੱਗਦਾ ਕਿ ਉਸ ਨੇ ਕੀ ਕਰ ਲਿਆ ਹੈ।5।

ਚਕਸ਼ੂ ਦਰਸ਼ਨਾਵਰਨ, ਅਚਕਸ਼ੂ ਦਰਸ਼ਨਾਵਰਨ, ਅਵੱਧੀ ਦਰਸ਼ਨਾਵਰਨ ਅਤੇ ਕੇਵਲ ਦਰਸ਼ਨਾਵਰਨਾ ਇਹ ਨੌ ਦਰਸ਼ਨਾਵਰਨੀਆ ਕਰਮ ਦੇ ਭੇਦ ਹਨ।6।

ਵੇਦਨੀਆ ਕਰਮ ਦੇ ਦੋ ਭੇਦ ਹਨ (1) ਸ਼ਾਂਤਾ ਵੇਦਨੀਆ (2) ਅਸ਼ਾਂਤਾ ਵੇਦਨੀਆ। ਸ਼ਾਂਤਾ ਅਤੇ ਅਸ਼ਾਂਤਾ ਵੇਦਨੀਆ ਕਰਮ ਦੇ ਅਨੇਕ ਭੇਦ ਹਨ।7।

ਮੋਹਨੀਆ ਕਰਮ ਦੇ ਵੀ ਦੋ ਭੇਦ ਹਨ (1) ਦਰਸ਼ਨ ਮੋਹਨੀਆ (2) ਚਾਰਿੱਤਰ ਮੋਹਨੀਆ। ਦਰਸ਼ਨ ਮੋਹਨੀਆ ਦੇ ਤਿੰਨ ਭੇਦ ਅਤੇ ਚਾਰਿੱਤਰ ਮੋਹਨੀਆ ਦੇ ਦੋ ਭੇਦ ਹਨ।8।

ਸਮਿਅਕਤਵ, ਮਿਥਿਆਤਵ ਅਤੇ ਸਮਿਅਕ ਮਿਥਿਆਤਵ ਇਹ ਤਿੰਨ ਦਰਸ਼ਨ ਮੋਹਨੀਆ ਕਰਮ ਦੀਆਂ ਪ੍ਰਾਕ੍ਰਿਤੀਆਂ ਹਨ।9।

ਚਾਰਿੱਤਰ ਮੋਹਨੀਆ ਕਰਮ ਦੇ ਦੋ ਭੇਦ ਹਨ (1) ਕਸ਼ਾਏ ਮੋਹਨੀਆ (2) ਨੋਕਸ਼ਾਏ ਮੋਹਨੀਆ।10।

ਕਸ਼ਾਏ ਮੋਹਨੀਆ ਕਰਮ ਦੇ 16 ਭੇਦ ਹਨ ਅਤੇ ਨੋਕਸ਼ਾਏ ਮੋਹਨੀਆ ਕਰਮ ਦੇ ਸੱਤ ਜਾਂ ਨੌ ਭੇਦ ਹਨ।11।

ਆਯੂ ਕਰਮ ਦੇ ਚਾਰ ਭੇਦ ਹਨ (1) ਨਾਰਕੀ ਆਯੂ (2) ਪਸ਼ੂ ਆਯੂ (3) ਮਨੁੱਖ ਆਯੂ (4) ਦੇਵਤੇ ਦੀ ਆਯੂ।12।

ਨਾਮ ਕਰਮ ਦੇ ਦੋ ਭੇਦ ਹਨ (1) ਸ਼ੁਭ ਨਾਮ (2) ਅਸ਼ੁਭ ਨਾਮ। ਸ਼ੁਭ ਅਤੇ ਅਸ਼ੁਭ ਨਾਮਾਂ ਦੇ ਅਨੇਕ ਭੇਦ ਹਨ।13।

ਗੋਤਰ ਕਰਮ ਦੇ ਦੋ ਭੇਦ ਹਨ (1) ਉੱਚ ਗੋਤਰ (2) ਨੀਚ (ਨੀਵਾਂ) ਗੋਤਰ। ਇਨ੍ਹਾਂ ਦੀਆਂ ਅੱਠ ਅੱਠ ਕਿਸਮਾਂ ਹਨ।14।

ਸੰਖੇਪ ਵਿਚ ਅੰਤਰਾਇ ਕਰਮ ਦੇ ਪੰਜ ਭੇਦ ਹਨ। (1) ਦਾਨ ਅੰਤਰਾਇ (ਦਾਨ ਵਿਚ ਰੁਕਾਵਟ ਪੈਣਾ) (2) ਲਾਭ ਅੰਤਰਾਇ (ਲਾਭ ਵਿਚ ਰੁਕਾਵਟ ਪੈਣਾ) (3) ਭੋਗ ਅੰਤਰਾਇ (ਸਭ ਕੁਝ ਹੁੰਦੇ ਹੋਏ ਵੀ ਦੁੱਖ ਭੋਗਣਾ) (4) ਉਪਭੋਗ ਅੰਤਰਾਇ (ਵਸਤਾ ਹੋਣ ਤੇ ਵੀ ਵਰਤ ਨਾ ਸਕਣਾ)

(5) ਵੀਰਜ ਅੰਤਰਾਇ (ਸ਼ਕਤੀਸ਼ਾਲੀ ਅਤੇ ਤਕੜਾ ਹੋਣ ਦੇ ਬਾਵਜੂਦ ਤਿਨਕਾ ਤੋੜਨ ਜਿੰਨੀ ਵੀ ਸ਼ਕਤੀ ਨਾ ਹੋਣਾ)।15।

ਇਹ ਕਰਮਾਂ ਦੀਆਂ ਮੂਲ ਆਦਤਾਂ ਅਤੇ ਉੱਤਰ ਆਦਤਾਂ ਹਨ। ਇਸ ਦੇ ਅੱਗੇ ਕਰਮਾਂ ਦੇ ਪ੍ਰਦੇਸ਼ (ਪ੍ਰਮਾਣ ਜਾਂ ਦਰਵ, ਕਾਲ, ਖੇਤਰ ਅਤੇ ਭਾਵ ਨੂੰ ਵੀ ਸੁਣੋ)।16।

ਇਕ ਸਮੇਂ ਵਿਚ ਆਤਮਾ ਨੂੰ ਜੋ ਕਰਮ ਪੁਦਗਲ ਲੱਗਦੇ ਹਨ। ਇਹ ਕਰਮਾਂ ਦੇ ਪ੍ਰਮਾਣੂ, ਆਤਮਾ ਦੇ ਬੰਧਨ ਪੱਖੋਂ ਅਨੰਤ ਹਨ। ਪਰ ਸਿੱਧਾਂ ਦੀ ਗਿਣਤੀ ਪੱਖੋਂ ਇਹ ਕਰਮ ਪ੍ਰਮਾਣੂ ਬਹੁਤ ਘੱਟ ਹਨ। (ਭਾਵ ਜੀਵ ਆਤਮਾਵਾਂ ਪੱਖੋਂ ਕਰਮਾਂ ਦੇ ਪ੍ਰਮਾਣੂ ਅਨੰਤ ਹਨ। ਸਿੱਧ ਆਤਮਾਵਾਂ ਦੇ ਪੱਖੋਂ ਕਰਮ ਪ੍ਰਮਾਣੂ ਘੱਟ ਤੋਂ ਘੱਟ ਹਨ।17।

ਸਾਰੇ ਜੀਵਾਂ ਦੇ ਲਈ ਸੰਗ੍ਰਹਿ ਕਰਨ ਯੋਗ ਕਰਮ ਪੁਦਗਲ ਛੇ ਦਿਸ਼ਾਵਾਂ ਦੀਆਂ ਸਾਰੀਆਂ ਆਤਮਾਵਾਂ ਨੂੰ ਕੈਦ ਕਰਦੇ ਹਨ ਅਤੇ ਆਪਣੀ ਸ਼ਕਤੀ ਅਨੁਸਾਰ ਆਤਮਾ ਦੇ ਹਰ ਹਿੱਸੇ ਨੂੰ ਪ੍ਰਭਾਵਿਤ ਕਰਦੇ ਹਨ।18।

ਗਿਆਨਾਵਰਨੀਆ ਕਰਮ ਦੀ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਤੀਹ ਕਰੋੜ ਸਾਗਰੋਪਮ ਦੀ ਅਤੇ ਘੱਟੋ ਘੱਟ ਅੰਤਰਮਹੂਰਤ (ਮਹੂਰਤ ਤੋਂ ਘੱਟ) ਹੈ।19।

ਗਿਆਨਾਵਰਨੀਆ ਦਰਸ਼ਨਾਵਰਨੀਆ, ਵੇਦਨੀਆਂ ਅਤੇ ਅੰਤਰਾਏ ਕਰਮ ਦੀ ਇਹ ਸਥਿਤੀ ਆਖੀ ਗਈ ਹੈ।20।

ਮੋਹਨੀਆ ਕਰਮ ਦੀਆਂ ਜ਼ਿਆਦਾ ਤੋਂ ਜ਼ਿਆਦਾ 10 ਕਰੋੜ × 10 ਕਰੋੜ ਸਾਗਰੋਪਮ ਹੈ ਅਤੇ ਘੱਟੋ ਘੱਟ ਸਥਿਤੀ ਅੰਤਰਮਹੂਰਤ ਦੀ ਹੈ।21।

ਆਯੂ ਕਰਮ ਦੀ ਜ਼ਿਆਦਾ ਤੋਂ ਜ਼ਿਆਦਾ ਸਥਿਤੀ 33 ਸਾਗਰੋਪਮਾਂ ਦੀ ਹੈ ਅਤੇ ਘੱਟੋ ਘੱਟ ਸਥਿਤੀ ਅੰਤਰਮਹੂਰਤ ਹੈ।22।

ਨਾਮ ਤੇ ਗੋਤਰ ਕਰਮ ਦੀ ਜ਼ਿਆਦਾ ਤੋਂ ਜ਼ਿਆਦਾ ਸਥਿਤੀ 10 ਕਰੋੜ × 20 ਕਰੋੜ ਸਾਗਰੋਪਮ ਦੀ ਹੈ ਅਤੇ ਘੱਟੋ ਘੱਟ ਸਥਿਤੀ ਅੱਠ ਮਹੂਰਤ ਹੈ।23।

ਸਿੱਧਾਂ ਦੇ ਅਨੰਤ ਦੇ ਭਾਗ ਤੋਂ ਘੱਟ ਜਿੰਨੇ ਕਰਮਾਂ ਦੇ ਰਸ ਵਿਸ਼ੇਸ਼ ਹਨ ਸਾਰੇ ਅਨੁਭਾਗਾਂ ਦੇ ਪ੍ਰਦੇਸ਼ ਪ੍ਰਮਾਣੂ ਸਾਰੇ ਭਵਯ ਅਤੇ ਅਭਵਯ ਜੀਵਾਂ ਤੋਂ ਜ਼ਿਆਦਾ ਹੈ।24।

ਇਸ ਲਈ ਇਨ੍ਹਾਂ ਕਰਮਾਂ ਦੇ ਵਿਭਾਗਾਂ ਨੂੰ ਜਾਨ ਕੇ ਬੁੱਧੀਮਾਨ ਸਾਧੂ ਇਨ੍ਹਾਂ ਨੂੰ ਸੰਬਰ (ਰੋਕੇ) ਅਤੇ ਖ਼ਤਮ ਕਰਨ ਦੀ ਕੋਸ਼ਿਸ਼ ਕਰੇ।25।

ਇਸ ਪ੍ਰਕਾਰ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 3

ਸਮਾਸ ਤੋਂ ਭਾਵ ਸੰਖੇਪ ਹੈ ਸੰਖੇਪ ਵਿਚ ਕਰਮ ਅੱਠ ਪ੍ਰਕਾਰ ਦੇ ਹਨ। ਪਰ ਕਰਮਾਂ ਦੇ ਭੇਦ, ਸਵਰੂਪ ਤੇ ਗੁਣਾਂ ਪੱਖੋਂ ਕਰਮ ਤਾਂ ਅਨੰਤ ਹਨ।

ਗੋਤਰ ਦਾ ਅਰਥ ਹੈ – ਕੁਝ ਪਰਿਵਾਰ ਦਾ ਸਿਲਸਿਲਾ ਜਾਂ ਆਚਰਣ ਉੱਚਾ ਆਚਰਣ ਉੱਚਾ ਗੋਤਰ ਹੈ, ਨੀਚ ਆਚਰਣ ਨੀਚ ਗੋਤਰ ਹੈ।

'उच्चनीयं चरण, उच्चनीय हवे गोदं (ਗੋਮਟਸਾਰ ਕਰਮਕਾਂਡ ਗਾਥਾ 13)

ਗਾਥਾ 7

ਸਾਤਾ ਤੋਂ ਭਾਵ ਸਰੀਰਿਕ ਤੇ ਮਾਨਸਿਕ ਸੁੱਖ ਹੈ। (यातं सुखं

ਸ਼ਰੀਰੰ ਮਾਨਸੰ ਚ ਸਰ੍ਵਾਰ੍ਥਸਿਦ੍ਧਿ ਵ੍ਰਿਤਿ)

ਗਾਥਾ 10

ਨੌ ਕਸ਼ਾਇ ਦਾ ਭਾਵ ਹੈ ਕਸ਼ਾਇ ਵਰਗਾ, ਹਾਸਾ, ਰਤਿ ਤੇ ਅਰਿਤ ਨੌ ਕਸ਼ਾਇ ਹਨ।

ਗਾਥਾ 11

ਇਕ ਵਾਰ ਵਰਤੋਂ ਵਿਚ ਆਉਣ ਵਾਲੇ ਫਲ, ਭੋਜਨ ਆਦਿ ਭੋਗ ਹਨ। ਬਾਰ ਬਾਰ ਇਸਤੇਮਾਲ ਵਿਚ ਆਉਣ ਵਾਲੇ ਗਹਿਣ, ਕੱਪੜੇ, ਮਕਾਨ ਆਦਿ ਉਪਭੋਗ ਹਨ।

ਗਾਥਾ 18

ਪੂਰਬ ਆਦਿ ਚਾਰ ਦਿਸ਼ਾਵਾਂ ਅਤੇ ਉਰਧੱਵ ਤੇ ਅੱਧ ਕੁੱਲ ਮਿਲਾ ਕੇ ਛੇ ਦਿਸ਼ਾਵਾਂ ਹਨ। ਜਿਸ ਆਕਾਸ਼ (ਖੇਤਰ) ਵਿਚ ਜੀਵ ਰਹਿੰਦਾ ਹੈ, ਉਸ ਥਾਂ ਦੇ ਕਰਮ ਪੁਦਗਲ ਰਾਗ ਆਦਿ ਕਾਰਨ ਆਤਮਾ ਨੂੰ ਲੱਗਦੇ ਹਨ।

ਇਸ਼ਾਨ ਆਦਿ ਉਪ ਦਿਸ਼ਾਵਾਂ ਤੋਂ ਵੀ ਕਰਮ ਪੁਦਗਲ ਆਤਮਾ ਨੂੰ ਲੱਗਦੇ ਹਨ। 6 ਦਿਸ਼ਾਵਾਂ ਦਾ ਸਿੱਧਾਂਤ ਦੋ ਇੰਦਰੀਆਂ ਵਾਲੇ ਜੀਵਾਂ ਤੋਂ ਲੈ ਕੇ ਪੰਜ ਇੰਦਰੀਆਂ ਵਾਲੇ ਜੀਵਾਂ ਨੂੰ ਪ੍ਰਭਾਵਿਤ ਕਰਦਾ ਹੈ। ਇਕ ਇੰਦਰੀਆਂ ਵਾਲੇ ਜੀਵਾਂ ਲਈ ਕਈ ਥਾਂ 3, 4, 5 ਤੇ ਕਈ ਥਾਂ 6 ਦਿਸ਼ਾਵਾਂ ਦਾ ਵਰਨਣ ਹੈ।

ਗਾਥਾ 19-20

ਇਥੇ ਵੇਦਨੀਆ ਕਰਮ ਦੀ ਘੱਟੋ ਘੱਟ ਸਥਿਤੀ ਅੰਤਮਹੂਰਤ ਆਖੀ ਗਈ ਹੈ। ਪਰ ਕਈ ਆਗਮਾਂ ਵਿਚ ਇਹ 12 ਮਹੂਰਤ ਹੈ। ਟੀਕਾਕਾਰ ਵੀ ਇਸ ਦਾ ਕਾਰਨ ਨਹੀਂ ਜਾਣਦਾ। **ਤਦਭਿਪ੍ਰਾਯੰ ਨਵਿਦਮ੍:**

# 34.

# ਲੇਸ਼ਿਆ ਅਧਿਐਨ

ਵਿਚਾਰ ਹਮੇਸ਼ਾ ਇਕ ਤਰ੍ਹਾਂ ਦੇ ਨਹੀਂ ਰਹਿੰਦੇ। ਉਹ ਚੰਗੇ ਹੋਣ ਜਾਂ ਮਾੜੇ ਇਕ ਤਰ੍ਹਾਂ ਦੇ ਨਹੀਂ ਹੁੰਦੇ। ਇਸ ਅਸਮਾਨਤਾ ਨੂੰ ਲੇਸ਼ਿਆ ਰਾਹੀਂ ਸਮਝਾਇਆ ਗਿਆ ਹੈ। ਇਹ ਜੈਨ ਦਰਸ਼ਨ ਦਾ ਇਕ ਵਿਸ਼ੇਸ਼ ਪਰਿਭਾਸ਼ਿਕ ਸ਼ਬਦ ਹੈ ਜੋ ਬਾਹਰਲੇ ਸੰਗ ਸਾਥ ਤੋਂ ਮੁਕਤ ਹੈ। ਉਸ ਦੀ ਚੇਤਨਾ ਉਸ ਦੇ ਵਿਚ ਹੀ ਲੀਨ ਰਹਿੰਦੀ ਹੈ। ਜੋ ਬਾਹਰਲੇ ਮੇਲ ਮਿਲਾਪ ਵਿਚ ਲੱਗਾ ਰਹਿੰਦਾ ਹੈ। ਉਸ ਦੀ ਚੇਤਨਾ ਬਾਹਰਲੇ ਧੰਦਿਆਂ ਵਿਚ ਲੱਗੀ ਰਹਿੰਦੀ ਹੈ। ਸੱਚਾਈ ਇਹ ਹੈ ਕਿ ਆਪਣੇ ਆਪ ਨੂੰ ਬਾਹਰਲੇ ਰੰਗਾਂ ਵਿਚ ਲਗਾਉਣ ਵਾਲਾ ਹਰ ਜੀਵ ਬਾਹਰਲੇ ਰੰਗ ਤੋਂ ਹੀ ਪ੍ਰਭਾਵਿਤ ਹੁੰਦਾ ਹੈ ਅਤੇ ਉਸ ਦੀ ਚੇਤਨਾ ਬਾਹਰ ਦੇ ਰੰਗਾਂ ਤੋਂ ਰੰਗੀਨ ਹੁੰਦੀ ਰਹਿੰਦੀ ਹੈ। ਲੇਸ਼ਿਆ ਇਸ ਰੰਗੀਨ ਚੇਤਨਾ ਦਾ ਇਕ ਸਿੱਟਾ ਹੈ ਅਤੇ ਕਰਮ ਬੋਧ ਇਸੇ ਕਾਰਨ ਹੁੰਦਾ ਹੈ। ਆਤਮਾ ਨਾਲ ਜੋ ਕਰਮ ਨਾਲ ਲਿਬੇੜਦੀ ਹੈ ਅਤੇ ਆਤਮਾ ਨਾਲ ਜੋ ਕਰਮ ਦਾ ਸਬੰਧ ਸਥਾਪਿਤ ਕਰਦੀ ਹੈ। ਉਸ ਨੂੰ ਲੇਸ਼ਿਆ ਆਖਦੇ ਹਨ। ਲੇਸ਼ਿਆ ਮਨੁੱਖ ਦੇ ਮਨ ਦੇ ਚੰਗੇ ਮਾੜੇ ਸੁਭਾਅ ਕਰਕੇ ਬਣਦੀ ਹੈ।

ਜਿੰਨੇ ਸਥੂਲ ਪ੍ਰਮਾਣੂ ਸਕੰਧ ਹੁੰਦੇ ਹਨ, ਉਹ ਸਭ ਰੰਗ ਅਤੇ ਉਪਰੰਗਾਂ ਵਾਲੇ ਹੁੰਦੇ ਹਨ। ਮਨੁੱਖ ਦਾ ਸਰੀਰ ਸਥੂਲ ਸਕੰਧ ਹੈ। ਇਸ ਲਈ ਉਹ ਵੀ ਸਾਰੇ ਰੰਗਾਂ ਵਾਲਾ ਹੈ। ਉਹ ਰੰਗੀਨ ਹੈ ਅਤੇ ਬਾਹਰਲੇ ਰੰਗਾਂ ਤੋਂ ਪ੍ਰਭਾਵਿਤ ਹੁੰਦਾ ਹੈ। ਉਨ੍ਹਾਂ ਰੰਗਾਂ ਦਾ ਅਸਰ ਮਨੁੱਖ ਦੇ ਮਨ ਤੇ ਪੈਂਦਾ ਹੈ। ਇਸੇ ਅਸਰ ਵਾਲੀ ਸ਼ਕਤੀ ਦੇ ਆਧਾਰ ਤੇ ਭਗਵਾਨ

ਮਹਾਵੀਰ ਨੇ ਸਭ ਪ੍ਰਾਣੀਆਂ ਦੇ ਸਰੀਰ ਤੇ ਵਿਚਾਰਾਂ ਨੂੰ ਛੇ ਹਿੱਸਿਆਂ ਵਿਚ ਵੰਡਿਆ ਹੈ। ਅਨੁਭਾਵ ਦਾ ਅਰਥ ਹੈ : ਰਸ ਵਿਸ਼ੇਸ਼। ਵਿਸ਼ੇਸ਼ ਕਾਰਨ ਆਤਮ ਪ੍ਰਦੇਸ਼ ਦੇ ਨਾਲ ਜੁੜੇ ਹੋਏ ਕਰਮ ਪੁਦਗਲ ਰਸ ਵਿਸ਼ੇਸ਼ ਨੂੰ ਅਨੁਭਾਵ ਆਖਦੇ ਹਨ। ਕਰਮਾਂ ਦਾ ਕਾਰਨ ਲੇਸ਼ਿਆ ਹੈ। ਜਿਵੇਂ ਦੋ ਪਦਾਰਥਾਂ ਨੂੰ ਜੋੜਨ ਲਈ ਤੀਸਰੇ ਲੇਸ ਵਾਲੇ ਪਦਾਰਥ ਦੀ ਜ਼ਰੂਰਤ ਹੁੰਦੀ ਹੈ, ਉਸੇ ਪ੍ਰਕਾਰ ਆਤਮਾ ਨੂੰ ਕਰਮਬੰਧ ਕਰਨ ਲਈ ਲੇਸ਼ਿਆ ਦੀ ਜ਼ਰੂਰਤ ਹੁੰਦੀ ਹੈ।

## ਲੇਸ਼ਿਆ

ਮਨ ਦੇ ਵਿਚਾਰ ਅਸ਼ੁਧ ਤੇ ਸ਼ੁੱਧ ਹੁੰਦੇ ਹਨ। ਉਨ੍ਹਾਂ ਦੇ ਕਾਰਨ ਵੀ ਸ਼ੁੱਧ ਤੇ ਅਸ਼ੁੱਧ ਹੁੰਦੇ ਹਨ। ਕਾਰਨ ਅਸਰ ਪਾਉਂਦੇ ਹਨ ਮਨ ਇਨ੍ਹਾਂ ਕਾਰਨਾਂ ਤੋਂ ਪ੍ਰਭਾਵਿਤ ਹੁੰਦਾ ਹੈ। ਇਨ੍ਹਾਂ ਦੋਹਾਂ ਕਾਰਨ ਤੇ ਮਨ ਦਾ ਸਬੰਧ ਹੈ। ਇਸ ਨੂੰ ਲੇਸ਼ਿਆ ਅਖਦੇ ਹਨ। ਕਾਰਨ ਨੂੰ ਦਰਵ ਲੇਸ਼ਿਆ ਅਤੇ ਮਨ ਦੇ ਅਸਰ ਨੂੰ ਭਾਵ ਲੇਸ਼ਿਆ ਆਖਦੇ ਹਨ। ਕਾਰਨ ਬਨਣ ਵਾਲੇ ਪੁਦਗਲ ਹਨ, ਉਨ੍ਹਾਂ ਵਿਚ ਰੰਗ, ਗੰਧ, ਰਸ ਤੇ ਸਪਰਸ਼ ਵੀ ਹੈ। ਮਾਨਸਿਕ ਵਿਚਾਰਾਂ ਦੀ ਅਸ਼ੁੱਧੀ ਤੇ ਸ਼ੁੱਧੀ ਕ੍ਰਿਸ਼ਨ ਤੇ ਸ਼ੁਕਲ ਰੰਗਾਂ ਤੋਂ ਜ਼ਾਹਿਰ ਹੁੰਦੀ ਹੈ।

ਕ੍ਰਿਸ਼ਨ-ਨੀਲ-ਕਪੋਤ ਤਿੰਨ ਰੰਗ ਅਸ਼ੁੱਧ ਹੁੰਦੇ ਹਨ। ਤੇਜਸ ਪਦਮ ਤੇ ਸ਼ੁਕਲ ਲੇਸ਼ਿਆ ਧਰਮ ਲੇਸ਼ਿਆਵਾਂ ਹਨ। ਲੇਸ਼ਿਆ ਦੇ ਨਾਉਂ, ਰੰਗ, ਰਸ, ਗੰਧ, ਸਪਰਸ਼, ਪਰਿਨਾਮ ਇਸ ਪ੍ਰਕਾਰ ਹਨ।

6 ਲੇਸ਼ਿਆਂ ਦੇ ਨਾਮ

(1) ਕ੍ਰਿਸ਼ਨ (ਕਾਲਾ) ਲੇਸ਼ਿਆ (2) ਨੀਲ ਲੇਸ਼ਿਆ (3) ਕਪੋਤ ਲੇਸ਼ਿਆ (4) ਤੇਜੋ ਲੇਸ਼ਿਆ (5) ਪਦਮ ਲੇਸ਼ਿਆ (6) ਸ਼ੁਕਲ (ਸਫੈਦ)

ਲੋਜ਼ਿਆ।

ਬੁੱਧ ਧਰਮ ਗ੍ਰੰਥ ਦੀਰਗਨਿਕਾਏ (ਦੀਰਗਨਿਕਾਏ 1/2 ਸਫਾ 19-20) ਵਿਚ ਇਕ ਪੂਰਨ ਕਸ਼ਯਪ ਨਾਉਂ ਦੇ ਤੀਰਥੰਕਰ ਦਾ ਵਰਨਣ ਆਉਂਦਾ ਹੈ। ਜਿਸ ਨੇ ਮਨੁੱਖ ਜਾਤੀ ਨੂੰ ਉਸ ਦੇ ਸੁਭਾਅ ਅਨੁਸਾਰ ਛੇ ਭਾਗਾਂ ਵਿਚ ਵੰਡਿਆ ਹੈ (ਅਗੁਤਰਨਿਕਾਰ 6/6/3 ਭਾਗ 3 ਸਫਾ 35-93-94)

(1) ਕ੍ਰਿਸ਼ਨਾਭਿਜਾਤੀ - ਬੁਰਾ ਕਰਮ ਕਰਨ ਵਾਲੇ ਕਸਾਈ ਆਦਿ

(2) ਨੀਲਾਭਿਜਾਤੀ - ਬੁੱਧ ਭਿਕਸ਼ੂ ਅਤੇ ਦੂਸਰੇ ਕਰਮਵਾਦੀ, ਕ੍ਰਿਆਵਾਦੀ ਭਿਕਸ਼ੂ।

(3) ਲੋਹੀਤਾਭਿਜਾਤੀ - ਇਕ ਵਸਤਰ ਪਹਿਨਣ ਵਾਲੇ ਨਿਰਗਰੰਥ

(4) ਹਰਿਦਰਭਿਜਾਤੀ - ਸਫੈਦ ਕੱਪੜਿਆਂ ਵਾਲੇ ਜਾਂ ਨੰਗੇ ਭਿਕਸ਼ੂ

(5) ਸ਼ੁਕਲਾਭਿਜਾਤੀ - ਆਜਾਵਿਕ ਸਾਧੂ ਤੇ ਸਾਧਵੀਆਂ ਦਾ ਸੰਘ

(6) ਧਰਮਸ਼ੁਕਭਿਜਾਤੀ - ਆਜਾਵਿਕ ਆਚਾਰਿਆ - ਨੰਦ, ਵਤਸ਼, ਕ੍ਰਿਸ਼, ਸਾਂਕ੍ਰਿਤਯ ਮਸਖਰੀ ਗੋਸ਼ਾਲਕ ਆਦਿ ਦਾ ਵਰਗ।

ਮਹਾਭਾਰਤ ਵਿਚ ਵੀ ਇਸ ਤਰ੍ਹਾਂ ਦਾ ਵਰਗਕਿਰਨ ਮਿਲਦਾ ਹੈ। ਸਨਤਕੁਮਾਰ ਨੇ ਦਾਨਵੇਦਰ ਵਰਿਤਰਹਾਸੁਰ ਨੂੰ ਕਿਹਾ "ਪ੍ਰਾਣੀ ਛੇ ਪ੍ਰਕਾਰ ਦੇ ਹਨ (1) ਕ੍ਰਿਸ਼ਨ (2) ਧੂੰਏ ਵਰਗੇ (3) ਨੀਲੇ ਰੰਗ ਵਾਲਿਆਂ ਦਾ ਸੁੱਖ ਦਰਮਿਆਨਾ ਹੈ (4) ਲਾਲ ਰੰਗ ਸੁੱਖਕਾਰੀ ਹੈ (5) ਹਰਦਿਰ (ਪੀਲਾ) ਰੰਗ ਸੁੱਖਕਾਰੀ ਹੈ। (6) ਸ਼ੁਕਲ ਰੰਗ ਸਭ ਤੋਂ ਜ਼ਿਆਦਾ ਸੁੱਖਕਾਰੀ ਹੈ (ਮਹਾਭਾਰਤ ਸ਼ਾਤੀਪਰਵ 280/33)

ਕ੍ਰਿਸ਼ਨ ਰੰਗ ਦੀ ਨੀਚ ਗਤੀ ਹੈ ਉਹ ਨਰਕ ਦੇ ਕਾਰਨ ਕੰਮਾਂ

ਵਿਚ ਲੱਗਾ ਰਹਿੰਦਾ ਹੈ। ਨਰਕ ਤੋਂ ਨਿਕਲਣ ਵਾਲਾ ਜੀਵ ਧੂੰਏਂ ਵਾਲੇ ਰੰਗ ਦਾ ਹੁੰਦਾ ਹੈ। ਇਹ ਪਸ਼ੂ ਪੰਛੀਆਂ ਦਾ ਰੰਗ ਹੈ। ਹਰਾ ਰੰਗ ਖਾਸ ਦੇਵਤਿਆਂ ਦਾ ਹੈ। ਸ਼ੁਕਲ ਰੰਗ ਸਿੱਧ ਸਰੀਰ ਧਾਰੀ ਦਾ ਰੰਗ ਹੈ (ਮਹਾਭਾਰਤ ਸ਼ਾਤੀਪਰਵ 280/34-47)।

ਸ੍ਰੀਮਦ ਭਗਵਤ ਗੀਤਾ ਵਿਚ ਗਤੀ ਦੇ ਦੋ ਭੇਦ ਹਨ (1) ਕ੍ਰਿਸ਼ਨ (2) ਸ਼ੁਕਲ। ਕ੍ਰਿਸ਼ਨ ਗਤੀ ਵਾਲਾ ਬਾਰ ਬਾਰ ਜਨਮ ਲੈਂਦਾ ਹੈ। ਸ਼ੁਕਲ ਗਤੀ ਵਾਲਾ ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ (ਗੀਤਾ 8/26)।

ਧਮਪਦ ਵਿਚ ਵੀ ਇਸੇ ਤਰ੍ਹਾਂ ਦੇ ਨਾਲ ਧਰਮ ਦੇ ਦੋ ਭਾਗ ਕੀਤੇ ਗਏ ਹਨ ''ਪੰਡਿਤ ਮਨੁੱਖ ਕ੍ਰਿਸ਼ਨ ਧਰਮ ਨੂੰ ਛੱਡ ਕੇ ਸ਼ੁਕਲ ਧਰਮ ਦਾ ਪਾਲਣ ਕਰਨਾ ਚਾਹੀਦਾ ਹੈ'' (ਧਮਪਦ ਪੰਡਤ ਬੱਗ ਸ਼ਲੋਕ 19)।

ਪਤੰਜਲੀ ਨੇ ਆਪਣੇ ਯੋਗ ਦਰਸ਼ਨ ਵਿਚ ਕਰਮ ਦੀਆਂ ਚਾਰ ਗਤੀਆਂ ਦਾ ਵਰਨਣ ਕੀਤਾ ਹੈ (1) ਕ੍ਰਿਸ਼ਨ (ਬਹੁਤ ਅਸ਼ੁੱਧ) (2) ਸ਼ੁਕਲ ਕ੍ਰਿਸ਼ਨ (ਅਸ਼ੁੱਧ) (3) ਸ਼ੁਕਲ (ਸ਼ੁੱਧ) (4) ਅਸ਼ੁਕਲ-ਅਕ੍ਰਿਸ਼ਨ (ਬਹੁਤ ਸ਼ੁੱਧ) ਹੈ। ਯੋਗੀ ਦੀ ਕਰਮਜਾਤ ਅਸ਼ੁਕਲ ਅਕ੍ਰਿਸ਼ਨ ਹੁੰਦੀ ਹੈ। ਬਾਕੀ ਤਿੰਨ ਕਰਮ ਜਾਤੀਆਂ ਸਭ ਜੀਵਾਂ ਦੀਆਂ ਹੁੰਦੀਆਂ ਹਨ।

ਸ਼ਵੈਤਸਰ ਉਪਨਿਸ਼ਧ (4/5) ਵਿਚ ਪ੍ਰਾਕ੍ਰਿਤੀ ਨੂੰ ਲੋਹਿਤ, ਸ਼ੁਕਲ ਤੇ ਕ੍ਰਿਸ਼ਨ ਵਾਲੀ ਕਿਹਾ ਗਿਆ ਹੈ।

ਸਿਵਸਵੱਰਉਦੈ ਟੀਕਾ ਸ਼ਲੋਕ 156 ਸਫ਼ਾ 42 ਵਿਚ ਕਿਹਾ ਗਿਆ ਹੈ ਕਿ ਭਿੰਨ ਭਿੰਨ ਤੱਤਾਂ ਦੇ ਭਿੰਨ ਭਿੰਨ ਰੰਗ ਮਨੁੱਖਾਂ ਨੂੰ ਪ੍ਰਭਾਵਿਤ ਕਰਦੇ ਹਨ। ਅਣੂਆਂ ਦੇ ਨਾਉ, ਰੰਗ, ਆਕਾਰ ਇਸ ਪ੍ਰਕਾਰ ਹਨ :

(1) ਪ੍ਰਿਥਵੀ : ਇਸ ਦੀ ਰਫ਼ਤਾਰ ਬਹੁਤ ਅਲਪੱਤਰ (ਘੱਟ) ਹੈ। ਰੰਗ ਪੀਲਾ ਹੈ। ਆਕਾਰ ਚੌਰਸ ਹੈ, ਸਵਾਦ ਮਿੱਠਾ ਹੈ।

(2) ਪਾਣੀ : ਵੇਗ ਅਲਪ (ਥੋੜ੍ਹਾਂ) ਹੈ। ਰੰਗ ਸਫ਼ੈਦ ਜਾਂ ਬੈਂਗਨੀ ਹੈ। ਅਕਾਰ ਅੱਧ ਚੰਦਰਮਾ ਵਰਗਾ ਹੈ। ਸਵਾਦ ਕਸੈਲਾ ਹੈ।

(3) ਤੇਜਸ : (ਅੱਗ) ਰਫ਼ਤਾਰ ਤੇਜ਼ ਹੈ। ਰੰਗ ਲਾਲ ਹੈ। ਆਕਾਰ ਤ੍ਰਿਕੋਣ ਹੈ। ਸਵਾਦ ਚਰਪਰਾ ਹੈ।

(4) ਹਵਾ : ਤੇਜ਼ ਤੋਂ ਤੇਜ਼ ਹੈ। ਰੰਗ ਨੀਲਾ ਜਾਂ ਅਸਮਾਨੀ ਹੈ। ਆਕਾਰ ਗੋਲ ਹੈ। ਸਵਾਦ ਰਹਿਤ ਹੈ।

(5) ਆਕਾਸ਼ : ਸਭ ਤੋਂ ਤੇਜ਼ ਹੈ। ਕਾਲਾ ਜਾਂ ਸਭ ਰੰਗਾਂ ਦਾ ਮਿਸ਼ਰਨ ਰੰਗ ਹੈ। ਆਕਾਰ ਰਹਿਤ ਹੈ। ਸਵਾਦ ਕੜਵਾ ਹੈ। ਇਹ ਰੰਗ ਮਨੁੱਖੀ ਜਗਤ ਤੇ ਅਸਰ ਕਰਦੇ ਹਨ।

## ਸੱਤ ਲੇਸ਼ਿਆਵਾਂ ਦੇ ਲੱਛਣ

(ੳ) ਕ੍ਰਿਸ਼ਨ : ਮਿਥਿਆਤਵ, ਅਵਿਰਤੀ, ਪ੍ਰਮਾਦ, ਕਸ਼ਾਇ ਅਤੇ ਅਸ਼ੁਭ ਪੰਜ ਆਸ਼ਰਵਾਂ (ਪਾਪਾਂ) ਵਿਚ ਲੱਗੇ ਰਹਿਣਾ, ਮਨ, ਬਚਨ ਤੇ ਸਰੀਰ ਤੇ ਸੰਜਮ ਨਾ ਕਰਨਾ, ਖਿਮਾਂ ਕਰਨਾ, ਨੀਚਤਾ ਵਿਖਾਉਣਾ, ਅਵਿਵੇਕ ਰੱਖਣਾ, ਬਿਨਾਂ ਵਿਚਾਰ ਕੰਮ ਕਰਨਾ, ਗੁੱਸੇ ਵਾਲਾ ਤੇ ਇੰਦਰੀਆਂ ਤੇ ਕਾਬੂ ਨਾ ਰੱਖਣ ਵਾਲਾ, ਕ੍ਰਿਸ਼ਨ ਲੇਸ਼ਿਆ ਵਾਲਾ ਹੈ (ਉਤਰਾਧਿਐਨ ਸੂਤਰ 34/2-24)।

(ਅ) ਨੀਲ : ਈਰਖਾਲੂ, ਆਪਣੀ ਹੀ ਗੱਲ ਆਖਣ ਵਾਲਾ, ਅਗਿਆਨੀ, ਧੋਖੇਬਾਜ, ਬੇਸ਼ਰਮ, ਵਿਸ਼ੇ ਵਿਕਾਰਾਂ ਦਾ ਭੋਗੀ, ਦਵੇਸ਼ੀ, ਠੱਗ, ਗਾਫ਼ਲ, ਰਸਾਂ ਦਾ ਸ਼ੌਕੀਨ, ਸੁੱਖਾਂ ਦਾ ਇੱਛੁਕ, ਆਰੰਭ ਕਰਨ ਵਾਲਾ, ਸੁਭਾਤ ਤੋਂ ਨੀਚ ਤੇ ਬਿਨਾਂ ਵਿਚਾਰੇ ਕੰਮ ਕਰਨ ਵਾਲਾ ਨੀਲ ਲੇਸ਼ਿਆ ਵਾਲਾ ਹੈ (ਉਤਰਾਧਿਐਨ ਸੂਤਰ 34/25-26)।

(ੲ) ਕਪੋਤ : ਬੋਲ ਚਾਲ ਠੀਕ ਨਾ ਰੱਖਣ ਵਾਲ, ਧੋਖੇਬਾਜ, ਚਾਰਿੱਤਰ ਤੋਂ ਉਲਟ ਚੱਲਣ ਵਾਲਾ ਆਪਣੇ ਦੋਸ਼ ਛੁਪਾਉਣ ਵਾਲਾ, ਝੂਠਾ, ਮਖੌਲ ਕਰਨ ਵਾਲਾ, ਭੈੜੇ ਬਚਨ ਬੋਲਣ ਵਾਲਾ, ਚੋਰੀ ਕਰਨ ਵਾਲਾ ਤੇ ਮਸਖਰੀਆਂ ਕਰਨ ਵਾਲਾ ਕਪਤੋ ਲੇਸ਼ਿਆ ਵਾਲਾ ਹੈ (ਉਤਰਾਧਿਐਨ ਸੂਤਰ 34/27-28)।

(ਸ) ਤੇਜਸ : ਨਰਮ ਵਰਤਾਉ ਕਰਨ ਵਾਲ, ਜੋ ਚਲਾਕ ਨਹੀਂ, ਧੋਖੇ ਰਹਿਤ ਹੈ, ਸ਼ੋਰ ਸ਼ਰਾਬਾ ਨਹੀਂ ਕਰਦਾ, ਵਿਨੈਵਾਨ, ਇੰਦਰੀਆਂ ਦਾ ਜੇਤੂ, ਮਾਨਸਿਕ ਸੁੱਖਾਂ ਦਾ ਧਨੀ, ਤਪੱਸਵੀ, ਧਾਰਮਿਕ, ਪ੍ਰੇਮ ਧਰਮ ਵਿਚ ਦਰਿੜ, ਪਾਪ ਤੋਂ ਡਰਨ ਵਾਲਾ ਅਤੇ ਮੁਕਤੀ ਦਾ ਇੱਛੁਕ ਤੇਜਸ ਲੇਸ਼ਿਆ ਵਾਲਾ ਹੈ (ਉਤਰਾਧਿਐਨ ਸੂਤਰ 34/29-30)

(ਹ) ਪਦਮ : ਕਰੋਧ, ਮਾਨ, ਮਾਇਆ ਤੇ ਲੋਭ ਜਿਸ ਥੋੜ੍ਹੇ ਰਹਿ ਗਏ ਹਨ, ਜੋ ਚਿੱਤ ਤੋਂ ਸ਼ਾਂਤ ਹੈ, ਆਤਮਿਕ ਸੁੱਖ ਵਿਚ ਰਹਿਣ ਵਾਲਾ, ਥੋੜ੍ਹਾ ਬੋਲਣ ਵਾਲਾ ਤੇ ਜੇਤੂ ਪਦਮ ਲੇਸ਼ਿਆ ਵਾਲਾ ਹੈ (ਉਤਰਾਧਿਐ ਸੂਤਰ 34/31-32)।

(ਕ) ਸ਼ੁਕਲ : ਧਰਮ ਤੇ ਸ਼ੁਕਲ ਧਿਆਨ ਵਿਚ ਲੱਗਣਾ, ਚਿੱਤ ਦੀ ਸ਼ਾਂਤੀ, ਸਵੈ ਕਾਬੂ ਰੱਖਣ ਵਾਲਾ, ਸਮਿਅਕ (ਸਹੀ) ਵਿਚ ਲੱਗਾ ਮਨ, ਬਚਨ ਤੇ ਸਰੀਰ ਰਾਹੀਂ ਸੰਜਮ ਪਾਲਣ ਕਰਨ ਵਾਲਾ ਤੇ ਇੰਦਰੀਆਂ ਦਾ ਜੇਤੂ ਸ਼ੁਕਲ ਲੇਸ਼ਿਆ ਵਾਲਾ ਹੈ।

(7) ਸਥਾਨ - ਸਭ ਲੇਸ਼ਿਆ ਦਾ ਸਥਾਨ ਅਸੰਖ ਹਨ।

(8) ਸਥਿਤੀ

(9) ਗਤੀ : ਕ੍ਰਿਸ਼ਨ, ਨੀਲ, ਕਪੋਤ ਦੀ ਗਤੀ "ਭੈੜੀ ਦੁਰਗਤੀ ਹੈ", ਤੇਜਸ, ਪਦਮ ਤੇ ਸ਼ੁਕਲ ਦੀ ਸ਼ੁਭ ਗਤੀ ਹੈ।

(10) ਉਮਰ : ਲੇਸ਼ਿਆ ਦੇ ਸ਼ੁਰੂ ਤੇ ਆਖ਼ੀਰ ਸਮੇਂ ਤੱਕ ਉਮਰ ਬਾਕੀ ਨਹੀਂ ਰਹਿੰਦੀ। ਪਰ ਵਿਚਕਾਰਲੇ ਸਮੇਂ ਵਿਚ ਉਮਰ ਰਹਿੰਦੀ ਹੈ। ਇਹ ਨਿਯਮ ਸਭ ਲੇਸ਼ਿਆ ਤੇ ਸਮਾਨ ਹੈ।

ਭਗਵਤੀ ਸੂਤਰ, ਪ੍ਰਗਿਆਪਨਾ ਸੂਤਰਾਂ ਵਿਚ ਲੇਸ਼ਿਆਵਾਂ ਦੀ ਲੰਬੀ ਵਿਆਖਿਆ ਮਿਲਦੀ ਹੈ। ਮਨੁੱਖ ਦਾ ਸਰੀਰ ਪੁਦਗਲ ਹੈ। ਪੁਦਗਲਾਂ ਵਿਚ ਰੰਗ ਜ਼ਰੂਰ ਹੁੰਦਾ ਹੈ। ਜੈਨ ਧਰਮ ਦੇ 24 ਤੀਰਥੰਕਰਾਂ ਦੀ ਭਿੰਨ ਭਿੰਨ ਰੰਗਾ ਸ਼ਾਸਤਰਾਂ ਵਿਚ ਆਖੇ ਗਏ ਹਨ। ਪਦਮ ਪ੍ਰਭੂ ਤੇ ਵਾਸੂ ਪੂਜਯ ਜੀ ਦਾ ਲਾਲ ਰੰਗ ਹੈ। ਚੰਦਰ ਪ੍ਰਭੂ ਤੇ ਪੁਸ਼ਪਦੰਤ ਦਾ ਰੰਗ ਸਫੈਦ ਹੈ। ਮੁਨੀਸੁਵਰਤ ਤੇ ਅਰਿਸ਼ਟ ਨੇਮਿ ਜੀ ਦਾ ਰੰਗ ਕਾਲਾ ਹੈ। ਮੱਲੀ ਨਾਥ ਤੇ ਪਾਰਸ਼ਵਨਾਥ ਜੀ ਦਾ ਰੰਗ ਨੀਲਾ ਹੈ। ਬਾਕੀ ਸੋਲਾਂ ਦਾ ਰੰਗ ਸੁਨਹਿਰੀ ਹੈ।

ਲੇਸ਼ਿਆ ਨੂੰ ਸਮਝਾਉਣ ਲਈ ਪੁਰਾਣੇ ਜੈਨ ਆਚਾਰਿਆ ਨੇ ਇਕ ਬਹੁਤ ਚੰਗੀ ਉਦਾਹਰਣ ਪੇਸ਼ ਕੀਤੀ ਹੈ। ਇਕ ਵਾਰ ਛੇ ਮਿੱਤਰ ਇਕ ਜੰਗਲ ਵਿਚ ਗਏ। ਭਿਅੰਕਰ ਗਰਮੀ ਪੈ ਰਹੀ ਸੀ। ਛੇ ਮਿੱਤਰਾਂ ਨੂੰ ਭੁੱਖ ਤੇ ਪਿਆਸ ਨੇ ਖੂਬ ਸਤਾਇਆ। ਅਚਾਨਕ ਜੰਗਲ ਵਿਚ ਉਹਨਾਂ ਨੇ ਫਲਾਂ ਨਾਲ ਲੱਦਿਆ ਦਰਖ਼ਤ ਵੇਖਿਆ।

ਪਹਿਲਾ ਮਿੱਤਰ ਜੋ ਕਿ ਕ੍ਰਿਸ਼ਨ ਲੇਸ਼ਿਆ (ਮਾੜੇ ਸੁਭਾਅ) ਵਾਲਾ ਸੀ ਕਿ ਫਲਾਂ ਵਾਲੇ ਦਰਖ਼ਤ ਨੂੰ ਕੱਟ ਕੇ ਆਪਾਂ ਰਲ ਕੇ ਸਾਰੇ ਫਲ ਖਾਈਏ।

ਦੂਸਰੇ ਮਿੱਤਰ ਜੋ ਕਿ ਨੀਲ ਲੇਸ਼ਿਆ ਵਾਲਾ ਸੀ ਉਸ ਨੇ ਕਿਹਾ ਕਿ ਸਾਰੇ ਦਰਖ਼ਤ ਨੂੰ ਜੜੋਂ ਕੱਟਣ ਦੀ ਕੀ ਜ਼ਰੂਰਤ ਹੈ। ਆਪਾਂ ਫਲਾ ਵਾਲਾ ਇੱਕ ਟਾਹਣਾ ਹੀ ਕੱਟ ਲੈਂਦੇ ਹਾਂ।

ਤੀਸਰਾ ਕੁਪੋਤ ਲੇਸ਼ਿਆ ਵਾਲਾ ਮਿੱਤਰ ਆਖਣ ਲੱਗਾ ਕਿ ਫਲਾਂ ਵਾਲੇ ਦਰਖ਼ਤ ਦਾ ਵੱਡਾ ਟਾਹਣਾ ਕੱਟਣ ਦੀ ਕੋਈ ਜ਼ਰੂਰਤ ਨਹੀਂ ਆਪਾਂ ਫਲਾਂ ਵਾਲੀ ਛੋਟੀ ਟਾਹਣੀ ਵੱਢ ਕੇ ਫਲ ਖਾ ਲੈਂਦੇ ਹਾਂ।

ਤੇਜਸ ਲੇਸ਼ਿਆ ਵਾਲਾ ਚੋਥਾ ਮਿੱਤਰ ਜੋ ਤਿੰਨਾਂ ਨਾਲੋਂ ਕੁਝ ਜ਼ਿਆਦਾ ਸਮਝਦਾਰ ਸੀ, ਉਸ ਨੇ ਕਿਹਾ ਕਿ ਦਰਖ਼ਤ ਦੇ ਕਿਸੇ ਵੀ ਟਾਹਣੇ ਨੂੰ ਕੱਟਣ ਦੀ ਲੋੜ ਨਹੀਂ, ਆਪਾਂ ਦਰਖ਼ਤ ਦੇ ਉਪਰ ਚੱੜ੍ਹ ਕੇ ਕੱਚੇ ਪੱਕੇ ਫਲ ਤੋੜ ਲੈਂਦੇ ਹਾਂ।

ਪੰਜਵੀਂ ਪਦਮ ਲੇਸ਼ਿਆ ਵਾਲਾ ਮਿੱਤਰ ਆਖਣ ਲੱਗਾ ਕਿ ਆਪਾਂ ਨੂੰ ਕੱਚੇ ਫਲ ਨਹੀਂ ਤੋੜਨੇ ਚਾਹੀਦੇ। ਆਪਣੇ ਖਾਣ ਲਈ ਤਾਂ ਸਿਰਫ ਪੱਕੇ ਫਲ ਹੀ ਕੰਮ ਆਉਣੇ ਹਨ ਇਸ ਲਈ ਆਪਾਂ ਸਿਰਫ ਪੱਕੇ ਫਲ ਹੀ ਤੋੜ ਕੇ ਖਾ ਲੈਂਦੇ ਹਾਂ।

ਛੇਵਾਂ ਮਿੱਤਰ ਜੋ ਕਿ ਸ਼ੁਕਲ ਲੇਸ਼ਿਆ ਵਾਲਾ ਸੀ, ਉਸ ਨੇ ਕਿਹਾ ਕਿ ਦਰਖ਼ਤ ਨੂੰ ਜਾਂ ਟਾਹਣੇ ਨੂੰ ਜਾਂ ਟਾਹਣੀ ਨੂੰ ਕੱਟਣ ਦੀ ਕੋਈ ਲੋੜ ਨਹੀਂ। ਕੱਚੇ ਪੱਕੇ ਸਾਰੇ ਫਲ ਵੀ ਤੋੜਨ ਦੀ ਕੋਈ ਜ਼ਰੂਰਤ ਨਹੀਂ। ਜਿਹੜੇ ਫਲ ਪੱਕ ਕੇ ਆਪਣੇ ਆਪ ਧਰਤੀ ਤੇ ਡਿੱਗੇ ਪਏ ਹਨ, ਆਪਾਂ ਸਾਰੇ ਉਹਨਾਂ ਫਲਾਂ ਨੂੰ ਖਾ ਕੇ ਹੀ ਆਪਣੀ ਭੁੱਖ ਮਿਟਾ ਸਕਦੇ ਹਾਂ।

ਇਸ ਪ੍ਰਕਾਰ ਉਪਰੋਕਤ ਕਹਾਣੀ ਰਾਹੀਂ ਸਿੱਧ ਕੀਤਾ ਗਿਆ ਹੈ ਕਿ ਪਹਿਲੇ ਤਿੰਨ ਮਨੁੱਖ ਅਸ਼ੁੱਭ ਵਿਚਾਰਾ ਕਾਰਨ ਅਸ਼ੁੱਭ ਲੇਸ਼ਿਆ ਵਾਲੇ ਹਨ। ਅਗਲੇ ਤਿੰਨ ਮਿੱਤਰ ਸ਼ੁੱਭ ਵਿਚਾਰਾਂ ਕਾਰਨ ਸ਼ੁਭ ਲੇਸ਼ਿਆਂ ਵਾਲੇ ਹਨ (ਵੇਖੋ ਚਿੱਤਰ)।

# ਚੌਂਤੀਵਾਂ ਅਧਿਐਨ

ਮੈਂ ਸਿਲਸਿਲੇ ਵਾਰ ਲੇਸ਼ਿਆਵਾਂ ਦਾ ਵਰਨਣ ਕਰਾਂਗਾ। ਮੇਰੇ ਪਾਸੋਂ ਤੁਸੀਂ 6 ਲੇਸ਼ਿਆ ਦੇ ਰੰਗ ਦਾ ਵਰਨਣ ਸੁਣੋ।1।

ਲੇਸ਼ਿਆ ਦੇ ਨਾਉਂ, ਵਰਨ, ਰਸ, ਗੰਧ, ਸਪਰਸ਼, ਪਰਿਨਾਮ, ਲੱਛਣ, ਸਥਾਨ, ਸਥਿਤੀ, ਗਤੀ ਅਤੇ ਉਮਰ ਮੇਰੇ ਪਾਸੋਂ ਸੁਣੋ।2।

(ਨਾਮ ਦੁਆਰ)

ਲੇਸ਼ਿਆਵਾਂ ਦੇ ਨਾਉਂ ਇਸ ਪ੍ਰਕਾਰ ਹਨ। (1) ਕ੍ਰਿਸ਼ਨ (ਕਾਲਾ) (2) ਨੀਲ (3) ਕਪੋਤ (ਕਬੂਤਰ ਵਰਗਾ ਰੰਗ) (4) ਤੇਜਸ (ਲਾਲ) (5) ਪਦਮ (ਪੀਲਾ (6) ਸ਼ੁਕਲ (ਸਫੈਦ)।3।

(ਰੰਗ ਦੁਆਰ)

ਕ੍ਰਿਸ਼ਨ ਲੇਸ਼ਿਆ ਦਾ ਰੰਗ ਪਾਣੀ ਨਾਲ ਭਰੇ ਬੱਦਲਾਂ (ਮੱਝਾਂ ਦੇ ਸਿੰਗ) ਅਰਿਸ਼ਟਰ ਫਲ (ਰੀਠਾ) ਖੰਜਨ, ਅੰਜਨ (ਸੂਰਮਾ) ਅਤੇ ਨੇਤਰ ਤਾਰਿਕਾ ਦਾ ਸਮਾਨ ਕਾਲਾ ਹੈ।4।

ਨੀਲ ਲੇਸ਼ਿਆ ਦਾ ਰੰਗ : ਨੀਲ ਅਸ਼ੋਕ, ਦਰਖ਼ਤ, ਚਾਸ ਪੰਛੀ ਦੇ ਪਰ ਅਤੇ ਬੇਡੂਰਿਆ ਮਨੀ ਦੀ ਤਰ੍ਹਾਂ ਨੀਲਾ ਹੈ।5।

ਕਪੋਤ ਲੇਸ਼ਿਆ ਦਾ ਰੰਗ: ਅਲਸੀ ਦੇ ਫੁੱਲ ਕੋਇਲ ਤੇ ਪਰ ਅਤੇ ਕਬੂਤਰ ਦੀ ਚੁੰਝ ਦੀ ਤਰ੍ਹਾਂ ਕੁਝ ਕਾਲਾ ਅਤੇ ਕੁਝ ਲਾਲ ਮਿਲਿਆ ਜੁਲਿਆ ਹੁੰਦਾ ਹੈ।6।

ਤੇਜੋ ਲੇਸ਼ਿਆ ਦਾ ਰੰਗ : ਹਿੰਗੁਲ, ਧਾਤ, ਗੇਰੂਆ ਚਮਕਦਾ ਸੂਰਜ, ਤੋਤੇ ਦੀ ਚੁੰਝ ਤੇ ਦੀਪਕ ਦੀ ਲੌ ਦੀ ਤਰ੍ਹਾਂ ਲਾਲ ਹੁੰਦਾ ਹੈ।7।

ਪਦਮ ਲੇਸ਼ਿਆ ਦਾ ਰੰਗ : ਹਰੀ ਤਾਲ (ਪੀਲਾ) ਤੇ ਹਲਦੀ ਦੇ

ਟੁਕੜੇ ਅਸਣ ਅਤੇ ਸਣ ਦੇ ਫੁੱਲਾਂ ਵਰਗਾ ਪੀਲਾ ਹੁੰਦਾ ਹੈ।8।

ਸ਼ੁਕਲ ਲੇਸ਼ਿਆ ਦਾ ਰੰਗ : ਸਫੈਦ, ਅੰਕਰਤਨ (ਸਫੈਦ ਰਤਨ) ਕੁੰਦਮੁੱਚ ਦਾ ਫੁੱਲ, ਦੁੱਧ ਦੀ ਧਾਰ, ਚਾਂਦੀ ਦੇ ਹਾਰ ਦੀ ਤਰ੍ਹਾਂ ਸਫੈਦ ਹੁੰਦਾ ਹੈ।9।

(ਰਸ ਦੁਆਰ)

ਕੌੜਾ ਤੂੰਬਾ (ਕੱਦੂ) ਨਿੰਮ ਅਤੇ ਕੌੜੀ ਰੋਹਨੀ ਦਾ ਰਸ ਜਿੰਨਾ ਕੋੜਾ ਹੁੰਦਾ ਹੈ, ਉਸ ਤੋਂ ਅਨੰਤ ਗੁਣਾ ਜ਼ਿਆਦਾ ਕੌੜਾ, ਕ੍ਰਿਸ਼ਨ (ਕਾਲਾ) ਲੇਸ਼ਿਆ ਦਾ ਰਸ ਹੈ।10।

ਤਰਿਕੂਟ ਅਤੇ ਗੱਜ ਪੀਪਲ ਦਾ ਰਸ ਜਿੰਨਾ ਤਿੱਖਾ ਹੁੰਦਾ ਹੈ ਉਸ ਤੋਂ ਅਨੰਤ ਗੁਣਾ ਜ਼ਿਆਦਾ ਤਿੱਖਾ ਨੀਲ ਲੇਸ਼ਿਆ ਦਾ ਰਸ ਹੈ।11।

ਕੱਚੇ ਅੰਬ ਦੇ ਰਸ, ਕੱਚੇ ਕਪਿੱਥ ਦਾ ਰਸ ਜਿੰਨਾ ਕਸੈਲਾ ਹੁੰਦਾ ਹੈ, ਉਸ ਤੋਂ ਅਨੰਤ ਗੁਣਾ ਜ਼ਿਆਦਾ ਕਸੈਲਾ ਕਪੋਤ ਲੇਸ਼ਿਆ ਦਾ ਰਸ ਹੈ।12।

ਪੱਕੇ ਹੋਏ ਅੰਬ ਅਤੇ ਪੱਕੇ ਹੋਏ ਕਪੀਥ ਦਾ ਰਸ ਜਿੰਨਾ ਖੱਟਾ ਹੁੰਦਾ ਹੈ ਉਸ ਤੋਂ ਅਨੰਤ ਗੁਣਾ ਖੱਟਾ ਮਿੱਠਾ ਤੇਜੋ ਲੇਸ਼ਿਆ ਦਾ ਰਸ ਹੈ।13।

ਉੱਤਮ ਸੁਰਾ (ਸ਼ਰਾਬ) ਫੁੱਲਾਂ ਦੇ ਬਣੇ ਭਿੰਨ ਭਿੰਨ ਪ੍ਰਕਾਰ ਦੇ ਆਸ਼ਵ (ਅਰਕ) ਮਧੂ (ਵਿਸ਼ੇਸ਼ ਪ੍ਰਕਾਰ ਦੀ ਸ਼ਰਾਬ) ਅਤੇ ਸਿਰਕੇ ਦਾ ਰਸ ਜਿੰਨਾ ਕਸੈਲਾ ਹੁੰਦਾ ਹੈ, ਉਸ ਤੋਂ ਅਨੰਤ ਗੁਣਾ ਜ਼ਿਆਦਾ ਕਸੈਲਾ ਪਦਮ ਲੇਸ਼ਿਆ ਦਾ ਰਸ ਹੈ।14।

ਖਜੂਰ, ਦਾਖ, ਦੁੱਧ, ਖੀਰ, ਖੰਡ ਅਤੇ ਸ਼ੱਕਰ ਦਾ ਰਸ ਜਿੰਨਾ ਮਿੱਠਾ ਹੁੰਦਾ ਹੈ, ਉਸ ਤੋਂ ਅਨੰਤ ਗੁਣਾ ਮਿੱਠਾ ਸ਼ੁਕਲ ਲੇਸ਼ਿਆ ਦਾ ਰਸ ਹੈ।15।

(ਗੰਧ ਦੁਆਰ)

ਜਿਸ ਤਰ੍ਹਾਂ ਗਾਂ, ਕੁੱਤੇ ਅਤੇ ਸੱਪ ਦੇ ਮ੍ਰਿਤਕ ਸਰੀਰ ਵਰਗੀ ਬਦਬੂ ਹੁੰਦੀ ਹੈ। ਉਸ ਤੋਂ ਅਨੰਤ ਗੁਣਾ ਦੁਰਗੰਧ (ਬਦਬੂ) ਪਹਿਲੀਆਂ ਤਿੰਨ ਲੇਸ਼ਿਆਵਾਂ ਦੀ ਹੁੰਦੀ ਹੈ।16।

ਸੁਗੰਧ ਵਾਲੇ ਫੁੱਲਾਂ ਅਤੇ ਪੀਸੇ ਜਾ ਰਹੇ ਖੁਸ਼ਬੂਆਂ (ਚੰਦਨ ਆਦਿ) ਵਰਗੀ ਗੰਧ ਪਿਛਲੀਆਂ ਤਿੰਨ ਸ਼ੁਭ ਲੇਸ਼ਿਆਵਾਂ ਦੀ ਹੁੰਦੀ ਹੈ।17।

(ਸਪਰਸ਼ ਦੁਆਰ)

ਕਰਪੱਤਰ, ਗਾਂ ਦੀ ਜੀਭ ਅਤੇ ਸਾਗ ਦੇ ਪੱਤਿਆਂ ਦੀ ਛੋਹ, ਵਰਗਾ ਖੁਰਦਰਾਪਣ ਹੁੰਦਾ ਹੈ, ਉਸ ਤੋਂ ਅਨੰਤ ਗੁਣਾ ਜ਼ਿਆਦਾ ਖੁਰਦਰੀ ਛੋਹ ਪਹਿਲੀਆਂ ਤਿੰਨ ਲੇਸ਼ਿਆਵਾਂ ਦੀ ਹੈ।18।

ਬੂਰ (ਬਨਸਪਤੀ), ਮੱਖਣ, ਸਿਰੀਸ਼ ਦੇ ਫੁੱਲਾਂ ਦੀ ਛੋਹ ਵਰਗੀ ਕੋਮਲ (ਨਰਮ) ਛੋਹ ਪਿਛਲੀਆਂ ਤਿੰਨ ਲੇਸ਼ਿਆਵਾਂ ਦੀ ਹੈ।19।

(ਪਰਿਨਾਮ ਦੁਆਰ)

ਲੇਸ਼ਿਆਵਾਂ ਦੇ ਤਿੰਨ, ਨੌ, ਸਤਾਈ, ਇਕਾਸੀ ਜਾਂ 243 (ਘੱਟ, ਮੱਧਮ, ਜ਼ਿਆਦਾ) ਪਰਿਨਾਮ ਹੁੰਦੇ ਹਨ।20।

(ਲੱਖਣ ਦੁਆਰ)

ਜੋ ਮਨੁੱਖ ਪੰਜ ਆਸਰਵਾਂ ਵਿਚ ਲੱਗਾ ਹੈ, ਤਿੰਨ ਗੁਪਤੀਆਂ ਤੋਂ ਰਹਿਤ ਹੈ, ਭਾਵ ਪਾਲਣ ਨਹੀਂ ਕਰਦਾ, ਛੇ ਕਾਇਆਂ ਦੇ ਜੀਵਾਂ ਦੀ ਰੱਖਿਆ ਵੀ ਨਹੀਂ ਕਰਦਾ, ਹਿੰਸਾ ਆਦਿ ਵਿਚ ਲੱਗਾ ਰਹਿੰਦਾ ਹੈ, ਨੀਚ ਹੈ, ਅਵਿਵੇਕੀ ਹੈ। ਬੁਰੇ ਕੰਮ ਵਾਲਾ ਹੈ, ਕਰੂਰ ਹੈ, ਇੰਦਰੀਆਂ ਤੇ ਕਾਬੂ ਨਹੀਂ ਪਾ ਸਕਦਾ, ਬੁਰੇ ਕੰਮਾਂ ਵਿਚ ਲੱਗਾ ਰਹਿੰਦਾ ਹੈ, ਉਹ ਕ੍ਰਿਸ਼ਨ ਲੇ ਸ਼ਿਆ ਵਿਚ ਲੱਗਾ ਹੁੰਦਾ ਹੈ21-।22।

ਜੋ ਈਰਖਾਲੂ ਆਪਣੀ ਗੱਲ ਤੇ ਹੀ ਡਟਣ ਵਾਲਾ, ਸਹਿਣਸ਼ੀਲਤਾ ਨਾ ਰੱਖਣ ਵਾਲਾ, ਅਤੇ ਤਪੱਸਿਆ ਨਹੀਂ ਕਰਦਾ ਅਗਿਆਨੀ ਹੈ, ਧੋਖਾ ਕਰਦਾ ਹੈ, ਸ਼ਰਮ ਰਹਿਤ ਹੈ, ਵਿਸ਼ੇ ਵਿਕਾਰਾਂ ਵਿਚ ਲੱਗਿਆ ਹੈ, ਦਵੇ ਸ਼ੀ ਹੈ, ਠੱਗ ਹੈ, ਅਣਗਹਿਲੀ ਕਰਦਾ ਹੈ, ਰਸ ਸੁਆਦਾਂ ਵਿਚ ਲੱਗਾ ਰਹਿੰਦਾ ਹੈ, ਸੁੱਖਾਂ ਦੀ ਭਾਲ ਕਰਦਾ ਹੈ। ਜੋ ਆਰੰਬ (ਪਾਪ ਵਿਚ ਲੱਗਾ ਹੋਇਆ ਹੈ) ਨੀਚ ਹੈ, ਕਮਜੋਰੀ ਦਾ ਧਨੀ ਹੈ, ਇਨ੍ਹਾਂ ਕੰਮਾਂ ਵਿਚ ਲੱਗਾ ਸਵਾਰਥੀ ਮਨੁੱਖ, ਨੀਲ ਲੇਸ਼ਿਆ ਦਾ ਪਾਲਣ ਕਰਦਾ ਹੈ।23-24।

ਜੋ ਮਨੁੱਖ ਪੁੱਠਾ (ਗਲਤ) ਬੋਲਦਾ ਹੈ, ਗਲਤ ਚਾਲ-ਚੱਲਣ ਵਾਲਾ ਹੈ, ਧੋਖਾ ਕਰਦਾ ਹੈ, ਸਰਲਤਾ ਤੋਂ ਰਹਿਤਾ ਹੈ, ਆਪਣੇ ਗੁਨਾਹਾਂ ਨੂੰ ਛੁਪਾਉਂਦਾ ਹੈ, ਸਾਰੇ ਪਾਸੇ ਮਨਮਰਜ਼ੀ ਕਰਦਾ ਹੈ, ਮਿੱਥਿਆ ਦ੍ਰਿਸ਼ਟੀ (ਪਾਪ) ਵਾਲਾ ਹੈ ਅਨਾਰਿਆ (ਦੁਸ਼ਟ) ਹੈ। ਇਸ ਪ੍ਰਕਾਰ ਪਰਾਏ ਭੇਦ ਪ੍ਰਗਟ ਕਰਨ ਵਾਲਾ, ਦੁਸ਼ਟ ਵਚਨ ਬੋਲਣ ਵਾਲਾ, ਚੋਰੀ ਅਤੇ ਪਰਾਈ ਸੰਪਤੀ ਨੂੰ ਨਾ ਸਹਿਣ ਕਰਨ ਵਾਲਾ, ਕਪੋਤ ਲੇਸ਼ਿਆ ਵਾਲਾ ਹੈ।।25-26।

ਜੋ ਨਿਮਰਤਾ ਰੱਖਦਾ ਹੈ, ਚਾਲਾਕੀ ਨਹੀਂ ਕਰਦਾ, ਧੋਖਾ ਨਹੀਂ ਦਿੰਦਾ, ਸ਼ੋਰ-ਸ਼ਰਾਬਾ ਨਹੀਂ ਕਰਦਾ, ਵਿਨੈ ਕਰਨ ਵਿਚ ਬੁੱਧੀਮਾਨ ਹੈ। ਪਾਪਾਂ ਤੋਂ ਮਨ ਨੂੰ ਰੋਕਦਾ ਹੈ। ਯੋਗੀ ਹੈ, ਪੜ੍ਹਨ, ਪੜ੍ਹਾਉਣ ਰਾਹੀਂ ਸਮਾਧੀ ਵਿਚ ਲੱਗਾ ਰਹਿੰਦਾ ਹੈ। ਉਪਧਾਨ (ਪੜ੍ਹਾਈ ਸਮੇਂ ਤਪ) ਕਰਨ ਵਾਲਾ ਹੈ। ਜੋ ਧਰਮ ਨੂੰ ਪਿਆਰ ਕਰਦਾ ਹੈ, ਜੋ ਧਰਮ ਤੇ ਦ੍ਰਿੜ ਹੈ ਤੇ ਪਾਪ ਤੋਂ ਡਰਦਾ ਹੈ, ਭਲਾ ਚਾਹੁਣ ਵਾਲਾ ਹੈ। ਇਨ੍ਹਾਂ ਸਾਰੇ ਯੋਗਾਂ ਵਿਚ ਲੱਗਾ ਮਨੁੱਖ ਤੇਜੋ ਲੇਸ਼ਿਆ ਦਾ ਪਾਲਣ ਕਰਦਾ ਹੈ।27-28।

ਜਿਸ ਜੀਵ ਨੇ ਕਰੋਧ, ਮਾਨ, ਮਾਇਆ ਅਤੇ ਲੋਭ ਜਿਸ ਦੇ ਜੀਵਨ

ਵਿਚ ਬਹੁਤ ਘੱਟ ਰਹਿ ਗਏ ਹਨ ਜੋ ਸ਼ਾਂਤ ਚਿੱਤ ਹੈ ਆਪਣੀ ਮਨ ਦਾ ਦਮਨ ਕਰਨ ਵਾਲਾ ਹੈ, ਯੋਗ ਵਾਲਾ ਹੈ, ਉਪਧਾਨ (ਤਪ) ਕਰਨ ਵਾਲਾ ਹੈ।29।

ਜੋ ਥੋੜ੍ਹਾ ਬੋਲਦਾ ਹੈ, ਉਪਸ਼ਾਂਤ ਹੈ, ਇੰਦਰੀਆਂ ਦਾ ਜੇਤੂ ਹੈ, ਇਨ੍ਹਾਂ ਸਭ ਯੋਗਾਂ ਵਿਚ ਲੱਗਾ ਮਨੁੱਖ ਪਦਮ ਲੇਸ਼ਿਆ ਦਾ ਪਾਲਣ ਕਰਦਾ ਹੈ।30।

ਆਰਤ (ਦੁੱਖ) ਅਤੇ ਰੋਦਰ (ਪਾਪਕਾਰੀ) ਧਿਆਨ ਨੂੰ ਛੱਡ ਕੇ ਜੋ ਧਰਮ ਅਤੇ ਸ਼ੁਕਲ ਧਿਆਨ ਵਿਚ ਲੱਗਾ ਹੋਇਆ ਹੈ ਜੋ ਸ਼ਾਂਤ ਚਿੱਤ ਹੈ ਅਤੇ ਪਾਪ ਤੋਂ ਮਨ ਨੂੰ ਰੋਕਦਾ ਹੈ, ਪੰਜ ਸਮਿਤੀਆਂ ਦਾ ਪਾਲਣ ਕਰਦਾ ਹੈ, ਅਤੇ ਤਿੰਨ ਗੁਪਤੀਆਂ ਦਾ ਇਮਾਨਦਾਰੀ ਨਾਲ ਪਾਲਣ ਕਰਦਾ ਹੈ।31।

ਰਾਗ ਰਹਿਤ ਹੋਵੇ ਜਾਂ ਵੀਤਰਾਗ (ਰਾਗ ਸਹਿਤ) ਹੋਵੇ ਪਰ ਜੋ ਵੀ ਉਪਸਾਂਤ ਹੈ, ਇੰਦਰੀਆਂ ਦਾ ਜੇਤੂ ਹੈ, ਇਨ੍ਹਾਂ ਸਾਰੇ ਯੋਗਾਂ ਵਿਚ ਲੱਗਾ ਹੋਇਆ ਸ਼ੁਕਲ ਲੇਸ਼ਿਆ ਦਾ ਪਾਲਣ ਕਰਦਾ ਹੈ।32।

(ਸਥਾਨ ਦੁਆਰ)

ਅਸੰਖ ਅਵਸਰਪਨੀ ਅਤੇ ਉਤਸਪਰਨੀ ਕਾਲ ਦੀ ਜਿੰਨੇ ਅਕਾਸ਼ ਪ੍ਰਦੇਸ਼ ਹਨ ਉਨੇ ਹੀ ਲੇਸ਼ਿਆ ਦਾ ਸਥਾਨ (ਸ਼ੁਭ-ਅਸ਼ੁਭ ਲੇਸ਼ਿਆਵਾਂ ਦੇ ਨਾਲ ਚੜਨਾ) ਹੁੰਦਾ ਹੈ।33।

ਕ੍ਰਿਸ਼ਨ ਲੇਸ਼ਿਆ ਦੀ ਘੱਟੋ ਘੱਟ ਸਥਿਤੀ ਅਰਧ ਮਹੂਰਤ (ਮਹੂਰਤ ਤੋਂ ਹੇਠਾਂ ਦਾ ਸਮਾਂ) ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਸਥਿਤੀ 33 ਸਾਗਰੋਪਮ ਤੇ ਇਕ ਮਹੂਰਤ ਹੈ।34।

(ਸਥਿਤੀ ਦੁਆਰ)

ਨੀਲ ਲੇਸ਼ਿਆ ਦੀ ਜਗਨਿਆਂ (ਘੱਟੋ ਘੱਟ ਸਥਿਤੀ) ਅੰਤਰਮਹੂਰਤ ਹੈ ਅਤੇ ਦਰਮਿਆਨੀ ਸਥਿਤੀ ਜ਼ਿਆਦਾ ਤੋਂ ਜ਼ਿਆਦਾ 10 ਸਾਗਰ ਹੈ।35।

ਕਪੋਤ ਲੇਸ਼ਿਆ ਦੀ ਘੱਟੋ ਸਥਿਤੀ ਅੰਤਰਮਹੂਰਤ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਪਲਯੋਪਮ ਤੇ ਅਸੰਖਿਆਤਵਾਂ ਭਾਗ ਤੇ ਤਿੰਨ ਸਾਗਰੋਪਮ ਹੈ।36।

ਤੇਜੋ ਲੇਸ਼ਿਆ ਦੀ ਘੱਟੋ ਸਥਿਤੀ ਅੰਤਰਮਹੂਰਤ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਪਲਯੋਪਮ ਤੇ ਅਸੰਖਿਆਤਵਾਂ ਭਾਗ ਤੇ ਦੋ ਸਾਗਰੋਪਮ ਹੈ।37।

ਪਦਮ ਲੇਸ਼ਿਆ ਦੀ ਘੱਟੋ ਸਥਿਤੀ ਅੰਤਰਮਹੂਰਤ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ 33 ਸਾਗਰੋਪਮ ਹੈ।39।

ਇਹ ਗਤੀ ਤੋਂ ਬਿਨਾ ਇਹ ਲੇਸ਼ਿਆਵਾਂ ਦਾ ਵਰਨਣ ਕੀਤਾ ਗਿਆ ਹੈ। ਹੁਣ ਚਾਰ ਗਤੀਆਂ ਦੇ ਜੀਵਾਂ ਦੀ ਲੇਸ਼ਿਆਵਾਂ ਦੀ ਸਥਿਤੀ ਦਾ ਵਰਨਣ ਕਰਾਂਗਾ।40।

ਕਪੋਤ ਲੇਸ਼ਿਆ ਦੀ ਘੱਟੋ ਘੱਟ ਸਥਿਤੀ 10 ਹਜ਼ਾਰ ਸਾਲ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਪਲਯੋਪਮ ਤੇ ਅਸੰਖਿਆਤਵੇਂ ਭਾਗ ਸਮੇਤ ਤਿੰਨ ਸਾਗਰੋਪਮ ਹੈ।41।

ਨੀਲ ਲੇਸ਼ਿਆ ਦੀ ਘੱਟੋ ਘੱਟ ਸਥਿਤੀ ਪਲਯੋਪਮ ਦੇ ਅਸੰਖਿਆਤਵੇਂ ਭਾਗ ਅਤੇ ਤਿੰਨ ਸਾਗਰੋਪਮ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਪਲਯੋਪਮ ਤੇ ਅਸੰਖਿਆਤਵੇਂ ਭਾਗ ਅਤੇ ਦਸ ਸਾਗਰੋਪਮ ਹੈ।42।

ਕ੍ਰਿਸ਼ਨ ਲੇਸ਼ਿਆ ਦੀ ਘੱਟੋ ਘੱਟ ਸਥਿਤੀ ਪਲਯੋਪਮ ਦੇ ਅਸੰਖਿਆਤਵੇਂ ਭਾਗ ਅਤੇ 10 ਸਾਗਰੋਪਮ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ

ਸਥਿਤੀ 33 ਸਾਗਰੋਪਮ ਹੈ।43।

ਨਾਰਕੀ ਜੀਵਾਂ ਦੀ ਲੇਸ਼ਿਆਵਾਂ ਦੀ ਸਥਿਤੀ ਦਾ ਵਰਨਣ ਕੀਤਾ ਹੈ ਇਸ ਤੋਂ ਬਾਅਦ ਤਿਰਯੱਚ (ਪਸ਼ੂ) ਮਨੁੱਖ ਅਤੇ ਦੇਵਤੇ ਦੀ ਲੇਸ਼ਿਆਵਾਂ ਦੀ ਸਥਿਤੀ ਦਾ ਵਰਨਣ ਕਰਾਂਗਾ।44।

ਸਿਰਫ ਸ਼ੁਕਲ ਲੇਸ਼ਿਆ ਨੂੰ ਛੱਡ ਕੇ ਮਨੁੱਖ ਅਤੇ ਪਸ਼ੂ ਦੀਆਂ ਜਿੰਨੀਆਂ ਵੀ ਲੇਸ਼ਿਆਵਾਂ ਹਨ, ਉਨ੍ਹਾਂ ਸਭ ਦੀ ਘੱਟੋ ਘੱਟ ਅਤੇ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਅੰਤਰਮਹੂਰਤ ਹੈ।45।

ਸ਼ੁਕਲ ਲੇਸ਼ਿਆ ਘੱਟੋ ਘੱਟ ਸਥਿਤੀ ਅੰਤਰਮਹੂਰਤ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ 9 ਸਾਲ ਘੱਟ 1 ਕਰੋੜ ਪੂਰਬ ਹੈ।46।

ਮਨੁੱਖਾਂ ਤੇ ਪਸ਼ੂਆਂ ਦੀਆਂ ਲੇਸ਼ਿਆਵਾਂ ਦਾ ਵਰਨਣ ਕੀਤਾ ਹੈ। ਇਸ ਤੋਂ ਅੱਗੇ ਦੇਵਤਿਆਂ ਦੀਆਂ ਲੇਸ਼ਿਆ ਦੀ ਸਥਿਤੀ ਦਾ ਵਰਨਣ ਕਰਾਂਗਾ।47।

ਕ੍ਰਿਸ਼ਨ ਲੇਸ਼ਿਆ ਦੀ ਘੱਟੋ ਘੱਟ ਸਥਿਤੀ 10 ਹਜ਼ਾਰ ਸਾਲ ਹੈ ਅਤੇ ਜ਼ਿਆਦ ਤੋਂ ਜ਼ਿਆਦਾ ਪਲਯੋਪਮ ਦਾ ਅਸੰਖਿਆਤਵਾਂ ਭਾਗ ਹੈ।48।

ਕ੍ਰਿਸ਼ਨ ਲੇਸ਼ਿਆ ਦਾ ਜੋ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਹੈ ਉਸ ਤੋਂ ਇਕ ਸਮਾਂ ਜ਼ਿਆਦਾ ਨੀਲ ਲੇਸ਼ਿਆ ਦੀ ਘੱਟੋ ਘੱਟ ਸਥਿਤੀ ਅਤੇ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਪਲਯੋਪਮ ਤਾ ਅਸੰਖਿਆਤਵਾਂ ਭਾਗ ਜ਼ਿਆਦਾ ਹੈ।49।

ਕ੍ਰਿਸ਼ਨ ਲੇਸ਼ਿਆ ਦਾ ਜੋ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਹੈ ਉਸ ਤੋਂ ਇਕ ਸਮਾਂ ਜ਼ਿਆਦਾ ਕਪੋਤ ਲੇਸ਼ਿਆ ਦੀ ਘੱਟੋ ਘੱਟ ਸਥਿਤੀ ਅਤੇ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਪਲਯੋਪਮ ਤਾ ਅਸੰਖਿਆਤਵਾਂ ਭਾਗ ਹੈ।50।

ਇਸ ਤੋਂ ਅੱਗੇ ਭਵਨਪਤੀ, ਵਿਅੰਤਰ, ਜਿਉਤਸ਼ੀ ਅਤੇ ਵੈਮਾਨੀਕ

ਦੇਵਤਿਆਂ ਦੀ ਤੇਜੋ ਲੇਸ਼ਿਆ ਦੀ ਸਥਿਤੀ ਦਾ ਵਰਨਣ ਕਰਾਂਗਾ।51।

ਤੇਜੋ ਲੇਸ਼ਿਆ ਦੀ ਘੱਟੋ ਘੱਟ ਸਥਿਤੀ ਇਕ ਪਲਯੋਪਮ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਪਲਯੋਪਮ ਦਾ ਅਸੰਖਿਆਤਵਾਂ ਭਾਗ ਅਤੇ 2 ਸਾਗਰੋਪਮ ਹੈ।52।

ਤੇਜੋ ਲੇਸ਼ਿਆ ਦੀ ਘੱਟੋ ਘੱਟ ਸਥਿਤੀ 10 ਹਜ਼ਾਰ ਸਾਲ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਪਲਯੋਪਮ ਦਾ ਅਸੰਖਿਆਤਵਾਂ ਭਾਗ ਅਤੇ 2 ਸਾਗਰੋਪਮ ਹੈ।53।

ਤੇਜੋ ਲੇਸ਼ਿਆ ਜ਼ਿਆਦਾ ਤੋਂ ਜ਼ਿਆਦਾ ਹੈ ਉਸ ਤੋਂ ਇਕ ਸਮਾਂ ਜ਼ਿਆਦਾ ਪਦਮ ਲੇਸ਼ਿਆ ਦੀ ਸਥਿਤੀ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਇਕ ਮਹੂਰਤ ਤੇ 10 ਸਾਗਰੋਪਮ ਹੈ।54।

ਜੋ ਪਦਮ ਲੇਸ਼ਿਆ ਦੀ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਹੈ ਉਸ ਤੋਂ ਇਕ ਸਮਾਂ ਘੱਟ ਸ਼ੁਕਲ ਲੇਸ਼ਿਆ ਦੀ ਸਥਿਤੀ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਇਕ ਮਹੂਰਤ ਤੇ 33 ਸਾਗਰੋਪਮ ਹੈ।55।

(ਗਤੀ ਦੁਆਰ)

ਕ੍ਰਿਸ਼ਨ, ਨੀਲ, ਕਪੋਤ : ਇਹ ਤਿੰਨੇ ਅਧਰਮ ਲੇਸ਼ਿਆਵਾਂ ਹਨ। ਇਨ੍ਹਾਂ ਤਿੰਨਾਂ ਕਾਰਨ ਹੀ ਜੀਵ ਅਨੇਕਾਂ ਵਾਰ ਦੁਰਗਤੀ ਪੈਦਾ ਹੁੰਦੇ ਹਨ।56।

ਤੇਜੋ ਲੇਸ਼ਿਆ, ਪਦਮ ਲੇਸ਼ਿਆ ਅਤੇ ਸ਼ੁਕਲ ਲੇਸ਼ਿਆ ਇਹ ਤਿੰਨੇ ਧਾਰਮਿਕ ਲੇਸ਼ਿਆਵਾਂ ਹਨ। ਇਨ੍ਹਾਂ ਤਿੰਨਾਂ ਕਾਰਨ ਜੀਵ ਅਨੇਕਾਂ ਵਾਰ ਸਦਗਤੀ (ਦੇਵਤੇ ਜਾਂ ਮਨੁੱਖ) ਦੇ ਰੂਪ ਵਿਚ ਪੈਦਾ ਹੁੰਦਾ ਹੈ।57।

(ਆਰਿਆ ਦੁਆਰ)

ਪਹਿਲੇ ਸਮੇਂ ਵਿਚ ਪੈਦਾ ਹੋਇਆ ਲੇਸ਼ਿਆਵਾਂ ਕਾਰਨ ਕੋਈ ਵੀ

ਜੀਵ, ਦੂਸਰੇ ਜਨਮ ਵਿਚ ਪੈਦਾ ਨਹੀਂ ਹੁੰਦਾ।58।

ਅੰਤਮ ਸਮੇਂ ਵਿਚ ਪੈਦਾ ਹੋਇਆ ਲੇਸ਼ਿਆਵਾਂ ਕਾਰਨ ਕੋਈ ਵੀ ਜੀਵ ਦੂਸਰੇ ਜਨਮ ਵਿਚ ਪੈਦਾ ਨਹੀਂ ਹੁੰਦਾ।59।

ਲੇਸ਼ਿਆਵਾਂ ਦੇ ਪੈਦਾ ਹੋਣ ਤੇ ਅੰਤਰਮਹੂਰਤ ਬੀਤ ਜਾਂਦਾ ਹੈ ਅਤੇ ਜਦ ਅੰਤਰ ਮਹੂਰਤ ਬਾਕੀ ਰਹਿ ਜਾਂਦਾ ਹੈ ਉਸ ਸਮੇਂ ਜੀਵ ਪਰਲੋਕ ਵਿਚ ਚਲਾ ਜਾਂਦਾ ਹੈ।60।

ਲੇਸ਼ਿਆਵਾਂ ਦੇ ਸੁਭਾਅ ਨੂੰ ਜਾਨ ਕੇ ਬੁੱਧੀਮਾਨ ਨੂੰ ਬੁਰੀ ਲੇਸ਼ਿਆਵਾਂ ਛੱਡ ਦੇਣੀਆਂ ਚਾਹੀਦੀਆਂ ਹਨ ਅਤੇ ਚੰਗੀਆਂ ਲੇਸ਼ਿਆਵਾਂ ਅਪਨਾਉਣੀਆਂ ਚਾਹੀਦੀਆਂ ਹਨ।61।

ਅਜਿਹਾ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 1

ਕਰਮ ਲੇਸ਼ਿਆ ਤੋਂ ਭਾਵ ਹੈ ਕਰਮ ਬੰਧ ਦਾ ਕਾਰਨ ਰਾਗ ਆਦਿ ਤੋਂ ਹੈ। ਲੇਸ਼ਿਆਵਾਂ ਦੋ ਪ੍ਰਕਾਰ ਦੀਆਂ ਹਨ (1) ਦਰੱਵ ਲੇਸ਼ਿਆ (2) ਭਾਵ ਲੇਸ਼ਿਆ। ਕਈ ਆਚਾਰਿਆ ਕਸ਼ਾਇ ਨਾਲ ਰੰਗਿਆ ਲੇਸ਼ਿਆ ਨੂੰ ਯੋਗ ਪ੍ਰਵਿਰਤੀ ਲੇਸ਼ਿਆ ਆਖਦੇ ਹਨ। ਇਹ ਆਪ ਛਦਮ ਅਵਸਥਾ (ਕੇਵਲ ਗਿਆਨ ਤੋਂ ਰਹਿਤ ਅਵਸਥਾ) ਵਿਚ ਹੋ ਸਕਦੀ ਹੈ। ਪਰ ਸ਼ੁਕਲ ਲੇਸ਼ਿਆ 13 ਗੁਣ ਸਥਾਨ ਤੱਕ 'ਕੇਵਲੀ' ਨੂੰ ਵੀ ਪ੍ਰਭਾਵਿਤ ਕਰਦੀ ਹੈ। ਅਯੋਗੀ ਕੇਵਲੀ ਨੂੰ ਨਹੀਂ। ਇਸ ਲਈ ਯੋਗ ਦੀ ਪ੍ਰਵਿਰਤੀ ਹੀ ਲੇਸ਼ਿਆ ਹੈ। ਕਸ਼ਾਇ ਤਾਂ ਕੇਵਲ ਇਨ੍ਹਾਂ ਲੇਸ਼ਿਆਵਾਂ ਵਿਚ ਤੇਜ਼ੀ ਪੈਦਾ ਕਰਦਾ ਹੈ। ਆਵਸਕ ਚੂਰਨ ਵਿਚ ਜਿਨਦਾਸ ਮਹਿਤਰ ਨੇ ਕਿਹਾ ਹੈ :

लध्श्याभिरत्मनि कर्माणि संयिलष्यन्ते। योग परिणामों लेश्या। जम्हा अयोगिकवली अलेस्सों।

ਗਾਥਾ 11

ਤ੍ਰਿਕਟੂ ਤੋਂ ਭਾਵ ਸੁੰਡ, ਕਾਲੀ ਮਿਰਚ, ਪਿੱਪਲ ਦਾ ਯੋਗ ਹੈ। याद्दशसिकटुक्स्य शुंठि–मिरिच पिप्पल्यार सस्तीक्षणः (ਸਰਵਸਿੱਧੀ ਵਿਰਤੀ)

ਗਾਥਾ 20

ਇਸ ਤੋਂ ਭਾਵ ਹੈ ਕਿ ਉੱਤਮ-ਮੱਧਮ-ਘੱਟ ਦੇ ਅੱਗੇ ਫਿਰ ਇਹੋ ਉਪਭੇਦ ਹਨ 3 × 3 (9) 9 × 3 (27) 27 × 3 (81) 81 × 3 (243)

ਗਾਥਾ 33

ਜੈਨ ਦਰਸ਼ਨ ਅਨੁਸਾਰ ਦੁਨੀਆ ਅਨਾਦਿ ਹੈ। ਇਹ ਕਿਸੇ ਪ੍ਰਮਾਤਮਾ ਦੁਆਰਾ ਨਹੀਂ ਬਣਾਈ ਗਈ। ਇਸ ਦ੍ਰਿਸ਼ਟੀ ਅਨੁਸਾਰ ਜੈਨ ਧਰਮ ਆਖਦਾ ਹੈ ਕਿ ਸਮੇਂ ਦਾ ਚੱਕਰ ਘੁੰਮਦਾ ਰਹਿੰਦਾ ਹੈ। ਇਸ ਚੱਕਰ ਨੂੰ ਆਰਾ ਆਖਦੇ ਹਨ ਇਸ ਦੇ ਦੋ ਭਾਗ ਹਨ : (1) ਅਵਸਪਰਨੀ ਕਾਲ (2) ਉਤਸਪਰਨੀ ਕਾਲ।

ਅਵਸਪਰਨੀ ਕਾਲ ਦੇ ਛੇ ਭੇਦ ਹਨ :

ਚਾਰ ਕਰੋੜ × ਚਾਰ ਕਰੋੜ ਸਾਗਰੋਪਮਦਾ ਦਾ ਸੁਖਮਾ ਸੁਖਮਾ ਨਾਮਕ ਪਹਿਲਾ ਆਰਾ

ਤਿੰਨ ਕਰੋੜ × ਤਿੰਨ ਕਰੋੜ ਸਾਗਰੋਪਮਦਾ ਦਾ ਸੁਖਮਾ ਨਾਮਕ ਦੂਸਰਾ ਆਰਾ

ਦੋ ਕਰੋੜ × ਦੋ ਕਰੋੜ ਸਾਗਰੋਪਮਦਾ ਦਾ ਸੁਖਮਾ ਦੁਖਮਾ ਨਾਮਕ

ਤੀਸਰਾ ਆਰਾ

ਇਕ ਕਰੋੜ ਸਾਗਰੋਪਮ ਤੋਂ 42 ਹਜ਼ਾਰ ਸਾਲ ਘੱਅ × ਇਕ ਕਰੋੜ ਸਾਗਰੋਪਮ ਦਾ ਦੁਖਮਾ ਸੁਖਮਾ ਨਾਮਕ ਚੌਥਾ ਆਰਾ

21 ਹਜ਼ਾਰ ਸਾਲ ਦਾ ਦੁਖਮਾ ਨਾਮਕ ਪੰਜਵਾਂ ਆਰਾ

21 ਹਜ਼ਾਰ ਸਾਲ ਦਾ ਦੁਖਮਾ ਸੁਖਮਾ ਛੇਵਾਂ ਆਰਾ

ਉਤਸਪਨੀ ਕਾਲ

21 ਹਜ਼ਾਰ ਸਾਲ ਦਾ ਦੁਖਮਾ ਸੁਖਮਾ ਨਾਮਕ ਪਹਿਲਾ ਆਰਾ

21 ਹਜ਼ਾਰ ਸਾਲ ਦਾ ਦੁਖਮਾ ਨਾਮਕ ਦੂਸਰਾ ਆਰਾ

42 ਹਜ਼ਾਰ ਸਾਲ ਘੱਟ ਇਕ ਕਰੋੜ ਸਾਗਰੋਪਮ × ਇਕ ਕਰੋੜ ਸਾਗਰੋਪਮ ਦੁਖਮਾ ਸੁਖਮਾ ਨਾਮਕ ਤੀਸਰਾ ਆਰਾ

ਦੋ ਕਰੋੜ × ਦੋ ਕਰੋੜ ਸਾਗਰੋਪਮ ਦਾ ਸੁਖਮਾ ਦੁਖਮਾ ਨਾਮਕ ਚੌਥਾ ਆਰਾ

ਤਿੰਨ ਸਾਗਰੋਪਮ × ਤਿੰਨ ਸਾਗਰੋਪਮ ਦਾ ਸੁਖਮਾ ਨਾਮਕ ਪੰਜਵਾਂ ਆਰਾ

ਚਾਰ ਕਰੋੜ × ਚਾਰ ਕਰੋੜ ਸਾਗਰੋਪਮ ਦਾ ਸੁਖਮਾ ਸੁਖਮਾ ਨਾਮਕ ਛੇਵਾਂ ਆਰਾ

ਦੋਹਾਂ ਯੁੱਗਾਂ ਦਾ ਸਮਾਂ 20 × 20 ਕਰੋੜ ਸਾਗਰੋਪਮ ਹੈ।
(ਭਗਵਤੀ ਸੂਤਰ ਸੂਤਰ 6 ਉਦੇਸ਼ 7)

ਇਨ੍ਹਾਂ ਸਮੇਂ ਵਿਚ ਤੀਰਥੰਕਰ ਪੈਦਾ ਹੁੰਦੇ ਹਨ ਅਤੇ ਇਸ ਤਰ੍ਹਾਂ ਦੁੱਖ ਸੁੱਖ ਦਾ ਚੱਕਰ ਚੱਲਦਾ ਹੀ ਰਹਿੰਦਾ ਹੈ ਅਤੇ ਨਵੀਂ ਦੁਨੀਆਂ ਦਾ ਵਿਕਾਸ ਸਮੇਂ ਸਮੇਂ ਹੁੰਦਾ ਰਹਿੰਦਾ ਹੈ। ਪੁਰਾਣਾ ਆਪਣੇ ਆਪ ਸਮੇਂ ਦੀ ਮਾਰ ਹੇਠ ਖ਼ਤਮ ਹੋ ਜਾਂਦਾ ਹੈ।

ਗਾਥਾ 45-46

ਪਸ਼ੂ ਤੇ ਮਨੁੱਖ ਦੀ ਘੱਟ ਤੇ ਜ਼ਿਅਦਾ ਦੋਹਾਂ ਲੇਸ਼ਿਆ ਦੀ ਸਥਿਤੀ ਅੰਤਮਹੂਰਤ ਹੈ। ਇਹ ਭਾਵ ਲੇਸ਼ਿਆ ਪੱਖੋਂ ਕਿਹਾ ਗਿਆ ਹੈ ਪਰ ਇਥੇ ਸ਼ੁੱਧ ਸ਼ੁਕਲ ਲੇਸ਼ਿਆ ਨੂੰ ਛੱਡ ਦਿੱਤਾ ਗਿਆ ਹੈ ਕਿਉਂਕਿ ਸੰਯੋਗੀ ਕੇਵਲੀ ਦੀ ਜ਼ਿਆਦਾ ਤੋਂ ਜ਼ਿਆਦਾ ਕੇਵਲੀ ਅਵਸਥਾ 9 ਸਾਲ ਘੱਟ ਇਕ ਕਰੋੜ × ਇਕ ਪੂਰਵ ਕਰੋੜ ਹੈ।

ਗਾਥਾ 52

ਇਥੇ ਗਾਥਾਵਾਂ ਵਿਚ ਗੜਬੜ ਹੈ। ਗਾਥਾ 52 ਦੀ ਥਾਂ 53 ਅਤੇ 53 ਦੀ ਥਾਂ 52 ਹੋਣੀ ਚਾਹੀਦੀ ਹੈ 51ਵੀਂ ਗਾਥਾ ਵਿਚ ਆਗਮਕਾਰ ਨੇ ਭਵਨਪਤੀ, ਵਿਅੰਤਰ, ਜੋਤਸ਼ੀ ਨੇ ਵੈਮਾਨੀਕ ਦੇਵਤਿਆ ਦੀ ਤੇਜੋ ਲੇਸ਼ਿਆ ਦੱਸਣ ਬਾਰੇ ਕਿਹਾ ਹੈ 52ਵੀਂ ਗਾਥਾ ਵਿਚ ਕੇਵਲ ਵੈਮਾਨੀਕ ਦੇਵਤਿਆਂ ਦਾ ਕਥਨ ਕੀਤਾ ਹੈ ਤੇ 53ਵੀਂ ਗਾਥਾ ਵਿਚ ਕਬਾਕੀ ਭਵਨਪਤੀ, ਵਿਅੰਤਰ ਤੇ ਜੋਤਸ਼ੀ ਦੇਵਤਿਆਂ ਤੋਂ ਭਾਵ ਹੈ। ਟੀਕਾਕਾਰਾਂ ਨੂੰ ਇਸ ਗਲਤੀ ਦਾ ਹੈ। इयं च सामान्योपक्रमेपि वैमानिक निकायविषयतया नेया

(ਸਰਵਾਰਥਸਿਧੀ)

## ਜੈਨ ਗਣਿਤ

| | |
|---|---|
| ਅਸੰਖਿਆਤ ਸਮੇਂ | ਦੀ ਇਕ ਆਵਲੀਕਾ ਇਕ ਉਛਵਾਸ |
| ਅਸੰਖਿਆਤ ਅਵਲੀਕਾ ਦਾ | ਨੀਰੋਗ ਮਨੁੱਖ ਨੂੰ ਸਾਹ ਨੂੰ ਪ੍ਰਾਣ ਆਖਦੇ ਹਨ। |
| 7 ਪ੍ਰਾਣ ਦਾ ਇਕ ਸਤੋਕ | 7 ਸਤੋਕ ਦਾ ਇਕ ਲਵ |
| 77 ਲਵ ਦਾ ਇਕ ਮਹੂਰਤ | ਇਕ ਮਹੂਰਤ ਦੇ 3773 ਸਾਹ |

30 ਮਹੂਰਤ - ਇਕ ਅਹੋਰਾਤਰੀ (ਰਾਤ ਦਿਨ)

15 ਅਹੋਰਾਤਰੀ - ਇਕ ਪੱਖ

ਦੋ ਪੱਖਾਂ - ਇਕ ਮਹੀਨਾ

ਦੋ ਮਹੀਨੇ - ਇਕ ਰੁੱਤ

ਤਿੰਨ ਰੁੱਤਾਂ - ਇਕ ਅਯਨ

ਦੋ ਅਯਨ - ਇਕ ਸੰਵਤਸਰ (ਸਾਲ)

ਪੰਜ ਸੰਵਤਸਰ - ਇਕ ਯੁੱਗ

ਵੀਹ ਯੁੱਗ - ਸੌ ਸਾਲ

ਦਸ ਸੌ ਸਾਲ - ਇਕ ਹਜ਼ਾਰ

ਸੌ ਹਜ਼ਾਰ ਸਾਲ - ਇਕ ਲੱਖ

ਚੌਰਾਸੀ ਲੱਖ ਸਾਲ - ਇਕ ਪੂਰਵਾਗ

ਚੌਰਾਸੀ ਲੱਖ ਪੂਰਵਾਗ - ਇਕ ਪੂਰਵ

ਚੌਰਾਸੀ ਲੱਖ ਪੂਰਵ - ਇਕ ਤਰੁੱਟੀਤਾਂਗ

ਚੌਰਾਸੀ ਲੱਖ ਤਰੁੱਟਤਾਂਗ - ਇਕ ਤਰੁੱਟੀਤ

ਚੌਰਾਸੀ ਲੱਖ ਤਰੁੱਟੀਤ - ਇਕ ਅਡਡਾਗ

ਚੌਰਾਸੀ ਲੱਖ ਅਡਡਾਗ - ਇਕ ਅਡੱਡ

ਚੌਰਾਸੀ ਲੱਖ ਅਡੱਡ - ਇਕ ਅਵਵਾਂਗ

ਚੌਰਾਸੀ ਲੱਖ ਅਵਵਾਂਗ - ਇਕ ਹੂਹੁਕਾਂਗ

ਚੌਰਾਸੀ ਲੱਖ ਹੂਹੂਕਾਂਗ- ਇਕ

ਚੌਰਾਸੀ ਲੱਖ ਹੂਹੁਕ -ਇਕ ਉਤਪਲਾਂਗ

ਚੌਜਾਸੀ ਲੱਖ ਉਤਪਲਾਂਗ-ਇਕ ਉਤਪਲ

ਚੌਰਾਸੀ ਲੱਖ ਉਤਪਲ - ਇਕ ਨੀਲਨਾਂਗ

ਚੌਰਾਸੀ ਲੱਖ ਨੀਲਨਾਂਗ-ਇਕ ਨਲਿਨ

ਚੌਰਾਸੀ ਲੱਖ ਨਲਿਨ - ਇਕ ਅਛਨਿਕੁਰਾਂਗ

ਚੌਰਾਸੀ ਲੱਖ ਅਛਨਿਕੁਰਾਂਗ - ਇਕ ਅਛਨਿਕੁਰ

ਚੌਰਾਸੀ ਲੱਖ ਅਛਨਿਕੁਰ - ਇਕ ਅਯੁਤਾਂਗ

ਚੌਰਾਸੀ ਲੱਖ ਅਯੁੱਤਾਂਗ -

ਚੌਰਾਸੀ ਲੱਖ ਅਯੁੱਤ - ਇਕ ਪ੍ਰਯੁਤਾਂਗ

ਇਕ ਅਯੁੱਤ

ਚੌਰਾਸੀ ਲੱਖ ਪ੍ਰਯੁੱਤਾਂਗ - ਇਕ ਪ੍ਰਯੁੱਤ

ਚੌਰਾਸੀ ਲੱਖ ਪ੍ਰਯੁੱਤ - ਇਕ ਨਿਯੁਤਾਂਗ

ਚੌਰਾਸੀ ਲੱਖ ਨਿਯੁਤਾਂਗ - ਇਕ ਨਿਯੁੱਤ

ਚੌਰਾਸੀ ਲੱਖ ਨਿਯੁੱਤ - ਇਕ ਚੁਲੀਕਾਂਗ

ਚੌਰਾਸੀ ਲੱਖ ਚੁਲੀਕਾਂਗ - ਇਕ ਚੁਲੀਕਾ

ਚੌਰਾਸੀ ਲੱਖ ਚੁਲੀਕਾ - ਇਕ ਸਿਰਸ਼ ਪ੍ਰਹੇਲਿਕਾਂਗ

ਚੌਰਾਸੀ ਲੱਖ ਪ੍ਰਹੇਲਿਕਾਂਗ - ਇਕ ਸਿਰਸ਼ ਪ੍ਰਹੇਲਿਕਾ

ਗਣਿਤ ਦਾ ਵਿਸ਼ਾ ਇਨਾ ਹੈ ਇਸ ਤੋਂ ਅੱਗੇ ਕਾਲ ਔਪਪਮਿਕ ਹੈ। ਔਪਪਮਿਕ ਕਾਲ ਦੋ ਪ੍ਰਕਾਰ ਹੈ :

(1) ਪਲਯੋਪਮ (2) ਸਾਗਰੋਪਮ

ਅਨੰਤ ਪ੍ਰਮਾਣੂਆਂ ਦਾ - ਇਕ ਉਤਸ਼ਲਮਣ ਸ਼ਲਸ਼ਨੀਕਾ

ਅੱਠ ਉਤਸ਼ਲਮਣ ਸ਼ਲਸ਼ਨੀਕਾ - ਇਕ ਸ਼ਲਕਸ਼ਨ ਸ਼ਲਕਸ਼ਨੀਕਾ

ਅੱਠ ਸ਼ਲਕਸ਼ਨ ਸ਼ਲਕਸ਼ਨੀਕਾ - ਇਕ ਊਰਧਵਰੇਣੂ

ਅੱਠ ਊਰਧਵਰੇਣੂ - ਇਕ ਤਰੱਸ ਰੇਣੂ

ਅੱਠ ਤਰੱਸ ਰੇਣੂ - ਇਕ ਰੱਥ ਰੇਣੂ

ਅੱਠ ਰੱਥ ਰੇਣੂ - ਇਕ ਬਾਲ ਅਗਰ (ਬਾਲਾਂ ਦਾ ਆਕਾਰ)

ਅੱਠ ਬਾਲ ਅਗਰ - ਇਕ ਲਿਕਸ਼ਾ (ਲੀਖ)

ਅੱਠ ਲਿਕਸ਼ਾ - ਇਕ ਯੁਕਾ (ਜੂੰ)

ਅੱਠ ਯੁਕਾ - ਇਕ ਯਵਮਧਿਆ

ਅੱਠ ਯਵਮਧਿਆ - ਇਕ ਉਂਗਲ

ਛੇ ਉਂਗਲ - ਇਕ ਪਾਦ ਬਾਰਾਂ ਉਂਗਲ - ਇਕ ਵਿਤਸਿਤ

ਚੌਵੀ ਉਂਗਲ - ਇਕ ਰਤਨੀ (ਹੱਥ)

ਅੜ੍ਹਤਾਲੀ ਉਂਗਲ - ਇਕ ਕੁਕਸ਼ੀ

ਛਿਆਨਵੇਂ ਉਂਗਲ - ਇਕ ਦੰਡ-ਧਨੁ-ਯੁਪ-ਨਾਲਿਕਾ-ਅਕਸ਼-ਮਾਲ

ਦੋ ਹਜ਼ਾਰ ਧਨੁ - ਇਕ ਕੋਸ਼ (ਕੋਹ) ਚਾਰ ਕੋਸ਼ - ਇਕ ਯੋਜਨ

# 35.
# ਅਨਗਾਰ ਮਾਰਗ ਗਤੀ ਅਧਿਐਨ

ਇਸ ਅਧਿਐਨ ਵਿਚ ਸਾਧੂ ਨੂੰ ਉਸ ਦਾ ਧਰਮ ਪਾਲਣ ਲਈ ਪੂਰੇ ਜੋਰ ਨਾਲ ਤੇ ਵਿਸਥਾਰ ਨਾਲ ਪ੍ਰੇਰਣਾ ਦਿੱਤੀ ਗਈ ਹੈ।

ਸਾਧੂ ਰਾਗ ਦਵੇਸ਼ ਰਹਿਤ ਹੋ ਕੇ ਜਨਮ ਮਰਨ ਦੀ ਇੱਛਾ ਛੱਡ ਦੇਵੇ। ਇਛਾਵਾਂ ਦਾ ਖ਼ਾਤਮਾ ਕਰਕੇ ਸੰਜਮ ਦੀ ਯਾਤਰਾ ਤੇ ਪਵਿੱਤਰਤਾ ਨਾਲ ਅੱਗੇ ਵਧੇ।

ਸੰਸਾਰ ਦਾ ਅਰਥ ਕਾਮਨਾ ਹੈ, ਵਾਸਨਾ ਹੈ, ਕਾਮਨਾ ਤੇ ਵਾਸਨਾ ਤੋਂ ਮੁਕਤ ਹੋਣਾ ਜਨਮ ਮਰਨ ਤੋਂ ਮੁਕਤ ਹੋਣਾ ਹੈ, ਨਿਰਵਾਨ ਪ੍ਰਾਪਤ ਕਰਨਾ ਹੈ। ਸਿੱਧ ਅਵਸਥਾ ਪ੍ਰਾਪਤ ਕਰਨਾ ਹੈ।

ਇਸ ਅਧਿਐਨ ਵਿਚ ਭਿਕਸ਼ੂ ਨੂੰ ਸੰਸਾਰਿਕ ਕੰਮ ਜਿਵੇਂ ਕਿ ਮਕਾਨ ਬਨਾਉਣਾ, ਖਾਣਾ ਬਨਾਉਣਾ ਆਦਿ ਦੀ ਸਖ਼ਤੀ ਨਾਲ ਮਨਾਹੀ ਕੀਤੀ ਗਈ ਹੈ ਅਤੇ ਸਾਧੂ ਨੂੰ ਹਿਦਾਇਤ ਕੀਤੀ ਗਈ ਹੈ ਕਿ ਸਾਧੂ ਆਪਣੀਆਂ ਸਾਰੀਆਂ ਜ਼ਰੂਰਤਾਂ ਮੰਗ ਕੇ ਹੀ ਪੂਰੀਆਂ ਕਰੇ। ਆਪਣੇ ਲਈ ਬਣਾਇਆ ਭੋਜਨ ਗ੍ਰਹਿਣ ਕਰਨਾ ਅਤੇ ਅਜਿਹੀ ਪ੍ਰੇਰਣਾ ਦੇਣ ਨਾਲ ਛੇ ਕਾਇਆ ਦੇ ਜੀਵਾਂ ਦੀ ਹਿੰਸਾ ਦਾ ਪਾਪ ਸਾਧੂ ਨੂੰ ਲੱਗਦਾ ਹੈ। ਇਸ ਅਧਿਐਨ ਦਾ ਉਦੇਸ਼ ਸਾਧੂ ਨੂੰ ਸੂਖਮ ਹਿੰਸਾ ਤੋਂ ਬਚਾਉਣਾ ਹੈ। ਅਜਿਹਾ ਉਪਦੇਸ਼ ਆਚਾਰਾਂਗ ਸੂਤਰ ਅਤੇ ਦਸ਼ਵੇਂਕਾਲਿਕ ਸੂਤਰ ਵਿਚ ਵੀ ਮਿਲਦਾ ਹੈ।

# ਪੈਂਤੀਵਾਂ ਅਧਿਐਨ

(ਭਗਵਾਨ ਆਖਦੇ ਹਨ) ਮੈਂ ਗਿਆਨੀਆਂ ਰਾਹੀਂ ਦੱਸੇ ਰਾਹ ਨੂੰ ਦੱਸਦਾ ਹਾਂ। ਇਕ ਮਨ ਹੋ ਕੇ ਸੁਣੋ, ਜਿਸ ਦਾ ਪਾਲਣ ਕਰਨ ਨਾਲ ਭਿਕਸ਼ੂ ਦੇ ਦੁੱਖਾਂ ਦਾ ਅੰਤ ਕਰਦਾ ਹੈ।1।

ਘਰ ਬਾਰ ਛੱਡ ਕੇ ਬਣੇ ਹੋਏ ਮੁਨੀ ਨੂੰ ਉਨ੍ਹਾਂ ਸਹਾਰਿਆਂ ਨੂੰ ਜਾਨਣਾ ਚਾਹੀਦਾ ਹੈ, ਜਿਨ੍ਹਾਂ ਨਾਲ ਮਨੁੱਖ ਸੰਸਾਰੀ ਭੋਗਾਂ ਤੋਂ ਮੁਕਤ ਹੋਣ ਲਈ ਤਿਆਰ ਹੁੰਦਾ ਹੈ।2।

ਸੰਜਮੀ ਭਿਕਸ਼ੂ ਹਿੰਸਾ, ਝੂਠੇ, ਚੋਰੀ, ਬੁਰੇ ਚਾਲ ਚਲਣ, ਨਾ ਮਿਲਣ ਵਾਲੀ ਚੀਜ਼ਾਂ ਦੀ ਇੱਛਾ (ਕਰਨਾ) ਅਤੇ ਲੋਭ, ਇਨ੍ਹਾਂ ਤੋਂ ਦੂਰ ਰਹੇ।3।

ਮਨੋਹਰ ਚਿੱਤਰਾਂ ਨਾਲ ਭਰਪੂਰ ਮਾਲਾ ਅਤੇ ਧੂਫ਼ ਦੀ ਖੁਸ਼ਬੂ ਨਾਲ ਭਰੇ ਦਰਵਾਜ਼ਿਆਂ ਅਤੇ ਸਫੈਦ ਚੰਦੋਆਂ ਨਾਲ ਸਜੇ, ਮਨ ਲੁਭਾਉਣ ਵਾਲੇ ਘਰ ਵਿਚ ਰਹਿਣ ਦੀ ਸਾਧੂ ਆਪਣੇ ਮਨ ਵਿਚ ਇੱਛਾ ਨਾ ਕਰੇ ਕਿਉਂਕਿ ਇਸ ਨਾਲ ਸੰਜਮ, ਤਪ, ਸਾਧਨਾ ਵਿਚ ਵਿਘਣ ਪੈਣ ਦਾ ਡਰ ਹੈ।4।

ਕਾਮ (ਭੋਗ) ਰਾਗ (ਲਗਾਵ) ਨੂੰ ਵਧਾਉਣ ਵਾਲੇ ਇਸ ਪ੍ਰਕਾਰ ਦੇ ਸਥਾਨ ਵਿਚ ਇੰਦਰੀਆਂ ਦਾ ਜਿਤਨਾ (ਕਾਬੂ ਪਾਉਣਾ) ਭਿਕਸ਼ੂਆਂ ਲਈ ਔਖਾ ਹੈ।5।

ਇਸ ਲਈ ਭਿਕਸ਼ੂ ਨੂੰ ਸ਼ਮਸ਼ਾਨ, ਉਜਾੜ ਤੇ ਜੰਗਲਾਂ ਵਿਚ ਬਣੇ ਘਰਾਂ, ਦਰਖ਼ਤ ਹੇਠ ਅਤੇ ਦੂਸਰੇ ਲੋਕਾਂ ਲਈ ਬਣਾਏ ਗਏ ਮਕਾਨ ਵਿਚ ਇਕਾਂਤ ਥਾਂ ਤੇ ਠਹਿਰਣ ਦੀ ਇੱਛਾ ਰੱਖਣੀ ਚਾਹੀਦੀ ਹੈ।6।

ਧਰਮ ਸੰਜਮੀ, ਭਿਕਸ਼ੂ, ਪ੍ਰਾਸ਼ੁਕ (ਜੀਵਾਂ ਦੀ ਉਤਪਤੀ ਤੋਂ ਰਹਿਤ ਥਾਂ) ਅਨਾਬਾਧ (ਰੁਕਾਵਟ ਰਹਿਤ) ਅਤੇ ਇਸਤਰੀਆਂ ਦੇ ਸ਼ੋਰ ਸ਼ਰਾਬੇ ਤੋਂ

ਰਹਿਤ ਥਾਂ ਵਿਚ ਠਹਿਰਨ ਦੀ ਪ੍ਰਤਿੱਗਿਆ ਕਰੇ।7।

ਭਿਕਸ਼ੂ ਨਾ ਤਾਂ ਆਪ ਘਰ ਬਣਾਵੇ ਅਤੇ ਨਾ ਹੋਰਾਂ ਲਈ ਬਨਾਵੇ ਕਿਉਂਕਿ ਘਰ ਬਨਾਉਣ ਦੇ ਕੰਮ ਵਿਚ ਪ੍ਰਾਣੀਆਂ ਦੀ ਹਿੰਸਾ ਵੇਖੀ ਜਾਂਦੀ ਹੈ।8।

ਤਰੱਸ ਤੇ ਸਥਾਵਰ ਸੂਖਮ (ਬਾਰੀਕ) ਤੇ ਵਾਦਰ (ਮੋਟੇ) ਜੀਵਾਂ ਦੀ ਹੱਤਿਆ ਹੁੰਦੀ ਹੈ। ਇਸ ਲਈ ਸੰਜਮੀ ਭਿਕਸ਼ੂ ਆਪਣੇ ਲਈ ਘਰ ਬਨਾਉਣ ਦਾ ਕੰਮ ਨਾ ਕਰੇ।9।

ਇਸ ਪ੍ਰਕਾਰ ਭੋਜਨ ਪਕਾਉਣ ਵਿਚ ਵੀ ਜੀਵ ਹਿੰਸਾ ਹੁੰਦੀ ਹੈ ਇਸ ਲਈ ਪ੍ਰਾਣ ਤੇ ਭੂਤ ਜੀਵਾਂ ਦੀ ਦਿਆ ਕਰਦਾ ਹੋਇਆ ਨਾ ਖਾਣਾ ਆਪ ਪਕਾਏ ਨਾ ਆਪਣੇ ਲਈ ਪਕਵਾਏ।10।

ਭੋਜਨ ਬਣਾਉਨ ਲਈ ਪਾਣੀ, ਅਨਾਜ, ਜ਼ਮੀਨ ਤੇ ਲੱਕੜੀ ਵਿਚ ਰਹਿੰਦੇ ਜੀਵਾਂ ਦੀ ਹਿੰਸਾ ਹੁੰਦੀ ਹੈ, ਇਸ ਲਈ ਭਿਕਸ਼ੂ ਆਪਣੇ ਹੱਥੀਂ ਭੋਜਨ ਨਾ ਪਕਾਏ।11।

ਅੱਗ ਦੇ ਬਰਾਬਰ ਕੋਈ ਹਥਿਆਰ ਨਹੀਂ ਹੈ। ਇਹ ਸਭ ਪਾਸੇ ਪ੍ਰਾਣੀ ਨਾਸ਼ਕ ਤਿੱਖੀ ਧਾਰ ਹੈ। ਇਹ ਬਹੁਤ ਸਾਰਿਆਂ ਪ੍ਰਾਣੀਆਂ ਦੇ ਨਾਸ਼ ਦਾ ਕਾਰਨ ਹੈ। ਇਸ ਲਈ ਭਿਕਸ਼ੂ ਅੱਗ ਨਾ ਜਲਾਵੇ।12।

ਵੇਚ, ਖਰੀਦ ਤੋਂ ਮੁਕਤ ਭਿਕਸ਼ੂ ਸੋਨੇ ਤੇ ਮਿੱਟੀ ਨੂੰ ਬਰਾਬਰ ਹੀ ਸਮਝੇ, ਇਸ ਲਈ ਖਰੀਦ ਵਿਚ ਫਸਿਆ ਸਾਧੂ ਸਾਧੂ ਨਹੀਂ।14।

ਭਿਕਸ਼ਾ ਵਿਰਤੀ ਵਿਚ ਹੀ ਭਿਕਸ਼ੂ ਨੂੰ ਭੋਜਨ ਕਰਨਾ ਚਾਹੀਦਾ ਹੈ। ਚੀਜ਼ਾਂ ਵੇਚ ਖਰੀਦ ਕੇ ਨਹੀਂ। ਵੇਚ ਖਰੀਦ ਇਕ ਮਹਾਨ ਦੋਸ਼ ਹੈ। ਭਿਕਸ਼ਾ ਵਿਰਤੀ ਹੀ ਸੁੱਖਕਾਰੀ ਹੈ।15।

ਮੁਨੀ ਸ਼ਾਸਤਰ ਅਨੁਸਾਰ ਨਿੰਦਾ ਰਹਿਤ ਤੇ ਅਨੇਕਾਂ ਘਰਾਂ ਵਿਚ

ਥੋੜ੍ਹਾ ਥੋੜ੍ਹਾ ਭੋਜਨ ਗ੍ਰਹਿਣ ਕਰੇ ਉਸ ਨੂੰ ਲਾਭ ਤੇ ਹਾਨੀ ਨੂੰ ਮੁੱਖ ਰੱਖ ਕੇ ਭੋਜਨ ਮੰਗਣਾ ਚਹੀਦਾ ਹੈ।16।

ਮੁਨੀ ਸੁਆਦ ਰਹਿਤ, ਰਸ ਰਹਿਤ ਜੀਭ ਤੇ ਕਾਬੂ ਕਰਨ ਵਾਲਾ ਤੇ ਲਗਾਵ ਭਾਵਨਾ ਤੋਂ ਮੁਕਤ ਜੀਵਨ ਦਾ ਗੁਜਾਰਾ ਕਰਨ ਲਈ ਹੀ ਭੋਜਨ ਕਰੇ, ਰਸ ਲਈ ਨਹੀਂ।17।

ਮੁਨੀ ਅਰਚਨਾ (ਫੁੱਲ ਆਦਿ ਨਾਲ ਪੂਜਾ) ਰਚਨਾ (ਸਵਾਸਤੀਕ ਆਦਿ ਦੀ ਰਚਨਾ) ਪੂਜਾ ਕੱਪੜੇ ਆਦਿ ਦੀ ਇੱਛਾ, ਰਿਧੀ ਸਤਿਕਾਰ ਅਤੇ ਸਨਮਾਨ ਦੀ ਮਨ ਤੋਂ ਵੀ ਪ੍ਰਾਰਥਨਾ (ਇੱਛਾ) ਨਾ ਕਰੇ।18।

ਮੁਨੀ ਸ਼ੁਕਲ (ਸ਼ੁੱਧ ਆਤਮਾ) ਧਿਆਨ ਵਿਚ ਲੱਗਾ ਰਹੇ। ਨਿਦਾਨ ਰਹਿਤ (ਪਰਲੋਕ ਵਿਚ ਜਾ ਕੇ ਦੇਵਤਾ ਬਣਨ ਦੀ ਇੱਛਾ) ਅਕਿਚਨ (ਕੁਝ ਨਾ ਰੱਖਣ ਵਾਲਾ ਰਹੇ) ਜ਼ਿੰਦਗੀ ਭਰ ਸਰੀਰ ਦਾ ਮੋਹ ਛੱਡ ਕੇ ਘੁੰਮੇ।19।

ਆਖ਼ਰੀ ਸਮੇਂ (ਮੌਤ ਸਮੇਂ) ਮੁਨੀ ਭੋਜਨ ਦਾ ਤਿਆਗ ਕਰਕੇ ਮਨੁੱਖੀ ਸਰੀਰ ਛੱਡ ਕੇ ਦੁੱਖਾਂ ਤੋਂ ਮੁਕਤ ਹੋ ਜਾਂਦਾ ਹੈ।20।

ਮਮਤਾ ਤੋਂ ਰਹਿਤ, ਹੰਕਾਰ ਰਹਿਤ, ਵੀਤਰਾਗ (ਆਪਣੇ ਪਰਾਏ ਦੀ ਭਾਵਨਾ ਤੋਂ ਮੁਕਤੀ) ਤੇ ਪਾਪਾ ਰਹਿਤ ਮੁਨੀ ਕੇਵਲ ਗਿਆਨ ਨੂੰ ਪ੍ਰਾਪਤ ਕਰਕੇ ਸੱਚੇ ਤੇ ਪੱਕੇ ਨਿਰਵਾਣ ਪ੍ਰਾਪਤ ਕਰਦਾ ਹੈ।21।

ਇਸ ਪ੍ਰਕਾਰ ਮੈਂ ਆਖਦਾ ਹਾਂ।

# 36.
# ਜੀਵ ਅਜੀਵ ਵਿਭੱਕਤੀ ਅਧਿਐਨ

ਜੀਵ ਅਤੇ ਅਜੀਵ ਦਰੱਵ ਆਕਾਸ਼ ਦੇ ਜਿਸ ਭਾਗ ਵਿਚ ਫੈਲੇ ਹੋਏ ਹਨ ਉਹ ਲੋਕ ਹੈ। ਜਿੱਥੇ ਨਹੀਂ ਉਹ ਅਲੋਕ ਹੈ ਜੈਨ ਧਰਮ ਅਨੁਸਾਰ ਸੰਸਾਰ ਅਨੰਤ ਤੇ ਅਨਾਦਿ ਹੈ। ਕੋਈ ਇਸ ਦੇ ਬਨਾਉਣ ਵਾਲਾ ਨਹੀਂ। ਪ੍ਰਮਾਤਮਾ ਕਰਮ ਮੁਕਤ ਅਵਸਥਾ ਦਾ ਨਾਂ ਹੈ ਜਿਸ ਨੂੰ ਸਿੱਧ ਮੁਕਤ ਪੁਰਸ਼ ਵੀ ਆਖਦੇ ਹਨ। ਇਹ ਸਿੱਧ ਨਿਰਾਕਾਰ, ਨਿਰਵਿਕਲਪ ਤੇ ਸੰਖਿਆ ਵਿਚ ਅਨੰਤ ਹਨ।

ਇਸ ਅਧਿਐਨ ਵਿਚ ਜੀਵ ਤੇ ਅਜੀਵ ਦੇ ਭੇਦ ਦਾ ਬੜੇ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ। ਇਸ ਅਧਿਆਏ ਵਿਚ ਸਾਰੇ ਸ੍ਰੀ ਉਤਰਾਧਿਐਨ ਸੂਤਰ ਦਾ ਸਾਰ ਹੈ। ਸੰਸਾਰ ਦਾ ਨਿਰਮਾਤਾ ਕੋਈ ਈਸ਼ਵਰ ਨਹੀਂ। ਜਨਮ ਮਰਨ, ਕਰਮ ਫਲ ਵਿਚ ਈਸ਼ਵਰ ਦਾ ਸਿੱਧਾ ਜਾਂ ਅਸਿੱਧਾ ਕੋਈ ਦਖ਼ਲ ਨਹੀਂ।

ਜੀਵ ਤੇ ਅਜੀਵ ਦਾ ਮੇਲ ਅਨਾਦਿ ਹੈ। ਸਾਰਾ ਸੰਸਾਰ ਸਹਿਯੋਗ ਤੇ ਆਧਾਰਿਤ ਹੈ।

ਇਹ ਅਧਿਐਨ ਦਾ ਵਰਨਣ ਕਰਕੇ ਭਗਵਾਨ ਮਹਾਵੀਰ ਜਦ 37 ਵਾਂ ਅਧਿਆਇ ਪ੍ਰਗਟ ਕਰਨ ਲੱਗੇ ਤਾਂ ਮੁਕਤੀ ਪਧਾਰ ਗਏ ਤੇ ਸਿੱਧ ਹੋ ਗਏ।

ਕਰਮ ਬੰਧਨ ਤੋਂ ਮੁਕਤ ਹੋ ਕੇ ਪਹਿਲਾਂ ਜੀਵ ਅਰਿਹੰਤ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਫਿਰ ਸਿੱਧ-ਬੁੱਧ ਮੁਕਤ ਹੋ ਕੇ ਜਨਮ, ਬਿਮਾਰੀ, ਬੁਢਾਪੇ, ਮੌਤ ਤੋਂ ਰਹਿਤ ਹੋ ਕੇ ਹਮੇਸ਼ਾ ਸੱਚਿਦਾਨੰਦ ਅਵਸਥਾ ਨੂੰ ਪ੍ਰਾਪਤ

ਹੋਇਆ ਜੀਵ ਸਿੱਧ ਸ਼ਿਲਾ ਤੇ ਜਾ ਬਿਰਾਜਦਾ ਹੈ। ਜੀਵ ਆਤਮਾ ਅਨੰਤ ਕਾਲ ਤੋਂ ਸੰਸਾਰ ਵਿਚ ਕਿਉਂ ਭਟਕ ਰਹੀ ਹੈ ? ਇਸ ਦਾ ਮੁੱਖ ਕਾਰਨ ਕਰਮ ਹੈ। ਕਰਮ ਜੜ ਹਨ।

ਆਤਮਾ ਨੂੰ ਕਰਮਾਂ ਕਾਰਨ ਵਾਰ ਵਾਰ ਜਨਮ ਲੈਣਾ ਪੈਂਦਾ ਹੈ। ਜਦ ਆਤਮਾ ਭਿੰਨ ਭਿੰਨ ਜੂਨੀਆਂ ਤੋਂ ਮੁਕਤ ਹੋ ਜਾਂਦੀ ਹੈ ਤਾਂ ਉਹ ਪਰਮਾਨੰਦ ਅਵਸਥਾ ਨੂੰ ਪ੍ਰਾਪਤ ਹੋ ਕੇ ਅਨੰਤ ਗਿਆਨ, ਅਨੰਤ ਦਰਸ਼ਨ ਆਦਿ ਸਿੱਧਾਂ ਤੇ 31 ਗੁਣਾਂ ਨੂੰ ਪ੍ਰਾਪਤ ਹੋ ਜਾਂਦੀ ਹੈ।

# ਛੱਤੀਵਾਂ ਅਧਿਐਨ

ਜੀਵ ਅਤੇ ਅਜੀਵ ਦੇ ਭਾਗ ਤੁਸੀਂ ਮੇਰੇ ਕੋਲੋਂ ਸੁਣੋ। ਜਿਸ ਨੂੰ ਜਾਣ ਕੇ ਭਿਕਸ਼ੂ ਸਹੀ ਸੰਜਮ ਪਾਲਣ ਦੀ ਕੋਸ਼ਿਸ਼ ਕਰਦਾ ਹੈ।1।

ਇਹ ਲੋਕ ਜੀਵ ਅਤੇ ਅਜੀਵ ਵਾਲਾ ਕਿਹਾ ਗਿਆ ਹੈ ਜਿੱਥੇ ਅਜੀਵ ਦਾ ਇਕ ਦੇਸ਼ (ਹਿੱਸਾ) ਆਕਾਸ਼ ਹੈ ਇਸ ਨੂੰ ਅਲੋਕ ਆਖਿਆ ਜਾਂਦਾ ਹੈ।2।

ਜੀਵ ਅਤੇ ਅਜੀਵ ਦ੍ਰਵ ਦੀ ਵਿਆਖਿਆ ਦ੍ਰਵ, ਖੇਤਰ, ਕਾਲ ਅਤੇ ਭਾਵ ਪੱਖੋਂ ਚਾਰ ਪ੍ਰਕਾਰ ਨਾਲ ਕੀਤੀ ਗਈ ਹੈ।3।

ਅਜੀਵ ਦੋ ਪ੍ਰਕਾਰ ਦਾ ਹੈ। (1) ਰੂਪੀ (ਸ਼ਕਲ ਵਾਲੇ) (2) ਅਰੂਪੀ (ਬਿਨਾਂ ਸ਼ਕਲ ਤੋਂ) ਅਰੂਪੀ ਦਸ ਪ੍ਰਕਾਰ ਦਾ ਹੈ ਅਤੇ ਰੂਪੀ ਚਾਰ ਪ੍ਰਕਾਰ ਦਾ ਹੈ।4।

ਧਰਮਾਸਤੀਕਾਇਆ ਅਤੇ ਉਸ ਦਾ (1) ਦੇਸ਼ ਅਤੇ (2) ਪ੍ਰਦੇਸ ਅਤੇ (3) ਸਕੰਧ ਅਧਰਮਾਸਤੀਕਾਇਆ ਅਤੇ ਉਸ ਦਾ (4) ਦੇਸ਼ (5) ਪ੍ਰਦੇਸ ਤੇ (6) ਸਕੰਧ ਹੈ। ਅਕਾਸ਼ ਆਸਤੀਕਾਇਆ ਅਤੇ ਉਸ ਦਾ (7) ਦੇਸ਼ ਅਤੇ (8) ਪ੍ਰਦੇਸ ਅਤੇ (9) ਸਕੰਧ (10) ਅਰਧਾਸਮੇਂਕਾਲ, ਇਹ ਭੇਦ ਅਜੀਵ ਅਰੂਪੀ ਤੱਤਵ ਦੇ 10 ਭੇਦ ਹਨ।5-6।

ਧਰਮ ਅਤੇ ਅਧਰਮ ਲੋਕ ਪ੍ਰਮਾਣ (ਫੈਲੇ) ਹਨ। ਆਕਾਸ਼ ਦਰਵ ਲੋਕ ਅਤੇ ਅਲੋਕ ਵਿਚ ਫੈਲਿਆ ਹੈ। ਪਰ ਸਮਾਂ (ਕਾਲ) ਢਾਈ ਦੀਪ ਵਿਚ ਫੈਲਿਆ ਹੋਇਆ ਹੈ।7।

ਧਰਮ, ਅਧਰਮ, ਆਕਾਸ਼ —ਇਹ ਤਿੰਨ ਦਰੱਵ ਅਨਾਦਿ, ਅਨੰਤ

ਅਤੇ ਹਮੇਸ਼ਾ ਰਹਿਣ ਵਾਲੇ ਮੰਨੇ ਗਏ ਹਨ।8।

ਵਹਾ ਦੇ ਪੱਖੋਂ (ਕਾਲ) ਸਮਾਂ ਵੀ ਅਨਾਦਿ ਅਨੰਤ ਹੈ। ਆਦੇਸ਼ (ਗਿਣਤੀ) ਤੇ ਪੱਖੋਂ ਇਕ ਇਕ ਪਲ ਦਾ ਸ਼ੁਰੂ ਤੇ ਅੰਤ ਵਾਲਾ ਹੈ।9।

ਰੂਪੀ ਦਰਵ ਦੇ ਚਾਰ ਭੇਦ ਹਨ। (1) ਸਕੰਧ (2) ਦੇਸ਼ (3) ਪ੍ਰਦੇਸ਼ ਅਤੇ ਪ੍ਰਮਾਣੂ।10।

ਦਰਵ ਦੇ ਪੱਖੋਂ ਪ੍ਰਮਾਣੂਆਂ ਦੇ ਇਕੱਠੇ ਹੋਣ ਨਾਲ ਸਕੰਧ ਬਣਦਾ ਹੈ। ਸਕੰਧ ਦੇ ਅੱਡ ਹੋਣ ਤੇ ਪ੍ਰਮਾਣੂ ਬਣਦਾ ਹੈ। ਇਹ ਦਰੱਵ ਦੀ ਪੱਖੋਂ ਹੈ। ਖੇਤਰ ਦੇ ਪੱਖੋਂ ਇਕ ਸਕੰਧ ਆਦਿ ਲੋਕ ਦੇ ਇਕ ਦੇਸ਼ (ਇੱਕ ਹਿੱਸੇ) ਤੋਂ ਲੈ ਕੇ ਪੂਰੇ ਲੋਕ ਭਾਜਯ ਹੈ ਅਰਥਾਤ ਵੰਡਿਆ ਜਾ ਸਕਦਾ ਹੈ। ਇਸ ਤੋਂ ਅੱਗੇ ਸਕੰਧ ਅਤੇ ਪ੍ਰਮਾਣੂ ਦੇ ਕਾਲ ਪੱਖੋਂ ਚਾਰ ਭੇਦ ਹਨ ਜੋ ਮੈਂ ਤੁਹਾਨੂੰ ਦੱਸਦਾ ਹਾਂ।11।

ਸਕੰਧ ਆਦਿ ਪ੍ਰਮਾਣੂ ਵਹਾ ਦੇ ਪੱਖੋਂ ਅਨਾਦਿ ਅਨੰਤ ਹੈ ਅਤੇ ਸਥਿਤੀ ਪੱਖੋਂ ਸ਼ੁਰੂ ਤੇ ਆਖਿਰ ਹੱਦ ਰੱਖਦਾ ਹੈ।12।

ਰੂਪੀ ਅਜੀਵਾਂ, ਪੁਦਗਲ ਦਰੱਵ ਦੀ ਘੱਟੋ ਘੱਟ ਸਥਿਤੀ ਇਕ ਸਮਾਂ ਅਤੇ ਜ਼ਿਆਦਾ ਤੋਂ ਜ਼ਿਆਦਾ ਅਸੰਖਿਆਤ ਕਾਲ ਦੱਸੀ ਗਈ ਹੈ।13।

ਰੂਪੀ ਅਜੀਵਾਂ ਦਾ ਫਰਕ ਘੱਟੋ ਘੱਟ ਇਕ ਸਮਾਂ ਜ਼ਿਆਦਾ ਤੋਂ ਜ਼ਿਆਦਾ ਅਨੰਤ ਕਾਲ ਹੈ। ਅਜਿਹਾ ਤੀਰਥੰਕਰਾਂ ਨੇ ਕਿਹਾ ਹੈ।14।

ਵਰਨ, ਗੰਧ, ਰਸ, ਸਪਰਸ਼ ਅਤੇ ਸੰਸਥਾਨ (ਆਕਾਰ) ਤੇ ਪੱਖੋਂ ਸਕੰਧ ਪੰਜ ਪ੍ਰਕਾਰ ਦਾ ਹੈ।15।

ਜੋ ਪੁਦਗਲ ਵਰਨ (ਰੰਗ) ਵਾਲਾ ਹੈ ਉਹ ਪੰਜ ਪ੍ਰਕਾਰ ਦਾ ਹੈ (1) ਕਾਲਾ (2) ਨੀਲਾ (3) ਲਾਲ (4) ਪੀਲਾ (5) ਸਫੈਦ।16।

ਜੋ ਸਕੰਧ ਪੁਦਗਲ ਗੰਧ ਵਾਲਾ ਹੈ ਉਹ ਦੋ ਪ੍ਰਕਾਰ ਦਾ ਹੈ (1)

ਸੁਗੰਧ ਵਾਲਾ (2) ਦੁਰਗੰਧ ਵਾਲਾ।17।

ਜੋ ਪੁਦਗਲ ਰਸ ਵਾਲਾ ਹੈ ਉਹ ਪੰਜ ਪ੍ਰਕਾਰ ਦਾ ਹੈ (1) ਤਿੱਖਾ (2) ਕੌੜਾ (3) ਕਸੈਲਾ (4) ਖੱਟਾ (5) ਮਿੱਠਾ।

ਜੋ ਪੁਦਗਲ ਸਪਰਸ਼ ਵਾਲਾ ਹੈ ਉਹ ਅੱਠ ਪ੍ਰਕਾਰ ਦਾ ਹੈ (1) ਕਰਕਸ਼ (ਖੁਰਦਰਾ) (2) ਮਿੱਠਾ (3) ਭਾਰਾ (4) ਹਲਕਾ।19।

(5) ਠੰਢਾ (6) ਗਰਮ (7) ਚਿਕਣਾ (8) ਰੁੱਖਾ। ਇਸ ਪ੍ਰਕਾਰ ਇਹ ਸਪਰਸ਼ ਵਾਲੇ ਪੁਦਗਲ ਆਖੇ ਗਏ ਹਨ।20।

ਜੋ ਪੁਦਗਲ ਸੰਸਥਾਨ (ਆਕਾਰ) ਵਾਲਾ ਹੈ ਉਹ ਪੰਜ ਪ੍ਰਕਾਰ ਦਾ ਹੈ (1) ਪਰਿਮੰਡਲ (2) ਘੇਰਾ (3) ਤਿਕੋਨ (4) ਚਤੁਰਭੁਜ (5) ਆਯਤ।21।

ਜੋ ਪੁਦਗਲ ਕਾਲਾ ਹੈ ਉਹ ਗੰਧ, ਰਸ, ਸਪਰਸ਼ ਅਤੇ ਸੰਸਥਾਨ ਪੱਖੋਂ ਵੰਡਿਆ ਜਾ ਸਕਦਾ ਹੈ।22।

ਗਾਥਾ 23 ਤੋਂ ਲੈ ਕੇ 46 ਤੱਕ ਅਰਥ ਸਮਾਨ ਹੀ ਹੈ ਇਨ੍ਹਾਂ ਗਾਥਾਵਾਂ ਵਿਚ ਕਾਲਾ, ਨੀਲਾ, ਲਾਲ, ਪੀਲਾ, ਸਫੈਦ ਸੁਗੰਧਿਤ (ਖੁਸ਼ਬੂ ਵਾਲਾ), ਬਦਬੂ ਵਾਲਾ, ਤਿੱਖਾ, ਕੌੜਾ, ਕਸੈਲ, ਤੇਜ਼ਾਬੀ ਤੇ ਮਿੱਠੇ ਸਵਾਦ ਵਾਲਾ, ਕਠੋਰ, ਕੋਮਲ, ਭਾਰੀ, ਹਲਕਾ, ਠੰਢਾ, ਗਰਮ, ਚਿਕਣੀ, ਰੁੱਖੀ, ਛੋਹ ਵਾਲਾ, ਪਰਿਮੰਡਲ, ਘੇਰਾ, ਤਿਕੋਨ, ਚਤੁਰਭੁਜ, ਆਯਤ ਆਦਿ ਵਾਲਾ ਪੁਦਗਲ ਗੰਧ, ਰਸ, ਸਪਰਸ਼ ਤੇ ਸੰਸਥਾਨ ਪੱਖੋਂ ਵੰਡਿਆ ਜਾ ਸਕਦਾ ਹੈ। ਸ਼ਲੋਕ 32 ਵਿਚ ਰਸ ਪੱਖੋਂ ਪੁਦਗਲ ਦਾ ਵਰਨਣ ਹੈ।46।

ਇਹ ਸੰਖੇਪ ਵਿਚ ਅਜੀਵ ਵਿਭਾਗ ਦੀ ਵਿਆਖਿਆ ਕੀਤੀ ਹੈ ਹੁਣ ਜੀਵ ਵਿਭਾਗ ਦੀ ਵਿਆਖਿਆ ਕਰਾਂਗਾ।47।

ਜੀਵ ਦੋ ਪ੍ਰਕਾਰ ਦਾ ਹੈ (1) ਸੰਸਾਰੀ (2) ਸਿੱਧ। ਸਿੱਧ ਅਨੇਕਾਂ

ਭੇਦ ਹਨ, ਉਨ੍ਹਾਂ ਦਾ ਕਥਨ ਮੈਂ ਕਰਾਂਗਾ, ਇਹਨਾਂ ਨੂੰ ਮੇਰੇ ਪਾਸੋਂ ਸੁਣੋ।48।

(1) ਇਸਤਰੀ ਲਿੰਗ ਸਿੱਧ (2) ਪੁਰਸ਼ਲਿੰਗ ਸਿੱਧ (3) ਨਪੁੰਸਕ ਲਿੰਗ ਸਿੱਧ (4) ਸਵੈਲਿੰਗ ਸਿੱਧ (ਜੈਨ ਸਾਧੂ ਦਾ ਭੇਸ) (5) ਅਨਿਆ ਲਿੰਗ ਸਿੱਧ (ਦੂਸਰੇ ਧਰਮਾਂ ਦਾ ਭੇਸ) (6) ਗ੍ਰਹਿ ਲਿੰਗ ਸਿੱਧ (ਘਰ ਵਿਚ ਰਹਿ ਕੇ ਸਿੱਧ ਹੋਣਾ)।49।

ਜ਼ਿਆਦਾ, ਘੱਟ ਅਤੇ ਦਰਮਿਆਨੀ ਅਵਗਾਹਨਾ (ਆਕਾਰ) ਵਿਚ ਅਤੇ ਉਰਧਵ ਲੋਕ, ਤ੍ਰਿਅੰਕ ਲੋਕ ਅਤੇ ਸਮੁੰਦਰ ਤੇ ਹੋਰ ਤਲਾਵਾਂ ਵਿਚ ਜੀਵ ਸਿੱਧ ਹੁੰਦੇ ਹਨ।50।

ਇਕ ਸਮੇਂ ਵਿਚ 10 ਨਪੁੰਸਕ, 20 ਇਸਤਰੀਆਂ ਅਤੇ 108 ਪੁਰਸ਼ ਸਿੱਧ ਹੋ ਸਕਦੇ ਹਨ।51।

ਇਕ ਸਮੇਂ ਵਿਚ ਗ੍ਰਹਿਸਥੀ ਲਿੰਗ (ਹਾਲਤ) ਵਿਚ 04 ਅਨਿਆ ਲਿੰਗ (ਦੂਸਰੇ ਮੱਤ ਦੇ ਭੇਸ ਵਿਚ) 10 ਅਤੇ ਸਵੈਲਿੰਗ (ਤੀਰਥੰਕਰਾਂ ਦੇ ਜੈਨ ਧਰਮ ਵਿਚ) 108 ਸਿੱਧ ਹੋ ਸਕਦੇ ਹਨ।52।

ਇਕ ਸਮੇਂ ਵਿਚ ਜ਼ਿਆਦਾ ਤੋਂ ਜ਼ਿਆਦਾ ਅਵਗਾਹਨਾ (ਆਕਾਰ ਵਿਚ) ਦੋ ਘੱਟੋ ਘੱਟ ਆਕਾਰ ਵਿਚ ਚਾਰ ਅਤੇ ਦਰਮਿਆਨੇ ਆਕਾਰ ਵਿਚ 108 ਜੀਵ ਸਿੱਧ ਹੋ ਸਕਦੇ ਹਨ।53।

ਇਕ ਸਮੇਂ ਵਿਚ ਉਰਧਵ ਲੋਕ ਵਿਚ ਚਾਰ ਸਮੁੰਦਰ ਵਿਖ ਦੋ, ਤਲਾਬ ਵਿਚ ਤਿੰਨ, ਅਧੋਲੋਕ ਵਿਚ 20, ਤ੍ਰਿਅੰਕ ਲੋਕ ਵਿਚ 108 ਜੀਵ ਸਿੱਧ ਹੋ ਸਕਦੇ ਹਨ।54।

ਸਿੱਧ ਕਿੱਥੇ ਰੁਕਦੇ ਹਨ ? ਕਿੱਥੇ ਸਥਿਤ ਹਨ ? ਸਰੀਰ ਨੂੰ ਕਿੱਥੇ ਛੱਡ ਕੇ ਕਿੱਥੇ ਜਾ ਕੇ ਸਿੱਧ ਹੁੰਦੇ ਹਨ।55।

ਸਿੱਧ ਅਲੋਕ ਵਿਚ ਰੁਕਦੇ ਹਨ। ਲੋਕ ਦੇ ਅੱਗਰ ਭਾਗ (ਮੂਹਰਲੇ

ਭਾਗ) ਵਿਚ ਸਥਿਤ ਹੁੰਦੇ ਹਨ। ਮਨੁੱਖ ਲੋਕ ਵਿਚ ਸਰੀਰ ਨੂੰ ਛੱਡ ਕੇ ਅੱਗਰ (ਮੂਹਰਲੇ) ਭਾਗ ਵਿਚ ਜਾ ਕੇ ਸਿੱਧ ਹੁੰਦੇ ਹਨ।56।

ਸਰਵਾਰਥ ਸਿੱਧ ਵਿਮਾਨ ਤੋਂ 12 ਯੋਜਨ ਉੱਪਰ ਇਸ਼ਤਪ੍ਰਾਗਭਾਰਾ ਨਾਮਕ ਧਰਤੀ ਹੈ। ਉਹ ਛਤਰ ਦੇ ਆਕਾਰ ਦੀ ਹੈ।57।

ਉਸ ਦੀ ਲੰਬਾਈ 45 ਲੱਖ ਯੋਜਨ ਹੈ। ਚੌੜਾਈ ਵੀ 45 ਲੱਖ ਯੋਜਨ ਹੈ। ਉਸ ਦਾ ਘੇਰਾ ਇਸ ਆਕਾਰ ਤੋਂ ਤਿੰਨ ਗੁਣਾ ਜ਼ਿਆਦਾ ਹੈ।58।

ਦਰਮਿਆਨ ਵਿਚ ਅੱਠ ਯੋਜਨ ਸਥੂਲ (ਸਖ਼ਤ) ਫਿਰ ਪਤਲੀ ਪਤਲੀ ਹੁੰਦੀ ਹੋਈ ਅੰਤਿਮ ਭਾਗ ਵਿਚ ਮੱਖੀ ਦੇ ਪਰ ਤੋਂ ਜ਼ਿਆਦਾ ਪਤਲੀ ਹੋ ਜਾਂਦੀ ਹੈ।59।

ਜਿਨਵਰਾਂ (ਅਰਿਹੰਤਾਂ) ਨੇ ਕਿਹਾ ਹੈ ਕਿ ਉਹ ਸਿੱਧ ਸ਼ਿਲਾ ਪ੍ਰਿਥਵੀ ਸਫੈਦ ਸੋਨੇ ਵਰਗੀ ਹੈ। ਸੁਭਾਅ ਤੋਂ ਨਿਰਮਲ (ਮੈਲ ਰਹਿਤ) ਹੈ ਅਤੇ ਉਲਟੇ ਛਤਰ ਦੀ ਤਰ੍ਹਾਂ ਹੈ।60।

ਇਹ ਸੰਖ, ਅੰਕਰਤਨ ਅਤੇ ਕੁੰਦ ਦੇ ਫੁੱਲਾਂ ਵਾਂਗ ਸਫੈਦ ਹੈ। ਨਿਰਮਲ ਹੈ, ਸ਼ੁਭ ਹੈ। ਇਹ ਸੀਤਾ ਨਾਮਕ ਦੀ ਇਸ਼ਤਪ੍ਰਾਗਭਰਾ ਧਰਤੀ ਤੋਂ ਇਕ ਯੋਜਨ ਉੱਪਰ ਲੋਕ ਦਾ ਅੰਤ ਆਖਿਆ ਗਿਆ ਹੈ।61।

ਉਸ ਯੋਜਨ ਦੇ ਉੱਪਰ ਦਾ ਜੋ ਕੋਸ਼ ਹੈ ਉਸ ਕੋਸ਼ ਦੇ 1/6 ਭਾਗ ਵਿਚ ਸਿੱਧ ਸਥਿਤ ਹੁੰਦੇ ਹਨ।62।

ਜਨਮਾਂ ਮਰਨ ਦੇ ਝੰਝਟ ਤੋਂ ਮੁਕਤ, ਮਹਾਭਾਗ ਧਰਮਗਤੀ ਸਿੱਧੀ ਨੂੰ ਪ੍ਰਾਪਤ ਸਿੱਧ ਉਥੇ ਅੱਗਰ (ਮੂਹਰਲੇ) ਭਾਗ ਵਿਚ ਸਥਿਤ ਹਨ।63।

ਆਖ਼ਰੀ ਜਨਮ ਵਿਚ ਜਿਸਦੀ ਜਿੰਨੀ ਉਚਾਈ ਹੁੰਦੀ ਹੈ ਉਸ ਤੋਂ ਤਿੰਨ ਗੁਣਾ ਤੋਂ ਘੱਟ ਉਚਾਈ ਉਹਨਾਂ ਸਿੱਧਾਂ ਦੀ ਹੁੰਦੀ ਹੈ।64।

ਇਕ ਸਿੱਧ ਦੇ ਪੱਖੋਂ ਸਿੱਧ ਦਾ ਸ਼ੁਰੂ ਤਾਂ ਹੈ ਪਰ ਆਖ਼ਿਰ ਨਹੀਂ। ਬਹੁਤੇ ਸਿੱਧ ਦੇ ਪੱਖੋਂ ਸਿੱਧ ਅਨਾਦਿ ਹਨ ਅਤੇ ਅਨੰਤ ਹਨ।65।

ਸਿੱਧ ਅਰੂਪ (ਆਕਾਰ ਰਹਿਤ) ਹਨ। ਸੰਘਨ ਹੈ ਗਿਆਨ, ਦਰਸ਼ਨ ਨਾਲ ਭਰਪੂਰ ਹਨ, ਜਿਸ ਦੀ ਕੋਈ ਮਿਸਾਲ ਨਹੀਂ, ਅਜਿਹਾ ਤੁਲਨਾ ਰਹਿਤ ਸੁੱਖ ਉਨ੍ਹਾਂ ਨੂੰ ਪ੍ਰਾਪਤ ਹੈ।66।

ਗਿਆਨ ਦਰਸ਼ਨ ਤੋਂ ਭਰਪੂਰ ਸੰਸਾਰ ਦੇ ਪਾਰ ਪਹੁੰਚੇ ਹੋਏ, ਧਰਮਗਤੀ ਸਿੱਧੀ ਨੂੰ ਪ੍ਰਾਪਤ ਹੋਏ ਉਹ ਸਾਰੇ ਸਿੱਧ ਲੋਕ ਦੇ ਇਕ ਦੇ ਸ਼ ਵਿਚਂ ਸਥਿਤ ਹਨ।67।

## ਸਥਾਵਰ ਕਾਇਆ ਦੇ ਜੀਵ

ਸੰਸਾਰੀ ਜੀਵ ਦੋ ਪ੍ਰਕਾਰ ਦੇ ਹਨ (1) ਤਰੱਸ (2) ਸਥਾਵਰ। ਉਨ੍ਹਾਂ ਵਿਚ ਸਥਾਵਰ ਤਿੰਨ ਪ੍ਰਕਾਰ ਦੇ ਹਨ।68।

(1) ਪ੍ਰਿਥਵੀ (2) ਪਾਣੀ (3) ਬਨਸਪਤੀ। ਇਹ ਤਿੰਨ ਪ੍ਰਕਾਰ ਦੇ ਸਥਾਵਰ ਜੀਵ ਹਨ। ਹੁਣ ਇਨ੍ਹਾਂ ਦੇ ਭੇਦ ਮੇਰੇ ਪਾਸੋਂ ਸੁਣੋ।69।

ਪ੍ਰਿਥਵੀ ਕਾਇਆ ਜੀਵ ਦੇ ਦੋ ਭੇਦ ਹਨ (1) ਸੂਖਮ (ਬਾਰੀਕ) (2) ਵਾਦਰ (ਮੋਟੇ)। ਦੋਹਾਂ ਭੇਦਾਂ ਦੇ ਪਰਿਆਪਤ ਅਤੇ ਅਪਰਿਆਪਤ ਦੇ ਦੋ ਦੋ ਭੇਦ ਹਨ।70।

ਜੋ ਪਰਿਆਪਤ ਵਾਦਰ ਪ੍ਰਿਥਵੀ ਕਾਇਆ ਜੀਵ ਹਨ, ਉਹਨਾਂ ਦੇ ਦੋ ਭੇਦ ਹਨ (1) ਸਲਕੁਸ਼ਨ ਮਿੱਠਾ (2) ਖਾਰਾ (ਕਠੋਰ)। ਇਹਨਾਂ ਵਿਚ ਵੀ ਮਿੱਠੇ ਦੇ ਸੱਤ ਭੇਦ ਹਨ।71।

(1) ਕਾਲੀ (2) ਨੀਲੀ (3) ਖ਼ੂਨੀ ਰੰਗ (4) ਪੀਲੀ (5) ਸਫੈਦ (6) ਪਾਂਡੂ (ਭੂਰੀ ਮਿੱਟੀ) (7) ਪਣਕ ਮ੍ਰਿਤਿਕਾ - ਬੇਹੱਦ ਸੂਖਮ ਮਿੱਟੀ ਦੇ

ਕਣ। ਖਾਰੀ ਪ੍ਰਿਥਵੀ (ਕਠੋਰ ਪ੍ਰਿਥਵੀ) ਦੇ 36 ਭੇਦ ਹਨ।72।

(1) ਸ਼ੁੱਧ ਪ੍ਰਿਥਵੀ (2) ਸ਼ੱਕਰ ਵਰਗੀ (3) ਬਾਲੂਕਾ (4) ਉੱਪਲ ਪੱਥਰ (5) ਸਿਲਾ (6) ਲੂਣ (7) ਉਸਖਾਰ ਰੂਪੀ ਮਿੱਟੀ (8) ਲੋਹਾ (9) ਤਰੁਆ (10) ਤਾਂਬਾ (11) ਸੀਸ਼ਾ (12) ਰੂਪਾ-ਚਾਂਦੀ (13) ਸੋਨਾ (14) ਬੱਜਰ (15) ਹਰੀਤਾਲ (16) ਹਿੰਗਲੂ (17) ਮਨਸ਼ਿਲ (18) ਸਾਸਕ (19) ਅੰਜਨ (ਸੁਰਮਾ) (20) ਪ੍ਰਵਾਲ (ਮੂੰਗਾ) (21) ਅਵਰਕ (22) ਆਬਰ ਬਾਲੁਕ (ਅਬਰਕਾਂ ਦੀਆਂ ਤਹਿਆਂ ਵਾਲੀ ਮਿੱਟੀ) ਅਤੇ ਹੋਰ ਮਣੀਆਂ ਪ੍ਰਿਥਵੀ ਕਾਇਆ ਦੇ ਭੇਦ ਹਨ। (23) ਗੋਮੇਦ (24) ਰੋਜ਼ਕ (25) ਅੰਕ ਰਤਨ (26) ਸਫੁਟਿਕ ਅਤੇ ਲੋਹੀਤਾਕਸ਼ ਰਤਨ (27) ਮਰਕਜ਼ ਅਤੇ ਮਸਾਰਗੱਲ (28) ਭੁਜ ਮੂਚਕ (29) ਇੰਦਰਨੀਲ। (30) ਚੰਦਨ, ਗੇਰੁਕ ਅਤੇ ਹੰਸਗਾਰਬ (31) ਪੁਲਕ (32) ਸੁਗੰਧਿਕ (33) ਚੰਦਰਪ੍ਰਭ (34) ਬੇਡੂਰੀਆ (35) ਜਲਕਾਂਤ (36) ਸੂਰਜਾਕਾਂਤ ਮਣੀ। ਇਸ ਪ੍ਰਕਾਰ ਕਠੋਰ ਧਰਤੀ ਦੇ 36 ਭੇਦ ਹਨ। ।73-74-7576।

ਇਹ ਕਠੋਰ ਧਰਤੀ ਦੇ 36 ਭੇਦ ਹਨ। ਹੁਣ ਦੋਹਾਂ ਵਿਚ ਸੂਖਮ ਪ੍ਰਿਥਵੀ ਕਾਇਆ ਦੇ ਜੀਵ ਇਕ ਹੀ ਤਰ੍ਹਾਂ ਦੇ ਹਨ।77।

ਸੂਖਮ ਪ੍ਰਿਥਵੀ ਕਾਇਆ ਦੇ ਜੀਵ ਸਾਰੇ ਲੋਕ ਵਿਚ ਅਤੇ ਵਾਦਰ ਪ੍ਰਿਥਵੀ ਕਾਇਆ ਦੇ ਜੀਵ ਲੋਕ ਦੇ ਇਕ ਦੇਸ਼ (ਹਿੱਸੇ) (ਰਤਨ ਪ੍ਰਭਾ ਆਦਿ ਨਰਕ) ਵਿਚ ਫੈਲੇ ਹੋਏ ਹਨ। ਹੁਣ ਚਾਰ ਪ੍ਰਕਾਰ ਦੇ ਪ੍ਰਿਥਵੀ ਕਾਇਆ ਜੀਵਾਂ ਦੇ ਕਾਲ (ਵਿਭਾਗ) ਦਾ ਕਥਨ ਕਰਾਂਗਾ।78।

ਪ੍ਰਿਥਵੀ ਕਾਇਆ ਦੇ ਜੀਵ ਵਹਾ ਦੇ ਪੱਖੋਂ ਅਨਾਦਿ ਅਤੇ ਅਨੰਤ (ਸ਼ੁਰੂ ਤੇ ਆਖ਼ਿਰ) ਤੋਂ ਰਹਿਤ ਹਨ ਅਤੇ ਸਥਿਤੀ ਦੇ ਪੱਖੋਂ ਸ਼ੁਰੂ ਤੇ ਆਖ਼ੀਰ

ਰੱਖਦੇ ਹਨ।79।

ਉਨ੍ਹਾਂ ਦੀ ਜ਼ਿਆਦਾ ਤੋਂ ਜ਼ਿਆਦਾ ਸਥਿਤੀ 22000 ਸਾਲ ਤੋਂ ਘੱਟੋ ਘੱਟ ਅੰਤ ਮਹੂਰਤ ਹੈ।80।

ਉਨ੍ਹਾਂ ਦੀ ਅਸੰਖਿਆਤ ਕਾਲ ਦੀ ਜ਼ਿਆਦਾ ਤੋਂ ਜ਼ਿਆਦਾ ਅਤੇ ਅੰਤ ਮਹੂਰਤ 1/3 ਦੀ ਘੱਟੋ ਘੱਟ ਸਰੀਰਿਕ ਸਥਿਤੀ ਹੈ। ਪ੍ਰਿਥਵੀ ਦੇ ਸਰੀਰ ਨੂੰ ਛੱਡ ਕੇ ਫਿਰ ਪ੍ਰਿਥਵੀ ਕਾਇਆ ਵਿਚ ਪੈਦਾ ਹੋਣਾ ਕਾਇਆ ਸਥਿਤੀ ਹੈ।81।

ਪ੍ਰਿਥਵੀ ਕਾਇਆ ਦੇ ਸਰੀਰ ਨੂੰ ਇਕ ਵਾਰ ਛੰਡ ਕੇ ਫਿਰ ਵਾਪਸ ਪ੍ਰਿਥਵੀ ਤੇ ਸਰੀਰ ਵਿਚ ਉਤਪੰਨ ਹੋਣ ਦਾ ਵਿਚਕਾਰਲਾ ਸਮਾਂ ਘੱਟੋ ਘੱਟ ਮਹੂਰਤ ਅਤੇ ਜ਼ਿਆਦਾ ਤੋਂ ਜ਼ਿਆਦਾ ਅਨੰਤ ਕਾਲ ਹੈ।82।

ਵਰਨ, ਗੰਧ, ਰਸ, ਸਪਰਸ਼ ਅਤੇ ਸੰਸਥਾਨ ਦੇ ਪੱਖੋਂ ਤਾਂ ਪ੍ਰਿਥਵੀ ਕਾਇਆ ਦੇ ਹਜ਼ਾਰਾਂ ਭੇਦ ਹਨ।83।

ਅੱਪ ਕਾਇਆ (ਪਾਣੀ) ਜੀਵਾਂ ਦੇ ਦੋ ਭੇਦ ਹਨ (1) ਸੂਖਮ (2) ਵਾਦਰ। ਦੋਹਾਂ ਦੇ ਪਰਿਆਪਤ ਅਤੇ ਅਪਰਿਆਪਤ ਦੇ ਦੋ ਭੇਦ ਹਨ।84।

ਵਾਦਰ ਅੱਪਕਾਇਆ ਜੀਵਾਂ ਦੇ ਪੰਜ ਭੇਦ ਹਨ (1) ਸ਼ੁੱਧ ਪਾਣੀ (2) ਔਸ (2) ਹਰਤਨੂੰ (ਗੀਲੀ ਭੂਮੀ ਤੋਂ ਪੈਦਾ ਪਾਣੀ ਜੋ ਸਵੇਰ ਦੇ ਸਮੇਂ ਘਾਹ ਤੇ ਬਿੰਦੂ ਰੂਪ ਵਿਚ ਵਿਖਾਈ ਦਿੰਦਾ ਹੈ) (4) ਧੁੰਦ (5) ਹਿੰਮ ਬਰਫ ਵਾਲਾ ਪਾਣੀ।85।

ਸੂਖਮ ਅੱਪਕਾਇਆ ਦੇ ਜੀਵ ਇਕ ਪ੍ਰਕਾਰ ਦੇ ਹੀ ਹਨ। ਉਨ੍ਹਾਂ ਦੇ ਕੋਈ ਹੋਰ ਭੇਦ ਨਹੀਂ। ਸੂਖਮ ਅੱਪਕਾਇਆ ਦੇ ਜੀਵ ਸਾਰੇ ਲੋਕ ਵਿਚ ਅਤੇ ਵਾਦਰ ਅੱਪਕਾਇਆ ਦੇ ਜੀਵ ਲੋਕ ਦੇ ਇਕ ਭਾਗ ਵਿਚ ਫੈਲੇ ਹੋਏ ਹਨ।86।

ਗਾਥਾ 79 ਦੇ ਅਨੁਸਾਰ 87।

ਉਨ੍ਹਾਂ ਦੀ ਜ਼ਿਆਦਾ ਤੋਂ ਜ਼ਿਆਦਾ ਉਮਰ 7000 ਸਾਲ ਅਤੇ ਘੱਟੋ ਘੱਟ ਅੰਤਮਹੂਰਤ (ਮਹੂਰਤ ਤੋਂ ਘੱਟ) ਹੈ।88।

ਉਸ ਅੱਪਕਾਇਆ ਦੇ ਜੀਵ ਉਸੇ ਜੂਨੀ ਵਿਚ ਦੁਬਾਰਾ ਜਨਮ ਲੈਣ ਦਾ ਸਮਾਂ ਅਸੰਖਿਆਤ ਕਾਰਲ ਹੈ। ਅਸੰਖਿਆਤ ਕਾਲ ਦੀ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਹੈ ਅੰਤਮਹੂਰਤ ਘੱਟੋ ਘੱਟ ਕਾਇਆ ਸਥਿਤੀ ਹੈ।89।

ਅੱਪਕਾਇਆ ਨੂੰ ਛੱਡ ਕੇ ਦੂਸਰੀ ਵਾਰ ਅੱਪਕਾਇਆ ਵਿਚ ਪੈਦਾ ਹੋਣ ਦਾ ਵਿਚਕਾਰਲਾ ਸਮਾਂ ਘੱਟੋ ਘੱਟ ਅੰਤਮਹੂਰਤ ਅਤੇ ਜ਼ਿਆਦਾ ਤੋਂ ਜ਼ਿਆਦਾ ਅਨੰਤ ਕਾਲ ਹੈ।90।

ਵਰਨ, ਗੰਧ, ਰਸ, ਸਪਰਸ਼ ਅਤੇ ਸੰਸਥਾਨ ਪੱਖੋਂ ਅਪਕਾਇਆ ਦੇ ਹਜ਼ਾਰਾਂ ਭੇਦ ਹਨ।91।

ਬਨਸਪਤੀ ਕਾਇਆ ਦੇ ਦੋ ਭੇਦ ਹਨ (1) ਸੂਖਮ (2) ਵਾਦਰ। ਫਿਰ ਦੋਹਾਂ ਦੇ ਪਰਿਆਪਤ ਅਤੇ ਅਪਰਿਆਪਤ ਦੇ ਦੋ ਭੇਦ ਹਨ।92।

ਵਾਦਰ ਪਰਿਆਪਤ ਬਨਸਪਤੀ ਕਾਇਆ ਦੇ ਜੀਵਾਂ ਦੇ ਦੋ ਭੇਦ ਹਨ। (1) ਸਾਧਾਰਣ ਸਰੀਰ (ਇਕ ਸਰੀਰ ਵਿਚ ਕਈ ਜੀਵਾਂ ਦਾ ਨਿਵਾਸ) (2) ਪ੍ਰਤਏਕ ਸਰੀਰ (ਅੱਡ ਅੱਡ ਸਰੀਰ ਵਿਚ ਅੱਡ ਅੱਡ ਜੀਵ ਦਾ ਨਿਵਾਸ)।93।

ਪ੍ਰਤਏਕ ਸਰੀਰ ਬਨਸਪਤੀ ਕਾਇਆ ਅਨੇਕਾਂ ਪ੍ਰਕਾਰ ਦੀ ਹੈ ਜਿਵੇਂ (1) ਦਰਖ਼ਤ (2) ਗੁੱਛੇ (3) ਗਲਮ (4) ਲਤਾ (ਚੰਪਕ) ਆਦਿ ਦੀ ਵੇਲ (5) ਬੱਲੀ (ਜ਼ਮੀਨ ਤੇ ਫੈਲਣ ਵਾਲੀ ਕੱਕੜੀ ਆਦਿ ਦੀ ਵੇਲ) (6) ਘਾਹ।94।

(6) ਲਤਾ ਬਲਯ (ਨਾਰੀਅਲ) (7) ਪਰਵਜ (ਗੰਨਾ ਆਦਿ) (8) ਕੁਹਨ (ਜ਼ਮੀਨ ਤੇ ਫੈਲੀਆਂ ਕੁਕਰਮੁਤਾ ਆਦਿ ਦਵਾਈਆਂ ਅਤੇ ਘਾਹ) (9) ਜਲਰੂਹ (ਕਮਲ ਆਦਿ) (10) ਔਸ਼ਧਿ (ਜੌਂ, ਛੋਲੇ ਆਦਿ ਅਨਾਜ) (11) ਘਾਹ ਤੇ ਹਰਿਤ ਕਾਇਆ (ਹਰਿਆਲੀ) ਇਹ ਸਾਰੇ ਪ੍ਰਤਏਕ ਸਰੀਰੀ ਜਾਨਣੇ ਚਾਹੀਦੇ ਹਨ।95।

ਸਾਧਾਰਨ ਸਰੀਰ ਅਨੇਕ ਪ੍ਰਕਾਰ ਦੇ ਹਨ (1) ਆਲੂ (2) ਮੂਲ-ਮੂਲੀ (3) ਸ੍ਰਿਗੀਵੇਰ-ਅਦਰਕ।96।

(4) ਹਿਰਲੀਕੰਦ (5) ਸਿਰਲੀਕੰਦ (7) ਸ਼ਿਸਰਲੀਕੰਦ (8) ਯਾਵਤਿਕ (9) ਪਲਾਡੂ (ਪਿਆਜ) (10) ਲਹਸਨ (11) ਕੰਦਲੀ (12) ਕੁਰੂਬਰਤਕ (13) ਲੋਹਨੀ (14) ਹੁਤਾਕਸ਼ੀ (15) ਹੂਤ (16) ਕ੍ਰਿਸ਼ਨ (17) ਬਜ਼ਰਕੰਦ (18) ਸੁਰਨਕੰਦ। (19) ਅਸ਼ਵਕਰਨੀ (20) ਸਿੰਘਕਰਨੀ (21) ਮਸੁੰਢੀ (22) ਹਰੀਦਰਾ ਕੰਦ (ਹਲਦੀ) ਆਦਿ ਅਨੇਕਾਂ ਪ੍ਰਕਾਰ ਦੇ ਬਨਸਪਤੀਆਂ (ਜਿਮੀਕੰਦ) ਹਨ।97-98-99।

ਗਾਥਾ ਨੰ: 100, 101, 103, 104, 105 ਦਾ ਅਰਥ ਗਾਥਾ ਨੰ: 78, 79, 81, 82, 83 ਅਨੁਸਾਰ ਹੀ ਹੈ। ਇਸ ਵਿਚ ਬਨਾਸਪਤੀ ਕਾਇਆ ਦਾ ਵਰਨਣ ਹੈ। ਉਨ੍ਹਾਂ ਦੀ ਜ਼ਿਆਦਾ ਤੋਂ ਜ਼ਿਆਦਾ ਸਥਿਤੀ 10000 ਸਾਲ ਅਤੇ ਘੱਟੋ ਘੱਟ ਉਮਰ ਅੰਤਮਹੂਰਤ ਹੈ।102।

## ਤਰੱਸ ਕਾਇਆ ਜੀਵ

ਇਸ ਪ੍ਰਕਾਰ ਸੰਖੇਪ ਵਿਚ ਤਿੰਨ ਪ੍ਰਕਾਰ ਦੇ ਸਥਾਵਰ ਜੀਵ ਦਾ ਵਰਨਣ ਕੀਤਾ ਗਿਆ ਹੈ। ਹੁਣ ਮੈਂ ਤਿੰਨ ਪ੍ਰਕਾਰ ਦੇ ਤਰਸ ਜੀਵਾਂ ਦਾ ਵਰਨਣ ਕਰਾਂਗਾ।106।

ਤਰਸ ਕਾਇਆ ਦੇ ਜੀਵ ਤੇਜਸ (ਅੱਗ) ਹਵਾ ਅਤੇ ਉਦਾਰ ਤਿੰਨ ਪ੍ਰਕਾਰ ਦੇ ਹਨ। ਇਨ੍ਹਾਂ ਦੇ ਭੇਦ ਮੇਰੇ ਪਾਸੋਂ ਸੁਣੋ।107।

ਤੇਜਸ (ਅੱਗ ਦੇ ਜੀਵ) ਦੇ ਦੋ ਭੇਦ ਹਨ। (1) ਸੂਖਮ (2) ਵਾਦਰ, ਉਸ ਤੋਂ ਬਾਅਦ ਦੋਹਾਂ ਦੇ ਪਰਿਆਪਤ ਅਤੇ ਅਪਰਿਆਪਤ ਦੇ ਦੋ ਭੇਦ ਹਨ।108।

ਵਾਦਰ ਪਰਿਆਪਤ ਤੇਜਸ ਕਾਇਆ ਦੇ ਜੀਵਾਂ ਦੀਆਂ ਅਨੇਕਾਂ ਕਿਸਮਾਂ ਹਨ। 91) ਅੰਗਾਰੇ (2) ਮੁਰਮੁਰ-ਸਵਾਹ ਵਾਲੀ ਅੱਗ ਅਰਥਾਤ ਚੰਗਿਆੜੇ (3) ਅੱਗ (4) ਦੀਪ ਸ਼ਿਖਾ।109।

(5) ਮੂਲ ਪ੍ਰਤੀਬੱਧ ਸ਼ਿਖਾ (6) ਛਿੰਨ ਮੂਲ ਸ਼ਿਖਾ (7) ਉਲਕਾ (8) ਅਸਮਾਨੀ ਬਿਜਲੀ ਸੂਖਮ ਤੇਜਸ ਕਾਇਆ ਦਾ ਜੀਵ ਇਕ ਪ੍ਰਕਾਰ ਦੇ ਹਨ। ਉਨ੍ਹਾਂ ਵਿਚ ਕੋਈ ਭੇਦ ਨਹੀਂ।110।

ਗਾਥਾ ਨੰ: 111 ਤੋਂ ਲੈ ਕੇ 116 ਤੱਕ ਗਾਥਾਵਾਂ ਦਾ ਅਰਥ (ਗਾਥਾ ਨੰ: 113 ਨੂੰ ਛੱਡ ਕੇ) ਗਾਥਾ ਨੰ: 78, 79, 80, 81, 82, 83 ਅਨੁਸਾਰ ਹੀ ਹੈ। ਇਸ ਵਿਚ ਤੇਜਸ ਤਰਸ ਕਾਇਆ ਵਿਚ ਵਰਨਣ ਕੀਤਾ ਗਿਆ ਹੈ।

ਤੇਜਸ ਕਾਇਆ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ ਤਿੰਨ ਦਿਨ ਘੱਟ ਅੰਤਮਹੂਰਤ ਹੈ।113।

## ਵਾਯੂ ਕਾਇਆ ਦੇ ਜੀਵ

ਵਾਯੂ ਕਾਇਆ (ਹਵਾ ਦੇ ਜੀਵ) ਦੋ ਪ੍ਰਕਾਰ ਦੇ ਹਨ (1) ਸੂਖਮ (2) ਵਾਦਰ। ਉਨ੍ਹਾਂ ਦੇ ਪਰਿਆਪਤ ਤੇ ਅਪਰਿਆਪਤ ਦੇ ਦੋ ਭੇਦ ਹਨ।117।

ਵਾਦਰ ਪਰਿਆਪਤ ਵਾਯੂ ਕਾਇਆ ਜੀਵਾਂ ਦੇ ਪੰਜ ਭੇਦ ਹਨ। (1) ਉਤਕਾਲਿਕਾ (ਠਹਿਰ ਠਹਿਰ ਕੇ ਚੱਲਣ ਵਾਲੀ ਹਵਾ (2) ਮੰਡਲੀਕਾ (ਚੱਕਰ ਖਾਣ ਵਾਲੀ ਹਵਾ) (3) ਘਨਾਵਾਤ (ਨਰਕ ਅਤੇ ਦੇਵਤਿਆਂ ਦੇ ਵਿਮਾਨ ਹੇਠ ਚੱਲਣ ਵਾਲੀ ਹਵਾ) (4) ਗੂੰਜਾਵਾਤ (ਆਵਾਜ਼ ਕਰਨ ਵਾਲੀ ਹਵਾ (5) ਸ਼ੁੱਧਾਵਾਤ (ਹੌਲੀ ਹੌਲੀ ਚੱਲਣ ਵਾਲੀ ਹਵਾ)।118।

(6) ਸੰਵਰਤਕਵਾਤ (ਘਾਹ ਉਡਾਉਣ ਵਾਲੀ ਹਵਾ) ਆਦਿ ਹੋਰ ਵੀ ਅਨੇਕਾਂ ਭੇਦ ਹਨ। ਸੂਖਮ ਵਾਯੂ ਕਾਇਆ ਇੱਕ ਪ੍ਰਕਾਰ ਦੀ ਹੈ ਇਸ ਦੇ ਹੋਰ ਭੇਦ ਨਹੀਂ ਹਨ।119।

ਅੱਗੋਂ ਦੇ ਅਰਥ ਦੀ ਗਾਥਾ ਨੂੰ 120-124 ਦਾ ਅਰਥ 78-84 ਤੱਕ ਦੀ ਤਰ੍ਹਾਂ ਹੈ। ਫਰਕ ਸਿਰਫ਼ ਇਹੋ ਹੈ ਕਿ ਇਥੇ ਸੂਖਮ ਵਾਯੂ ਤਰੱਸ ਕਾਇਆ ਦਾ ਵਰਨਣ ਹੈ।120-125।

ਇਨ੍ਹਾਂ ਦੀ ਜ਼ਿਆਦਾ ਤੋਂ ਜ਼ਿਆਦਾ ਉਮਰ ਤਿੰਨ ਹਜ਼ਾਰ ਸਾਲ ਹੈ ਘੱਟੋ ਘੱਟ ਅੰਤਮਹੂਰਤ ਹੈ।122।

ਉਦਾਰ (ਪਸ਼ੂਆਂ) ਤਰਸਾਂ ਦੇ ਚਾਰ ਭੇਦ ਹਨ। (1) ਦੋ ਇੰਦਰੀਆਂ ਵਾਲੇ (2) ਤਿੰਨ ਇੰਦਰੀਆਂ ਵਾਲੇ (3) ਚਾਰ ਇੰਦਰੀਆਂ ਵਾਲੇ (4) ਪੰਜ ਇੰਦਰੀਆਂ ਵਾਲੇ।126।

ਦੋ ਇੰਦਰੀਆਂ ਵਾਲੇ ਜੀਵਾਂ ਦੇ ਦੋ ਭੇਦ ਹਨ। (1) ਪਰਿਆਪਤ (2) ਅਪਰਿਆਪਤ। ਉਨ੍ਹਾਂ ਦੇ ਭੇਦਾਂ ਬਾਰੇ ਮੇਰੇ ਪਾਸੋਂ ਸੁਣੋ।127।

(1) ਕਿਰਮ-ਕੀੜੇ (2) ਸੁਮੰਗਲ (3) ਅਲਸ (ਬਰਸਾਤ) ਵਿਚ ਪੈਦਾ ਹੋਣ ਵਾਲੇ ਸੱਪ (4) ਮਾਤਰਵਾਹਕ (5) ਵਾਸੀ ਮੁੱਖ (6) ਸੀਪ (7) ਸੰਖ (8) ਸੰਖਨਕ (ਛੋਟੇ ਸੰਖ)।128।

(9) ਪਲਲੋਯ (10) ਅਣੂਪਲਕ (11) ਵਰਾਟਕ (ਕੌਡੀਆਂ) (12)

ਜੋਕਾਂ (13) ਜਾਲਕ (14) ਚੰਦਨੀਆਂ।129।

ਇਸ ਪ੍ਰਕਾਰ ਅਨੇਕਾਂ ਪ੍ਰਕਾਰ ਦੋ ਇੰਦਰੀਆਂ ਵਾਲੇ ਜੀਵ ਹਨ। ਉਹ ਲੋਕ ਦੇ ਇਕ ਭਾਗ ਵਿਚ ਫੈਲੇ ਹੋਏ ਹਨ, ਸਾਰੇ ਸੰਸਾਰ ਵਿਚ ਨਹੀਂ।130।

ਗਾਥਾ ਨੰ: 78 ਅਨੁਸਾਰ ਸਮਝਣਾ ਚਾਹੀਦਾ ਹੈ।131।

ਉਨ੍ਹਾਂ ਦੀ ਜ਼ਿਆਦਾ ਤੋਂ ਜ਼ਿਆਦਾ ਉਮਰ 12 ਸਾਲ ਅਤੇ ਘੱਟੋ ਘੱਟ ਅੰਤਮਹੂਰਤ ਹੈ।132।

ਉਨ੍ਹਾਂ (ਦੋ ਇੰਦਰੀਆਂ ਵਾਲਿਆਂ) ਦੀ ਕਾਇਆ ਸਥਿਤੀ ਜ਼ਿਆਦਾ ਤੋਂ ਜ਼ਿਆਦਾ ਸੰਖਿਆਤ ਚਲਦੀ ਹੈ ਅਤੇ ਘੱਟੋ ਘੱਟ ਅੰਤਮਹੂਰਤ ਦੀ ਹੈ। ਦੋ ਇੰਦਰੀਆਂ ਦੇ ਸਰੀਰ ਨੂੰ ਨਾ ਛੱਡ ਕੇ ਲਗਾਤਾਰ ਉਸੇ ਸਰੀਰ ਵਿਚ ਪੈਦਾ ਹੋਣਾ ਕਾਇਆ ਸਥਿਤੀ ਹੈ।133।

ਸਲੋਕਾਂ ਦੇ ਅਰਥ ਗਾਥਾ 82-83 ਦੀ ਤਰ੍ਹਾਂ ਹੀ ਸਮਝਣਾ ਚਾਹੀਦਾ ਹੈ। ਇਥੇ ਪ੍ਰਿਥਵੀ ਕਾਇਆ ਦੀ ਥਾਂ ਤੇ ਉਦਾਸ ਤਰਸ ਕਾਇਆ ਸਬੰਧੀ ਸਮਝ ਲੈਣਾ ਚਾਹੀਦਾ ਹੈ।134-135।

ਤਿੰਨ ਇੰਦਰੀਆਂ ਵਾਲੇ ਜੀਵਾਂ ਦੇ ਦੋ ਭੇਦ ਹਨ (1) ਪਰਿਆਪਤ (2) ਅਪਰਿਆਪਤ। ਉਨ੍ਹਾਂ ਦੇ ਭੇਦ ਮੇਰੇ ਪਾਸੋਂ ਸੁਣੋ।136।

(1) ਕੁੰਥੂ (ਇਕ ਬਾਰੀਕ ਜੀਵ) (2) ਪਿੱਪਲੀਕਾ (ਕੀੜੀ) (3) ਉਦਵੰਸਾ (ਖਟਮਲ-ਕਟੂਆ) (4) ਉਕਲ-ਮੱਕੜੀ (5) ਉਪਦੇਹੀਕਾ-ਸਿਊਂਖ (6) ਤ੍ਰਿਣਹਾਰਕ (7) ਕਾਸਟ ਹਾਰਕ (ਘੁਣ) (8) ਮਾਲੁਕ (9) ਪੱਤਰਹਾਰਕਾ। (10) ਕਪਾਸ ਅਸਥਿਕ (ਕਪਾਹ ਦੇ ਕੀੜੇ) (11) ਤਿੰਦੂਕ (12) ਤਿਰੁਪਸ ਮਿੰਜ਼ਕ (13) ਸ਼ਤਾਵਰੀ (14) ਗੁਲਮੀ (ਕੰਨਖੰਜੂਰਾ) (15) ਇੰਦਰੀਕਾਇਕ।

ਇੰਦਰੀ ਗੋਪਕ ਆਦਿ ਅਨੇਕਾਂ ਤਿੰਨ ਇੰਦਰੀਆਂ ਵਾਲੇ ਜੀਵਾਂ ਦੇ ਭੇਦ ਹਨ। ਉਹ ਲੋਕ ਦੇ ਇਕ ਭਾਗ ਵਿਚ ਫੈਲੇ ਹੋਏ ਹਨ। ਸਾਰੇ ਲੋਕ ਵਿਚ ਨਹੀਂ।137-138-139।

140-144 ਦਾ ਅਰਥ ਗਾਥਾ ਨੰਬਰ 79-83 ਅਨੁਸਾਰ ਹੈ। ਫਰਕ ਇਹੋ ਹੈ ਕਿ ਇੱਥੇ ਤਿੰਨ ਇੰਦਰੀਆਂ ਵਾਲੇ ਜੀਵਾਂ ਦਾ ਵਰਨਣ ਹੈ।140-144।

ਤਿੰਨ ਇੰਦਰੀਆਂ ਵਾਲੇ ਜੀਵਾਂ ਦੀ ਘੱਟੋ ਘੱਟ ਉਮਰ ਅੰਤਮਹੂਰਤ ਤੇ ਜ਼ਿਆਦਾ ਤੋਂ ਜ਼ਿਆਦਾ 49 ਦਿਨ ਰਾਤ ਦੀ ਹੈ।141।

ਚਾਰ ਇੰਦਰੀਆਂ ਵਾਲੇ ਜੀਵਾਂ ਦੇ ਦੋ ਭੇਤ ਹਨ। (1) ਪਰਿਆਪਤ (2) ਅਪਰਿਆਪਤ। ਉਨ੍ਹਾਂ ਦੇ ਭੇਦ ਮੇਰੇ ਪਾਸੋਂ ਸੁਣੋ।145।

(1) ਅੰਧੀਕਾ (2) ਪੋਤੀਕਾ (3) ਮੱਖੀ (4) ਮੱਛਰ (5) ਭੋਰਾ (6) ਕੀੜਾ (7) ਪਤੰਗਾ (8) ਢਿਕੁਣ (9) ਕੁਕਣਾ।(10) ਕੁੱਕੜ (11) ਸ੍ਰਿਗਰੀਟੀ (12) ਨੰਦਾਵ੍ਰਤ (13) ਬਿੱਛੂ (14) ਡੋਲ (15) ਭ੍ਰਿਗਰੀਟਕ (16) ਵੀਰਲੀ (17) ਅਕਸ਼ੀਰੋੜਕ। (18) ਅਕਸ਼ਿਲ (19) ਮਾਗਧ (20) ਅਕਸ਼ੀਰੋੜਕ (21) ਵਚਿੱਤਰ (22) ਚਿੱਤਰ ਪੱਤਰਕ (23) ਉਜਧੀਜਲਕਾ (24) ਜਲਕਾਰੀ (25) ਨੀਚਕ (26) ਤਾਂਬਰਕ ਆਦਿ ਅਨੇਕਾਂ ਚਾਰ ਇੰਦਰੀਆਂ ਵਾਲੇ ਜੀਵਾਂ ਦੇ ਭੇਦ ਹਨ। ਜੋ ਲੋਕ ਦੇ ਇਕ ਭਾਗ ਵਿਚ ਫੈਲੇ ਹੋਏ ਹਨ, ਸਾਰੇ ਲੋਕ ਵਿਚ ਨਹੀਂ।146-147-148-149।

149 ਤੋਂ ਲੈ ਕੇ 154 ਤੱਕ ਗਾਥਾ ਦਾ ਅਰਥ 78 ਤੋਂ 83 ਦੀ ਤਰ੍ਹਾਂ ਹੀ ਸਮਝਣਾ ਚਾਹੀਦਾ ਹੈ। ਪਰ ਗਾਥਾ ਨੰ: 151 ਦੇ ਅਰਥ ਵਿਚ ਕੁਝ ਫਰਕ ਹੈ।

ਉਨ੍ਹਾਂ ਦੀ ਜ਼ਿਆਦਾ ਤੋਂ ਜ਼ਿਆਦਾ ਉਮਰ ਛੇ ਮਹੀਨੇ ਘੱਟੋ ਘੱਟ

ਅੰਤਮਹੂਰਤ ਹੈ।151।

ਪੰਜ ਇੰਦਰੀਆਂ ਵਾਲੇ ਜੀਵਾਂ ਦੇ 4 ਭੇਦ ਹਨ। (1) ਨਾਰਕੀ (2) ਤਿਰਯੰਚ (ਪਸ਼ੂ) (3) ਮਨੁੱਖ (4) ਦੇਵਤੇ।155।

ਨਾਰਕੀ ਜੀਵਾਂ ਦੇ 7 ਭੇਦ ਹਨ (1) ਰਤਨਪ੍ਰਭਾ (2) ਸ਼ਰਕਰਾ ਪ੍ਰਭਾ (3) ਵਾਲੁਪ੍ਰਭਾ (4) ਪੰਕਪ੍ਰਭਾ (5) ਧੂਮਪ੍ਰਭਾ (6) ਤਮਪ੍ਰਭਾ (7) ਮਹਾਤਮ ਪ੍ਰਭਾ। ਇਸ ਪ੍ਰਕਾਰ ਸੱਤ ਪ੍ਰਿਥਵੀਆਂ ਵਿਚ ਉਤਪੰਨ ਵਾਲੇ ਨਾਰਕੀ ਸੱਤ ਪ੍ਰਕਾਰ ਦੇ ਹਨ।156-157।

ਇਹ ਲੋਕ ਦੇ ਇਕ ਭਾਗ ਵਿਚ ਫੈਲੇ ਹੋਏ ਹਨ। ਇਸ ਦੀ ਵਿਆਖਿਆ ਤੋਂ ਬਾਅਦ ਮੈਂ ਚਾਰ ਪ੍ਰਕਾਰ ਦੇ ਨਾਰਕੀ ਜੀਵਾਂ ਦਾ ਕਾਲ ਵਿਭਾਗ (ਉਮਰ) ਆਖਾਂਗਾ।158।

ਗਾਥਾ ਨੰਬਰ 79 ਅਨੁਸਾਰ ਹੀ ਸਮਝਣਾ ਚਾਹੀਦਾ ਹੈ।159।

ਪਹਿਲੀ ਪ੍ਰਿਥਵੀ ਵਿਚ ਨਾਰਕੀ ਜੀਵਾਂ ਦੀ ਉਮਰ ਘੱਟੋ ਘੱਟ 10 ਹਜ਼ਾਰ ਸਾਲ ਜ਼ਿਆਦਾ ਤੋਂ ਜ਼ਿਆਦਾ ਇਕ ਸਾਗਰੋਪਮ ਹੈ।160।

ਦੂਸਰੀ ਪ੍ਰਿਥਵੀ ਵਿਚ ਨਾਰਕੀ ਜੀਵਾਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਤਿੰਨ ਸਾਗਰੋਪਮ ਹੈ ਅਤੇ ਘੱਟੋ ਘੱਟ ਇਕ ਸਾਗਰੋਪਮ ਹੈ।161।

ਤੀਸਰੀ ਪ੍ਰਿਥਵੀ ਵਿਚ ਨਾਰਕੀ ਜੀਵਾਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 7 ਸਾਗਰੋਪਮ ਹੈ ਅਤੇ ਘੱਟੋ ਘੱਟ ਤਿੰਨ ਸਾਗਰੋਪਮ ਹੈ।162।

ਚੌਥੀ ਪ੍ਰਿਥਵੀ ਵਿਚ ਨਾਰਕੀ ਜੀਵਾਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 10 ਸਾਗਰੋਪਮ ਹੈ ਅਤੇ ਘੱਟੋ ਘੱਟ ਸੱਤ ਸਾਗਰੋਪਮ ਹੈ।163।

ਪੰਜਵੀਂ ਪ੍ਰਿਥਵੀ ਵਿਚ ਨਾਰਕੀ ਜੀਵਾਂ ਦੀ ਉਮਰ ਜ਼ਿਆਦਾ ਤੋਂ

ਜ਼ਿਆਦਾ 17 ਸਾਗਰੋਪਮ ਹੈ ਅਤੇ ਘੱਟੋ ਘੱਟ 10 ਸਾਗਰੋਪਮ ਹੈ।164।

ਛੇਵੀਂ ਪ੍ਰਿਥਵੀ ਵਿਚ ਨਾਰਕੀ ਜੀਵਾਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 22 ਸਾਗਰੋਪਮ ਹੈ ਅਤੇ ਘੱਟੋ ਘੱਟ 17 ਸਾਗਰੋਪਮ ਹੈ।165।

ਸੱਤਵੀਂ ਪ੍ਰਿਥਵੀ ਵਿਚ ਨਾਰਕੀ ਜੀਵਾਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 33 ਸਾਗਰੋਪਮ ਹੈ ਅਤੇ ਘੱਟੋ ਘੱਟ 22 ਸਾਗਰੋਪਮ ਹੈ।166।

ਨਾਰਕੀ ਜੀਵਾਂ ਦੀ ਜੋ ਉਮਰ ਦੀ ਸਥਿਤੀ ਹੈ ਉਹੀ ਘੱਟੋ ਘੱਟ ਅਤੇ ਜ਼ਿਆਦਾ ਉਨੀ ਹੀ ਉਹਨਾਂ ਦੇ ਸਰੀਰ ਦੀ ਸਥਿਤੀ ਹੈ।167।

ਗਾਥਾ ਨੰਬਰ 82-83 ਦੇ ਸਮਾਨ ਹੀ ਸਮਝਣਾ ਚਾਹੀਦਾ ਹੈ।168-169।

ਪੰਜ ਇੰਦਰੀਆਂ ਤ੍ਰਿਯੰਚ (ਪਸ਼ੂਆਂ) ਦੇ ਦੋ ਭੇਦ ਹਨ। (1) ਸਮੁਰਛਿਮ ਤ੍ਰਿਯੰਚ (2) ਗਰਭਜ ਤ੍ਰਿਯੰਚ।170।

ਇਨ੍ਹਾਂ ਦੋਹਾਂ ਦੇ ਹੀ (1) ਜਲਚਰ (2) ਥਲਚਰ (3) ਨਭਚਰ ਆਦਿ ਤਿੰਨ ਤਿੰਨ ਭੇਦ ਹਨ, ਉਨ੍ਹਾਂ ਬਾਰੇ ਮੇਰੇ ਪਾਸੋਂ ਸੁਣੋ।171।

ਜਲਚਰ ਪੰਜ ਪ੍ਰਕਾਰ ਦੇ ਹੁੰਦੇ ਹਨ (1) ਮੱਛੀਆਂ (2) ਕੱਛੂ (3) ਗ੍ਰਾਹ (4) ਮਗਰ (ਮਗਰਮੱਛ) (5) ਸੁਸੁਮਾਰ।172।

ਉਹ ਲੋਕ ਦੇ ਇਕ ਭਾਗ ਵਿਚ ਫੈਲੇ ਹੋਏ ਸਨ। ਸਮੁੱਚੇ ਲੋਕ ਵਿਚ ਨਹੀਂ। ਇਸ ਤੋਂ ਬਾਅਦ ਮੈਂ ਉਨ੍ਹਾਂ ਦੇ ਚਾਰ ਪ੍ਰਕਾਰ ਦੇ ਕਾਲ ਵਿਭਾਗ ਦਾ ਵਰਨਣ ਕਰਾਂਗਾ।173।

ਗਾਥਾ 79 ਦੇ ਅਨੁਸਾਰ ਹੀ ਹੈ।174।

ਜਲਚਰ (ਪਾਣੀ ਤੇ ਚੱਲਣ ਵਾਲੇ) ਜੀਵਾਂ ਦੀ ਜ਼ਿਆਦਾ ਤੋਂ ਜ਼ਿਆਦਾ ਉਮਰ 1 ਕਰੋੜ ਪੂਰਬ ਅਤੇ ਘੱਟੋ ਘੱਟ ਅੰਤਰਮਹੂਰਤ ਹੈ।175।

ਜਲਚਰਾਂ ਦੀ ਕਾਇਆ ਸਥਿਤੀ ਜ਼ਿਆਦਾ ਤੋਂ ਜ਼ਿਆਦਾ ਸਥਿਤੀ 1

ਕਰੋੜ ਅਤੇ ਘੱਟੋ ਘੱਟ ਅੰਤਰਮਹੂਰਤ ਹੈ।176।

ਗਾਥਾ ਨੰਬਰ 177 ਤੇ 178 ਦਾ ਅਰਥ ਗਾਥਾ ਨੰਬਰ 82 ਤੇ 83 ਦੇ ਸਮਾਨ ਹੀ ਸਮਝਣਾ ਚਾਹੀਦਾ ਹੈ।177-178।

ਥਲਚਰ ਜੀਵਾਂ ਦੇ ਦੋ ਭੇਦ ਹਨ (1) ਚਾਰ ਪੈਰਾਂ ਵਾਲੇ (2) ਪਰਿਸਰਪ। ਚਾਰ ਪੈਰਾਂ ਵਾਲੇ ਜੀਵਾਂ ਦੇ ਚਾਰ ਹਿੱਸੇ ਹਨ। ਉਨ੍ਹਾਂ ਬਾਰੇ ਮੇਰੇ ਪਾਸੋਂ ਸੁਣੋ।179।

(1) ਇਕ ਖੁਰ - ਘੋੜਾ ਆਦਿ (2) ਦੋ ਖੁਰ - ਬਲਦ ਆਦਿ (3) ਗੰਡੀਪਦ - ਹਾਥੀ ਆਦਿ (4) ਸਨਖ ਪਦ - ਸ਼ੇਰ ਆਦਿ।180।

ਪਰਿਸਰਪ ਦੋ ਪ੍ਰਕਾਰ ਦੇ ਹਨ (1) ਭੁਜ ਪਰਿਸਰਪ (ਬਾਂਹਾਂ ਦੇ ਸਹਾਰੇ ਚੱਲਣ ਵਾਲੇ ਸੱਪ) (2) ਉਰਪਰਿਸਰਪ - ਪੇਟ ਦੇ ਬਲ ਚੱਲਣ ਵਾਲੇ ਸੱਪ ਆਦਿ।181

ਗਾਥਾ ਨੰਬਰ 182-173 ਅਤੇ 183-79 ਦੇ ਅਨੁਸਾਰ ਹੀ ਹੈ।182-183।

ਉਨ੍ਹਾਂ ਦੀ ਉਮਰ ਦੀ ਸਥਿਤੀ ਜ਼ਿਆਦਾ ਤੋਂ ਜ਼ਿਆਦਾ ਤਿੰਨ ਪਲਯੋਪਮ ਅਤੇ ਘੱਟੋ ਘੱਟ ਅੰਤਰਮਹੂਰਤ ਦੀ ਹੈ।184।

ਜ਼ਿਆਦਾ ਤੋਂ ਜ਼ਿਆਦਾ ਕਾਇਆ ਸਥਿਤੀ 9 ਕਰੋੜ ਪੂਰਬ ਤੇ ਤਿੰਨ ਪਲਯੋਪਮ ਦੀ ਹੈ ਘੱਟੋ ਘੱਟ ਅੰਤਰਮਹੂਰਤ ਦੀ ਹੈ।185।

186 ਗਾਥਾ ਦਾ ਅਰਥ 82 ਅਨੁਸਾਰ ਹੀ ਹੈ।187।

ਖੇਚਰ ਜੀਵਾਂ ਦੇ ਚਾਰ ਹਿੱਸੇ ਹਨ (1) ਚਰਮ (ਚਮੜੇ ਪੰਛੀ) (2) ਰੋਮ ਪੰਛੀ (3) ਸਮੁੰਦਰੀ ਪੰਛੀ (40) ਵਿਤੱਤ ਪੰਛੀ।188।

ਗਾਥਾ 188-173 ਗਾਥਾ ਨੰਬਰ 189 ਦਾ ਅਰਥ 79 ਦੇ ਸਮਾਨ

ਸਮਝਣਾ ਚਾਹੀਦਾ ਹੈ।189।

ਉਨ੍ਹਾਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ ਪਲਯੋਪਮ ਦਾ ਅਸੰਖਿਆਤਵਾਂ ਭਾਗ ਹੈ ਅਤੇ ਘੱਟੋ ਘੱਟ ਅੰਤਰਮਹੂਰਤ ਹੈ।190।

ਖੇਚਰ ਜੀਵਾਂ ਦੀ ਸਰੀਰਿਕ ਸਥਿਤੀ ਇਕ ਕਰੋੜ ਪੂਰਬ ਤੇ ਇਕ ਦਾ ਅਸੰਖਿਆਤਵਾਂ ਭਾਗ ਹੈ ਅਤੇ ਘੱਟੋ ਘੱਟ ਅੰਤਰਮਹੂਰਤ ਹੈ।191।

ਖੇਚਰ ਜੀਵਾਂ ਦਾ ਜ਼ਿਆਦਾ ਤੋਂ ਜ਼ਿਆਦਾ ਅੰਤਰ ਅਨੰਤਕਾਲ ਅਤੇ ਘੱਟੋ ਘੱਟ ਅੰਤਰਮਹੂਰਤ ਹੈ।192।

193–194 ਦਾ ਅਰਥ ਗਾਥਾ ਨੰਬਰ 186–168 ਦੇ ਅਨੁਸਾਰ ਹੀ ਸਮਝਣਾ ਚਾਹੀਦਾ ਹੈ।193–194।

ਮਨੁੱਖ ਦੋ ਪ੍ਰਕਾਰ ਦੇ ਹਨ : (1) ਸਮੂਰਛਿਮ (2) ਗਰਭ ਤੋਂ (ਪੈਦਾ ਹੋਏ ਜੀਵ)।195।

ਅਕਰਮ ਭੂਮੀ ਵਾਲੇ ਕਰਮ ਭੂਮੀ ਵਾਲੇ ਅਤੇ ਅੰਤਰਦੀਪ ਇਹ ਤਿੰਨ ਭੇਦ ਗਰਭ ਵਾਲੇ ਮਨੁੱਖ ਦੇ ਹਨ।196।

ਕਰਮ ਭੂਮੀ ਮਨੁੱਖ ਦੇ 15, ਅਕਰਮ ਭੂਮੀ ਮਨੁੱਖ ਦੇ 30 ਅਤੇ ਅੰਤਦੀਪਕ ਮਨੁੱਖਾਂ ਦੇ 28 ਭੇਦ ਹਨ।197।

ਸਮੂਰਛਿਮ ਮਨੁੱਖਾਂ ਦੇ ਭੇਦ ਵੀ ਇਸੇ ਪ੍ਰਕਾਰ ਦੇ ਹਨ। ਇਕ ਲੋਕ ਦੇ ਇਕ ਭਾਗ ਵਿਚ ਫੈਲੇ ਹੋਏ ਹਨ।198।

199, 202, 203 ਦਾ ਅਰਥ ਗਾਥਾ ਨੰਬਰ 78, 82, 83 ਦੇ ਸਮਾਨ ਸਮਝਣਾ ਚਾਹੀਦਾ ਹੈ।199।

ਮਨੁੱਖਾਂ ਦੀ ਜ਼ਿਆਦਾ ਤੋਂ ਜ਼ਿਆਦਾ ਉਮਰ 3 ਪਲਯੋਪਮ ਅਤੇ ਘੱਟ ਅੰਤਮਹੂਰਤ ਹੈ।200।

ਜ਼ਿਆਦਾ ਤੋਂ ਜ਼ਿਆਦਾ ਸਰੀਰਿਕ ਸਥਿਤੀ ਇਕ ਕਰੋੜ ਪੂਰਬ ਤੇ 3 ਪਲਯੋਪਮ ਅਤੇ ਘੱਟੋ ਘੱਟ ਅੰਤਮਹੂਰਤ ਹੈ।201।

(1) ਭਵਨ ਵਾਸੀ (2) ਵਿਅੰਤਰ (3) ਜੋਤਸ਼ੀ (4) ਵੈਮਾਨਿਕ, ਇਹ ਚਾਰ ਪ੍ਰਕਾਰ ਦੇ ਦੇਵਤੇ ਹਨ।204।

ਭਵਨ ਵਾਸੀ ਦੇਵਤਿਆਂ ਦੇ 10, ਵਿਅੰਤਰ ਦੇਵਤਿਆਂ ਦੇ 8, ਜੋਤਸ਼ੀ ਦੇਵਤਿਆਂ ਦੇ 5 ਅਤੇ ਵੈਮਾਨਿਕ ਦੇਵਤਿਆਂ ਦੇ 2 ਭੇਦ ਹਨ।205।

(1) ਅਸੁਰ ਕੁਮਾਰ (2) ਨਾਗ ਕੁਮਾਰ (3) ਸੁਪਰਨ ਕੁਮਾਰ (4) ਵਿਧੁਤ ਕੁਮਾਰ (5) ਅਗਨੀ ਕੁਮਾਰ (6) ਦੀਪ ਕੁਮਾਰ (7) ਉਦਧੀ ਕੁਮਾਰ (9) ਵਾਯੂ ਕੁਮਾਰ (10) ਸਨਤ ਕੁਮਾਰ, ਇਹ ਦਸ ਭਵਨਵਾਸੀ ਦੇਵਤੇ ਹਨ।206।

(1) ਪਿਸ਼ਾਚ (2) ਭੂਤ (3) ਯਕਸ਼ (4) ਰਾਖਸ਼ (5) ਕਿੰਨਰ (6) ਕਿੰਪੁਰਸ਼ (7) ਮਹੋਰਗ (8) ਗੰਧਰਵ, ਇਹ ਅੱਠ ਵਿਅੰਤਰ ਦੇਵਤਿਆ ਦੇ ਭੇਦ ਹਨ।207।

(1) ਚੰਦ (2) ਸੂਰਜ (3) ਨਛੱਤਰ (4) ਗ੍ਰਹਿ (5) ਤਾਰੇ, ਇਹ ਪੰਜ ਜੋਤਸ਼ੀ ਦੇਵਤੇ ਹਨ। ਇਹ ਦਿਸ਼ਾ ਵਿਚਾਰੀ ਅਰਥਾਤ ਮੇਰੂ ਪਰਬਤ ਦੀ ਪ੍ਰਦਖਿਨਾ ਕਰਨ ਵਾਲੇ ਜੋਤਿਸ਼ ਦੇਵਤੇ ਹਨ।208।

ਵੈਮਾਨਿਕ ਦੇਵਤਿਆਂ ਦੇ ਦੋ ਭੇਦ ਹਨ (1) ਕਲਪੋਉਗ-ਕਲਪ ਵਾਲੇ ਅਤੇ (2) ਕਲੱਪਾਤੀਤ-ਇੰਦਰ ਆਦਿ ਦੇ ਰੂਪ ਵਿਚ ਰਾਜ ਕਰਨ ਵਾਲੇ ।209।

ਕੁਲਓਪ ਦੇਵਤੇ 12 ਪ੍ਰਕਾਰ ਦੇ ਹਨ (1) ਸੋਧਰਮ (2) ਈਸ਼ਾਨਕ (3) ਸਨਤਕੁਮਾਰ (4) ਮਹੇਂਦਰ (5) ਬ੍ਰਹਮਲੋਕ (6) ਲਾਂਤਿਕ।210।

(7) ਮਹਾਸ਼ੁਕਰ (8) ਸਹੱਸਤਰਨਾਰ (9) ਆਨਤ (10) ਪ੍ਰਾਣਤ (11) ਆਰਣ (12) ਅਚਯੁਤ। ਇਹ ਕੁਲਓਪ ਦੇਵਤੇ ਹਨ।211।

ਕਲਪਾਤੀਤ ਦੇਵਤਿਆਂ ਦੇ ਦੋ ਭੇਦ ਹਨ (1) ਗਰੇਵਯੱਕ (2) ਅਨੁੱਤਰ। ਗਰੇਵਯਕ 9 ਪ੍ਰਕਾਰ ਦੇ ਹਨ।212।

(1) ਹੇਠਾਂ ਹੇਠਾਂ (2) ਹੇਠ ਦਰਮਿਆਨ (3) ਹੇਠਾਂ ਉਪਰ (4) ਦਰਮਿਆਨਾ ਹੇਠਾਂ।213।

(5) ਦਰਮਿਆਨ ਦਰਮਿਆਨ (6) ਦਰਮਿਆਨ ਉਪਰ (7) ਉਪਰ ਹੇਠਾਂ (8) ਉਪਰ ਦਰਮਿਆਨ।214।

(9) ਉਮਰ ਉਪਰ। ਇਹ ਨੌ ਭੇਦ ਹਨ। ਗਰੇਵਯਕਾਂ ਦੇ ਵਿਮਾਨ ਹਨ : (1) ਵਿਜੈ (2) ਵਿਜਯੰਤ (3) ਜਯੰਤ (4) ਅਪਰਾਜੀਤ।215।

ਅਤੇ ਸਰਵਾਰਥ ਸਿੱਧ ਇਹ ਪੰਜ ਅਨੁੱਤਰ ਦੇਵਤਿਆਂ ਦੇ ਭੇਦ ਹਨ। ਇਸ ਪ੍ਰਕਾਰ ਵੈਮਾਨਿਕ ਦੇਵਤਿਆਂ ਦੇ ਅਨੇਕਾਂ ਭੇਦ ਹਨ।216।

217 ਗਾਥਾ ਦਾ ਅਰਥ 173 ਗਾਥਾ ਦਾ ਅਰਥ 218 ਗਾਥਾ ਦਾ ਅਰਥ 78 ਦੇ ਸਮਾਨ ਹੀ ਹੈ।217-218।

ਭਵਨਵਾਸੀ ਦੇਵਤਿਆਂ ਦੀ ਜ਼ਿਆਦਾ ਤੋਂ ਜ਼ਿਆਦਾ ਉਮਰ ਇਕ ਸਾਗਰੋਪਮ ਅਤੇ ਘੱਟੋ ਘੱਟ 10 ਹਜ਼ਾਰ ਸਾਲ ਹੈ।219।

ਵਿਅੰਤਰ ਦੇਵਤਿਆਂ ਦੀ ਜ਼ਿਆਦਾ ਤੋਂ ਜ਼ਿਆਦਾ ਉਮਰ ਇਕ ਪਲਯੋਪਮ ਹੈ ਅਤੇ ਘੱਟੋ ਘੱਟ 10 ਹਜ਼ਾਰ ਸਾਲ ਹੈ।220।

ਜੋਤਸ਼ੀ ਦੇਵਤਿਆਂ ਦੀ ਜ਼ਿਆਦਾ ਤੋਂ ਜ਼ਿਆਦਾ ਉਮਰ ਇਕ ਪਲਯੋਪਮ ਤੇ ਇਕ ਲੱਖ ਸਾਲ ਹੈ ਅਤੇ ਘੱਟੋ ਘੱਟ 1/8 ਪਲਯੋਪਮ ਹੈ।221।

ਈਸ਼ਾਨ ਦੇਵਤਿਆਂ ਦੀ ਘੱਟੋ ਘੱਟ ਉਮਰ ਇਕ ਸਾਗਰੋਪਮ ਤੋਂ ਜ਼ਿਆਦਾ ਅਤੇ ਜ਼ਿਆਦਾ ਅਤੇ ਘੱਟੋ ਘੱਟ ਇਕ ਪਲਯੋਪਮ ਤੋਂ ਜ਼ਿਆਦਾ ਹੈ।222।

ਸੋਧਰਮ ਦੇਵਤਿਆਂ ਦੀ ਜ਼ਿਆਦਾ ਤੋਂ ਜ਼ਿਆਦਾ ਉਮਰ ਦੋ ਸਾਗਰੋਪਮ

ਸਨਤ ਕੁਮਾਰ ਦੇਵਤਿਆਂ ਦੀ ਜ਼ਿਆਦਾ ਤੋਂ ਜ਼ਿਆਦਾ ਉਮਰ ਸੱਤ ਸਾਗਰੋਪਮ ਹੈ ਅਤੇ ਘੱਟੋ ਘੱਟ 2 ਸਾਗਰੋਪਮ ਹੈ।224।

ਮਹੇਂਦਰ ਕੁਮਾਰ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 7 ਸਾਗਰੋਪਮ ਹੈ ਅਤੇ ਘੱਟੋ ਘੱਟ 2 ਸਾਗਰੋਪਮ ਹੈ।225।

ਬ੍ਰਹਮਲੋਕ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 10 ਸਾਗਰੋਪਮ ਹੈ ਅਤੇ ਘੱਟੋ ਘੱਟ 7 ਸਾਗਰੋਪਮ ਹੈ।226।

ਲਾਂਤਿਕ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 14 ਸਾਗਰੋਪਮ ਹੈ ਅਤੇ ਘੱਟੋ ਘੱਟ 10 ਸਾਗਰੋਪਮ ਹੈ।227।

ਮਹਸ਼ੁਕਰ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 18 ਸਾਗਰੋਪਮ ਹੈ ਅਤੇ ਘੱਟੋ ਘੱਟ 14 ਸਾਗਰੋਪਮ ਹੈ।228।

ਸਹਸਤਰਨਾਰ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 18 ਸਾਗਰੋਪਮ ਹੈ ਅਤੇ ਘੱਟੋ ਘੱਟ 17 ਸਾਗਰੋਪਮ ਹੈ।229।

ਆਨਤ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 19 ਸਾਗਰੋਪਮ ਹੈ ਅਤੇ ਘੱਟੋ ਘੱਟ 18 ਸਾਗਰੋਪਮ ਹੈ।230।

ਪ੍ਰਾਣਤ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 20 ਸਾਗਰੋਪਮ ਹੈ ਅਤੇ ਘੱਟੋ ਘੱਟ 19 ਸਾਗਰੋਪਮ ਹੈ।231।

ਆਰਣ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 21 ਸਾਗਰੋਪਮ ਹੈ ਅਤੇ ਘੱਟੋ ਘੱਟ 20 ਸਾਗਰੋਪਮ ਹੈ।232।

ਅਚਯੁੱਤ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 22 ਸਾਗਰੋਪਮ ਹੈ ਅਤੇ ਘੱਟੋ ਘੱਟ 21 ਸਾਗਰੋਪਮ ਹੈ।233।

ਪਹਿਲੇ ਗਰੇਵਯਕ ਵਿਮਾਨ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 23 ਸਾਗਰੋਪਮ ਹੈ ਅਤੇ ਘੱਟੋ ਘੱਟ 22 ਸਾਗਰੋਪਮ ਹੈ।234।

ਦੂਸਰੇ ਗਰੇਵਯਕ ਵਿਮਾਨ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 24 ਸਾਗਰੋਪਮ ਹੈ ਅਤੇ ਘੱਟੋ ਘੱਟ 23 ਸਾਗਰੋਪਮ ਹੈ।235।

ਤੀਸਰੇ ਗਰੇਵਯਕ ਵਿਮਾਨ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 25 ਸਾਗਰੋਪਮ ਹੈ ਅਤੇ ਘੱਟੋ ਘੱਟ 24 ਸਾਗਰੋਪਮ ਹੈ।236।

ਚੌਥੇ ਗਰੇਵਯਕ ਵਿਮਾਨ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 26 ਸਾਗਰੋਪਮ ਹੈ ਅਤੇ ਘੱਟੋ ਘੱਟ 25 ਸਾਗਰੋਪਮ ਹੈ।237।

ਪੰਜਵੇਂ ਗਰੇਵਯਕ ਵਿਮਾਨ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 27 ਸਾਗਰੋਪਮ ਹੈ ਅਤੇ ਘੱਟੋ ਘੱਟ 26 ਸਾਗਰੋਪਮ ਹੈ।238।

ਛੇਵੇਂ ਗਰੇਵਯਕ ਵਿਮਾਨ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 28 ਸਾਗਰੋਪਮ ਹੈ ਅਤੇ ਘੱਟੋ ਘੱਟ 27 ਸਾਗਰੋਪਮ ਹੈ।239।

ਸੱਤਵੇਂ ਗਰੇਵਯਕ ਵਿਮਾਨ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 29 ਸਾਗਰੋਪਮ ਹੈ ਅਤੇ ਘੱਟੋ ਘੱਟ 28 ਸਾਗਰੋਪਮ ਹੈ।240।

ਅੱਠਵੇਂ ਗਰੇਵਯਕ ਵਿਮਾਨ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 30 ਸਾਗਰੋਪਮ ਹੈ ਅਤੇ ਘੱਟੋ ਘੱਟ 29 ਸਾਗਰੋਪਮ ਹੈ।241।

ਨੌਵੇਂ ਗਰੇਵਯਕ ਵਿਮਾਨ ਦੇਵਤਿਆਂ ਦੀ ਉਮਰ ਜ਼ਿਆਦਾ ਤੋਂ ਜ਼ਿਆਦਾ 31 ਸਾਗਰੋਪਮ ਹੈ ਅਤੇ ਘੱਟੋ ਘੱਟ 30 ਸਾਗਰੋਪਮ ਹੈ।242।

ਵਿਜੈ, ਵਿਜਯੰਤ, ਜਯੰਤ ਅਤੇ ਅਪਰਾਜੀਤ ਦੇਵਤਿਆਂ ਦੀ ਜ਼ਿਆਦਾ ਤੋਂ ਜ਼ਿਆਦਾ ਉਮਰ 33 ਸਾਗਰੋਪਮ ਹੈ ਅਤੇ ਘੱਟੋ ਘੱਟ 32 ਸਾਗਰੋਪਮ ਹੈ।243।

ਮਹਾਵਿਮਾਨ ਸਰਵਾਰਥ ਸਿੱਧ ਵਿਚ ਨਾ ਹੀ ਘੱਟ ਤੇ ਨਾ ਹੀ ਜ਼ਿਆਦਾ ਉਮਰ ਹੈ, ਸਗੋਂ ਸਾਰੇ ਦੇਵਤਿਆਂ ਦੀ ਉਮਰ ਇਕ ਬਰਾਬਰ 33 ਸਾਗਰੋਪਮ ਹੈ।244।

ਦੇਵਤਿਆਂ ਦੀ ਉਮਰ ਬਾਰੇ ਜੋ ਸਥਿਤੀ ਆਖੀ ਗਈ ਹੈ ਉਹ ਹੀ ਉਸ ਦੇ ਸਰੀਰ ਬਾਰੇ ਘੱਟੋ ਘੱਟ ਤੇ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਹੈ।245।

ਉਨ੍ਹਾਂ ਨੂੰ ਦੂਸਰੀ ਬਾਰ ਦੇਵਤੇ ਦਾ ਸਰੀਰ ਧਾਰਨ ਕਰਨ ਲਈ ਘੱਟੋ ਘੱਟ ਅੰਤ ਮਹੂਰਤ ਅਤੇ ਜ਼ਿਆਦਾ ਤੋਂ ਜ਼ਿਆਦਾ ਅਨੰਤਕਾਲ ਦਾ ਸਮਾਂ ਲੱਗਦਾ ਹੈ।246।

ਗਾਥਾ 247 ਦਾ ਅਰਥ 83 ਅਨੁਸਾਰ।247।

ਇਸ ਪ੍ਰਕਾਰ ਸੰਸਾਰੀ ਤੇ ਸਿੱਧ (ਮੁਕਤ) ਜੀਵਾਂ ਦਾ ਕਥਨ ਕੀਤਾ ਹੈ ਰੂਪੀ ਅਤੇ ਅਰੂਪੀ ਦੋ ਪ੍ਰਕਾਰ ਦੇ ਜੀਵਾਂ ਦਾ ਵੀ ਮੈਂ ਕਥਨ ਕੀਤਾ ਹੈ।248।

ਜੀਵ ਤੇ ਅਜੀਵ ਦੇ ਭਾਸ਼ਨ ਨੂੰ ਸੁਣ ਕੇ ਅਤੇ ਉਸ ਤੇ ਸ਼ਰਧਾ ਕਰਕੇ, ਗਿਆਨ ਤੇ ਕ੍ਰਿਆ ਆਦਿ ਸਾਰੇ (ਨਯਾਂ) ਕਾਰਨਾਂ ਨੂੰ ਜਾਣ ਕੇ , ਸੰਜਮ ਵਿਚ ਲੱਗਾ ਮੁਨੀ, ਇਨ੍ਹਾਂ ਵਿਚ ਹੀ ਘੁੰਮੇ।249।

ਉਸ ਤੋਂ ਬਾਅਦ ਕਾਫੀ ਸਮੇਂ ਤੱਕ ਸੰਜਮ ਪਾਲਦਾ ਹੋਇਆ ਮੁਨੀ ਆਤਮਾ ਵਿਚੋਂ ਵਿਕਾਰਾਂ ਦਾ ਖ਼ਾਤਮਾ ਕਰੇ।250।

(1) ਉੱਚੀ ਸੰਲੇਖਨਾ (ਅੰਤ ਸਮੇਂ ਕੀਤਾ ਜਾਣ ਵਾਲਾ ਵਰਤ-ਸੰਥਾਰਾ)

12 ਸਾਲ ਦੀ ਹੁੰਦੀ ਹੈ। (2) ਵਿਚਕਾਰਲੀ ਸੰਲੇਖਨਾ ਇਕ ਸਾਲ ਦੀ ਹੁੰਦੀ ਹੈ (3) ਘੱਟੋ ਘੱਟ ਸੰਲੇਖਨਾ ਦਾ ਸਮਾਂ 6 ਮਹੀਨੇ ਹੁੰਦਾ ਹੈ।251।

ਪਹਿਲੇ 4 ਸਾਲ ਵਿਚ ਦੁੱਧ ਆਦਿ ਪਦਾਰਥਾਂ ਦਾ ਤਿਆਗ ਕਰੇ ਫਿਰ ਚਾਰ ਸਾਲ ਵਿਚ ਕਈ ਪ੍ਰਕਾਰ ਦੇ ਤਪ ਕਰੇ।252।

ਫਿਰ 2 ਸਾਲ ਤੱਕ ਏਕਾਂਤ ਤਪ (ਇਕ ਦਿਨ ਵਰਤ) ਕਰਕੇ ਅਗਲੇ ਦਿਨ ਭੋਜਨ ਕਰੇ, ਉਸ ਸਮੇਂ ਆਯੰਵਿਲ ਕਰੇ।

11 ਸਾਲ ਦੇ ਪਹਿਲੇ 6 ਮਹੀਨੇ ਵਿਚ ਕੋਈ ਔਖਾ ਤਪ ਨਾ ਕਰੇ ।253।

ਉਸ ਤੋਂ ਬਾਅਦ 6 ਮਹੀਨੇ ਔਖਾ ਤਪ ਕਰੇ ਅਤੇ ਪੂਰਾ ਸਾਲ ਭੋਜਨ ਵਾਲੇ ਦਿਨ ਆਯੰਵਿਲ (ਰੁੱਖਾ ਤੇ ਰਸ ਰਹਿਤ ਇਕ ਸਮੇਂ ਭੋਜਨ ਕਰਨਾ) ਕਰੇ।254।

12ਵੇਂ ਸਾਲ ਇਕ ਸਾਲ ਤੱਕ ਆਯੰਵਿਲ ਕਰੇ ਤੇ ਫਿਰ ਇਕ ਮਹੀਨੇ 15 ਦਿਲਾਂ ਦੀ ਇਕੱਠੀ ਤਪੱਸਿਆ ਕਰੇ ਜਾਂ ਵਰਤ ਕਰੇ।255।

ਕਾਂਦਰਪੀ, ਆਭੀਯੋਗੀ, ਇਹ ਕਿਲਿਵਸ਼ਕੀ, ਮੋਹੀ ਤੇ ਅਸੁਰੀ ਭਾਵਨਾਵਾਂ ਦੁਰਗਤੀ ਦਾ ਕਾਰਨ ਹਨ। ਇਹ ਮੌਤ ਸਮੇਂ ਵੀ ਸੰਜਮ ਵਿਚ ਰੁਕਾਵਟ ਪਾਉਂਦੀਆਂ ਹਨ।256।

ਜੋ ਮਰਨ ਲੱਗਿਆਂ ਮਿੱਥਿਆ ਦਰਸ਼ਨ (ਝੂਠ ਧਰਮ ਵਿਸ਼ਵਾਸ) ਵਿਚ ਲੱਗਾ ਰਹਿੰਦਾ ਹੈ, ਪਾਪਾਂ ਦੀ ਆਲੋਚਨਾ ਨਹੀਂ ਕਰਦਾ ਤੇ ਹਿੰਸਕ ਹੈ ਉਸ ਨੂੰ ਬੋਧੀ (ਮੁਕਤੀ) ਦੀ ਪ੍ਰਾਪਤੀ ਮੁਸ਼ਕਿਲ ਹੈ।257।

ਜੋ ਸਮਿਅਕ ਦਰਸ਼ਨ ਵਿਚ ਲੱਗਾ ਰਹਿੰਦਾ ਹੈ, ਪਾਪਾਂ ਤੋਂ ਰਹਿਤ ਹੈ, ਸ਼ੁਕਲ ਲੇਸ਼ਿਆ ਵਿਚ ਪਹੁੰਚ ਚੁੱਕਾ ਹੈ, ਉਸ ਨੂੰ ਬੋਧੀ ਛੇਤੀ ਪ੍ਰਾਪਤ ਹੁੰਦੀ ਹੈ।258।

ਜੋ ਮਰਦੇ ਸਮੇਂ ਮਿੱਥਿਆ ਦਰਸ਼ਨ ਵਿਚ ਲੱਗਾ ਰਹਿੰਦਾ ਹੈ, ਪਾਪਾਂ ਦੀ ਆਲੋਚਨਾ ਨਹੀਂ ਕਰਦਾ। ਕ੍ਰਿਸ਼ਨ ਲੇਸ਼ਿਆ ਵਿਚ ਲੱਗਾ ਰਹਿੰਦਾ ਹੈ, ਉਸ ਨੂੰ ਬੋਧੀ ਦੁਰਲਭ ਹੈ।259।

ਜੋ ਜਿਨ (ਆਤਮ ਜੇਤੂ ਸਰਵੱਗਾਂ) ਬਚਨ ਦੇ ਪਾਲਣ ਵਿਚ ਲੱਗਾ ਹੋਇਆ ਹੈ ਅਤੇ ਸਹੀ ਢੰਗ ਨਾਲ ਇਨ੍ਹਾਂ ਦੀ ਪਾਲਣਾ ਕਰਦਾ ਹੈ, ਉਹ ਨਿਰਮਲ ਤੇ ਰਾਗ ਆਦਿ ਤੋਂ ਰਹਿਤ ਹੁੰਦਾ ਹੈ ਅਤੇ ਆਵਾਗਮਨ (ਜਨਮ-ਮਰਨ) ਦੇ ਚੱਕਰ ਤੋਂ ਬਾਹਰ ਨਿਕਲ ਜਾਂਦਾ ਹੈ।260।

ਜੋ ਜਿਨ ਬਚਨਾਂ ਤੋਂ ਜਾਣੂੰ ਨਹੀਂ। ਉਹ ਵਿਚਾਰੇ ਅਨੇਕਾਂ ਵਾਰ ਬਾਲ ਮਰਨ (ਆਤਮ ਹੱਤਿਆ) ਅਤੇ ਅਕਾਮ ਮਰਨ (ਇੱਛਾ ਤੋਂ ਉਲਟ) ਮਰਦੇ ਰਹਿਣਗੇ।261।

ਜੋ ਕਾਂਦਰਪ (ਕਾਮ) ਕਥਾ ਕਰਦਾ ਹੈ, ਭੈੜਾ ਹਾਸਾ ਮਜ਼ਾਮ ਕਰਦਾ ਹੈ ਅਤੇ ਜੋ ਸ਼ੀਲ, ਸੁਭਾਵ, ਹਾਸੇ ਅਤੇ ਵਿਕਥਾ ਰਾਹੀਂ ਲੋਕਾਂ ਨੂੰ ਹਸਾਉਂਦਾ ਹੈ, ਉਹ ਕਾਂਦਰਪੀ ਭਾਵਨਾ ਦਾ ਸੇਵਨ ਕਰਦਾ ਹੈ।263।

ਜੋ ਸੁੱਖ, ਘੀ ਆਦਿ ਰਸਾਂ ਅਤੇ ਖੁਸ਼ਹਾਲੀ ਲਈ ਮੰਤਰ, ਯੋਗ (ਕੁਝ ਚੀਜ਼ਾਂ ਨੂੰ ਮਿਲਾ ਕੇ ਬਣਾਇਆ ਜਾਣ ਵਾਲਾ ਤੰਤਰ) ਤੇ ਭਸਮ ਆਦਿ ਦੀ ਵਰਤੋਂ ਕਰਦਾ ਹੈ, ਇਹ ਅਭਿਯੋਗੀ ਭਾਵਨਾ ਹੈ।264।

ਜੋ ਗਿਆਨ ਦੀ, ਕੇਵਲ ਗਿਆਨੀ ਦੀ, ਧਰਮ ਆਚਾਰਿਆ ਦੀ, ਸੰਘ ਦੀ ਤੇ ਸਾਧੂਆਂ ਦੀ ਨਿੰਦਾ ਕਰਦਾ ਹੈ, ਉਹ ਧੋਖੇਬਾਜ ਕਿਲਵਿਸ਼ਕੀ ਭਾਵਨਾ ਦੀ ਪਾਲਣਾ ਕਰਦਾ ਹੈ।265।

ਜੋ ਕਰੋਧ ਵਿਚ ਵਾਧਾ ਕਰਦਾ ਹੈ ਅਤੇ ਨਮਿਤ (ਜੋਤਸ਼) ਆਦਿ ਦੇ ਵਤਿਆਂ ਦੀ ਵਰਤੋਂ ਕਰਦਾ ਹੈ, ਉਹ ਇਨ੍ਹਾਂ ਕਾਰਨਾਂ ਕਰਕੇ ਆਸੁਰੀ ਭਾਵਨਾ ਦੀ ਪਾਲਣਾ ਕਰਦਾ ਹੈ।266।

ਜੋ ਹਥਿਆਰ ਰਾਹੀਂ, ਜ਼ਹਿਰ ਖਾ ਕੇ, ਅੱਗ ਵਿਚ ਜਲ ਕੇ, ਪਾਣੀ ਵਿਚ ਡੁੱਬ ਕੇ ਆਤਮ ਹੱਤਿਆ ਕਰਦਾ ਹੈ, ਜੋ ਸਾਧੂਆਂ ਦੇ ਨਿਯਮਾਂ ਤੋਂ ਉਲਟ ਭਾਂਡੇ ਕੱਪੜੇ ਧਾਰਨ ਕਰਦਾ ਹੈ, ਉਹ ਅਨੇਕਾਂ ਵਾਰ ਜਨਮ ਮਰਨ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ।267।

ਇਸ ਪ੍ਰਕਾਰ ਪਵਿੱਤਰ ਜੀਵਾਂ ਲਈ ਸ੍ਰੀ ਉਤਰਾਧਿਐਨ ਸੂਤਰ 36 ਉੱਤਮ ਅਧਿਐਨ ਪ੍ਰਗਟ ਕਰਕੇ, ਸ਼ੁੱਧ, ਗਿਆਤਵਸ਼ੀ ਭਗਵਾਨ ਮਹਾਵੀਰ ਨਿਰਵਾਨ ਨੂੰ ਪ੍ਰਾਪਤ ਹੋਏ।268।

ਇਸ ਪ੍ਰਕਾਰ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 2 + 7

ਆਕਾਸ਼ ਆਦਿ ਦੇ ਦਰੱਵ ਇਸ ਪ੍ਰਕਾਰ ਹਨ :

(1) ਧਰਮਾਸਤੀਕਾਇਆ

गत्यसाधारणः सहायो धर्मः

(ਜੈਨ ਸਿਧਾਂਤ ਦੀਪਿਕਾ)

ਚਾਲ (ਗਤੀ) ਵਿਚ ਸਹਾਇਤਾ ਕਰਨ ਵਾਲਾ ਦਰਵ ਧਰਮ ਹੈ।

(2) ਅਧਰਮਾਸੀਤਕਾਇਆ

स्थित्यसाधारणः सहायो धर्मः

ਜੋ ਧਰਮ ਸਥਿਤਰ ਰਹਿਣ ਵਿਚ ਸਹਾਇਤਾ ਕਰਦਾ ਹੈ, ਉਹ ਅਧਰਮ ਹੈ।

(3) ਆਕਾਸ਼ਆਸਤੀਕਾਇਆ

ਖਾਤਦਾਤ ਖਾਤੋਦਬ

ਆਕਾਸ਼ ਤੋਂ ਭਾਵ ਅਸਮਾਨ ਜਾਂ ਖਾਲੀ ਥਾਂ ਹੈ। ਜੋ ਸੰਸਾਰ ਦੇ ਸਭ ਦਰਵਾਂ ਨੂੰ ਸਹਾਰਾ ਦਿੰਦਾ ਹੈ, ਇਹ ਦੋ ਪ੍ਰਕਾਰ ਦੇ ਹਨ :

(1) ਲੋਕ (2) ਅਲੋਕ

(1) **षड्द्रत्यात्मकोलोक:**

ਜੋ ਆਕਾਸ਼ ਵਿਚ ਦਰਵ ਵਾਲਾ ਹੈ ਉਹ ਲੋਕ ਹੈ।

(2) **आकाशमयो लोक:**

ਜਿਸ ਆਕਾਸ਼ ਵਿਚ ਧਰਮਾਸਿਤੀਕਾਇਆ ਨਹੀਂ ਉਹ ਅਲੋਕ ਹੈ।

(3) ਪੁਦਗਲ ਆਸਤੀਕਾਇਆ - ਜਿਸ ਦਾ ਸੁਭਾਵ ਸੜਨਾ ਗਲਨਾ ਹੋਵੇ।

(4) ਜੀਵਆਸਤੀਕਾਇਆ - ਭਾਵ ਜੋ ਜੀਵਨ ਵਾਲਾ ਹੈ, ਜੋ ਸਾਹ ਲੈਂਦਾ ਹੈ, ਚੇਤਨਾ ਰੱਖਦਾ ਹੈ, ਗਿਆਨਵਾਨ ਹੈ, ਉਹ ਆਤਮਾ ਜੀਵ ਅਖਵਾਉਂਦੇ ਹਨ।

(5) ਕਾਲ - ਸਮਾਂ, ਇਹ ਛੇ ਦਰੱਵ ਜੈਨ ਧਰਮ ਅਨੁਸਾਰ ਸ੍ਰਿਸ਼ਟੀ ਨਿਰਮਾਣ ਦਾ ਮੂਲ ਕਾਰਨ ਮੰਨੇ ਜਾਂਦੇ ਹਨ। ਕਈ ਆਚਾਰਿਆ ਕਾਲ ਨੂੰ ਸੁਤੰਤਰ ਦਰੱਵ ਨਹੀਂ ਮੰਨਦੇ।

ਗਾਥਾ 10

ਸਕੰਧ ਨੂੰ ਇਸ ਪ੍ਰਕਾਰ ਸਮਝਣਾ ਚਾਹੀਦਾ ਹੈ ਜਿਵੇਂ ਬੂੰਦੀ ਦਾ ਲੱਡੂ ਹੁੰਦਾ ਹੈ। ਸਾਰਾ ਲੱਡੂ ਸਕੰਧ ਹੈ, ਅੱਧਾ ਲੱਡੂ ਦੇਸ਼ ਅਖਵਾਏਗਾ, ਬੂੰਦੀ ਦਾ ਇਕ ਦਾਨਾ ਪ੍ਰਦੇਸ਼ ਅਖਵਾਏਗਾ। ਪਰ ਵੇਸਣ ਦੇ ਕਣ ਜੋ ਨਾ ਵੰਡੇ ਜਾ ਸਕਣ, ਪ੍ਰਮਾਣੂ ਅਖਵਾਉਣਗੇ। ਇਹ ਇਕ ਉਦਾਹਰਣ ਹੈ ਯਾਨਿ ਅਸਲੀਅਤ ਵਿਚ ਸਕੰਧ ਪ੍ਰਦੇਸ਼ ਇਕ ਦੂਜੇ ਤੋਂ ਅੱਡ ਨਹੀਂ ਹੁੰਦੇ।

ਗਾਥਾ 15-46

ਪੁਦਗਲ ਦੇ ਸੁਭਾਵਾਂ ਵਿਚ ਇਕ ਸੰਸਥਾਨ (ਆਕਾਰ) ਵੀ ਭੇਦ ਹੈ। ਇਸ ਦੇ ਅੱਗੇ ਦੋ ਭੇਦ ਹਨ।

(1) ਇਥਅਸ (2) ਅਨਿਥਅਸ

ਜਿਸ ਦਾ ਤਿਕੋਨ ਆਦਿ ਆਕਾਰ ਹੋਵੇ ਉਹ ਇਥਅਸ ਅਖਵਾਉਂਦਾ ਹੈ। ਜਿਸ ਦਾ ਕੋਈ ਨਿਸ਼ਚਿਤ ਆਕਾਰ ਨਾ ਹੋਵੇ ਉਸ ਨੂੰ ਅਨਿਥਅਸ ਆਖਦੇ ਹਨ।

(1) ਪਰਿਮੰਡਲ - ਚੂੜੀ ਦੀ ਤਰ੍ਹਾਂ ਗੋਲ

(2) ਵਰਿਤ - ਗੇਂਦ ਦੀ ਤਰ੍ਹਾਂ ਗੋਲ

(3) ਤ੍ਰਿਰਯਸਤਰ - ਤਿਕੋਣ

(4) ਚਤੁਰਅਸਤਰ - ਚਤੁਰਭੁਜ

(5) ਆਯਤ - ਬਾਂਸ ਜਾਂ ਰੱਸੀ ਦੀ ਤਰ੍ਹਾਂ ਲੰਬਾ

ਧਰਮਾਸਤੀ ਕਾਇਆ ਆਦਿ ਵਿਚ ਅਰੂਪੀ ਦਰਵਾਂ ਦੇ ਕੇਵਲ ਦਰਵ ਖੇਤਰ ਦਾ ਵਰਨਣ ਕੀਤਾ ਗਿਆ ਹੈ ਭਾਵ ਦਾ ਨਹੀਂ। ਇਸ ਦਾ ਅਰਥ ਇਹ ਨਹੀਂ ਕਿ ਇਨ੍ਹਾਂ ਦਾ ਭਾਵ ਨਹੀਂ ਹੁੰਦਾ। ਕਿਉਂਕਿ ਭਾਵ (ਸੁਭਾਵ) ਤੋਂ ਰਹਿਤ ਕੋਈ ਦਰਵ ਨਹੀਂ ਹੁੰਦਾ ਹੈ। ਪਰ ਪੁਦਗਲ ਦੇ ਵਰਨ ਆਦਿ ਦੀ ਤਰ੍ਹਾਂ ਅਰੂਪੀ ਦਰਵ ਦੇ ਇੰਦਰੀਆਂ ਰਾਹੀਂ ਗ੍ਰਹਿਣ ਨਹੀਂ ਕੀਤੇ ਜਾ ਸਕਦੇ। ਇਸ ਲਈ ਇਨ੍ਹਾਂ ਦਾ ਸ਼ਬਦਾਂ ਰਾਹੀਂ ਵਰਨਣ ਨਹੀਂ ਕੀਤਾ ਗਿਆ।

ਗਾਥਾ 72

ਇੱਥੇ ਖਰ ਪ੍ਰਿਥਵੀ ਦੇ 36 ਭੇਦ ਦੱਸੇ ਹਨ ਪਰ ਪਰਿਆਗਪਨਾ ਸੂਤਰ ਵਿਚ 40 ਆਖੇ ਗਏ ਹਨ। ਇਥੇ ਮਨੀ ਦੇ ਚਾਰ ਉਪਭੇਦ ਹੋਣ

ਕਾਰਨ 40 ਭੇਦ ਇੱਥੇ ਆਖੇ ਗਏ ਹਨ।

ਗਾਥਾ 84

ਪਰਿਆਪਤ ਜਾਂ ਅਪਰਿਆਪਤ ਤੋਂ ਭਾਵ ਹੈ ਗਰਭ ਧਾਰਨ ਕਰਨ ਸਮੇਂ ਮਨੁੱਖ, ਜੋ ਜ਼ਿੰਦਗੀ ਲਈ ਜ਼ਰੂਰੀ ਪੁਦਗਲ ਸ਼ਕਤੀ ਦਾ ਨਿਰਮਾਨ ਕਰਦਾ ਹੈ, ਉਸ ਨੂੰ ਪਰਿਆਪਤੀ ਆਖਦੇ ਹਨ। ਭਾਵ ਉਹ ਪੁਦਗਲ ਜੋ ਮਨੁੱਖ ਦੇ ਜਨਮ ਸਮੇਂ ਸਰੀਰੀ ਦੇ ਵਿਕਾਸ ਲਈ ਜ਼ਰੂਰੀ ਹਨ। ਪਰਿਆਪਤੀਆਂ ਛੇ ਹਨ :

(1) ਆਹਾਰ ਪਰਿਆਪਤੀ : ਜਿਸ ਸ਼ਕਤੀ ਰਾਹੀਂ ਮਨੁੱਖ ਜਨਮ ਸਮੇਂ ਭੋਜਨ ਸਬੰਧੀ ਬਾਹਰਲੇ ਪੁਦਗਲਾਂ ਨੂੰ ਗ੍ਰਹਿਣ ਕਰਕੇ ਉਸ ਨੂੰ ਮਲ ਮੂਤਰ ਵਿਚ ਬਦਲਦਾ ਹੈ, ਉਸ ਨੂੰ ਆਹਾਰ ਪਰਿਆਪਤੀ ਆਖਦੇ ਹਨ।

(2) ਸਰੀਰ ਪਰਿਆਪਤੀ : ਜਿਸ ਸ਼ਕਤੀ ਰਾਹੀਂ ਜੀਵ ਭੋਜਨ ਤੋਂ ਪ੍ਰਾਪਤ ਹੋਏ ਰਸ ਨੂੰ ਰਸ, ਖ਼ੂਨ, ਮਾਂਸ, ਚਰਬੀ, ਹੱਡੀ ਤੇ ਖੱਲ ਦੇ ਰੂਪ ਵਿਚ ਬਦਲਦਾ ਹੈ, ਉਸ ਨੂੰ ਸਰੀਰ ਪਰਿਆਪਤੀ ਆਖਦੇ ਹਨ।

(3) ਇੰਦਰੀਆਂ ਪਰਿਆਪਤੀ : ਸੱਤ ਧਾਤ ਰੂਪੀ ਭੋਜਨ ਦੀ ਜਿਸ ਸ਼ਕਤੀ ਰਾਹੀਂ ਮਨੁੱਖ ਇੰਦਰੀਆਂ ਦਾ ਨਿਰਮਾਨ ਕਰਦਾ ਹੈ, ਉਹ ਇੰਦਰੀਆਂ ਪਰਿਆਪਤੀ ਹੈ।

(4) ਸਵਾਸੋ ਸਵਾਸ ਪਰਿਆਪਤੀ : ਜਿਸ ਸ਼ਕਤੀ ਰਾਹੀਂ ਜੀਵ ਸਾਹ ਯੋਗ ਪੁਦਗਲਾਂ ਨੂੰ ਸਾਹ ਦੇ ਰੂਪ ਵਿਚ ਗ੍ਰਹਿਣ ਕਰਦਾ ਹੈ ਅਤੇ ਉਨ੍ਹਾਂ ਦੇ ਸਹਾਰੇ ਸਾਹ ਛੱਡਦਾ ਹੈ, ਉਹ ਸਵਾਸੋ ਸਵਾਸ ਪਰਿਆਪਤੀ ਹੈ।

(5) ਭਾਸ਼ਾ ਪਰਿਆਪਤੀ : ਜਿਸ ਸ਼ਕਤੀ ਰਾਹੀਂ ਮਨੁੱਖ ਭਾਸ਼ਾ ਦੇ ਪੁਦਗਲਾਂ ਨੂੰ ਇਕੱਠਾ ਕਰਦਾ ਹੈ ਅਤੇ ਉਸੇ ਸਹਾਰੇ ਭਾਸ਼ਾ ਬੋਲਦਾ ਹੈ, ਉਹ ਭਾਸ਼ਾ ਪਰਿਆਪਤੀ ਹੈ।

(6) ਮਨ ਪਰਿਆਪਤੀ : ਜਿਸ ਸ਼ਕਤੀ ਰਾਹੀਂ ਮਨੁੱਖ ਮਨ ਦੀ ਉੱਤਪਤੀ ਯੋਗ ਪੁਦਗਲਾਂ ਨੂੰ ਗ੍ਰਹਿਣ ਕਰਕੇ ਉਸ ਨੂੰ ਮਨ ਦਾ ਰੂਪ ਦਿੰਦਾ ਹੈ ਅਤੇ ਉਸੇ ਪੁਦਗਲਾਂ ਦੇ ਸਹਾਰੇ ਮਨ ਦੇ ਵਿਚਾਰ ਦੱਸਦਾ ਹੈ, ਉਹ ਮਨ ਪਰਿਆਪਤੀ ਹੈ।

ਛੇ ਪਰਿਆਪਤੀ ਇਕੋ ਸਮੇਂ ਹੁੰਦੀਆਂ ਹਨ, ਆਹਾਰ ਪਰਿਆਪਤੀ ਨੂੰ ਪੂਰਾ ਹੋਣ ਲੱਗਿਆਂ ਇਕ ਸਮਾਂ ਅਤੇ ਬਾਕੀ ਪੰਜਾਂ ਨੂੰ ਇਕ ਮਹੂਰਤ ਲੱਗਦਾ ਹੈ।

ਨਾਰਕੀ, ਮਨ ਰੱਖਣ ਵਾਲੇ ਮਨੁੱਖਾਂ, ਮਨ ਰੱਖਣ ਵਾਲੇ ਪਸ਼ੂਆਂ ਅਤੇ ਯੁਗਲੀਆਂ (ਜੋੜੇ ਇਸਤਰੀ-ਪੁਰਸ਼ਾਂ) ਦੇ ਛੇ ਹੀ ਪਰਿਆਪਤੀਆਂ ਹੁੰਦੀਆਂ ਹਨ। ਪੰਜ ਪ੍ਰਕਾਰ ਦੇ ਸਥਾਵਰ ਜੀਵਾਂ ਵਿਚ ਚਾਰ ਪਰਿਆਪਤੀਆਂ (ਮਨ ਤੇ ਭਾਸ਼ਾ ਛੱਡ ਕੇ) ਹੁੰਦੀਆਂ ਹਨ।

ਇੰਦਰੀਆਂ ਦੇ ਨੁਕਸ ਵਾਲੇ ਤਿੰਨ ਪ੍ਰਕਾਰ ਦੇ ਜੀਵਾਂ ਅਤੇ ਮਨ ਰਹਿਤ ਪੰਜ ਇੰਦਰੀਆਂ ਪਸ਼ੂਆਂ ਵਿਚ ਪੰਜ ਪਰਿਆਪਤੀਆਂ ਹੁੰਦੀਆਂ ਹਨ। ਮੁਕਤ ਆਤਮਾਵਾਂ ਦੇ ਪਰਿਆਪਤੀਆਂ ਨਹੀਂ ਹੁੰਦੀਆਂ।

ਜਿਸ ਜੀਵ ਦੀਆਂ ਜਿੰਨੀਆਂ ਪਰਿਆਪਤੀਆਂ ਹੋ ਸਕਦੀਆਂ ਹਨ ਉਨ੍ਹਾਂ ਦੇ ਪੂਰਾ ਹੋ ਜਾਣ ਦਾ ਨਾਉਂ ਪਰਿਆਪਤ ਹੈ। ਉਸ ਤੋਂ ਪਹਿਲਾਂ ਦੀ ਹਾਲਤ ਅਪਰਿਆਪਤ ਹੈ।

ਗਾਥਾ 104

ਪਨਕ ਦਾ ਅਰਥ ਪਾਣੀ ਤੇ ਜੰਮੀਂ ਕਾਈ (ਹਰਿਆਈ) ਹੈ।

ਸੰਭੋਗ ਤੋਂ ਬਿਨਾਂ ਪੈਦਾ ਹੋਣ ਵਾਲੇ ਜੀਵ ਸਮੂਰਛਿਮ ਅਖਵਾਉਂਦੇ

ਹਨ ਇਨ੍ਹਾਂ ਦੇ ਮਨ ਨਹੀਂ ਹੁੰਦਾ। ਇਹ ਗੰਦਗੀ ਵਾਲੀਆਂ ਥਾਵਾਂ ਤੇ ਪੈਦਾ ਹੁੰਦੇ ਹਨ।

ਗਾਥਾ 188

ਚਰਮ ਤੋਂ ਭਾਵ ਉੱਡਣ ਵਾਲੇ ਚਮਗਿਦੜ ਹੈ। ਡੱਬੇ ਦੇ ਸਮਾਨ ਬੰਦ ਰਹਿਣ ਵਾਲੇ ਪਰਾਂ ਵਾਲੇ ਸਮੁਦਰਾ ਅਖਵਾਉਂਦੇ ਹਨ ਪਰਾਂ ਨੂੰ ਫੈਲਾਉਣ ਵਾਲੇ ਵਿਤਤਪੰਛੀ ਅਖਵਾਉਂਦੇ ਹਨ।

213 ਤੋਂ 215 ਇਹ ਦੇਵ ਲੋਕ ਦੇ ਵਿਮਾਨ ਦੀ ਸਥਿਤੀ ਹੈ ਇਸ ਨੂੰ ਇਸ ਪ੍ਰਕਾਰ ਸਮਝਣਾ ਚਾਹੀਦਾ ਹੈ।

| | | | |
|---|---|---|---|
| 0 | – | ਉਪਰ | ਉਪਰ |
| 0 | – | ਉਪਰ | ਦਰਮਿਆਨ |
| 0 | – | ਉਪਰ | ਹੇਠਾਂ |
| 0 | – | ਦਰਮਿਆਨ | ਉਪਰ |
| 0 | – | ਦਰਮਿਆਨ | ਦਰਮਿਆਨ |
| 0 | – | ਦਰਮਿਆਨ | ਹੇਠਾਂ |
| 0 | – | ਹੇਠਾਂ | ਉਪਰ |
| 0 | – | ਹੇਠਾਂ | ਦਰਮਿਆਨ |
| 0 | – | ਹੇਠਾਂ | ਹੇਠਾਂ |

ਗਾਥਾ 246

ਜੈਨ ਸ਼ਾਸਤਰਾਂ ਵਿਚ ਸੰਖਿਆ ਤਿੰਨ ਪ੍ਰਕਾਰ ਦੀ ਆਖੀ ਗਈ ਹੈ

(1) ਸੰਖਿਆ – ਜੋ ਗਿਣਤੀ ਵਿਚ ਆ ਸਕੇ।

(2) ਅਸੰਖਿਆ - ਜੋ ਪ੍ਰਚਲਿਤ ਗਿਣਤੀ ਤੋਂ ਬਾਹਰ ਹੋਵੇ ਜਿਵੇਂ ਦਰਖ਼ਤ ਦੇ ਪੱਤੇ।

(3) ਅਨੰਤ - ਜਿਸ ਦਾ ਕੋਈ ਅੰਤ ਨਾ ਹੋਵੇ ਜਿਵੇਂ ਮਿੱਟੀ ਦੇ ਕਣ।

# ਸ੍ਰੀ ਉਤਰਾਧਿਐਨ ਸੂਤਰ ਬਾਰੇ ਵਿਸ਼ੇਸ਼ ਜਾਣਕਾਰੀ

ਸ੍ਰੀਮਦ ਉਤਰਾਧਿਐਨ ਸੂਤਰ ਵਿਚ ਆਏ ਦੇਸ਼, ਸ਼ਹਿਰ ਪਿੰਡਾਂ ਦੀ ਸੂਚੀ :

1. ਮਿਥਿਲਾ
2. ਕੰਬੋਜ
3. ਹਸਤਨਾਪੁਰ
4. ਕਮਪਿਲ
5. ਪੁਰਮਿਤਾਲ
6. ਦਸ਼ਾਰਨ
7. ਕਾਲਿੰਕਰ ਪਰਬਤ
8. ਕਾਸ਼ੀ
9. ਪੰਚਾਲ
10. ਈਸ਼ੁਕਾਰ
11. ਕਲਿੰਗ
12. ਵਿਦੇਹ
13. ਗੰਧਾਰ
14. ਸੋਵੀਰ
15. ਸੁਗਰੀਵ
16. ਮਗਧ
17. ਕੋਸ਼ਾਂਬੀ
18. ਚੰਪਾ
19. ਪਿਹੁੰਚ
20. ਸੋਰਆਪੁਰ
21. ਦਵਾਰਕਾ
22. ਸ਼ਰਾਵਸਤੀ
23. ਵਾਰਾਨਸੀ
24. ਤਿੰਦੁਕ
25. ਕੋਸ਼ਟਕ

# ਤੁਲਨਾਤਮਕ ਕਹਾਣੀਆਂ

ਸ੍ਰੀ ਉੱਤਰਾਧਿਐਨ ਸੂਤਰ ਦੀਆਂ ਕੁਝ ਕਹਾਣੀਆਂ ਤੇ ਗਾਥਾਵਾਂ ਬਹੁਤ ਥੋੜ੍ਹੇ ਹੇਰ ਫੇਰ ਨਾਲ ਬੋਧ ਗ੍ਰੰਥਾਂ ਤੇ ਮਹਾਭਾਰਤ ਵਿਚ ਮਿਲਦੀਆਂ ਹਨ।

1. ਸ੍ਰੀ ਉੱਤਰਾਧਿਐਨ ਸੂਤਰ ਦੇ ਅਧਿਐਨ 12 ਕੀ ਕਥਾ ਮਾਤੰਗ ਜਾਤਕ 497 ਵਿਚ ਹੈ।

2. ਸ੍ਰੀ ਉੱਤਰਾਧਿਐਨ ਸੂਤਰ ਦੇ ਅਧਿਐਨ 13 ਦੀ ਕਥਾ ਚਿੱਤ ਸੰਭੂਤ ਜਾਤਕ 498 ਵਿਚ ਹੈ।

3. ਸ੍ਰੀ ਉੱਤਰਾਧਿਐਨ ਸੂਤਰ ਦੇ ਅਧਿਐਨ 14 ਦੀ ਕਥਾ ਜਾਤਕ 509 ਤੇ ਮਹਾਭਾਰਤ ਸ਼ਾਂਤੀਪੂਰਵ ਅਧਿਐਨ 175 ਅਤੇ 277 ਵਿਚ ਦਰਜ ਹੈ।

4. ਸ੍ਰੀ ਉੱਤਰਾਧਿਐਨ ਸੂਤਰ ਦੇ ਅਧਿਐਨ 9 ਦੀ ਥੋੜ੍ਹੀ ਤੁਲਨਾ ਜਾਤਕ 539 ਅਤੇ ਮਹਾਭਾਰਤ ਸ਼ਾਂਤੀਪਰਵ ਅਧਿਐਨ 178 ਤੇ 276 ਵਿਚ ਦਰਜ ਹੈ।

## ਸਮਾਨ ਗਾਥਾਵਾਂ

| ਸ੍ਰੀ ਉੱਤਰਾਧਿਐਨ ਸੂਤਰ ਅਧਿਐਨ 12 | ਗਾਥਾ ਨੰ: | ਮਾਤਗ ਜਾਤਕ ਗਾਥਾ ਸੰਖਿਆ 497 | |
|---|---|---|---|
| | 6 | 1 | 272 ਸਫਾ |
| | 7 | | |
| | 9 | 2 | 272 ਸਫਾ |
| | 10 | | |
| | 11 | 3 | 273 ਸਫਾ |

| | | | |
|---|---|---|---|
| | 12 | 4 | 273 ਸਫਾ |
| | 13 | 5 | 273 ਸਫਾ |
| | 14 | 6,7 | 273 ਸਫਾ |
| | 15 | | |
| | 18 | 8 | 274 ਸਫਾ |
| | 19 | 8 | 274 ਸਫਾ |
| | 26 | | |
| | 29 | 11 | 275 ਸਫਾ |
| | 32 | 16 ਤੋਂ 18 | 266–77 |
| | 33 | 19 | 277 ਸਫਾ |
| ਸ੍ਰੀ ਉਤਰਾਧਿਐਨ ਸੂਤਰ ਅਧਿਐਨ 13 | ਗਾਥਾ ਨੰ: | ਚਿੱਤ ਸੰਭੂਤ ਜਾਤ ਸੰਖਿਆ 498 | |
| | 6 | 16 | |
| | 10 | 1 | |
| | 11 | 3 | |
| | 12 | 8 | |
| | 13 | 10 | |
| | 14 | 20 | |
| | 26 | 20 | |
| | 27 | 21 | |
| | 30 | 22 | |
| | 32 | 24 | |

| ਸ੍ਰੀ ਉਤਰਾਧਿਐਨ ਸੂਤਰ ਗਾਥਾ ਨੰ: | ਮਹਾਭਾਰਤ | ਜਾਤਕ ਨੰ: 509 |
|---|---|---|
| ਅਧਿਐਨ 14 | ਹਸਤੀਪਾਲ | |
| | ਸ਼ਾਂਤੀ ਪਰਵ | |
| | ਅਧਿ: 175 | |
| 4 | 23 | |
| 9 | 6 | |
| 12 | 71, 18, 25, 26, 36 | 5 |
| 13 | — | 11 |
| 15 | 20, 21, 22 | 12 |
| 16 | | |
| 17 | 37, 38 | — |
| 20 | | 10 |
| 21 | 7 | |
| 22 | 8 | |
| 23 | 9 | |
| 24 | | |
| 25 | 10, 11, 12 | |
| 27 | | |
| 28 | 15 | |
| 37 | 39 | |
| 38 | — | 18 |
| 48 | — | 20 |

# ਸ੍ਰੀ ਉਤਰਾਧਿਐਨ ਦੇ ਆਏ ਇਤਿਹਾਸਕ ਮਹਾਪੁਰਸ਼ਾਂ ਦੀ ਸੰਖੇਪ ਜਾਣਕਾਰੀ

ਸ੍ਰੀ ਉਤਰਾਧਿਐਨ ਸੂਤਰ ਵਿਚ ਆਏ ਇਤਿਹਾਸਕ ਮਹਾਂਪੁਰਸ਼ਾਂ ਦੇ ਨਾਂ ਤੇ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ :

(1) ਮਹਾਵੀਰ (2/2) ਜੈਨ ਧਰਮ ਦੇ ਆਖਰੀ ਤੀਰਥੰਕਰ ਸਨ। ਆਪ ਦਾ ਜਨਮ 599 ਈ: ਪੂ: ਅਤੇ ਨਿਰਵਾਨ 529 ਈ: ਪੂ: ਵਿਚ ਹੋਇਆ। ਮਾਤਾ ਤ੍ਰਿਸ਼ਲਾ ਵੰਸ਼ਾਲੀ ਦੇ ਰਾਜਾ ਚੇਟਕ ਦੀ ਭੈਣ ਸੀ ਤੇ ਪਿਤਾ ਸਿਧਾਰਥ ਖੱਤਰੀ ਕੁੰਡ ਗਰਾਮ ਦੇ ਮਹਾਰਾਜ ਸਨ। 28 ਸਾਲ ਦੀ ਉਮਰ ਵਿਚ ਸੰਸਾਰ ਛੱਡ ਦਿੱਤਾ। ਸਾਢੇ 12 ਸਾਲ ਤਪ ਕੀਤਾ ਅਤੇ ਦੀਵਾਲੀ ਦੀ ਰਾਤ ਨੂੰ ਪਾਵਾ ਵਿਖੇ ਨਿਰਵਾਨ ਹਾਸਲ ਕੀਤਾ। ਅੱਜ ਕੱਲ ਸਾਰਾ ਜੈਨ ਆਗਮ ਸਾਹਿਤ ਭਗਵਾਨ ਦੇ ਉਪਦੇਸ਼ਾਂ ਨਾਲ ਭਰਿਆ ਪਿਆ ਹੈ। ਇਨ੍ਹਾਂ ਦੇ ਸਾਧੂਆਂ ਦੀ ਗਿਣਤੀ 14000 ਤੇ ਸਾਧਵੀਆਂ ਦੀ ਗਿਣਤੀ 36000 ਸੀ। ਉਨ੍ਹਾਂ ਅਨੇਕਾਂ ਜੀਵਾਂ ਦਾ ਕਲਿਆਣ ਕੀਤਾ। ਜਾਤ ਪ੍ਰਾਤ, ਛੂਆ ਛੂਤ, ਹਿੰਸਕ ਯੱਗ, ਬ੍ਰਾਹਮਣ ਪਰੰਪਰਾ, ਵੇਦਾਂ ਤੇ ਆਧਾਰਿਤ ਧਰਮ ਦਾ ਵਿਰੋਧ ਕੀਤਾ।

2. ਨਾਯਪੁਤ (6/7) ਭਗਵਾਨ ਮਹਾਵੀਰ ਦਾ ਵੰਸ਼ ਗਿਆਤ ਸੀ ਸੋ ਗਿਆਤਪੁਤ ਦੇ ਨਾਉਂ ਨਾਲ ਵੀ ਆਪ ਜੈਨ ਤੇ ਬੁੱਧ ਸਾਹਿਤ ਸਨਮਾਨੇ ਜਾਂਦੇ ਹਨ।

3. ਕਪਿਲ (ਅਧਿਐਨ 8) ਵੇਖੋ

4. ਨਮਿ (ਅਧਿਐਨ 9) ਵੇਖੋ

5. ਗੌਤਮ ਇੰਦਰਭੂਤੀ (10) ਭਗਵਾਨ ਮਹਾਵੀਰ ਦੇ ਪਹਿਲੇ ਤੇ ਪ੍ਰਮੁੱਖ ਸ਼ਿੱਸ਼ ਸਨ ਉਮਰ ਵਿਚ ਆਪ ਵੱਡੇ ਸਨ ਪਰ ਆਪਣੀ ਨਿਮਰਤਾ ਤੇ ਸਰਲਤਾ ਕਾਰਨ ਆਪ ਦਾ ਭਗਵਾਨ ਮਹਾਵੀਰ ਨਾਲ ਅਥਾਹ ਸ਼ਰਧਾ ਤੇ ਪਿਆਰ ਸੀ। ਸਮੁੱਚਾ ਜੈਨ ਆਗਮ ਸਾਹਿਤ ਸ੍ਰੀ ਗੌਤਮ ਦੇ ਪ੍ਰਸ਼ਨਾਂ ਤੇ ਭਗਵਾਨ ਮਹਾਵੀਰ ਦੇ ਉਤਰਾਂ ਨਾਲ ਭਰਿਆ ਪਿਆ ਹੈ। ਇਨ੍ਹਾਂ ਦੇ ਪਿਤਾ ਦਾ ਨਾਂ ਵਸੁਭੂਤੀ ਤੇ ਮਾਤਾ ਦਾ ਨਾਂ ਪ੍ਰਿਥਵੀ ਸੀ। ਜਨਮ ਸਥਾਨ ਗੋਵਰ ਪਿੰਡ (ਮਗਧ) ਸੀ। ਗੋਤ ਗੌਤਮ ਸੀ। ਜਿਸ ਕਦਿਨ ਭਗਵਾਨ ਨੂੰ ਕੇਵਲ ਗਿਆਨ ਹੋਇਆ ਇਹ ਅਪਾਪਾਂ ਵਿਖੇ ਆਪਣੇ 500 ਚੇਲੀਆਂ ਨਾਲ ਯੱਗ ਕਰ ਰਹੇ ਸਨ। ਇਨ੍ਹਾਂ ਦੇ ਮਨ ਵਿਚ ਵੇਦਾਂ ਦੇ ਅਰਥਾਂ ਪ੍ਰਤੀ ਬਹੁਤ ਸ਼ੱਕ ਸਨ। ਭਗਵਾਨ ਨੇ ਇਨ੍ਹਾਂ ਦਾ ਸ਼ੱਕ ਦੂਰ ਕਰਕੇ ਇਨ੍ਹਾਂ ਨੂੰ ਆਪਣਾ ਸ਼ਿਸ਼ ਬਣਾ ਲਿਆ। ਭਗਵਾਨ ਦੇ ਨਿਰਵਾਨ ਤੋਂ ਬਾਅਦ ਵੀ ਇਹ ਜੈਨ ਧਰਮ ਦੇ ਪਹਿਲੇ ਆਚਾਰਿਆ ਬਣੇ। 92 ਸਾਲ ਦੀ ਉਮਰ ਵਿਚ ਮੁਕਤੀ ਪ੍ਰਾਪਤ ਕੀਤੀ। ਆਪ ਦੇ ਅਨੇਕਾਂ ਸ਼ਿਸ਼ ਸਨ। ਆਪ ਦਾ ਜਨਮ ਈ: ਪੂ: 607 ਅਤੇ ਨਿਰਵਾਨ ਈ: ਪੂ: 515 ਹੈ।

6. ਹਰੀਕੇਸ਼ੀ : (2) ਅਧਿਐਨ ਵੇਖੋ।

7. ਕੋਸ਼ਲੀਕ (12/20) ਕੋਸ਼ਲੀਕ ਤੋਂ ਭਾਵ ਕੋਸ਼ਲ ਦਾ ਰਾਜਾ ਪ੍ਰਸੇਨਜਿੱਤ ਹੈ।

8. ਭਦਰਾ (12/20) ਕੋਸ਼ਲੀਕ ਦੀ ਪੁੱਤਰੀ।

9. ਚੁਲਨੀ (13/ ) ਇਹ ਕੰਪਿਲਪੁਰ ਦੇ ਰਾਜਾ ਬ੍ਰਹਮਾ ਦੀ ਪਟਰਾਣੀ ਤੇ ਅੰਤਮ ਚੱਕਰਵਰਤੀ ਬ੍ਰਹਮਦੱਤ ਦੀ ਮਾਂ ਸੀ। ਇਸ ਦਾ ਇਕ ਹੋਰ ਨਾਉਂ ਚੁੜਾ ਦੇਵੀ (ਉਤਰਪੁਰਾਨ 73/287) ਵੀ ਹੈ।

10. ਬ੍ਰਹਮਦੱਤ (13/1) ਇਸ ਦਾ ਸਮਾਂ ਈ: ਤੋਂ ਦਸਵੀਂ ਸਦੀ ਮੰਨਿਆ ਜਾਂਦਾ ਹੈ। ਇਹ ਆਖ਼ਿਰੀ ਚੱਕਰਵਰਤੀ ਸੀ। ਮਹਾਵੱਗ ਜਾਤਕ ਅਨੁਸਾਰ ਇਹ ਪੰਚਾਲ ਦੇਸ਼ ਦਾ ਰਾਜਾ ਸੀ।

11. ਚਿਤਸੰਭੂਤ (13) ਅਧਿਐਨ ਵੇਖੋ।

12. ਪੁਰੋਹੀਤ (14/3) ਸ੍ਰੀ ਉਤਰਾਧਿਐਨ ਵਿਰਹਦ ਵਿਰਤੀ ਸਫਾ (304) ਵਿਚ ਪੁਰੋਹੀਤ ਦਾ ਨਾਂ ਭਰਿਗੂ ਹੈ।

13. ਯਸ਼ਾਂ (14/3) ਪੁਰੋਹੀਤ ਦੀ ਪਤਨੀ ਜੋ ਆਪਣੇ ਪੁੱਤਰਾਂ ਨਾਲ ਦੀਖਿਅਤ ਹੋਈ।

14. ਕਮਲਾਵਤੀ (13/3) ਈਸ਼ੁਕਾਰ ਨਗਰ ਦੇ ਰਾਜਾ ਈਸ਼ੁਕਾਰ ਦੀ ਪਟਰਾਣੀ ਸੀ।

15. ਈਸ਼ੁਕਾਰ (14/3) ਕਰੁਜਨਪਦ ਦਾ ਰਾਜਾ ਸੀ। ਇਸ ਦਾ ਅਸਲੀ ਨਾਂ ਸੀਮਧਰ ਵੀ ਕਿਹਾ ਗਿਆ ਹੈ। ਬੁੱਧ ਗ੍ਰੰਥਾਂ ਵਿਚ ਇਸ ਦਾ ਨਾਂ ਈਸ਼ੁਕਾਰੀ ਵੀ ਆਇਆ ਹੈ। ਕਈ ਇਤਿਹਾਸਕਾਰ ਇਸ਼ੁਕਾਰ ਨਗਰ ਦੀ ਪਹਿਚਾਣ ਹਰਿਆਣਾ ਵਿਚ ਸਥਿਤ ਹਿਸਾਰ ਨਾਲ ਕਰਦੇ ਹਨ।

16. ਮਹਾਂਵਲ (18/50) ਟੀਕਾਕਾਰ ਸ੍ਰੀ ਨੇਮੀ ਚੰਦ ਨੇ ਸ੍ਰੀ ਭਗਵਤੀ ਸੂਤਰ ਅਨੁਸਾਰ ਇਸ ਦੀ ਕਥਾ ਵਰਨਣ ਕੀਤੀ ਹੈ। ਉਹ ਹਸਤਿਨਾਪੁਰ ਦੇ ਰਾਜੇ ਬੱਲ ਦਾ ਪੁੱਤਰ ਸੀ। ਉਸ ਦੀ ਮਾਂ ਪ੍ਰਭਾਵਤੀ ਸੀ। ਉਹ ਤੀਰਥੰਕਰ ਸ੍ਰੀ ਬਿਮਲ ਨਾਥ ਜੀ ਦੀ ਪਰੰਪਰਾ ਦੇ ਆਚਾਰਿਆ ਪਾਸ ਸਾਧੂ ਬਣ ਕੇ ਬ੍ਰਹਮਲੋਕ ਵਿਚ ਪੈਦਾ ਹੋਇਆ। ਅੱਗੇ ਚੱਲ ਕੇ ਉਹ ਬਾਣੀਆ ਗਾਮ ਵਿਖੇ ਸੁਦਰਸ਼ਨ ਨਾਂ ਦੇ ਹੇਠ ਇਕ ਸੇਠ ਦੇ ਘਰ ਪੈਦਾ ਹੋਇਆ ਅਤੇ ਭਗਵਾਨ ਮਹਾਵੀਰ ਪਾਸ ਸਾਧੂ ਬਣ ਕੇ ਮੁਕਤ ਹੋਇਆ।

ਪਰ ਟੀਕਾਕਾਰ ਇਸ ਕਥਾ ਬਾਰੇ ਸ਼ੱਕ ਪ੍ਰਗਟ ਕਰਦਾ ਹੈ। ਉਸ ਅਨੁਸਾਰ ਕੋਈ ਹੋਰ ਬਲ ਵੀ ਹੋ ਸਕਦਾ ਹੈ।

ਪ੍ਰਸਿੱਧ ਜੈਨ ਵਿਦਵਾਨ ਮੁਨੀ ਸ਼੍ਰੀ ਨੱਥ ਮੱਲ ਜੀ ਅਨੁਸਾਰ ਉਹ ਵਿਪਾਕ ਸੂਤਰ (ਸੁਰਤਾਘਾਤ) ਵਿਚ ਵ੍ਰਰਨਣ ਕੀਤਾ ਗਿਆ ਪੁਰਮਿਤਾਲ ਨਗਰ ਦਾ ਰਾਜਾ ਹੋ ਸਕਦਾ ਹੈ। ਉਹ ਵਿਪਾਕ ਸੂਤਰ (2 ਅਧਿਆਇ 7) ਵਿਚ ਵਰਨਣ ਕੀਤਾ ਮਹਾਪੁਰ ਦੇ ਰਾਜੇ ਬਲ ਦਾ ਪੁੱਤਰ ਮਹਾਵਲ ਹੋਵੇ।

17. ਬਲਭੱਦਰ (18) ਮਿਰਗਾ ਤੇ ਬਲ ਸ੍ਰੀ (19) ਬਲਭਦਰ ਸੁਗਰੀਵ ਨਗਰ ਦਾ ਰਾਜਾ ਸੀ ਉਹ ਰਾਣੀ ਮਿਰਗਾ ਦਾ ਪੁੱਤਰ ਹੋਣ ਕਾਰਨ ਲੋਕ ਉਸ ਨੂੰ ਮਿਰਗਾ ਪੁੱਤਰ ਆਖਦੇ ਸਨ।

20. ਸੰਜੇ (18/1)

21. ਗਰਧਭਿੱਲ (18/19) ਇਹ ਇਕ ਖੱਤਰੀ ਮੁਨੀ ਸਨ ਤੇ ਸੰਜੇ ਰਾਜੇ ਦੇ ਗੁਰੂ ਸਨ।

22. ਭਰਤ (18/34) ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਦੇ ਪੁੱਤਰ ਤੇ ਪਹਿਲੇ ਚੱਕਰਵਰਤੀ ਸਨ। ਇਨ੍ਹਾਂ ਦੇ ਨਾਂ ਤੇ ਦੇਸ਼ ਦਾ ਨਾਂ ਭਾਰਤ ਪਿਆ। ਜੈਨ ਸਾਹਿਤ ਤੋਂ ਇਲਾਵਾ ਵੈਦਿਕ ਪੁਰਾਣਾਂ ਵਿਚ ਇਨ੍ਹਾਂ ਬਾਰੇ ਕਾਫੀ ਵਿਸਥਾਰ ਨਾਲ ਜਾਣਕਾਰੀ ਮਿਲਦੀ ਹੈ।

23. ਸਗਰ (18/35) ਇਹ ਦੂਸਰੇ ਚੱਕਰਵਰਤੀ ਸਨ। ਅਯੋਧਿਆ ਨਗਰੀ ਦੇ ਰਾਜੇ ਜਿਤਸ਼ਤਰੂ ਸੀ। ਉਸ ਦੇ ਭਰਾ ਸੁਮਿੱਤਰ ਵਿਜੈ ਦੇ ਦੋ ਪਤਨੀਆਂ ਸਨ (1) ਵਿਜੈ (2) ਯਸ਼ੋਮਤੀ। ਵਿਜੈ ਦੇ ਪੁੱਤਰ ਦੂਸਰੇ ਤੀਰਥੰਕਰ ਭਗਵਾਨ ਅਜਿੱਤ ਨਾਥ ਸਨ। ਯਸ਼ੋਮਤੀ ਦੇ ਪੁੱਤਰ ਸਗਰ ਸਨ।

24. ਮਘਵ (18/36) ਇਹ ਤੀਸਰੇ ਚੱਕਰਵਰਤੀ ਸਨ। ਸਰਾਵਸਤੀ ਦੇ ਰਾਜਾ ਸਮੁੰਦਰ ਵਿਜੈ ਦੇ ਪੁੱਤਰ ਸਨ, ਮਾਂ ਭਦਰਾ ਸੀ।

25. ਸਨਤਕੁਮਾਰ (18/37) ਇਹ ਕੁਰ ਜਨਪਦ ਵਿਚ ਹਸਤਨਾਪੁਰ ਦੇ ਰਾਜਾ ਅਸ਼ਵਸੇਨ ਦੇ ਪੁੱਤਰ ਸਨ। ਮਾਂ ਦਾ ਨਾਂ ਸਹਿਦੇਵੀ ਸੀ। ਇਹ ਚੌਥੇ ਚੱਕਰਵਰਤੀ ਸਨ।

26. ਸ਼ਾਂਤੀ (18/38) ਇਹ 16 ਤੀਰਥੰਕਰ ਅਤੇ ਪੰਜਵੇਂ ਚੱਕਰਵਰਤੀ ਸਭ। ਪਿਤਾ ਦਾ ਨਾਂ ਵਿਸ਼ਵਸੇਨ ਤੇ ਮਾਤਾ ਅਚਿਰਾ ਦੇਵੀ ਸੀ। ਜਨਮ ਭੂਮੀ ਹਸਤਨਾਪੁਰ ਸੀ। ਰਾਜਪਾਟ ਤਿਆਗ ਕੇ ਸੁਮੇਦ ਸ਼ਿਖ਼ਰ (ਪਾਰਸ਼ਨਾਥ ਪਹਾੜ, ਝਾਰਖੰਡ) ਵਿਖੇ ਮੁਕਤੀ ਪ੍ਰਾਪਤ ਕੀਤੀ।

27. ਕੁੰਥੂ (18/39) ਇਹ ਛੇਵੇਂ ਚੱਕਰਵਰਤੀ ਤੇ ਸਤਾਰ੍ਹਵੇਂ ਤੀਰਥੰਕਰ ਸਨ। ਇਹ ਹਸਤਨਾਪੁਰ ਦੇ ਰਾਜਾ ਸੂਰ ਦੇ ਪੁੱਤਰ ਸਨ। ਮਾਂ ਸ੍ਰੀ ਦੇਵੀ ਸੀ। ਰਾਜਪਾਟ ਛੱਡ ਕੇ ਸੁਮੇਦ ਸ਼ਿਖਰ (ਪਾਰਸ਼ਨਾਥ ਪਹਾੜ, ਝਾਰਖੰਡ) ਵਿਖੇ ਮੁਕਤੀ ਹਾਸਲ ਕੀਤੀ।

28. ਅਰ (18/40) ਇਹ ਗਜਪੁਰ ਦੇ ਰਾਜਾ ਸੁਦਰਸ਼ਨ ਦੇ ਪੁੱਤਰ ਸਨ। ਮਾਂ ਸ੍ਰੀ ਦੇਵੀ ਸੀ। ਇਹ ਸੱਤਵੇਂ ਚੱਕਰਵਰਤੀ ਤੇ 18ਵੇਂ ਤੀਰਥੰਕਰ ਸਨ।

29. ਮਹਾਪੱਦਮ (18/41) ਇਹ ਹਸਤਨਾਪੁਰ ਦੇ ਰਾਜਾ ਪਦਮੋਤਰ ਰਾਜਾ ਦੇ ਪੁੱਤਰ ਸਨ। ਇਸ ਦੀ ਮਾਂ ਦਾ ਨਾਂ ਜਾਲਾ ਸੀ। ਇਹ ਦੋ ਭਰਾ ਸਨ, ਵਿਸ਼ਨੂੰ ਕੁਮਾਰ ਤੇ ਮਹਾਪੱਦਮ। ਇਹ ਨੌਵੇਂ ਚੱਕਰਵਰਤੀ ਸਨ।

30. ਹਰੀਸ਼ੇਨ (18/42) ਕੰਪੀਲਪੁਰ ਦੇ ਰਾਜਾ ਮਹਾਹਰੀਸ਼ ਦੇ ਪੁੱਤਰ ਸਨ। ਮਾਂ ਦਾ ਨਾਂ ਮੇਰਾ ਸੀ। ਇਹ ਦਸ਼ਵੇਂ ਚੱਕਰਵਰਤੀ ਸਨ।

31. ਜੈ (18/33) ਇਹ ਰਾਜ ਗ੍ਰਹਿ ਦੇ ਰਾਜਾ ਸਮੁੰਦਰ ਵਿਜੈ ਦੇ ਪੁੱਤਰ ਸਨ। ਮਾਂ ਦਾ ਨਾਂ ਵਪਰਕਾ ਸੀ। ਇਹ ਗਿਆਰ੍ਹਵੇਂ ਚੱਕਰਵਰਤੀ ਸਨ।

32. ਦਸਾਰਨ ਭਦਰ (18/44) ਇਹ ਦਸਾਰਣ (ਮੰਦਸੋਰ) ਦਾ ਰਾਜਾ ਸੀ (ਵੇਖੋ ਸੁੱਖ ਬੋਧਾਂ ਪੰਲਾ 250-25)

33. ਕੰਰਕੰਡੂ - ਵੇਖੋ ਪ੍ਰਤੇਕ ਬੁੱਧ ਜੀਵਨ ਚਾਰਿੱਤਰ।

34. ਦਵਿਮੁਖ (18/44) ਵੇਖੋ ਪ੍ਰਤੇਕ ਬੁੱਧ ਜੀਵਨ ਚਾਰਿੱਤਰ।

35. ਨਮਿ (18/45) ਵੇਖੋ ਪ੍ਰਤੇਕ ਬੁੱਧ ਜੀਵਨ ਚਾਰਿੱਤਰ।

36. ਨਗਗਤਿ (18/45) ਵੇਖੋ ਪ੍ਰਤੇਕ ਬੁੱਧ ਜੀਵਨ ਚਾਰਿੱਤਰ।

37. ਉਦਾਯਨ (18/46) ਸਿੰਧੂ ਸੋਵਰਿ ਆਦਿ 16 ਜਨਪਦਾ ਅਤੇ 363 ਸ਼ਹਿਰਾਂ ਦਾ ਰਾਜਾ ਸੀ। 10 ਛੋਟੇ ਰਾਜੇ ਇਸ ਦੇ ਅਧੀਨ ਸਨ। ਵੈਸ਼ਾਲੀ ਦੇ ਰਾਜਾ ਚੇਟਕ ਦੀ ਧੀ ਪ੍ਰਭਾਵਤੀ ਇਸ ਦੀ ਪਟਰਾਨੀ ਸੀ। ਇਹ ਭਗਵਾਨ ਮਹਾਵੀਰ ਦਾ ਪਰਮ ਭਗਤ ਸੀ। ਇਹ ਭਗਵਾਨ ਮਹਾਵੀਰ ਕੋਲ ਸਾਧੂ ਬਣ ਕੇ ਮੁਕਤ ਹੋਇਆ।

38. ਕਾਸ਼ੀਰਾਜ (18/48) ਇਨ੍ਹਾਂ ਦਾ ਨਾਂ ਨੰਦਨ ਸੀ, ਇਹ ਸੱਤਵੇਂ ਬਲਦੇਵ ਸਨ। ਬਨਾਰਸ ਦੇ ਰਾਜਾ ਅਗਨੀਸ਼ਿਖਾ ਦੇ ਪੁੱਤਰ ਸਨ। ਮਾਂ ਦਾ ਨਾਂ ਜਯੰਤੀ ਸੀ। ਛੋਟੇ ਭਰਾ ਦਾ ਨਾਂ ਦੱਤ ਸੀ।

39. ਵਿਜੈ (18/49) ਇਹ ਦਵਾਰਕਾ ਦੇ ਰਾਜਾ ਬ੍ਰਹਮਰਾਜ ਦਾ ਪੁੱਤਰ ਸੀ, ਇਸ ਦੀ ਮਾਂ ਸੁਭੱਦਰਾ ਸੀ। ਉਹ ਦੂਸਰਾ ਬਲਦੇਵ ਸੀ। ਇਸ ਦੇ ਛੋਟੇ ਭਰਾ ਦਾ ਨਾਂ ਦਵਿਪਿਸ਼ਟ ਸੀ। ਇਨ੍ਹਾਂ ਬਾਰੇ ਪ੍ਰਸਿੱਧ ਵਿਰਤੀਕਾਰ ਸ਼੍ਰੀ ਨੇਮੀ ਚੰਦ ਜੀ ਇਨ੍ਹਾਂ ਬਾਰੇ ਸ਼ੰਕਾਵਾਨ ਹਨ।

40. ਸ਼੍ਰੈਣਿਕ - ਇਹ ਰਾਜਾ ਮਗਧ ਦੇਸ਼ ਦਾ ਇਕ ਇਤਿਹਾਸਕ ਮਹਾਪੁਰਸ਼ ਸੀ। ਇਸ ਦਾ ਵਰਨਣ ਵੈਦਿਕ, ਜੈਨ ਤੇ ਬੁੱਧ ਪਰੰਪਰਾ ਵਿਚ ਇਸ ਦਾ ਬੇਹੱਦ ਸਤਿਕਾਰ ਨਾਲ ਮਿਲਦਾ ਹੈ। ਜੈਨੀ ਇਸ ਨੂੰ ਜੈਨ ਤੇ ਬੋਧੀ ਬੋਧ ਸਮਝਦੇ ਹਨ। ਦਰਅਸਲ ਇਹ ਦੋਹਾਂ ਧਰਮਾਂ ਦੀ ਬਹੁਤ ਇੱਜ਼ਤ ਕਰਦਾ ਸੀ। ਭਗਵਾਨ ਮਹਾਵੀਰ ਨਾਲ ਇਸ ਦੀ ਕੁਝ ਨਜ਼ਦੀਕੀ ਰਿਸ਼ਤੇਦਾਰੀ ਵੀ ਸੀ। ਇਹ ਆਪਣੇ ਸਮੇਂ ਦਾ ਮਹਾਨ ਸਮਰਾਟ ਸੀ।

ਜੈਨ ਸਾਹਿਤ ਵਿਚ ਥਾਂ ਥਾਂ ਇਸ ਦਾ ਵਰਨਣ ਭਰਿਆ ਪਿਆ ਹੈ। ਜਦ ਜਦ ਭਗਵਾਨ ਰਾਜਗ੍ਰਿਹਿ ਪਹੁੰਚਦੇ ਹਨ ਰਾਜਾ ਆਪਣੇ ਸੈਨਾ ਨਾਲ ਬੜੇ ਸ਼ਾਨ ਸ਼ੌਕਤ ਨਾਲ ਦਰਸ਼ਨ ਕਰਨ ਜਾਂਦਾ ਹੈ। ਭਗਵਾਨ ਤੋਂ ਅਨੇਕਾਂ ਪ੍ਰਸ਼ਨ ਪੁੱਛਦਾ ਹੈ।

ਜੈਨ, ਬੁੱਧ ਤੇ ਵੈਦਿਕ ਸਾਹਿਤ ਵਿਚ ਇਸ ਦੇ ਬਾਰੇ ਕਾਫੀ ਜਾਣਕਾਰੀ ਮਿਲਦੀ ਹੈ। ਭਾਗਵਤ ਮਹਾਪੁਰਾਣ ਭਾਗ ਦੋ (ਪੰਨਾ 903) ਅਨੁਸਾਰ ਇਸ ਦਾ ਵੰਸ਼ ਸ਼ਿਸ਼ੁਨਾਗ ਹੈ। ਬੁੱਧ ਗ੍ਰੰਥ ਅਸ਼ਵਘੋਸ਼ ਰਚਿਤ ਬੁੱਧ ਚਰਿੱਤਰ (ਸਰਗ 11/2) ਸ਼ਲੋਕ ਦੇ ਅਨੁਸਾਰ ਇਸ ਦਾ ਵੰਸ਼ ਹਰਿਅਕ ਹੈ। ਆਵਸ਼ਕ ਹਰੀ ਭਦਰੀ ਵਿਰਤੀ (ਪੰਨਾ 677) ਅਨੁਸਾਰ ਇਸ ਦਾ ਵਾਹਿਰ ਕੁਲ ਹੈ।

ਜੈਨ ਪਰੰਪਰਾ ਅਨੁਸਾਰ ਇਸ ਦੇ ਦੋ ਨਾਂ ਹਨ :

(1) ਭੰਭਾਸਾਰ (2) ਸ਼੍ਰੈਣਿਕ

ਬੁੱਧ ਪਰੰਪਰਾ ਅਨੁਸਾਰ ਇਸ ਦੇ ਦੋ ਨਾਂ ਇਹ ਹਨ :

(1) ਸ਼੍ਰੇਣੀਕ (2) ਬਿਵੰਸਾਰ

ਪੁਰਾਣਾਂ ਵਿਚ ਇਸ ਦਾ ਨਾਂ ਅਜਾਤਸਤਰੂ, ਵਿਧੀਸਾਰ, ਕਿਹਾ

ਗਿਆ ਹੈ। ਕਈ ਸਥਾਨਾਂ ਤੇ ਕਿਤੇ ਇਸ ਨੂੰ ਵਿਦਸੇਨ ਸੁਵਿੰਧੂ ਵੀ ਆਖਿਆ ਗਿਆ ਹੈ।

ਸ਼੍ਰੈਣਿਕ ਦੇ ਪਿਤਾ ਦਾ ਨਾਂ ਪ੍ਰਸੇਨਜਿੱਤ ਅਤੇ ਮਾਂ ਦਾ ਨਾਂ ਧਾਰਣੀ ਸੀ। ਇਸ ਰਾਜਾ ਦੇ 25 ਮਹਾਰਾਣੀਆਂ ਸਨ। ਪਰ ਬੁੱਧ ਗ੍ਰੰਥਾਂ ਅਨੁਸਾਰ ਇਸ ਦੇ 500 ਰਾਣੀਆਂ ਸਨ। ਪਰ ਇਨ੍ਹਾਂ ਰਾਣੀਆਂ ਦੇ ਨਾਂ ਬੁੱਧ ਗ੍ਰੰਥਾਂ ਵਿਚ ਨਹੀਂ ਮਿਲਦਾ।

ਮਹਾਵੱਗ (8/1/15) ਸ਼੍ਰੇਣੀਕ ਦੇ ਅਨੇਕਾਂ ਪੁੱਤਰ ਸਨ। ਸ਼੍ਰੀ ਅਨਤਰੋਪਾਤਿਕ (1) ਤੇ ਨਿਰਯਵਾਲੀਕਾ ਸੂਤਰ ਅਨੁਸਾਰ 35 ਪੁੱਤਰ ਸਨ। ਰਾਜਾ ਸ਼੍ਰੈਣਿਕ ਦੇ ਪਰਿਵਾਰ ਦੇ ਅਨੇਕਾਂ ਰਾਜਕੁਮਾਰ ਤੇ ਮਹਾਰਣੀਆਂ ਭਗਵਾਨ ਮਹਾਵੀਰ ਪਾਸ ਸਾਧੂ ਬਣ ਕੇ ਮੁਕਤੀ ਦੇ ਹੱਕਦਾਰ ਬਣੇ। ਸ਼੍ਰੈਣੀਕ ਨੇ ਤੀਰਥੰਕਰ ਗੋਤ ਦੀ ਪ੍ਰਾਪਤੀ ਕੀਤੀ। ਸ਼੍ਰੈਣੀਕ ਦਾ ਵਿਸਥਾਰ ਪੂਰਵਕ ਜੀਵਨ ਨਿਰਯਵਾਲੀਕਾ ਸੂਤਰ ਵਿਚ ਹੈ।

ਕਈ ਥਾਂ ਤੇ ਮਹਾਪਦਰਾ, ਹੇਮਜਿੱਤ, ਸੇਤਰਜ, ਸੰਤਪ੍ਰੋਜਾ ਵੀ ਮਿਲਦਾ ਹੈ।

ਹਰੀਸੇਨ ਨੇ ਬਹਤਕਲਪਕੋਸ ਨਾਂ 78 ਵਿਚ ਸ਼੍ਰੈਣੀਕ ਦੇ ਪਿਤਾ ਉੱਚ ਸ਼੍ਰੈਣੀਕ ਤੇ ਮਾਂ ਦਾ ਨਾਂ ਪ੍ਰਭਾ ਹੈ। ਉਤਰ ਪੁਰਾਣ (74/4 8 ਪੰਨਾ 471) ਵਿਚ ਪਿਤਾ ਦਾ ਨਾਂ ਕੌਣਿਕ ਤੇ ਮਾਂ ਦਾ ਨਾਂ ਸ਼੍ਰੀ ਮਤੀ ਸੀ। ਜੋ ਕਿ ਭੁਲੇਖਾ ਪਾਉਂਦਾ ਹੈ।

41. ਅਨਾਥੀ ਮੁਨੀ (20/7) ਇਹ ਕੌਸ਼ਾਂਬੀ ਨਗਰ ਦੇ ਰਹਿਣ ਵਾਲੇ ਸਨ। ਇਕ ਅੱਖ ਦੇ ਰੋਗ ਤੋਂ ਤੰਗ ਆ ਕੇ ਸੋਚਣ ਲੱਗੇ ਕਿ ਜੇ ਮੈਨੂੰ ਛੁਟਕਾਰਾ ਮਿਲ ਜਾਵੇ ਤਾਂ ਸਾਧੂ ਬਣ ਜਾਵਾਂਗਾ। ਚੰਗੇ ਭਾਗ ਨੂੰ ਇਹ

ਨਿਰੋਗ ਹੋ ਕੇ ਸਾਧੂ ਬਣ ਗਏ।

42. ਪਾਲੀਤ (21/1) ਇਹ ਚੰਪਾ ਨਗਰੀ ਦਾ ਵਿਉਪਾਰੀ ਸੀ ਤੇ ਵਿਦੇਸ਼ ਵਿਚ ਹੀ ਇਸ ਨੇ ਸ਼ਾਦੀ ਕਰਵਾਈ ਅਤੇ ਉਥੇ ਹੀ ਇਸ ਦੇ ਪੁੱਤਰ ਸਮੁਦਰਪਾਲ ਪੈਦਾ ਹੋਇਆ। ਜੋ ਵੱਡਾ ਹੋ ਕੇ ਵਿਆਹ ਤੋਂ ਬਾਅਦ ਦੀਖਿਅਤ ਹੋਇਆ।

43. ਸਮੁੰਦਰਪਾਲ (20/4) ਇਹ ਪਾਲੀਤ ਦਾ ਪੁੱਤਰ ਸੀ। ਇਕ ਦਿਨ ਰਾਜੇ ਦੇ ਸਿਪਾਹੀ ਕਿਸੇ ਚੋਰ ਨੂੰ ਕਤਲਗਾਹ ਲੈ ਕੇ ਜਾ ਰਹੇ ਸਨ। ਉਸ ਨੂੰ ਵੇਖ ਕੇ ਇਸ ਦੇ ਮਨ ਵਿਚ ਵੈਰਾਗ ਪੈਦਾ ਹੋ ਗਿਆ। ਇਸ ਨੇ ਸਾਧੂ ਬਣ ਕੇ ਮੁਕਤੀ ਹਾਸਲ ਕੀਤੀ।

44. ਰੁਪਣੀ (21/7) ਇਹ ਸਮੁੰਦਰ ਪਾਲ ਦੀ ਪੁੱਤਰੀ ਸੀ।

45. ਰੋਹਣੀ (22/2) ਇਹ ਨੌਵੇਂ ਬਲਦੇਵ ਰਾਮ ਦੀ ਮਾਤਾ ਤੇ ਵਾਸਦੇਵ ਦੀ ਪਤਨੀ ਸੀ।

46. ਦੇਵਕੀ (22/2) ਇਹ ਵਾਸਦੇਵ ਦੀ ਪਤਨੀ ਤੇ ਕ੍ਰਿਸ਼ਨ ਦੀ ਮਾਂ ਸੀ।

47. ਰਾਮ (22/2) ਵੇਖੋ ਰੋਹਣੀ।

48. ਕੇਸ਼ਵ (22/2) ਇਹ ਕ੍ਰਿਸ਼ਨ ਦਾ ਨਾਂ ਹੈ, ਜੋ ਵਰਿਸ਼ਣੀ ਕੁਲ ਵਿਚ ਪੈਦਾ ਹੋਇਆ। ਇਸ ਦਾ ਪਿਤਾ ਵਾਸਦੇਵ ਤੇ ਮਾਂ ਦੇਵਕੀ ਸੀ। ਇਹ ਭਗਵਾਨ ਅਰਿਸ਼ਟ ਨੇਮੀ ਦਾ ਚਚੇਰਾ ਭਰਾ ਸੀ।

49. ਸਮੁੰਦਰ ਵਿਜੈ (22/63) ਇਹ ਸ਼ੋਰੀਆ ਪੁਰ ਦੇ ਰਾਜਾ ਅਤੇ ਭਗਵਾਨ ਅਰਿਸ਼ਟ ਨੇਮੀ ਦੇ ਪਿਤਾ ਸਨ। ਇਨ੍ਹਾਂ ਦੀ ਪਟਰਾਣੀ ਸ਼ਿਵਾ ਦੇਵੀ ਸੀ। ਅਰਿਸ਼ਟ ਨੇਮੀ, ਰਥਨੇਮੀ, ਸਤਨੇਮੀ ਤੇ ਦਰਿੜਨੇਮੀ ਨਾਂ ਦੇ

ਚਾਰ ਪੁੱਤਰ ਸਨ। ਰਥਨੇਮੀ ਤੇ ਸਤਨੇਮੀ ਪ੍ਰਤੇਕ ਬੁੱਧ ਬਣੇ।

50. ਸ਼ਿਵਾ (22/4) ਵੇਖੋ ਸਮੁੰਦਰ ਵਿਜੈ।

51. ਅਰਿਸ਼ਟ ਨੇਮੀ (22/8) 22ਵੇਂ ਤੀਰਥੰਕਰ ਸਨ, ਵੇਖੋ ਸਮੁੰਦਰ ਵਿਜੈ।

52. ਰਾਜਮਤੀ (22/6) ਸ੍ਰੀ ਅਰਿਸ਼ਟ ਨੇਮੀ ਦੀ ਮੰਗੇਤਰ ਸੀ। ਭੋਜਕੁਲ ਦੇ ਰਾਜਾ ਉਗਰਸੈਨ ਦੀ ਧੀ ਸੀ। ਪਰ ਵਿਆਹ ਦੇ ਮੌਕੇ ਤੇ ਆਪਣੇ ਲਈ ਪਸ਼ੂ ਮਰਦੇ ਵੇਖ ਕੇ ਭਗਵਾਨ ਨੇ ਵੈਰਾਗ ਧਾਰਨ ਕਰ ਲਿਆ। ਜਿਸ ਕਾਰਨ ਰਾਜਮਤੀ ਨੇ ਵੀ ਸੰਜਮ ਲੈ ਕੇ ਰਥਨੇਮੀ ਨੂੰ ਬ੍ਰਹਮਚਰਜ ਦਾ ਉਪਦੇਸ਼ ਦਿੱਤਾ।

53. ਵਾਸਦੇਵ (22/8) ਕ੍ਰਿਸ਼ਨ ਦਾ ਇਕ ਨਾਂ।

54. ਦਸਾਰ ਚੱਕਰ (22/17) ਸਮੁੰਦਰ ਵਿਜੈ ਆਦਿ ਦਸ ਭਰਾ ਸਨ।

55. ਰਥਨੇਮੀ (22/34) ਇਹ ਵੀ ਭਗਵਾਨ ਅਰਿਸ਼ਟਨੇਮੀ ਦੇ ਨਾਲ ਸਾਧੂ ਬਣਿਆ ਸੀ। ਪਰ ਰਾਜਮਤੀ ਦੇ ਗਿਰਨਾਰ ਜਾਨ ਲੱਗਿਆਂ ਇਸ ਦੇ ਮਨ ਵਿਚ ਵਿਕਾਰ ਪੈਦਾ ਹੋ ਗਏ। ਇਸ ਨੂੰ ਰਾਜਮਤੀ ਨੇ ਠੀਕ ਰਾਹ ਵਿਖਆਇਆ।

56. ਭੋਜਰਾਜ (22/43) ਉਗਰਸੈਨ ਦਾ ਦੂਸਰਾ ਨਾਂ ਹੈ।

57. ਅੰਧਮ ਵਿਰਿਸ਼ਨੀ (22/43) ਸਮੁੰਦਰ ਵਿਜੈ ਦੇ ਪਿਤਾ ਸਨ। ਇਨ੍ਹਾਂ ਦੀ ਮੁੱਖ ਰਾਣੀ ਸੁਭਦਰਾ ਸੀ।

58. ਪਾਰਸ਼ਵ (23/2) ਇਹ 23ਵੇਂ ਤੀਰਥੰਕਰ ਸਨ। ਪਿਤਾ ਦਾ ਨਾਂ ਅਸਵ ਸੈਨ ਤੇ ਮਾਂ ਬਾਮਾ ਦੇਵੀ ਸੀ। ਇਨ੍ਹਾਂ ਦਾ ਜਨਮ ਅੱਠਵੀਂ ਸਦੀ

ਈ: ਪੂਰਬ ਵਿਚ ਬਨਾਰਸ ਵਿਖੇ ਹੋਇਆ।

59. ਕੁਮਾਰ ਕੇਸ਼ੀ (23/2) ਇਹ ਪਾਰਸ਼ਨਾਥ ਦੀ ਪਰੰਪਰਾ ਦੇ ਚੌਥੇ ਅਚਾਰਿਆ ਸਨ। ਇਨ੍ਹਾਂ ਰਾਜਾ ਪਰਦੇਸ਼ੀ ਦੇ ਨਾਸਤਕ ਪੁਣੇ ਨੂੰ ਖ਼ਤਮ ਕਰਕੇ ਉਸ ਨੂੰ ਜੈਨ ਧਰਮ ਵਿਚ ਦੀਖਿਅਤ ਕੀਤਾ।

60. ਜੈ ਘੋਸ਼ ਵਿਜੈ ਘੋਸ਼ (25/1) ਦੋਵੇਂ ਭਰਾ ਜੁੜਵੇਂ ਪੈਦਾ ਹੋਏ ਸਨ। ਕਸ਼ਯਪ ਗੋਤ ਦੇ ਬ੍ਰਾਹਮਣ ਸਨ। ਦੋਵੇਂ ਸਾਧੂ ਬਣ ਕੇ ਮੁਕਤ ਹੋਏ।

61. ਗਰਗ (27/1) ਇਹ ਇਕ ਆਚਾਰਿਆ ਸਨ। ਇਨ੍ਹਾਂ ਦਾ ਗੋਤ ਗਰਗ ਸੀ। ਆਪਣੇ ਚਾਰਿੱਤਰਹੀਣ ਚੇਲਿਆਂ ਨੂੰ ਛੱਡ ਕੇ ਇਕੱਠੇ ਧਰਮ ਸਾਧਨਾਂ ਵਿਚ ਜੁੱਟ ਗਏ।

## ਪ੍ਰਤੇਕ ਬੁੱਧ

ਸ੍ਰੀ ਪ੍ਰਬਚਨ ਸਾਰੋ ਦਵਾਰ ਗ੍ਰੰਥ ਅਨੁਸਾਰ ਮੁਨੀ ਤਿੰਨ ਪ੍ਰਕਾਰ ਦੇ ਹੁੰਦੇ ਹਨ :

(1) ਸਵੇ ਬੁੱਧ - ਜੋ ਆਪਣੇ ਆਪ ਹੀ ਬੋਧੀ (ਗਿਆਨ ਪ੍ਰਾਪਤ ਕਰਦੇ) ਹੈ।

(2) ਪ੍ਰਤੇਕ ਬੁੱਧ - ਜੋ ਕਿਸੇ ਚੀਜ਼ ਜਾਂ ਜੀਵ ਨੂੰ ਵੇਖ ਕੇ ਬੋਧੀ ਹਾਸਲ ਕਰਦੇ ਹਨ।

(3) ਬੁੱਧ ਬੋਧਿਤ - ਜੋ ਕਿਸੇ ਗੁਰੂ ਦੇ ਉਪਦੇਸ਼ ਰਾਹੀਂ ਬੋਧੀ ਹਾਸਲ ਕਰਦੇ ਹਨ।

ਪ੍ਰਤੇਕ ਬੁੱਧ ਇਕਾਂਕੀ ਘੁੰਮਦੇ ਹਨ। ਰਿਸ਼ੀ ਭਾਸ਼ੀਤ 2 ਪ੍ਰਕਾਰਨ ਵਿਚ 45 ਪ੍ਰਤੇਕ ਬੁੱਧਾਂ ਦਾ ਵਰਨਣ ਹੈ। ਜਿਨ੍ਹਾਂ ਵਿਚੋਂ 20 ਭਗਵਾਨ ਨੇਮੀਨਾਥ ਦੇ ਸਮੇਂ, 15 ਭਗਵਾਨ ਪਾਰਸਨਾਥ ਸਮੇਂ ਅਤੇ 10 ਭਗਵਾਨ ਮਹਾਵੀਰ ਦੇ ਸਮੇਂ ਹੋਏ ਸਨ।

ਪਰ ਸ਼੍ਰੀ ਉਤਰਾਧਿਐਨ ਸੂਤਰ ਵਿਚ ਆਏ ਪ੍ਰਤੇਕ ਬੁੱਧਾਂ ਦਾ ਨਾਂ ਇਸ ਗ੍ਰੰਥ ਵਿਚ ਪ੍ਰਾਪਤ ਨਹੀਂ ਹੁੰਦਾ। ਇਨ੍ਹਾਂ ਦਾ ਵਰਨਣ ਸੁੱਖ ਬੋਧ ਟੀਕਾ (ਪੰਨਾ 133-145) ਤੇ ਸ਼੍ਰੀ ਉਤਰਾਧਿਐਨ ਨਿਯੁਕਤੀ (ਗਾਥਾ 270) ਵਿਚ ਮਿਲਦਾ ਹੈ। ਇਹ ਚਾਰੋ ਇਕ ਸਮੇਂ ਪੈਦਾ ਹੋਏ ਇਕ ਸਮੇਂ ਹੀ ਬੁੱਧ ਹੋਏ , ਇਕ ਸਮੇਂ ਹੀ ਕੇਵਲੀ ਤੇ ਸਿੱਧ ਬਣੇ। ਕਰਕੰਡੂ ਬਢੇਬੋਲ ਨੂੰ ਦੇਖ ਕੇ ਸਾਧੂ ਬਣੇ। ਦਵਿਮੁੱਖ ਇੰਦਰ ਧਵੱਜ ਨੂੰ ਦੇਖ ਕੇ ਸਾਧੂ ਬਣੇ। ਨੇਮੀ ਚੂੜੀਆਂ ਦੀ ਆਵਾਜ਼ ਸੁਣ ਕੇ ਸਾਧੂ ਬਣੇ। ਨਗਗਤੀ ਅੰਬਾਂ ਤੋਂ ਰਹਿਤ ਅੰਬਾਂ ਦੇ ਦਰਖ਼ਤ ਨੂੰ ਵੇਖ ਕੇ ਸਾਧੂ ਬਣੇ।

ਙ;ਅਤਸ ਲ਼ੋਦਤਸ਼ ਙਖ, ੜਖਤਸ ਜੂਹਿਦਹ ਙਾਪੀ ਅ੍ਧਕ੍ਪਯ;ਾਖ਼ ਚਕਿ:; ਘੋ੍ਹਹ ਚਾਤੰ

ਬੋਧ ਧਰਮ ਵਿਚ ਵੀ ਇਨ੍ਹਾਂ ਪ੍ਰਤੇਕ ਬੁੱਧਾਂ ਦਾ ਸੰਖੇਪ ਵਰਨਣ ਹੈ। ਪਰ ਕਥਾਨਕਾਂ ਦੀ ਦੀਖਿਆ ਦੇ ਕਾਰਨ ਵਿਚ ਫਰਕ ਹੈ।

(1) ਦੋਹਾਂ ਪਰੰਪਰਾ ਦੀ ਤੁਲਨਾ ਇਸ ਚਾਰਟ ਤੋਂ ਸਮਝਣੀ ਚਾਹੀਦੀ ਹੈ :

## ਜੈਨ ਪਰੰਪਰਾ

| ਪ੍ਰਤੇਕ ਬੁੱਧ ਦਾ ਨਾਂ | ਰਾਸ਼ਟਰ | ਨਗਰ | ਪਿਤਾ ਦਾ ਨਾਂ | ਬੱਗੜਾ ਦਾ ਨਾਂ |
|---|---|---|---|---|
| ਕਰਕੰਡੂ | ਕਲਿੰਗ | ਕਾਚਨਪੁਰ | ਦਦਿਵਾਹਨ | ਬੁੱਢਾਬੋਲ |
| ਦਵਿਮੁੱਖ | ਪੰਚਾਲ | ਕਾਪੀਲ | ਜੈ | ਇੰਦਰ ਧਵਜਾ |
| ਨਮਿ | ਵਿਦੇਹ | ਮਿਥਿਲਾ | ਯੁਗਬਾਹੂ | ਇਕ ਚੂੜੀ |
| ਨਗਗਤਿ | ਗੰਧਾਰ | ਪੁੰਡਰਵਰਧਨ | ਸਿੰਘਰਥ | ਅੰਬਾਂਦਾ ਦਰਖ਼ਤ |

ਬੁੱਧ ਪਰੰਪਰਾ

| | | | | |
|---|---|---|---|---|
| ਕਰੱਕਡੂ | ਕਲਿੰਗ | ਦੰਤਪੁਰ | ਸਿੰਘ ਰਥ | ਫੁਲਹੀਨ ਅੰਬ |
| ਦੁਮੁਖ | ਉਤਰਪੰਚਾਲ | ਕੰਪਿਲ | ਸਿੰਘ ਰਥ | ਬੁਢੇਬੋਲ ਦੀ ਕਾਮੁਕਾਏ |
| ਨਿਮੀ | ਵਿਦੇਹ | ਮਿਥਿਲਾ | ਸਿੰਘ ਰਥ | ਮਾਸ ਦੇ ਫੁੱਲ ਦਾ ਪੰਛੀ |
| ਨਗਜੀ | ਗੰਧਾਰ | ਤਕਸ਼ੀਲਾ | ਸਿੰਘ ਰਥ | ਇਕ ਚਿੜੀ |

(2) ਕੁਭਕਾਰ ਜਾਤ (ਸੰ: 408)

## ਕਰਕੰਡੂ

ਪੁਰਾਣੇ ਸਮੇਂ ਦੀ ਗਲ ਹੈ ਇਸੇ ਭਾਰਤ ਵਰਸ਼ ਵਿਚ ਚੰਪਾ ਨਾਉਂ ਦੀ ਨਗਰੀ ਸੀ। ਉਥੇ ਦੇ ਰਾਜਾ ਦਾ ਨਾਉਂ ਦਦਿਵਾਹਨ ਸੀ। ਉਸ ਦੀ ਰਾਣੀ ਪਦਮਾਵਤੀ ਸੀ ਜੋ ਕਿ ਵੈਸ਼ਾਲੀ ਗਣਤੰਤਰ ਦੇ ਮਹਾਰਾਜਾ ਚੇਟਕ ਦੀ ਧੀ ਸੀ।

ਇਕ ਵਾਰੀ ਰਾਣੀ ਗਰਭਵਤੀ ਹੋ ਗਈ। ਇਸ ਸਮੇਂ ਉਸ ਦੇ ਮਨ ਵਿਚ ਇਕ ਇੱਛਾ ਪੈਦਾ ਹੋਈ। ਪਰ ਉਹ ਸ਼ਰਮਾਕਲ ਸੁਭਾਅ ਕਾਰਨ ਰਾਜੇ ਨੂੰ ਦੱਸ ਨਾ ਸਕੀ। ਰਾਜੇ ਦੇ ਬਾਰ ਬਾਰ ਆਖਣ ਤੇ ਰਾਣੀ ਨੇ ਦੱਸਿਆ ਕਿ ਮੇਰੀ ਇੱਛਾ ਹੈ ਕਿ ਮੈਂ ਰਾਜੇ ਦਾ ਭੇਸ ਧਾਰਨ ਕਰਕੇ ਹਾਥੀ ਉਪਰ ਸਵਾਰ ਹੋ ਕੇ ਸੈਰ ਕਰਾਂ।

ਰਾਜੇ ਨੇ ਰਾਣੀ ਇੱਛਾ ਪੂਰੀ ਕਰਨ ਲਈ ਹੁਕਮ ਦਿੱਤਾ। ਰਾਣੀ ਆਪਣੀ ਇੱਛਾ ਅਨੁਸਾਰ ਹਾਥੀ ਤੇ ਸਵਾਰ ਹੋ ਕੇ ਸੈਰ ਕਰਨ ਲਈ ਗਈ। ਰਸਤੇ ਵਿਚ ਸਖ਼ਤ ਬਾਰਿਸ਼ ਆ ਗਈ। ਹਾਥੀ ਘਬਰਾ ਕੇ ਇੱਧਰ ਉੱਧਰ ਭੱਜਣ ਲੱਗਾ। ਰਾਜੇ ਦੇ ਲੱਖ ਕੋਸ਼ਿਸ਼ ਕਰਨ ਤੇ ਵੀ ਉਹ ਕਾਬੂ ਨਾ ਹੋ ਸਕਿਆ। ਹਾਥੀ ਰਾਣੀ ਨੂੰ ਲੈ ਕੇ ਜੰਗਲ ਵਿਚ ਪੁੱਜਾ। ਉਥੇ ਇਕ ਤਲਾਬ ਸੀ, ਹਾਥੀ ਪਾਣੀ ਪੀਣ ਲੱਗਾ। ਰਾਣੀ ਉਚਿਤ ਮੌਕਾ ਵੇਖ ਕੇ ਹਾਥੀ ਤੋਂ ਉਤਰ ਗਈ। ਉਥੇ ਇਕ ਤਪੱਸਵੀ ਦਾ ਆਸ਼ਰਮ ਸੀ। ਤਪੱਸਵੀ ਨੇ ਰਾਣੀ ਨੂੰ ਭਰੋਸਾ ਦਿੱਤਾ ਤੇ ਕਿਹਾ ਕਿ ਪੁੱਤਰੀ ਮੈਂ ਚੇਟਕ ਰਾਜੇ ਦਾ ਗੋਤੀ ਹਾਂ ਇਹ ਫਲ ਤੂੰ ਖਾ ਲੈ। ਇਥੋਂ ਕੁਝ ਦੂਰ ਦੰਤਪੁਰ ਦਾ ਸ਼ਹਿਰ ਹੈ, ਉਥੇ ਦੰਤਵਕਰ ਰਾਜਾ ਹੈ। ਤੂੰ ਬੇਫਿਕਰ ਹੋ ਕੇ ਉਥੇ ਚਲੀ ਜਾ, ਉਹ ਬਹੁਤ ਭਲਾਮਾਣਸ ਹੈ।

ਰਾਣੀ ਪਦਮਾਵਤੀ ਉਥੋਂ ਚੱਲ ਕੇ ਦੰਤਪੁਰ ਪਹੁੰਚੀ। ਰਾਹ ਵਿਚ ਸਾਧਵੀਆਂ ਦਾ ਆਸ਼ਰਮ ਸੀ, ਰਾਣੀ ਉਥੇ ਗਈ ਤੇ ਨਮਸਕਾਰ ਕੀਤਾ। ਸਾਧਵੀਆਂ ਦੇ ਉਪਦੇਸ਼ ਨਾਲ ਰਾਣੀ ਨੂੰ ਵੈਰਾਗ ਪੈਦਾ ਹੋਇਆ, ਉਹ ਸਾਧਵੀ ਬਣ ਗਈ, ਪਰ ਉਸ ਨੇ ਆਪਦੇ ਗਰਭ ਦੀ ਗੱਲ ਛੁਪਾ ਕੇ ਰੱਖੀ।

ਸਮਾਂ ਬੀਤਦਾ ਗਿਆ, ਰਾਣੀ ਨੇ ਸਾਧਵੀਆਂ ਨੂੰ ਗੱਲ ਦੱਸ ਦਿੱਤੀ। ਵੱਡੀ ਸਾਧਵੀ ਨੇ ਗੱਲ ਗੁਪਤ ਰੱਖੀ। ਰਾਣੀ ਨੇ ਬਾਹਰ ਜੰਗਲ ਵਿਚ ਜਾ ਕੇ ਇਕ ਪੁੱਤਰ ਨੂੰ ਜਨਮ ਦਿੱਤਾ। ਉਸ ਨੂੰ ਰਤਨ ਕੰਬਲ ਵਿਚ ਲਪੇਟ ਕੇ ਸ਼ਮਸ਼ਾਨ ਘਾਟ ਵਿਚ ਛੱਡ ਆਈ। ਰਾਣੀ ਸਾਧਵੀ ਨੇ ਆ ਕੇ ਵੱਡੀ ਸਾਧਵੀ ਨੂੰ ਸੂਚਨਾ ਦਿੱਤੀ ਕਿ ਮੋਇਆ ਪੁੱਤਰ ਜੰਮਿਆ ਹੈ ਅਤੇ ਮੈਂ ਸੁੱਟ ਦਿੱਤਾ ਹੈ।

ਉੱਧਰ ਰਾਣੀ ਦਾ ਪੁੱਤਰ ਸ਼ਮਸ਼ਾਨ ਦੇ ਮਾਲਕ ਨੇ ਚੁੱਕ ਕੇ ਆਪਣੀ ਇਸਤਰੀ ਨੂੰ ਦੇ ਦਿੱਤਾ। ਉਸ ਦਾ ਨਾਂ ''ਅਵੀਕੀਰਨਕ'' ਰੱਖਿਆ। ਸਾਧਵੀ ਨੇ ਉਸ ਸ਼ਮਸ਼ਾਨ ਮਾਲਿਕ ਦੀ ਇਸਤਰੀ ਨਾਲ ਦੋਸਤੀ ਕੀਤੀ। ਬਾਲਕ ਵੱਡਾ ਹੋਇਆ, ਸਾਧਵੀ ਦਾ ਪਿਆਰ ਉਸ ਨਾਲ ਬਣਿਆ ਰਿਹਾ। ਉਹ ਭਿਕਸ਼ਾ ਵਿਚ ਲਿਆਏ ਲੱਡੂ ਉਸ ਨੂੰ ਮਮਤਾ ਵੱਜੋਂ ਦੇ ਦਿੰਦੀ।

ਇਕ ਵਾਰ ਉਹ ਲੜਕਾ ਖੇਡ ਰਿਹਾ ਸੀ। ਉਹ ਆਪਣੇ ਹਾਣੀਆਂ ਨੂੰ ਆਖਣ ਲੱਗਾ ਕਿ ਮੈਨੂੰ ਕਰ (ਟੈਕਸ) ਦਿਓ ਮੈਂ ਤੁਹਾਡਾ ਰਾਜਾ ਹਾਂ।

ਇਕ ਵਾਰ ਉਸ ਦੇ ਸੁੱਕੀ ਖਾਜ ਉੱਠੀ। ਉਹ ਕਹਿਣ ਲੱਗਾ ਮੈਨੂੰ ਖੁਜਲੀ (ਖਾਜ) ਕਰ ਦੇਵੋ। ਲੋਕ ਉਸ ਨੂੰ ਕਰਕੰਡੂ ਆਖਣ ਲੱਗੇ।

ਇਕ ਵਾਰ ਉਹ ਸ਼ਮਸ਼ਾਨ ਵਿਚ ਪਹਿਰਾ ਦੇ ਰਿਹਾ ਸੀ। ਉਥੇ ਇਕ ਬਾਂਸਾਂ ਦਾ ਜੰਗਲ ਸੀ। ਦੋ ਸਾਧੂ ਉਸ ਜੰਗਲ ਵਿਚ ਦੀ ਗੁਜ਼ਰੇ, ਉਨ੍ਹਾਂ ਵਿਚੋਂ ਇਕ ਦੰਡ ਵਿੱਦਿਆ ਦਾ ਮਾਹਿਰ ਸੀ। ਉਸ ਨੇ ਆਪਣੀ ਦੂਜੇ ਸਾਥੀ ਨੂੰ ਕਿਹਾ, ਜੋ ਇਹ ਨਿਸ਼ਾਨੀਆਂ ਵਾਲਾ ਦੰਡ (ਡੰਡਾ) ਕੋਈ ਗ੍ਰਹਿਣ ਕਰ ਲੇਵੇ ਤਾਂ ਉਹ ਜ਼ਰੂਰ ਕਿਸੇ ਦੇਸ਼ ਦਾ ਰਾਜਾ ਬਣਦਾ ਹੈ।''

ਕਰਕੰਡੂ ਤੇ ਇਕ ਬ੍ਰਾਹਮਣ ਲੜਕੇ ਨੇ ਇਹ ਗੱਲ ਸੁਣੀ। ਦੋਹਾਂ

ਨੂੰ ਇਕ ਬਾਂਸ ਅਜਿਹੇ ਲੱਛਣ ਵਾਲਾ ਲੱਭਾ। ਪਰ ਦੋਹੇ ਝਗੜਨ ਲੱਗੇ, ਪੰਚ ਨੇ ਕਰਕੰਡੂ ਦੇ ਹੱਕ ਵਿਚ ਫੈਸਲਾ ਕੀਤਾ।

ਬ੍ਰਾਹਮਣ ਗੁੱਸੇ ਹੋ ਕੇ ਚੰਡਾਲ ਦੇ ਪਰਿਵਾਰ ਨੂੰ ਮਾਰਨ ਲਈ ਯੋਜਨਾਵਾਂ ਬਨਾਉਣ ਲੱਗਾ। ਚੰਡਾਲ ਨੂੰ ਇਹ ਜਾਣਕਾਰੀ ਮਿਲ ਗਈ, ਅਤੇ ਉਹ ਪਰਿਵਾਰ ਸਮੇਤ ਕੰਚਨਪੁਰ ਚਲਾ ਗਿਆ। ਕੰਚਨਪੁਰ ਦਾ ਰਾਜਾ ਮਰ ਚੁੱਕਾ ਸੀ। ਨਵੇਂ ਰਾਜੇ ਦੀ ਤਾਲਾਸ਼ ਵਿਚ ਘੋੜਾ ਛੱਡਿਆ ਗਿਆ । ਘੋੜਾ ਉਥੇ ਰੁਕ ਗਿਆ ਜਿੱਥੇ ਕਰਕੰਡੂ ਆਪਣੇ ਪਿਤਾ ਦੇ ਨਾਲ ਆਰਾਮ ਕਰ ਰਿਹਾ ਸੀ। ਲੋਕਾਂ ਨੇ ਕਰਕੰਡੂ ਨੂੰ ਰਾਜਾ ਮੰਨ ਲਿਆ ਤੇ ਉਹ ਕੰਚਨਪੁਰ ਦਾ ਰਾਜਾ ਬਣ ਗਿਆ।

ਜਦ ਬ੍ਰਾਹਮਣ ਨੂੰ ਪਤਾ ਲੱਗਾ ਕਿ ਕਰਕੰਡੂ ਰਾਜਾ ਬਣ ਗਿਆ ਹੈ ਉਹ ਉਸ ਕੋਲ ਆਇਆ ਤੇ ਪ੍ਰਾਰਥਨਾ ਕੀਤੀ ਕਿ ਉਸ ਨੂੰ ਚੰਪਾ ਨਗਰੀ ਵਿਚ ਕੋਈ ਪਿੰਡ ਦਿਵਾ ਦਿਉ। ਕਰਕੰਡੂ ਨੇ ਦਦਿਵਾਹਨ ਨੂੰ ਪੱਤਰ ਲਿਖ ਕੇ ਹੁਕਮ ਦਿੱਤਾ, ਦਦਿਵਾਹਨ ਨੇ ਇਸ ਨੂੰ ਆਪਣੀ ਬੇਇੱਜ਼ਤੀ ਸਮਝਿਆ।

ਦੋਹਾਂ ਰਾਜਿਆਂ ਵਿਚ ਯੁੱਧ ਦੀ ਤਿਆਰੀ ਹੋ ਗਈ। ਪਰ ਜਦ ਪਦਮਾਵਤੀ ਸਾਧਵੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਪਿਤਾ ਅਤੇ ਪੁੱਤਰ ਦਾ ਮੇਲ ਕਰਵਾ ਦਿੱਤਾ।

ਜਦ ਦਦਿਵਾਹਨ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਉਹ ਆਪਣੇ ਹੀ ਪੁੱਤਰ ਨਾਲ ਲੜਨ ਵਾਲਾ ਸੀ ਤਾਂ ਉਹ ਕਰਕੰਡੂ ਨੂੰ ਰਾਜ ਦੇ ਕੇ ਅਤੇ ਆਪ ਮੁਨੀ ਬਣ ਗਿਆ।

ਕਰਕੰਡੂ ਨੂੰ ਗਾਵਾਂ ਪਾਲਣ ਦਾ ਸ਼ੌਕ ਸੀ। ਇਕ ਦਿਨ ਉਸ ਨੇ ਮਾੜੇ ਵੱਛੇ ਨੂੰ ਵੇਖ ਕੇ ਕਿਹਾ, ਇਸ ਨੂੰ ਸਾਰੀਆਂ ਗਾਵਾਂ ਦਾ ਦੁੱਧ ਪਿਲਾ

ਕੇ ਤਕੜਾ ਕਰੋ।

ਵੱਛਾ ਵੱਡਾ ਹੋ ਕੇ ਬਦਲ ਬਣ ਗਿਆ। ਪਰ ਇਕ ਦਿਨ ਅਜਿਹਾ ਵੀ ਆਇਆ ਜਦ ਇਸ ਚਾਅ ਨਾਲ ਪਲੇ ਬਲਦ ਦੀ ਬੁਰੀ ਦੂਰਦਸ਼ਾ ਹੋ ਗਈ। ਬੁਢਾਪੇ ਕਾਰਨ ਸਾਰੀਆਂ ਨਸਾਂ ਵਿਖਾਈ ਦੇਣ ਲੱਗ ਪਈਆਂ। ਸਾਰੇ ਬਲਦ ਉਸ ਤੋਂ ਨਫ਼ਰਤ ਕਰਨ ਲੱਗ ਪਏ। ਬੁੱਢੇ ਬਲਦ ਨੂੰ ਵੇਖ ਕੇ ਰਾਜੇ ਨੇ ਮੁਨੀ ਦਾ ਭੇਸ ਗ੍ਰਹਿਣ ਕਰ ਲਿਆ। ਇਸ ਪ੍ਰਕਾਰ ਉਸ ਨੇ ਆਪਣੇ ਆਪ ਆਤਮ ਗਿਆਨ ਰਾਹੀਂ ਬੋਧੀ ਪ੍ਰਾਪਤ ਕੀਤੀ।

## ਬੋਧ ਗ੍ਰੰਥਾਂ ਅਨੁਸਾਰ ਕਰਕੰਡੂ ਦੀ ਕਥਾ

ਉਸ ਸਮੇਂ ਕਲਿੰਗ ਰਾਜ ਵਿਚ ਦੰਤਪੁਰ ਸ਼ਹਿਰ ਸੀ। ਉਥੇ ਕਰਕੰਡੂ ਰਾਜ ਕਰਦਾ ਸੀ। ਇਕ ਦਿਨ ਉਹ ਬਾਗ ਵਿਚ ਗਿਆ, ਉਥੇ ਉਸ ਨੇ ਇਕ ਦਰਖ਼ਤ ਤੋਂ ਅੰਬ ਤੋੜ ਕੇ ਖਾਇਆ, ਕੱਚੇ ਅੰਬ ਵੀ ਤੋੜ ਲਏ, ਰੁੱਖ ਫਲਹੀਣ ਹੋ ਗਿਆ।

ਰਾਜਾ ਇਕ ਵੇਰ ਫਿਰ ਉਸੇ ਦਰਖ਼ਤ ਹੇਠ ਆਇਆ, ਉਸ ਨੇ ਉੱਪਰ ਵੇਖਿਆ ਫਲ ਵਾਲਾ ਦਰਖਤ ਬੜਾ ਬਦਸੂਰਤ ਲੱਗ ਰਿਹਾ ਸੀ, ਪਰ ਕੋਲ ਹੀ ਇਕ ਦਰਖ਼ਤ ਫਲ ਰਹਿਤ ਹੋਣ ਤੇ ਵੀ ਚੰਗਾ ਲੱਗ ਰਿਹਾ ਸੀ।

ਰਾਜੇ ਨੇ ਸੋਚਿਆ ਕਿ ਇਹ ਦਰਖ਼ਤ ਫਲ ਰਹਿਤ ਹੋਣ ਤੇ ਵੀ ਮੁੰਡਮਣੀ ਪਰਬਤ ਵਾਂਗ ਸੁੰਦਰ ਲੱਗ ਰਿਹਾ ਸੀ। ਫਲਾਂ ਕਾਰਨ ਹੀ ਇਹ ਇਸ ਦਸ਼ਾ ਨੂੰ ਪ੍ਰਾਪਤ ਹੋਇਆ ਹੈ। ਗ੍ਰਹਿਸਥੀ ਵੀ ਫਲਾਂ ਵਾਲੇ ਦਰਖ਼ਤ ਵਾਂਗ ਸਨ ਪਰ ਦੀਖਿਅਤ ਮਨੁੱਖ ਫਲ ਰਹਿਤ ਦਰਖ਼ਤ ਹੈ। ਧਨ ਵਾਲੇ

ਨੂੰ ਹਰ ਪਾਸੇ ਕਸ਼ਟ ਹੈ, ਧਨ ਰਹਿਤ ਨੂੰ ਕੋਈ ਗ਼ਮ ਨਹੀਂ। ਮੈਨੂੰ ਵੀ ਫਲ ਰਹਿਤ ਦਰਖ਼ਤ ਵਾਂਗ ਰਹਿਣਾ ਚਾਹੀਦਾ ਹੈ, ਵਿਚਾਰਾਂ ਦਾ ਵਹਾਅ ਅੱਗੇ ਵਧਿਆ। ਉਹ ਦਰਖ਼ਤ ਹੇਠ ਉਹ ਪ੍ਰਤੇਕ ਬੁੱਧ ਬਣ ਗਏ।

## ਦਵਿਮੁਖ

ਪੁਰਾਣੇ ਸਮੇਂ ਵਿਚ ਪੰਚਾਲ ਦੇਸ਼ ਵਿਚ ਕਪੀਲ ਨਾਂ ਦਾ ਨਗਰ ਸੀ। ਉਥੋਂ ਦੇ ਰਾਜੇ ਦਾ ਨਾਂ ਜੈ ਸੀ। ਉਸ ਦੀ ਰਾਣੀ ਗੁਣਮਾਲਾ ਸੀ।

ਇਕ ਦਿਨ ਰਾਜੇ ਨੇ ਦਰਵਾਜ਼ੇ ਵਿਚ ਪਹੁੰਚ ਕੇ ਦੂਤ ਨੂੰ ਪੁੱਛਣ ਲੱਗਾ, ਅਜਿਹੀ ਕਿਹੜੀ ਚੀਜ਼ ਹੈ ਜੋ ਮੇਰੇ ਪਾਸ ਨਹੀਂ ? ਦੂਤ ਨੇ ਕਿਹਾ, ਮਹਾਰਾਜ ਇਥੇ ਚਿੱਤਰ ਸਭਾ ਨਹੀਂ। ਰਾਜੇ ਨੇ ਫੌਰਨ ਚਿੱਤਰ ਸਭਾ ਬਣਾਉਨ ਦਾ ਹੁਕਮ ਦੇ ਦਿੱਤਾ। ਚਿੱਤਰਕਾਰਾਂ ਨੇ ਚਿੱਤਰ ਸਭਾ ਦਾ ਕੰਮ ਸ਼ੁਰੂ ਕੀਤਾ। ਜ਼ਮੀਨ ਦੀ ਖੁਦਾਈ ਵੇਲੇ ਇਕ ਰਤਨਾਂ ਵਾਲਾ ਖ਼ੂਬਸੂਰਤ ਮੁਕਟ ਮਿਲਿਆ।

ਇਸ ਗੱਲ ਬਾਰੇ ਰਾਜੇ ਨੂੰ ਸੂਚਨਾ ਦਿੱਤੀ ਗਈ। ਇਕ ਵਿਸ਼ੇਸ਼ ਸਮਾਰੋਹ ਵਿਚ ਰਾਜੇ ਨੇ ਇਹ ਮੁਕਟ ਧਾਰਨ ਕੀਤਾ। ਇਸ ਮੁਕਟ ਵਿਚ ਰਾਜੇ ਦੇ ਦੋ ਮੁੱਖ ਨਜ਼ਰ ਆਉਂਦੇ ਸਨ। ਇਸ ਕਰਕੇ ਉਸ ਦਾ ਨਾਂ ਦਵਿਮੁੱਖ ਪੈ ਗਿਆ।

ਸਮਾਂ ਬੀਤਦਾ ਗਿਆ, ਰਾਜੇ ਦੇ ਸੱਤ ਪੁੱਤਰ ਹੋਏ, ਪਰ ਕੋਈ ਧੀ ਨਾ ਜੰਮੀ। ਰਾਣੀ ਉਦਾਸ ਰਹਿਣ ਲੱਗੀ। ਰਾਣੀ ਨੇ ਮਦਨ ਯਕਸ਼ੀ ਦੀ ਪੂਜਾ ਭਗਤੀ ਕੀਤੀ। ਯਕਸ਼ ਦੇ ਖੁਸ਼ ਹੋਣ ਤੇ ਰਾਣੀ ਨੇ ਇਕ ਧੀ ਨੂੰ ਜਨਮ ਦਿੱਤਾ। ਉਸ ਦਾ ਨਾਂ 'ਮਦਨ ਮੰਜਰੀ' ਰੱਖਿਆ ਗਿਆ।

ਉਜੈਨ ਦੇ ਰਾਜੇ ਚੰਡਪਰਦੋਤਨ ਨੇ ਇਸ ਮੁਕਟ ਦੀ ਪ੍ਰਸੰਸਾ ਸੁਣੀ।

ਉਸ ਨੇ ਮੁਕਟ ਲੈਣ ਲਈ ਦੂਤ ਭੇਜਿਆ। ਦਵਿਮੁੱਖ ਨੇ ਦੂਤ ਨੂੰ ਕਿਹਾ, ਮੈਂ ਮੁਕਟ ਇਸ ਸ਼ਰਤ ਤੇ ਦੇ ਸਕਦਾ ਹਾਂ ਜੇ ਰਾਜਾ ਮੈਨੂੰ ਇਹ ਚੀਜ਼ਾਂ ਦੇਵੇ (1) ਅਨਿਲਗਿਰੀ ਨਾਂ ਦਾ ਹਾਥੀ (2) ਅਗਨੀ ਭੀਰੂ ਨਾਂ ਦਾ ਰਥ (3) ਸ਼ਿਵਾਦੇਵੀ ਮਹਾਰਾਣੀ (4) ਲੋਹ ਜੰਗ ਲੇਖ ਅਚਾਰਿਆ।

ਦੂਤ ਵਾਪਸ ਉਜੈਨ ਆ ਗਿਆ। ਉਸ ਨੇ ਚੰਡਪਰਦੋਤਨ ਨੂੰ ਸਾਰੀ ਸਥਿਤੀ ਤੋਂ ਜਾਣੂੰ ਕਰਵਾਇਆ। ਰਾਜੇ ਨੇ ਗੁੱਸੇ ਹੋ ਕੇ ਦਵਿਮੁਖ ਤੇ ਹਮਲਾ ਕਰ ਦਿੱਤਾ। ਦਵਿਮੁਖ ਵੀ ਮੁਕਾਬਲੇ ਲਈ ਆ ਗਿਆ।

ਭਿਆਨਕ ਯੁੱਧ ਹੋਇਆ। ਮੁਕਟ ਦੇ ਕਾਰਨ ਦਵਿਮੁਖ ਜਿੱਤ ਗਿਆ ਉਸ ਨੇ ਚੰਡਪਰਦੋਤਨ ਨੂੰ ਕੈਦੀ ਬਣਾ ਲਿਆ।

ਇਕ ਬਾਰ ਜਦ ਚੰਡਪਰਦੋਤਨ ਕੈਦ ਵਿਚ ਸੀ, ਉਸ ਦੀ ਨਜ਼ਰ ਮਦਨ ਮੰਜਰੀ ਤੇ ਪੈ ਗਈ। ਉਹ ਉਸ ਲਈ ਦੀਵਾਨਾ ਹੋ ਗਿਆ, ਅਤੇ ਉਸ ਨੇ ਦਵਿਮੁੱਖ ਨੂੰ ਕਿਹਾ, ਜੇ ਮੇਰਾ ਮਦਨ ਮੰਜਰੀ ਨਾਲ ਵਿਆਹ ਨਾ ਕੀਤਾ ਤਾਂ ਮੈਂ ਖੂਹ ਵਿਚ ਛਾਲ ਮਾਰਾਂਗਾ। ਰਾਜਾ ਦਵਿਮੁਖ ਮੰਨ ਗਿਆ। ਰਾਜੇ ਨੇ ਦੋਹਾਂ ਨੂੰ ਇੱਜ਼ਤ ਨਾਲ ਵਾਪਿਸ ਭੇਜ ਦਿੱਤਾ।

ਇਕ ਵਾਰ ਇੰਦਰ ਧਵੱਜ ਨਾਂ ਦਾ ਤਿਉਹਾਰ ਸੀ। ਰਾਜੇ ਦੇ ਹੁਕਮ ਨਾਲ ਲੋਕਾਂ ਵਿਚ ਇੰਦਰ ਧਵੱਜ ਦੀ ਸਥਾਪਨਾ ਕੀਤੀ। ਇਹ ਇੰਦਰ ਧਵੱਜ ਅਨੇਕ ਪ੍ਰਕਾਰ ਦੇ ਫੁੱਲਾਂ, ਘੰਟੀਆਂ ਤੇ ਹਾਰਾਂ ਨਾਲ ਸ਼ਿੰਗਾਰੀ ਗਈ। ਲੋਕ ਇਸ ਦੀ ਪੂਜਾ ਕਰਨ ਲੱਗੇ, ਜਗ੍ਹਾ ਜਗ੍ਹਾ ਨਾਚ ਤੇ ਗਾਣੇ ਹੋਣ ਲੱਗੇ । ਇਸ ਤਰ੍ਹਾਂ ਤਿਉਹਾਰ ਸੱਤ ਦਿਨ ਖੁਸ਼ੀ ਨਾਲ ਚੱਲਿਆ। ਪੂਰਨਮਾਸ਼ੀ ਵਾਲੇ ਦਿਨ ਦਵਿਮੁਖ ਨੇ ਇੰਦਰ ਧਵੱਜ ਦੀ ਪੂਜਾ ਕੀਤੀ।

ਪੂਜਾ ਸਮਾਪਤ ਹੋ ਗਈ, ਲੋਕਾਂ ਨੇ ਇੰਦਰ ਧਵਜਾ ਦੇ ਗਹਿਣੇ

ਉਤਾਰ ਲਏ ਅਤੇ ਇੰਦਰ ਧਵੱਜ ਦੀ ਸੁੱਕੀ ਲਕੜੀ ਸੜਕ ਤੇ ਸੁੱਟ ਦਿੱਤੀ। ਕੁਝ ਸਮੇਂ ਬਾਅਦ ਰਾਜਾ ਉਸ ਰਾਹ ਕੋਲੋਂ ਲੰਘਿਆ, ਉਸ ਨੇ ਇੰਦਰ ਧਵਜ ਨੂੰ ਮਲ ਮੂਤਰ ਵਿਚ ਪਏ ਵੇਖਿਆ। ਰਾਜੇ ਦੇ ਅੰਦਰਲੀ ਗਿਆਨ ਜੋਤ ਜਾਗ ਪਈ। ਉਸ ਨੂੰ ਸੰਸਾਰ ਦੇ ਝੂਠੇ ਸ਼ਾਨ ਸ਼ੌਕਤ ਪ੍ਰਤਿ ਨਫ਼ਰਤ ਪੈਦਾ ਹੋ ਗਈ, ਉਹ ਸਾਧੂ ਬਣ ਗਿਆ।

## ਬੁੱਧ ਗ੍ਰੰਥਾਂ ਅਨੁਸਾਰ

ਉੱਤਰ ਪੰਚਾਲ ਵਿਚ ਕੰਪਿਲ ਨਾਂ ਦਾ ਨਗਰ ਸੀ। ਉਥੇ ਦਵਿਮੁੱਖ ਨਾਂ ਦਾ ਰਾਜਾ ਰਾਜ ਕਰਦਾ ਸੀ। ਇਕ ਦਿਨ ਉਹ ਮਹਿਲਾਂ ਵਿਚ ਸ਼ਹਿਰ ਦੀ ਸ਼ੋਭਾ ਵੇਖ ਰਿਹਾ ਸੀ। ਉਸੇ ਵੇਲੇ ਗਵਾਲੇ ਨੇ ਪਸ਼ੂ ਵਾਲਾ ਦਰਵਾਜ਼ਾ ਖੋਲ੍ਹਿਆ, ਬਲਦ ਬਾਹਰ ਆ ਗਏ। ਕਾਮਵਾਸਨਾ ਦੇ ਕਾਰਨ ਉਨ੍ਹਾਂ ਇਕ ਗਾਂ ਦਾ ਪਿੱਛਾ ਕੀਤਾ। ਕਾਮਵਾਸਨਾ ਦੀ ਪੂਰਤੀ ਲਈ ਉਹ ਇਕ ਦੂਜੇ ਨਾਲ ਲੜ ਪਏ, ਇਕ ਬਲਦ ਨੇ ਦੂਜੇ ਬਲਦ ਨੂੰ ਤਿੱਖੇ ਸਿੰਗਾਂ ਨਾਲ ਮਾਰ ਦਿੱਤਾ। ਰਾਜੇ ਨੇ ਇਹ ਵੇਖ ਕੇ ਸੋਚਿਆ, ਸਾਰੇ ਮਨੁੱਖ ਕਾਮ ਭੋਗ ਕਾਰਨ ਕਸ਼ਟ ਪਾਉਂਦੇ ਹਨ। ਮੈਨੂੰ ਚਾਹੀਦਾ ਹੈ ਕਿ ਮੈਂ ਇਨਾ ਕਸ਼ਟਦਾਇਕ ਕਾਮ ਭੋਗ ਛੱਡ ਦੇਵਾਂ। ਉਥੇ ਖੜ੍ਹੇ ਖੜ੍ਹੇ ਉਸ ਨੂੰ ਬੋਧੀ (ਗਿਆਨ) ਪ੍ਰਾਪਤ ਹੋ ਗਈ। ਉਹ ਪ੍ਰਤੇਕ ਬੁੱਧ ਅਖਵਾਏ।

## ਨਮਿ

ਅੰਵਤੀ ਦੇਸ਼ ਵਿਚ ਸੁਦਰਸ਼ਨ ਪੁਰ ਨਾਂ ਦਾ ਨਗਰ ਸੀ। ਉਥੇ ਮਨੀਰਥ ਨਾਂ ਦਾ ਰਾਜਾ ਰਾਜ ਕਰਦਾ ਸੀ। ਯੁਗਵਾਹੂ ਉਸ ਦਾ ਭਰਾ ਸੀ,

ਉਸ ਦੀ ਪਤਨੀ ਮਦਨ ਰੇਖਾ ਸੀ। ਰਾਜਾ ਮਨੀਰੱਥ ਨੇ ਯੁਗਵਾਹੂ ਨੂੰ ਮਾਰ ਦਿੱਤਾ। ਰਾਣੀ ਮਦਨਰੇਖਾ ਗਰਭਵਤੀ ਸੀ, ਉਹ ਇਕੱਲੀ ਘਰੋਂ ਨਿਕਲ ਪਈ। ਜੰਗਲ ਵਿਚ ਜਾ ਕੇ ਉਸ ਨੇ ਇਕ ਪੁੱਤਰ ਨੂੰ ਜਨਮ ਦਿੱਤਾ। ਉਸ ਨੇ ਉਸ ਪੁੱਤਰ ਨੂੰ ਰਤਨ ਕੰਬਲ ਵਿਚ ਲਪੇਟ ਕੇ ਆਪ ਨਹਾਉਣ ਚਲੀ ਗਈ। ਉਥੇ ਇਕ ਹਾਥੀ ਨੇ ਇਸ ਬੱਚੇ ਨੂੰ ਚੁੱਕ ਕੇ ਆਕਾਸ਼ ਵਿਚ ਉਛਾਲਿਆ। ਵਿਦੇਹ ਦੇਸ਼ ਦਾ ਰਾਜਾ ਪਦਮਰੱਥ ਸ਼ਿਕਾਰ ਲਈ ਉਥੇ ਪਹੁੰਚਿਆ ਹੋਇਆ ਸੀ. ਉਸ ਨੇ ਉਸ ਬੱਚੇ ਨੂੰ ਚੁੱਕ ਲਿਆ। ਉਸ ਦੇ ਕੋਈ ਪੁੱਤਰ ਨਹੀਂ ਸੀ, ਉਸ ਨੇ ਇਸ ਬੱਚੇ ਨੂੰ ਬੜੇ ਲਾਡ ਪਿਆਰ ਨਾਲ ਵੱਡਾ ਕੀਤਾ। ਇਸ ਲੜਕੇ ਦੇ ਘਰ ਆਉਣ ਤੇ ਅਨੇਕਾਂ ਰਾਜੇ ਪਦਮਰਥ ਦੇ ਅਧੀਨ ਹੋ ਗਏ। ਇਸ ਕਾਰਨ ਇਸ ਦਾ ਨਾ ਨਮਿ ਰੱਖਿਆ ਗਿਆ ਅਤੇ ਇਸ ਦਾ ਵਿਆਹ 1008 ਕੁੜੀਆਂ ਨਾਲ ਕਰ ਦਿੱਤਾ।

ਸਮਾਂ ਗੁਜ਼ਰਦਾ ਗਿਆ। ਪਦਮ ਰਥ ਪੁੱਤਰ ਨੂੰ ਰਾਜ ਸੰਭਾਲ ਕੇ ਆਪ ਸਾਧੂ ਬਣ ਗਿਆ। ਇਕ ਬਾਰ ਮਹਾਰਾਜ ਨਮਿ ਨੂੰ ਸਰੀਰ ਦਾ ਦਰਦ ਉੱਠਿਆ, ਉਸ ਨੇ ਛੇ ਮਹੀਨੇ ਕਸ਼ਟ ਉਠਾਇਆ। ਵੈਦਾਂ ਨੇ ਰੋਗ ਦਾ ਇਲਾਜ ਦੱਸਿਆ। ਸਾਰੀਆਂ ਰਾਣੀਆਂ ਨੇ ਆਪ ਚੰਦਨ ਰਗੜਿਆ ਅਤੇ ਮਹਾਰਾਜ ਦਾ ਦਰਦ ਘੱਟ ਕਰਨ ਲਈ ਉਨ੍ਹਾਂ ਦੇ ਸਰੀਰ ਤੇ ਲੇਪ ਕਰ ਦਿੱਤਾ। ਪਰ ਰਾਜੇ ਨੂੰ ਚੈਨ ਕਿੱਥੇ ? ਚੂੜੀਆਂ ਦੀ ਆਵਾਜ਼ ਕਾਰਨ ਉਸ ਦੇ ਦਰਦ ਵਿਚ ਵਾਧਾ ਹੋਣ ਲੱਗਾ। ਜੋ ਚੂੜੀਆਂ ਕਦੇ ਸੁਹਾਗ ਦਾ ਚਿੰਨ੍ਹ ਸਮਝ ਕੇ ਪਾਈਆਂ ਸਨ, ਰਾਜੇ ਦੇ ਹੁਕਮ ਤੇ ਉਨ੍ਹਾਂ ਉਤਾਰ ਦਿੱਤੀਆਂ। ਸਿਰਫ ਇਕ ਇਕ ਚੂੜੀ ਸੁਹਾਗ ਦੀ ਨਿਸ਼ਾਨੀ ਵਜੋਂ ਰਹਿਣ ਦਿੱਤੀ ਗਈ।

ਪਰ ਰਾਜੇ ਨੂੰ ਆਵਾਜ਼ ਨਾ ਸੁਣ ਕੇ ਵੀ ਬਹੁਤ ਹੈਰਾਨੀ ਹੋਈ। ਉਸ ਨੇ ਆਵਾਜ਼ ਨਾ ਆਉਣ ਦਾ ਕਾਰਨ ਪੁੱਛਿਆ ਤਾਂ ਮੰਤਰੀ ਨੇ ਦੱਸਿਆ ਕਿ ਮਹਾਰਾਜ ਚੂੜੀਆਂ ਦੀ ਖੜਕਨ ਦੀ ਆਵਾਜ਼ ਆਪ ਨੂੰ ਚੰਗੀ ਨਹੀਂ ਲੱਗਦੀ ਸੀ। ਇਸ ਕਰਕੇ ਰਾਣੀਆਂ ਨੇ ਇਕ ਇਕ ਚੂੜੀ ਤੋਂ ਸਿਵਾ ਸਭ ਚੂੜੀਆਂ ਉਤਾਰ ਦਿੱਤੀਆਂ। ਇਕੱਲੀ ਚੂੜੀ ਵਿਚ ਕੋਈ ਆਵਾਜ਼ ਪੈਦਾ ਨਹੀਂ ਹੁੰਦੀ। ਆਵਾਜ਼ ਦੇ ਬਿਨਾਂ ਸ਼ੋਰ ਕਿਵੇਂ ਹੋਵੇਗਾ ?

ਨਮਿ ਨੇ ਸੋਚਿਆ ਕਿ ਸੁੱਖ ਇਕੱਲੇ ਧਨ ਵਿਚ ਹੈ, ਜਿੱਥੇ ਦੋ ਹਨ ਉੱਥੇ ਦੁੱਖ ਹੈ। ਵਿਚਾਰ ਅੱਗੇ ਵਧਿਆ, ਉਸ ਨੇ ਸੋਚਿਆ ਕਿ ਮੈਂ ਰੋਗਾਂ ਕੋਲੋਂ ਮੁਕਤ ਹੋ ਜਾਵਾਂ ਤਾਂ ਮੈਂ ਸਾਧੂ ਬਣ ਜਾਵਾਂਗਾ। ਉਸ ਦਿਨ ਕੱਤਕ ਦੀ ਪੂਰਨਮਾਸ਼ੀ ਸੀ, ਰਾਜਾ ਇਹ ਸੋਚ ਕੇ ਸੌਂ ਗਿਆ। ਰਾਤ ਦੇ ਆਖ਼ਰੀ ਪੱਖ ਵਿਚ ਉਨ੍ਹਾਂ ਸੁਪਨਾ ਵੇਖਿਆ। ਉਹ ਨੰਦੀ ਘੋਸ਼ ਦੀ ਆਵਾਜ਼ ਨਾਲ ਜਾਗ ਪਿਆ। ਉਸ ਦਾ ਬੁਖਾਰ ਤੇ ਦਰਦ ਨਸ਼ਟ ਹੋ ਚੁੱਕਾ ਸੀ। ਉਸ ਨੂੰ ਪਿਛਲਾ ਜਨਮ ਯਾਦ ਆ ਗਿਆ, ਉਹ ਸਾਧੂ ਬਣ ਗਿਆ।

## ਬੁੱਧ ਗ੍ਰੰਥਾਂ ਦਾ ਕਥਾਨਕ

ਵਿਦੇਹ ਰਾਸ਼ਟਰ ਦੀ ਰਾਜਧਾਨੀ ਮਿਥਿਲਾ ਸੀ। ਉਥੇ ਨੇਮੀ ਰਾਜਾ ਰਾਜਾ ਕਰਦਾ ਸੀ। ਇਕ ਦਿਨ ਉਹ ਮਹਿਲ ਵਿਚ ਬੈਠਾ ਸ਼ਹਿਰ ਦੀ ਸ਼ੋਭਾ ਵੇਖ ਰਿਹਾ ਸੀ, ਇਕ ਚੀਲ੍ਹ ਆਕਾਸ਼ ਵਿਚ ਮਾਂਸ ਦਾ ਟੁਕੜਾ ਲੈ ਕੇ ਉੱਡੀ। ਇਧਰੋਂ ਉਧਰੋਂ ਵੀ ਗਿੱਧ ਆਉਣ ਲੱਗੇ। ਚੀਲ੍ਹ ਨੇ ਮਾਂਸ ਦਾ ਟੁਕੜਾ ਛੱਡ ਦਿੱਤਾ ਤਾਂ ਦੂਸਰੇ ਪੰਛੀ ਨੇ ਚੁੱਕ ਲਿਆ। ਗਿੱਧਾਂ ਨੇ ਉਸ ਪੰਛੀ ਦਾ ਪਿੱਛਾ ਕੀਤਾ, ਉਸ ਪੰਛੀ ਨੇ ਮਾਂਸ ਦਾ ਟੁਕੜਾ ਲੈ ਕੇ ਭੱਜਿਆ ਤਾਂ ਇਕ ਹੋਰ ਪੰਛੀ ਨੇ ਮਾਂਸ ਦਾ ਟੁਕੜਾ ਚੁੱਕ ਲਿਆ। ਜਿਸ ਜਿਸ ਪੰਛੀ

ਨੇ ਇਹ ਟੁਕੜਾ ਚੁੱਕਿਆ ਉਸ ਨੂੰ ਦੁੱਖ ਸਹਿਣਾ ਪਿਆ ਅਤੇ ਜਿਸ ਨੇ ਇਹ ਟੁਕੜਾ ਛੱਡਿਆ ਉਸ ਨੂੰ ਸੁੱਖ ਮਿਲਿਆ। ਜੋ ਇਨ੍ਹਾਂ ਕਾਮ ਭੋਗਾਂ ਨੂੰ ਗ੍ਰਹਿਣ ਕਰਦਾ ਹੈ, ਉਹ ਦੁੱਖ ਪਾਉਂਦਾ ਹੈ, ਜੋ ਨਹੀਂ ਗ੍ਰਹਿਣ ਕਰਦਾ ਉਹ ਸੁੱਖ ਪਾਉਂਦਾ ਹੈ। ਮੇਰੇ ਪਾਸ 16000 ਇਸਤਰੀਆਂ ਹਨ, ਮੈਨੂੰ ਸਵੈ ਇੱਛਾ ਨਾਲ ਕਾਮ ਭੋਗ ਛੱਡ ਦੇਣਾ ਚਾਹੀਦਾ ਹੈ।

ਖੜ੍ਹੇ ਹੀ ਖੜ੍ਹੇ ਉਸ ਨੂੰ ਬੋਧੀ ਪ੍ਰਾਪਤ ਹੋ ਗਈ।

## ਨਗਗਤਿ

ਗੰਧਾਰ ਦੇਸ਼ ਵਿਚ ਸਿੰਘਰਥ ਨਾਂ ਦਾ ਰਾਜਾ ਸੀ। ਉਸ ਦੇਸ਼ ਦੀ ਰਾਜਧਾਨੀ ਪੁੰਡਰ ਵਰਧਨ ਸੀ। ਇਕ ਵਾਰੀ ਕਿਸੇ ਨੇ ਉਸ ਦੇਸ਼ ਦੇ ਰਾਜੇ ਨੂੰ ਦੋ ਘੋੜੇ ਭੇਂਟ ਕੀਤੇ। ਰਾਜੇ ਨੇ ਦੋਹਾਂ ਘੋੜਿਆਂ ਦੀ ਪ੍ਰੀਖਿਆ ਕਰਨ ਲਈ ਇਕ ਦਿਨ ਸ਼ਨਸ਼ਚਿਤ ਕਰ ਦਿੱਤਾ ਅਤੇ ਉਸ ਨੇ ਉਸ ਦਿਨ ਇਕ ਘੋੜਾ ਆਪ ਲਿਆ ਅਤੇ ਦੂਸਰਾ ਘੋੜਾ ਰਾਜਕੁਮਾਰ ਨੂੰ ਦੇ ਦਿੱਤਾ।

ਰਾਜੇ ਵਾਲਾ ਘੋੜਾ ਇੰਨੇ ਤੇਜ ਭੱਜਿਆ ਕਿ ਰਾਜੇ ਤੇ ਵੱਸ ਤੋਂ ਬਾਹਰ ਹੋ ਗਿਆ ਅਤੇ 12 ਯੋਜਨ ਅੱਗੇ ਚਲਿਆ ਗਿਆ। ਜਦ ਘੋੜਾ ਰੁਕਿਆ ਰਾਜਾ ਕਿਸੇ ਅਗਿਆਤ ਜੰਗਲ ਵਿਚ ਸੀ। ਉਸ ਨੇ ਇਧਰ ਉਧਰ ਤੋਂ ਫਲ ਤੋੜ ਕੇ ਭੁੱਖ ਮਿਟਾਈ। ਰਾਤ ਗੁਜ਼ਾਰਨ ਲਈ ਉਹ ਪਹਾੜ ਤੇ ਚੜ੍ਹ ਕੇ ਮਕਾਨ ਵੇਖਣ ਲੱਗਾ। ਉਸ ਨੇ ਸੱਤ ਮੰਜ਼ਿਲਾ ਇਮ ਹਿਲ ਵੇਖਿਆ, ਉਹ ਉਥੇ ਚਲਿਆ ਗਿਆ। ਮਹਿਲ ਵਿਚ ਇਕ ਸੁੰਦਰ ਰਾਜਕੁਮਾਰੀ ਸੀ। ਰਾਜੇ ਨੇ ਉਸ ਨੂੰ ਵੇਖਿਆ, ਦੋਹਾਂ ਦਾ ਪ੍ਰੇਮ ਹੋ ਗਿਆ। ਰਾਜੇ ਨੇ ਉਸ ਰਾਜਕੁਮਾਰੀ ਨੂੰ ਉਸ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, ਪਹਿਲਾਂ ਮੇਰੇ

ਨਾਲ ਵਿਆਹ ਕਰੋ ਫਿਰ ਸਭ ਕੁਝ ਦੱਸਾਂਗੀ।

ਰਾਜੇ ਨੇ ਉਸ ਨਾਲ ਵਿਆਹ ਕਰ ਲਿਆ। ਰਾਜਕੁਮਾਰੀ ਤੋਂ ਜਦ ਉਸ ਨੇ ਸਭ ਕੁਝ ਸੁਣਿਆ ਤਾਂ ਉਸ ਨੂੰ ਪਿਛਲਾ ਜਨਮ ਯਾਦ ਆ ਗਿਆ ਉਹ ਇਕ ਮਹੀਨਾ ਉਥੇ ਰਿਹਾ।

ਉਸ ਰਾਜਕੁਮਾਰੀ ਦਾ ਨਾਂ ਕਨਕਮਾਲਾ ਸੀ। ਇਕ ਦਿਨ ਰਾਜੇ ਨੇ ਕਨਕਮਾਲਾ ਨੂੰ ਕਿਹਾ,'' ਪਿਆਰੀ ! ਕਿਤੇ ਮੇਰਾ ਰਾਜ ਦੁਸ਼ਮਣ ਖ਼ਤਮ ਨਾ ਕਰ ਦੇਣ ਤੂੰ ਮੈਨੂੰ ਜਾਣ ਦੀ ਆਗਿਆ ਦੇ।''

ਕਰਨਕਮਾਲਾ ਨੇ ਹਾਂ ਕਰ ਦਿੱਤੀ ਤੇ ਨਾਲ ਹੀ ਪਰਾਪੀ ਨਾਂ ਦੀ ਵਿੱਦਿਆ ਦਿੱਤੀ ਜਿਸ ਦੇ ਪ੍ਰਭਾਵ ਨਾਲ ਉਹ ਛੇਤੀ ਹੀ ਸ਼ਹਿਰ ਪਹੁੰਚ ਗਿਆ। ਰਾਜੇ ਨੂੰ ਪਾ ਕੇ ਲੋਕਾਂ ਨੇ ਖੁਸ਼ੀਆਂ ਮਨਾਈਆਂ। ਰਾਜੇ ਨੇ ਲੋਕਾਂ ਨੂੰ ਪਿਛਲਾ ਸਾਰਾ ਵਿਰਤਾਂ ਸੁਣਾਇਆ।

ਰਾਜਾ ਪੰਜ ਦਿਨ ਬਾਅਦ ਕਨਕਮਾਲਾ ਨੂੰ ਮਿਲਣ ਜਾਂਦਾ। ਕੁਝ ਸਮਾਂ ਗੁਜ਼ਾਰ ਕੇ ਵਾਪਸ ਆ ਜਾਂਦਾ। ਸਮਾਂ ਬੀਤਦਾ ਗਿਆ, ਲੋਕ ਆਖਦੇ , ਰਾਜਾ ਪਰਵਤ ਉੱਤੇ ਹੈ, ਉਸ ਤੋਂ ਬਾਅਦ ਉਸ ਦਾ ਨਾਂ ਨਗਗਤਿ ਹੋ ਗਿਆ।

ਇਕ ਦਿਨ ਰਾਜਾ ਸੈਰ ਕਰਨ ਬਾਗ ਵਿਚ ਆਇਆ। ਉਸ ਨੇ ਅੰਬਾਂ ਦਾ ਦਰਖ਼ਤ ਬੂਰ ਨਾਲ ਭਰਪੂਰ ਵੇਖਿਆ। ਇਕ ਬੂਰ ਤੋੜ ਕੇ ਉਹ ਅੱਗੇ ਨਿਕਲ ਗਿਆ। ਉਸ ਦੇ ਨਾਲ ਦੇ ਆਦਮੀਆਂ ਨੇ ਵੀ ਇਕ ਇਕ ਬੂਰ ਤੋੜ ਲਿਆ। ਵੇਖਦੇ ਵੇਖਦੇ ਦਰਖ਼ਤ ਖਾਲੀ ਹੋ ਗਿਆ। ਰਾਜਾ ਜਦ ਵਾਪਸ ਉਸ ਰਸਤੇ ਵਿਚ ਆਇਆ ਉਸ ਨੇ ਪੁੱਛਿਆ, ਅੰਬ ਦਾ ਦਰਖ਼ਤ ਕਿੱਥੇ ਹੈ ? ਜਦ ਉਸ ਦੇ ਮੰਤਰੀ ਨੇ ਖਾਲੀ ਦਰਖ਼ਤ ਵਿਖਾਇਆ। ਰਾਜੇ

ਨੇ ਜਦ ਦਰਖ਼ਤ ਵੇਖਿਆ ਤਾਂ ਉਹ ਸੋਚੀਂ ਪੈ ਗਿਆ। ਉਹ ਸੋਚਣ ਲੱਗਾ ਜਿੱਥੇ ਰਿਧੀ ਹੈ, ਉਥੇ ਸ਼ਾਨ ਹੈ। ਰਿਧੀ ਆਪਣੇ ਆਪ ਵਿਚ ਚੰਚਲ ਹੁੰਦੀ ਹੈ। ਇਨ੍ਹਾਂ ਵਿਚਾਰਾਂ ਵਿਚ ਡੁੱਬਾ ਰਾਜਾ ਸਾਧੂ ਬਣ ਗਿਆ।

## ਬੁੱਧ ਕਥਾਨਕ ਅਨੁਸਾਰ

ਗੰਧਾਰ ਦੇਸ਼ ਵਿਚ ਤਕਸ਼ਿਲਾ ਨਾਉਂ ਦਾ ਸ਼ਹਿਰ ਸੀ। ਉਸੇ ਨਗਜੀ ਨਾਂ ਦਾ ਰਾਜਾ ਰਾਜ ਕਰਦਾ ਸੀ। ਇਕ ਦਿਨ ਉਸ ਨੇ ਇਕ ਔਰਤ ਨੂੰ ਵੇਖਿਆ। ਉਹ ਹੱਥਾਂ ਵਿਚ ਇਕ ਚੂੜੀ ਪਾਈ ਸੁਗੰਧੀ ਪੀਸ ਰਹੀ ਸੀ। ਰਾਜੇ ਨੇ ਵੇਖਿਆ, ਉਹ ਸੋਚਣ ਲੱਗਿਆ, ਇਕ ਚੂੜੀ ਕਾਰਨ ਨਾ ਤਾਂ ਰਗੜ ਪੈਦਾ ਹੁੰਦੀ ਹੈ, ਨਾ ਹੀ ਆਵਾਜ਼।

ਉਸ ਸਮੇਂ ਉਸ ਇਸਤਰੀ ਨੇ ਆਪਣੇ ਸੱਜੇ ਹੱਥ ਵਾਲੀ ਚੂੜੀ ਖੱਬੇ ਹਥ ਵਿਚ ਪਾ ਲਈ। ਜਿਸ ਕਾਰਨ ਆਵਾਜ਼ ਪੈਦਾ ਹੋਣ ਲੱਗੀ। ਰਾਜੇ ਨੇ ਇਹ ਸੁਣਿਆ ਤਾਂ ਸੋਚਣ ਲੱਗ ਪਿਆ ਕਿ ਇਹ ਚੂੜੀ ਇਕੱਲੀ ਸੀ ਤਾਂ ਰਗੜ ਨਹੀਂ ਖਾਂਦੀ ਸੀ ਹੁਣ ਦੋ ਹਨ ਤਾਂ ਰਗੜ ਪੈਦਾ ਹੋ ਰਹੀ ਹੈ। ਇਸੇ ਤਰ੍ਹਾਂ ਹਿਕੱਲਾ ਮਨੁੱਖ ਰਗੜ ਨਹੀਂ ਖਾਂਦਾ। ਮੈਨੂੰ ਵੀ ਚਾਹੀਦਾ ਹੈ ਕਿ ਮੈਂ ਇਕੱਲਾ ਹੋ ਕੇ ਵਿਚਾਰ ਕਰਾਂ।

ਇਹ ਗੱਲ ਸੋਚਦਾ ਹੀ ਉਹ ਪ੍ਰਤੇਕ ਬੁੱਧ ਬਣ ਗਿਆ।

# ਸ੍ਰੀ ਉੱਤਰਾਧਿਐਨ ਸੂਤਰ

## 1. ਵਿਨੈ ਸ਼ਰੁਤ ਅਧਿਐਨ

ਜੈਨ ਧਰਮ ਦੇ 24ਵੇਂ ਅਤੇ ਅੰਤਿਮ ਤੀਰਥੰਕਰ ਸ੍ਰਮਣ ਭਗਵਾਨ ਮਹਾਵੀਰ ਸਵਾਮੀ ਨੇ ਪਾਵਾਪੁਰੀ ਵਿਖੇ ਆਪਣੇ ਆਖ਼ਿਰੀ ਚੌਮਾਸੇ ਵਿਚ ਦੀਵਾਲੀ ਵਾਲੇ ਦਿਨ ਜੋ ਉਪਦੇਸ਼ ਦਿੱਤਾ ਸੀ ਅਤੇ ਜਿਸ ਪ੍ਰਕਾਰ ਉਨ੍ਹਾਂ ਦੇ ਸ਼ਿਸ਼ ਸ੍ਰੀ ਸੁਧੱਰਮਾ ਸਵਾਮੀ ਨੇ ਸੁਣਿਆ ਸੀ, ਉਸੇ ਪ੍ਰਕਾਰ ਸ੍ਰੀ ਸੁਧੱਰਮਾ ਸਵਾਮੀ ਨੇ ਆਪਣੇ ਸ਼ਿਸ਼ 'ਜੰਬੂ ਸਵਾਮੀ' ਨੂੰ ਸੁਣਾਇਆ। ਇਹੋ ਸ੍ਰੀ ਉੱਤਰਾਧਿਐਨ ਸੂਤਰ ਦੇ 36 ਅਧਿਐਨਾਂ ਵਿਚ ਦਰਜ ਹੈ।''

ਪਹਿਲਾ ਅਧਿਐਨ ''ਵਿਨੈ'' ਸਬੰਧੀ ਹੈ। ਇਸ ਵਿਚ ਵਿਨੈਵਾਨ ਸਾਧੂਆਂ ਦੇ ਲੱਛਣ, ਗੁਣ, ਉਦਾਹਰਣਾ ਦੇ ਕੇ ਦਰਸਾਏ ਗਏ ਹਨ, ਨਾਲ ਹੀ ਵਿਨੈ ਰਹਿਤ ਸਾਧੂਆਂ ਦਾ ਭੈੜਾ ਨਤੀਜਾ ਵੀ ਪ੍ਰਗਟ ਕੀਤਾ ਗਿਆ ਹੈ। ਇਸ ਅਧਿਐਨ ਵਿਚ ਵਿਨੈ ਦੇ ਨਾਲ-ਨਾਲ ਗੁਰੂ ਦੇ ਚੇਲੇ ਪ੍ਰਤੀ ਕਰਤੱਵਾਂ ਨੂੰ ਬੜੇ ਸੋਹਣੇ ਤੇ ਸੁਚੱਜੇ ਢੰਗ ਨਾਲ ਦਰਸਾਇਆ ਗਿਆ ਹੈ।

''ਵਿਨੈਵਾਨ ਅਹੰਕਾਰ ਰਹਿਤ ਹੁੰਦਾ ਹੈ, ਸਰਲ, ਨਿਰਦੋਸ਼, ਨਿਮਰਤਾ ਵਾਲਾ ਤੇ ਗੁਰੂ ਦਾ ਹਰ ਹੁਕਮ ਮੰਨਣ ਵਾਲਾ ਹੁੰਦਾ ਹੈ। ਵਿਨੈ ਰਹਿਤ ਪੁਰਸ਼, ਹੰਕਾਰੀ, ਕਠੋਰ, ਹਿੰਸਕ ਤੇ ਬਾਗ਼ੀ ਹੁੰਦਾ ਹੈ।''

# ਪਹਿਲਾ ਅਧਿਐਨ

ਜੋ ਸੰਸਾਰਿਕ (ਦੁਨਿਆਵੀ) ਸੰਜੋਗ (ਮੇਲ-ਮਿਲਾਪ) ਦੀਆਂ ਪਾਬੰਦੀਆਂ ਤੋਂ ਰਹਿਤ ਹਨ, ਘਰ-ਬਾਰ ਛੱਡ ਚੁੱਕੇ ਹਨ ਭਾਵ ਅਨਗਾਰ ਹਨ, ਭਿਕਸ਼ੂ ਹਨ। ਮੈਂ ਉਨ੍ਹਾਂ ਦੇ ਵਿਨੈ-ਧਰਮ ਨੂੰ ਸਿਲਸਿਲੇ ਵਾਰ ਆਖਾਂਗਾ, ਉਸਨੂੰ ਮੇਰੇ ਪਾਸੋਂ ਵਿਸਥਾਰ ਪੂਰਵਕ ਸੁਣੋ।1।

ਜੋ ਗੁਰੂ ਦਾ ਹੁਕਮ ਮੰਨਦਾ ਹੈ, ਗੁਰੂ ਦੀ ਛਤਰ-ਛਾਇਆ ਹੇਠ ਰਹਿੰਦਾ ਹੈ, ਗੁਰੂ ਦੇ ਇੰਗਤ (ਇਸ਼ਾਰੇ) ਅਤੇ ਆਕਾਰ (ਮਨ ਦੇ ਅੰਦਰਲੀ ਗੱਲ) ਨੂੰ ਜਾਣਦਾ ਹੈ, ਉਹ ਸ਼ਿਸ਼ ਵਿਨੈਵਾਨ ਕਿਹਾ ਜਾਂਦਾ ਹੈ।2।

ਜੋ ਗੁਰੂ ਦਾ ਹੁਕਮ ਨਹੀਂ ਮੰਨਦਾ, ਗੁਰੂ ਦੀ ਛਤਰ-ਛਾਇਆ ਹੇਠ ਨਹੀਂ ਰਹਿੰਦਾ, ਗੁਰੂ ਦੇ ਹੁਕਮ ਤੋਂ ਉਲਟ ਕੰਮ ਕਰਦਾ ਹੈ, ਉਹ ਅਗਿਆਨੀ ਹੈ ਉਹ ਅਵਿਨੀਤ ਅਖਵਾਉਂਦਾ ਹੈ।3।

ਜਿਸ ਤਰ੍ਹਾਂ ਸੜੇ ਕੰਨਾਂ ਵਾਲੀ ਕੁੱਤੀ, ਘ੍ਰਿਣਾ ਨਾਲ ਹਰ ਥਾਂ ਤੇ ਦੁੱਤਕਾਰ ਕੇ ਕੱਢ ਦਿੱਤੀ ਜਾਂਦੀ ਹੈ, ਉਸੇ ਤਰ੍ਹਾਂ ਗੁਰੂ ਦੇ ਹੁਕਮ ਤੋਂ ਉਲਟ ਕੰਮ ਕਰਨ ਵਾਲਾ ਚਰਿੱਤਰਹੀਨ, ਬਹੁਤੀਆਂ ਗੱਲਾਂ ਕਰਨ ਵਾਲਾ ਚੇਲਾ, ਹਰ ਥਾਂ ਤੋਂ ਫਟਕਾਰਿਆ ਜਾਂਦਾ ਹੈ ਅਤੇ ਬੇਇੱਜ਼ਤ ਹੁੰਦਾ ਹੈ।4।

ਜਿਸ ਤਰ੍ਹਾਂ ਸੂਰ ਚਾਵਲਾਂ ਦੀ ਫੱਕੀ ਛੱਡ ਕੇ ਗੰਦ ਖਾਂਦਾ ਹੈ, ਉਸੇ ਤਰ੍ਹਾਂ ਮਿਰਗ ਦੇ ਸਮਾਨ ਜਾਂ ਪਸ਼ੂ-ਬੁੱਧੀ ਅਗਿਆਨੀ ਚੇਲਾ ਸ਼ੀਲ ਤੇ ਸਦਾਚਾਰ ਛੱਡ ਕੇ ਕੁਸ਼ੀਲ (ਦੁਰਾਚਾਰ) ਵਿਚ ਘੁੰਮਦਾ ਹੈ।5।

ਆਪਣਾ ਭਲਾ ਚਾਹੁਣ ਵਾਲਾ ਭਿਕਸ਼ੂ, ਸੜੇ ਕੰਨਾਂ ਵਾਲੀ ਕੁੱਤੀ ਅਤੇ ਗੰਦ ਖਾਣ ਵਾਲੇ ਸੂਰ ਦਾ ਉਦਾਹਰਣ ਸਮਝ ਕੇ ਆਪਣੇ

ਅੰਦਰ ਵਿਨੈ ਧਰਮ ਸਥਾਪਿਤ ਕਰੇ।6।

ਇਸ ਲਈ ਵਿਨੈ ਧਰਮ ਦਾ ਪਾਲਣ ਕਰਨਾ ਚਾਹੀਦਾ ਹੈ, ਜਿਸ ਰਾਹੀਂ ਸ਼ੀਲ (ਸਦਾਚਾਰ) ਦੀ ਪ੍ਰਾਪਤੀ ਹੋਵੇ। ਜੋ ਬੁੱਧ (ਗਿਆਨੀ ਪੁੱਤਰ ਚੇਲਾ ਹੈ, ਉਸ ਨੂੰ ਕਿਸੇ ਥਾਂ ਤੋਂ ਦੁਤਕਾਰਿਆ ਜਾਂ ਅਪਮਾਨਿਤ ਨਹੀਂ ਕੀਤਾ ਜਾਂਦਾ।7।

ਚੇਲਾ ਬੁੱਧ (ਗੁਰੂਆਂ) ਦੇ ਨੇੜੇ ਹਮੇਸ਼ਾ ਸ਼ਾਂਤ ਸੁਭਾ ਰਹੇ, ਬਹੁਤੀਆਂ ਗੱਲਾਂ ਨਾ ਕਰੇ। ਅਰਥਾਂ ਵਾਲੇ ਪਦਾਂ ਨੂੰ ਸਿਖੇ, ਬੇਅਰਥ ਗੱਲਾਂ ਛੱਡ ਦੇਵੇ।8।

ਗੁਰੂ ਰਾਹੀਂ ਅਨੁਸ਼ਾਸਿਤ (ਸਖ਼ਤ) ਹੋਣ ਤੇ ਵੀ ਸਮਝਦਾਰ ਚੇਲਾ ਗੁੱਸਾ ਨਾ ਕਰੋ, ਖਿਮਾਂ ਦਾ ਪਾਲਣ ਕਰੇ, ਭੈੜੇ ਆਦਮੀਆਂ ਦੇ ਸਾਥ (ਸੰਗ) ਤੋਂ ਦੂਰ ਰਹੇ। ਉਨ੍ਹਾਂ ਨਾਲ ਹਾਸਾ ਮਜ਼ਾਕ ਜਾਂ ਕੋਈ ਮੇਲ-ਮਿਲਾਪ ਨਾ ਰੱਖੇ।9।

ਚੇਲਾ ਗੁੱਸੇ ਵਿਚ ਆ ਕੇ ਕਦੇ ਝੂਠ ਨਾ ਬੋਲੇ, ਬੁਰਾ ਕੰਮ ਨਾ ਕਰੇ ਅਤੇ ਜ਼ਿਆਦਾ ਨਾ ਬੋਲੇ। ਪੜ੍ਹਾਈ ਵੇਲੇ ਪੜ੍ਹਾਈ ਕਰੇ ਅਤੇ ਬਾਕੀ ਵਿਹਲੇ ਸਮੇਂ ਇਕਾਂਤਵਾਸ (ਧਿਆਨ) ਕਰੋ।10।

ਗੁੱਸੇ ਵਿਚ ਜੇ ਕੋਈ ਚੇਲਾ, ਬੁਰਾ ਵਰਤਾਉ ਕਰ ਵੀ ਲਵੇ, ਤਾਂ ਉਸਨੂੰ ਕਦੇ ਵੀ ਨਾ ਛੁਪਾਵੇ। ''ਕੀਤਾ ਹੈ ਤਾਂ ਕੀਤਾ ਆਖੇ ਅਤੇ ਨਾ ਕੀਤਾ ਹੋਵੇ ਤਾਂ ਨਹੀਂ ਕੀਤਾ ਆਖੇ''।11।

ਜਿਵੇਂ ਕਿ ਅੜੀਅਲ ਘੋੜੇ ਨੂੰ ਵਾਰ ਵਾਰ ਚਾਬੁਕ ਦੀ ਲੋੜ ਹੁੰਦੀ ਹੈ। ਇਸੇ ਤਰ੍ਹਾਂ ਚੇਲਾ ਗੁਰੂ ਦੇ ਬਾਰ ਬਾਰ ਆਖੇ ਹੁਕਮ ਦੀ ਉਲੰਘਣਾ ਨਾ ਕਰੇ। ਜਿਵੇਂ ਉੱਤਮ ਸਿੱਖਿਅਤ ਘੋੜਾ ਚਾਬੁਕ ਵੇਖ ਦੇ ਹੀ ਗਲਤ ਰਾਹ ਛੱਡ ਦਿੰਦਾ ਹੈ, ਉਸੇ ਤਰ੍ਹਾਂ ਹੀ ਬੁੱਧੀਮਾਨ ਚੇਲਾ

ਗੁਰੂ ਦੇ ਇਸ਼ਾਰੇ ਨਾਲ ਹੀ ਪਾਪ ਕਰਮ ਛੱਡ ਦੇਵੇ।12।

ਆਪਣੇ ਗੁਰੂ ਦੇ ਹੁਕਮ ਵਿਚ ਨਾ ਰਹਿਣ ਵਾਲਾ, ਬਿਨਾ ਵਿਚਾਰੇ ਕੁਝ ਨਾ ਕੁਝ ਬੋਲਣ ਵਾਲਾ ਦੁਸ਼ਟ ਚੇਲਾ, ਨਰਮ ਸੁਭਾਅ ਵਾਲੇ ਗੁਰੂ ਨੂੰ ਵੀ ਗੁੱਸੇ ਵਾਲਾ ਬਣਾ ਦਿੰਦਾ ਹੈ ਅਤੇ ਗੁਰੂ ਦੇ ਮਨ ਮੁਤਾਬਿਕ ਚੱਲਣ ਵਾਲਾ ਅਤੇ ਸਮਝ ਨਾਲ ਕੰਮ ਕਰਨ ਵਾਲਾ ਚੇਲਾ ਛੇਤੀ ਹੀ ਗੁੱਸਾ ਹੋਣ ਵਾਲੇ ਗੁਰੂ ਨੂੰ ਖੁਸ਼ ਕਰ ਲੈਂਦਾ ਹੈ।13।

ਬਿਨਾਂ ਪੁੱਛੇ ਕੁਝ ਨਾ ਬੋਲੇ, ਪੁੱਛਣ ਤੇ ਝੂਠ ਨਾ ਆਖੇ, ਜੇ ਕਦੇ ਕਰੋਧ ਆ ਵੀ ਜਾਵੇ ਤਾਂ ਉਸਨੂੰ (ਨਿਸ਼ਫਲ) ਖ਼ਤਮ ਕਰ ਦੇਵੇ। ਗੁਰੂ ਦੀ ਚੰਗੀ ਜਾਂ ਮਨ ਨੂੰ ਨਾ ਚੰਗੀ ਲੱਗਣ ਵਾਲੀਆਂ ਦੋਹਾਂ ਪ੍ਰਕਾਰ ਦੀਆਂ ਸਿੱਖਿਆਵਾਂ ਰਾਗ-ਦਵੇਸ਼ ਰਹਿਤ ਹੋ ਕੇ ਗ੍ਰਹਿਣ ਕਰੇ।14।

ਆਪਣੀ ਆਤਮਾ ਦੇ ਵਿਸ਼ੇ ਵਿਕਾਰਾਂ ਤੇ ਹੀ ਜਿੱਤ ਹਾਸਲ ਕਰਨੀ ਚਾਹੀਦੀ ਹੈ, ਆਪਣੀ ਆਤਮਾ ਨੂੰ ਜਿੱਤਣਾ ਹੀ ਕਠਿਣ ਹੈ। ਆਤਮ-ਜੇਤੂ ਹੀ ਲੋਕ ਪਰਲੋਕ ਵਿਚ ਸੁਖੀ ਹੁੰਦਾ ਹੈ।15

ਚੇਲਾ ਵਿਚਾਰ ਕਰੇ ਚੰਗਾ ਹੈ ਕਿ ਮੈਂ ਆਪ ਹੀ ਸੰਜਮ ਤੇ ਤਪ ਰਾਹੀਂ ਆਪਣੇ ਤੇ ਜਿੱਤ ਹਾਸਲ ਕਰਾਂ, ਬੰਧਨ ਅਤੇ ਬੱਧ (ਕਤਲ) ਰਾਹੀਂ ਮੈਂ ਦੂਸਰੇ ਤੋਂ ਤੰਗ ਹੋਵਾਂ, ਪ੍ਰੇਸ਼ਾਨ ਹੋਵਾਂ, ਇਹ ਚੰਗਾ ਨਹੀਂ।16।

ਯੋਗ ਚੇਲਾ ਲੋਕਾਂ ਸਾਹਮਣੇ ਜਾਂ ਇਕਾਂਤ ਵਿਚ, ਮਨ, ਬਚਨ ਅਤੇ ਸਰੀਰ ਰਾਹੀਂ ਕਦੇ ਵੀ ਗੁਰੂ ਦੇ ਉਲਟ ਨਾ ਚੱਲੇ।17।

ਆਚਾਰੀਆ (ਗੁਰੂ) ਦੇ ਅੰਗਾਂ ਨਾਲ ਅੰਗ ਜੋੜ ਕੇ ਨਾ ਬੈਠੇ, ਨਾ ਅੱਗੇ ਬੈਠੇ, ਨਾ ਪਿੱਠ ਕਰਕੇ ਬੈਠੇ। ਗੁਰੂ ਦੇ ਨਾਲ ਪੱਟ ਨਾਲ ਪੱਟ ਜੋੜ ਕੇ ਵੀ ਨਾ ਬੈਠੇ। ਆਸਨ ਤੇ ਬੈਠਾ ਬੈਠਾ ਹੀ ਗੁਰੂ

ਦੇ ਹੁਕਮ ਦਾ ਜਵਾਬ ਨਾ ਦੇਵੇ, ਸਗੋਂ ਕੋਲ ਆ ਕੇ ਹੁਕਮ ਸੁਣੇ।18।

ਗੁਰੂ ਦੇ ਸਾਹਮਣੇ ਚੌਂਕੜੀ ਮਾਰ ਕੇ ਨਾ ਬੈਠੇ, ਹੱਥਾਂ ਨਾਲ ਸਰੀਰਨੂੰ ਬੰਨ੍ਹ ਕੇ ਨਾ ਬੈਠੇ ਅਤੇ ਪੈਰ ਫੈਲਾ ਕੇ ਨਾ ਬੈਠੇ। ਸੰਜਮੀ ਚੇਲਾ ਇਸ ਪ੍ਰਕਾਰ ਅਵਿਨੈ ਦੇ ਪ੍ਰਤੀਕ ਆਸਨਾਂ ਨਾਲ ਗੁਰੂ ਕੋਲ ਨਾ ਬੈਠੇ।19।

ਗੁਰੂ ਦੀ ਮਿਹਰ (ਕਿਰਪਾ ਦ੍ਰਿਸ਼ਟੀ) ਚਾਹੁਣ ਵਾਲਾ, ਮੁਕਤੀ ਦਾ ਇੱਛੁਕ ਚੇਲਾ ਆਚਾਰਿਆ ਰਾਹੀਂ ਬੁਲਾਉਣ ਤੇ ਕਿਸੇ ਵੀ ਹਾਲਤ ਵਿਚ ਚੁੱਪ ਨਾ ਬੈਠੇ, ਸਗੋਂ ਹਮੇਸ਼ਾ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹੇ।20।

ਗੁਰੂ ਦੇ ਰਾਹੀਂ, ਇਕ ਵਾਰੀ ਜਾਂ ਕਈ ਵਾਰ ਬੁਲਾਉਣ ਤੇ ਵੀ ਬੁੱਧੀਮਾਨ ਚੇਲਾ ਆਰਾਮ ਨਾਲ ਨਾ ਬੈਠਾ ਰਹੇ, ਸਗੋਂ ਆਸਨ ਛੱਡ ਕੇ ਸਾਵਧਾਨੀ ਨਾਲ ਹੁਕਮ ਸੁਣੇ।21।

ਚੇਲੇ ਨੂੰ ਚਾਹੀਦਾ ਹੈ ਕਿ ਆਸਨ ਜਾਂ ਤਖਤਪੋਸ਼ ਤੇ ਬੈਠਾ ਬੈਠਾ ਕਦੇ ਵੀ ਗੁਰੂ ਤੋਂ ਕੋਈ ਗੱਲ ਨਾ ਪੁੱਛੇ। ਉਨ੍ਹਾਂ ਦੇ ਨੇੜੇ ਆ ਕੇ ਉਕੜੂ ਆਸਨ ਵਿਚ ਬੈਠ ਕੇ, ਹੱਥ ਜੋੜ ਕੇ ਪੁੱਛਣਾ ਹੋਵੇ, ਪੁੱਛੇ।22।

ਵਿਨੀਤ ਚੇਲੇ ਦੇ ਇਸ ਢੰਗ ਰਾਹੀਂ ਪੁੱਛਣ ਤੇ ਗੁਰੂ ਵੀ ਚੇਲੇ ਨੂੰ ਸੂਤਰ (ਸ਼ਾਸਤਰ) ਅਰਥ ਜਾਂ ਦੋਵੇ ਦੱਸ ਦੇਵੇ, ਜਿਵੇਂ ਕਿ ਉਸ (ਗੁਰੂ) ਨੇ ਆਪਣੇ ਪੁਰਾਣੇ ਗੁਰੂਆਂ ਤੋਂ ਸੁਣਿਆ ਹੋਵੇ।23।

ਭਿਕਸ਼ੂ ਝੂਠ ਨੂੰ ਛੱਡ ਦੇਵੇ ਫੈਸਲਾਕੁਨ (ਨਿਸ਼ਚੈ ਨਾਲ) ਗੱਲ ਨਾ ਆਖੇ, ਬੋਲੀ ਦੇ ਦੋਸ਼ਾਂ ਨੂੰ ਛੱਡ ਦੇਵੇ, ਧੋਖਾ ਸਦਾ ਲਈ ਛੱਡ ਦੇਵੇ।24।

ਕਿਸੇ ਦੇ ਪੁੱਛਣ ਤੇ ਬੇ-ਅਰਥ ਗੱਲਾਂ ਨਾ ਕਰੇ, ਦਿਲ ਨੂੰ ਦੁੱਖ ਪਹੁੰਚਾਉਣ ਵਾਲੇ ਬਚਨ ਨਾ ਬੋਲੇ ਅਤੇ ਆਪਣੇ ਲਈ ਜਾਂ ਦੂਸਰੇ ਲਈ ਜਾਂ ਦੋਹਾਂ ਲਈ ਬਿਨਾਂ ਕਾਰਨ ਅਹਿਤਕਾਰੀ ਭਾਸ਼ਾ ਨਾ ਬੋਲੇ।25।

ਲੁਹਾਰ ਦੇ ਕਾਰਖਾਨੇ ਵਿਚ, ਘਰਾਂ ਵਿਚ, ਘਰਾਂ ਵਿਚਕਾਰਲੀ ਥਾਂ ਵਿਚ ਸਾਧੂ ਇਕੱਲੀ ਇਸਤਰੀ ਨਾਲ ਗੱਲਬਾਤ ਨਾ ਕਰੇ।26।

ਪਿਆਰੇ ਜਾਂ ਕਠੋਰ ਬਚਨ ਗੁਰੂ ਮੈਨੂੰ ਅਨੁਸ਼ਾਸਿਤ (ਆਗਿਆ ਪਾਲਣ ਕਰਨ ਵਾਲਾ) ਕਰਦੇ ਹਨ। ਇਸ ਵਿਚ ਮੇਰਾ ਆਪਣਾ ਲਾਭ ਹੈ। ਅਜਿਹਾ ਕਰਕੇ ਕੋਸ਼ਿਸ਼ ਕਰਕੇ ਉਨ੍ਹਾਂ ਦਾ ਹੁਕਮ ਮੰਨੇ।27।

ਆਚਾਰੀਆ ਦੇ ਯੋਗ ਸਮੇਂ ਦਿੱਤਾ, ਕੋਮਲ ਜਾਂ ਕਠੋਰ ਹੁਕਮ, ਬੁਰੇ ਕਰਮ (ਕੰਮ) ਦਾ ਖ਼ਾਤਮਾ ਕਰਨ ਵਾਲਾ ਹੁੰਦਾ ਹੈ। ਉਸ ਹੁਕਮ ਨੂੰ ਬੁੱਧੀਮਾਨ ਚੇਲਾ ਆਪਣੇ ਭਲੇ ਲਈ ਸਮਝਦਾ ਹੈ। ਅਸਾਧੂ (ਅਯੋਗ) ਦੇ ਲਈ ਇਹੋ ਹੁਕਮ ਅਵਿਨੀਤ ਚੇਲੇ ਲਈ ਦਵੇਸ਼ (ਗੁੱਸੇ) ਦਾ ਕਾਰਨ ਬਣਦਾ ਹੈ।28।

ਸੱਤ ਭੈਅ ਤੋਂ ਰਹਿਤ, ਸਮਝਦਾਰ, ਗਿਆਨੀ ਚੇਲਾ, ਗੁਰੂ ਦੇ ਕਠੋਰ ਬਚਨਾਂ ਵਾਲੇ ਹੁਕਮ ਨੂੰ, ਆਪਣੇ ਲਈ ਹਿਤਕਾਰੀ ਮੰਨਦਾ ਹੈ। ਪਰ ਇਹੋ, ਖਿਮਾਂ ਅਤੇ ਮਨ ਸ਼ੁੱਧ ਕਰਨ ਵਾਲਾ ਹੁਕਮ, ਮੂਰਖ ਲਈ ਗੁੱਸੇ ਦਾ ਕਾਰਣ ਬਣਦਾ ਹੈ।29।

ਚੇਲਾ ਅਜਿਹੇ ਆਸਨ ਤੇ ਬੈਠੇ ਜੋ ਗੁਰੂ ਦੇ ਆਸਨ ਤੋਂ ਨੀਵਾਂ ਹੋਵੇ। ਜਿਸ ਵਿਚ ਕੋਈ ਆਰਮ ਵਿਚ ਵਿਘਨ ਪਾਉਣ ਵਾਲਾ ਸ਼ਬਦ ਨਾ ਪੈਦਾ ਹੁੰਦਾ ਹੋਵੇ। ਜੋ ਸਥਿਰ ਹੋਵੇ ਤੇ ਹਿਲਦਾ ਜੁਲਦਾ ਨਾ ਹੋਵੇ। ਆਸਨ ਤੋਂ ਬਾਰ-ਬਾਰ ਨਾ ਉੱਠੇ, ਕੰਮ ਹੋਣ ਤੇ ਵੀ ਘੱਟ

ਉੱਠੇ। ਸਥਿਰ ਤੇ ਸ਼ਾਤ ਹੋ ਕੇ ਬੈਠੇ, ਇੱਧਰ-ਉੱਧਰ ਨਾ ਵੇਖੇ।30।

ਭਿਕਸ਼ੂ ਭੋਜਨ ਦੇ ਵੇਲੇ ਭੋਜਨ ਲਈ ਤੁਰੇ ਅਤੇ ਸਮੇਂ ਤੇ ਵਾਪਸ ਠਿਕਾਣੇ ਤੇ ਆਵੇ। ਸਮੇਂ ਤੋਂ ਉਲਟ ਕੋਈ ਕੰਮ ਨਾ ਕਰੇ। ਜੋ ਕੰਮ ਜਿਸ ਸਮੇਂ ਕਰਨਾ ਹੋਵੇ ਉਸੇ ਸਮੇਂ ਤੇ ਹੀ ਕਰੇ।31।

ਭਿਕਸ਼ਾ ਲਈ ਗਿਆ ਭਿਕਸ਼ੂ, ਭਿਕਸ਼ਾ ਖਾਣ ਲਈ ਖੜ੍ਹੇ ਲੋਕਾਂ ਦੀ ਲਾਈਨ ਵਿਚ ਨਾ ਖੜ੍ਹੇ। ਮੁਨੀ ਦੀ ਮਰਿਆਦਾ (ਨਿਯਮਾਂ) ਅਨੁਸਾਰ ਏਸ਼ਨਾ (ਸ਼ੁੱਧ ਕਾਲ) ਕਰਕੇ ਗ੍ਰਹਿਸਥ ਰਾਹੀਂ ਦਿੱਤਾ ਭੋਜਨ ਸਵੀਕਾਰ ਕਰੇ ਅਤੇ ਸ਼ਾਸਤਰਾਂ ਵਿਚ ਦੱਸੇ ਸਮੇਂ, ਵਿਚ ਜ਼ਰੂਰਤ ਅਨੁਸਾਰ ਭੋਜਨ ਕਰੇ।32।

ਜੇ ਪਹਿਲਾਂ ਹੀ ਦੂਸਰਾ ਭਿਕਸ਼ੂ ਗ੍ਰਹਿਸਥ ਦੇ ਦਰਵਾਜ਼ੇ ਤੇ ਖੜ੍ਹਾ ਹੋਵੇ ਤਾਂ ਉਨ੍ਹਾਂ ਤੋਂ ਨਾ ਜ਼ਿਆਦਾ ਦੂਰ ਅਤੇ ਨਾ ਜ਼ਿਆਦਾ ਨੇੜੇ ਖੜਾ ਹੋਵੇ। ਨਾ ਹੀ ਗ੍ਰਹਿਸਥ ਦੀ ਦ੍ਰਿਸ਼ਟੀ ਦੇ ਸਾਹਮਣੇ ਰਹੇ ਪਰ ਇਕੱਲਾ ਖੜ੍ਹਾ ਰਹੇ। ਪਹਿਲਾਂ ਆਏ ਹੋਏ ਭਿਕਸ਼ੂਆਂ ਦੇ ਵਿਚਕਾਰ ਦੀ ਲੰਘ ਕੇ ਘਰ ਵਿਚ ਭੋਜਨ ਲਈ ਨਾ ਜਾਵੇ।33।

ਸੰਜਮੀ-ਮੁਨੀ ਪ੍ਰਾਸੁਕ (ਅਜੀਵ ਜਾਂ ਜੀਵ ਰਹਿਤ ਜਾਂ ਅਚਿੱਤ) ਅਤੇ ਪਰਕ੍ਰਿਤ (ਗ੍ਰਹਿਸਥ ਦਾ ਆਪਣੇ ਲਈ ਬਣਾਇਆ) ਭੋਜਨ ਹੀ ਗ੍ਰਹਿਣ ਕਰੇ। ਜ਼ਿਆਦਾ ਨੇੜੇ ਜਾਂ ਜ਼ਿਆਦਾ ਦੂਰ ਦਿੱਤਾ ਭੋਜਨ ਨਾਲ ਲਵੇ।34।

ਸੰਜਮੀ-ਮੁਨੀ ਘੱਟ ਪ੍ਰਾਣਾਂ (ਜੀਵਾਂ) ਅਤੇ ਬੀਜਾਂ ਤੋਂ ਰਹਿਤ, ਉੱਪਰ ਤੋਂ ਢੱਕੇ ਅਤੇ ਦੀਵਾਰ ਆਦਿ ਨਾਲ ਢਕੇ ਮਕਾਨ ਵਿਚੋਂ ਆਪਣੇ ਸਹਿ-ਧਰਮੀ (ਸਮਾਨ ਧਰਮ ਵਾਲੇ) ਸਾਧੂਆਂ ਦੇ ਨਾਲ ਭੂਮੀ ਉੱਤੇ ਨਾ ਡੇਗਦਾ ਹੋਇਆ ਭੋਜਨ ਲਵੇ ਅਤੇ ਵਿਵੇਕ-ਪੂਰਵਕ

(ਅਣਗਹਿਲੀ ਜਾਂ ਅਸਾਵਧਾਨੀ ਤੋਂ ਰਹਿਤ) ਖਾਵੇ।35।

ਭੋਜਨ ਕਰਦੇ ਸਮੇਂ ਮੁਨੀ, ਖਾਣ-ਯੋਗ ਪਦਾਰਥਾਂ ਬਾਰੇ ਇਸ ਪ੍ਰਕਾਰ ਦੀ ਭਾਸ਼ਾ ਨਾ ਬੋਲੇ, ਚੰਗਾ ਬਣਿਆ ਹੈ, ਚੰਗਾ ਪਕਾਇਆ ਹੈ, ਚੰਗਾ ਕੱਟਿਆ ਹੈ। ਚੰਗਾ ਹੋਇਆ ਇਸ ਕਰੇਲੇ ਆਦਿ ਦਾ ਕੌੜਾਪਨ (ਕੁੜੱਤਣ) ਖ਼ਤਮ ਹੋ ਗਿਆ। ਚੰਗਾ ਪ੍ਰਾਸ਼ਕ ਅਜੀਵ ਹੋ ਗਿਆ, ਜਾਂ ਸੂਪ ਆਦਿ ਵਿਚ ਘੀ ਚੰਗਾ ਭਰਿਆ ਹੈ, ਰਚ ਗਿਆ ਹੈ, ਇਹ ਬਹੁਤ ਹੀ ਚੰਗਾ ਹੈ, ਇਸ ਪ੍ਰਕਾਰ ਦੇ (ਪਾਪਕਾਰੀ) ਸ਼ਬਦ ਨਾ ਬੋਲੇ।36।

ਚੰਗੇ ਬੁੱਧੀਮਾਨ ਚੇਲੇ ਨੂੰ ਸਿੱਖਿਆ ਦਿੰਦੇ ਹੋਏ, ਆਚਾਰੀਆ ਉਸ ਤਰ੍ਹਾਂ ਖੁਸ਼ ਹੁੰਦਾ ਹੈ ਜਿਵੇਂ ਘੋੜੇ ਸਿਖਾਉਣ ਵਾਲਾ ਸਿੱਖਿਅਕ, ਘੋੜੇ ਨੂੰ ਸਿੱਖਿਆ ਦੇਣ ਵੇਲੇ ਖੁਸ਼ ਹੁੰਦਾ ਹੈ। ਅਗਿਆਨੀ ਚੇਲੇ ਨੂੰ ਸਿੱਖਿਆ ਦੇਣ ਵੇਲੇ ਗੁਰੂ ਉਸੇ ਪ੍ਰਕਾਰ ਦੁਖੀ ਹੁੰਦਾ ਹੈ ਜਿਵੇਂ ਦੁਸ਼ਟ ਘੋੜੇ ਨੂੰ ਹੱਕਣ ਵਾਲਾ ਉਸਦਾ ਮਾਲਕ।37।

ਗੁਰੂ ਦੇ ਕਲਿਆਣਕਾਰੀ ਅਨੁਸ਼ਾਸਨ ਨੂੰ ਪਾਪ-ਦ੍ਰਿਸ਼ਟੀ ਵਾਲਾ ਚੇਲਾ ਇਹ ਸਮਝਦਾ ਹੈ ਕਿ ਗੁਰੂ ਮੈਨੂੰ ਕੁੱਟਦਾ ਹੈ, ਥੱਪੜ ਮਾਰਨ ਤੁੱਲ ਸਮਝਦਾ ਹੈ (ਠੋਕਰ ਅਤੇ ਚੋਟਾਂ ਮਾਰਨਾ, ਗਾਲ੍ਹਾਂ ਕੱਢਣਾ ਅਤੇ ਮਾਰਨਾ) ਕਰਨ ਦੀ ਤਰ੍ਹਾਂ ਹੀ ਕਸ਼ਟ ਦਾ ਕਾਰਨ ਸਮਝਦਾ ਹੈ।38।

ਗੁਰੂ ਮੈਨੂੰ ਪੁੱਤਰ, ਭਾਈ ਅਤੇ ਆਪਣਾ ਹੀ ਸਮਝ ਕੇ ਸਿੱਖਿਆ ਦੇ ਰਿਹਾ ਹੈ, ਇਹ ਸੋਚ ਕੇ ਵਿਨੈ-ਵਾਨ ਚੇਲਾ ਉਨ੍ਹਾਂ ਦੇ ਅਨੁਸ਼ਾਸਨ (ਹਕੂਮਤ) ਨੂੰ ਕਲਿਆਣਕਾਰੀ ਸਮਝਦਾ ਹੈ, ਪਰ ਪਾਪ-ਦ੍ਰਿਸ਼ਟੀ ਵਾਲਾ ਬੁਰਾ ਚੇਲ, ਭਲੇ ਲਈ ਆਖੇ ਹੁਕਮ ਨੂੰ ਵੀ ਤਾਂ ਆਪਣੇ ਆਪ ਲਈ ਗੁਲਾਮੀ ਸਮਝਦਾ ਹੈ।39।

ਚੇਲੇ ਨੂੰ ਚਾਹੀਦਾ ਹੈ ਕਿ ਉਹ ਨਾ ਤਾਂ ਆਚਾਰੀਆ ਨੂੰ ਗੁੱਸੇ ਕਰੇ ਅਤੇ ਨਾ ਉਨ੍ਹਾਂ ਦੇ ਗਿਆਨ ਭਰੇ ਉਪਦੇਸ਼ ਪ੍ਰਤੀ ਗੁੱਸਾ ਕਰੇ। ਆਚਾਰੀਆ ਦੇ ਦੋਸ਼ ਦੇਖਣ ਵਾਲਾ ਨਾ ਬਣੇ। ਆਪਣੇ ਗੁਰੂਆਂ ਦੀਆਂ ਕਮਜ਼ੋਰੀਆਂ ਅਤੇ ਅਵਗੁਣ ਵੇਖਣ ਦੀ ਕੋਸ਼ਿਸ਼ ਵੀ ਨਾ ਕਰੇ।40।

ਆਪਣੇ ਕਿਸੇ ਬੁਰੇ ਵਰਤਾਉ ਕਾਰਨ ਗੁਰੂ ਨੂੰ ਗੁੱਸੇ ਹੋਇਆ ਮਹਿਸੂਸ ਕਰੇ ਤਾਂ ਵਿਨੀਤ ਚੇਲਾ ਪਿਆਰ ਭਰੇ ਵਚਨਾਂ ਨਾਲ ਉਨ੍ਹਾਂ ਨੂੰ ਖੁਸ਼ ਕਰੇ, ਹੱਥ ਜੋੜ ਕੇ ਆਖੇ ਕਿ ਮੈਂ ਅੱਗੇ ਤੋਂ ਅਜਿਹਾ ਨਹੀਂ ਕਰਾਂਗਾ।41।

ਜੋ ਵਿਵਹਾਰ ਧਰਮ ਨੂੰ ਜਾਣਦਾ ਹੈ ਅਤੇ ਜਿਸਦਾ ਵਿਦਵਾਨ ਆਚਾਰੀਆ ਨੇ ਪਾਲਣ ਕੀਤਾ ਹੈ, ਉਸ ਵਿਵਹਾਰ ਨੂੰ ਪਾਲਣ ਕਰਨ ਵਾਲਾ ਮੁਨੀ ਕਦੇ ਨਿੰਦਾ ਪ੍ਰਾਪਤ ਨਹੀਂ ਕਰਦਾ।42।

ਚੇਲਾ ਆਚਾਰੀਆ ਦੇ ਮਨ, ਬਚਨ ਤੇ ਸਰੀਰ ਦੇ ਭਾਵ ਨੂੰ ਜਾਣ ਕੇ ਉਨ੍ਹਾਂ ਨੂੰ ਪਹਿਲਾਂ ਆਪੇ ਬੋਲ ਰਾਹੀਂ ਸਵੀਕਾਰ ਕਰਕੇ ਅਤੇ ਫੇਰ ਕੰਮ ਦਾ ਰੂਪ ਦੇਵੇ।43।

ਵਿਨੈ-ਵਾਨ ਚੇਲਾ ਗੁਰੂ ਦੇ ਨਾਂਹ ਕਹੇ ਜਾਣ ਤੇ ਵੀ ਕੰਮ ਕਰਨ ਲਈ ਹਮੇਸ਼ਾ ਤਿਆਰ ਰਹਿੰਦਾ ਹੈ। ਪ੍ਰੇਰਣਾ ਮਿਲਣ ਤੇ ਜਲਦੀ ਹੀ ਹੁਕਮ ਅਨੁਸਾਰ ਕੰਮ ਕਰਦਾ ਰਹੇ।44।

ਵਿਨੈ ਦੇ ਸਵਰੂਪ ਨੂੰ ਜਾਣ ਕੇ ਜੋ ਬੁੱਧੀਮਾਨ ਚੇਲਾ ਨਿਮਰਤਾ ਧਾਰਨ ਕਰਦਾ ਹੈ, ਉਸ ਦੀ ਸੰਸਾਰ ਵਿਚ ਪ੍ਰਸਿੱਧੀ ਹੁੰਦੀ ਹੈ। ਜਿਵੇਂ ਸਮੁੱਚੇ ਸੰਸਾਰ ਲਈ ਇਹ ਧਰਤੀ ਆਸਰਾ ਹੈ, ਉਸ ਤਰ੍ਹਾਂ ਹੀ

ਯੋਗ ਚੇਲਾ, ਸਮੇਂ ਅਨੁਸਾਰ ਧਰਮ ਦਾ ਪਾਲਣ ਕਰਨ ਵਾਲੇ ਲੋਕਾਂ ਦਾ ਆਸਰਾ ਬਣਦਾ ਹੈ।45।

ਪੜ੍ਹਾਈ ਦੇ ਸਮੇਂ ਤੋਂ ਪਹਿਲਾਂ ਹੀ ਵਿਨੈ ਭਾਵ ਜਾਣਕਾਰ, ਬੁੱਧੀਮਾਨ ਉਸ ਨੂੰ ਗੰਭੀਰ ਵਿਪੁਲ (ਮਹਾਨ) ਸ਼ਰੁਤ ਗਿਆਨ (ਗੁਰੂ ਤੋਂ ਸੁਣੇ) ਦਾ ਲਾਭ ਪ੍ਰਦਾਨ ਕਰਦੇ ਹਨ।46।

ਉਹ ਚੇਲਾ ਆਦਰਯੋਗ ਹੁੰਦਾ ਹੈ, ਉਸ ਦਾ ਸ਼ਾਸਤਰ ਦਾ ਗਿਆਨ ਲੋਕਾਂ ਵਿਚ ਆਦਰ ਪਾਉਂਦਾ ਹੈ ਉਸ ਦੇ ਸਾਰੇ ਭੁਲੇਖੇ ਮਿਟ ਜਾਂਦੇ ਹਨ। ਉਹ ਗੁਰੂ ਨੂੰ ਪਿਆਰਾ ਲੱਗਦਾ ਹੈ। ਉਹ ਸਾਧੂਆਂ ਦੇ ਆਚਾਰ ਨਾਲ ਯੁਕਤ (ਭਰਪੂਰ) ਹੁੰਦਾ ਹੈ। ਪੰਜ ਮਹਾਵਰਤਾਂ ਦਾ ਪਾਲਣ ਕਰਕੇ ਮਹਾਨ ਤੇਜ ਵਾਲਾ ਹੁੰਦਾ ਹੈ।47।

ਉਹ ਦੇਵ, ਗੰਧਰਵ ਅਤੇ ਮਨੁੱਖਾਂ ਰਾਹੀਂ ਮਾਨਯੋਗ ਚੇਲਾ, ਮੈਲ ਨਾਲ ਲਿੱਬੜੀ ਇਸ ਦੇਹ ਨੂੰ ਤਿਆਗ ਕੇ ਸ਼ਾਸਵਤ ਸਿੱਧ (ਜਨਮ ਮਰਨ ਤੋਂ ਰਹਿਤ ਹੁੰਦਾ ਹੈ ਅਤੇ ਜੋ ਬਾਕੀ ਥੋੜ੍ਹੇ ਕਰਮ ਵਾਲਾ ਹੁੰਦਾ ਹੈ, ਉਹ ਮਹਾਨ ਰਿੱਧੀ ਵਾਲਾ ਦੇਵਤਾ ਹੁੰਦਾ ਹੈ।48।

ਅਜਿਹਾ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 1

ਸੰਜੋਗ ਦਾ ਅਰਥ ਬਾਹਰਲਾ (ਪਰਿਵਾਰ ਤੇ ਭੌਤਿਕ ਸਾਮੱਗਰੀ ਸਬੰਧੀ) ਅਤੇ ਅੰਦਰਲਾ (ਵਿਸ਼ੈ ਵਿਕਾਰਾਂ ਤੇ ਕਸ਼ਾਏ (ਕ੍ਰੋਧ, ਮਾਨ, ਮਾਇਆ, ਲੋਭ) ਆਦਿ ਹੈ।

ਵਿਨੈ ਦਾ ਅਰਥ ਆਚਾਰ ਹੈ ਅਤੇ ਦੂਸਰਾ ਨਿਮਰਤਾ ਹੈ।

"विनय : साधुजनासेवित : समाचारस्त, विनमनं वा विनमय"

(ਸ਼ਾਂਤਾ ਅਚਾਰਿਆ ਕ੍ਰਿਤ ਬ੍ਰਿਹਦ ਵਿਰਤੀ)

ਗਾਥਾ 2

'ਆਗਿਆ' ਤੇ 'ਨਿਰਦੇਸ਼' ਇਕ ਹੀ ਅਰਥ ਦੇ ਸੂਚਕ ਹਨ ਪਰ ਉੱਤਰਾਧਿਐਨ ਚੂਰਨੀ ਅੰਦਰ ਆਗਿਆ ਤੋਂ ਭਾਵ ਆਗਮਾਂ (ਸ਼ਾਸਤਰ) ਦਾ ਉਪਦੇਸ਼ ਹੈ ਅਤੇ ਨਿਰਦੇਸ਼ ਦਾ ਅਰਥ ਹੈ ਆਗਮ ਦੇ ਅਨੁਸਾਰ ਗੁਰੂਆਂ ਦੇ ਬਚਨ।

ਗਾਥਾ 3

_____ਦ।ਾਦ੍।ਝਘ' ਸ਼ਬਦ ਦੇ ਦੋ ਅਰਥ ਹਨ :

1. ਚੌਲਾਂ ਦਾ ਫੂਸ

2. ਚੌਲਾਂ ਨਾਲ ਮਿਲਿਆ ਹੋਇਆ ਹੋਰ ਚੀਜ਼ਾਂ ਦਾ ਮਿਸ਼ਰਣ

ਗਾਥਾ 12

'अकीर्ण' ਵਿਨੀਤ (ਕਿਹਾ ਮੰਨਣ ਵਾਲਾ) ਘੋੜੇ ਤੇ ਬੈਲ ਨੂੰ ਆਖਦੇ ਹਨ।

ਗਾਥਾ 14 : ਮਹਾਭਾਰਤ ਸ਼ਾਂਤੀ ਪਰਵ - 287/35

ਗਾਥਾ 15 : ਧੱਮਪਦ 12/3

ਗਾਥਾ 17 : ਥੇਰੀ ਗਾਥਾ 247

ਗਾਥਾ 18 : 'ਆਚਾਰੀਆ' ਤੋਂ ਭਾਵ ਧਰਮ ਸੰਘ ਦਾ ਨੇਤਾ ਹੈ। ਇਸ ਸੰਘ ਵਿਚ ਸਾਧੂ, ਸਾਧਵੀ, ਸ਼੍ਰਾਵਕ (ਉਪਾਸਕ), ਸ਼੍ਰਾਵਿਕਾਵਾਂ (ਉਪਾਸਕਾਵਾਂ) ਸ਼ਾਮਲ ਹਨ।

ਗਾਥਾ 47 : ਪੰਜ ਮਹਾਵਰਤਾਂ ਦੇ ਨਾਂਅ ਇਸ ਪ੍ਰਕਾਰ ਹਨ :

(1) ਅਹਿੰਸਾ

(2) ਸੱਚ

(3) ਅਤਿਸ਼ੈ (ਚੋਰੀ ਨਾ ਕਰਨਾ)

(4) ਅਪਰਿਗ੍ਰਹਿ (ਜ਼ਰੂਰਤ ਤੋਂ ਵੱਧ ਚੀਜ਼ਾਂ ਦਾ ਸੰਗ੍ਰਹਿ ਨਾ ਕਰਨਾ ਜਾਂ ਸੰਸਾਰਿਕ ਚੀਜ਼ਾਂ ਪ੍ਰਤੀ ਕਿਸੇ ਕਿਸਮ ਦਾ ਲਗਾਵ ਨਾ ਰੱਖਣਾ)

(5) ਬ੍ਰਹਮਚਰਜ

ਹਰ ਭਿਕਸ਼ੂ ਤੇ ਭਿਕਸ਼ੂਣੀ ਲਈ ਇਨ੍ਹਾਂ ਪੰਜ ਮਹਾਵਰਤਾਂ ਦਾ ਤਿੰਨ ਕਰਣ (ਕਰਨਾ, ਕਰਾਉਣਾ, ਕਿਸੇ ਕਰਦੇ ਨੂੰ ਚੰਗਾ ਜਾਨਣਾਂ), ਅਤੇ ਤਿੰਨ ਯੋਗ (ਮਨ, ਵਚਨ, ਕਾਇਆ) ਨਾਲ ਪਾਲਣ ਕਰਨਾ ਚਾਹੀਦਾ ਹੈ।

# 2.
# ਪਰਿਸ਼ੈ ਅਧਿਐਨ

ਪਰਿਸ਼ੈ ਦਾ ਭਾਵ ਉਹ ਮੁਸੀਬਤਾਂ, ਰੁਕਾਵਟਾਂ ਜਾਂ ਕੰਮਜ਼ੋਰੀਆਂ ਹਨ ਜੋ ਸਾਧੂ ਜੀਵਨ ਦੇ ਅੱਗੇ ਵਧਣ ਵਿਚ ਰੁਕਵਾਟਾਂ ਬਣਦੀਆਂ ਹਨ। ਸਾਧੂ ਇਨ੍ਹਾਂ ਦਾ ਮਜਬੂਤੀ ਤੇ ਤਿਆਗ ਨਾਲ ਮੁਕਾਬਲਾ ਕਰੇ ਅਤੇ ਇਨ੍ਹਾਂ ਪਰਿਸ਼ੈ ਨੂੰ ਇਕ ਕਸੌਟੀ ਸਮਝਦਾ ਹੋਇਆ ਆਪਣੀ ਆਤਮਾ ਦੇ ਉਦੇਸ਼ ਮੁਕੱਤੀ ਵਲ ਅੱਗੇ ਵਧੇ। ਇਹੋ ਇਸ ਅਧਿਐਨ ਦਾ ਸੰਖੇਪ ਭਾਵ, ਅਰਥ ਜਾਂ ਸਾਰ ਹੈ।

ਇਹ ਪਰਿਸ਼ੈ 22 ਹਨ। ਜਿਨ੍ਹਾਂ ਦਾ ਸਾਹਮਣਾ ਸਾਧੂ ਸਾਧਵੀਆਂ ਨੂੰ ਆਪਣੇ ਸੰਜਮੀ ਜੀਵਨ ਵਿਚ ਹਰ ਰੋਜ਼ ਕਰਨਾ ਪੈਂਦਾ ਹੈ। ਸੰਸਕ੍ਰਿਤ ਵਿਚ ਪਰਿਸ਼ੈ ਸ਼ਬਦ ਦੀ ਉਤਪਤੀ ਇਸ ਪ੍ਰਕਾਰ ਹੈ :

अपि च परीत्ति सर्व प्रकारेण सहाते इति परिषह

ਜੋ ਸਭ ਪ੍ਰਕਾਰ ਨਾਲ ਸਹਿਣ ਕੀਤਾ ਜਾਂਦਾ ਹੈ, ਉਹ ਪਰਿਸ਼ੈ ਹੈ।

# ਦੂਸਰਾ ਅਧਿਐਨ

ਸ੍ਰਮਣ (ਸਾਧੂ) ਜੀਵਨ ਵਿਚ 22 ਪਰਿਸ਼ੈ (ਕਸ਼ਟ) ਹੁੰਦੇ ਹਨ, ਜੋ ਕਸ਼ਯਪ ਗੋਤ ਵਾਲੇ ਸ੍ਰਮਣ ਭਗਵਾਨ ਮਹਾਵੀਰ ਰਾਹੀਂ ਪ੍ਰਗਟ ਕੀਤੇ ਗਏ ਹਨ। ਜਿਨ੍ਹਾਂ ਨੂੰ ਸੁਣ ਕੇ, ਜਾਣ ਕੇ, ਅਭਿਆਸ ਰਾਹੀਂ ਵਾਕਫੀ ਕਰ ਕੇ, (ਉਨ੍ਹਾਂ ਨੂੰ) ਹਰਾ ਕੇ, ਭਿਕਸ਼ਾ ਲਈ ਘੁੰਮਦਾ ਹੋਇਆ ਮੁਨੀ ਘਬਰਾਉਂਦਾ ਨਹੀਂ।

"ਉਹ 22 ਪਰਿਸ਼ੈ ਕਿਹੜੇ-ਕਿਹੜੇ ਹਨ ? ਜੋ ਕਸ਼ਯਪ ਗੋਤ ਵਾਲੇ ਸ੍ਰਮਣ ਭਗਵਾਨ ਮਹਾਵੀਰ ਰਾਹੀਂ ਪ੍ਰਗਟ ਕੀਤੇ ਗਏ ਹਨ, ਜਿਨ੍ਹਾਂ ਨੂੰ ਸੁਣ ਕੇ, ਜਾਣ ਕੇ, ਅਭਿਆਸ ਰਾਹੀਂ ਵਾਕਫੀ ਕਰਕੇ, ਹਰਾ ਕੇ ਭਿਕਸ਼ਾ ਲਈ ਘੁੰਮਦਾ ਹੋਇਆ ਮੁਨੀ ਘਬਰਾਉਂਦਾ ਨਹੀਂ।"

"ਇਹ 22 ਪਰਿਸ਼ੈ ਇਹ ਹਨ ਜੋ ਕਸ਼ਯਪ ਗੋਤ ਵਾਲੇ ਸ੍ਰਮਣ ਭਗਵਾਨ ਮਹਾਵੀਰ ਰਾਹੀਂ ਪ੍ਰਗਟ ਕੀਤੇ ਗਏ ਹਨ, ਜਿਨ੍ਹਾਂ ਨੂੰ ਸੁਣ ਕੇ, ਜਾਣ ਕੇ, ਅਭਿਆਸ ਰਾਹੀਂ ਵਾਕਫੀ ਕਰਕੇ, ਹਰਾ ਕੇ ਭਿਕਸ਼ਾ ਲਈ ਘੁੰਮਦਾ ਹੋਇਆ ਮੁਨੀ ਘਬਰਾਉਂਦਾ ਨਹੀਂ।"

ਗੰਧਰ ਸੁਧਰਮਾ ਸਵਾਮੀ ਆਖਦੇ ਹਨ ਉਹ ਇਸ ਪ੍ਰਕਾਰ ਹਨ :

"ਹੇ ਜੰਬੂ ਨੂੰ ਮੈਂ ਸੁਣਿਆ ਹੈ, ਉਸ ਭਗਵਾਨ ਨੇ ਇਸ ਪ੍ਰਕਾਰ ਕਿਹਾ ਹੈ : ਜੈਨ-ਉਪਦੇਸ਼ ਵਿਚ ਕਸ਼ਯਪ ਗੋਤਰੀ ਭਗਵਾਨ ਮਹਾਵੀਰ ਨੇ 22 ਪਰਿਸ਼ੈ ਆਖੇ ਹਨ ਜਿਨ੍ਹਾਂ ਨੂੰ ਜਾਣ ਕੇ ਉਨ੍ਹਾਂ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰੇ। ਪਰਿਸ਼ੈ (ਮੁਸ਼ਕਿਲਾਂ) ਆਉਣ ਤੇ ਸਾਧੂਪੁਣੇ ਤੋਂ ਭ੍ਰਸ਼ਟ ਨਾ ਹੋਵੇ।

ਸ੍ਰੀ ਜੰਬੂ ਸਵਾਮੀ ਪੁੱਛਦੇ ਹਨ "ਉਹ ਪਰਿਸ਼ੈ ਕਿਹੜੇ

ਹਨ'' ? ਆਚਾਰਿਆ ਸੁਧਰਮਾ ਸਵਾਮੀ ਆਖਦੇ ਹਨ, ਹੇ ਜੰਬੂ ! ਇਹ ਪਰਿਸ਼ੈ ਇਸ ਪ੍ਰਕਾਰ ਹਨ :

(1) ਭੁੱਖ ਪਰਿਸ਼ੈ

(2) ਪਿਆਸ ਪਰਿਸ਼ੈ

(3) ਠੰਢ ਪਰਿਸ਼ੈ

(4) ਗਰਮੀ ਪਰਿਸ਼ੈ

(5) ਦੰਸ ਮਸ਼ਕ (ਮੱਛਰਾਂ ਆਦਿ ਜ਼ਹਿਰੀਲੇ ਜਾਨਵਰਾਂ ਦੇ ਡੰਗਣ ਦਾ) ਪਰਿਸ਼ੈ

(6) ਅਚੇਲ (ਕੱਪੜੇ ਫਟ ਜਾਣਾ, ਨਾ ਹੋਣਾ ਜਾਂ ਘੱਟ ਜਾਣ ਦਾ) ਪਰਿਸ਼ੈ

(7) ਅਰਤਿ (ਸੰਜਮ ਜਾਂ ਸਾਧੂਪੁਣੇ ਪ੍ਰਤਿ ਦਿਲਚਸਪੀ ਘੱਟ ਜਾਣ ਦਾ) ਪਰਿਸ਼ੈ

(8) ਇਸਤਰੀ ਪਰਿਸ਼ੈ

(9) ਚਰਿਆ (ਸਫਰ ਕਰਦੇ ਕਸ਼ਟ ਆਉਣ ਦਾ) ਪਰਿਸ਼ੈ

(10) ਨਿਸ਼ਧਾ (ਇਕੱਲਾਪਣ ਮਹਿਸੂਸ ਹੋਣ ਦਾ) ਪਰਿਸ਼ੈ

(11) ਸ਼ਇਆ (ਸੌਣ ਲਈ ਤਖ਼ਤਪੋਸ਼ ਜਾਂ ਉਚਿਤ ਥਾਂ ਨਾ ਮਿਲਣ ਦਾ) ਪਰਿਸ਼ੈ

(12) ਅਕਰੋਸ਼ (ਭਾਵ ਕਰੜ ਵਿਚ ਕਠੋਰ ਵਾਕ ਬੋਲਣ ਦਾ) ਪਰਿਸ਼ੈ

(13) ਬੱਧ (ਮਾਰਕੁੱਟ) ਪਰਿਸ਼ੈ

(14) ਯਾਚਨਾ (ਮੰਗਣ ਦਾ) ਪਰਿਸ਼ੈ

(15) ਅਲਾਭ (ਹਾਨੀ ਦਾ) ਪਰਿਸ਼ੈ

(16) ਰੋਗ ਦਾ ਪਰਿਸ਼ੈ

(17) ਘਾਹ ਫੂਸ ਚੁੱਭਣ ਦਾ ਪਰਿਸ਼ੈ

(18) ਜੱਲ (ਮੈਲ ਦਾ) ਪਰਿਸ਼ੈ

(19) ਆਦਰ ਸਤਿਕਾਰ ਦਾ ਪਰਿਸ਼ੈ

(20) ਪ੍ਰਗਿਆ (ਸਮਝ ਬੁੱਧੀ ਦਾ) ਪਰਿਸ਼ੈ

(21) ਅਗਿਆਨ ਦਾ ਪਰਿਸ਼ੈ

(22) ਦਰਸ਼ਨ (ਸੱਚੇ ਵਿਸ਼ਵਾਸ ਦੇ ਘਟ ਜਾਣ ਦਾ) ਪਰਿਸ਼ੈ

ਹੇ ਜੰਬੂ ! ਕਸ਼ਯਪ ਗੋਤਰੀ ਭਗਵਾਨ ਮਹਾਵੀਰ ਨੇ ਪਰਿਸ਼ੈ ਦੇ ਜੋ ਭੇਦ ਦੱਸੇ ਹਨ ਉਨ੍ਹਾਂ ਨੂੰ ਮੈਂ ਦੱਸਦਾ ਹਾਂ ਤੂੰ ਸਿਲਸਿਲੇ ਵਾਰ ਸੁਣ।1।

1. ਭੁੱਖ ਪਰਿਸ਼ੈ :

ਭੁੱਖ ਤੋਂ ਦੁਖੀ ਹੋ ਕੇ ਸੰਜਮੀ, ਤਪੱਸਵੀ ਸਾਧੂ ਨੂੰ ਚਾਹੀਦਾ ਹੈ ਕਿ ਉਹ ਫਲ ਨਾ ਆਪ ਤੋੜੇ ਨਾ ਦੂਸਰੇ ਤੋਂ ਤੁੜਵਾਏ, ਨਾ ਛੇਕ ਕਰੇ ਨਾ ਆਪ ਪਕਾਵੇ ਨਾ ਦੂਸਰੇ ਤੋਂ ਪਕਵਾਵੇ।2।

ਭੁੱਖ ਨਾਲ ਸੁੱਕ ਕੇ ਸਰੀਰ ਕਾਂ ਦੀ ਟੰਗ ਵਰਗਾ ਕਮਜ਼ੋਰ ਹੋ ਜਾਵੇ, ਨਸਾਂ ਵਿਖਾਈ ਦੇਣ ਲੱਗ ਪੈਣ, ਸਰੀਬ ਬੇ-ਢੰਗਾ ਬਣ ਜਾਵੇ ਤਾਂ ਵੀ ਆਹਾਰ (ਭੋਜਨ) ਪਾਣੀ ਦੀ ਮਰਿਆਦਾ ਨੂੰ ਜਾਨਣ ਵਾਲਾ ਸਾਧੂ ਦੁਖੀ ਨਾ ਹੋਵੇ, ਸਗੋਂ ਦ੍ਰਿੜ੍ਹਤਾ ਨਾਲ ਸੰਜਮ ਦਾ ਪਾਲਣ ਕਰੇ।3।

2. ਪਿਆਸ ਪਰਿਸ਼ੈ :

ਅਸੰਜਮ ਰਹਿਤ, ਮਰਿਆਦਾ ਵਾਲਾ, ਸ਼ਰਮ ਵਾਲਾ ਸਾਧੂ ਪਿਆਸ ਤੋਂ ਦੁਖੀ ਹੋਣ ਤੇ ਵੀ ਸਚਿੱਤ (ਕੱਚਾ) ਪਾਣੀ ਦੀ ਵਰਤੋਂ

ਨਹੀਂ ਕਰਦਾ, ਸਗੋਂ ਅੱਗ ਰਾਹੀਂ ਪਕਾਏ ਪ੍ਰਾਸੁਕ (ਜੀਵ ਰਹਿਤ) ਪਾਣੀ ਨੂੰ ਗ੍ਰਹਿਣ ਕਰਦਾ ਹੈ।4।

ਜੰਗਲ, ਉਜਾੜ ਵਿਚ, ਇਕਾਂਤ ਜਾਂਦੇ ਹੋਏ ਜੇ ਪਿਆਸ ਤੋਂ ਦੁਖੀ ਹੋਵੇ, ਚਾਹੇ ਮੂੰਹ ਸੁੱਕ ਜਾਵੇ ਤਾਂ ਵੀ ਸਹਿਨਸ਼ੀਲ ਹੋ ਕੇ ਕਸ਼ਟ ਸਹਿਨ ਕਰੇ।5।

3. ਠੰਢ ਪਰਿਸ਼ੈ :

ਪਾਪਾਂ ਤੋਂ ਵਿਰੱਕਤ ਅਤੇ ਲਗਾਵ ਦੀ ਭਾਵਨਾ ਤੋਂ ਰਹਿਤ ਸਾਧੂ ਨੂੰ ਠੰਢ ਕਾਰਨ ਕਸ਼ਟ ਹੁੰਦਾ ਹੈ ਫਿਰ ਵੀ ਆਤਮ ਜੇਤੂ, ਜੈਨ ਧਰਮ ਦੀ ਮਰਿਆਦਾ ਨੂੰ ਸਮਝ ਕੇ ਆਪਣੀ ਮਰਿਆਦਾ ਜਾਂ ਸਵਾਧਿਆਇ ਦੀ ਉਲੰਘਣਾ ਨਾ ਕਰੇ। ਸਗੋਂ ਜਿਨ ਸ਼ਾਸਨ (ਜੈਨ ਧਰਮ) ਵੀਤਰਾਗ ਪ੍ਰਮਾਤਮਾ ਦੀ ਸਿੱਖਿਆ ਨੂੰ ਸੁਣ ਕੇ ਠੰਢ ਦੇ ਪਰਿਸ਼ੈ ਨੂੰ ਸਹਿਣ ਕਰੇ।6।

ਠੰਢ ਲੱਗਣ ਤੇ ਸਾਧੂ ਇੰਝ ਨਾ ਸੋਚੇ ਕਿ ਮੇਰੇ ਪਾਸ ਠੰਢ ਦੇ ਬਚਾਉ ਲਈ ਕੋਈ ਮਕਾਨ ਨਹੀਂ, ਸਰੀਰ ਨੂੰ ਠੰਢ ਆਦਿ ਤੋਂ ਬਚਾਉਣ ਲਈ ਕੰਬਲ ਆਦਿ ਵੀ ਨਹੀਂ ਤਾਂ ਮੈਂ ਕਿਉਂ ਨਾ ਅੱਗ ਸੇਕ ਲਵਾਂ ? ਅਜਿਹਾ ਚਿੰਤਨ ਸਾਧੂ ਕਦੇ ਵੀ ਨਾ ਕਰੇ।

ਠੰਢ ਦੂਰ ਕਰਨ ਲਈ ਮਕਾਨ, ਕੰਬਲ ਆਦਿ ਸਾਧਨ ਨਹੀਂ, ਇਸ ਲਈ ਮੈਂ ਅੱਗ ਦੀ ਵਰਤੋਂ ਕਰ ਲਵਾਂ ਅਜਿਹਾ ਵਿਚਾਰ ਵੀ ਮਨ ਵਿਚ ਨਾ ਲਿਆਵੇ।7।

4. ਗਰਮੀ ਦਾ ਪਰਿਸ਼ੈ :

ਗਰਮ ਭੂਮੀ, ਸ਼ਿਲਾ ਤੇ ਲੂ ਆਦਿ ਦੇ ਕਸ਼ਟ, ਪਿਆਸ ਤੇ ਗਰਮ ਸੂਰਜ ਦੀ ਗਰਮੀ ਦੁਖੀ ਹੋਣ ਤੇ ਵੀ ਠੰਢ ਆਦਿ ਸੁੱਖ ਦੀ

ਇੱਛਾ ਨਾ ਕਰੇ।8।

ਬੁੱਧੀਮਾਨ ਸਾਧੂ ਗਰਮੀ ਤੋਂ ਦੁਖੀ ਹੋ ਕੇ ਇਸ਼ਨਾਨ ਕਰਨ ਦੀ ਇੱਛਾ ਨਾ ਕਰੇ। ਨਾ ਹੀ ਸਰੀਰ ਨੂੰ ਗਿੱਲਾ ਕਰੇ, ਨਾ ਹੀ ਪੱਖੇ ਦੀ ਹਵਾ ਕਰੇ।9।

5. ਮੱਛਰਾਂ ਆਦਿ ਦਾ ਪਿਰਸ਼ੈ :

ਜਿਸ ਤਰ੍ਹਾਂ ਲੜਾਈ ਵਿਚ ਅੱਗੇ ਰਹਿਣ ਵਾਲੇ ਹਾਥੀ, ਤੀਰਾਂ ਦੀ ਪ੍ਰਵਾਹ ਨਾ ਕਰਦੇ ਹੋਏ ਦੁਸ਼ਮਣਾਂ ਨੂੰ ਮਾਰਦੇ ਹਨ, ਉਸੇ ਪ੍ਰਕਾਰ ਮੱਛਰ ਆਦਿ ਡੰਗ ਮਾਰਨ ਵਾਲੇ ਜੀਵਾਂ ਦੇ ਕਸ਼ਟਾਂ ਨੂੰ ਸਾਧੂ ਧੀਰਜ-ਪੂਰਵਕ ਸਹਿਨ ਕਰੇ ਅਤੇ ਕਰੋਧ ਨੂੰ ਜਿੱਤੇ।10।

ਆਪਣੇ ਮਾਸ ਤੇ ਖ਼ੂਨ ਨੂੰ ਚੂਸਦੇ ਹੋਏ ਜੀਵਾਂ ਨੂੰ ਨਾ ਮਾਰੇ, ਨਾ ਹੀ ਸਤਾਵੇ, ਨਾ ਹੀ ਰੋਕੇ, ਮਨ ਵਿਚ ਉਨ੍ਹਾਂ ਪ੍ਰਤੀ ਗੁੱਸਾ ਨਾ ਕਰੇ, ਸਗੋਂ ਪਰ ਸਮਭਾਵ ਰੱਖੇ।11।

6. ਕੱਪੜੇ ਫਟ ਜਾਣ ਦਾ ਪਰਿਸ਼ੈ :

ਸਾਰੇ ਕੱਪੜੇ ਫਟ ਜਾਣ ਤੇ ਮੈਂ ਕੱਪੜੇ ਤੋਂ ਰਹਿਤ ਹੋ ਜਾਵਾਂਗਾ ਜਾਂ ਨਵੇਂ ਮਿਲਣ ਤੇ ਕੱਪੜੇ ਸਹਿਤ ਰਹਾਂਗਾ। ਇਸ ਪ੍ਰਕਾਰ ਦਾ ਵਿਚਾਰ ਨਾ ਕਰੇ।12।

ਸਾਧੂ ਕਦੇ (ਜਿਨ ਕਲਪ) ਵਸਤਰ ਰਹਿਤ ਹੁੰਦਾ ਤੇ ਕਦੇ (ਸਥਵਿਰ ਕਲਪੀ) ਵਸਤਰ ਸਹਿਤ, ਦੋਹਾਂ ਹਾਲਤਾਂ ਨੂੰ ਧਰਮ ਹਿਤਕਾਰੀ ਸਮਝ ਕੇ ਦੁਖੀ ਨਾ ਹੋਵੇ।13।

7. ਅਰਤਿ ਪਰਿਸ਼ੈ :

ਇਕ ਪਿੰਡ ਤੋਂ ਦੂਸਰੇ ਪਿੰਡ ਫਿਰਦੇ ਹੋਏ ਅਪਰਿ-ਗ੍ਰਹਿ (ਮਾਇਆ ਰਹਿਤ) ਸਾਧੂ ਨੂੰ ਜੇ ਕਦੇ ਸੰਜਮ ਪ੍ਰਤੀ ਰੁਚੀ ਨਾ ਰਹੇ ਤਾਂ

10. ਨਿਸ਼ਧਾ (ਇਕੱਲੇਪਣ ਦਾ) ਪਰਿਸ਼ੈ :

ਸਾਧੂ ਸ਼ਮਸ਼ਾਨ ਵਿਚ, ਉਜਾੜਾਂ ਵਿਚ ਜਾਂ ਦਰਖ਼ਤਾਂ ਦੇ ਖੋਖਲੇ ਭਾਗਾਂ ਵਿਚ ਕਿਸੇ ਪ੍ਰਕਾਰ ਦੀ ਬੁਰੀ ਹਰਕਤ ਨਾ ਕਰੇ, ਉਹ ਕਿਸੇ ਨੇੜੇ ਦੇ ਪ੍ਰਾਣੀ ਨੂੰ ਦੁੱਖ ਨਾ ਦੇਵੇ।20।

ਸ਼ਮਸ਼ਾਨ ਵਿਚ ਬੈਠੇ ਸਾਧੂ ਨੂੰ ਜੇਕਰ ਕੋਈ ਕਸ਼ਟ ਆਵੇ ਤਾਂ ਉਹ ਉਸ ਕਸ਼ਟ ਨੂੰ ਦ੍ਰਿੜ੍ਹਤਾ ਨਾਲ ਸਹਿਨ ਕਰੇ। ਡਰ ਕੇ ਆਸ ਪਾਸ ਨਾ ਭੱਜੇ।21।

11. ਸ਼ੈਯਾ ਪਰਿਸ਼ੈ :

ਸਮਰੱਥ ਤਪੱਸਵੀ ਨੂੰ ਉੱਚਾ-ਨੀਵਾਂ ਸੌਣ ਵਾਲਾ ਥਾਂ ਮਿਲੇ ਤਾਂ ਖੁਸ਼ੀ ਜਾਂ ਦੁੱਖ ਵਿਚ ਸੰਜਮ ਦੀ ਮਰਿਆਦਾ ਦਾ ਉਲੰਘਣ ਨਾ ਕਰੇ ਸਗੋਂ ਤਪੱਸਵੀ ਸਾਧੂ ਉਸ ਕਸ਼ਟ ਨੂੰ ਸਹਿਣ ਕਰਕੇ ਆਪਣੇ ਆਪ ਨੂੰ ਸ਼ਕਤੀਸ਼ਾਲੀ ਬਣਾਵੇ। ਕਿਉਂਕਿ ਪਾਪ ਦ੍ਰਿਸ਼ਟੀ ਵਾਲੇ ਦਾ ਹੀ ਸਮਾਂ ਭੰਗ (ਬਰਬਾਦ) ਹੁੰਦਾ ਹੈ।22।

ਇਸਤ੍ਰੀ, ਪੁਰਸ਼, ਹਿਜੜੇ ਆਦਿ ਤੋਂ ਰਹਿਤ ਠਹਿਰਣ ਯੋਗ ਉਪਾਸਰਾ (ਥਾਂ) ਨੂੰ ਪ੍ਰਾਪਤ ਕਰਕੇ ਮੁਨੀ ਇਹ ਸੋਚੇ ਕਿ ਮੇਰਾ ਇਕ ਰਾਤ ਵਿਚ ਕੁਝ ਨਹੀਂ ਵਿਗੜਦਾ। ਅਜਿਹਾ ਸੋਚ ਕੇ ਉਹ ਉਥੇ ਹੋਣ ਵਾਲੇ ਠੰਢ ਆਦਿ ਮੌਸਮ ਨੂੰ ਖੁਸ਼ੀ ਨਾਲ ਸ਼ਾਂਤੀ ਪੂਰਵਕ ਸਹਿਣ ਕਰੇ।23।

12. ਅਕਰੋਸ਼ (ਕਠੋਰ ਵਚਨ ਦਾ) ਪਰਿਸ਼ੈ :

ਸਾਧੂ ਨੂੰ ਜੇ ਕੋਈ ਗਾਲ੍ਹ ਕੱਢੇ, ਅਪਮਾਨ ਕਰੇ ਤਾਂ ਉਸ ਜੀਵ ਤੇ ਕਰੋਧ ਨਾ ਕਰੇ। ਕਰੋਧ ਕਰਨ ਵਾਲਾ ਸਾਧੂ ਆਪ ਅਗਿਆਨੀ ਦੇ ਸਮਾਨ ਹੋ ਜਾਂਦਾ ਹੈ। ਇਸ ਲਈ ਸਾਧੂ ਗਾਲ੍ਹ ਕੱਢਣ ਵਾਲੇ

ਅਜਿਹੀ ਹਾਲਤ ਨੂੰ ਚੁੱਪ ਕਰਕੇ ਸਹਿਣ ਕਰੇ।14।

ਚਿੰਤਾ ਨੂੰ ਪਿੱਛੇ ਛੱਡ ਕੇ ਅਰਥਾਤ ਚਿੰਤਾ ਤੋਂ ਮੂੰਹ ਮੋੜ ਕੇ ਆਤਮਾ ਰੱਖਿਅਕ ਭਾਵ ਆਤਮ ਗਿਆਨ ਲਈ ਯਤਨਸ਼ੀਲ ਵਿਰਕਤ ਸਾਧੂ ਸਭ ਪ੍ਰਕਾਰ ਦੀਆਂ ਪਾਪਕਾਰੀ ਕਿਰਿਆਵਾਂ ਨੂੰ ਛੱਡ ਕੇ ਹਮੇਸ਼ਾ ਸ਼ਾਂਤ ਸੁਭਾਅ ਵਿਚ ਰਹਿ ਕੇ ਧਰਮ ਰੂਪੀ ਬਾਗ ਵਿਚ ਘੁੰਮੇ।15।

8. ਇਸਤਰੀ ਪਰਿਸ਼ੈ :

ਸੰਸਾਰ ਵਿਚ ਇਸਤ੍ਰੀਆਂ ਪੁਰਸ਼ਾਂ ਦੇ ਲਈ ਵਾਸਨਾ ਜਾਂ ਖਿੱਚ ਦਾ ਕਾਰਨ ਹਨ। ਇਹ ਜਾਣ ਕੇ, ਜਿਸ ਨੇ ਇਸਤ੍ਰੀਆਂ ਦਾ ਤਿਆਗ ਕਰ ਦਿੱਤਾ ਉਸਦਾ ਸਾਧੂਪੁਣਾ ਸਫਲ ਹੈ।16।

ਬੁੱਧੀਮਾਨ ਸਾਧੂ ਇਸਤ੍ਰੀਆਂ ਦੇ ਸਾਥ ਨੂੰ ਚਿੱਕੜ ਸਮਝ ਕੇ ਉਸ ਵਿਚ ਨਾ ਫਸੇ ਅਤੇ ਆਤਮਾ ਦੇ ਸਰੂਪ ਦੀ ਖੋਜ ਕਰਨ ਵਾਲਾ ਸਾਧੂ ਸੰਜਮ ਦਾ ਪਾਲਣ ਕਰੇ।17।

9. ਚਰਿਆ (ਸਫਰ ਕਰਦੇ ਸਮੇਂ ਕਸ਼ਟ ਆਉਣ ਦਾ) ਪਰਿਸ਼ੈ :

ਸੰਜਮੀ ਸਾਧੂ ਇਕੱਲਾ ਹੀ ਥੋੜ੍ਹੇ ਭੋਜਨ ਰਾਹੀਂ ਗੁਜ਼ਾਰਾ ਕਰਦਾ ਹੋਇਆ ਪਿੰਡ ਸ਼ਹਿਰ, ਰਾਜਧਾਨੀ ਵਿਚ ਇਕੱਲੇਪਣ ਦੀ ਭਾਵਨਾ ਨਾਲ ਘੁੰਮੇ।18।

ਸਾਧੂ ਬਿਨਾਂ ਸਹਾਰੇ ਹੰਕਾਰ ਰਹਿਤ ਹੋ ਕੇ ਘੁੰਮੇ, ਪਰਿਗ੍ਰਹਿ (ਸੰਪਤੀ ਇਕੱਠੀ) ਨਾ ਕਰੇ, ਗ੍ਰਹਿਸਥੀਆਂ ਨਾਲ ਨਿੱਜੀ ਸਬੰਧ ਨਾ ਰੱਖਦਾ ਹੋਇਆ, ਸਭ ਜਗ੍ਹਾ ਘਰੇਲੂ ਬੰਧਨਾਂ ਤੋਂ ਰਹਿਤ ਹੋ ਕੇ ਘੁੰਮੇ।19।

ਪ੍ਰਤੀ ਕਰੋਧ ਨਾ ਕਰੇ।24।

ਸਾਧੂ ਕੰਨਾਂ ਵਿਚ ਕਾਂਟੇ ਸਮਾਨ ਚੁਭਣ ਵਾਲੀ ਕਠੋਰ ਭਾਸ਼ਾ ਨੂੰ ਸੁਣ ਕੇ ਚੁੱਪ ਕਰ ਜਾਵੇ ਤੇ ਬੇਪ੍ਰਵਾਹ ਹੋ ਕੇ ਉਸ ਨੂੰ ਮਨ ਵਿਚ ਕੋਈ ਥਾਂ ਨਾ ਦੇਵੇ।25।

## 13. ਬੱਧ (ਮਾਰ-ਕੁੱਟ) ਪਰਿਸ਼ੈ :

ਸਾਧੂ ਨੂੰ ਜੇਕਰ ਕੋਈ ਮਾਰੇ ਤਾਂ ਸਾਧੂ ਉਸ ਤੇ ਕਰੋਧ ਨਾ ਕਰੇ ਅਤੇ ਸੂਖਮ ਕਰੋਧ ਕਾਰਨ ਮਨ ਵਿਚ ਗੁੱਸਾ ਨਾ ਕਰੇ। ਖਿਮਾਂ ਸਰਬ ਉੱਚ ਧਰਮ ਹੈ। ਇਹ ਸੋਚ ਕੇ ਧਰਮ ਦਾ ਚਿੰਤਨ ਕਰੇ।26।

ਸੰਜਮੀ ਤੇ ਇੰਦਰੀਆਂ ਨੂੰ ਕਾਬੂ ਕਰਨ ਵਾਲੇ ਨੂੰ ਜੇ ਕੋਈ ਕਿਸੇ ਥਾਂ ਤੇ ਮਾਰੇ ਤਾਂ ਇਹ ਸੋਚੇ ਕਿ ਜੀਵ ਆਤਮਾ ਦਾ ਕਦੇ ਵਿਨਾਸ਼ ਨਹੀਂ ਹੁੰਦਾ ਅਤੇ ਜੋ ਸਰੀਰ ਹੈ ਉਹ ਮੇਰਾ ਨਹੀਂ। ਮੇਰੀ ਤਾਂ ਆਤਮਾ ਹੈ। ਇਸ ਪ੍ਰਕਾਰ ਮਨ ਵਿਚ ਸੰਮਤਾ ਭਾਵ ਰੱਖੇ।27।

## 14. ਯਾਚਨਾ ਪਰਿਸ਼ੈ :

ਅਨਗਾਰ (ਸਾਧੂ) ਦਾ ਜੀਵਨ ਨਿਸ਼ਚੈ ਹੀ ਕਠਿਨ ਹੈ। ਉਸ ਨੂੰ ਭੋਜਨ ਆਦਿ ਵਸਤਾਂ ਮੰਗਣ ਤੇ ਹੀ ਮਿਲਦੀਆਂ ਹਨ। ਬਿਨਾਂ ਮੰਗ ਕੁਝ ਨਹੀਂ ਮਿਲਦਾ।28।

ਭੋਜਨ ਦੇ ਲਈ ਗਏ ਸਾਧੂ ਨੂੰ ਗ੍ਰਹਿਸਥੀ ਅੱਗੇ ਹੱਥ ਫੈਲਾਉਣਾ ਸੌਖਾ ਨਹੀਂ ਹੁੰਦਾ ਸਾਧੂ ਭੋਜਨ ਲਈ ਗਿਆ ਸੰਕੋਚ ਵਸ ਇਹ ਨਾ ਸੋਚੇ ਕਿ ਮੰਗ ਕੇ ਖਾਣ ਨਾਲੋਂ ਤਾਂ ਗ੍ਰਹਿਸਥ ਆਸ਼ਰਮ ਹੀ ਚੰਗਾ ਹੈ।29।

## 15. ਅਲਾਭ ਪਰਿਸ਼ੈ :

ਭੋਜਨ ਤਿਆਰ ਹੋ ਜਾਣ ਦੇ ਸਮੇਂ ਗ੍ਰਹਿਸਥੀ ਦੇ ਘਰ ਮੰਗਣ

ਜਾਵੇ, ਜੇ ਭੋਜਨ ਮਿਲਣ ਤੇ ਖੁਸ਼ ਨਾ ਹੋਵੇ ਅਤੇ ਨਾ ਮਿਲਣ ਤਾਂ ਬੁੱਧੀਮਾਨ ਸਾਧੂ ਦੁਖੀ ਨਾ ਹੋਵੇ।30।

ਮੈਨੂੰ ਅੱਜ ਭੋਜਨ ਨਹੀਂ ਮਿਲਿਆ ਤਾਂ ਸ਼ਾਇਦ ਕੱਲ੍ਹ ਨੂੰ ਮਿਲ ਜਾਵੇ। ਇਸ ਤਰ੍ਹਾਂ ਸੋਚਣ ਵਾਲੇ ਨੂੰ ਅਲਾਭ-ਪਰਿਸ਼ੈ ਤੰਗ ਨਹੀਂ ਕਰਦਾ।

## 16. ਰੋਗ ਪਰਿਸ਼ੈ :

ਰੋਗ ਉਤਪੰਨ ਹੋਣ ਤੇ ਦੁਖੀ ਹੋਇਆ ਸਾਧੂ ਹੀਨਤਾ ਰਹਿਤ ਹੋ ਕੇ ਆਪਣੀ ਬੁੱਧੀ ਨੂੰ ਸਥਿਰ ਰੱਖੇ ਅਤੇ ਉਤਪੰਨ ਹੋਏ ਰੋਗ ਨੂੰ (ਰਾਗ ਦਵੇਸ਼ ਤੋਂ ਰਹਿਤ) ਸਮਭਾਵ ਨਾਲ ਸਹਿਨ ਕਰੇ।32।

ਆਤਮ ਸ਼ੁੱਧੀ ਵਾਲਾ ਮੁਨੀ ਦਵਾਈ ਨਾਲ ਇਲਾਜ ਉਪਚਾਰ ਦੀ ਹਿਮਾਇਤ ਨਾ ਕਰੇ, ਸਗੋਂ ਰੋਗ ਨੂੰ ਸਮਭਾਵ ਨਾਲ ਸਹਿਨ ਕਰੇ। ਇਹੋ ਉਸ ਦਾ ਸਾਧੂਪੁਣਾ ਹੈ ਕਿ ਉਹ ਇਲਾਜ ਨਾ ਆਪ ਕਰੇ ਤੇ ਨਾ ਕਰਾਵੇ।33।

## 17. ਤਰਿਨ (ਸਪਰਸ਼) ਪਰਿਸ਼ੈ :

ਕੱਪੜਿਆਂ ਤੋਂ ਰਹਿਤ ਤੇ ਰੁੱਖੇ ਸਰੀਰ ਵਾਲੇ ਸੰਜਮੀ ਤਪੱਸਵੀ ਨੂੰ ਘਾਹ ਤੇ ਸੌਣ ਕਰਕੇ ਸਰੀਰ ਵਿਚ ਪੀੜ ਹੁੰਦੀ ਹੈ।34।

ਗਰਮੀ ਪੈਣ ਦੇ ਕਾਰਣ ਘਾਹ ਤੇ ਸੌਣ ਲੱਗਿਆਂ ਬਹੁਤ ਪੀੜ ਹੁੰਦੀ ਹੈ ਉਸ ਸਮੇਂ ਅਲੇਲਕ (ਨੰਗਾ) ਮੁਨੀ ਕੱਪੜਾ ਆਦਿ ਸੇਵਨ ਨਾ ਕਰੇ।35।

## 18. ਮਲ ਪਰਿਸ਼ੈ :

ਗਰਮੀ ਆਦਿ ਪਸੀਨੇ ਨਾਲ ਸਰੀਰ ਗਿੱਲਾ ਹੋ ਗਿਆ ਹੋਵੇ , ਮੈਲ ਨਾਲ ਜਾਂ ਮਿੱਟੀ ਦੀ ਧੂੜ ਨਾਲ ਜੇ ਸਰੀਰ ਲਿੱਬੜ ਵੀ ਜਾਵੇ

ਤਾਂ ਬੁੱਧੀਮਾਨ ਸਾਧੂ ਆਪਣੇ ਸਰੀਰਕ ਸੁੱਖ ਦੇ ਲਈ ਮਨ ਵਿਚ ਹੀਣ ਭਾਵ ਨਾ ਲਿਆਵੇ।36।

ਕਰਮਾਂ ਦੀ ਨਿਰਜਰਾ (ਕਰਮਾਂ ਦੇ ਚੱਕਰ) ਦਾ ਖ਼ਾਤਮਾ ਕਰਨ ਵਾਲਾ ਸਾਧੂ ਸਰਬ ਉੱਤਮ ਆਰੀਆ ਧਰਮ (ਜੈਨ ਧਰਮ) ਨੂੰ ਪ੍ਰਾਪਤ ਕਰਕੇ ਜ਼ਿੰਦਗੀ ਦੇ ਆਖ਼ਰੀ ਸਮੇਂ ਵੀ ਸਰੀਰ ਰਾਹੀਂ ਮੈਲ ਪਰਿਸ਼ੈ ਨੂੰ ਸਮਭਾਵ ਨਾਲ ਸਹਿਨ ਕਰੇ।37।

19. ਸਤਿਕਾਰ (ਪੁਰਸਕਾਰ) ਪਰਿਸ਼ੈ :

ਜੇ ਕੋਈ ਸਵੈ ਧਰਮੀ ਜਾਂ ਪਰ ਧਰਮੀ ਸਾਧੂ ਰਾਜਾ ਆਦਿ ਦਾ ਸਤਿਕਾਰ ਨਮਸਕਾਰ ਜਾਂ ਬੁਲਾਵਾ ਸਵੀਕਾਰ ਕਰਦੇ ਹਨ ਤਾਂ ਸੱਚਾ ਸਾਧੂ ਇਸ ਸਤਿਕਾਰ ਦੀ ਇੱਛਾ ਨਾ ਕਰੇ ਤੇ ਨਾ ਹੀ ਉਨ੍ਹਾਂ ਦੀ ਪ੍ਰਸ਼ੰਸਾ ਕਰੇ।38।

ਘੱਟ ਕਸ਼ਾਇ (ਕਰੋਧ, ਮਾਨ, ਮਾਇਆ, ਲੋਭ ਵਾਲ) ਨਿਰਹੰਕਾਰ, ਥੋੜ੍ਹੀ ਇੱਛਾ ਵਾਲਾ, ਅਗਿਆਤ (ਅਨਜਾਣ) ਕੁਲਾਂ (ਪਰਿਵਾਰਾਂ) ਦਾ ਭੋਜਨ ਕਰਨ ਵਾਲਾ ਤੇ ਸਵਾਦ ਦੇ ਚੱਕਰ ਤੋਂ ਮੁਕਤ, ਬੁੱਧੀਮਾਨ ਸਾਧੂ ਰਸ ਵਾਲੇ ਭੋਜਨ ਦੀ ਇੱਛਾ ਨਾ ਕਰੇ ਅਤੇ ਦੂਜੇ ਨੂੰ ਸਨਮਾਨ ਪਾਉਂਦਿਆਂ ਵੇਖ ਕੇ ਦੁਖੀ ਨਾ ਹੋਵੇ।39।

20. ਪ੍ਰਗਿਆ ਪਰਿਸ਼ੈ :

ਕਿਸੇ ਦੇ ਸਵਾਲ ਕਰਨ ਤੇ ਉੱਤਰ ਨਾ ਦੇ ਸਕੇ ਤਾਂ ਇਸ ਪ੍ਰਕਾਰ ਸੋਚੋ ਕਿ ਮੈਂ ਪਿਛਲੇ ਜਨਮ ਵਿਚ ਅਗਿਆਨ (ਗਿਆਨਾਵਰਨੀਆ ਕਰਮ) ਦਾ ਫਲ ਦੇਣ ਵਾਲੇ ਕਰਮ ਕੀਤੇ ਸਨ। ਇਸ ਕਾਰਨ ਹੀ ਮੈਂ ਇਸ ਸਵਾਲ ਦਾ ਉੱਤਰ ਨਹੀਂ ਦੇ ਸਕਿਆ।40।

ਇਸ ਤੋਂ ਬਾਅਦ ਗਿਆਨ ਫਲ ਦੇਣ ਵਾਲੇ ਕਰਮਾਂ ਦਾ ਪ੍ਰਕਾਸ਼

ਹੋਵੇਗਾ। ਇਸ ਤਰ੍ਹਾਂ ਕਰਮ ਫਲ ਨੂੰ ਜਾਣ ਕੇ ਆਤਮਾ ਨੂੰ ਭਰੋਸਾ ਦਿਲਾਵੇ।41।

## 21. ਅਗਿਆਨ ਪਰਿਸ਼ੈ :

ਧਰਮ ਦੇ ਪ੍ਰਤੀ ਸ਼ੰਕਾ ਹੋ ਜਾਣ ਤੇ ਅਜਿਹਾ ਨਾ ਸੋਚੇ ਕਿ ਮੈਂ ਹੁਣ ਤੱਕ ਕਲਿਆਣਕਾਰੀ ਧਰਮ ਤੇ ਪਾਪ ਨੂੰ ਨਹੀਂ ਜਾਣਦਾ, ਤਾਂ ਫਿਰ ਕਾਮ ਭੋਗ ਤੋਂ ਰਹਿਤ ਹੋਣਾ ਬੇਅਰਥ ਹੈ।42।

ਮੈਂ ਤਪ ਤੇ ਸਾਧਨਾ ਕਰ ਰਿਹਾ ਹਾਂ ਤੇ ਪ੍ਰਤਿਮਾ (ਸਾਧੂ ਦੀਆਂ ਵਿਸ਼ੇਸ਼ ਧਿਆਨ ਤਪੱਸਿਆਵਾਂ) ਧਾਰਨ ਕਰ ਕੇ ਘੁੰਮ ਰਿਹਾ ਹਾਂ ਫਿਰ ਵੀ ਮੇਰਾ ਅਗਿਆਨ (ਭਰਮ) ਦੂਰ ਨਹੀਂ ਹੋਇਆ, ਅਜਿਹਾ ਨਾ ਸੋਚੇ।43।

## 22. ਦਰਸ਼ਨ ਪਰਿਸ਼ੈ :

ਸੱਚ ਮੁੱਚ ਹੀ ਪ੍ਰਲੋਕ (ਨਰਕ, ਸਵਰਗ) ਨਹੀਂ ਹੈ ਅਤੇ ਤਪੱਸਿਆ ਨਾਲ ਕਿਸੇ ਪ੍ਰਕਾਰ ਦੀ ਰਿੱਧੀ ਪ੍ਰਾਪਤ ਨਹੀਂ ਹੁੰਦੀ। ਮੈਂ ਸਾਧੂ ਬਣ ਕੇ ਧੋਖੇ ਵਿਚ ਫਸ ਗਿਆ ਹਾਂ। ਇਸ ਤਰ੍ਹਾਂ ਦਾ ਵਿਚਾਰ ਮਨ ਵਿਚ ਨਾ ਲਿਆਵੇ।44।

''ਪਹਿਲਾਂ ਜਿੰਨ (ਤੀਰਥੰਕਰ) ਹੋਏ ਸਨ ਅਤੇ ਹੁਣ ਹਨ ਅਤੇ ਅੱਗੇ ਨੂੰ ਵੀ ਹੋਣਗੇ ਅਜਿਹਾ ਜੋ ਕਿਹਾ ਹੈ ਉਹ ਝੂਠ ਹੈ'', ਸਾਧੂ ਅਜਿਹਾ ਵਿਚਾਰ ਨਾ ਕਰੇ।45।

ਇਹ ਸਾਰੇ ਪਰਿਸ਼ੈ (ਕਸ਼ਟ) ਕਸ਼ਯਪ ਗੋਤਰ ਵਾਲੇ ਭਗਵਾਨ ਮਹਾਵੀਰ ਨੇ ਫੁਰਮਾਏ ਹਨ। ਇਹ ਜਾਣ ਕੇ ਕਿਸੇ ਵੀ ਪਰਿਸ਼ੈ ਦੇ ਉਤਪੰਨ ਹੋਣ ਤੇ ਸੰਜਮ ਨਾ ਡਿੱਗੇ।46।

ਅਜਿਹਾ ਮੈਂ ਆਖਦਾ ਹਾਂ।

# ਟਿੱਪਣੀਆਂ

ਗਾਥਾ 1 :

ਆਯੂਸ਼ਮਾਨ ਸ਼ਬਦ-ਬੋਧ ਜੈਨ ਸਾਹਿਤ ਵਿਚ ਆਮ ਮਿਲਦਾ ਹੈ। ਪਾਲੀ ਸਾਹਿੱਤ ਵਿਚ ਆਵੁਸ (आवुस) ਤੇ ਜੈਨ ਪ੍ਰਾਕ੍ਰਿਤ ਸਾਹਿੱਤ ਵਿਚ ਆਊਸ (आउस) ਦੇ ਰੂਪ ਵਿਚ ਪ੍ਰਚਲਿਤ ਹਨ। ਇਸ ਤੋਂ ਭਾਵ ਹੈ ਤੇਰੀ ਲੰਬੀ ਉਮਰ ਹੋਵੇ। ਇਹ ਸ਼ਬਦ ਅਸ਼ੋਕ ਦੇ ਸ਼ਿਲਾ ਲੇਖਾਂ ਤੇ ਖੁਦਿਆ ਮਿਲਦਾ ਹੈ।

ਗਾਥਾ 3 :

ਇਸ ਦੀ ਤੁਲਨਾ ਕਰੋ :

| | |
|---|---|
| ਥੇਰ ਗਾਥਾ | 246/68 |
| ਧੰਮ ਪਦ | 26/16 |
| ਮਹਾਭਾਰਤ ਸ਼ਾਂਤੀ ਪਰਵ | 334/11 |
| ਭਾਗਵਤ | 11/189 |

ਗਾਥਾ 10

ਥੇਰ ਗਾਥਾ 34, 147, 627

ਗਾਥਾ 12

ਚੂਰਨੀ ਅਨੁਸਾਰ ਜਿਨ ਕਲਪੀ ਸਾਧੂ ਨੰਗੇ ਰਹਿੰਦੇ ਸਨ। ਸਥਵਿਰ ਕਲਪੀ ਠੰਢ, ਬਰਸਾਤ ਅਤੇ ਭੋਜਨ ਸਮੇਂ ਵਸਤਰ ਪਹਿਣਦੇ ਸਨ। ਸ਼ਾਂਤ ਆਚਾਰਿਆ ਅਨੁਸਾਰ ਸਥਵਿਰ ਕਲਪੀ ਵੀ ਕੱਪੜੇ ਦੀ ਤੰਗੀ ਤੋਂ ਨੰਗੇ ਰਹਿ ਸਕਦੇ ਸਨ।

ਗਾਥਾ 18 : ਮਨੂੰ ਸਮ੍ਰਿਤੀ 6/42

ਗਾਥਾ 19 : ਮਹਾਭਾਰਤ ਸ਼ਾਂਤੀ ਪਰਵ 18/10

ਗਾਥਾ 20 : ਮਹਾਭਾਰਤ ਸ਼ਾਂਤੀ ਪਰਵ 09/13

ਗਾਥਾ 21 : ਮਹਾਭਾਰਤ ਸ਼ਾਂਤੀ ਪਰਵ 814/8

ਗਾਥਾ 33 :

ਬ੍ਰਿਹਦ ਵਿਰਤੀ ਅਨੁਸਾਰ ਜਿਨ ਕਲਪੀ ਸਾਧੂ ਲਈ ਇਲਾਜ ਕਰਾਉਣ ਮਨਾਂ ਹੈ। ਪਰ ਸਥਵਿਰ ਕਲਪੀ ਸਾਧੂ ਪਾਪ ਰਹਿਤ ਇਲਾਜ ਕਰਵਾ ਸਕਦੇ ਹਨ। ਚੂਰਨੀਕਾਰ ਅਨੁਸਾਰ ਸਾਰੇ ਸਾਧੂਆਂ ਨੂੰ ਇਲਾਜ ਕਰਾਉਣਾ ਮਨ੍ਹਾ ਹੈ।

ਗਾਥਾ 39

ਚੂਰਨੀ ਅਨੁਸਾਰ 'ਅਣੂਕਸਾਈ' ਸ਼ਬਦ ਦੇ ਦੋ ਅਰਥ ਹਨ :

1. ਅੱਲਪ (ਘੋੜੇ), ਕਸ਼ਾਏ (ਕਰੋਧ, ਮੋਹ, ਲੋਭ, ਹੰਕਾਰ ਵਾਲਾ)
2. ਸਤਿਕਾਰ ਆਦਿ ਦੀ ਇੱਛਾ ਤੋਂ ਰਹਿਤ।

ਗਾਥਾ 43

ਪ੍ਰਤਿਮਾ ਦਾ ਅਰਥ ਹੈ 'ਕਾਯੋਤਸਰਗ' (ਦੇਹ ਦਾ ਮੋਹ ਛੱਡਣਾ) ਧਿਆਨ ਆਦਿ ਲਗਾਉਣਾ।

# ਤੀਸਰਾ ਅਧਿਐਨ

ਇਸ ਜੀਵ ਨੂੰ ਮਨੁੱਖ ਜਨਮ, ਧਰਮ ਉਪਦੇਸ਼, ਧਰਮ ਸ਼ਰਧਾ ਅਤੇ ਸੰਜਮ ਵਿਚ ਸ਼ਕਤੀ ਲਗਾਉਣਾ, ਇਨ੍ਹਾਂ ਚਾਰ ਧਰਮ ਅੰਗਾਂ ਦੀ ਪ੍ਰਾਪਤੀ ਬਹੁਤ ਮੁਸ਼ਕਿਲ ਹੈ।1।

ਇਹ ਜੀਵ ਸੰਸਾਰ ਵਿਚ ਭਿੰਨ ਭਿੰਨ ਪ੍ਰਕਾਰ ਦੇ ਕਰਮ ਕਰਕੇ , ਭਿੰਨ ਭਿੰਨ ਗੋਤਾਂ ਵਾਲੀਆਂ ਜਾਤਾਂ (ਜਨਮਾਂ) ਵਿਚ ਉਤਪੰਨ ਹੋ ਕੇ ਸਾਰੇ ਸੰਸਾਰ ਵਿਚ ਫੈਲ ਚੁੱਕਾ ਹੈ।2।

ਆਪਣੇ ਕੀਤੇ ਕਰਮਾਂ ਅਨੁਸਾਰ ਇਹ ਜੀਵ ਕਦੇ ਦੇਵ ਲੋਕ (ਸਵਰਗ) ਵਿਚ ਕਦੇ ਨਰਕ ਵਿਚ ਤੇ ਕਦੇ ਅਸੁਰ ਲੋਕ ਵਿਚ ਪੈਦਾ ਹੁੰਦਾ ਹੈ।3

ਇਹ ਜੀਵ ਕਦੇ ਖੱਤਰੀ, ਕਦੇ ਚੰਡਾਲ, ਕਦੇ ਵਰਣ ਸ਼ੰਕਰ ਅਤੇ ਕੀੜੇ, ਪਤੰਗੇ, ਚਿੜੀ ਅਤੇ ਛੋਟੇ ਜੀਵ ਜੰਤੂਆਂ ਦੀ ਜੂਨੀ ਵਿਚ ਪੈਦਾ ਹੁੰਦਾ ਹੈ।4।

ਜਿਸ ਤਰ੍ਹਾਂ ਸੰਸਾਰ ਵਿਚ ਸਭ ਤਰ੍ਹਾਂ ਦੀ ਰਿੱਧੀ ਹੋਣ ਦੇ ਬਾਵਜੂਦ ਖੱਤਰੀ (ਰਾਜਿਆਂ) ਲੋਕਾਂ ਦੀ ਤ੍ਰਿਸ਼ਨਾਂ ਕਦੇ ਸ਼ਾਂਤ ਕਦੇ ਨਹੀਂ ਹੁੰਦੀ, ਉਸੇ ਤਰ੍ਹਾਂ ਸ਼ੁਭ ਕਰਮਾਂ ਵਾਲੇ ਜੀਵ, ਭਿੰਨ ਭਿੰਨ ਜੂਨਾਂ ਵਿਚ ਫਿਰਦੇ ਹੋਏ ਵੀ ਵੈਰਾਗ ਦੀ ਭਾਵਨਾਂ ਨੂੰ ਪ੍ਰਾਪਤ ਨਹੀਂ ਕਰ ਸਕਦੇ, ਜਨਮ ਮਰਨ ਦੇ ਚੱਕਰ ਤੋਂ ਨਹੀਂ ਛੁੱਟ ਸਕਦੇ।5।

ਕਰਮਾਂ ਦੇ ਸੰਗ ਵਿਚ (ਕਾਰਨ) ਮੂਰਖ ਬਣੇ ਹੋਏ, ਦੁਖੀ ਤੇ ਕਸ਼ਟ ਵਾਲੇ ਪ੍ਰਾਣੀ ਮਨੁੱਖ ਜਨਮ ਤੋਂ ਇਲਾਵਾ, ਨਰਕ ਜੂਨਾਂ ਵਿਚ ਅਨੇਕਾਂ ਕਸ਼ਟ ਭੋਗਦੇ ਹਨ।6।

ਮਨੁੱਖਤਾ ਦੇ ਰਾਹ ਵਿਚ ਰੋੜਾ ਅਟਕਾਉਣ ਵਾਲੇ ਕਰਮਾਂ ਨੂੰ ਖ਼ਤਮ ਕਰਕੇ, ਸ਼ੁਭ ਕਰਮਾਂ ਦੇ ਪ੍ਰਕਾਸ਼ ਰਾਹੀਂ ਜੀਵ ਕਦੇ ਮਨੁੱਖ ਜਨਮ ਪਾ ਲੈਂਦਾ ਹੈ।7।

ਮਨੁੱਖ ਦਾ ਸਰੀਰ ਮਿਲ ਜਾਣ ਤੇ ਸੱਚੇ ਧਰਮ ਦਾ ਸੁਣਨਾ ਦੁਰਲੱਭ ਹੈ, ਜਿਸ ਨੂੰ ਸੁਣ ਕੇ ਜੀਵ ਤੱਪ, ਖਿਮਾਂ ਅਤੇ ਅਹਿੰਸਾ (ਦਿਆ) ਨੂੰ ਅੰਗੀਕਾਰ ਕਰਦੇ ਹਨ।8।

ਜੇ ਧਰਮ ਸੁਣ ਵੀ ਲਵੇ, ਤਾਂ ਧਰਮ ਵਿਚ ਸੱਚਾ ਵਿਸ਼ਵਾਸ (ਸਰਧਾ) ਤਾਂ ਬਹੁਤ ਹੀ ਮੁਸ਼ਕਿਲ ਹੈ ਕਿਉਂਕਿ ਨਿਆਂ ਦੇ ਮਾਰਗ ਨੂੰ ਸੁਣ ਕੇ ਵੀ ਬਹੁਤ ਸਾਰੇ ਲੋਕ ਭ੍ਰਿਸ਼ਟ ਹੋ ਜਾਂਦੇ ਹਨ।9।

ਧਰਮ ਸੁਣ ਕੇ ਅਤੇ ਸ਼ਰਧਾ ਪਾ ਕੇ ਵੀ ਸੰਜਮ ਵਿਚ ਉੱਦਮੀ ਹੋਣਾ ਦੁਰਲੱਭ ਹੈ। ਕਈ ਮਨੁੱਖ ਸ਼ਰਧਾਲੂ ਹੁੰਦੇ ਹੋਏ ਵੀ ਆਚਰਣ (ਅਮਲ) ਨਹੀਂ ਕਰਦੇ।10।

ਜੋ ਜੀਵ ਮਨੁੱਖ ਜਨਮ ਪਾ ਕੇ ਧਰਮ ਨੂੰ ਸੁਣਦਾ ਹੈ, ਸ਼ਰਧਾ ਕਰਦਾ ਹੈ ਅਤੇ ਸੰਜਮ ਵਿਚ ਉੱਦਮੀ ਹੁੰਦਾ ਹੈ। ਉਹ ਤਪੱਸਵੀ ਪਾਪ ਰਹਿਤ ਹੋ ਜਾਂਦਾ ਹੈ ਅਤੇ ਕਰਮਾਂ ਦੀ ਮੈਲ ਨੂੰ ਖ਼ਤਮ ਕਰ ਦਿੰਦਾ ਹੈ।11।

ਅਜਿਹੇ ਮੁਕਤੀ ਮਾਰਗ ਦੇ ਇੱਛੁਕ ਸਰਲ ਭਾਵ ਵਾਲੇ ਜੀਵ ਦੀ ਹੀ ਸ਼ੁੱਧੀ ਹੁੰਦੀ ਹੈ। ਸ਼ੁੱਧ ਆਤਮਾ ਵਿਚ ਹੀ ਧਰਮ ਠਹਿਰਦਾ ਹੈ। ਉਹ ਘੀ ਵਿਚ ਸਿੰਝੀ ਹੋਈ ਅੱਗ ਦੀ ਤਰ੍ਹਾਂ ਚਮਕਦਾ ਹੋਇਆ ਨਿਰਵਾਨ (ਮੁਕਤੀ) ਹਾਸਲ ਕਰਦਾ ਹੈ।12।

"ਹੇ ਸ਼ਿੱਸ਼ ! ਉਪਰੋਕਤ ਧਰਮ ਅੰਗਾਂ ਨੂੰ ਰੋਕਣ ਵਾਲੇ, ਕਰਮਾਂ ਦੇ ਕਾਰਣਾਂ ਨੂੰ ਦੂਰ ਕਰੇ। ਗਿਆਨ ਆਦਿ ਧਰਮ ਨਾਲ ਸੰਜਮ ਰੂਪੀ

ਯਸ਼ ਨੂੰ ਵਧਾਵੇ। ਅਜਿਹਾ ਕਰਨ ਵਾਲਾ ਇਹ ਮਿੱਟੀ ਦੇ ਸਰੀਰ ਨੂੰ ਛੱਡ ਕੇ ਉੱਚੀ ਦਿਸ਼ਾਂ (ਸਵਰਗ ਜਾਂ ਮੁਕਤੀ) ਨੂੰ ਪ੍ਰਾਪਤ ਕਰਦਾ ਹੈ।13।

ਉੱਚੇ ਚਾਰਿੱਤਰ ਦਾ ਪਾਲਣ ਕਰਨ ਵਾਲੇ ਜੀਵ, ਵੱਧਦੇ ਹੋਏ ਦੇਵਤੇ ਬਣਦੇ ਹਨ ਅਤੇ ਸੂਰਜ ਚੰਦ ਦੀ ਤਰ੍ਹਾਂ ਚਮਕਦੇ ਹਨ ਤੇ ਮੰਨਦੇ ਹਨ ਕਿ ਅਸੀਂ ਸਵਰਗ ਵਿਚ ਹਮੇਸ਼ਾ ਲਈ ਰਹਾਂਗੇ।14।

ਦੇਵਤਿਆਂ ਸਬੰਧੀ ਕਾਮ ਭੋਗਾਂ ਨੂੰ ਅਤੇ ਸ਼ਕਤੀਆਂ ਨੂੰ ਭੋਗਦੇ ਹੋਏ ਇਹ ਦੇਵਤੇ ਇੱਛਾ ਅਨੁਸਾਰ ਆਪਣਾ ਰੂਪ ਬਦਲਣ ਦੀ ਸ਼ਕਤੀ ਰੱਖਦੇ ਹਨ ਅਤੇ ਅਸੰਖ ਪੂਰਵ ਸਮੇਂ ਦੇਵ ਵਿਮਾਨਾਂ ਵਿਚ ਰਹਿੰਦੇ ਹਨ।15।

ਉਹ ਦੇਵਤੇ ਆਪਣੇ ਥਾਂ ਦੀ ਉਮਰ ਖ਼ਤਮ ਹੋਣ ਤੇ ਉਥੋਂ ਚੱਲ ਕੇ, ਉਹ ਮਨੁੱਖੀ ਜੂਨ ਪ੍ਰਾਪਤ ਕਰਦੇ ਹਨ, ਉਥੇ ਉਨ੍ਹਾਂ ਨੂੰ ਦਸ ਅੰਗਾਂ ਦੀ ਪ੍ਰਾਪਤੀ ਹੁੰਦੀ ਹੈ।16।

ਖੇਤ, ਬਗੀਚਾ, ਮਹਿਲ, ਸੋਨਾ ਚਾਂਦੀ, ਦਾਸ ਦਾਸੀ ਤੇ ਪਸ਼ੂ ਇਹ ਚਾਰ ਕਾਮ ਸੰਕਧ ਹਨ। ਜਿੱਥੇ ਕਾਮ ਦੇ ਇਹ ਚਾਰ ਅੰਗ ਹਨ, ਉੱਥੇ, ਉਹ ਪੈਦਾ ਹੁੰਦੇ ਹਨ।17।

ਸਵਰਗ ਤੋਂ ਆਇਆ ਉਹ ਜੀਵ, ਉਹ ਮਿੱਤਰਾਂ ਵਾਲੇ, ਉੱਚ ਜਾਤੀ ਵਾਲੇ, ਉੱਚੇ ਗੋਤ ਵਾਲੇ, ਸੋਹਣੇ ਰੰਗ ਰੂਪ ਵਾਲੇ, ਰੋਗ ਰਹਿਤ ਗਿਆਨਵਾਨ, ਚੰਗੇ ਕੁਲ ਵਾਲੇ, ਮਹਾਨ ਯਸ਼ ਵਾਲੇ ਅਤੇ ਬਲਵਾਨ ਹੁੰਦੇ ਹਨ।18।

ਸਾਰੀ ਉਮਰ ਮਨੁੱਖੀ ਭੋਗਾਂ ਨੂੰ ਭੋਗ ਕੇ ਵੀ ਉਹ ਪਿਛਲੇ ਸ਼ੁੱਧ ਕਰਮ ਦੇ ਅਰਾਧਕ ਹੋਣ ਦੇ ਕਾਰਣ ਨਿਰਮਲ ਬੋਧੀ (ਗਿਆਨ) ਦਾ

ਅਨੁਭਵ ਕਰਦੇ ਹਨ।19।

ਉਪਰਲੇ ਧਰਮ ਦੇ ਚਾਰ ਅੰਗਾਂ ਨੂੰ ਦਰਲਭ ਜਾਣ ਕੇ ਸਾਧੂ ਸੰਜਮ ਧਰਮ ਨੂੰ ਸਵੀਕਾਰ ਕਰਦੇ ਹਨ ਅਤੇ ਫਿਰ ਤਪੱਸਿਆ ਰਾਹੀਂ ਸਾਰੇ ਕਰਮਾਂ ਨੂੰ ਦੂਰ ਕਰਕੇ ਸ਼ਾਸਵਤ ਸਿੱਧ ਗਤੀ ਪ੍ਰਾਪਤ ਕਰਦੇ ਹਨ।20।

''ਅਜਿਹਾ ਮੈਂ ਆਖਦਾ ਹਾਂ।''

## ਟਿੱਪਣੀਆਂ

ਗਾਥਾ 4

ਚੂਰਨੀ ਅਤੇ ਬ੍ਰਿਹਦਵਿਰਤੀ ਦੇ ਅਨੁਸਾਰ ਖੱਤਰੀ ਸ਼ਬਦ ਬ੍ਰਾਹਮਣ ਤੇ ਬਾਣੀਆਂ ਆਦਿ ਉਚ ਜਾਤਾਂ ਲਈ ਇਸਤੇਮਾਲ ਕੀਤਾ ਜਾਂਦਾ ਹੈ। ਚੰਡਾਲ ਸ਼ਬਦ ਤੋਂ ਨਿਸਾਧ ਬਿਪੰਚ ਆਦਿ ਨੀਚ-ਜਾਤਾਂ ਤੇ ਬੁਕਸ ਸ਼ਬਦ ਤੋਂ ਸੂਦ ਵਿਦੇਹ ਆਦਿ ਤੋਂ ਹੈ। ਸ਼ਬਪੰਚ ਦੇ ਕੰਮ, ਰਹਿਣ ਸਹਿਣ ਮਨੂਸਮ੍ਰਿਤੀ ਅਨੁਸਾਰ ਇਸ ਪ੍ਰਕਾਰ ਹਨ :

1. ਪਿੰਡ ਤੋਂ ਬਾਹਰ ਰਹਿਣਾ।
2. ਟੁੱਟੇ ਫੁੱਟੇ ਭਾਂਡਿਆਂ ਵਿਚ ਭੋਜਨ ਕਰਨਾ।
3. ਮਰੇ ਦੇ ਕੱਪੜੇ ਵਰਤੋਂ ਵਿਚ ਲਿਆਉਣਾ।
4. ਲੋਹੇ ਦੇ ਗਹਿਣੇ ਪਹਿਨਣਾ।

ਕੁੱਤੇ ਤੇ ਗਧੇ ਇਨ੍ਹਾਂ ਦੀ ਸੰਪਤੀ ਹਨ। 10-51, 52

ਧਾਰਮਿਕ ਯੱਗ ਤੇ ਜਲਸਿਆਂ ਸਮੇਂ ਇਨ੍ਹਾਂ ਨਾਲ ਬੋਲਣਾ ਮਨ੍ਹਾਂ ਹੈ। ਉਨ੍ਹਾਂ ਨੂੰ ਖੱਪਰ ਵਿਚ ਪਾ ਕੇ ਭੋਜਨ ਦੇਣ ਦਾ ਵਿਧਾਨ ਹੈ।

ਉਨ੍ਹਾਂ ਨੂੰ ਰਾਤ ਨੂੰ ਪਿੰਡ ਤੇ ਸ਼ਹਿਰ ਵਿਚ ਘੁੰਮਣ ਦੀ ਮਨਾਹੀ ਹੈ। (53-54)

ਰਾਜੇ ਦੇ ਹੁਕਮ ਨਾਲ ਕੈਦੀਆਂ ਨੂੰ ਫਾਂਸੀ ਦੇਣਾ ਤੇ ਲਾਸ਼ਾਂ ਨੂੰ ਚੁੱਕ ਕੇ ਉਨ੍ਹਾਂ ਦੇ ਗਹਿਣੇ ਆਦਿ ਉਤਾਰਨਾ ਇਨ੍ਹਾਂ ਦੇ ਕੰਮ ਹਨ।

ਸੂਦ ਦਾ ਕੰਮ ਘੋੜੇ ਦੇ ਸਾਰਥੀ ਹੋਣਾ, ਵਿਦੇਹਾਂ ਦਾ ਕੰਮ ਮਹਿਲਾਂ ਦਾ ਕੰਮ ਕਰਨਾ ਅਤੇ ਨਿਸ਼ਾਧ ਦਾ ਕੰਮ ਮੱਛੀ ਮਾਰਨਾ ਹੈ।(47,48)

ਗਾਥਾ 14

ਯਕਸ਼ ਸ਼ਬਦ ਦਾ ਅਰਥ ਦੇਵਤਿਆਂ ਦੀ ਨੀਵੀਂ ਕਿਸਮ ਤੋਂ ਹੈ। ਮਹਾਸ਼ੁਕਲ ਦੇ ਦੋ ਅਰਥ ਹਨ - ਮਹਾਸ਼ੁਕਲ (ਚੰਦ ਤੇ ਸੂਰਜ) ਅਤੇ ਮਹਾਸ਼ੁਕਰ (ਬਲਦੀ ਅੱਗ)

ਗਾਥਾ 15

ਪੂਰਵ ਸ਼ਬਦ ਜੈਨ ਪਰੰਮਪਰਾ ਦੇ ਵਿਸ਼ੇਸ਼ ਸ਼ਬਦ ਹੈ। 84 ਲੱਖ ਸਾਲ ਨੂੰ 84 ਲੱਖ ਸਾਲ ਨਾਲ ਗੁਣਾ ਕਰਨ ਨਾਲ ਜੋ ਸੰਖਿਆ ਆਉਂਦੀ ਹੈ, ਉਹ ਇਕ ਪੂਰਵ ਹੈ।

ਅਰਥਾਤ 8400000 X 8400000 = 70,560000000000

(ਬ੍ਰਹਦ ਵਿਰਤੀ)

पुर्वाणि-वर्ष सप्ततिकोटिलक्ष-षट् पंचाशत्कोटिसहस्त्रपरिमितानि

ਤੁਲਨਾ ਕਰੋ :

ਗਾਥਾ 17

ਸੁਤ : ਵਰਗ 1/4

ਕਾਮ ਸੰਕਧ ਤੋਂ ਭਾਵ ਹੈ – ਕਾਮ ਅਰਥਾਤ ਮਨ ਨੂੰ ਚੰਗੇ ਲਗਨ ਵਾਲੇ ਸ਼ਬਦ, ਰੂਪ ਆਦਿ ਪੁਦਗਲਾਂ ਦਾ ਸਮੂਹ। ਭਾਵ ਭੋਗ-ਵਿਲਾਸ ਤੇ ਮਨ ਨੂੰ ਚੰਗੇ ਲੱਗਣ ਵਾਲੇ ਸਾਧਨ। (ਆਚਾਰੀਆ ਨੇਮੀ ਚੰਦ ਦੀ 'ਸੁਖ ਬੋਧ ਟੀਕਾ')

ਦਾਸ ਦਾ ਅਰਥ ਨੌਕਰ ਨਹੀਂ, ਸਗੋਂ ਖਰੀਦਿਆ ਹੋਇਆ ਆਦਮੀ ਹੈ। ਇਨ੍ਹਾਂ ਨੂੰ ਨਾ ਤਾਂ ਤਨਖਾਹ ਮਿਲਦੀ ਸੀ ਅਤੇ ਨਾ ਹੀ ਛੁੱਟੀ। ਦਾਸ ਛੇ ਪ੍ਰਕਾਰ ਦੇ ਆਖੇ ਗਏ ਹਨ :

1. ਖਾਨਦਾਨੀ
2. ਖਰੀਦੇ ਹੋਏ
3. ਕਰਜਾ ਆਦਿ ਨਾ ਮੋੜਨ ਕਾਰਨ, ਦਾਸਤਾ ਗ੍ਰਹਿਣ ਕਰਨ ਵਾਲੇ।
4. ਅਕਾਲ ਸਮੇਂ ਭੋਜਨ ਆਦਿ ਲਈ ਬਣੇ ਦਾਸ।
5. ਕਿਸੇ ਦੋਸ਼ ਕਾਰਨ ਸਜ਼ਾ ਦਾ ਜ਼ੁਰਮਾਨਾ ਨਾ ਅਦਾ ਕਰਨ ਕਰਕੇ ਬਣੇ ਦਾਸ।
6. ਕੈਦੀ ਰੂਪ ਵਿਚ ਦਾਸਤਾ ਗ੍ਰਹਿਣ ਕਰਨ ਵਾਲੇ।

(ਸ੍ਰੀ ਜਿਨਦਾਸ ਗਣੀ ਦੀ ਪੁਸਤਕ 'ਨਿਸ਼ਥ ਚੂਰਨੀ' ਭਾਗ ਤੀਜਾ, ਪੰਨਾ 263, ਭਾਸ਼ਯ-ਗਾਥਾ 3673)

ਮਨੂ ਸਮ੍ਰਿਤੀ ਵਿਚ ਦਾਸ 7 ਪ੍ਰਕਾਰ ਦੇ ਆਖੇ ਗਏ ਹਨ :

1. ਲੜਾਈ ਵਿਚ ਹਾਰੇ ਹੋਏ।
2. ਭੋਜਨ ਆਦਿ ਕਾਰਨ ਬਣੇ ਹੋਏ।
3. ਘਰ ਦੀ ਦਾਸੀ ਦੇ ਬੱਚੇ।

4. ਖਰੀਦੇ ਹੋਏ।

5. ਤੋਹਫ਼ੇ ਜਾਂ ਭੇਂਟ ਵਿਚ ਮਿਲੇ ਹੋਏ।

6. ਖਾਨਦਾਨੀ

7. ਕਰਜ਼ ਨਾ ਚੁਕਾਉਣ ਕਾਰਨ ਬਣੇ ਹੋਏ।

(ਮਨੂ-ਸਮ੍ਰਿਤੀ 8/415)

## 4.

# ਅਸੰਸਕ੍ਰਿਤ ਅਧਿਐਨ

ਇਸ ਅਧਿਐਨ ਵਿਚ ਮਨੁੱਖ ਨੂੰ ਸਾਵਧਾਨ ਕੀਤਾ ਗਿਆ ਹੈ ਕਿ ਜ਼ਿੰਦਗੀ ਰੂਪੀ ਡੋਰ ਕਦੇ ਵੀ ਟੁੱਟ ਸਕਦੀ ਹੈ। ਮੌਤ ਸਮੇਂ ਧਨ, ਸੰਪਤੀ, ਸੰਬੰਧੀ, ਮਿੱਤਰ ਤੇ ਮਾਤਾ ਪਿਤਾ ਕੋਈ ਵੀ ਸਹਾਈ ਨਹੀਂ ਹੁੰਦਾ, ਸੋ ਮਨੁੱਖ ਨੂੰ ਗਫ਼ਲਤ (ਅਣਗਹਿਲੀ ਜਾਂ ਪ੍ਰਮਾਦ) ਤਿਆਗ ਕੇ, ਸੱਚੇ ਧਰਮ ਦੀ ਸ਼ਰਨ ਲੈਣੀ ਚਾਹੀਦੀ ਹੈ ਅਤੇ ਧਰਮ ਪ੍ਰਤੀ ਵਿਸ਼ਵਾਸ ਰੱਖਣਾ ਚਾਹੀਦਾ ਹੈ। ਇਸ ਅਧਿਐਨ ਦਾ ਉਦੇਸ਼ ਪ੍ਰਮਦਾ ਰਹਿਤ ਜੀਵਨ ਛੱਡ ਕੇ ਅਪ੍ਰਮਾਦ ਵਾਲਾ ਜੀਵਨ ਜਿਉਣ ਦਾ ਉਪਦੇਸ਼ ਦੇਣਾ ਹੈ।

# ਚੌਥਾ ਅਧਿਐਨ

ਹੇ ਜੀਵ ! ਤੂੰ ਗਫ਼ਲਤ ਨਾ ਕਰੇ। ਇਕ ਵਾਰ ਟੁੱਟੀ ਉਮਰ ਦੁਬਾਰਾ ਨਹੀਂ ਜੁੜ ਸਕਦੀ, ਨਾ ਹੀ ਬਿਰਧ ਅਵਸਥਾ ਵਿਚ ਕੋਈ ਸਹਾਇਕ ਹੁੰਦਾ ਹੈ। ਤੂੰ ਵਿਚਾਰ ਤਾਂ ਕਰ ਕਿ ਜੋ ਹਿੰਸਕ ਤੇ ਗਾਫ਼ਲ ਹੋਏ ਹਨ, ਜੋ ਪਾਪਾਂ ਵਿਚ ਰੁੱਝੇ ਹੋਏ ਹਨ ਉਹ ਕਿਸ ਦੀ ਸ਼ਰਨ ਜਾਣਗੇ ? ।1।

ਜੋ ਮਨੁੱਖ ਅਗਿਆਨ ਕਾਰਨ ਪਾਪ ਕਰਮਾਂ ਰਾਹੀਂ ਧਨ ਇਕੱਠਾ ਕਰਦੇ ਹਨ ਅਤੇ ਇਸ ਪਾਪ ਰਾਹੀਂ ਇਕੱਠੇ ਕੀਤੇ ਧਨ ਨੂੰ ਅੰਮ੍ਰਿਤ ਸਮਝਦੇ ਹਨ, ਉਹ ਮੋਹ ਤੇ ਵੈਰ ਵਿਚ ਫਸੇ ਹੋਏ ਹਨ, ਹੋਰ ਜੀਵਾਂ ਨਾਲ ਵੈਰ ਮੁੱਲ ਲੈਂਦੇ ਹਨ। ਉਹ ਜੀਵ ਅੰਤ ਵਿਚ ਧਨ ਨੂੰ ਇੱਥੇ ਹੀ ਛੱਡ ਕੇ ਨਰਕ ਨੂੰ ਚਲੇ ਜਾਂਦੇ ਹਨ।2।

ਜਿਵੇਂ ਸੰਨ੍ਹ ਲਾਉਂਦਾ ਚੋਰ, ਫੜੇ ਜਾਣ ਤੇ ਆਪਣੇ ਕੀਤੇ ਪਾਪ-ਕਰਮਾਂ ਦੀ ਸਜ਼ਾ ਪਾਉਂਦਾ ਹੈ, ਉਸੇ ਤਰ੍ਹਾਂ ਹੀ ਜੀਵ ਆਪਣੇ ਪਾਪਾਂ ਦਾ ਫਲ ਇਸ ਲੋਕ ਤੇ ਪ੍ਰਲੋਕ ਵਿਚ ਪਾਉਂਦਾ ਹੈ। ਕਿਉਂਕਿ ਕੀਤੇ ਹੋਏ ਪਾਪ-ਕਰਮ ਦਾ ਫਲ ਭੋਗੇ ਬਿਨਾਂ ਛੁਟਕਾਰਾ ਨਹੀਂ ਮਿਲਦਾ।3।

ਸੰਸਾਰੀ ਜੀਵ ਆਪਣੇ, ਪਰਾਏ ਜਾਂ ਦੋਹਾਂ (ਆਪਣੇ ਤੇ ਪਰਾਏ) ਲਈ ਜੋ ਸਾਧਾਰਣ ਕਰਮ (ਸਭ ਲਈ ਚੰਗਾ ਕੰਮ) ਕਰਦਾ ਹੈ ਪਰ ਕਰਮ ਦਾ ਫਲ ਭੋਗਦੇ ਸਮੇਂ ਆਪਣੇ ਤੇ ਪਰਾਏ ਫਲ ਭੋਗਨ ਵਿਚ ਹਿੱਸਾ ਨਹੀਂ ਲੈਂਦੇ ਭਾਵ ਮਨੁੱਖ ਆਪਣੇ ਕਰਮਾਂ ਦਾ ਫਲ ਇਕੱਲਾ ਹੀ ਭੋਗਦਾ ਹੈ ਉਸ ਦਾ ਕੋਈ ਸਹਾਇਕ ਨਹੀਂ ਹੁੰਦਾ।4।

ਧਨ ਦੇ ਲਈ ਜੋ ਗਾਫਲ ਜੀਵ ਲੋਕ ਤੇ ਪਰਲੋਕ ਵਿਚ ਅਨੇਕਾਂ ਪਾਪ ਕਰਦਾ ਹੈ ਪਰ ਧਨ ਨਾ ਤਾਂ ਇਸ ਲੋਕ ਵਿਚ ਰੱਖਿਆ ਕਰ ਸਕਦਾ

ਹੈ ਤੇ ਨਾ ਹੀ ਪਰਲੋਕ ਵਿਚ। ਜਿਸ ਤਰ੍ਹਾਂ ਦੀਵਾ ਬੁੱਝ ਜਾਣ ਤੇ ਹਨ੍ਹੇਰੇ ਵਿਚ ਕੁਝ ਦਿਖਾਈ ਨਹੀਂ ਦਿੰਦਾ, ਉਸੇ ਪ੍ਰਕਾਰ ਅਤਿ ਮੋਹ ਕਾਰਣ ਜਿਸ ਗਾਫਲ ਜੀਵ ਦਾ ਗਿਆਨ-ਰੂਪੀ ਦੀਪਕ ਨਸ਼ਟ ਹੋ ਜਾਂਦਾ ਹੈ ਉਸ ਨੂੰ ਸਾਫ ਤੇ ਸਪਸ਼ਟ ਨਿਆਂ ਮਾਰਗ ਦਿਖਾਈ ਨਹੀਂ ਦਿੰਦਾ।5।

ਮੋਹ ਵਿਚ ਸੁੱਤੇ ਹੋਏ ਲੋਕਾਂ ਦੇ ਵਿਚ ਵੀ ਸਮਝਦਾਰ, ਸੰਜਮੀ ਤੇ ਪੰਡਿਤ (ਵਿਦਵਾਨ) ਹਰ ਸਮੇਂ ਜਾਗਦਾ ਹੈ। ਉਸ ਨੂੰ ਗਫਲਤ ਵਿਚ ਵਿਸ਼ਵਾਸ ਨਹੀਂ ਰੱਖਣਾ ਚਾਹੀਦਾ, ਮੌਤ ਸਿਰ ਤੇ ਸਵਾਰ ਹੈ ਸਰੀਰ ਸ਼ਕਤੀ ਹੀਣ ਹੈ, ਇਸ ਲਈ ਮਨੁੱਖ ਭਰੰਡ ਪੰਛੀ ਦੀ ਤਰ੍ਹਾਂ ਗਫਲਤ ਰਹਿਤ ਹੋ ਕੇ ਜ਼ਿੰਦਗੀ ਗੁਜ਼ਾਰੇ।6।

ਸੰਜਮੀ ਜੀਵਨ ਦੇ ਦੋਸ਼ਾਂ ਤੋਂ ਡਰਨ ਵਾਲਾ ਸਾਧੂ ਚਰਿੱਤਰ ਪ੍ਰਤਿ ਹਮੇਸ਼ਾ ਸੁਚੇਤ ਰਹੇ। ਸੰਸਾਰ ਵਿਚ ਥੋੜ੍ਹੀ ਜਿਹੀ ਜਾਣ ਪਛਾਣ ਨੂੰ ਵੀ ਬੰਧਨ ਸਮਝੇ। ਜਦ ਵੀ ਗਿਆਨ ਦਾ ਲਾਭ ਮਿਲੇ, ਜੀਵਨ ਵਿਚ ਉਸ ਗਿਆਨ ਨੂੰ ਗ੍ਰਹਿਣ ਕਰੇ, ਜਦ ਗਿਆਨ ਲਾਭ ਨਾ ਮਿਲੇ, ਤਾਂ ਗਿਆਨ ਨਾਲ ਹੀ ਸਰੀਰ ਦਾ ਤਿਆਗ ਕਰ ਦੇਵੇ।7।

ਜਿਵੇਂ ਸਿੱਖਿਅਤ ਤੇ ਕਬਚਧਾਰੀ ਘੋੜਾ ਹੀ ਜਿੱਤ ਪ੍ਰਾਪਤ ਕਰਦਾ ਹੈ, ਉਸੇ ਪ੍ਰਕਾਰ ਅਣਗਹਿਲੀ (ਪ੍ਰਮਾਦ) ਨੂੰ ਛੱਡ ਕੇ ਗੁਰੂ ਦੀ ਆਗਿਆ ਵਿਚ ਰਹਿਣ ਵਾਲਾ ਸਾਧੂ, ਗਫ਼ਲਤ ਰਹਿਤ ਜ਼ਿੰਦਗੀ ਗੁਜ਼ਾਰੇ। ਅਜਿਹਾ ਕਰਨ ਵਾਲਾ ਛੇਤੀ ਮੁਕਤੀ ਪ੍ਰਾਪਤ ਕਰ ਸਕਦਾ ਹੈ।8।

ਜਿਸਨੇ ਪਹਿਲੀ ਜ਼ਿੰਦਗੀ ਵਿਚ ਧਰਮ ਧਾਰਨ ਨਹੀਂ ਕੀਤਾ, ਉਹ ਬਾਅਦ ਵਿਚ ਕੀ ਕਰੇਗਾ ? ਜੇ ਕੋਈ ਯਕੀਨ ਨਾਲ ਆਖੇ, ਕਿ ਉਹ ਬੁਢਾਪੇ ਵਿਚ ਧਰਮ ਧਾਰਨ ਕਰੇਗਾ ਤਾਂ ਉਸਦਾ ਆਖਣਾ ਝੂਠ ਹੈ, ਉਮਰ ਦਾ ਕੋਈ ਭਰੋਸਾ ਨਹੀਂ, ਪਹਿਲੀ ਉਮਰ ਵਿਚ ਗਾਫ਼ਲ ਰਹਿਣ ਕਾਰਣ ਜਦ

ਉਮਰ ਪੱਕ ਜਾਂਦੀ ਹੈ, ਮੌਤ ਨਾਲ ਸਰੀਰ ਨਸ਼ਟ ਹੋਣ ਦਾ ਸਮਾਂ ਆਉਂਦਾ ਹੈ ਤਾਂ ਉਸ ਨੂੰ ਪਸ਼ਚਾਤਾਪ ਕਰਨਾ ਪੈਂਦਾ ਹੈ।9।

ਇਸ ਪ੍ਰਕਾਰ ਦੀ ਭਾਵਨਾ (ਵਿਵੇਕ) ਛੇਤੀ ਪ੍ਰਾਪਤ ਨਹੀਂ ਹੁੰਦੀ। ਇਸ ਲਈ ਆਤਮ ਰੱਖਿਅਕ, ਸਮਭਾਵ ਪੂਰਵਕ, ਸੰਸਾਰ ਦੀ ਅਸਲੀਅਤ ਨੂੰ ਜਾਣ ਕੇ ਭੋਗਾਂ ਦਾ ਤਿਆਗ ਕਰੇ ਅਤੇ ਸਾਵਧਾਨੀ ਨਾਲ, ਗਫ਼ਲਤ ਰਹਿਤ ਹੋ ਕੇ ਘੁੰਮੇ।10।

ਲਗਾਤਾਰ ਮੋਹ ਗੁਣ (ਰਾਗ-ਦਵੇਸ਼) ਨੂੰ ਜਿੱਤਣ ਦੀ ਕੋਸ਼ਿਸ਼ ਵਿਚ ਲੱਗੇ, ਸੰਜਮ ਵਿਚ ਘੁੰਮਣ ਵਾਲੇ ਸਾਧੂ ਨੂੰ ਕਈ ਪ੍ਰਕਾਰ ਦੇ ਉਲਟ ਵਿਸ਼ੈ ਵਿਕਾਰ ਪ੍ਰੇਸ਼ਾਨ ਕਰਦੇ ਹਨ। ਪਰ ਸੰਜਮੀ ਸਾਧੂ ਉਨ੍ਹਾਂ ਉਲਟ ਵਿਸ਼ੈ ਵਿਕਾਰਾਂ ਦੇ ਆਉਣ ਤੇ ਵੀ ਮਨ ਵਿਚ ਗੁੱਸਾ ਨਾ ਲਿਆਵੇ।11।

ਵਿਵੇਕੀ ਸਾਧੂ ਬੁੱਧੀ ਨੂੰ ਘੱਟ ਕਰਨ ਵਾਲੇ, ਆਪਣੇ ਵੱਲ ਖਿੱਚਣ ਵਾਲੇ ਵਿਸ਼ੈ ਵਿਕਾਰਾਂ ਵੱਲ, ਮਨ ਨੂੰ ਨਾ ਜਾਣ ਦੇਵੇ, ਕਰੋਧ ਨੂੰ ਸ਼ਾਂਤ ਕਰੇ , ਮਾਨ (ਹੰਕਾਰ) ਨੂੰ ਹਟਾਵੇ, ਮਾਇਆ (ਧੋਖੇ) ਤੋਂ ਦੂਰ ਰਹੇ ਤੇ ਲੋਭ ਨੂੰ ਤਿਆਗ ਦੇਵੇ।12।

ਜੋ ਆਦਮੀ ਸੰਸਕਾਰ ਰਹਿਤ ਹਨ, ਜੋ ਤੁੱਛ ਹਨ, ਸਾਰ ਰਹਿਤ ਤੇ ਸ਼ਬਦ ਜਾਲ ਵਿਚ ਫਸੇ ਹੋਏ ਹਨ, ਇਹ ਰਾਗ ਦਵੇਸ਼ ਕਾਰਨ ਗੁਲਾਮ ਹਨ, ਵਾਸਨਾਵਾਂ ਦੇ ਦਾਸ ਹਨ, ਅਤੇ ਧਰਮ ਰਹਿਤ ਹਨ। ਇਨ੍ਹਾਂ ਤੋਂ ਘ੍ਰਿਣਾ ਕਰਦਾ ਹੋਇਆ, ਗੁਣਾਂ ਵਿਚ ਉਦੋਂ ਤੱਕ ਵਾਧਾ ਕਰਦਾ ਰਹੇ, ਜਦੋਂ ਤੱਕ ਸਰੀਰ ਵਿਚ ਜਾਨ ਹੈ।13।

ਅਜਿਹਾ ਮੈਂ ਆਖਦਾ ਹਾਂ।

# ਟਿੱਪਣੀਆਂ

ਗਾਥਾ 1

ਤੁਲਨਾ ਕਰੋ :

ਅੰਗੁਤਰ ਨਿਕਾਏ, ਸਫਾ 156

ਗਾਥਾ 3

ਥੇਰ ਗਾਥਾ, ਸਫਾ 789

ਗਾਥਾ 6

ਭਰੰਡ ਪੰਛੀ ਇਕ ਪੁਰਾਤਨ ਪੰਛੀ ਹੈ। ਉਸ ਦੀਆਂ ਦੋ ਗਰਦਨਾਂ ਅਤੇ ਇਕ ਪੇਟ ਮੰਨਿਆ ਜਾਂਦਾ ਹੈ। एकोदरा पृथग् ग्रीवाः (पंचतन्त्र)

ਕਲਪ ਸੂਤਰ 'ਕਿਰਨਾਵਲੀ' ਅਨੁਸਾਰ ਉਸ ਦੇ ਦੋ ਮੂੰਹ ਹਨ। ਇਕ ਨਾਲ ਉਹ ਭੋਜਨ ਕਰਦਾ ਹੈ ਅਤੇ ਦੂਸਰਾ ਮੂੰਹ ਆਕਾਸ਼ ਵੱਲ ਰੱਖਦਾ ਹੈ ਤਾਂ ਕਿ ਉਸ ਦਾ ਕੋਈ ਨੁਕਸਾਨ ਨਾ ਹੋ ਜਾਵੇ। ਇਸ ਪੰਛੀ ਦਾ ਵਰਨਣ ਵਸੁਦੇਵਹਿੰਡੀ ਵਿਚ ਵੀ ਆਉਂਦਾ ਹੈ। ਘੋਰ ਮਹੂਰਤ ਤੋਂ ਭਾਵ ਵੀ ਮਹੂਰਤ (48 ਮਿੰਟ) ਹੀ ਹੈ।

# 5.

# ਅਕਾਮਮਰਨੀਆ ਅਧਿਐਨ

ਹਰ ਮਨੁੱਖ ਦੀ ਜ਼ਿੰਦਗੀ ਵਿਚ ਜਿੰਨਾ ਜੀਵਨ ਦਾ ਮਹੱਤਵ ਹੈ ਉਨਾ ਹੀ ਮੌਤ ਦਾ, ਜ਼ਿੰਦਗੀ ਤੇ ਮੌਤ ਇਕ ਦੂਜੇ ਨਾਲ ਸੰਬੰਧਤ ਹਨ।

ਇਹ ਜੀਵ ਕਿੰਨੇ ਵਾਰ ਇਸ ਚੱਕਰ ਵਿਚ ਫਸਿਆ ਹੈ ? ਇਹ ਉਸ ਨੂੰ ਯਾਦ ਨਹੀਂ। ਪਰ ਜਦੋਂ ਮੌਤ ਆਉਣੀ ਜ਼ਰੂਰੀ ਹੈ ਤਾਂ ਕਿਸ ਤਰ੍ਹਾਂ ਦੀ ਮੌਤ, ਜੀਵ ਦਾ ਲੋਕ ਤੇ ਪਰਲੋਕ ਸੁਧਾਰ ਸਕਦੀ ਹੈ ? ਇਸ ਪ੍ਰਸ਼ਨ ਦਾ ਉੱਤਰ ਭਗਵਾਨ ਮਹਾਵੀਰ ਨੇ ਸੁੰਦਰ ਢੰਗ ਨਾਲ ਇਸ ਅਧਿਐਨ ਵਿਚ ਦਿੱਤਾ ਹੈ।

ਇਸ ਅਧਿਐਨ ਵਿਚ ਮਰਨ ਦੋ ਪ੍ਰਕਾਰ ਦਾ ਆਖਿਆ ਗਿਆ ਹੈ :

1. ਅਕਾਮ-ਮਰਨ (ਅਗਿਆਨੀ ਦੀ ਮੌਤ)
2. ਸਕਾਮ-ਮਰਨ (ਗਿਆਨੀ ਦੀ ਮੌਤ)

ਇਸ ਦਾ ਵਿਸਥਾਰ ਇਸ ਅਧਿਐਨ ਵਿਚ ਹੈ।

# ਪੰਜਵਾਂ ਅਧਿਐਨ

ਇਸ ਮਹਾ-ਪ੍ਰਭਾਵਸ਼ਾਲੀ ਸੰਸਾਰ ਰੂਪੀ ਸਮੁੰਦਰ ਵਿਚੋਂ ਕਈ ਮਹਾਂਪੁਰਸ਼ ਪਾਰ ਹੋ ਗਏ ਹਨ। ਇਸ ਬਾਰੇ ਹੀ ਇਕ ਮਹਾ ਗਿਆਨੀ ਨੂੰ ਫੁਰਮਾਇਆ ਸੀ ।1।

ਮੌਤ ਦੇ ਇਹ ਦੋ ਸਥਾਨ (ਪ੍ਰਕਾਰ) ਹਨ :

1. ਅਕਾਮ ਮਰਨ
2. ਸਕਾਮ ਮਰਨ ।2।

ਅਗਿਆਨੀਆਂ ਨੂੰ ਬਾਰ ਬਾਰ ਅਕਾਮ ਮਰਨਾ ਪੈਂਦਾ ਹੈ ਤੇ ਪੰਡਤਾਂ ਦਾ ਸਕਾਮ ਮਰਨ, ਇਕ ਵਾਰ ਹੀ ਹੁੰਦਾ ਹੈ।3।

ਪਹਿਲੇ ਅਕਾਮ ਮਰਨ ਬਾਰੇ ਭਗਵਾਨ ਮਹਾਵੀਰ ਨੇ ਫੁਰਮਾਇਆ ਹੈ ਕਿ ਅਗਿਆਨੀ ਜੀਵ, ਵਿਸ਼ੈ ਵਿਕਾਰਾਂ ਵਿਚ ਫਸ ਕੇ, ਬੁਰੇ ਕੰਮ ਕਰਦਾ ਹੈ।4।

ਜੋ ਜੀਵ ਵਿਸ਼ੈ ਵਿਕਾਰਾਂ ਵਿਚ ਫਸਿਆ ਹੋਇਆ ਨਰਕ ਨੂੰ ਜਾਂਦਾ ਹੈ। ਉਹ ਸੋਚਦਾ ਹੈ ਕਿ ਪਰਲੋਕ ਤਾਂ ਮੈਂ ਵੇਖਿਆ ਨਹੀਂ ਪਰ ਇੱਥੋਂ ਦੇ ਸੁੱਖ ਤਾਂ ਸਾਹਮਣੇ ਵਿਖਾਈ ਦੇ ਰਹੇ ਹਨ। ਇਸ ਲਈ ਇਸ ਸੰਸਾਰ ਦੇ ਸੁੱਖਾਂ ਨੂੰ ਛੱਡ ਕੇ ਪਰਲੋਕ ਦੀ ਆਸ ਕਿਉਂ ਕਰਾਂ।5।

"ਇਹ ਵਿਸ਼ੈ ਤੇ ਸੁੱਖ ਤਾਂ ਮੇਰੇ ਹੱਕ ਵਿਚ ਹਨ, ਪਰ ਭਵਿੱਖ ਤੇ ਸੁੱਖ ਤਾਂ ਗੁਪਤ ਹਨ ਫਿਰ ਕਿਸੇ ਨੂੰ ਕੀ ਪਤਾ ਹੈ ਕਿ ਪਰਲੋਕ (ਨਰਕ-ਸਵਰਗ) ਹੈ ਜਾਂ ਨਹੀਂ ?"।6।

"ਮੈਂ ਕਿਉਂ ਫ਼ਿਕਰ ਕਰਾਂ ? ਜਿਹੜੀ ਦੂਸਰਿਆਂ ਨਾਲ ਗੁਜ਼ਰੇਗੀ ਸੋ ਹੀ ਮੇਰੇ ਨਾਲ ਗੁਜ਼ਰੇਗੀ। ਅਗਿਆਨੀ ਜੀਵ ਇਸ ਪ੍ਰਕਾਰ ਆਖਦਾ ਹੈ। ਇਸ ਲਈ ਉਹ ਕਾਮ-ਭੋਗੀ ਪੁਰਸ਼ ਦੁਖੀ ਹੁੰਦਾ ਹੈ।7।

ਇਸ ਪ੍ਰਕਾਰ ਉਹ ਅਗਿਆਨੀ ਅਤੇ ਭੋਗੀ ਮਨੁੱਖ ਤਰਸ (ਹਿੱਲਣ, ਚੱਲਣ ਵਾਲੇ) ਅਤੇ ਸਥਾਵਰ (ਸਥਿਰ ਜੀਵ ਜਿਵੇਂ ਅੱਗ, ਪਾਣੀ, ਬਨਸਪਤੀ, ਜ਼ਮੀਨ ਹਵਾ ਆਦਿ ਦੇ ਜੀਵ) ਜੀਵਾਂ ਨੂੰ ਆਪਣੇ ਜਾਂ ਦੂਸਰੇ ਦੇ ਲਈ ਤੇ ਬਿਨਾਂ ਕਾਰਨ ਤੋਂ ਹੀ ਮਾਰਦਾ ਹੈ, ਜੀਵ ਹਿੰਸਾ ਕਰਦਾ ਹੈ।8।

ਉਹ ਹਿੰਸਕ, ਅਗਿਆਨੀ, ਝੂਠਾ, ਕਪਟੀ, ਚੁਗਲਖੋਰ, ਠੱਗ ਹੁੰਦਾ ਹੈ ਅਤੇ ਸ਼ਰਾਬ ਤੇ ਮਾਂਸ ਦੀ ਵਰਤੋਂ ਕਰਦਾ ਹੈ। ਇਨ੍ਹਾਂ ਪਾਪ ਕਰਮਾਂ ਨੂੰ ਉਚਿਤ ਸਮਝਦਾ ਹੈ।9।

ਜਿਸ ਤਰ੍ਹਾਂ ਸ਼ਿਸ਼ੂਨਾਗ (ਗੰਡੋਆ, ਕੇਂਚੂਆ) ਮਿੱਟੀ ਖਾਂਦਾ ਹੈ ਤੇ ਸਰੀਰ ਤੇ ਵੀ ਲਗਾਉਂਦਾ ਹੈ। ਉਸੇ ਪ੍ਰਕਾਰ ਕਾਪੀ ਤੇ ਭੋਗੀ ਜੀਵ ਮਨ, ਬਚਨ ਤੇ ਸਰੀਰ ਰਾਹੀਂ ਪੈਸੇ ਤੇ ਇਸਤਰੀਆਂ ਵਿਚ ਲੱਗਾ ਰਹਿੰਦਾ ਹੈ ਅਤੇ ਰਾਗ ਦਵੇਸ਼ ਰਾਹੀਂ ਅਸ਼ੁੱਭ ਕਰਮਾਂ ਨੂੰ ਇਕੱਠਾ ਕਰ ਲੈਂਦਾ ਹੈ।10।

ਫਿਰ ਉਹ ਭੋਗਾਂ ਵਿਚ ਲੱਗਾ ਹੋਇਆ ਅਗਿਆਨੀ ਜੀਵ, ਕਠਿਨ ਰੋਗਾਂ ਤੇ ਪਰਲੋਕ ਤੋਂ ਦੁਖੀ ਹੋ ਕੇ ਡਰਦਾ ਹੈ ਅਤੇ ਆਪਣੇ ਕੀਤੇ ਭੈੜੇ ਕਰਮਾਂ ਨੂੰ ਯਾਦ ਕਰਕੇ ਦੁਖੀ ਹੁੰਦਾ ਹੈ।11।

ਉਹ ਸੋਚਦਾ ਹੈ ਮੈਂ ਨਰਕਾਂ ਦੇ ਸਥਾਨ ਬਾਰੇ ਸੁਣਿਆ ਹੈ ਅਤੇ ਭੈੜੇ ਆਚਰਣ ਵਾਲਿਆਂ ਲੋਕਾਂ ਦੀ ਗਤੀ ਵੀ ਸੁਣੀ ਹੈ। ਨਰਕ ਵਿਚ ਬੁਰੇ ਕਰਮਾਂ ਵਾਲੇ ਅਗਿਆਨੀਆਂ ਨੂੰ ਬਹੁਤ ਪੀੜ ਹੁੰਦੀ ਹੈ।12।

"ਮੈਂ ਸੁਣਿਆ ਹੈ ਕਿ ਆਪਣੇ ਅਸ਼ੁਭ ਕਰਮਾਂ ਦੇ ਅਨੁਸਾਰ ਨਰਕ ਦੇ ਵਿਚ ਗਿਆ ਜੀਵ ਬਾਅਦ ਵਿਚ ਪਛਤਾਉਂਦਾ ਹੈ"।13।

ਜਿਸ ਤਰ੍ਹਾਂ ਜਾਣਦੇ ਹੋਏ ਵੀ ਚੰਗੀ ਸੜਕ ਨੂੰ ਛੱਡ ਕੇ ਕੋਈ ਗੱਡੀ ਵਾਲਾ ਭੈੜੇ ਰਸਤੇ ਤੇ ਚੱਲ ਪੈਂਦਾ ਹੈ ਤੇ ਜਦ ਰਸਤੇ ਵਿਚ ਗੱਡੀ ਦੀ ਧੁਰੀ ਟੁੱਟ ਜਾਂਦੀ ਹੈ ਤਾਂ ਪਛਤਾਉਂਦਾ ਹੈ।14।

ਉਸ ਪ੍ਰਕਾਰ ਧਰਮ ਨੂੰ ਛੱਡ ਕੇ ਅਧਰਮ ਨੂੰ ਗ੍ਰਹਿਣ ਕਰਨ ਵਾਲਾ ਅਗਿਆਨੀ ਮੌਤ ਦੇ ਮੂੰਹ ਵਿਚ ਆ ਕੇ ਦੁਖੀ ਹੁੰਦਾ ਹੈ ਜਿਸ ਤਰ੍ਹਾਂ ਗੱਡੀ ਦੀ ਧੁਰੀ ਟੁੱਟ ਜਾਣ ਤੇ ਗੱਡੀ ਵਾਲਾ ਦੁਖੀ ਹੁੰਦਾ ਹੈ।15।

ਮੌਤ ਦੇ ਸਮੇਂ ਉਹ ਅਗਿਆਨੀ ਨਰਕ ਦੇ ਡਰ ਤੋਂ ਕੰਬਦਾ ਹੈ ਅਤੇ ਇਕ ਹੀ ਬਾਜ਼ੀ ਵਿਚ ਹਾਰੇ ਹੋਏ ਜੁਆਰੀ ਦੀ ਤਰ੍ਹਾਂ ਅਕਾਮ ਮਰਨ ਮਰਦਾ ਹੈ।16।

ਇਹ ਅਗਿਆਨੀ ਜੀਵ ਦਾ ਅਕਾਮ ਮਰਨ ਆਖਿਆ ਗਿਆ ਹੈ ਹੁਣ ਪੰਡਿਤ (ਵਿਦਵਾਨ) ਦਾ ਸਕਾਮ ਮਰਨ ਆਖਦਾ ਹਾਂ, ਜਿਸ ਪ੍ਰਕਾਰ ਮੈਂ ਸੁਣਿਆ ਹੈ।17।

ਮੈਂ ਸੁਣਿਆ ਹੈ (ਭਗਵਾਨ ਮਹਾਵੀਰ ਤੋਂ) ਕਿ ਪੁੰਨਵਾਨ, ਇੰਦਰੀਆਂ ਦੇ ਜੇਤੂ ਤੇ ਸੰਜਮੀ ਦਾ ਮਰਨ, ਮੁਸੀਬਤ ਤੋਂ ਰਹਿਤ ਤੇ ਪ੍ਰਸੰਨਤਾ ਨਾਲ ਹੁੰਦਾ ਹੈ।18।

ਇਹ ਪੰਡਤ ਮਰਨ ਨਾ ਤਾਂ ਸਾਰੇ ਸਾਧੂਆਂ ਦਾ ਹੁੰਦਾ ਹੈ ਤੇ ਨਾ ਹੀ ਸਾਰੇ ਗ੍ਰਹਿਸਥੀਆਂ ਦਾ। ਕਈ ਗ੍ਰਹਿਸਥੀ ਵੀ ਅਨੇਕ ਪ੍ਰਕਾਰ ਦੇ ਉੱਚੇ ਸ਼ੀਲ ਆਦਿ ਵਰਤਾਂ ਦਾ ਪਾਲਣ ਕਰਦੇ ਹਨ ਅਤੇ ਕਈ ਸਾਧੂ ਵੀ ਉਲਟ (ਭੈੜੇ) ਚਰਿੱਤਰ ਦੇ ਹੋ ਸਕਦੇ ਹਨ।19।

ਕਈ ਸਾਧੂਆਂ ਤੋਂ ਗ੍ਰਹਿਸਥੀ ਉੱਚੇ ਦਰਜੇ ਦੇ ਚਰਿੱਤਰਵਾਨ ਹੁੰਦੇ ਹਨ ਪਰ ਸ਼ੁੱਧ ਚਰਿੱਤਰ ਵਾਲੇ ਸਾਧੂ, ਸਾਰੇ ਗ੍ਰਹਿਸਥਾਂ ਤੋਂ ਸੰਜਮ ਵਿਚ ਉੱਚੇ ਹੁੰਦੇ ਹਨ।20।

ਚੀਵਰ (ਪੁਰਾਣਾ ਵਸਤਰ), ਮਿਰਗ ਦੀ ਖੱਲ, ਨੰਗੇ ਰਹਿਣਾ, ਜਟਾਂ ਰੱਖਣਾ, ਗੁਦੜੀ ਪਹਿਨਣਾ, ਸਿਰ ਮੁਨਾਉਣਾ, ਆਦਿ ਬਾਹਰਲੇ ਭੇਸ ਵੀ

ਦੁਰਾਚਾਰੀ ਨੂੰ ਨਰਕ ਗਤੀ ਤੋਂ ਨਹੀਂ ਬਚਾ ਸਕਦੇ।21।

ਜੇ ਸਾਧੂ ਵੀ ਦੁਰਾਚਾਰੀ ਹੋਵੇ ਤਾਂ ਉਹ ਵੀ ਨਰਕ ਤੋਂ ਨਹੀਂ ਬਚ ਸਕਦਾ। ਚਾਹੇ ਸਾਧੂ ਹੋਵੇ ਜਾਂ ਗ੍ਰਹਿਸਥੀ ਜੋ ਸ਼ੁੱਧ ਚਰਿੱਤਰ ਆਦਿ ਵਰਤਾਂ ਦਾ ਪਾਲਣ ਕਰਨ ਵਾਲਾ ਹੈ, ਉਹ ਸਾਧੂ ਜਾਂ ਗ੍ਰਹਿਸਥੀ ਚੰਗੀ ਤੇ ਉੱਚ ਗਤੀ ਜਨਮ ਨੂੰ ਪ੍ਰਾਪਤ ਕਰਦਾ ਹੈ।22।

ਗ੍ਰਹਿਸਥ ਵੀ ਸਮਾਇਕ (ਇਕ ਕਿਸਮ ਦੀ 48 ਮਿੰਟ ਦੀ ਏਕਾਂਤ ਸਾਧਨਾ ਜਾਂ ਧਿਆਨ) ਆਦਿ ਵਰਤਾਂ ਦਾ ਸ਼ਰਧਾ ਨਾਲ ਪਾਲਣ ਕਰੇ। ਹਰ ਮਹੀਨੇ ਦੇ 15 ਦਿਨਾਂ ਬਾਅਦ ਪੋਸ਼ਧ (ਦਿਨ ਰਾਤ ਦਾ ਵਰਤ) ਕਰੇ। ਇਹ ਵਰਤ ਹਰ ਪੰਦਰਾਂ ਦਿਨਾਂ ਬਾਅਦ ਕਰੇ। ਇਕ ਰਾਤ ਲਈ ਵੀ ਇਹ ਵਰਤ ਨਾ ਛੱਡੇ।23।

ਇਸ ਪ੍ਰਕਾਰ ਘਰ ਵਿਚ ਰਹਿੰਦਾ ਹੋਇਆ ਮਨੁੱਖ ਵੀ, ਵਰਤਾਂ ਦੀ ਪਾਲਣਾ ਕਰਦਾ ਹੋਇਆ ਇਸ ਸਰੀਰ ਨੂੰ ਛੱਡ ਕੇ ਦੇਵ ਲੋਕ ਵਿਚ ਚਲਾ ਜਾਂਦਾ ਹੈ।24।

ਸੰਜਮੀ ਸਾਧੂ ਦੀ ਦੋਹਾਂ ਵਿਚੋਂ ਇਕ ਸਥਿਤੀ ਹੁੰਦੀ ਹੈ ਜਾਂ ਤਾਂ ਉਹ ਇਸ ਮਨੁੱਖੀ ਉਮਰ ਨੂੰ ਪੂਰੀ ਕਰਕੇ ਸਿੱਧ (ਮੁਕਤ) ਹੁੰਦਾ ਹੈ ਜਾਂ ਚੰਗੀ ਸੰਪਤੀ ਵਾਲਾ ਦੇਵਤਾ।25।

ਦੇਵਤਿਆਂ ਦੇ ਨਿਵਾਸ ਸਥਾਨ ਇਕ ਦੂਸਰੇ ਤੋਂ ਵੱਧ ਚੜ੍ਹ ਕੇ ਹਨ ਉਹ ਨਿਵਾਸ ਸਥਾਨ ਥੋੜ੍ਹੇ ਮੋਹ ਵਾਲੇ, ਕਿਰਤੀ ਵਾਲੇ ਤੇ ਪ੍ਰਸਿੱਧੀ ਵਾਲੇ ਹੁੰਦੇ ਹਨ। ਉਨ੍ਹਾਂ ਵਿਚ ਰਹਿਣ ਵਾਲੇ ਦੇਵਤੇ ਯਸ਼ ਵਾਲੇ ਲੰਬੀ ਉਮਰ ਵਾਲੇ, ਰਿੱਧੀ-ਸਿੱਧੀ ਵਾਲੇ, ਤੇਜ ਤਪ ਵਾਲੇ, ਇੱਛਾ ਅਨੁਸਾਰ ਆਪਣਾ ਰੂਪ ਬਨਾਉਣ ਵਾਲੇ, ਨਵੇਂ ਰੰਗਾਂ ਵਾਂਗਾ ਅਤੇ ਅਨੇਕ ਸੂਰਜਾਂ ਦੀ ਰੋਸ਼ਨੀ ਦੇ

ਮਾਲਕ ਹੁੰਦੇ ਹਨ।26-27।

ਗ੍ਰਹਿਸਥ ਹੋਵੇ ਜਾਂ ਸਾਧੂ, ਜਿਸ ਨੇ ਕਸ਼ਾਏ (ਕਾਮ, ਕਰੋਧ ਲੋਭ, ਮੋਹ, ਅਹੰਕਾਰ) ਆਦਿ ਨੂੰ ਠੰਡਾ ਕਰ ਦਿੱਤਾ ਹੈ ਉਹ ਸੰਜਮ ਤੇ ਤਪ ਦਾ ਪਾਲਣ ਕਰਦਾ ਹੋਇਆ ਦੇਵ ਲੋਕ ਨੂੰ ਚਲਾ ਜਾਂਦਾ ਹੈ।28।

ਸਤਿਕਾਰਯੋਗ, ਸੰਜਮੀ ਤੇ ਇੰਦਰੀਆਂ ਦੇ ਜੇਤੂ ਸਾਧੂਆਂ ਦਾ ਵਰਨਣ ਸੁਣ ਕੇ, ਚਰਿੱਤਰਵਾਨ, ਗਿਆਨਵਾਨ ਮਹਾਤਮਾ, ਮੌਤ ਦੇ ਸਮੇਂ ਘਬਰਾਉਂਦਾ ਨਹੀਂ।29।

ਬੁੱਧੀਮਾਨ ਸਾਧੂ ਦੋਵੇਂ ਪ੍ਰਕਾਰ ਦੇ ਮਰਨਾਂ ਦੀ ਤੁਲਨਾ ਕਰਕੇ ਸਕਾਮ-ਮਰਨ ਨੂੰ ਗ੍ਰਹਿਣ ਕਰੇ। ਖ਼ਿਮਾਂ ਆਦਿ ਦਿਆ ਧਰਮ ਨੂੰ ਵਧਾ ਕੇ ਆਪਣੀ ਆਤਮਾ ਦਾ ਕਲਿਆਣ ਕਰੇ।30।

ਸ਼ਰਧਾਵਾਨ ਸਾਧੂ ਦਾ ਜਦ ਮੌਤ ਦਾ ਸਮਾਂ ਆ ਜਾਵੇ, ਤਦ ਗੁਰੂਆਂ ਦੇ ਕੋਲ ਆ ਕੇ ਮੌਤ ਦੇ ਡਰ ਨੂੰ ਦੂਰ ਕਰੇ ਅਤੇ ਇੱਛਾ ਰਹਿਤ ਹੋ ਜਾਵੇ । ਪੰਡਿਤ ਮਰਨ ਦੀ ਇੱਛਾ ਕਰੇ।31।

ਮੌਤ ਦੇ ਸਮੇਂ ਸਰੀਰ ਦਾ ਮੋਹ ਛੱਡ ਕੇ ਭਰਗ ਪ੍ਰਤਿਖਿਆਨ, ਇੰਗਤ ਮਰਨ ਤੇ ਪਾਦ ਪੋਗ ਮਰਨ ਇਨ੍ਹਾਂ ਤਿੰਨਾਂ ਵਿਚ ਕਿਸੇ ਇਕ ਸਕਾਮ ਮਰਨ ਨੂੰ ਚੁਣੇ।32।

"ਅਜਿਹਾ ਮੈਂ ਆਖਦਾ ਹਾਂ।"

## ਟਿੱਪਣੀਆਂ

ਗਾਥਾ 1

ਸ਼੍ਰੀ ਸਥਾਨਾਂਗ ਸੂਤਰ ਵਿਚ ਮਰਨ ਤਿੰਨ ਪ੍ਰਕਾਰ ਦਾ ਆਖਿਆ ਗਿਆ।

(1) ਬਾਲ ਮਰਨ (2) ਪੰਡਤ ਮਰਨ (3) ਬਾਲ ਪੰਡਤ ਮਰਨ।

(ਠਾਣਾ 3 ਸੂਤਰ 222)

ਗਾਥਾ 13

ਜੀਵਾਂ ਦੀ ਉਪਤੀ ਦੇ ਤਿੰਨ ਥਾਂ ਹਨ :

1. ਗਰਭਜ (ਪਸ਼ੂ, ਪੰਛੀ ਤੇ ਮਨੁੱਖ)
2. ਸਮੁਰਛਨ (ਬਿਨਾਂ ਗਰਭ ਤੋਂ ਗੰਦੀ ਥਾਂ ਤੇ ਪੈਦਾ ਹੋਣ ਵਾਲੇ ਜੀਵ ਤੇ ਪ੍ਰਿਥਵੀ, ਅੱਗ, ਹਵਾ, ਪਾਣੀ ਤੇ ਬਨਸਪਤੀ ਦੇ ਜੀਵ)
3. ਉਪਾਪਾਤ : (ਨਾਰਕੀ ਤੇ ਦੇਵਤੇ ਬਿਨਾਂ ਗਰਭ ਤੋਂ ਜੰਮਦੇ ਹਨ ਇਹ ਸੰਸਾਰਿਕ ਜੀਵ ਮਰਨ ਤੋਂ ਬਾਅਦ ਤੁਰੰਤ ਨਵਾਂ ਜਨਮ ਲੈ ਲੈਂਦੇ ਹਨ)

ਗਾਥਾ 16

ਕਲੀ ਤੇ ਕ੍ਰਿਤ ਜੂਏ ਦੀਆਂ ਦੋ ਕਿਸਮਾਂ ਹਨ :

1. ਕਲੀ ਦਾ ਅਰਥ ਹਾਰ ਵਾਲਾ ਪਾਸਾ ਹੈ।
2. ਕ੍ਰਿਤ ਦਾ ਅਰਥ ਜਿੱਤ ਵਾਲਾ ਪਾਸਾ ਹੈ।

ਗਾਥਾ 18

ਚੂਰਣੀਕਾਰ ਨੇ ਬੁਸੀਮੋ ਸ਼ਬਦ ਦੇ ਤਿੰਨ ਅਰਥ ਕੀਤੇ ਹਨ :

1. ਇੰਦਰੀਆਂ ਨੂੰ ਵੱਸ ਵਿਚ ਰੱਖਣ ਵਾਲਾ।
2. ਸਾਧੂਆਂ ਵਾਲੇ ਗੁਣਾਂ ਦਾ ਧਾਰਕ
3. ਸੰਵਿਗਨ।

ਤੁਲਨਾ ਕਰੋ :

ਗਾਥਾ 21

ਧਮੋਪਦ 10/13

ਗਾਥਾ 32

(1) ਭਗਤ ਪ੍ਰਤਿਖਿਆਨ ਵਿਚ ਕੇਵਲ ਭੋਜਨ ਤੇ ਕਸ਼ਾਏ ਦਾ ਤਿਆਗ ਹੁੰਦਾ ਹੈ ਪਰ ਘੁੰਮਨ ਫਿਰਨ ਦੀ ਆਗਿਆ ਹੁੰਦੀ ਹੈ।

(2) ਇੰਗਤ ਮਰਨ ਵਿਚ ਘੁੰਮਨ ਫਿਰਨ ਦੀ ਹੱਦ ਨਿਸ਼ਚਿਤ ਹੁੰਦੀ ਹੈ।

(3) ਪਾਦਪੋਗਮਿਨ ਵਿਚ ਟੱਟੀ-ਪਿਸ਼ਾਬ ਤੋਂ ਛੁੱਟ ਹਰ ਪ੍ਰਕਾਰ ਦੀ ਸਰੀਰਿਕ ਕ੍ਰਿਆਵਾਂ ਦਾ ਤਿਆਗ ਕੀਤਾ ਜਾਂਦਾ ਹੈ।

6.

# ਸ਼ੁੱਲਕ ਨਿਰਗਰੰਥੀਆ ਅਧਿਐਨ

ਇਸ ਅਧਿਐਨ ਵਿਚ ਨਿਰਗਰੰਥ ਸ਼ਬਦ ਬਹੁਤ ਮਹੱਤਵਪੂਰਨ ਹੈ। ਜੈਨ ਸ਼ਾਸਤਰਾਂ ਵਿਚ ਭਗਵਾਨ ਮਹਾਵੀਰ ਨੂੰ ਨਿਰਗਰੰਥ ਗਿਆਤਾ ਪੁੱਤਰ ਆਖਿਆ ਗਿਆ ਹੈ। ਬੋਧੀ ਸਾਹਿਤ ਵਿਚ ਵੀ ਭਗਵਾਨ ਮਹਾਵੀਰ ਨੂੰ ਨਿਰਗੰਠ ਨਾਥ ਪੁੱਤਰ ਕਿਹਾ ਗਿਆ ਹੈ।

ਸੂਖਮ ਰੂਪ ਵਿਚ ਗਰੰਥ (ਗੰਢ) ਦਾ ਅਰਥ ਹੈ ਲਗਾਵ ਦੀ ਭਾਵਨਾ ਤੋਂ ਮੁਕਤ। ਸਪੱਸ਼ਟ ਰੂਪ ਵਿਚ ਗਰੰਥ ਦਾ ਅਰਥ ਹੈ ਜ਼ਰੂਰਤ ਤੋਂ ਜ਼ਿਆਦਾ ਚੀਜ਼ਾਂ ਇਕੱਠੀਆਂ ਕਰਨਾ। ਜੋ ਇਨ੍ਹਾਂ ਗਰੰਥ (ਗੱਠਾਂ) ਤੋਂ ਮੁਕਤ ਹੈ ਉਹ ਨਿਰਗਰੰਥ ਹੈ। ਸ਼ੁੱਲਕ ਦਾ ਅਰਥ ਮੁਨੀ ਹੈ, ਰਾਗ ਤੇ ਦਵੇਸ਼ ਵੀ ਗਰੰਥ ਹਨ। ਗਰੰਥ (ਗੰਢ) ਚਾਹੇ ਅੰਦਰਲੀ ਹੋਵੇ ਜਾਂ ਬਾਹਰਲੀ, ਮੁਨੀ ਨੂੰ ਇਸ ਦਾ ਤਿਆਗ ਕਰਨਾ ਬੇਹੱਦ ਜ਼ਰੂਰੀ ਹੈ।

ਅਗਿਆਨ ਦੁੱਖ ਦਾ ਕਾਰਨ ਹੈ। ਗਿਆਨ ਤੋਂ ਭਾਵ ਸ਼ਬਦਾਂ ਦਾ ਗਿਆਨ ਹੀ ਨਹੀਂ ਸਗੋਂ ਆਤਮਿਕ ਸ਼ੁੱਧੀ ਹੈ। ਜੇ ਗਿਆਨ ਕੋਰਾ ਸ਼ਬਦਾਂ ਤੇ ਆਧਾਰਿਤ ਹੈ ਅਤੇ ਜ਼ਿੰਦਗੀ ਵਿਚ ਉਸ ਦਾ ਪਾਲਣ ਨਹੀਂ ਹੋ ਸਕਦਾ, ਉਹ ਵੀ ਇਕ ਪ੍ਰਕਾਰ ਦੀ ਗੰਢ ਹੈ।

# ਛੇਵਾਂ ਅਧਿਐਨ

ਜਿੰਨੇ ਅਗਿਆਨੀ ਮਨੁੱਖ ਹਨ ਉਹ ਸਾਰੇ ਦੁੱਖ ਭੋਗਨ ਵਾਲੇ ਹਨ। ਉਹ ਮੂਰਖ ਅਣਗਿਣਤ ਸਮੇਂ ਤੱਕ ਜਨਮ ਮਰਨ ਦੇ ਚੱਕਰ ਵਿਚ ਫਸੇ ਰਹਿੰਦੇ ਹਨ।1।

ਇਸ ਲਈ ਪੰਡਿਤ ਲੋਕ ਮੋਹ ਨੂੰ ਭੈੜੀ ਗਤੀ ਦਾ ਕਾਰਨ ਸਮਝ ਕੇ ਸੱਚ ਦੀ ਖੋਜ ਕਰੇ ਅਤੇ ਸੰਸਾਰ ਦੇ ਸਾਰੇ ਲੋਕਾਂ ਨਾਲ ਮਿੱਤਰਤਾ ਭਾਵ ਰੱਖੇ।2।

ਉਹ ਸੋਚੇ ਕਿ ਕਰਮਾਂ ਦਾ ਫਲ ਭੋਗਦੇ ਸਮੇਂ ਮੇਰੀ ਰੱਖਿਆ ਜਾਂ ਬਚਾਉ ਕੋਈ ਨਹੀਂ ਕਰ ਸਕਦਾ ਚਾਹੇ ਉਹ ਮੇਰਾ ਮਾਂ-ਪਿਉ, ਭਾਈ, ਇਸਤਰੀ, ਪੁੱਤਰ ਜਾਂ ਨੂੰਹ ਹੋਵੇ, ਕੋਈ ਵੀ ਅੰਤ ਸਮੇਂ ਮੇਰਾ ਸਹਾਈ ਨਹੀਂ ਹੋਵੇਗਾ। ਮੈਨੂੰ ਇਕੱਲੇ ਨੂੰ ਆਪਣੇ ਕੀਤੇ ਚੰਗੇ ਮਾੜੇ ਕਰਮਾਂ ਦਾ ਫਲ ਭੋਗਣਾ ਪਵੇਗਾ।3।

ਸਮਿਅੱਕ ਦ੍ਰਿਸ਼ਟੀ (ਗਿਆਨਵਾਨ) ਮਨੁੱਖ ਉਪਰੋਕਤ ਗੱਲਾਂ ਨੂੰ ਆਪ ਸੋਚੇ ਤੇ ਸੋਚ ਕੇ ਮੋਹ ਮਮਤਾ ਦੇ ਰਿਸ਼ਤੇ ਤੋੜ ਦੇਵੇ ਤੇ ਫੇਰ ਪੁਰਾਣੀ ਵਾਕਫੀ ਕਰਨ ਦੀ ਇੱਛਾ ਵੀ ਨਾ ਕਰੇ।4।

ਹੇ ਸ਼ਿੱਸ਼ ! ਜੋ ਜੀਵ ਮਣੀ ਕੁੰਡਲ ਆਦਿ ਗਹਿਣੇ ਦਾਸ-ਦਾਸੀ, ਗਾਂ, ਘੋੜਾ ਆਦਿ ਪਸ਼ੂ ਦੇ ਮੋਹ ਨੂੰ ਛੱਡ ਕੇ ਜੋ ਸੰਜਮ ਦਾ ਪਾਲਨ ਕਰਨਗੇ ਉਹ ਦੇਵਤਿਆਂ ਦੀ ਪਦਵੀ ਪ੍ਰਾਪਤ ਕਰਨਗੇ।5।

ਕਰਮਾਂ ਦਾ ਦੁੱਖ ਭੋਗਦੇ ਹੋਏ ਪ੍ਰਾਣੀ ਨੂੰ ਚੱਲ ਜਾਂ ਅਚੱਲ ਸੰਮਤੀ, ਧਨ ਆਦਿ ਚੀਜ਼ਾਂ ਕੋਈ ਵੀ ਦੁੱਖ ਤੋਂ ਛੁਟਕਾਰਾ ਨਹੀਂ ਦਿਲਾ ਸਕਦੀਆਂ।6।

ਆਤਮਾ ਵਿਚ ਹੀ ਸਭ ਪ੍ਰਕਾਰ ਦੇ ਸੁੱਖ ਦੁੱਖ ਰਹਿੰਦੇ ਹਨ। ਸਾਰੇ

ਜੀਵਾਂ ਨੂੰ ਸੁੱਖ ਪਿਆਰਾ ਹੈ ਅਤੇ ਦੁੱਖ ਬਿਲਕੁਲ ਚੰਗਾ ਨਹੀਂ ਲੱਗਦਾ। ਆਪਣੀ ਆਤਮਾ ਸਭ ਨੂੰ ਪਿਆਰੀ ਹੈ। ਅਜਿਹਾ ਜਾਣ ਕੇ ਵੈਰ ਤੇ ਡਰ ਤੋਂ ਮੁਕਤ ਹੋ ਕੇ ਸਾਰੇ ਜੀਵਾਂ ਦੀ ਹਿੰਸਾ ਛੱਡ ਦੇਵੇ।7।

ਧਨ, ਅਨਾਜ ਆਦਿ ਪਦਾਰਥ ਨਰਕ ਦਾ ਕਾਰਨ ਸਮਝ ਕੇ ਮੁਨੀ ਬਿਨਾਂ ਆਗਿਆ ਤੋਂ ਇਕ ਤਿਣਕਾ ਵੀ ਗ੍ਰਹਿਣ ਨਾ ਕਰੇ ਅਤੇ ਭੋਜਨ ਤੋਂ ਬਿਨਾਂ ਇਸ ਸਰੀਰ ਦਾ ਗੁਜ਼ਾਰਾ ਨਹੀਂ ਹੋ ਸਕਦਾ, ਇਸ ਪ੍ਰਕਾਰ ਸੰਜਮ ਦੇ ਪ੍ਰਤਿ ਸ਼ਰਧਾ ਰੱਖਣ ਵਾਲਾ ਮੁਨੀ, ਆਪਣੇ ਭਾਂਡੇ ਵਿਚ ਗ੍ਰਹਿਸਥ ਰਾਹੀਂ ਦਿੱਤਾ ਭੋਜਨ ਹੀ ਗ੍ਰਹਿਣ ਕਰੇ।8।

ਇਸ ਸੰਸਾਰ ਵਿਚ ਕਈ ਲੋਕ ਮੰਨਦੇ ਹਨ ਕਿ ਪਾਪ ਦਾ ਤਿਆਗ ਕੀਤੇ ਬਿਨਾਂ ਹੀ ਖਾਲੀ ਸੱਚੇ ਤੱਤਵ ਗਿਆਨ ਦੇ ਜਾਨਣ ਨਾਲ ਹੀ ਆਤਮਾ ਸਾਰੇ ਦੁੱਖਾਂ ਤੋਂ ਮੁਕਤ ਹੋ ਜਾਂਦੀ ਹੈ।9।

ਬੰਧ (ਕਰਮਾਂ ਦਾ ਬੰਧਨ) ਅਤੇ ਮੋਕਸ਼ ਨੂੰ ਮੰਨਣ ਵਾਲੇ, ਇਹ ਵਾਦ (ਬਹਿਸ ਕਰਨ ਵਾਲੇ) ਸੰਜਮ ਦਾ ਆਚਰਣ ਨਹੀਂ ਕਰਦੇ, ਕੇਵਲ ਗੱਲਾਂ ਨਾਲ ਹੀ ਆਤਮਾ ਨੂੰ ਯਕੀਨ ਦਿਵਾਉਂਦੇ ਹਨ।10।

ਭਿੰਨ ਭਿੰਨ ਭਾਸ਼ਾਵਾਂ ਦਾ ਗਿਆਨ ਮਨੁੱਖ ਦੀ ਰੱਖਿਆ ਨਹੀਂ ਕਰ ਸਕਦਾ। ਤਾਂ ਫਿਰ ਭਿੰਨ ਭਿੰਨ ਪ੍ਰਕਾਰ ਦੀਆਂ ਵਿੱਦਿਆਵਾਂ ਕਿੱਥੇ ਰੱਖਿਆ ਕਰਦੀਆਂ ਹਨ ? ਜੋ ਇਨ੍ਹਾਂ (ਭਾਸ਼ਾਵਾਂ ਤੇ ਵਿੱਦਿਆਵਾਂ) ਨੂੰ ਆਪਣਾ ਰੱਖਿਅਕ ਮੰਨਦੇ ਹਨ, ਉਹ ਆਪਣੇ ਆਪ ਨੂੰ ਪੰਡਿਤ (ਵਿਦਵਾਨ) ਮੰਨਣ ਵਾਲੇ ਅਗਿਆਨੀ ਜੀਵ, ਪਾਪ ਕਰਮਾਂ ਵਿਚ ਡੁੱਬੇ ਹੋਏ ਹਨ।11।

ਕਈ ਅਗਿਆਨੀ, ਸਰੀਰ ਦੇ ਰੰਗ, ਰੂਪ ਵਿਚ, ਮਨ, ਬਚਨ ਤੇ ਸਰੀਰ ਰਾਹੀਂ ਚੱਕਰਾਂ ਵਿਚ ਫਸੇ ਹੋਏ ਹਨ, ਉਹ ਸਾਰੇ ਆਪਣੇ ਲਈ ਦੁੱਖ ਪੈਦਾ ਕਰਦੇ ਹਨ।12।

ਅਗਿਆਨੀ ਜੀਵ, ਇਸ ਸੰਸਾਰ ਵਿਚ, ਅਣਗਿਣਤ ਸਮੇਂ ਤੱਕ, ਅਣਗਿਣਤ ਜਨਮ ਧਾਰਨ ਕਰਦੇ ਹਨ। ਇਸ ਲਈ ਗਿਆਨੀ ਪੁਰਸ਼ ਸਾਰੀ ਸਥਿਤੀ ਨੂੰ ਵੇਖਦਾ ਹੋਇਆ ਅਤੇ ਗਫਲਤ ਤੋਂ ਬਚਦਾ ਹੋਇਆ, ਚੰਚਲਤਾ ਰਹਿਤ ਜ਼ਿੰਦਗੀ ਗੁਜ਼ਾਰੇ।13।

ਗਿਆਨੀ ਸੰਸਾਰ ਤੋਂ ਬਾਹਰ ਤੇ ਸਭ ਤੋਂ ਉੱਚੀ ਮੁਕਤੀ ਨੂੰ, ਆਪਣਾ ਉਦੇਸ਼ ਸਮਝ ਕੇ ਬਾਹਰ ਦੇ ਭੋਗਾਂ ਦੀ ਕਦੇ ਇੱਛਾ ਨਾ ਕਰੇ। ਸਰੀਰ ਨੂੰ ਪਿਛਲੇ ਕਰਮਾਂ ਦਾ ਫਲ ਭੋਗਣ ਵਾਲਾ ਹੀ ਸਮਝੇ।14।

ਸਾਧੂ ਮਿੱਥਿਆਤਵ (ਅਗਿਆਨ ਆਦਿ) ਕਰਮਾਂ ਦੇ ਕਾਰਨ ਨੂੰਦੂਰ ਕਰਕੇ ਸੰਜਮ ਤੇ ਤਪ ਦੇ ਮੌਕੇ ਦੀ ਇੱਛਾ ਕਰਦਾ ਹੋਇਆ, ਜੀਵਨ ਗੁਜ਼ਾਰੇ। ਗ੍ਰਹਿਸਥ ਦੇ ਆਪਣੇ ਲਈ, ਬਣਾਏ ਭੋਜਨ ਵਿਚੋਂ ਹੀ, ਭੋਜਨ ਗ੍ਰਹਿਣ ਕਰੇ।15।

ਸਾਧੂ ਰਾਤ ਨੂੰ ਇਕ ਵੀ ਤਿਣਕੇ ਦਾ ਸੰਗ੍ਰਹਿ ਨਾ ਕਰੇ, ਜਿਵੇਂ ਪੰਛੀ ਆਪਣੇ ਪਰਾਂ ਨਾਲ ਉੱਡਦਾ ਹੈ, ਇਸੇ ਤਰ੍ਹਾਂ ਸਾਧੂ ਇੱਛਾ ਰਹਿਤ ਹੋ ਕੇ ਆਪਣੇ ਧਾਰਮਿਕ ਚਿੰਨ੍ਹਾਂ ਨਾਲ ਜ਼ਿੰਦਗੀ ਗੁਜ਼ਾਰੇ।16।

ਏਸ਼ਨਾ ਸਮਿਤੀ (ਸ਼ੁੱਧ ਭੋਜਨ ਦੀ ਭਾਲ) ਨੂੰ ਧਾਰਨ ਕਰਨ ਵਾਲਾ, ਸ਼ਰਮ ਧਰਮ ਵਾਲਾ, ਸੰਜਮੀ ਭਿਕਸ਼ੂ, ਪਿੰਡ ਵਿਚ ਅਨਿਸ਼ਚਿਤ ਥਾਵਾਂ ਤੇ ਘੁੰਮੇ। ਗਫਲਤ ਰਹਿਤ ਗ੍ਰਹਿਸਥਾਂ ਦੇ ਰਾਹੀਂ ਦਿੱਤੇ ਹੋਏ ਭੋਜਨ ਦੀ ਭਾਲ ਕਰੇ।17।

ਇਸ ਪ੍ਰਕਾਰ ਸਰਵਗ (ਸਭ ਕੁਛ ਜਾਨਣ ਵਾਲੇ) ਸਰਵਦਰਸ਼ੀ (ਸਭ ਕੁਝ ਦੇਖਣ ਵਾਲੇ) ਸਰਬ ਉਚ ਗਿਆਨ ਤੇ ਵਿਸ਼ਵਾਸ ਨੂੰ ਧਾਰਨ ਕਰਨ ਵਾਲੇ, ਅਰਿਹੰਤ ਗਿਆਤ ਪੁੱਤਰ, ਵਿਸ਼ਾਲ ਕੁੱਲ ਵਾਲੇ, ਭਗਵਾਨ ਮਹਾਵੀਰ ਨੇ ਇਸ ਪ੍ਰਕਾਰ ਫੁਰਮਾਇਆ ਹੈ।18।

''ਅਜਿਹਾ ਮੈਂ ਆਖਦਾ ਹਾਂ।''

## ਟਿੱਪਣੀਆਂ

ਗਾਥਾ 18 :

ਨਾਯਪੁਤ ਦਾ ਅਰਤ ਗਿਆਤ ਪੁੱਤਰ ਹੈ ਜੋ ਕਿ ਭਗਵਾਨ ਮਹਾਵੀਰ ਦਾ ਇਕ ਨਾਂ ਹੈ। ਉੱਤਰਾਧਿਐਨ ਚੂਰਣੀ ਵਿਚ ਸਪਸ਼ਟ ਕਿਹਾ ਗਿਆ ਹੈ :

णात कुलप्पसुते सिद्धत्थ खत्तियपुत्ते ............

ਗਿਆਤ ਭਗਵਾਨ ਮਹਾਵੀਰ ਦੀ ਜਾਤ ਸੀ ਅਤੇ ਕਸ਼ਯਪ ਉਨ੍ਹਾਂ ਦਾ ਗੋਤ ਸੀ। ਬੱਜੀ ਦੇਸ਼ ਵਿਚ ਲਿੱਛਵੀਆ ਦੀਆਂ 9 ਸ਼ਾਖਾਵਾਂ ਸਨ ਉਨ੍ਹਾਂ ਵਿਚੋਂ ਇਕ ਗਿਆਤ ਸੀ। ਅੱਜ ਕੱਲ ਬਿਹਾਰ ਵਿਚ ਜਥਰੀਆ ਨਾਂ ਦੀ ਜਾਤ ਆਪਣੇ ਆਪ ਨੂੰ ਬ੍ਰਾਹਮਣ ਰਾਜਪੂਤ ਆਖਦੀ ਹੈ। ਅਨੇਕਾਂ ਵਿਦਵਾਨ ਗਿਆਤ ਦਾ ਵਿਗੜਿਆ ਰੂਪ ਜਥਰੀਆ ਮੰਨਦੇ ਹਨ।

ਵੈਸਾਲਿਆ (वेसालिय) ਤੋਂ ਭਾਵ ਵੈਸ਼ਾਲੀ (ਅੱਜ ਕੱਲ ਦਾ ਵਸਾੜ ਜ਼ਿਲ੍ਹਾ ਮੁਜ਼ਫਰਪੁਰ ਤੋਂ ਹੈ) ਭਗਵਾਨ ਮਹਾਵੀਰ ਦੀ ਮਾਤਾ ਵੈਸ਼ਾਲੀ ਦੇ ਰਾਜੇ ਦੀ ਭੈਣ ਸੀ। ਇਹ ਸ਼ਹਿਰ ਭਗਵਾਨ ਮਹਾਵੀਰ ਦਾ ਜਨਮ ਸਥਲ ਵੀ ਸਿੱਧ ਹੋ ਚੁੱਕਾ ਹੈ। ਜਿਸ ਨੂੰ ਵਸੁਕੁੰਡ ਜਾਂ ਖੱਤਰੀ ਕੁੰਡ ਗਰਾਮ ਆਖਦੇ ਹਨ। ਪਰ ਟੀਕਾਕਾਰ ਨੇ ਇਸ ਦਾ ਅਰਥ ਵਿਸ਼ਾਲ ਕੁਲ ਵਾਲਾ ਕੀਤਾ ਹੈ।

# 7.
# ਉਤਰਮੀਆ ਅਧਿਐਨ

ਇੰਦਰੀਆਂ ਦੇ ਸੁੱਖ ਹਮੇਸ਼ਾ ਰਹਿਣ ਵਾਲੇ ਨਹੀਂ, ਇਹ ਅਖੀਰ ਵਿਚ ਦੁੱਖ ਹੀ ਦਿੰਦੇ ਹਨ। ਇਸ ਲਈ ਸਿਆਣਾ ਪੁਰਸ਼ ਇੰਦਰੀਆਂ ਦੇ ਵਿਸ਼ੇ ਵਿਕਾਰਾਂ ਵਿਚ ਨਹੀਂ ਫਸਦਾ।

ਇਸ ਅਧਿਐਨ ਵਿਚ ਪੰਜ ਸੁੰਦਰ ਉਦਾਹਰਣਾਂ ਰਾਹੀਂ ਇੰਦਰੀਆਂ ਦੇ ਵਿਸ਼ੇ ਵਿਚ ਫਸੇ ਜੀਵਾਂ ਦਾ ਵਰਨਣ ਹੈ। ਇਹ ਪੰਜ ਉਦਾਹਰਣਾਂ ਇਸ ਪ੍ਰਕਾਰ ਹਨ :

(ੳ) ਇਕ ਆਦਮੀ ਦੇ ਘਰ ਇਕ ਮੇਮਨਾ ਸੀ, ਉਹ ਉਸ ਦੀ ਬਹੁਤ ਸੇਵਾ ਕਰਦਾ ਸੀ। ਜਿਸ ਕਾਰਨ ਮੇਮਨਾ ਬਹੁਤ ਮੋਟਾ ਹੋ ਗਿਆ। ਉਸ ਦੇ ਘਰ ਵਿਚ ਇਕ ਗਾਂ ਤੇ ਬੱਛਾ ਵੀ ਸੀ। ਬੱਛਾ ਹਰ ਰੋਜ਼ ਮੇਮਨੇ ਨੂੰ ਚੰਗਾ ਭੋਜਨ ਕਰਦਾ ਵੇਖਦਾ। ਇਸ ਦੇ ਉਲਟ ਉਸ ਬੱਛੇ ਤੇ ਉਸ ਦੀ ਮਾਂ ਨੂੰ ਸੁੱਕਾ ਘਾਹ ਫੂਸ ਮਿਲਦਾ। ਬੱਛੇ ਨੂੰ ਇਹ ਵੇਖ ਕੇ ਬਹੁਤ ਦੁੱਖ ਹੁੰਦਾ ਸੀ। ਇਕ ਦਿਨ ਉਸ ਨੇ ਆਪਣੀ ਮਾਂ ਨੂੰ ਇਸਦਾ ਕਾਰਨ ਪੁੱਛਿਆ। ਉਸ ਦੀ ਮਾਂ ਨੇ ਕਿਹਾ, ਬੱਚਾ ! ਇਸ ਨੂੰ ਇਸ ਲਈ ਚੰਗਾ ਖਿਲਾਇਆ ਜਾ ਰਿਹਾ ਹੈ, ਕਿਉਂਕਿ ਇਸ ਦੀ ਮੌਤ ਕਰੀਬ ਹੈ। ਕੁਝ ਦਿਨ ਤੱਕ ਤੂੰ ਇਸ ਦਾ ਫਲ ਦੇਖ ਲਵੇਂਗਾ।

ਇਕ ਦਿਨ ਬੱਛੇ ਨੇ ਵੇਖਿਆ ਕਿ ਉਸ ਆਦਮੀ ਦੇ ਘਰ ਪ੍ਰਾਹੁਣਾ ਆਂ ਗਿਆ ਅਤੇ ਉਸ ਮਨ-ਚਾਹੇ ਭੋਜਨ ਖਾਣ ਵਾਲੇ ਬੱਕਰੇ ਨੂੰ ਮਾਰ ਕੇ ਪ੍ਰਾਹੁਣੇ ਅੱਗੇ ਖਾਣ ਲਈ ਰੱਖ ਦਿੱਤਾ ਗਿਆ। ਬੱਛੇ ਨੇ ਮਾਂ ਨੂੰ ਪੁੱਛਿਆ

ਕਿ ਅਸੀਂ ਵੀ ਇਸ ਤਰ੍ਹਾਂ ਕੱਟੇ ਜਾਵਾਂਗੇ ? ਗਾਂ ਨੇ ਜਵਾਬ ਦਿੱਤਾ, "ਨਹੀਂ ਬੱਚਾ ! ਅਸੀਂ ਸੁੱਕਾ ਘਾਹ ਖਾ ਕੇ ਗੁਜ਼ਾਰਾ ਕਰਦੇ ਹਾਂ ਸਾਨੂੰ ਕੀ ਦੁੱਖ ਆਵੇਗਾ ? ਦੁੱਖ ਤਾਂ ਮਨ ਚਾਹੇ ਭੋਜਨ ਖਾਣ ਵਾਲਿਆਂ ਲਾਲਚੀਆਂ ਨੂੰ ਹੀ ਆਉਂਦਾ ਹੈ ?"

(ਅ) ਇਕ ਭਿਖਾਰੀ ਨੇ ਬੜੀ ਮੁਸ਼ਕਿਲ ਨਾਲ ਇਕ ਹਜ਼ਾਰ ਕਾਰਸਅਰਪਣ (ਸਿੱਕੇ) ਇਕੱਠੇ ਕੀਤੇ। ਉਸ ਨੇ ਆਪਣੇ ਖਰਚ ਲਈ ਕੁਝ ਕੰਕਨੀਆਂ (ਪਾਈਆਂ) ਰੱਖ ਲਈਆਂ ਤਾਂ ਕਿ ਉਹ ਰਸਤੇ ਵਿਚ ਕੰਮ ਲਿਆ ਸਕੇ। ਇਕ ਦਿਨ ਉਹ ਕਿਸੇ ਪਿੰਡ ਵਿਚ ਠਹਿਰਿਆ। ਉੱਥੇ ਉਹ ਇਕ ਕਾਂਕਣੀ ਭੁੱਲ ਗਿਆ। ਥੋੜ੍ਹਾ ਰਸਤਾ ਅੱਗੇ ਜਾ ਕੇ ਉਸ ਨੂੰ ਆਪਣੀ ਕਾਂਕਣੀ ਯਾਦ ਆਈ। ਉਹ ਆਪਣੀ ਇਕ ਹਜ਼ਾਰ ਕਾਰਸਅਰਪਣ ਜੰਗਲ ਵਿਚ ਛੁਪਾ ਕੇ ਉਹ ਕਾਂਕਣੀ ਲੈਣ ਚਲਾ ਗਿਆ। ਉਥੇ ਉਸ ਨੂੰ ਕਾਂਕਣੀ ਨਾ ਮਿਲੀ, ਕਿਉਂਕਿ ਉਹ ਚੋਰੀ ਹੋ ਚੁੱਕੀ ਸੀ। ਉਹ ਨਿਰਾਸ਼ ਹੋ ਕੇ ਵਾਪਸ ਮੁੜ ਆਇਆ ਅਤੇ ਆਪਣੇ ਕਾਰਸ ਅਰਪਣ ਦੀ ਭਾਲ ਕਰਨ ਲੱਗਾ। ਪਰ ਉਸ ਦੀ ਨਿਰਾਸ਼ਾ ਵਿਚ ਹੋਰ ਵਾਧਾ ਹੋ ਗਿਆ ਜਦੋਂ ਕਿ ਇਕ ਹਜ਼ਾਰ ਕਾਰਸ ਅਰਪਣ ਵੀ ਕੋਈ ਚੁੱਕ ਕੇ ਲੈ ਗਿਆ ਸੀ ਕਿਉਂਕਿ ਕਿਸੇ ਚੋਰ ਨੇ ਉਸ ਨੂੰ ਇਹ ਪੈਸਾ ਰੱਖਦੇ ਵੇਖ ਲਿਆ ਸੀ।

ਜੋ ਥੋੜ੍ਹੇ ਸੁੱਖ ਲਈ ਬੜਾ ਸੁੱਖ ਛੱਡਦੇ ਹਨ ਉਹ ਭਿਖਾਰੀ ਦੀ ਤਰ੍ਹਾਂ ਦੁਖੀ ਹੁੰਦੇ ਹਨ।

(ੲ) ਇਕ ਰਾਜਾ ਅੰਬ ਖਾਣ ਦਾ ਬਹੁਤ ਸ਼ੌਕੀਨ ਸੀ, ਇਕ ਵਾਰ ਉਸ ਨੂੰ ਹੈਜ਼ਾ ਹੋ ਗਿਆ। ਵੈਦ ਨੇ ਉਸ ਨੂੰ ਅੰਬ ਖਾਣ ਤੋਂ ਮਨ੍ਹਾਂ ਕਰ ਦਿੱਤ। ਰਾਜੇ ਨੇ ਅੰਬ ਖਾਣੇ ਛੱਡ ਦਿੱਤੇ।

ਇਕ ਵਾਰ ਰਾਜਾ ਆਪਣੇ ਵਜ਼ੀਰ ਨਾਲ ਜੰਗਲ ਵਿਚ ਸੈਰ ਕਰ

ਰਿਹਾ ਸੀ। ਜੰਗਲ ਵਿਚ ਵਿਸ਼ਾਲ ਅੰਬਾਂ ਦਾ ਦਰਖ਼ਤ ਸੀ। ਜਿਸ ਉਪਰ ਰਸ ਭਰੇ ਮਿੱਠੇ ਤੇ ਪੱਕੇ ਅੰਬ ਲੱਗੇ ਹੋਏ ਸਨ। ਰਾਜਾ ਅੰਬ ਖਾਣ ਲਈ ਅੱਗੇ ਵਧਿਆ। ਮੰਤਰੀ ਦੇ ਲੱਖ ਰੋਕਣ ਤੇ ਵੀ ਉਸ ਰਾਜੇ ਨੇ ਅੰਬ ਖਾ ਲਏ ਅਤੇ ਉਸ ਦੀ ਮੌਤ ਹੋ ਗਈ। ਥੋੜ੍ਹੇ ਸੁੱਖ ਲਈ ਰਾਜਾ ਅਨਮੋਲ ਜੀਵਨ ਗੁਆ ਬੈਠਾ।

(ਸ) ਮਨੁੱਖੀ ਜੀਵ ਦੇ ਸੁੱਖ, ਔਸ ਦੇ ਕਣਾਂ ਦੀ ਤਰ੍ਹਾਂ ਥੋੜਾ ਸਮਾਂ ਹਹਿਣ ਵਾਲੇ ਅਤੇ ਖ਼ਤਮ ਹੋਣ ਵਾਲੇ ਹਨ।

(ਹ) ਇਕ ਆਦਮੀ ਸੀ। ਉਸ ਦੇ ਤਿੰਨ ਪੁੱਤਰ ਸਨ। ਇਕ ਦਿਨ ਉਹ ਸੋਚਣ ਲੱਗਾ ਜੀਵਨ ਦਾ ਕੀ ਭਰੋਸਾ ਹੈ ? ਕਿਉਂ ਨਾ ਕੰਮ ਕਾਜ ਆਪਣੇ ਪੁੱਤਰਾਂ ਨੂੰ ਸੰਭਾਲ ਦਿੱਤਾ ਜਾਵੇ। ਉਸ ਨੇ ਆਪਣੇ ਤਿੰਨਾਂ ਪੁੱਤਰਾਂ ਨੂੰ ਬੁਲਾ ਕੇ ਧੰਨ ਦਿੱਤਾ ਅਤੇ ਵਪਾਰ ਕਰਨ ਲਈ ਵਿਦੇਸ਼ ਜਾਣ ਦਾ ਹੁਕਮ ਦਿੱਤਾ।

ਪਹਿਲਾ ਲੜਕਾ ਕਾਫੀ ਨਫਾ ਕਮਾ ਕੇ ਘਰ ਵਾਪਸ ਆਇਆ। ਦੂਸਰਾ ਮੂਲ ਪੂੰਜੀ ਹੀ ਵਾਪਸ ਲੈ ਕੇ ਆ ਗਿਆ। ਪਰ ਤੀਸਰਾ ਸਭ ਕੁਝ ਗੁਆ ਬੈਠਾ।

ਮਨੁੱਖੀ ਜੀਵਨ ਮੂਲ ਪੂੰਜੀ ਦੀ ਤਰ੍ਹਾਂ ਹੈ। ਮਨੁੱਖੀ ਜੀਵਨ ਤੋਂ ਬਾਅਦ ਦੇਵ-ਗਤੀ ਮੁਨਾਫਾ ਹੈ ਅਤੇ ਨਰਕ ਤੇ ਪਸ਼ੂ ਜੂਨ ਮੂਲ ਪੂੰਜੀ ਖ਼ਤਮ ਕਰਨਾ ਹੈ।

# ਸੱਤਵਾਂ ਅਧਿਐਨ

ਜਿਸ ਤਰ੍ਹਾਂ ਪ੍ਰਾਹੁਣੇ ਦੇ ਲਈ ਕੋਈ ਆਦਮੀ ਬੱਕਰੇ ਨੂੰ ਚੌਲ ਅਤੇ ਜੌਂ ਆਦਿ ਖਿਲਾ ਕੇ ਉਸ ਨੂੰ ਆਪਣੇ ਘਰ ਦੇ ਵਿਹੜੇ ਵਿਚ ਪਾਲਦਾ ਹੈ।1।

ਕਾਫੀ ਸਮਾਂ ਪਾ ਕੇ ਉਹ ਬੱਕਰਾ ਖਾ ਪੀ ਕੇ ਤਾਕਤਵਰ, ਚਰਬੀ ਵਾਲਾ, ਬੜੇ ਪੇਟ ਵਾਲਾ, ਪੱਕੇ ਸ਼ਰੀਰ ਵਾਲਾ ਹੋ ਗਿਆ। ਤਦ ਉਹ ਰੱਜਿਆ ਹੋਇਆ, ਮੋਟੇ ਮਾਸ ਵਾਲਾ ਮੇਮਨਾ ਪ੍ਰਾਹੁਣੇ ਦਾ ਹੀ ਇੰਤਜ਼ਾਰ ਕਰਦਾ ਹੈ।2।

ਪ੍ਰਾਹੁਣਾ ਜਦ ਤੱਕ ਨਹੀਂ ਆਉਂਦਾ ਤਦ ਤੱਕ ਮੇਮਨਾ ਜਿਉਂਦਾ ਰਹਿੰਦਾ ਹੈ, ਪ੍ਰਾਹੁਣੇ ਦੇ ਆਉਣ ਤੇ ਦੁਖੀ ਮੇਮਨੇ ਦਾ ਸਿਰ ਕੱਟ ਕੇ ਖਾ ਲਿਆ ਜਾਂਦਾ ਹੈ।3।

ਜਿਸ ਤਰ੍ਹਾਂ ਉਹ ਮੇਮਨਾ ਪ੍ਰਾਹੁਣੇ ਦੇ ਖਾਣ ਲਈ ਨਿਸ਼ਚਿਤ ਹੈ, ਉਸੇ ਤਰ੍ਹਾਂ ਅਧੱਮੀ, ਅਗਿਆਨੀ ਜੀਵ ਵੀ ਨਰਕ ਆਯੂ ਦਾ ਇੰਤਜ਼ਾਰ ਕਰਦੇ ਹਨ ਅਰਥਾਤ ਉਨ੍ਹਾਂ ਨੂੰ ਨਰਕ ਮਿਲਣਾ ਨਿਸ਼ਚਿਤ (ਪੱਕੀ ਗੱਲ) ਹੈ।4।

ਹਿੰਸਕ, ਅਗਿਆਨੀ, ਝੂਠਾ, ਰਾਹ ਵਿਚ ਲੁੱਟ ਮਾਰ ਕਰਨ ਵਾਲਾ, ਦੂਸਰੇ ਵੱਲੋਂ ਦਿੱਤੀ ਹੋਈ ਚੀਜ਼ ਨੂੰ ਰਾਹ ਵਿਚ ਹੀ ਹੜੱਪ ਕਰਨ ਵਾਲਾ, ਚੋਰ, ਧੋਖੇਬਾਜ਼, ਠੱਗ ਤੇ ਇਹ ਸੋਚਣ ਵਾਲਾ ਕਿ ਮੈਂ ਕਿੱਥੋਂ ਕੀ ਚੁਰਾਵਾਂ। ਅਜਿਹੀ ਸੋਚ ਵਾਲਾ ਵਿਅਕਤੀ ਅਜਿਹੇ ਕਰਮ ਕਾਰਨ ਨਰਕ ਨੂੰ ਜਾਂਦਾ ਹੈ।5।

ਇਸਤਰੀ ਤੇ ਹੋਰ ਵਿਸ਼ਿਆਂ ਵਿਚ ਲੱਗਿਆ ਹੋਇਆ, ਮਹਾ ਅਰੰਭੀ (ਮਹਾ ਹਿੰਸਕ) ਅਤੇ ਮਹਾ ਪਰਿਗ੍ਰਹਿ (ਜਰੂਰਤ ਤੋਂ ਵੱਧ ਵਸਤਾਂ ਰੱਖਣ ਵਾਲਾ) ਮਾਂਸ ਤੇ ਸ਼ਰਾਬ ਦਾ ਸੇਵਨ ਕਰਨ ਵਾਲਾ, ਦੂਸਰਿਆਂ ਨੂੰ ਦੁੱਖ

ਦੇਣ ਵਾਲਾ, ਮੇਮਨੇ ਦੀ ਤਰ੍ਹਾਂ, ਮੋਟੇ ਪੇਟ ਵਾਲਾ ਅਤੇ ਜ਼ਿਆਦਾ ਖ਼ੂਨ ਵਾਲਾ, ਉਸੇ ਤਰ੍ਹਾਂ ਨਰਕ ਦਾ ਇੰਤਜ਼ਾਰ ਕਰਦਾ ਹੈ ਜਿਸ ਤਰ੍ਹਾਂ ਮੇਮਨਾ, ਮਹਿਮਾਨ ਦਾ ਇੰਤਜ਼ਾਰ ਕਰਦਾ ਹੈ ਅਰਥਾਤ ਉਪਰੋਕਤ ਬੁਰਾਈਆਂ ਵਾਲਿਆਂ ਲਈ ਨਰਕ ਨਿਸ਼ਚਿਤ ਹੈ।6–7।

ਵਰਤਮਾਨ ਬਾਰੇ ਹੀ ਵਿਚਾਰ ਕਰਨ ਵਾਲਾ, ਭਾਰੇ ਕਰਮਾਂ ਵਾਲਾ ਮਨੁੱਖ, ਆਸਨ, ਬਿਸਤਰਾ, ਮਕਾਨ, ਗੱਡੀ, ਧਨ, ਕਾਮ ਭੋਗ ਤੇ ਦੁੱਖ ਨਾਲ ਇਕੱਠੇ ਕੀਤੇ ਧਨ ਨੂੰ ਛੱਡ ਕੇ ਜਦ ਮਰਨ ਦੇ ਨੇੜੇ ਪੁੱਜਦਾ ਹੈ ਤਾਂ ਬੁਰੇ ਕਰਮਾਂ ਦੀ ਮੈਲ ਦੇ ਭਾਰ ਹੇਠ ਦਬਿਆ ਹੋਇਆ ਉਸੇ ਤਰ੍ਹਾਂ ਪਛਤਾਉਂਦਾ ਹੈ ਜਿਸ ਤਰ੍ਹਾਂ ਉਹ ਮੇਮਨਾ ਪ੍ਰਾਹੁਣੇ ਦੇ ਆਉਣ ਤੇ ਦੁਖੀ ਹੁੰਦਾ ਹੈ।8–9।

ਉਸ ਤੇ ਬਾਅਦ ਉਮਰ ਖ਼ਤਮ ਹੋਣ ਤੇ ਉਹ ਹਿੰਸਕ ਅਗਿਆਨੀ ਜੀਵ ਸਰੀਰ ਨੂੰ ਛੱਡ ਕੇ ਕਰਮ ਵਸ ਪੈ ਕੇ ਹਨੇਰ ਪੂਰਨ ਆਸੁਰੀ ਦਸ਼ਾ (ਨਰਕ ਗਤੀ) ਨੂੰ ਚਲਾ ਜਾਂਦਾ ਹੈ।10।

ਜਿਸ ਤਰ੍ਹਾਂ ਇਕ ਕਾਂਕਨੀ (ਇਕ ਪੁਰਾਣਾ ਤੇ ਕੀਮਤ ਵਿਚ ਸਭ ਤੋਂ ਘੱਟ ਸਿੱਕਾ) ਲਈ ਹਜ਼ਾਰਾਂ ਮੁਦਰਾਵਾਂ (ਸਭ ਤੋਂ ਵੱਡਾ ਸੋਨੇ ਦਾ ਸਿੱਕਾ) ਖੋ ਦਿੰਦਾ ਹੈ ਅਤੇ ਕੋਈ ਰਾਜਾ ਬਿਮਾਰੀ ਵਿਚ ਅੰਬ ਦੀ ਮਨਾਹੀ ਕਰਨ ਤੇ ਵੀ ਅੰਬ ਖਾ ਲੈਂਦਾ ਹੈ ਤੇ ਮਰ ਜਾਂਦਾ ਹੈ।11।

ਉਸੇ ਪ੍ਰਕਾਰ ਦੇਵਤਿਆਂ ਦੇ ਕਾਮ ਭੋਗਾਂ ਸਾਹਮਣੇ ਮਨੁੱਖਾਂ ਦੇ ਕਾਮ ਭੋਗ ਹਜ਼ਾਰ ਗੁਣਾਂ ਤੁੱਛ ਹਨ ਅਰਥਾਤ ਮਾਮੂਲੀ ਹਨ। ਦੇਵਤਿਆਂ ਦੇ ਕਾਮ ਭੋਗ ਤੇ ਉਮਰ ਮਨੁੱਖਾਂ ਦੀ ਉਮਰ ਤੇ ਕਾਮ ਭੋਗ ਹਜ਼ਾਰਾਂ ਗੁਣਾ ਜ਼ਿਆਦਾ ਹਨ।12।

ਸਮਝਦਾਰ ਦੀ ਦੇਵ ਲੋਕ ਵਿਚ ਅਨੇਕਾਂ ਨਯੁਤ-ਕਾਲ ਦੀ ਉਮਰ

ਹੁੰਦੀ ਹੈ। ਉਸੇ ਹਾਲਤ ਵਿਚ ਬੇਅਕਲ ਮਨੁੱਖ 100 ਸਾਲ ਦੀ ਛੋਟੀ ਜਿਹੀ ਉਮਰ ਵਿਚ ਹੀ ਵਿਸ਼ੇ ਭੋਗਾਂ ਵਿਚ ਫਸ ਕੇ ਪਵਿੱਤਰ ਸੁੱਖਾਂ ਨੂੰ ਗੁਆ ਦਿੰਦਾ ਹੈ।13।

ਜਿਸ ਪ੍ਰਕਾਰ ਤਿੰਨ ਵਿਉਪਾਰੀ ਕੁਝ ਧੰਨ ਲੈ ਕੇ ਵਿਉਪਾਰ ਕਰਨ ਗਏ। ਉਨ੍ਹਾਂ ਵਿਚੋਂ ਇਕ ਨੇ ਲਾਭ ਖੱਟਿਆ, ਦੂਸਰਾ ਆਪਣੀ ਮੂਲ ਪੂੰਜੀ ਲੈ ਕੇ ਵਾਪਸ ਆ ਗਿਆ।14।

ਉਨ੍ਹਾਂ ਵਿਚੋਂ ਤੀਸਰਾ ਮੂਲ ਧੰਨ ਵੀ ਖੋ ਆਇਆ, ਇਹ ਇਕ ਵਿਵਹਾਰਿਕ (ਆਮ) ਉਦਾਹਰਣ ਹੈ। ਇਸ ਨੂੰ ਧਰਮ ਦੇ ਮਾਮਲੇ ਵਿਚ ਵੀ ਸਮਝ ਲੈਣਾ ਚਾਹੀਦਾ ਹੈ।15।

"ਮਨੁੱਖ ਜਨਮ ਮੂਲ ਪੂੰਜੀ ਦੇ ਬਰਾਬਰ ਹੈ। ਦੇਵਤੇ ਦਾ ਜਨਮ ਮਿਲਣਾ ਲਾਭ ਦੇ ਬਰਾਬਰ ਹੈ। ਮੂਲ ਮਨੁੱਖੀ ਜਨਮ ਦਾ ਬੇ-ਅਰਥ ਨਾਸ਼ ਕਰਨਾ ਮੂਲ ਪੂੰਜੀ ਦਾ ਖ਼ਾਤਮਾ ਕਰਨਾ ਹੈ। ਮਨੁੱਖੀ ਜਨਮ ਨੂੰ ਬੇ-ਅਰਥ ਲਗਾਉਣ ਤੋਂ ਮਨੁੱਖ ਨੂੰ ਪਸ਼ੂ ਅਤੇ ਨਰਕ ਦੀ ਗਤੀ (ਯੋਨੀ) ਦੀ ਪ੍ਰਾਪਤੀ ਹੁੰਦੀ ਹੈ। ਸੋ ਜਨਮ ਰੂਪੀ ਪੂੰਜੀ ਨੂੰ ਚੰਗੇ ਅਰਥ ਲਾਉਣਾ ਚਾਹੀਦਾ ਹੈ।16।

ਅਗਿਆਨੀ ਦੀ ਦੋ ਕਿਸਮਾਂ ਦੀ ਦੁਰਗਤੀ ਹੁੰਦੀ ਹੈ, ਨਰਕ ਜਾਂ ਪਸ਼ੂ ਦਾ ਜਨਮ। ਕਿਉਂਕਿ ਮੂਰਖ ਪ੍ਰਾਣੀ, ਜੀਭ ਦੇ ਸੁਆਦਾਂ ਵਿਚ ਫਸ ਕੇ ਆਪਣੇ ਮਨੁੱਖੀ ਜੀਵਨ ਤੇ ਦੇਵਤੇ ਦਾ ਜੀਵਨ ਹਾਰ ਜਾਂਦਾ ਹੈ।17।

ਉਹ ਅਸਫਲ ਜੀਵ, ਨਰਕ ਤੇ ਪਸ਼ੂ ਗਤੀ ਵਿਚ ਬਹੁਤ ਲੰਬੇ ਸਮੇਂ ਤੱਕ ਹਾਰਿਆ ਰਹਿੰਦਾ ਹੈ ।ਉਥੋਂ ਨਿਕਲਣਾ ਕਾਫੀ ਸਮੇਂ ਤੱਕ ਮੁਸ਼ਕਿਲ ਹੈ।18।

ਇਸ ਪ੍ਰਕਾਰ ਹਾਰੇ ਹੋਏ ਅਗਿਆਨੀ ਦੀ ਬੁੱਧੀ ਨੂੰ ਵੇਖ ਕੇ, ਜੇਤੂ

ਵਿਦਵਾਨ ਪੁਰਸ਼ ਨਾਲ ਆਪਣੀ ਤੁਲਨਾ ਕਰਕੇ, ਜੋ ਮਨੁੱਖੀ ਜੂਨੀ (ਜਨਮ) ਪ੍ਰਾਪਤ ਕਰਦੇ ਹਨ। ਉਹ ਮੂਲ ਪੂੰਜੀ ਪ੍ਰਾਪਤ ਕਰਦੇ ਹਨ।19।

ਜਿਸ ਦੀ ਸਿੱਖਿਆ ਭਿੰਨ ਭਿੰਨ ਅਤੇ ਵਿਸ਼ਾਲ ਹੈ, ਜੋ ਘਰ ਵਿਚ ਰਹਿੰਦੇ ਹੋਏ ਵੀ ਚੰਗੇ ਚਾਲ ਚਲਣ ਦਾ ਪਾਲਣ ਕਰਦੇ ਹੋਇਆਂ, ਆਪਦੇ ਗੁਣਾਂ ਵਿਚ ਵਾਧਾ ਕਰਦਾ ਹੈ, ਉਹ ਅਦੀਨ (ਮਜ਼ਬੂਤ) ਪੁਰਸ਼ ਮੂਲ ਧਨ ਰੂਪੀ ਮਨੁੱਖਤਾ ਨੂੰ ਅੱਗੇ ਵਧਾਉਂਦਾ ਹੋਇਆ, ਦੇਵਤਾ ਬਣ ਜਾਂਦਾ ਹੈ। ਕਿਉਂਕਿ ਅਜਿਹੇ ਪ੍ਰਾਣੀ ਦੇ ਕਰਮ ਸੱਤ (ਸੱਚੇ) ਹੁੰਦੇ ਹਨ। ਉਹ ਜਿਵੇਂ ਕਰਦਾ ਹੈ, ਉਸੇ ਤਰ੍ਹਾਂ ਦਾ ਫਲ ਪਾਉਂਦਾ ਹੈ।20।

ਜਿਨ੍ਹਾਂ ਦਾ ਗਿਆਨ ਬਹੁਤ ਫੈਲਿਆ ਹੋਇਆ ਹੈ, ਉਹ ਗ੍ਰਹਿਸਥ ਵਿਚ ਰਹਿੰਦੇ ਹੋਏ ਵੀ, ਸਦਾਚਾਰ ਨਾਲ ਆਪਣੇ ਗੁਣਾਂ ਵਿਚ ਵਾਧਾ ਕਰਦੇ ਹਨ, ਉਹ ਗਿਆਨੀ ਮਨੁੱਖ, ਮੂਲ ਧੰਨ (ਮਨੁਖੀ ਜੀਵਨ) ਤੋਂ ਅੱਗੇ ਵਧ ਕੇ ਦੇਵ ਗਤੀ ਨੂੰ ਪ੍ਰਾਪਤ ਕਰਦੇ ਹਨ।21।

ਇਸ ਪ੍ਰਕਾਰ ਦੇਵ ਲੋਕ ਰੂਪੀ ਲਾਭ ਨੂੰ ਹਾਰਦਾ ਹੋਇਆ ਜੀਵ ਦੀਨਤਾ ਰਹਿਤ ਸਾਧੂ ਤੇ ਗ੍ਰਹਿਸਥ ਨੂੰ ਜਾਣਦਾ ਹੋਇਆ ਵਾਸਨਾਂ ਵਿਚ ਫਸਿਆ ਮਨੁੱਖ ਦੇਵ ਲੋਕ ਦੇ ਲਾਭ ਨੂੰ ਕਿਸ ਤਰ੍ਹਾਂ ਹਾਰ ਜਾਂਦਾ ਹੈ ? ਇਹ ਗੱਲ ਉਹ ਆਪ ਹਾਰਦਾ ਹੋਇਆ ਵੀ ਜਾਣਦਾ ਹੈ।22।

ਜਿਸ ਪ੍ਰਕਾਰ ਘਾਹ ਦੇ ਉਪਰਲੇ ਹਿੱਸੇ ਤੇ ਪਈ ਪਾਣੀ ਦੀ ਛਿੱਟ ਸਮੁੰਦਰ ਦੇ ਪਾਣੀ ਦਾ ਫਰਕ ਹੁੰਦਾ ਹੈ, ਉਸੇ ਤਰ੍ਹਾਂ ਦੇਵਤਿਆਂ ਦੇ ਕਾਮ ਭੋਗ ਸਾਹਮਣੇ ਮਨੁੱਖੀ ਕਾਮ ਭੋਗ ਤੁੱਛ ਹਨ।23।

ਮਨੁੱਖ ਦੀ ਉਮਰ ਵੀ ਛੋਟੀ ਹੈ ਅਤੇ ਕਸ਼ਟਾਂ ਨਾਲ ਭਰੀ ਹੋਈ ਹੈ। ਕਾਮ ਭੋਗ ਵੀ ਘਾਹ ਤੇ ਪਈ ਪਾਣੀ ਦੀ ਛਿੱਟ ਦੀ ਤਰ੍ਹਾਂ ਹਨ। ਫਿਰ ਕਿਸ ਲਈ ਇਹ ਜੀਵ (ਮਨੁੱਖ) ਯੋਗ ਤੇ ਸੱਚੇ ਆਨੰਦ ਨੂੰ ਕਿਉਂ ਨਹੀਂ

ਸਮਝਦਾ ?।24।

ਮਨੁੱਖ ਜਨਮ ਵਿਚ ਕਾਮ ਭੋਗਾਂ ਨੂੰ ਨਾ ਛੱਡਣ ਵਾਲੇ ਦੀ ਆਤਮਾ ਦਾ ਉਦੇਸ਼ ਨਸ਼ਟ ਹੋ ਜਾਂਦਾ ਹੈ। ਕਿਉਂਕਿ ਉਹ ਸੱਚੇ ਮਾਰਗ (ਨਿਆ ਮਾਰਗ) ਨੂੰ ਸੁਣ ਕੇ ਵੀ ਉਸ ਨੂੰ ਛੱਡ ਦਿੰਦਾ ਹੈ।25।

ਇਸੇ ਜਨਮ ਵਿਚ ਕਾਮ ਭੋਗ ਤੋਂ ਛੁਟਕਾਰਾ ਪਾਉਣ ਵਾਲੇ ਦੀ ਆਤਮਾ ਦਾ ਉਦੇਸ਼ ਨਸ਼ਟ ਨਹੀਂ ਹੁੰਦਾ। ਉਹ ਅਪਵਿੱਤਰ ਦੇਹ ਨੂੰ ਛੱਡ ਕੇ ਦੇਵਤਾ ਬਣਦਾ ਹੈ। ਇਸ ਤਰ੍ਹਾਂ ਮੈਂ (ਸੁਧਰਮਾ ਸਵਾਮੀ ਨੇ) ਭਗਵਾਨ ਮਹਾਵੀਰ ਦੇ ਮੁੱਖੋਂ ਸੁਣਿਆ ਹੈ।26।

ਦੇਵਤੇ ਦੇ ਜਨਮ ਤੋਂ ਛੁਟਕਾਰਾ ਪਾ ਕੇ, ਉਹ ਆਤਮਾ ਮਨੁੱਖ ਜਨਮ ਉਥੇ ਧਾਰਨ ਕਰਦੀ ਹੈ ਜਿੱਥੇ ਬੇਅੰਤ ਧਨ, ਸ਼ੋਭਾ, ਮਾਨ, ਚੰਗਾ ਵਰਨ (ਜਾਤ), ਲੰਬੀ ਉਮਰ ਤੇ ਬੇਅੰਤ ਸੁੱਖ ਹੋਵੇ।27।

ਅਗਿਆਨੀ ਦੀ ਮੂਰਖਤਾ ਤਾਂ ਵੇਖੋ, ਕਿ ਉਹ ਅਧਰਮ ਨੂੰ ਸਵੀਕਾਰ ਕਰਕੇ ਧਰਮ ਨੂੰ ਤਿਆਗ ਦਿੰਦਾ ਹੈ, ਇਸ ਕਾਰਨ ਉਹ ਅਧਰਮ ਪਾਲਣ ਕਰਕੇ ਨਰਕ ਵਿਚ ਚਲਾ ਜਾਂਦਾ ਹੈ।28।

ਖਿਮਾਂ ਆਦਿ 10 ਪ੍ਰਕਾਰ ਦੇ ਧਰਮਾਂ ਦਾ ਪਾਲਣ ਕਰਨ ਵਾਲੇ ਦਾ ਹੌਸਲਾ ਤਾਂ ਵੇਖੋ ਕਿ ਉਹ ਅਧਰਮ ਨੂੰ ਛੱਡ ਕੇ ਧਰਮ ਆਚਰਣ ਕਰਦਾ ਹੈ ਤੇ ਦੇਵ ਲੋਕ ਵਿਚ ਉਤਪੰਨ ਹੁੰਦਾ ਹੈ।29।

ਵਿਦਵਾਨ (ਪੰਡਿਤ) ਮੁਨੀ, ਮਿੱਥਿਆਤਵ (ਝੂਠ) ਤੇ ਸਮਿਅਕਤ (ਸੱਚ ਵਿਸ਼ਵਾਸ) ਦੀ ਤੁਲਨਾ ਕਰਕੇ ਮਿਥਿਆਤਮ ਛੱਡ ਦੇਵੇ ਤੇ ਸੱਚੇ (ਸੱਮਿਅਕ) ਨੂੰ ਗ੍ਰਹਿਣ ਕਰੇ।30।

''ਅਜਿਹਾ ਮੈਂ ਆਖਦਾ ਹਾਂ।''

# ਟਿੱਪਣੀਆਂ

ਗਾਥਾ 1

'ਜਬਸ' (ਜਬਸ) ਦਾ ਸੰਸਕ੍ਰਿਤ ਰੂਪ 'ਯਵਸ' ਹੈ। ਟੀਕਾਕਾਰਾਂ ਨੇ ਇਸ ਦਾ ਅਰਥ ਮੂੰਗੀ, ਉੜਦ, ਆਦਿ ਅਨਾਜ ਕਰਦੇ ਹਨ। ਪਰ ਅਭਿਧਾਨ ਚਿੰਤਮਣੀ ਵਿਚ (4/261) ਆਦਿ ਕੋਸ਼ ਵਿਚ ਇਸ ਦਾ ਅਰਥ - ਘਾਹ, ਤਿਣਕੇ, ਕਣਕ ਆਦਿ ਅਨਾਜਾਂ ਤੋਂ ਹੈ।

ਗਾਥਾ 10

ਆਸੁਰੀਆ ਦਿਸ਼ਾ ਦੇ ਦੋ ਅਰਥ ਟੀਕਾਕਾਰਾਂ ਨੇ ਕੀਤੇ ਹਨ :

1. ਜਿੱਥੇ ਸੂਰਜ ਨਾ ਹੋਵੇ, ਉਸ ਦਿਸ਼ਾ ਨੂੰ ਆਖਦੇ ਹਨ।
2. ਬੁਰੇ ਕਰਮ ਕਰਨ ਵਾਲੇ ਦੀ ਦਿਸ਼ਾ ਦੋਹਾਂ ਦਾ ਭਾਵ ਨਰਕ ਤੋਂ ਹੀ ਹੈ।

ਈਸਾਵਾਸਯ ਉਪਨਿਸ਼ਧ ਵਿਚ ਵੀ ਆਪਣੀ ਆਤਮਾ ਦਾ ਨੁਕਸਾਨ ਕਰਨ ਵਾਲਿਆਂ ਦਾ ਫਲ ਵੀ ਹਨੇਰ ਨਾਲ ਭਰਿਆ ਅਸੁਰ ਲੋਕ ਆਖਿਆ ਗਿਆ ਹੈ :

असुर्या नाम तेलीका, अन्धन तमसावृता

ਗਾਥਾ 11

ਕਾਂਕਨੀ ਦਾ ਅਰਥ ਇਕ ਰੁਪਏ ਦਾ ਅੱਸੀਵਾਂ (80ਵਾਂ) ਹਿੱਸਾ ਹੈ। ਬ੍ਰਿਹਦ ਵਿਰਤੀ ਕਾਰ ਸ਼ਾਂਤਾ ਆਚਾਰੀਆ ਨੇ ਬੀਹ ਕੌਡੀਆਂ ਦੀ ਇਕ ਕਾਂਕਨੀ ਮੰਨੀ ਹੈ।

ਕਾਸਾ ਅਰਪਨ ਸੌ ਤੋਂ ਹਜ਼ਾਰ ਤੱਕ ਦਾ ਸਿੱਕਾ ਹੈ ਜੋ ਕਿ 16 ਮਾਸੇ ਸੋਨਾ, 32 ਰੱਤੀ ਚਾਂਦੀ ਅਤੇ 80 ਰੱਤੀ ਤਾਂਬੇ ਜਿੰਨੇ ਭਾਰ ਦਾ ਹੁੰਦਾ ਹੈ।

"ਅਸੀਂ ਸਾਧੂ ਹਾਂ"। ਇਸ ਪ੍ਰਕਾਰ ਆਖਦੇ ਹੋਏ ਕਈ ਪਸ਼ੂ ਦੀ ਤਰ੍ਹਾਂ ਅਨਜਾਣ ਜ਼ੀਵ ਹੱਤਿਆ ਦੇ ਫਲ ਨੂੰ ਨਹੀਂ ਸਮਝਦੇ। ਕਈ ਅਗਿਆਨੀ ਜੀਵ, ਆਪਣੀ ਪਾਪ ਦ੍ਰਿਸ਼ਟੀ ਦੇ ਕਾਰਨ ਨਰਕ ਵਿਚ ਜਾਂਦੇ ਹਨ।7।

"ਜੋ ਜੀਵ ਹੱਤਿਆ ਦੀ ਹਿਮਾਇਤ ਕਰਦਾ ਹੈ ਉਹ ਕਦੇ ਦੁੱਖਾਂ ਤੋਂ ਮੁਕਤ ਨਹੀਂ ਹੋ ਸਕਦਾ।" ਇਹੋ ਤੀਰਥੰਕਰਾਂ ਨੇ ਸਾਧੂਆਂ ਦਾ ਧਰਮ ਫੁਰਮਾਇਆ ਹੈ।8।

"ਜੋ ਜੀਵਾਂ ਦੀ ਹਿੰਸਾ ਨਹੀਂ ਕਰਦਾ, ਉਹ ਛੇ ਕਾਇਆ (ਸਰੀਰ) ਦਾ ਰੱਖਿਆ ਅਤੇ ਪੰਜ ਸਮਿਤੀ ਦਾ ਧਾਰਕ ਆਖਿਆ ਜਾਂਦਾ ਹੈ। ਉਸ ਪਾਸੋਂ ਪਾਪ ਕਰਮ ਉਸੇ ਪ੍ਰਕਾਰ ਨਿਕਲ ਜਾਂਦੇ ਹਨ, ਜਿਵੇਂ ਉੱਚੀ ਥਾਂ ਤੋਂ ਪਾਣੀ ਨਿਕਲ ਜਾਂਦਾ ਹੈ"।9।

"ਸੰਸਾਰ ਵਿਚ ਰਹਿੰਦੇ ਤਰੱਸ (ਹਿੱਲਣ ਜੁੱਲਣ ਵਾਲੇ) ਤੇ ਸਥਾਵਿਰ (ਸਥਿਰ) ਜੀਵਾਂ ਦੀ ਮਨ, ਬਚਨ ਤੇ ਸਰੀਰ ਰਾਹੀਂ ਹਿੰਸਾ ਨਾ ਕਰੇ"।10।

"ਸਾਧੂ ਸ਼ੁੱਧ ਏਸ਼ਨਾਵਾਂ ਨੂੰ ਜਾਣ ਕੇ ਆਪਣੀ ਆਤਮਾ ਨੂੰ ਏਸ਼ਨਾ ਸਮਿਤੀ ਵਿਚ ਸਥਾਪਿਤ ਕਰੇ ਤੇ ਰਸਾਂ ਤੋਂ ਮੁਕਤ ਹੋ ਕੇ ਸਿਰਫ ਸੰਜਮ ਦੀ ਰੱਖਿਆ ਤੇ ਗੁਜ਼ਾਰੇ ਲਈ ਹੀ ਭੋਜਨ ਦੀ ਸੰਵੇਸ਼ਨਾਂ (ਇੱਛਾ) ਕਰੇ।11।

"ਸੰਜਮ ਪਾਲਦੇ ਸਮੇਂ ਜੋ ਠੰਢਾ, ਪੁਰਾਣੇ, ਬਾਸੀ ਮੂੰਗੀ ਆਦਿ, ਰਸ ਰਹਿਤ ਛੋਲੇ ਅਤੇ ਬੇਰ ਦਾ ਚੂਰਾ ਵੀ ਮਿਲੇ ਤਾਂ ਵੀ ਸੇਵਨ ਕਰ ਲਵੇ।12।

"ਜੋ ਸਾਧੂ ਵਿੱਦਿਆ ਲੱਖਣ ਵਿੱਦਿਆ (ਤਿੱਲ ਭੌਰੀ ਆਦਿ ਦਾ ਜੋਤਸ਼) ਸੁਪਨ ਵਿੱਸ਼ਦਆ ਅਤੇ ਅੰਗ ਫੁਰਨ ਵਿੱਦਿਆ (ਅੰਗ ਦੇ ਫੜਕਣ ਦਾ ਜੋਤਸ਼) ਦਾ ਪ੍ਰਯੋਗ ਕਰਦੇ ਹਨ ਉਹ ਸਾਧੂ ਨਹੀਂ ਅਖਵਾ ਸਕਦੇ।

ਗਾਥਾ 13

ਇਕ ਨਯੁੱਤੰ :

49,796,136,000,000,000,000,000,000,000,000

ਸਾਲ ਦਾ ਹੁੰਦਾ ਹੈ।

| | | | |
|---|---|---|---|
| 1 | ਪੂਰਵਾਂਗ | = | 8,4000000 ਸਾਲ |
| 2. | 1 ਪੂਰਵ | | 8,4000000 ਪੂਰਵਾਂਗ |
| 3. | 1 ਨਯੁੱਤਾਂਗ | | 8,4000000 ਪੂਰਵਾਂਗ |
| 4. | 1 ਨਯੁੱਤ | = | 8,4000000 ਨਯੁੱਤਾਂਗ |

ਗਾਥਾ 14-15-16

ਇਹ ਕਹਾਣੀ ਇਸਾਈ ਧਰਮ ਗਰੰਥ 'ਬਾਈਬਲ' ਵਿਚ ਇਸੇ ਰੂਪ ਵਿਚ ਮਿਲਦੀ ਹੈ, ਜੋ ਕਿ ਜੈਨ ਕਹਾਣੀ ਸਾਹਿੱਤ ਦੇ ਵਿਕਾਸ ਤੇ ਚਾਨਣਾ ਪਾਉਂਦੀ ਹੈ। (ਬਾਈਬਲ ਝਵਵੀ ਧਧਝ 14 :ਚਾਕ ਧਧ)

ਗਾਥਾ 19

ਦਸ ਪ੍ਰਕਾਰ ਦਾ ਧਰਮ ਇਸ ਪ੍ਰਕਾਰ ਹੈ :

क्षमामार्दवार्जवशौचसत्यसंयमतपस्यागाकिञ्चन्यब्रह्मचर्याणिधर्मा।

(ਤ਼ਤਵਾਰਥ ਸੂਤਰ)

(1) ਖਿਮਾ (2) ਮਾਰਦਵ (3) ਆਰਜਵ (4) ਸ਼ੌਚ (5) ਸੱਚ

(6) ਸੰਜਮ (7) ਤੱਪ (8) ਤਿਆਗ (9) ਅਕਿੰਚਨ

(10) ਬ੍ਰਹਮਚਰਜ

# 8.
# ਕਾਪਲੀਆ ਅਧਿਐਨ

ਕੋਸਾਂਬੀ ਨਗਰੀ ਵਿਚ ਜਿੱਤ ਸ਼ੱਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ। ਉਸ ਦਾ ਪੁਰੋਹਿਤ ਕਸ਼ਯਪ ਸੀ। ਕਸ਼ਯਪ ਦੀ ਪਤਨੀ ਦਾ ਨਾਮ ਯਸ਼ਾ ਸੀ। ਉਹ ਮਹਾਨ ਵਿਦਵਾਨ ਬ੍ਰਾਹਮਣ ਸੀ। ਇਕ ਦਿਨ ਉਸ ਦੇ ਘਰ ਕਪਲ ਨਾਂ ਦੇ ਪੁੱਤਰ ਦਾ ਜਨਮ ਹੋਇਆ। ਕੁਝ ਦਿਨ ਬੀਤਣ ਤੋਂ ਬਾਅਦ ਕਸ਼ਯਪ ਬ੍ਰਾਹਮਣ ਮਰ ਗਿਆ। ਵਿਧਵਾ ਬ੍ਰਾਹਮਣੀ ਆਪਣੇ ਪੁੱਤਰ ਕਪਿਲ ਨਾਲ ਰਹਿਣ ਲੱਗੀ। ਬ੍ਰਾਹਮਣੀ ਆਪਣੇ ਪੁੱਤਰ ਨੂੰ ਵੇਦ ਵਿੱਦਿਆ ਵਿਚ ਯੋਗ ਬਣਾਉਨਾ ਚਾਹੁੰਦੀ ਸੀ ਤਾਂ ਕਿ ਉਹ ਰਾਜ ਪੁਰੋਹਿਤ ਦਾ ਦਰਜਾ ਪ੍ਰਾਪਤ ਕਰ ਸਕੇ। ਉਸ ਨੇ ਆਪਣੇ ਪੁੱਤਰ ਨੂੰ ਕਸ਼ਯਪ ਦੇ ਮਿੱਤਰ ਸ਼ਰਾਵਸਤੀ ਨਗਰੀ ਵਿਚ ਰਹਿੰਦੇ ਬ੍ਰਾਹਮਣ ਕੋਲ ਭੇਜਿਆ। ਸ਼ਰਾਵਸਤੀ ਸ਼ਹਿਰ ਵਿਚ ਸ਼ਾਲੀ ਭੱਦਰ ਨਾਉਂ ਦਾ ਸੇਠ ਰਹਿੰਦਾ ਸੀ। ਕਪਿਲ ਉਸ ਦੇ ਘਰ ਭੋਜਨ ਕਰਦਾ ਸੀ, ਉਸ ਦੀ ਸੇਵਾ ਲਈ ਸੇਠ ਨੇ ਇਕ ਦਾਸੀ ਨਿਯੁਕਤ ਕਰ ਦਿੱਤੀ ਸੀ ਜਿਸ ਨਾਲ ਕਪਿਲ ਪ੍ਰੇਮ ਕਰਨ ਲੱਗ ਪਿਆ।

ਇਕ ਵਾਰ ਸ਼ਰਾਵਸਤੀ ਨਗਰੀ ਵਿਚ ਮੇਲਾ ਲੱਗਾ ਹੋਇਆ ਸੀ। ਦਾਸੀ ਮੇਲਾ ਵੇਖਣਾ ਚਾਹੁੰਦੀ ਸੀ। ਪਰ ਕਪਿਲ ਪਾਸ ਕੋਈ ਧਨ ਨਹੀਂ ਸੀ। ਕਪਿਲ ਨੂੰ ਪਤਾ ਲੱਗਾ ਕਿ ਸ਼ਰਾਵਸਤੀ ਸ਼ਹਿਰ ਵਿਚ ਇਕ ਸੇਠ ਧਨਰਤ ਹੈ ਜੋ ਸਵੇਰੇ ਵਧਾਈ ਦੇਣ ਵਾਲੇ ਨੂੰ ਦੋ ਮਾਸੇ ਸੋਨਾ ਦਾਨ ਕਰਦਾ ਹੈ। ਕਪਿਲ ਸਭ ਤੋਂ ਪਹਿਲਾਂ ਪਹੁੰਚਣ ਦੇ ਇਰਾਦੇ ਨਾਲ ਅੱਧੀ ਰਾਤੀਂ ਘਰੋ ਨਿਕਲ ਪਿਆ। ਪਰ ਬਦ ਕਿਸਮਤੀ ਨਾਲ ਰਾਜੇ ਦੇ ਸਿਪਾਹੀਆਂ ਨੇ ਉਸ ਨੂੰ ਚੋਰ ਸਮਝ ਕੇ ਪਕੜ ਲਿਆ, ਅਤੇ ਰਾਜੇ ਅੱਗੇ ਪੇਸ਼ ਕਰ ਦਿੱਤਾ।

ਕਪਿਲ ਚੁੱਪ ਸੀ। ਉਸ ਨੇ ਰਾਜੇ ਨੂੰ ਸਭ ਕੁਝ ਠੀਕ ਠੀਕ ਦੱਸ ਦਿੱਤਾ। ਰਾਜੇ ਨੇ ਖੁਸ਼ ਹੋ ਕੇ ਕੁਝ ਮੰਗਣ ਨੂੰ ਕਿਹਾ। ਉਹ ਬਾਗ ਵਿਚ ਜਾ ਕੇ ਸੋਚਣ ਲੱਗਾ। ਉਸ ਨੇ ਸੋਚਿਆ ਕਿ ਦੋ ਮਾਸੇ ਸੋਨੇ ਨਾਲ ਕੀ ਬਣੇਗਾ ? ਰਾਜਾ ਤੋਂ ਹਾਥੀ ਘੋੜੇ, ਮਹਿਲ ਅਤੇ ਕਰੋੜ ਮੋਹਰਾਂ ਕਿਉਂ ਨਾ ਮੰਗ ਲਵਾਂ। ਫਿਰ ਵੀ ਉਸ ਦੀ ਇੱਛਾ ਖ਼ਤਮ ਨਾ ਹੋਈ। ਪਰ ਅਚਾਨਕ ਉਸ ਦੀ ਸੋਚ ਨੇ ਨਵਾਂ ਮੋੜ ਲਿਆ। ਉਸ ਨੇ ਲਾਲਚ ਛੱਡ ਕੇ ਸੰਤੋਖ ਦਾ ਸਹਾਰਾ ਲਿਆ ਅਤੇ ਉਹ ਰਾਜੇ ਨੂੰ ਆਖਣ ਲੱਗਾ, "ਜਿਸ ਦੀ ਮੈਨੂੰ ਜ਼ਰੂਰਤ ਸੀ, ਉਹ ਮੈਨੂੰ ਮਿਲ ਗਿਆ ਹੈ। ਹੁਣ ਮੈਨੂੰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ। ਸਾਧੂ ਬਣਦੇ ਸਾਰ ਹੀ ਉਸ ਨੂੰ ਪਿਛਲੇ ਜਨਮ ਦਾ ਗਿਆਨ ਪ੍ਰਾਪਤ ਹੋ ਗਿਆ।"

ਉਹ ਸਾਧੂ ਬਣ ਕੇ ਤਪੱਸਿਆ ਕਰਨ ਲੱਗ ਪਿਆ। ਉਹ (ਕਪਿਲ ਮੁਨੀ) ਇਕ ਵਾਰ ਸ਼ਰਾਵਸਤੀ ਤੇ ਰਾਜਗ੍ਰਿਹਿ ਵਿਚਕਾਰ ਸਫਰ ਕਰ ਰਹੇ ਸਨ। ਇਕ ਜੰਗਲ ਵਿਚ 500 ਚੋਰ ਮਿਲੇ। ਚੋਰਾਂ ਨੇ ਕਪਿਲ ਮੁਨੀ ਨੂੰ ਘੇਰ ਲਿਆ। ਕਪਿਲ ਮੁਨੀ ਨੇ ਚੋਰਾਂ ਨੂੰ ਗਾ ਕੇ ਸਮਝਾਇਆ "ਵਿਰਕਤੀ (ਸੰਸਾਰ ਪ੍ਰਤੀ ਲਗਾਵ ਤੋਂ ਰਹਿਤ) ਸੰਜਮ ਤੇ ਵਿਵੇਕ ਹੀ, ਦੁਰਗਤੀ ਤੋਂ ਬਚਾਉਣ ਵਾਲੇ ਹਨ। ਭੋਗਾਂ ਤੋਂ ਮੂੰਹ ਮੋੜਨਾ ਅਤੇ ਪਰਿਗ੍ਰਹਿ ਦਾ ਤਿਆਗ ਹੀ ਕਰਮਾਂ ਦੇ ਬੰਧਨ ਤੋਂ ਮੁਕਤੀ ਦਿਵਾਉਂਦਾ ਹੈ।" ਚੋਰ ਸਮਝ ਗਏ ਅਤੇ ਸਾਧੂ ਬਣ ਗਏ।

ਚੋਰਾਂ ਨੂੰ ਦਿੱਤਾ ਇਹ ਉਪਦੇਸ਼ ਹੀ ਇਸ ਅਧਿਐਨ ਵਿਚ ਦਰਜ ਹੈ।

# ਅੱਠਵਾਂ ਅਧਿਐਨ

ਹੇ ਭਗਵਾਨ ! ਇਸ ਸਾਰ ਰਹਿਤ, ਅਸਥਿਰ, ਖ਼ਤਮ ਹੋਣ ਵਾਲੇ ਤੇ ਬੇਹੱਦ ਦੁੱਖਾਂ ਵਾਲੇ ਸੰਸਾਰ ਵਿਚ ਅਜਿਹਾ ਕਿਹੜਾ ਕਰਮ ਹੈ, ਜਿਸ ਨਾਲ ਮੈਂ ਦੁਰਗਤੀ (ਨਰਕ) ਤੋਂ ਬਚ ਸਕਾਂ ?1।

ਜੋ ਸਾਧੂ ਪਿਛਲੇ ਮਮਤਾ ਵਾਲੇ ਸਬੰਧ ਨੂੰ ਛੱਡ ਕੇ, ਕਿਸੇ ਦੇ ਪ੍ਰਤੀ ਵੀ ਮਮਤਾ ਨਾ ਰੱਖੇ, ਨਾ ਹੀ ਮਮਤਾ ਕਰਨ ਵਾਲਿਆਂ ਨਾਲ ਹੀ ਸਬੰਧ ਰੱਖੇ, ਇਸ ਪ੍ਰਕਾਰ ਦਾ ਸਾਧੂ ਮਮਤਾ ਦੇ ਦੋਸ਼ਾਂ ਤੋਂ ਮੁਕਤ ਹੋ ਜਾਂਦਾ ਹੈ।2।

ਫਿਰ ਕੇਵਲ (ਪੂਰੇ) ਗਿਆਨ ਤੇ ਕੇਵਲ ਦਰਸ਼ਨ (ਸਹੀ ਵਿਸ਼ਵਾਸ) ਵਾਲੇ, ਵੀਤਰਾਗ (ਰਾਗ ਦਵੇਸ਼ ਤੋਂ ਮੁਕਤ) ਮਹਾਮੁਨੀ ਕਪਿਲ ਜੀ, ਸਾਰੇ ਜੀਵਾਂ ਦੇ ਮੋਕਸ਼ (ਮੁਕਤੀ) ਲਈ, ਉਨ੍ਹਾਂ ਚੋਰਾਂ ਨੂੰ ਬੁਰੇ ਕਰਮਾਂ ਤੋਂ ਛੁਡਵਾਉਣ ਲਈ, ਇਸ ਪ੍ਰਕਾਰ ਆਖਣ ਲੱਗੇ।3।

"ਸਾਧੂ ਕਰਮ ਬੰਧ ਕਰਾਉਣ ਵਾਲੇ ਸਭ ਕਿਸਮ ਦੇ ਪਰਿਗ੍ਰਹਿ ਤੇ ਕਲੇਸ਼ ਨੂੰ ਛੱਡ ਦੇਵੇ। ਜੀਵਾਂ ਦਾ ਰੱਖਿਅਕ, ਸਾਰੇ ਵਿਸ਼ੈ ਵਿਕਾਰਾਂ ਨੂੰ ਬੰਧਨ (ਗੁਲਾਮੀ) ਦਾ ਕਰਨ ਸਮਝਦਾ ਹੈ ਤੇ ਨਾ ਹੀ ਕਰਮਾਂ ਦੀ ਦਲਦਲ ਵਿਚ ਆਪਣੇ ਆਪ ਨੂੰ ਲਬੇੜਦਾ ਹੈ"।4।

"ਭੋਗਾਂ ਰੂਪੀ ਮਾਸ ਦੇ ਦੋਸ਼ਾਂ ਵਿਚ ਫਸੇ ਹੋਏ, ਮੁਕਤੀ ਤੋਂ ਉਲਟ ਵਿਚਾਰਨ ਵਾਲੇ ਆਲਸੀ, ਮੂਰਖ ਤੇ ਅਗਿਆਨੀ ਜੀਵ ਬਲਗਮ (ਥੁੱਕ) ਵਿਚ ਲਿੱਬੜੀ ਮੱਖੀ ਦੀ ਤਰ੍ਹਾਂ ਸੰਸਾਰ ਵਿਚ ਫਸ ਕੇ ਮਰ ਜਾਂਦੇ ਹਨ।"5।

"ਕਾਇਰ ਪੁਰਸ਼ ਲਈ ਇਨ੍ਹਾਂ ਕਾਮ ਭੋਗਾਂ ਦਾ ਤਿਆਗ ਕਰਨਾ ਬਹੁਤ ਔਖਾ ਹੈ ਪਰ ਸੁਵਰਤੀ (ਮਹਾਂਵਰਤ ਵਾਲੇ) ਸਾਧੂ ਹਨ। ਉਹ ਇਨ੍ਹਾਂ ਕਾਮ ਭੋਗਾਂ ਤੋਂ ਅੱਡ ਹੋ ਕੇ ਅਮੀਰ ਵਿਉਪਾਰੀ ਦੇ ਜਹਾਜ਼ ਦੀ ਤਰ੍ਹਾਂ ਸਮੁੰਦਰ ਪਾਰ ਹੋ ਜਾਂਦੇ ਹਨ।"6।

''ਅਸੀਂ ਸਾਧੂ ਹਾਂ''। ਇਸ ਪ੍ਰਕਾਰ ਆਖਦੇ ਹੋਏ ਕਈ ਪਸ਼ੂ ਦੀ ਤਰ੍ਹਾਂ ਅਨਜਾਣ ਜ਼ੀਵ ਹੱਤਿਆ ਦੇ ਫਲ ਨੂੰ ਨਹੀਂ ਸਮਝਦੇ। ਕਈ ਅਗਿਆਨੀ ਜੀਵ, ਆਪਣੀ ਪਾਪ ਦ੍ਰਿਸ਼ਟੀ ਦੇ ਕਾਰਨ ਨਰਕ ਵਿਚ ਜਾਂਦੇ ਹਨ।7।

''ਜੋ ਜੀਵ ਹੱਤਿਆ ਦੀ ਹਿਮਾਇਤ ਕਰਦਾ ਹੈ ਉਹ ਕਦੇ ਦੁੱਖਾਂ ਤੋਂ ਮੁਕਤ ਨਹੀਂ ਹੋ ਸਕਦਾ।'' ਇਹੋ ਤੀਰਥੰਕਰਾਂ ਨੇ ਸਾਧੂਆਂ ਦਾ ਧਰਮ ਫੁਰਮਾਇਆ ਹੈ।8।

''ਜੋ ਜੀਵਾਂ ਦੀ ਹਿੰਸਾ ਨਹੀਂ ਕਰਦਾ, ਉਹ ਛੇ ਕਾਇਆ (ਸਰੀਰ) ਦਾ ਰੱਖਿਆ ਅਤੇ ਪੰਜ ਸਮਿਤੀ ਦਾ ਧਾਰਕ ਆਖਿਆ ਜਾਂਦਾ ਹੈ। ਉਸ ਪਾਸੋਂ ਪਾਪ ਕਰਮ ਉਸੇ ਪ੍ਰਕਾਰ ਨਿਕਲ ਜਾਂਦੇ ਹਨ, ਜਿਵੇਂ ਉੱਚੀ ਥਾਂ ਤੋਂ ਪਾਣੀ ਨਿਕਲ ਜਾਂਦਾ ਹੈ''।9।

''ਸੰਸਾਰ ਵਿਚ ਰਹਿੰਦੇ ਤਰੱਸ (ਹਿੱਲਣ ਜੁੱਲਣ ਵਾਲੇ) ਤੇ ਸਥਾਵਿਰ (ਸਥਿਰ) ਜੀਵਾਂ ਦੀ ਮਨ, ਬਚਨ ਤੇ ਸਰੀਰ ਰਾਹੀਂ ਹਿੰਸਾ ਨਾ ਕਰੇ''।10।

''ਸਾਧੂ ਸ਼ੁੱਧ ਏਸ਼ਨਾਵਾਂ ਨੂੰ ਜਾਣ ਕੇ ਆਪਣੀ ਆਤਮਾ ਨੂੰ ਏਸ਼ਨਾ ਸਮਿਤੀ ਵਿਚ ਸਥਾਪਿਤ ਕਰੇ ਤੇ ਰਸਾਂ ਤੋਂ ਮੁਕਤ ਹੋ ਕੇ ਸਿਰਫ ਸੰਜਮ ਦੀ ਰੱਖਿਆ ਤੇ ਗੁਜ਼ਾਰੇ ਲਈ ਹੀ ਭੋਜਨ ਦੀ ਸੰਵੇਸ਼ਨਾਂ (ਇੱਛਾ) ਕਰੇ।11।

''ਸੰਜਮ ਪਾਲਦੇ ਸਮੇਂ ਜੋ ਠੰਢਾ, ਪੁਰਾਣੇ, ਬਾਸੀ ਮੂੰਗੀ ਆਦਿ, ਰਸ ਰਹਿਤ ਛੋਲੇ ਅਤੇ ਬੇਰ ਦਾ ਚੂਰਾ ਵੀ ਮਿਲੇ ਤਾਂ ਵੀ ਸੇਵਨ ਕਰ ਲਵੇ।12।

''ਜੋ ਸਾਧੂ ਵਿੱਦਿਆ ਲੱਖਣ ਵਿੱਦਿਆ (ਤਿੱਲ ਭੌਰੀ ਆਦਿ ਦਾ ਜੋਤਸ਼) ਸੁਪਨ ਵਿੱਸ਼ਦਆ ਅਤੇ ਅੰਗ ਫੁਰਨ ਵਿੱਦਿਆ (ਅੰਗ ਦੇ ਫੜਕਣ ਦਾ ਜੋਤਸ਼) ਦਾ ਪ੍ਰਯੋਗ ਕਰਦੇ ਹਨ ਉਹ ਸਾਧੂ ਨਹੀਂ ਅਖਵਾ ਸਕਦੇ।

ਅਜਿਹਾ ਵਿਦਵਾਨਾਂ (ਆਚਾਰੀਆ) ਦਾ ਕਥਨ ਹੈ''।13।

''ਜੋ ਸਾਧੂ ਆਪਣੇ ਜੀਵਨ ਨੂੰ ਬੇਕਾਬੂ ਰੱਖ ਕੇ ਸਮਾਧੀ ਤੇ ਯੋਗ ਤੋਂ ਭ੍ਰਿਸ਼ਟ ਹੋ ਗਏ ਹਨ। ਉਹ ਕਾਮ ਭੋਗ ਤੇ ਰਸ ਵਿਚ ਲੱਗ ਕੇ 'ਅਸੁਰ ਕੁਮਾਰ' ਦੇਵਤਿਆਂ ਵਿਚ ਪੈਦਾ ਹੁੰਦੇ ਹਨ''।4।

''ਫੇਰ ਅਸੁਰਾ ਕਾਇਆ ਤੋਂ ਨਿਕਲਕੇ ਸੰਸਾਰ ਵਿਚ ਬਹੁਤ ਸਮਾਂ ਭਟਕਦੇ ਹਨ। ਕਰਮਾਂ ਦੇ ਚਿੱਕੜ ਵਿਚ ਫਸੇ ਹੋਏ ਉਨ੍ਹਾਂ ਲੋਕਾਂ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਬਹੁਤ ਹੀ ਦੁਰਲਭ ਹੈ''।15।

''ਧਨ ਤੇ ਅਨਾਜ ਦਾ ਭਰਿਆ ਹੋਇਆ ਸਾਰਾ ਸੰਸਾਰ ਵੀ ਜੇ ਦੇ ਵਤਾ ਕਿਸੇ ਇਕ ਆਦਮੀ ਨੂੰ ਦੇ ਦਿੱਤਾ ਜਾਵੇ ਤਾਂ ਵੀ ਉਸ ਨੂੰ ਸੰਤੋਖ ਨਹੀਂ ਆ ਸਕਦਾ। ਉਸੇ ਪ੍ਰਕਾਰ ਲੋਭੀ ਆਤਮਾ ਦੀ ਪਿਆਸ ਬੁਝਣਾ ਬਹੁਤ ਔਖੀ ਹੈ''।16।

''ਜਿਵੇਂ ਜਿਵੇਂ ਲਾਭ ਹੁੰਦਾ ਹੈ, ਤਿਵੇਂ ਤਿਵੇਂ ਲੋਭ ਵਧਦਾ ਹੈ। ਲਾਭ ਨਾਲ ਲੋਭ ਵਿਚ ਵਾਧਾ ਹੁੰਦਾ ਹੈ। ਦੋ ਮਾਸੇ ਸੋਨੇ ਨਾਲ ਪੂਰਾ ਹੋਣ ਵਾਲਾ ਕੰਮ, ਕਰੋੜਾਂ ਮੋਹਰਾਂ ਨਾਲ ਵੀ ਪੂਰਾ ਨਹੀਂ ਹੁੰਦਾ''।17।

''ਸਾਧੂ ਚੰਗੇ ਥਣਾਂ ਵਾਲੀਆਂ, ਚੰਚਲ ਚਿੱਤ, ਰਾਖਸ਼ ਰੂਪੀ ਇਸਤਰੀਆਂ ਤੇ ਮੋਹਿਤ ਨਾ ਹੋਵੇ, ਕਿਉਂਕਿ ਉਹ ਪੁਰਸ਼ ਨੂੰ ਲੁਭਾ ਕੇ ਉਨ੍ਹਾਂ ਤੋਂ ਦਾਸ ਵਰਗਾ ਕੰਮ ਕਰਾਉਂਦੀਆਂ ਹਨ''।18।

''ਅਨਗਾਰ (ਘਰ ਵਾਰ ਦਾ ਤਿਆਗੀ) ਭਿਕਸ਼ੂ, ਇਸਤਰੀਆਂ ਤੇ ਮੋਹਿਤ ਨਾ ਹੋਵੇ ਅਤੇ ਇਸਤਰੀਆਂ ਦਾ ਤਿਆਗ ਕਰਕੇ, ਧਰਮ ਨੂੰ ਹੀ ਹਿੱਤਕਾਰੀ ਸਮਝੇ। ਧਰਮ ਨੂੰ ਆਤਮਾ ਵਿਚ ਸਥਾਪਿਤ ਕਰੇ''।19।

ਇਸ ਪ੍ਰਕਾਰ ਸ਼ੁੱਧ ਗਿਆਨਵਾਨ ਕਪਿਲ ਮੁਨੀ ਨੇ ਇਹ ਧਰਮ

ਕਿਹਾ ਹੈ, ਜੋ ਇਸ ਧਰਮ ਦਾ ਪਾਲਣ ਕਰਨਗੇ ਉਹ ਸੰਸਾਰ ਸਮੁੰਦਰ ਤੋਂ ਪਾਰ ਉਤਰਨਗੇ। ਇਸ ਧਰਮ ਦੀ ਪਾਲਣਾ ਕਰਨ ਵਾਲਿਆਂ ਨੇ ਹੀ ਦੋਵੇਂ ਲੋਕਾਂ (ਲੋਕ ਪਰਲੋਕ) ਦੇ ਧਰਮਾਂ ਦੀ ਅਰਾਧਨਾ ਕੀਤੀ ਹੈ।20।

"ਅਜਿਹਾ ਮੈਂ ਆਖਦਾ ਹਾਂ।"

ਗਾਥਾ 10

ਤਰੱਸ ਜੀਵ ਇਸ ਪ੍ਰਕਾਰ ਹਨ :

(1) ਦੋ ਇੰਦਰੀਆਂ ਵਾਲੇ (2) ਤਿੰਨ ਇੰਦਰੀਆਂ ਵਾਲੇ

(4) ਚਾਰ ਇੰਦਰੀਆਂ ਵਾਲੇ (4) ਪੰਜ ਇੰਦਰੀਆਂ ਵਾਲੇ

द्विन्द्रियादयस्त्रसो 315 ਜੈਨ ਸਿਧਾਂਤ ਦੀਪਿਕਾ

ਸਥਾਵਰ ਜੀਵ ਇਸ ਪ੍ਰਕਾਰ ਹਨ :

पृथिव्यप्तेजोवायुवनस्पतिकायिकाः ऐकान्द्रियाः स्थावराः

(1) ਪ੍ਰਿਥਵੀ (2) ਅੱਪ (ਪਾਣੀ) (3) ਤੇਜਸ (ਅੱਗ) (4) ਹਵਾ (5) ਬਨਾਸਪਤੀ ਦੇ ਜੀਵ। ਇਹ ਸਭ ਇਕ ਇੰਦਰੀ ਵਾਲੇ ਜੀਵ ਹਨ। ਜਿਨ੍ਹਾਂ ਕੋਲ ਛੋਹ ਸ਼ਕਤੀ ਨਹੀਂ ਹੁੰਦੀ।

ਗਾਥਾ 12

ਪ੍ਰਾਂਤ ਤੋਂ ਭਾਵ ਰਸ ਤੋਂ ਬਿਨਾਂ ਬੇ ਸੁਆਦਾ ਭੋਜਨ ਹੈ। ਸਥਵਿਰਕਲਪੀ ਨੂੰ ਜੇ ਨੀਰਸ ਭੋਜਨ ਮਿਲ ਜਾਵੇ ਤਾਂ ਭੋਜਨ ਨੂੰ ਨਾ ਸੁੱਟੇ, ਪਰ ਜਿਨਕਲਪੀ ਹਮੇਸ਼ਾ ਹੀ ਨੀਰਸ ਭੋਜਨ ਕਰੇ।

ਗਾਥਾ 13

ਤੁਲਨਾ ਕਰੋ : ਸੁਤ ਵਰਗ 14/13

ਗਾਥਾ 15

ਸਥਾਨਾਂਗ ਸੂਤਰ ਵਿਚ ਬੋਧੀ ਤਿੰਨ ਪ੍ਰਕਾਰ ਦੀ ਹੈ :

(1) ਗਿਆਨ ਬੋਧੀ (2) ਦਰਸ਼ਨ ਬੋਧੀ (3) ਚਰਿੱਤਰ ਬੋਧੀ

# 9.
# ਨੇਮੀ ਪਰਵੱਜੀਆ ਅਧਿਐਨ

ਮਿਥਿਲਾ ਦਾ ਰਾਜਾ ਨੇਮੀ, ਇਕ ਬਾਰ ਬਿਮਾਰ ਹੋ ਗਿਆ। ਕਈ ਇਲਾਜ ਕੀਤੇ, ਪਰ ਸਭ ਬੇਕਾਰ ਸਿੱਧ ਹੋਏ। ਕਿਸੇ ਵੈਦ ਨੇ ਸਰੀਰ ਤੇ ਚੰਦਨ ਦਾ ਲੇਪ ਕਰਨ ਲਈ ਕਿਹਾ। ਰਾਣੀਆਂ ਨੇ ਚੰਦਨ ਰਗੜਨਾ ਸ਼ੁਰੂ ਕਰ ਦਿੱਤਾ। ਪਰ ਹੱਥਾਂ ਦੀਆਂ ਚੂੜੀਆਂ ਦੇ ਸ਼ੋਰ ਨੇ ਰਾਜੇ ਦੀ ਨੀਂਦ ਖਰਾਬ ਕਰ ਦਿੱਤੀ। ਰਾਜੇ ਨੇ ਸ਼ੋਰ ਦਾ ਕਰਨ ਪੁੱਛਿਆ। ਕਾਰਨ ਪਤਾ ਲੱਗਣ ਤੇ ਰਾਜੇ ਨੇ ਰਾਣੀਆਂ ਨੂੰ ਚੂੜੀਆਂ ਉਤਾਰਨ ਦਾ ਹੁਕਮ ਦੇ ਦਿੱਤਾ। ਰਾਣੀਆਂ ਨੇ ਇਕ ਇਕ ਚੂੜੀ ਸੁਹਾਗ ਦੀ ਨਿਸ਼ਾਨੀ ਵਜੋਂ ਰੱਖ ਕੇ ਬਾਕੀ ਸਾਰੀਆਂ ਚੂੜੀਆਂ ਉਤਾਰ ਦਿੱਤੀਆਂ। ਜਿਸ ਕਾਰਨ ਸ਼ੋਰ ਬੰਦ ਹੋ ਗਿਆ। ਰਾਜੇ ਨੇ ਸ਼ੋਰ ਬੰਦ ਹੋਣ ਦਾ ਕਾਰਨ ਪੁੱਛਿਆ। ਨੌਕਰਾਂ ਨੇ ਕਿਹਾ ਮਹਾਰਾਜ ਚੰਦਨ ਰਗੜਨ ਵੇਲੇ ਰਾਣੀਆਂ ਦੀਆਂ ਦੋਹਾਂ ਬਾਹਾਂ ਵਿਚ ਜੋ ਚੂੜੀਆਂ ਸਨ, ਉਹ ਖੜਕਦੀਆਂ ਸਨ। ਹੁਣ ਰਾਣੀਆਂ ਨੇ ਇਕ ਸੁਹਾਗ ਦੀ ਚੂੜੀ ਛੱਡ ਕੇ ਬਾਕੀ ਚੂੜੀਆਂ ਉਤਾਰ ਦਿੱਤੀਆਂ ਹਨ। ਇਸ ਕਰਕੇ ਸ਼ੋਰ ਬੰਦ ਹੋ ਗਿਆ ਹੈ।

ਪਰ ਇਹ ਘਟਨਾ ਨੇਮੀ ਰਾਜੇ ਦੇ ਵੈਰਾਗ ਦਾ ਕਾਰਨ ਬਣ ਗਈ। ਉਹ ਸੋਚਣ ਲੱਗਾ "ਜਿੱਥੇ ਅਨੇਕ ਹਨ, ਉੱਥੇ ਸੰਘਰਸ਼ ਹੈ, ਦੁੱਖ ਹੈ, ਪੀੜਾ ਹੈ। ਜਿੱਥੇ ਇਕ ਹੈ ਉੱਥੇ ਸ਼ਾਂਤੀ ਹੈ। ਜਿੱਥੇ ਸਰੀਰ, ਇੰਦਰੀਆਂ, ਧਨ ਤੇ ਪਰਿਵਾਰ ਦੀ ਬੇਤੁੱਕੀ ਭੀੜ ਹੈ, ਉੱਥੇ ਦੁੱਖ ਹੈ। ਜਿੱਥੇ ਕੇਵਲ ਇਕ ਆਤਮਾ ਦਾ ਭਾਵ ਹੈ। ਉੱਥੇ ਕੋਈ ਵੀ ਸਰੀਰਿਕ ਤੇ ਮਾਨਸਿਕ ਦੁੱਖ ਨਹੀਂ।"

ਰਾਜੇ ਨੇ ਵੈਰਾਗ ਕਾਰਨ ਸਾਧੂ ਬਣਨ ਦਾ ਫੈਸਲਾ ਕਰ ਲਿਆ ਅਤੇ ਉਹ ਸਾਰਾ ਰਾਜ ਪਾਟ ਛੱਡ ਕੇ ਜਾਣ ਲੱਗਾ। ਇਹ ਖਬਰ ਸਵਰਗ ਦੇ

ਰਾਜੇ ਇੰਦਰ ਨੂੰ ਪਹੁੰਚ ਗਈ। ਉਹ ਬ੍ਰਾਹਮਣ ਦਾ ਰੂਪ ਧਾਰਨ ਕਰਕੇ ਨੇਮੀ ਰਾਜਰਿਸ਼ੀ ਦੀ ਪ੍ਰੀਖਿਆ ਲੈਣ ਆਇਆ। ਉਸ ਨੇ ਅਨੇਕਾਂ ਅਜਿਹੇ ਪ੍ਰਸ਼ ਕੀਤੇ ਜੋ ਕਿ ਆਮ ਮਨੁੱਖ ਦਾ ਇਰਾਦਾ ਡਿੱਗਾ ਸਕਦੇ ਸਨ। ਪਰ ਨੇਮੀ ਰਾਜਾ ਮਜਬੂਤ ਰਹੇ। ਨੇਮੀ ਰਾਜੇ ਨੇ ਸਾਰੇ ਪ੍ਰਸ਼ਨਾਂ ਦੇ ਗਿਆਨ ਭਰਪੂਰ ਉੱਤਰ ਦਿੱਤੇ।

ਇਹ ਉੱਤਰ ਸੁਣ ਕੇ ਇੰਦਰ ਦੀ ਤਸੱਲੀ ਹੋ ਗਈ ਉਹ ਨੇਮੀ ਰਾਜੇ ਨੂੰ ਸਿਰ ਝੁਕਾ ਕੇ ਸਵਰਗ ਨੂੰ ਵਾਪਸ ਚਲਾ ਗਿਆ।

# ਨੌਵਾਂ ਅਧਿਐਨ

ਨੇਮੀ ਰਾਜੇ ਦਾ ਜੀਵ, ਦੇਵ ਲੋਕ ਤੋਂ ਚੱਲ ਕੇ ਮਨੁੱਖ ਲੋਕ ਵਿਚ ਪੈਦਾ ਹੋਇਆ ਅਤੇ ਮੋਹਨੀਆਂ ਕਰਮ ਦੇ ਸ਼ਾਂਤ ਹੋਣ ਤੇ ਉਸ ਨੂੰ ਜਾਤੀ ਸਿਮਰਣ ਗਿਆਨ (ਪਿਛਲੇ ਜਨਮ ਦਾ ਗਿਆਨ) ਹੋ ਗਿਆ। ਉਹ ਆਪਣਾ ਪਿਛਲਾ ਜਨਮ ਯਾਦ ਕਰਨ ਲੱਗਾ।1।

ਨੇਮੀ ਰਾਜ ਨੇ ਪਿਛਲੇ ਜਨਮ ਨੂੰ ਯਾਦ ਕਰਕੇ ਆਪਾ ਪਛਾਣ ਲਿਆ ਅਤੇ ਪੁੱਤਰ ਨੂੰ ਰਾਜ ਦੇ ਕੇ, ਸਰਵ ਸਰੇਸ਼ਠ ਧਰਮ ਦਾ ਪਾਲਣ ਕਰਨ ਲਈ, ਗ੍ਰਹਿਸਥ ਧਰਮ ਨੂੰ ਛੱਡ ਦਿੰਦਾ ਹੈ।।2।

ਨੇਮੀ ਰਾਜ ਨੇ ਉੱਚੇ ਮਹਿਲਾਂ ਵਿਚ ਰਹਿ ਕੇ ਦੇਵ ਲੋਕ ਸਮਾਨ ਉੱਤਮ ਭੋਗ ਸੇਵਨ ਕੀਤੇ ਅਤੇ ਗਿਆਨ ਪ੍ਰਾਪਤ ਹੋਣ ਤੇ ਭੋਗ ਛੱਡ ਦਿੰਦਾ ਹੈ।3।

ਮਿਥਿਲਾ ਨਗਰੀ, ਮਿਥਿਲਾ ਦੇਸ਼, ਸੈਨਾ, ਰਾਣੀਆਂ ਅਤੇ ਦਾਸ ਦਾਸੀਆਂ ਦਾ ਪਰਿਵਾਰ, ਇਨ੍ਹਾਂ ਸਭ ਨੂੰ ਤਿਆਗ ਕੇ ਭਗਵਾਨ ਨੇਮੀ ਰਾਜ ਨੇ ਦੀਖਿਆ ਗ੍ਰਹਿਣ ਕੀਤੀ ਅਤੇ ਏਕਾਂਤਵਾਸੀ ਬਣ ਗਏ।4।

ਰਾਜ ਰਿਸ਼ੀ ਨੇਮੀ ਰਾਜ ਦੇ ਘਰ ਛੱਡਣ ਅਤੇ ਦੀਖਿਅਤ ਹੋਣ ਤੇ ਮਿਥਿਲਾ ਨਗਰੀ ਵਿਚ ਸ਼ੋਰ ਮੱਚ ਗਿਆ।5।

ਸਰਵ ਉੱਤਮ ਦੀਖਿਆ ਦੇ ਲਈ ਤਿਆਰ ਹੋਏ ਰਾਜ ਰਿਸ਼ੀ ਨੂੰ ਸ਼ਕੇਂਦਰ (ਇੰਦਰ ਦੇਵਤਾ) ਨੇ ਬ੍ਰਾਹਮਣ ਦਾ ਰੂਪ ਬਣਾ ਕੇ ਇਸ ਪ੍ਰਕਾਰ ਕਿਹਾ।6।

"ਹੇ ਨੇਮੀ ਰਾਜ ! ਅੱਜ ਮਿਥਿਲਾ ਨਗਰੀ ਦੇ ਮਹਿਲਾਂ ਵਿਚ ਅਤੇ ਆਮ ਘਰਾਂ ਵਿਚ ਇਹ ਸ਼ੋਰ ਨਾਲ ਭਰੇ ਦੁਖੀ ਸ਼ਬਦ ਸੁਣਾਈ ਦੇ ਰਹੇ ਹਨ"?।7।

ਇਦਰ ਦਾ ਪ੍ਰਸ਼ਨ ਸੁਣ ਕੇ ਪ੍ਰਸ਼ਨ ਦੇ ਕਾਰਨ ਨੂੰ ਸਮਝ ਕੇ ਨੇਮੀ ਰਾਜ ਰਿਸ਼ੀ ਇਸ ਪ੍ਰਕਾਰ ਬੋਲੇ।8।

''ਮਿਥਿਲਾ ਨਗਰੀ ਵਿਚ ਇਕ ਚੇਤਿਆ (ਬਾਗ) ਵਿਚ ਮਨੋਰਮ ਨਾਂਅ ਦਾ ਦਰਖਤ) ਸੀ, ਜੋ ਪੱਤਿਆਂ, ਫੁੱਲਾਂ, ਫਲਾਂ ਨਾਲ ਭਰਪੂਰ, ਠੰਡੀ ਛਾਂ ਦੇਣ ਵਾਲਾ, ਪੰਛੀਆਂ ਦਾ ਆਸਰਾ, ਬਹੁਤ ਸਾਰੇ ਲੋਕਾਂ ਨੂੰ ਲਾਭ ਪਹੁੰਚਾਣ ਵਾਲਾ ਅਤੇ ਮਨ ਨੂੰ ਪ੍ਰਸੰਨ ਕਰਨ ਵਾਲਾ ਸੀ।''।9।

''ਉਹ ਮਨੋਰਮ (ਮਨ ਨੂੰ ਮੋਹਣ ਵਾਲਾ) ਰੁੱਖ ਅਚਾਨਕ ਹਵਾ ਕਾਰਨ ਉੱਖੜ ਗਿਆ, ਇਸ ਲਈ ਉਹ ਪੰਛੀ ਜੋ ਇਸ ਤੇ ਰਹਿੰਦੇ ਸਨ, ਉਹ ਦੁਖੀ ਹੋ ਕੇ, ਬੇਸਹਾਰਾ ਤੇ ਪੀੜਾ ਕਾਰਨ ਰੋ-ਕੁਰਲਾ ਰਹੇ ਹਨ''।10।

ਰਾਜ ਰਿਸ਼ੀ ਦੇ ਅਰਥ ਨੂੰ ਸੁਣ ਕੇ ਕਾਰਨ ਸਮਝ ਕੇ, ਇੰਦਰ ਨੇਮੀ ਰਾਜ ਰਿਸ਼ੀ ਨੂੰ ਇਸ ਪ੍ਰਕਾਰ ਆਖਣ ਲੱਗਾ।11।

''ਹਵਾ ਨਾਲ ਤੇਜ਼ ਹੋਈ ਅੱਗ ਤੁਹਾਡੇ ਮਹਿਲ ਨੂੰ ਜਲਾ ਰਹੀ ਹੈ। ਭਗਵਾਨ ਆਪ ਆਪਣੇ ਮਹਿਲ ਵੱਲ ਕਿਉਂ ਨਹੀਂ ਵੇਖਦੇ'' ?।12।

ਮੈਂ ਸੁੱਖ ਪੂਰਵਕ ਰਹਿੰਦਾ ਹਾਂ ਅਤੇ ਸੁੱਖ ਨਾਲ ਹੀ ਜਿਉਂਦਾ ਹਾਂ। ਹੁਣ ਮੇਰਾ ਮਿਥਿਲਾ ਵਿਚ ਕੁਝ ਨਹੀਂ। ਇਸ ਲਈ ਨਗਰੀ ਦੇ ਜਲਣ ਨਾਲ ਮੇਰਾ ਕੁਝ ਨਹੀਂ ਜਲਦਾ''।14।

''ਪੁੱਤਰ, ਪਤਨੀਆਂ ਅਤੇ ਸਭ ਪ੍ਰਕਾਰ ਦੇ ਸੰਸਾਰਕ ਵਿਉਪਾਰਾਂ ਨੂੰ ਛੱਡ ਕੇ ਬਣੇ ਹੋਏ ਸਾਧੂ ਲਈ ਨਾ ਤਾਂ ਕੁਝ ਚੰਗਾ ਹੁੰਦਾ ਹੈ ਤੇ ਨਾ ਹੀ ਕੁਝ ਮਾੜਾ ਹੁੰਦਾ ਹੈ''।15।

ਸਭ ਬੰਧਨਾਂ ਤੋਂ ਮੁਕਤ ਹੋ ਕੇ ਇਕ ਚਿੱਤ ਭਾਵ ਵਿਚ ਰਹਿਣ ਵਾਲਾ ਅਨਗਾਰ ਹੀ ਅਸਲ ਵਿਚ ਸੁਖੀ ਹੁੰਦਾ ਹੈ।16।

ਇੰਦਰ (ਅਰਥ ਗਾਥਾ ਨੰਬਰ 11 ਦੇ ਅਨੁਸਾਰ 17।)

''ਹੇ ਖੱਤਰੀ ! ਪਹਿਲੇ ਤੁਸੀਂ ਨਗਰ ਵਿਚ ਚਾਰ ਦੀਵਾਰੀ, ਮੁੱਖ ਦਰਵਾਜਾ ਬਣਾਓ, ਫਿਰ ਯੁੱਧ ਕਰਨ ਦੀ ਥਾਂ, ਕੋਟ, ਖਾਈ ਅਤੇ ਕਿਲਾ ਵੀ ਤਿਆਰ ਕਰੋ। ਸੈਂਕੜੇ ਲੋਕਾਂ ਨੂੰ ਮਾਰਨ ਵਾਲੀ ਤੋਪ ਬਣਾਉ ਫਿਰ ਭਿਕਸ਼ੂ ਬਣ ਜਾਣਾ''।18।

ਨੇਮੀ : (ਅਰਥ ਗਾਥਾ 8 ਦੇ ਅਨੁਸਾਰ।19।)

''ਹੇ ਬ੍ਰਾਹਮਣ ! ਮੈਂ ਆਪਣੇ ਲਈ ਸ਼ਰਧਾ ਰੂਪੀ ਨਗਰ ਬਣਾਇਆ ਹੈ। ਉਸ ਨਗਰ ਦੀ ਰੱਖਿਆ ਲਈ ਖਿਮਾਂ ਰੂਪੀ ਕਿਲੇ ਦੀ ਚਾਰਦੀਵਾਰੀ ਦਾ ਨਿਰਮਾਣ ਕੀਤਾ ਹੈ। ਤਪ ਤੇ ਸੰਜਮ ਰੂਪੀ ਦ੍ਰਿੜ੍ਹ ਤੋਪ ਲਗਵਾਈ ਹੈ ਤੇ ਤਿੰਨ ਗੁਪਤੀ ਰੂਪੀ ਖਾਈ ਬੁਰਜ ਤੇ ਤੋਪਾਂ ਤਿਆਰ ਕਰਕੇ ਅਜਿਹਾ ਪ੍ਰਬੰਧ ਕਰ ਲਿਆ ਹੈ ਕਿ ਜਿਸ ਨਾਲ ਮੁਸ਼ਕਿਲ ਜਿੱਤੇ ਜਾਣ ਵਾਲੇ ਕਰਮ ਰੂਪੀ ਦੁਸ਼ਮਣ ਦਾ ਕੁਝ ਵੀ ਵਸ ਨਾ ਚੱਲ ਸਕੇ।''20।

''ਪਰਾਕਰਮ ਨੂੰ ਧਨੁਸ਼ ਤੇ ਈਰੀਆ ਸਮਿਤੀ ਨੂੰ ਡੋਰੀ ਬਣਾ ਕੇ ਹੌਸਲੇ ਰੂਪੀ ਕੇਤਨ ਬਣਾ (ਤੀਰ ਕਮਾਨ ਨੂੰ ਵਿਚਕਾਰ ਵਿਚੋਂ ਫੜਨ ਵਾਲੀ ਲੱਕੜੀ ਦਾ ਮੁੱਠਾ) ਕੇ ਸੱਚ ਨਾਲ ਉਸ (ਕਮਾਨ) ਨੂੰ ਬੰਨ੍ਹ ਲਿਆ ਹੈ।''।21।

''ਉਸ ਤੇ ਧਰਮ ਤਪ ਰੂਪੀ ਬਾਣ ਚੜ੍ਹਾ ਕੇ ਕਰਮ ਰੂਪੀ ਕਵੱਚ ਨੂੰ ਤੋੜਦਾ ਹਾਂ। ਇਸ ਪ੍ਰਕਾਰ ਦੇ ਸੰਗਰਾਮ ਨਾਲ ਹੀ ਤਿਆਗੀ ਮੁਨੀ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦੇ ਹਨ।''।22।

ਇੰਦਰ : (ਅਰਥ ਗਾਥਾ 11 ਦੇ ਅਨੁਸਾਰ ।23।)

''ਹੇ ਖੱਤਰੀ ! ਮਹਿਲਾਂ ਵਿਚ ਅਨੇਕ ਪ੍ਰਕਾਰ ਦੇ ਘਰ, ਜਲ ਮਹਿਲ ਤੇ ਖੇਡਾਂ ਦੇ ਮੈਦਾਨ ਬਣਾ ਕੇ ਫਿਰ ਸੰਨਿਆਸ ਗ੍ਰਹਿਣ ਕਰਨਾ''।24।

ਨੇਮੀ : (ਅਰਥ ਗਾਥਾ 8 ਦੇ ਅਨੁਸਾਰ।25।)

''ਜਿਸਦੇ ਮਨ ਵਿਚ ਸ਼ੱਕ ਹੁੰਦਾ ਹੈ, ਉਹ ਹੀ ਰਾਹ ਵਿਚ ਘਰ ਬਣਾਉਂਦਾ ਹੈ। ਪਰ ਬੁੱਧੀਮਾਨ ਤਾਂ ਉਹੀ ਹੈ, ਜੋ ਮਨ ਮਰਜ਼ੀ ਦੀ ਥਾਂ ਤੇ ਪਹੁੰਚ ਕੇ ਪੱਕਾ ਘਰ ਬਨਾਉਂਦਾ ਹੈ।''।26।

ਇੰਦਰ : (ਅਰਥ ਗਾਥਾ 11 ਦੇ ਅਨੁਸਾਰ ।27।)

''ਹੇ ਖੱਤਰੀ ! ਡਾਕੂਆਂ, ਜਾਨ ਤੋਂ ਮਾਰਨ ਵਾਲੇ, ਗੰਢ ਕੱਟਾਂ ਤੇ ਚੋਰਾਂ ਨੂੰ ਵਸ ਵਿਚ ਕਰਕੇ ਅਤੇ ਨਗਰ ਵਿਚ ਸ਼ਾਂਤੀ ਸਥਾਪਿਤ ਕਰਕੇ ਤਿਆਗੀ ਬਣੋ''।28।

ਨੇਮੀ : (ਅਰਥ ਗਾਥਾ 8 ਦੇ 29 ਅਨੁਸਾਰ)

''ਅਗਿਆਨਤਾ ਦੇ ਕਾਰਨ, ਮਨੁੱਖਾਂ ਨੂੰ ਅਨੇਕਾਂ ਵਾਰ ਗਲਤ ਸਜ਼ਾ ਮਿਲ ਜਾਂਦੀ ਹੈ, ਜਿਸ ਨਾਲ ਨਿਰਦੋਸ਼ ਨੂੰ ਵੀ ਸਜ਼ਾ ਮਿਲ ਜਾਂਦੀ ਹੈ ਤੇ ਅਪਰਾਧੀ ਛੁੱਟ ਜਾਂਦੇ ਹਨ''।30।

ਇੰਦਰ : (ਅਰਥ ਗਾਥਾ 11 ਦੇ ਅਨੁਸਾਰ ।31।)

''ਹੇ ਖੱਤਰੀ ! ਜੋ ਰਾਜੇ ਮਹਾਰਾਜੇ ਤੁਹਾਡੇ ਸਾਹਮਣੇ ਨਹੀਂ ਝੁਕਦੇ , ਪਹਿਲਾਂ ਉਨ੍ਹਾਂ ਨੂੰ ਵੱਸ ਵਿਚ ਕਰੋ, ਫਿਰ ਦੀਖਿਅਤ ਹੋਣਾ''।32।।

ਨੇਮੀ : (ਅਰਥ ਗਾਥਾ 24 ਦੇ ਅਨੁਸਾਰ।33।)

''ਇਕ ਪੁਰਸ਼ ਵੱਡੀ ਲੜਾਈ ਨਾ ਜਿੱਤਣ ਵਾਲਾ ਦਸ ਲੱਖ ਯੋਧਿਆਂ ਨੂੰ ਜਿੱਤ ਕੇ ਵਿਜੈ ਪ੍ਰਾਪਤ ਕਰਦਾ ਹੈ ਅਤੇ ਇਕ ਮਹਾਤਮਾ ਆਪਣੀ ਆਤਮਾ ਨੂੰ ਹੀ ਜਿੱਤਦਾ ਹੈ। ਇਨ੍ਹਾਂ ਦੋਹਾਂ ਵਿਚੋਂ ਆਤਮ ਜੇਤੂ ਹੀ ਸਰੇਸ਼ਠ ਹੈ''।34।

''ਆਤਮਾ ਦੇ ਨਾਲ ਹੀ ਯੁੱਧ ਕਰਨਾ ਚਾਹੀਦਾ ਹੈ। ਬਾਹਰ ਦੇ ਸੰਸਾਰਿਕ ਯੁੱਧ ਦਾ ਕੀ ਲਾਭ ? ਆਤਮਾ ਨੂੰ ਆਤਮਾ ਰਾਹੀਂ ਜਿੱਤਣ ਨਾਲ

ਹੀ ਸੱਚਾ ਸੁੱਖ ਮਿਲਦਾ ਹੈ''।35।

''ਪੰਜ ਇੰਦਰੀਆਂ, ਕਰੋਧ, ਮਾਨ, ਮਾਇਆ, ਲੋਭ ਅਤੇ ਮਨ ਇਨ੍ਹਾਂ ਤੇ ਜਿੱਤ ਹਾਸਲ ਕਰਨਾ ਔਖਾ ਹੈ। ਇਹ ਸਭ ਆਤਮਾ ਦੇ ਜਿੱਤਣ ਨਾਲ ਹੀ ਜਿੱਤੇ ਜਾਂਦੇ ਹਨ''।36।

ਇੰਦਰ : (ਅਰਥ ਗਾਥਾ 11 ਦੇ ਅਨੁਸਾਰ।37।)

''ਹੇ ਮਹਾਰਾਜ ! ਬੜੇ ਬੜੇ ਮਹਾਯੱਗ ਕਰਵਾ ਕੇ ਸ਼ਰੱਮਣ (ਸਾਧੂ) ਤੇ ਬ੍ਰਾਹਮਣਾਂ ਨੂੰ ਭੋਜਨ ਕਰਵਾ ਕੇ, ਦਾਨ ਦੇ ਕੇ, ਭੋਗਾਂ ਨੂੰ ਭੋਗ ਕੇ, ਯੱਗ ਕਰਕੇ ਫੇਰ ਸੰਸਾਰ ਨੂੰ ਤਿਆਗ ਦੇਣਾ''।38।

ਨੇਮੀ : (ਅਰਥ ਗਾਥਾ 8 ਦੇ ਅਨੁਸਾਰ।39।)

''ਜੋ ਮਨੁੱਖ ਹਰ ਮਹੀਨੇ ਦਸ ਲੱਖ ਗਊਆਂ ਦਾਨ ਕਰਦਾ ਹੈ, ਪਰ ਉਹ ਉਸ ਮੁਨੀ ਦੀ ਬਰਾਬਰੀ ਨਹੀਂ ਕਰ ਸਕਦਾ, ਜੋ ਸ਼ੁੱਧ ਸੰਜਮ ਪਾਲਣ ਕਰਦਾ ਹੈ ਅਰਥਾਤ ਆਤਮ-ਜੇਤੂ ਮੁਨੀ ਆਰਥਿਕ ਦਾਨ ਕਰਨ ਵਾਲੇ ਦਾਨੀ ਤੋਂ ਸਰੇਸ਼ਟ ਹੈ''।40।

ਇੰਦਰ : (ਅਰਥ ਗਾਥਾ 11 ਦੇ ਅਨੁਸਾਰ।41।)

''ਹੇ ਮਹਾਰਾਜ ! ਆਪ ਘੋਰ ਗ੍ਰਹਿਸਥ ਆਸ਼ਰਮ ਦਾ ਤਿਆਗ ਕਰਕੇ ਸੰਨਿਆਸ ਆਸ਼ਰਮ ਦੀ ਇੱਛਾ ਕਰਦੇ ਹੋ। ਪਰ ਸੰਸਾਰ ਵਿਚ ਰਹਿ ਕੇ ਪੋਸਧ ਆਦਿ ਸ਼ਰਾਵਕ ਦੇ ਵਰਤਾਂ ਵਿਚ ਰਹੋ।''।42।

ਨੇਮੀ : (ਅਰਥ ਗਾਥਾ 8 ਦੇ ਅਨੁਸਾਰ।43।)

''ਜੋ ਅਗਿਆਨੀ ਸਾਧੂ ਮਹੀਨੇ ਮਹੀਨੇ ਦਾ ਤਪ ਕਰਦੇ ਹਨ ਅਤੇ ਪਾਰਣੇ ਦੇ ਦਿਨ ਘਾਹ ਦੇ ਉਪਰਲੇ ਹਿੱਸੇ ਤੇ ਪਈ ਓਸ ਦੀ ਬੂੰਦ ਜਿੰਨਾਂ ਭੋਜਨ ਆਉਂਦਾ ਹੈ ਓਨੇ ਆਹਾਰ ਰਾਹੀਂ ਵਰਤ ਖੋਲ੍ਹਦੇ ਹਨ। ਉਹ ਤੀਰਥੰਕਰ ਰਾਹੀਂ ਦੱਸੇ ਧਰਮ ਦੀ ਸੋਲ੍ਹਵੀਂ ਕਲਾ ਦੇ ਬਰਾਬਰ ਨਹੀਂ

ਹਨ''।44।

ਇੰਦਰ : (ਅਰਥ ਗਾਥਾ 11 ਦੇ ਅਨੁਸਾਰ।45।)

''ਹੇ ਖੱਤਰੀ ! ਸੋਨਾ, ਚਾਂਦੀ, ਪੰਨੇ, ਮੋਤੀ, ਕਾਂਸੀ ਦੇ ਭਾਂਡੇ, ਗੱਡੀਆਂ ਤੇ ਖਜ਼ਾਨੇ ਵਿਚ ਵਾਧਾ ਕਰਕੇ ਸੰਨਿਆਸ ਗ੍ਰਹਿਣ ਕਰਨਾ''।46।

ਨੇਮੀ : (ਅਰਥ ਗਾਥਾ 8 ਦੇ ਅਨੁਸਾਰ 47)

''ਜੇ ਕੈਲਾਸ਼ ਪਰਬਤ ਦਾ ਬਰਾਬਰ ਸੋਨੇ ਚਾਂਦੀ ਦੇ ਅਸੰਖ ਪਰਬਤ ਵੀ ਇਕ ਲੋਭੀ ਆਦਮੀ ਨੂੰ ਦੇ ਦਿੱਤੇ ਜਾਣ ਤਾਂ ਵੀ ਉਸ ਨੂੰ ਸੰਤੋਖ ਨਹੀਂ ਆ ਸਕਦਾ। ਕਿਉਂਕਿ ਇੱਛਾਵਾਂ ਆਕਾਸ਼ ਦੀ ਤਰ੍ਹਾਂ ਬੇਅੰਤ ਹਨ''।48।

ਜ਼ਮੀਨ, ਚੌਲ, ਜੌਂ, ਸੋਨਾ ਤੇ ਪਸ਼ੂ ਤੋਂ ਭਰਪੂਰ ਸੰਸਾਰ ਵੀ ਜੇ ਇਕ ਆਦਮੀ ਨੂੰ ਦੇ ਦਿੱਤੀ ਜਾਵੇ ਤਾਂ ਵੀ ਉਸ ਦੀ ਇੱਛਾ ਪੂਰੀ ਹੋਣਾ ਕਠਿਨ ਹੈ। ਇਹ ਜਾਣ ਕੇ ਬੁੱਧੀਮਾਨ ਪੁਰਸ਼ ਤੱਪ ਦਾ ਆਚਰਣ ਕਰਦਾ ਹੈ।49।

ਇੰਦਰ : (ਅਰਥ ਗਾਥਾ 11 ਦੇ ਅਨੁਸਾਰ।50।)

ਜੋ ਰਾਜਨ ! ਮੈਂ ਹੈਰਾਨ ਹਾਂ ਕਿ ਆਪ ਪ੍ਰਾਪਤ ਭੋਗਾਂ ਨੂੰ ਤਾਂ ਛੱਡ ਰਹੇ ਹੋ ਅਤੇ ਨਾ ਪ੍ਰਾਪਤ ਹੋਣ ਵਾਲੇ ਕਾਮ ਭੋਗਾਂ ਦੀ ਇੱਛਾ ਕਰਦੇ ਹੋ। ਇਸ ਨਾਲ ਸੰਕਲਪ ਤੇ ਵਿਕਲਪ ਦੇ ਚੱਕਰ ਵਿਚ ਉਲਝ ਜਾਵੋਗੇ ਤੇ ਆਪ ਨੂੰ ਪਸ਼ਚਾਤਾਪ ਕਰਨਾ ਪਵੇਗਾ''।51।

ਨੇਮੀ : (ਅਰਥ ਗਾਥਾ 8 ਦੇ ਅਨੁਸਾਰ 52)

''ਕਾਮ ਭੋਗ, ਸੂਲ ਸਮਾਨ ਹਨ, ਜ਼ਹਿਰ ਰੂਪੀ ਹਨ ਤੇ ਆਸ਼ੀਵਿਸ਼ ਸੱਪ ਦੇ ਜ਼ਹਿਰ ਸਮਾਨ ਹਨ। ਕਾਮ ਭੋਗਾਂ ਦੀ ਅਭਿਲਾਸ਼ਾ ਕਰਨ ਵਾਲੇ ਇਨ੍ਹਾਂ ਦਾ ਸੇਵਨ ਨਾ ਕਰਦੇ ਹੋਏ ਵੀ ਦੁਰਗਤੀ ਨੂੰ ਪ੍ਰਾਪਤ ਕਰਦੇ ਹਨ''।53।

''ਕਰੋਧ ਕਰਨ ਨਾਲ ਜੀਵ ਨਰਕ ਵਿਚ ਜਾਂਦਾ ਹੈ ਮਾਨ ਨਾਲ

ਨੀਚ ਗਤੀ ਹੁੰਦੀ ਹੈ। ਮਾਇਆ (ਧੋਖਾ) ਨਾਲ ਸ਼ੁਭ ਗਤੀ ਦਾ ਨਾਸ਼ ਹੁੰਦਾ ਹੈ ਅਤੇ ਲੋਭ ਨਾਲ ਇਸ ਲੋਕ ਤੇ ਪਰਲੋਕ ਵਿਚ ਡਰ ਪ੍ਰਾਪਤ ਹੁੰਦਾ ਹੈ''।54।

''ਦੇਵਿੰਦਰ ਨੇ ਬ੍ਰਾਹਮਣ ਦਾ ਰੂਪ ਤਿਆਗ ਦਿੱਤਾ ਅਤੇ ਵੈਕਰੀਆਂ (ਰੂਪ ਬਦਲਣ ਦੀ ਇਕ ਸ਼ਕਤੀ) ਰਾਹੀਂ ਆਪਣਾ ਅਸਲੀ ਰੂਪ ਬਣਾ ਕੇ , ਸ੍ਰੀ ਨੇਮੀ ਰਾਜ ਦੀ ਮਿੱਠੀ ਬੋਲੀ ਰਾਹੀਂ ਪ੍ਰਸੰਸਾ ਕਰਨ ਲੱਗਾ। ਉਸ ਨੇ ਨਮਸਕਾਰ ਕੀਤਾ ਅਤੇ ਉਹ ਸਤੁਤੀ ਕਰਨ ਲੱਗਾ''।55।

''ਹੇ ਨੇਮੀ ਰਾਜ ! ਹੈਰਾਨ ਹਾਂ ਕਿ ਆਪ ਨੇ ਕਰੋਧ ਨੂੰ ਜਿੱਤ ਲਿਆ ਹੈ, ਹੈਰਾਨ ਹਾਂ ਕਿ ਆਪ ਨੇ ਮਾਨ ਨੂੰ ਹਾਰ ਦਿੱਤੀ ਹੈ, ਮਾਇਆ ਨੂੰ ਦੂਰ ਕਰ ਦਿੱਤਾ ਹੈ ਅਤੇ ਲੋਭ ਨੂੰ ਵਸ ਵਿਚ ਕਰ ਲਿਆ ਹੈ''।56।

''ਮੁਨੀ ਜੀ ! ਤੁਹਾਡੀ ਸਰਲਤਾ ਉੱਚੀ ਹੈ। ਤੁਹਾਡੀ ਨਿਰਅਭਿਮਾਨਤਾ ਸਰੇਸ਼ਟ ਹੈ, ਆਪ ਦੀ ਖਿਮਾਂ ਅਤੇ ਨਿਰਲੋਭਤਾ ਉੱਤਮ ਤੇ ਹੈਰਾਨ ਕਰਨ ਵਾਲੀ ਹੈ''।57।

''ਹੇ ਭਗਵਾਨ ਆਪ ਇਸ ਸੰਸਾਰ ਵਿਚ ਵੀ ਉੱਚੇ ਹੋ ਅਤੇ ਪਰਲੋਕ ਵਿਚ ਵੀ ਮਹਾਨ ਹੋਵੋਗੇ। ਆਪਣੇ ਕਰਮਾਂ ਰੂਪੀ ਧੂੜ ਦੂਰ ਕਰਕੇ ਸੰਸਾਰ ਤੋਂ ਮੁਕਤੀ ਪ੍ਰਾਪਤ ਕਰੋਗੇ''।58।

ਇਸ ਪ੍ਰਕਾਰ ਉੱਤਮ ਸ਼ਰਧਾ, ਭਗਤੀ ਪੂਰਬਕ, ਰਾਜ ਰਿਸ਼ੀ ਨੇਮੀ ਰਾਜ ਦੀ ਸਤੁਤੀ ਤੇ ਪਰਦੱਖਣਾ (ਨਮਸਕਾਰ ਕਰਨ ਦੀ ਜੈਨ ਵਿਧੀ) ਕਰਦਾ ਹੋਇਆ ਇੰਦਰ ਬਾਰ ਬਾਰ ਨਮਸਕਾਰ ਕਰਨ ਲੱਗਾ।59।

ਇਸ ਤੋਂ ਬਾਅਦ ਸੁੰਦਰ ਤੇ ਸੋਹਣੇ ਕੁੰਡਲ ਤੇ ਮੁਕਟ ਧਾਰਨ ਕਰਨ ਵਾਲਾ ਇੰਦਰ ਮੁਨੀ ਨੇਮੀ ਰਾਜ ਦੇ ਚੱਕਰ ਤੇ ਅਕੁੱਸ਼ (ਇਕ ਮਹਾਨਤਾ ਵਾਲਾ ਸ਼ਰੀਰਕ ਚਿੰਨ੍ਹ) ਵਾਲੇ ਚਰਨਾਂ ਨੂੰ ਨਮਸਕਾਰ ਕਰਕੇ ਅਕਾਸ਼ ਮਾਰਗ

ਰਾਹੀਂ ਦੇਵ ਲੋਕ ਚਲਾ ਗਿਆ।60।

ਘਰ ਛੱਡ ਕੇ ਸ਼ਰਮਣ ਬਣੇ ਹੋਏ ਵਿਦੇਹਪਤੀ ਨੇਮੀ ਰਾਜ ਦੀ ਇੰਦਰ ਨੇ ਪ੍ਰਤੱਖ ਪ੍ਰੀਖਿਆ ਲਈ। ਪਰ ਉਹ ਸੰਜਮ ਤੋਂ ਨਹੀਂ ਡਿੱਗੇ ਅਤੇ ਆਪਣੀ ਆਤਮਾ ਨੂੰ ਮਜਬੂਤ ਬਣਾਇਆ।61।

ਜੋ ਤੱਤਾਂ ਦੇ ਗਿਆਨੀ, ਪੰਡਿਤ ਅਤੇ ਵਿਲੱਖਣਤਾ ਵਾਲੇ ਪੁਰਸ਼ ਹਨ ਉਹ ਨੇਮੀ ਰਾਜ ਰਿਸ਼ੀ ਦੀ ਤਰ੍ਹਾਂ ਹੀ ਕਾਮ ਭੋਗਾਂ ਤੋਂ ਛੁਟਕਾਰਾ ਪਾ ਕੇ ਸੰਜਮ ਵਿਚ ਪੱਕੇ ਰਹਿੰਦੇ ਹਨ।62।

''ਅਜਿਹਾ ਮੈਂ ਆਖਦਾ ਹਾਂ।''

## ਟਿੱਪਣੀਆਂ

ਗਾਥਾ 7

ਸਾਧਾਰਣ ਮਕਾਨ ਘਰ (ਗ੍ਰਹਿ) ਹੁੰਦਾ ਹੈ। 7-8 ਮੰਜ਼ਲਾ ਮਕਾਨ ਪ੍ਰਸ਼ਾਦ ਅਖਵਾਉਜਦਾ ਹੈ। ਦੇਵ ਮੰਦਰ ਤੇ ਰਾਜ ਮਹਿਲ ਵੀ ਪ੍ਰਸ਼ਾਦ ਅਖਵਾਉਂਦੇ ਹਨ।

''प्रसादेषु–सप्तभूम्यादिषु, गृहेषु सामान्यवेश्मसु । यद्वा प्रासादो देवतानरेन्द्रणमिति वचनाद् प्रासादेषु देवतानरेन्द्रसम्बन्धिष्वास्पदेषु गृहेषु तदिरतेषु''

(ਬ੍ਰਹਦ ਵਿਰਤੀ)

ਗਾਥਾ 14

ਤੁਲਨਾ ਕਰੋ :

ਜਾਤਕ 539, 589, 125, 126

(ਮੋਕਸ਼ ਪਰਬ ਮਹਾਭਾਰਤ 276/8)

ਗਾਥਾ 20

ਤਿੰਨ ਗੁਪਤੀਆਂ ਇਸ ਪ੍ਰਕਾਰ ਹ ਨ:

(1) ਮਨ ਗੁਪਤੀ (ਮਨ ਵਿਚ ਆਏ ਪਾਪਾਂ ਨੂੰ ਰੋਕਣਾ)

(2) ਬਚਨ ਗੁਪਤੀ (ਬਚਨ ਰਾਹੀਂ ਬੁਰੀ ਗੱਲ ਨਾ ਆਖਣਾ ਤੇ ਚੁੱਪ ਰਹਿਣਾ)

(3) ਕਾਇਆ ਗੁਪਤੀ (ਸਰੀਰ ਰਾਹੀਂ ਇੰਦਰੀਆਂ ਤੇ ਸੰਜਮ ਰੱਖਣਾ)

ਗਾਥਾ 24

'ਵਰਧਮਾਨ' ਉਹ ਘਰ ਹੈ, ਜਿਸ ਦੇ ਦੱਖਣ ਵਿਚ ਕੋਈ ਦਰਵਾਜ਼ਾ ਨਾ ਹੋਵੇ। ਇਹ ਘਰ ਧਨ ਦੇਣ ਵਾਲਾ ਤੇ ਧਨ ਵਿਚ ਵਾਧਾ ਕਰਨ ਵਾਲਾ ਵੀ ਮੰਨਿਆ ਜਾਂਦਾ ਹੈ।

दक्षिणद्वाररहित वर्धमान धनप्रदम्।

(ਬਾਲਮੀਕੀ ਰਮਾਇਣ 5/8)

ਗਾਥਾ 35

ਤੁਲਨਾ ਕਰੋ :

ਧੱਮ-ਪਦ 8/4, 9/40, 8/7-8

ਸ਼ਾਂਤੀ ਪਰਵ 292/5

ਗਾਥਾ 42

'ਪੋਸਹ' (ਪੋਸਹ) ਸ਼ਬਦ ਦਾ ਅਰਥ ਪੋਸਧ ਹੈ। ਇਸ ਨੂੰ ਦਿਗੰਬਰ ਫਿਰਕੇ ਵਿਚ ਪ੍ਰੋਸ਼ਧ ਅਤੇ ਬੋਧ ਸਾਹਿਤ ਵਿਚ ਉਪੋਸਥ (ਤਪੋਸਥ) ਆਖਦੇ ਹਨ। ਸ਼ਾਂਤਾ ਆਚਾਰੀਆ ਦੇ ਸ਼ਬਦਾਂ ਵਿਚ :

पोष धर्मपुष्टिं विधत्ते (ਬ੍ਰਹਦ ਵਿਰਤੀ)

ਧਰਮ ਵਿਚ ਵਾਧਾ ਕਰਨ ਵਾਲਾ ਵਰਤ ਹੀ ਪੋਸਧ ਹੈ। ਇਸ ਵਿਚ ਚਾਰ ਕਿਸਮ ਦੇ ਭੋਜਨ, ਗਹਿਣੇ ਤੇ ਹਥਿਆਰਾਂ ਦਾ ਤਿਆਗ ਕੀਤਾ ਜਾਂਦਾ ਹੈ। ਬ੍ਰਹਮਚਰਜ ਦਾ ਪਾਲਣ ਕੀਤਾ ਜਾਂਦਾ ਹੈ।

ਸਥਾਨਾਂਗ ਸੁਤਰ (4/3/314) ਪੋਸਧ ਦੀ ਅਰਾਧਨਾ ਅਸ਼ਟਮੀ, ਚੌਦਸ, ਪੂਰਨਮਾਸ਼ੀ ਅਤੇ ਅਮਾਵਸ ਨੂੰ ਕੀਤੀ ਜਾਂਦੀ ਹੈ। ਇਹ ਦੋ ਪ੍ਰਕਾਰ ਦੀ ਆਖੀ ਗਈ ਹੈ :

(1) ਪੋਸਧ ਉਪਵਾਸ : ਪੋਸਧ ਵਿਚ ਜੋ ਵਰਤ ਕੀਤਾ ਜਾਂਦਾ ਹੈ ਉਹ ਪੋਸਧ ਉਪਵਾਸ ਹੈ।

(2) ਪਰਿਪੂਰਨ ਪੋਸਧ : ਇਨ੍ਹਾਂ ਤਾਰੀਖਾਂ ਨੂੰ ਦਿਨ ਅਤੇ ਰਾਤ ਤੱਕ ਭੋਜਨ, ਸਰੀਰ ਸ਼ਿੰਗਾਰ ਤੇ ਬ੍ਰਹਮਚਰਯ ਦਾ ਪਾਲਣ ਪਰਿਪੂਰਨ ਪੋਸਧ ਹੈ।

(ਸਥਾਨਾਂਗ 3/1/150

4/3/314

ਦਿਗੰਬਰ ਪਰੰਪਰਾ ਅਨੁਸਾਰ ਉੱਤਮ, ਮੱਧਮ ਤੇ ਛੋਟੀ ਤਿੰਨ ਪ੍ਰਕਾਰ ਦੀ ਪ੍ਰੋਸਧ (ਪਰੋਸ਼ਧ) ਹੈ। ਬਸੁਨੰਦੀ ਸ਼ਰਾਵਕਾ ਅਚਾਰ (280-294)

(1) ਉੱਤਮ - ਹਰ ਪ੍ਰਕਾਰ ਦੇ ਭੋਜਨ ਦਾ ਤਿਆਗ ਹੀ ਉੱਤਮ ਪੋਸਧ ਹੈ।

(2) ਮੱਧਮ - ਸਿਰਫ਼ ਪਾਣੀ ਪੀ ਲੈਣਾ ਮੱਧਮ ਹੈ।

(3) ਛੋਟੀ - ਰਸ ਰਹਿਤ ਭੋਜਨ ਕਰ ਲੈਣਾ ਛੋਟੀ ਪਰੋਸ਼ਧ ਹੈ।

ਬੋਧ ਪਰੰਪਰਾ ਵਿਚ ਅੰਗਤੁਰ ਨਿਕਾਏ (ਭਾਗ 1 ਸਫਾ 212) ਅਨੁਸਾਰ ਹਰ ਪੱਖ ਦੀ 8, 14, 15 ਨੂੰ ਉਪੋਸਧ ਹੁੰਦਾ ਹੈ। ਇਸ ਦਿਨ ਹਿੰਸਾ, ਚੋਰੀ, ਬੱਦਕਾਰੀ ਤੇ ਝੂਠ ਦਾ ਤਿਆਗ ਕੀਤਾ ਜਾਂਦਾ ਹੈ। ਰਾਤ

ਨੂੰ ਭੋਜਨ ਨਹੀਂ ਕੀਤਾ ਜਾਂਦਾ। ਦਿਨ ਵਿਚ ਵੀ ਇਕ ਵਾਰ ਭੋਜਨ ਕੀਤਾ ਜਾਂਦਾ ਹੈ। ਹਾਰ, ਖ਼ੁਸ਼ਬੂ ਆਦਿ ਦਾ ਤਿਆਗ ਕੀਤਾ ਜਾਂਦਾ ਹੈ।

ਪਰ ਇਸ ਪਾਠ ਵਿਚ ਜੋ ਬ੍ਰਾਹਮਣ ਪੋਸਧ ਦੀ ਗੱਲ ਕਰਦਾ ਹੈ, ਉਹ ਕਿਸੇ ਹੋਰ ਪਰੰਪਰਾ ਨਾਲ ਸਬੰਧਤ ਹੋਵੇਗੀ। ਇਸ ਲਈ ਤੇ ਨੇਮੀ ਰਾਜ ਇਸ ਨੂੰ ਬਾਲ ਤੱਪ ਆਖਦੇ ਹਨ। ਇਹ ਵੀ ਹੋ ਸਕਦਾ ਹੈ ਕਿ ਨੇਮੀ ਰਾਜ ਗ੍ਰਹਿਸਥ ਧਰਮ ਤੋਂ ਜ਼ਿਆਦਾ ਸਨਿਆਸ ਨੂੰ ਮਹੱਤਤਾ ਦਿੰਦੇ ਹੋਣ।

ਗਾਥਾ 44

ਤੁਲਨਾ ਕਰੋ : ਧਮ-ਪਦ 5/11 ਅਗੂੰ: 22

ਗਾਥਾ 48

ਦਿਵਯਦਾਨ 224

ਗਾਥਾ 49

ਅਨੁਸ਼ਾਸਨਪਰਵ 96/40

ਉਦਯੋਗਪਰਵ 39/24

ਵਿਸ਼ਨੂੰਪੁਰਾਣ 4/10/17

ਗਾਥਾ 60

ਸੁਤ੍ਰਕ੍ਰਿਤਾਂਗ ਚੂਰਨੀ 360 ਵਿਚ ਤਿੰਨਾਂ ਸ਼ਿਖਰਾਂ ਵਾਲਾ ਮੁਕਟ ਤੇ 84 ਸ਼ਿਖਰਾਂ ਵਾਲਾ ਕਿਰਿਟ ਹੁੰਦਾ ਹੈ ਮੁਕਟ ਤੇ ਕਿਰਿਟ ਦਾ ਅਰਥ ਮੁਕਟ ਹੀ ਹੈ।

## 10

# ਦਰੁੱਮ ਪੱਤਰਕ ਅਧਿਐਨ

ਇੰਦਰ ਭੂਤੀ ਗੌਤਮ, ਭਗਵਾਨ ਮਹਾਵੀਰ ਦੇ ਪ੍ਰਮੁੱਖ ਸ਼ਿੱਸ਼ ਸਨ। ਉਨ੍ਹਾਂ ਭਗਵਾਨ ਮਹਾਵੀਰ ਦੀ ਬਾਣੀ ਤੇ ਪਰਖ ਕੇ ਹੀ ਵਿਸ਼ਵਾਸ ਕੀਤਾ ਸੀ। ਇਸ ਅਧਿਐਨ ਵਿਚ ਭਗਵਾਨ ਮਹੀਰ ਨੇ ਭਿੰਨ ਭਿੰਨ ਉਦਾਹਰਣਾਂ ਰਾਹੀਂ ਗੌਤਮ ਨੂੰ ਜੀਵਨ ਦੀ ਸੱਚਾਈ ਬਿਆਨ ਕੀਤੀ ਹ। ਇਸ ਨਾਸ਼ਵਾਨ ਸਰੀਰ ਦਾ ਕਲਿਆਣ ਕਰਨ ਲਈ ਕੁਝ ਰਾਹ ਦੱਸਿਆ ਹੈ। ਕਿਸੇ ਵੀ ਕੰਮ ਵਿਚ ਥੋੜ੍ਹੇ ਸਮੇਂ ਲਈ ਵੀ ਗਫ਼ਲਤ ਜਾਂ ਪ੍ਰਮਾਦ (ਲਾਪਰਵਾਹੀ) ਨਾ ਵਰਤਣ ਦੀ ਹਿਦਾਇਤ ਕੀਤੀ ਹੈ।

# ਦਸਵਾਂ ਅਧਿਐਨ

''ਹੇ ਗੌਤਮ ! ਜਿਸ ਤਰ੍ਹਾਂ ਰਾਤ ਦਾ ਸਮਾਂ ਬੀਤਣ ਤੇ ਦਰੱਖਤ ਦਾ ਪੱਤਾ ਪੀਲਾ ਹੋ ਕੇ ਗਿਰ ਜਾਂਦਾ ਹੈ, ਉਸੇ ਪ੍ਰਕਾਰ ਮਨੁੱਖ ਦਾ ਜੀਵਨ ਹੈ। ਇਸ ਲਈ ਤੂੰ ਥੋੜ੍ਹੇ ਸਮੇਂ ਲਈ ਵੀ ਪ੍ਰਮਾਦ (ਗਫ਼ਲਤ) ਨਾ ਕਰ''।1।

ਜਿਵੇਂ ਘਾਹ ਦੇ ਉੱਪਰ ਪਈ ਔਸ ਦੀ ਬੂੰਦ ਹੁੰਦੀ ਹੈ, ਉਸੇ ਪ੍ਰਕਾਰ ਮਨੁੱਖ ਦਾ ਜੀਵਨ ਹੈ। ਇਸ ਲਈ ਤੂੰ ਥੋੜ੍ਹੇ ਸਮੇਂ ਲਈ ਵੀ ਗਫ਼ਲਤ ਨਾ ਕਰ''।2।

ਥੋੜ੍ਹੀ ਉਮਰ ਅਤੇ ਅਨੇਕਾਂ ਵਿਘਨ ਵਾਲੇ, ਇਸ ਜੀਵਨ ਵਿਚ, ਪਿਛਲੇ ਕੀਤੇ ਕਰਮਾਂ ਦੀ ਮੈਲ ਦੂਰ ਕਰਨ ਦੇ ਮਾਮਲੇ ਵਿਚ ਥੋੜ੍ਹੇ ਸਮੇਂ ਦੀ ਵੀ ਗਫ਼ਲਤ ਨਾ ਕਰ''।3।

ਸਾਰੇ ਪ੍ਰਾਣੀਆਂ ਦੇ ਲਈ ਮਨੁੱਖ ਜਨਮ ਬਹੁਤ ਲੰਬੇ ਸਮੇਂ ਤੱਕ ਮਿਲਣਾ ਮੁਸ਼ਕਿਲ ਹੈ। ਕਿਉਂਕਿ ਕਰਮ ਦਾ ਕਰਮ ਫਲ ਬਹੁਤ ਤੇਜ਼ ਹੁੰਦਾ ਹੈ। ਇਸ ਲਈ ਤੂੰ ਥੋੜ੍ਹੇ ਸਮੇਂ ਲਈ ਵੀ ਗਫ਼ਲਤ ਨਾ ਕਰ''।4।

ਪ੍ਰਿਥਵੀ ਕਾਇਆ (ਜ਼ਮੀਨ ਦੀ ਜੋਨੀ) ਵਿਚ ਗਿਆ ਜੀਵ ਜ਼ਿਆਦਾ ਤੋਂ ਜ਼ਿਆਦਾ ਅਸੰਖਿਆਤ ਸਮੇਂ ਰਹਿੰਦਾ ਹੈ। ਹੇ ਗੌਤਮ ! ਇਸ ਲਈ ਮਨੁੱਖੀ ਜੂਨੀ ਵਿਚ ਥੋੜ੍ਹੇ ਸਮੇਂ ਲਈ ਵੀ ਗਫ਼ਲਤ ਨਾ ਕਰ''।5।

ਅੱਪਕਾਇਆ (ਪਾਣੀ ਦੇ ਜੀਵਾਂ ਦੀ ਜੂਨ) ਵਿਚ ਗਿਆ ਜੀਵ, ਜ਼ਿਆਦਾ ਤੋਂ ਜ਼ਿਆਦਾ ਅਸੰਖਿਆਤ ਸਮੇਂ ਤੱਕ ਉਸ ਵਿਚ ਰਹਿੰਦਾ ਹੈ, ਸੋ ਥੋੜ੍ਹੇ ਸਮੇਂ ਲਈ ਵੀ ਗਫ਼ਲਤ ਨਾ ਕਰ''।6।

ਤੇਜ਼ਸ ਕਾਇਆ (ਅੱਗ ਦੇ ਜੀਵਾਂ ਦੀ ਜੂਨ) ਵਿਚ ਗਿਆ ਜੀਵ ਅਸੰਖਿਆਤ ਸਮੇਂ ਤੱਕ ਇਸ ਵਿਚ ਰਹਿੰਦਾ ਹੈ। ਇਸ ਲਈ ਤੂੰ ਥੋੜ੍ਹੇ

ਸਮੇਂ ਲਈ ਵੀ ਗਫ਼ਲਤ ਨਾ ਕਰ''।7।

ਵਾਯੂ ਕਾਇਆ (ਹਵਾ ਦੇ ਜੀਵਾਂ ਦੀ ਜੂਨ) ਵਿਚ ਗਿਆ ਜੀਵ ਅਸੰਖਿਆਤ ਸਮੇਂ ਲਈ ਉਸੇ ਵਿਚ ਰਹਿੰਦਾ ਹੈ। ਇਸ ਲਈ ਮਨੁੱਖੀ ਜੀਵਨ ਨੂੰ ਸ਼ੁਭ ਕੰਮਾਂ ਵਿਚ ਲਗਾਉਣ ਲਈ ਤੂੰ ਥੋੜ੍ਹੇ ਸਮੇਂ ਲਈ ਵੀ ਗਫ਼ਲਤ ਨਾ ਕਰ''।8।

ਬਨਸਪਤੀ ਕਾਇਆ (ਘਾਹ, ਫੂਸ, ਦਰਖਤ ਆਦਿ ਦੀ ਜੂਨ) ਵਿਚ ਗਿਆ ਜੀਵ, ਉਸੇ ਸਰੀਰ ਵਿਚ ਦੁੱਖ ਦੇ ਅੰਤ ਹੋਣ ਵਾਲੇ ਜੀਵਨ ਵਿਚ ਅਨੰਤ ਸਮੇਂ ਤੱਕ ਰਹਿੰਦਾ ਹੈ। ਇਸ ਲਈ ਤੂੰ ਥੋੜ੍ਹੇ ਸਮੇਂ ਲਈ ਵੀ ਗਫ਼ਲਤ ਨਾ ਕਰ''।9।

ਦੋ ਇੰਦਰੀਆਂ ਵਾਲੇ ਸਰੀਰ ਵਿਚ ਗਿਆ ਜੀਵ ਸੰਖਿਆਤ ਸਮੇਂ ਤੱਕ ਉਸੇ ਸਰੀਰ ਵਿਚ ਰਹਿੰਦਾ ਹੈ। ਇਸ ਲਈ ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲਤ ਨਾ ਕਰ।10।

ਤਿੰਨ ਇੰਦਰੀਆਂ ਵਾਲੇ ਸਰੀਰ ਵਿਚ ਗਿਆ ਜੀਵ ਸੰਖਿਆਤ ਸਮੇਂ ਤੱਕ ਉਸੇ ਸਰੀਰ ਵਿਚ ਰਹਿੰਦਾ ਹੈ। ਇਸ ਲਈ ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲਤ ਨਾ ਕਰ।11।

ਚਾਰ ਇੰਦਰੀਆਂ ਵਾਲੇ ਸਰੀਰ ਵਿਚ ਗਿਆ ਜੀਵ ਸੰਖਿਆਤ ਸਮੇਂ ਤੱਕ ਉਸੇ ਸਰੀਰ ਵਿਚ ਰਹਿੰਦਾ ਹੈ। ਇਸ ਲਈ ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲਤ ਨਾ ਕਰ।12।

ਪੰਜ ਇੰਦਰੀਆਂ (ਜਾਤੀ) ਵਿਚ ਗਿਆ ਜੀਵ ਜ਼ਿਆਦਾ ਤੋਂ ਜ਼ਿਆਦਾ 7-8 ਜਨਮਾਂ ਤੱਕ ਰਹਿੰਦਾ ਹੈ। ਇਸ ਲਈ ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲਤ ਨਾ ਕਰ।13।

ਦੇਵ ਲੋਕ ਤੇ ਨਰਕ ਵਿਚ ਗਿਆ ਜੀਵ, ਇਕ ਹੀ ਜਨਮ ਧਾਰਨ

ਕਰਦਾ ਹੈ। ਇਸ ਲਈ ਹੇ ਗੌਤਮ ! ਤੂੰ ਕੁਝ ਸਮੇਂ ਲਈ ਵੀ ਗਫਲਤ ਨਾ ਕਰ।14।

ਇਹ ਗਫਲਤ ਦੀ ਜ਼ਿਆਦਤੀ ਦੇ ਨਾਲ, ਜੀਵ ਆਪਣੇ ਸ਼ੁਭ ਤੇ ਅਸ਼ੁਭ ਕਰਮਾਂ ਨਾਲ ਸੰਸਾਰ ਵਿਚ ਚੱਕਰ ਕੱਟਦੇ ਹਨ। ਇਸ ਲਈ ਹੇ ਗੌਤਮ ! ਕੁਝ ਸਮੇਂ ਲਈ ਵੀ ਗਫਲਤ ਨਾ ਕਰ।15।

ਦੁਰਲੱਭ ਮਨੁੱਖੀ ਜੀਵਨ ਪਾ ਕੇ ਵੀ, ਆਰੀਆ (ਸਰੇਸ਼ਠ) ਦੇਸ਼ ਤੇ ਕੁਲ (ਪਰਿਵਾਰ) ਮਿਲਣਾ ਮੁਸ਼ਕਿਲ ਹੈ। ਕਿਉਂਕਿ ਮਨੁੱਖਾਂ ਵਿਚ ਵੀ ਬਹੁਤ ਸਾਰੇ ਲੋਕ ਦਸਯੂ (ਠੱਗ) ਅਤੇ ਮਲੇਛ (ਨੀਚ ਤੇ ਹਿੰਸਕ) ਕੰਮ ਕਰਨ ਵਾਲੇ ਹੁੰਦੇ ਹਨ। ਇਸ ਲਈ ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲਤ ਨਾ ਕਰ।16।

ਮਨੁੱਖ ਜਨਮ ਤੇ ਆਰੀਆ ਦੇਸ਼ ਮਿਲਣ ਤੇ ਵੀ, ਪੰਜ ਇੰਦਰੀਆਂ ਦਾ ਮਿਲਣਾ ਮੁਸ਼ਕਿਲ ਹੈ। ਕਿਉਂਕਿ ਬਹੁਤ ਸਾਰੇ ਮਨੁੱਖਾਂ ਵਿਚ ਇੰਦਰੀਆਂ ਦੀ ਅੰਗ ਟੁੱਟ ਭੱਜ ਵੇਖੀ ਜਾਂਦੀ ਹੈ। ਇਸ ਲਈ ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲਤ ਨਾ ਕਰ।17।

ਪੰਜ ਇੰਦਰੀਆਂ ਦੇ ਪੂਰਣ ਰੂਪ ਤੇ ਮਿਲਣ ਤੇ ਵੀ ਉੱਤਮ ਧਰਮ ਦਾ ਸੁਣਨਾ ਬੇਹੱਦ ਦੁਰਲਭ (ਮੁਸ਼ਕਿਲ) ਹੈ, ਕਿਉਂਕਿ ਬਹੁਤ ਸਾਰੇ ਮਨੁੱਖ ਸੱਚੇ ਧਰਮ ਨੂੰ ਛੱਡ ਕੇ ਅਧਰਮੀਆਂ ਦੀ ਸੇਵਾ ਕਰਦੇ ਹਨ। ਇਸ ਲਈ ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲਤ ਨਾ ਕਰ।18।

ਜੇ ਉੱਤਮ ਧਰਮ ਦਾ ਸੁਣਨਾ ਮਿਲ ਵੀ ਜਾਵੇ, ਤਾਂ ਉਸ ਤੇ ਸ਼ਰਧਾ (ਵਿਸ਼ਵਾਸ) ਪੈਦਾ ਹੋਣਾ ਮੁਸ਼ਕਿਲ ਹੈ। ਕਿਉਂਕਿ ਬਹੁਤ ਸਾਰੇ ਮਨੁੱਖ ਮਿਥਿਅਤਵ (ਝੂਠ) ਦਾ ਸੇਵਨ ਕਰਦੇ ਹਨ। ਹੇ ਗੌਤਮ ! ਕੁਝ ਸਮੇਂ ਲਈ ਵੀ ਗਫਲਤ ਨਾ ਕਰ।19।

ਧਰਮ ਤੇ ਸ਼ਰਧਾ ਹੋਣ ਤੇ ਵੀ ਸਰੀਰ ਰਾਹੀਂ ਆਚਰਣ ਕਰਨਾ ਬਹੁਤ ਮੁਸ਼ਕਿਲ ਹੈ। ਬਹੁਤ ਸਾਰੇ ਧਰਮੀ ਮਨੁੱਖ ਵੀ ਕਾਮ ਭੋਗਾਂ ਵਿਚ ਫਸੇ ਰਹਿੰਦੇ ਹਨ। ਇਸ ਲਈ ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲਤ ਨਾ ਕਰ।20।

ਹੇ ਗੌਤਮ ! ਤੇਰਾ ਸਰੀਰ ਪੁਰਾਣਾ ਹੋ ਗਿਆ ਹੈ, ਬਾਲ ਸਫੇਲ ਹੋ ਰਹੇ ਹਨ। ਕੰਨਾਂ ਦੀ ਸੁਨਣ ਸ਼ਕਤੀ ਘਟ ਰਹੀ ਹੈ। ਇਸ ਲਈ ਹੇ ਗੌਤਮ : ਥੋੜ੍ਹੇ ਸਮੇਂ ਲਈ ਵੀ ਗਫਲਤ ਨਾ ਕਰ।21।

ਹੇ ਗੌਤਮ ! ਤੇਰਾ ਸਰੀਰ ਪੁਰਾਣਾ ਹੋ ਗਿਆ ਹੈ। ਬਾਲ ਸਫੇਦ ਹੋ ਰਹੇ ਹਨ। ਅੱਖਾਂ ਦੀ ਜੋਤ ਘੱਟ ਰਹੀ ਹੈ। ਇਸ ਲਈ ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲਤ ਨਾ ਕਰ।22।

ਹੇ ਗੌਤਮ ! ਤੇਰਾ ਸਰੀਰ ਪੁਰਾਣਾ ਹੋ ਗਿਆ ਹੈ। ਬਾਲ ਸਫੇਦ ਹੋ ਰਹੇ ਹਨ। ਸੁੰਘਣ ਸ਼ਕਤੀ ਘੱਟ ਰਹੀ ਹੈ। ਇਸ ਲਈ ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲਤ ਨਾ ਕਰ।23।

ਹੇ ਗੌਤਮ ! ਤੇਰਾ ਸਰੀਰ ਪੁਰਾਣਾ ਹੋ ਗਿਆ ਹੈ। ਬਾਲ ਸਫੇਦ ਹੋ ਰਹੇ ਹਨ। ਜੀਭ ਦੀ ਸ਼ਕਤੀ ਘੱਟ ਰਹੀ ਹੈ। ਇਸ ਲਈ ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲਤ ਨਾ ਕਰ।24।

ਹੇ ਗੌਤਮ ! ਤੇਰਾ ਸਰੀਰ ਪੁਰਾਣਾ ਹੋ ਗਿਆ ਹੈ। ਬਾਲ ਸਫੇਦ ਹੋ ਰਹੇ ਹਨ। ਸਪਰਸ਼ (ਛੂਹਣ) ਦੀ ਸ਼ਕਤੀ ਘੱਟ ਰਹੀ ਹੈ। ਇਸ ਲਈ ਹੇ ਗੌਤਮ ! ਧਰਮ ਕਰਨ ਦੇ ਮਾਮਲੇ ਵਿਚ ਕੁਝ ਸਮੇਂ ਲਈ ਵੀ ਗਫਲਤ ਨਾ ਕਰ।25।

ਹੇ ਗੌਤਮ ! ਤੇਰਾ ਸਰੀਰ ਪੁਰਾਣਾ ਹੋ ਗਿਆ ਹੈ। ਬਾਲ ਸਫੇਦ ਹੋ ਰਹੇ ਹਨ। ਸਭ ਪ੍ਰਕਾਰ ਦੀ ਸ਼ਕਤੀ ਘੱਟ ਰਹੀ ਹੈ। ਇਸ ਲਈ ਹੇ

ਗੌਤਮ ! ਧਰਮ ਕਰਨ ਦੇ ਮਾਮਲੇ ਵਿਚ ਕੁਝ ਸਮੇਂ ਲਈ ਵੀ ਗਫਲਤ ਨਾ ਕਰ।26।

ਅਰਤਿ (ਚਿੰਤਾ), ਫੋੜੇ ਫੂੰਨਸੀ, ਹੈਜ਼ਾ (ਕਮਜ਼ੋਰੀ) ਅਤੇ ਹੋਰ ਕਈ ਕਿਸਮ ਦੇ ਰੋਗ ਤੇਰੇ ਸਰੀਰ ਨੂੰ ਨਸ਼ਟ ਕਰ ਰਹੇ ਹਨ। ਇਸ ਲਈ ਹੇ ਗੌਤਮ ! ਧਰਮ ਕਰਨ ਦੇ ਮਾਮਲੇ ਵਿਚ ਕੁਝ ਸਮੇਂ ਲਈ ਵੀ ਗਫਲਤ ਨਾ ਕਰ।27।

ਜਿਸ ਪ੍ਰਕਾਰ ਸਰਦੀ ਦੀ ਰੁੱਤ ਦਾ ਕਮਲ, ਪਾਣੀ ਤੋਂ ਉੱਪਰ ਰਹਿੰਦਾ ਹੈ, ਉਸੇ ਤਰ੍ਹਾਂ ਤੂੰ ਵੀ ਆਪਣੇ ਮੋਹ ਮਮਤਾ ਭਾਵ ਦਾ ਤਿਆਗ ਕਰ। ਅਜਿਹਾ ਕਰਨ ਵਿਚ ਹੇ ਗੌਤਮ ! ਤੂੰ ਗਫਲਤ ਨਾ ਕਰ''।28।

ਹੇ ਗੌਤਮ ! ਤੂੰ ਧਨ ਤੇ ਇਸਤਰੀ ਦਾ ਤਿਆਗ ਕਰ ਦਿੱਤਾ ਹੈ ਅਤੇ ਸਾਧੂ ਵਿਰਤੀ ਗ੍ਰਹਿਣ ਕਰ ਲਈ ਹੈ। ਹੁਣ ਥੁੱਕੇ ਹੋਏ ਵਿਸ਼ੈ ਵਿਕਾਰਾਂ ਤੋਂ ਦੂਰ ਰਹਿਣ ਦੇ ਮਾਮਲੇ ਵਿਚ ਹੇ ਗੋਤਮ ! ਕੁਝ ਸਮੇਂ ਦੀ ਵੀ ਗਫਲਤ ਨਾ ਕਰ''।29।

ਤੂੰ ਮਿੱਤਰ, ਰਿਸ਼ਤੇਦਾਰ ਅਤੇ ਬੇਹੱਦ ਦੌਲਤ ਛੱਡ ਕੇ ਭਿਕਸ਼ੂ ਬਣਿਆ। ਮੁੜ ਕੇ ਇਨ੍ਹਾਂ ਵਸਤਾਂ ਦੀ ਇੱਛਾ ਨਾ ਕਰ, ਇਨ੍ਹਾਂ ਤੋਂ ਮੋਹ ਹਟਾਉਣ ਦੇ ਮਾਮਲੇ ਵਿਚ ਹੇ ਗੌਤਮ ! ਕੁਝ ਸਮੇਂ ਦੀ ਵੀ ਗਫਲਤ ਨਾ ਕਰ''।30।

ਭਵਿੱਖ ਵਿਚ ਲੋਕ ਆਖਣਗੇ - ਅੱਜ ਜਿੰਨ (ਤੀਰਥੰਕਰ) ਵਿਖਾਈ ਨਹੀਂ ਦੇ ਰਹੇ ਅਤੇ ਨਾ ਹੀ ਉਨ੍ਹਾਂ ਦਾ ਰਾਹ ਦਰਸਾਉਂਣ ਵਾਲੇ ਹੀ ਇਕ ਵਿਚਾਰ ਰੱਖਦੇ ਹਨ, ਪਰ ਹੁਣ ਤੈਨੂੰ ਤੇ ਨਿਆਂ ਮਾਰਗ ਮਿਲ ਗਿਆ ਹੈ। ਇਸ ਲਈ ਹੇ ਗੌਤਮ ਤੂੰ ਇਸ ਰਾਹ ਤੇ ਚੱਲਣ ਵਿਚ ਕੁਝ ਸਮੇਂ ਦੀ ਵੀ ਗਫਲਤ ਨਾ ਕਰ''।31।

ਹੇ ਗੌਤਮ ! ਤੂੰ ਕਾਂਟੇਦਾਰ ਕੁਧਰਮੀ ਰਾਹ ਨੂੰ ਛੱਡ ਕੇ, ਸਾਫ ਰਾਹ ਤੇ ਆਇਆ ਹੈਂ। ਹੁਣ ਇਸ ਮਾਰਗ ਤੇ ਚੱਲਣ ਦੇ ਮਾਮਲੇ ਵਿਚ ਹੇ ਗੌਤਮ ! ਕੁਝ ਸਮੇਂ ਲਈ ਵੀ ਗਫਲਤ ਨਾ ਕਰ''।32।

ਜਿਸ ਤਰ੍ਹਾਂ ਕਮਜ਼ੋਰ ਭਾਰ ਢੋਣ ਵਾਲਾ, ਖ਼ਤਰਨਾਕ ਰਸਤੇ ਵਿਚ ਜਾ ਕੇ ਹੌਸਲਾ ਖੋ ਬੈਠਦਾ ਹੈ ਅਤੇ ਭਾਰ ਹੇਠਾਂ ਰੱਖ ਕੇ ਪਸ਼ਚਾਤਾਪ ਕਰਦਾ ਹੈ, ਉਸੇ ਪ੍ਰਕਾਰ ਗਫਲਤ ਕਾਰਨ ਤੈਨੂੰ ਪਸ਼ਚਾਤਾਪ ਨਾ ਕਰਨਾ ਪਵੇ। ਇਸ ਲਈ ਹੇ ਗੌਤਮ ! ਤੂੰ ਕੁਝ ਸਮੇਂ ਲਈ ਵੀ ਗਫਲਤ ਨਾ ਕਰ''33।

ਹੇ ਗੌਤਮ ! ਤੂੰ ਸੰਸਾਰ ਰੂਪੀ ਮਹਾ ਸਮੁੰਦਰ ਤੈਰ ਲਿਆ ਹੈ। ਪਰ ਕਿਨਾਰੇ ਤੇ ਆ ਕੇ ਕਿਉਂ ਰੁਕ ਗਿਆ ? ਇਸ ਸੰਸਾਰ ਰੂਪੀ ਸਮੁੰਦਰ ਨੂੰ ਪਾਰ ਕਰਨ ਦੇ ਮਾਮਲੇ ਵਿਚ ਹੇ ਗੌਤਮ ! ਕੁਝ ਸਮੇਂ ਲਈ ਵੀ ਗਫਲਤ ਨਾ ਕਰ''।34।

ਹੇ ਗੌਤਮ ਨੂੰ ਸਿੱਧ ਪਦ (ਮੁਕਤੀ ਪ੍ਰਾਪਤੀ) ਦੀ ਸ਼ਰੇਣੀ ਤੇ ਚੜ੍ਹ ਕੇ ਸ਼ਾਂਤੀ ਪੂਰਵਕ ਉਸ ਕਲਿਆਣਕਾਰੀ ਸਰਬ ਉੱਤਮ ਸਿੱਧ ਲੋਕ ਨੂੰ ਪ੍ਰਾਪਤ ਕਰਨ ਦੇ ਮਾਮਲੇ ਵਿਚ ਹੇ ਗੌਤਮ ! ਕੁਝ ਸਮੇਂ ਦੀ ਵੀ ਗਫਲਤ ਨਾ ਕਰ''।35।

ਹੇ ਗੌਤਮ ! ਤੂੰ ਪਿੰਡ, ਸ਼ਹਿਰ ਤੇ ਜੰਗਲ ਵਿਚ ਗਿਆ ਹੋਇਆ ਵੀ ਗਿਆਨਵਾਨ, ਸ਼ਾਂਤ ਤੇ ਸੰਜਮੀ ਹੋ ਕੇ, ਮੁਨੀ ਧਰਮ ਪਾਲਣ ਤੇ ਮੁਕਤੀ ਮਾਰਗ ਦਾ ਵਾਧਾ ਕਰਨ ਦੇ ਮਾਮਲੇ ਵਿਚ ਹੇ ਗੌਤਮ ਤੂੰ ਕੁਝ ਸਮੇਂ ਲਈ ਵੀ ਗਫਲਤ ਨਾ ਕਰ''।36।

ਸਰਵੱਗ (ਸਭ ਕੁਝ ਜਾਨਣ ਵਾਲਾ) ਪ੍ਰਭੂ ਦਾ ਫੁਰਮਾਇਆ ਹੋਇਆ ਅਰਥ ਤੇ ਪਦਾਂ ਨਾਲ ਸੋਸ਼ੋਭਿਤ ਭਾਸ਼ਨ ਸੁਣ ਕੇ ਸ੍ਰੀ ਗੌਤਮ ਸਵਾਮੀ ਰਾਗ ਦਵੇਸ਼ ਦਾ ਨਾਸ਼ ਕਰਕੇ ਸਿੱਧ ਪਦ (ਮੁਕਤੀ) ਨੂੰ ਪ੍ਰਾਪਤ ਹੋਏ।36।

"ਅਜਿਹਾ ਮੈਂ ਆਖਦਾ ਹਾਂ।"

## ਟਿੱਪਣੀਆਂ

ਗਾਥਾ 5

ਜੈਨ ਦਰਸ਼ਨ ਵਿਚ ਸੰਖਿਆ ਦੇ ਤਿੰਨ ਭੇਦ ਹਨ : (1) ਸੰਖਿਆ (ਗਿਣਤੀ ਵਿਚ ਆਉਣ ਵਾਲਾ ਸੰਖਿਆ (2) ਅਸੰਖਿਆ (ਜੋ ਗਿਣਤੀ ਦੀ ਹੱਦ ਤੋਂ ਬਹਾਰ ਹੋਵੇ, ਜਿਵੇਂ ਦਰਖਤ ਤੇ ਪੱਤੇ) ਅਨੰਤ ਮਿੱਟੀ ਦੇ ਕਣ।

ਗਾਥਾ 27

ਚਰਕ ਸੰਘਤਾ (39/68) ਅਨੁਸਾਰ ਅਰਤਿ ਤੋਂ ਭਾਵ ਪਿੱਤ-ਰੋਗ ਹੈ

ਗਾਥਾ 28 ਤੁਲਨਾ ਕਰੋ :

ਧੱਮ ਪਦ 20/13

ਗਾਥਾ 35

ਕਲੇਵਰ ਦਾ ਅਰਥ ਸਰੀਰ ਹੈ। ਮੁਕਤ ਆਤਮਾ ਅਕਲੇਵਰ (ਸਰੀਰ ਰਹਿਤ) ਹੁੰਦੀ ਹੈ।

ਅਕਲੇਵਰ ਸ਼ਰੇਣੀ ਪ੍ਰਾਪਤੀ ਨੂੰ ਸ਼ਪਕ ਸ੍ਰੇਣੀ (क्षपक श्रेणी) ਆਖਦੇ ਹਨ। ਸ਼ਪਕ ਤੋਂ ਭਾਵ ਕਰਮ ਦੀ ਜੜ ਖ਼ਤਮ ਕਰਨ ਵਾਲੀ ਆਤਮਿਕ ਸਿੱਧੀ ਦੀ ਵਿਚਾਰ ਧਾਰਾ। (ਵਿਸ਼ੇਸ਼ ਵਰਨਣ 29ਵੇਂ ਅਧਿਐਨ ਦੇ ਸ਼ੁਰੂ ਵਿਚ ਗੁਣ ਸਥਾਨ ਸਿਰਲੇਖ ਹੇਠ ਵੇਖੋ)

# 11

# ਬਹੁ-ਸ਼ਰੁਤ ਪੂਜਾ ਅਧਿਐਨ

ਇਹ ਅਧਿਐਨ ਸਾਨੂੰ ਨੈਤਿਕਤਾ ਦੀ ਸਿੱਖਿਆ ਦਿੰਦਾ ਹੈ। ਇਸ ਅਧਿਐਨ ਵਿਚ ਵਿਨੈਵਾਨ ਮਨੁੱਖ ਦੇ ਲੱਛਣ ਦੱਸੇ ਗਏ ਹਨ, ਅਤੇ ਵਿਨੈ ਰਹਿਤ ਆਦਮੀ ਦੇ ਦੋਸ਼ ਵੀ ਆਖੇ ਗਏ ਹਨ। ਇਸ ਅਧਿਐਨ ਵਿਚ ਦੱਸਿਆ ਗਿਆ ਹੈ ਕਿ ਸਿੱਖਿਆ ਪ੍ਰਾਪਤ ਕਿਵੇਂ ਹੋ ਸਕਦੀ ਹੈ ? ਸਿੱਖਿਆ ਨਾ ਪ੍ਰਾਪਤ ਹੋਣ ਦਾ ਕੀ ਕਾਰਨ ਹੈ ?

ਇਸ ਅਧਿਐਨ ਵਿਚ ਸ਼ਾਸਤਰਾਂ ਦੇ ਜਾਣਕਾਰ ਗਿਆਨੀ ਸਾਧੂ ਦੇ ਲੱਛਣ ਦੱਸੇ ਗਏ ਹਨ। ਇਸ ਸਬੰਧ ਵਿਚ ਕਈ ਸੁੰਦਰ ਉਦਾਹਰਣਾਂ ਤੋਂ ਵੀ ਕੰਮ ਲਿਆ ਗਿਆ ਹੈ।

# ਗਿਆਰ੍ਹਵਾਂ ਅਧਿਐਨ

ਹੇ ਸ਼ਿੱਸ਼ ! ਜੋ ਸੰਜੋਗ (ਮੇਲ ਮਿਲਾਪ) ਤੋਂ ਮੁਕਤ ਅਨਗਾਰ (ਘਰ ਰਹਿਤ) ਭਿਕਸ਼ੂ ਦੇ ਆਚਾਰ (ਧਰਮ) ਨੂੰ ਪ੍ਰਗਟ ਕਰਦਾ ਹਾਂ ਹੁਣ ਤੂੰ ਮੇਰੇ ਪਾਸੋਂ ਸਿਲਸਿਲੇਵਾਰ ਸੁਣ।1।

ਜੋ ਵਿੱਦਿਆ ਰਹਿਤ ਹੈ, ਜਾਂ ਅਨਪੜ੍ਹ ਹੈ, ਪਰ ਅਭਿਮਾਨੀ ਹੈ, ਵਿਸ਼ੈ ਵਿਕਾਰਾਂ ਸਹਿਤ, ਜੀਭ ਦੇ ਸੁਆਦਾਂ ਤੇ ਕਾਬੂ ਪਾਉਣ ਵਾਲਾ, ਇੰਦਰੀਆਂ ਤੇ ਕਾਬੂ ਨਾ ਕਰਨ ਵਾਲਾ, ਅਵਿਨੈ (ਕਰੋਧੀ) ਬਿਨਾਂ ਵਿਚਾਰੇ ਬੋਲਣ ਵਾਲਾ, ਉਹ ਅਬਹੁ-ਸ਼ਰੁਤ (ਅਗਿਆਨੀ) ਹੈ।2।

ਪੰਜ ਕਾਰਨਾਂ ਕਰਕੇ ਮਨੁੱਖ ਨੂੰ ਸਿੱਖਿਆ ਮਿਲਦੀ ਹੈ (1) ਮਾਣ ਕਰਨ ਵਾਲਾ (2) ਕਰੋਧ ਕਰਨ ਵਾਲਾ (3) ਗਫਲਤ ਕਰਨ ਵਾਲਾ (4) ਰੋਗੀ (5) ਆਲਸੀ, ਇਹ ਜੀਵ ਸਿੱਖਿਆ ਦੇ ਅਯੋਗ ਹਨ।3।

ਅੱਠ ਕਾਰਨਾਂ ਕਰਕੇ ਜੀਵ ਸਿੱਖਿਆ ਦੇ ਯੋਗ ਆਖਿਆ ਜਾਂਦਾ ਹੈ - (1) ਜ਼ਿਆਦਾ ਨਾ ਹੱਸਣ ਵਾਲਾ (2) ਇੰਦਰੀਆਂ ਤੇ ਕਾਬੂ ਰੱਖਣ ਵਾਲਾ (3) ਭੈੜੇ ਤੇ ਦਿਲ ਦੁਖਾਉਣ ਵਾਲੇ ਵਾਕ ਨਾ ਬੋਲਣ ਵਾਲਾ (4) ਸ਼ੁੱਧ ਆਚਾਰ ਵਾਲਾ (5) ਚੰਗੇ ਚਰਿੱਤਰ ਵਾਲਾ (6) ਭੋਜਨ ਦੇ ਲੋਭ ਤੋਂ ਰਹਿਤ (7) ਕਰੋਧ ਰਹਿਤ (8) ਸੱਚ ਦਾ ਪ੍ਰੇਮੀ ਹੀ ਸਿੱਖਿਆ ਪ੍ਰਾਪਤ ਕਰਨ ਦਾ ਹੱਕਦਾਰ ਹੈ।4-5।

ਇਹਨਾਂ 14 ਕਾਰਨਾਂ ਕਰਕੇ ਸੰਜਮੀ ਸਾਧੂ ਅਵਿਨੀਤ (ਨਿਮਰਤਾ, ਅਨੁਸ਼ਾਸਨ ਤੇ ਚਰਿੱਤਰ ਰਹਿਤ) ਆਖਿਆ ਜਾਂਦਾ ਹੈ। ਉਹ ਮੁਕਤੀ (ਨਿਰਵਾਨ) ਪ੍ਰਾਪਤ ਨਹੀਂ ਕਰ ਸਕਦਾ।6।

(1) ਮੁੜ ਮੁੜ ਗੁੱਸਾ ਕਰਨ ਵਾਲਾ (2) ਕਰੋਧ ਵਾਲੀ ਹਾਲਤ ਪੈਦਾ ਕਰਨ ਵਾਲਾ (3) ਦੋਸਤੀ ਨੂੰ ਛੱਡਣ ਵਾਲਾ (4) ਸ਼ਾਸਤਰਾਂ ਦਾ ਗਿਆਨ

ਪ੍ਰਾਪਤ ਕਰਦੇ ਹੰਕਾਰ ਕਰਨ ਵਾਲਾ।7।

(5) ਕਿਸੇ ਪ੍ਰਕਾਰ ਦੀ ਗਿਰਵਟ ਕਾਰਨ ਗੁਰੂ ਨੂੰ ਛੱਡਣ ਵਾਲਾ (6) ਦੋਸਤਾਂ ਤੇ ਗੁੱਸਾ ਕਰਨ ਵਾਲਾ (7) ਆਪਣੇ ਪਿਆਰੇ ਮਿੱਤਰ ਦੀ ਪਿੱਠ ਪਿੱਛੇ ਚੁਗਲੀ ਕਰਨ ਵਾਲਾ।8।

(8) ਰਿਸ਼ਤੇ ਤੋੜਨ ਵਾਲੇ ਭੈੜੇ ਵਾਕ ਬੋਲਣ ਵਾਲਾ (9) ਧਰੋਹੀ (10) ਅਭਿਮਾਨੀ (11) ਜੀਭ ਦੇ ਰਸਾਂ ਵਿਚ ਰੁੱਚੀ ਲੈਣ ਵਾਲਾ (12) ਇੰਦਰੀਆਂ ਨੂੰ ਵਸ ਵਿਚ ਨਾ ਕਰਨ ਵਾਲਾ (13) ਅਸੰਵਿਭਾਗੀ (ਵੰਡ ਕੇ ਖਾਣ ਵਾਲਾ) (14) ਵੈਰ ਭਾਵ ਰੱਖਣ ਵਾਲਾ, ਅਵਿਨੀਤ ਅਖਵਾਉਂਦਾ ਹੈ।9।

ਇਹਨਾਂ ਪੰਦਰਾਂ ਗੁਣਾਂ ਵਾਲਾ ਵਿਨੀਤ ਆਗਿਆਕਾਰੀ ਅਖਵਾਉਂਦਾ ਹੈ। (1) ਨਿਮਰਤਾ ਰੱਖਣ ਵਾਲਾ (2) ਉਤਾਵਲਾ ਨਾ ਹੋਣ ਵਾਲਾ (3) ਜੋ ਮਾਇਆ ਅਤੇ ਧੋਖੇ ਤੋਂ ਰਹਿਤ ਹੋਵੇ (4) ਸ਼ੋਰ ਸ਼ਰਾਬਾ ਰਹਿਤ ਹੋਏ ਅਰਥਾਤ ਸ਼ੋਰ ਸ਼ਰਾਬਾ ਨਾ ਕਰਦਾ ਹੋਵੇ।10।

(5) ਕਿਸੇ ਦੀ ਨਿੰਦਾ ਨਾ ਕਰਨ ਵਾਲਾ (6) ਕਰੋਧ ਦਾ ਵਾਤਾਵਰਣ ਲੰਬੇ ਸਮੇਂ ਤੱਕ ਨਾ ਬਨਾਉਣ ਵਾਲਾ (7) ਦੋਸਤੀ ਨਿਭਾਉਣ ਵਾਲਾ (8) ਗਿਆਨ ਪੜ੍ਹ ਕੇ ਅਹੰਕਾਰ ਨਾ ਕਰਨ ਵਾਲਾ।11।

(9) ਗਿਰਾਵਟ ਆਉਣ ਤੇ ਵੀ ਦੂਸਰੇ ਦਾ ਅਪਮਾਨ ਨਾ ਕਰਨ ਵਾਲਾ (10) ਦੋਸਤਾਂ ਤੇ ਗੁੱਸਾ ਨਾ ਕਰਨ ਵਾਲਾ (11) ਭੈੜੇ ਮਿੱਤਰਾਂ ਦਾ ਉਹਨਾਂ ਦੀ ਗੈਰ-ਹਾਜ਼ਰੀ ਵਿਚ ਵੀ ਭਲਾ ਕਰਨ ਵਾਲਾ। (12) ਇੰਦਰੀਆਂ ਨੂੰ ਵੱਸ ਵਿਚ ਕਰਨ ਵਾਲਾ (13) ਕਲੇਸ਼ ਤੇ ਹਿੰਸਾ ਨੂੰ ਰੋਕਣ ਵਾਲਾ (14) ਚੰਗੇ ਖਾਨਦਾਨ ਵਾਲਾ (15) ਇੱਧਰ ਉੱਧਰ ਦੀਆਂ ਬੇਅਰਥ ਗੱਲਾਂ ਨਾ ਕਰਨ ਵਾਲਾ।12-13।

ਸਦਾ ਗੁਰੂ ਦੀ ਸੰਗਤ ਵਿਚ ਰਹਿਣ ਵਾਲਾ, ਸਮਾਧੀ ਭਾਵ ਵਿਚ ਰਹਿਣ ਵਾਲਾ, ਉਪਧਾਨ ਤੱਪ ਕਰਨ ਵਾਲਾ, ਪਿਆਰ ਕਰਨ ਵਾਲਾ ਤੇ ਪਿਆਰੀ ਬੋਲੀ ਬੋਲਣ ਵਾਲਾ ਹੀ ਸਿੱਖਿਆ ਪ੍ਰਾਪਤ ਕਰਨ ਦੇ ਯੋਗ ਹੈ।14।

ਜਿਵੇਂ ਸ਼ੰਖ ਵਿਚ ਪਾਇਆ ਦੁੱਧ ਦੋ ਪ੍ਰਕਾਰ ਨਾਲ ਸ਼ੋਭਾ ਪਾਉਂਦਾ ਹੈ ਉਸੇ ਪ੍ਰਕਾਰ ਸ਼ਾਸਤਰਾਂ ਦੇ ਜਾਣਕਾਰ ਸਾਧੂ ਵਿਚ ਧਰਮ, ਕੀਰਤੀ ਤੇ ਆਗਮ ਗਿਆਨ ਸ਼ੋਭਾ ਪਾਉਂਦਾ ਹੈ।15।

ਜਿਵੇਂ ਕੰਬੋਜ਼ ਦੇਸ਼ ਦੇ ਘੋੜੇ ਵਿਚ ਗੁਣਾਂ ਵਾਲਾ ਕੰਥਕ ਘੋੜਾ ਮੁੱਖ ਹੁੰਦਾ ਹੈ ਅਤੇ ਚਾਲ ਵਿਚ ਹਠੋ(`ਸ਼ਿਆਰ ਹੁੰਦਾ ਹੈ। ਉਸੇ ਪ੍ਰਕਾਰ ਸ਼ਾਸਤ ਦੇ ਜਾਣਕਾਰ ਸਾਧੂ ਗਿਆਨੀਆਂ ਵਿਚ ਪ੍ਰਮੁੱਖ ਹੁੰਦਾ ਹੈ।16।

ਜਿਸ ਪ੍ਰਕਾਰ ਉੱਤਮ ਘੋੜੇ ਤੇ ਚੜਿਆ ਹੋਇਆ ਬਹਾਦਰ ਸਿਪਾਹੀ ਦੋਹੇ ਤਰਫ ਹੋਣ ਵਾਲੇ ਵਿਜੈ ਦੇ ਘੋਸ਼ ਨਾਅਰੇ ਨਾਲ ਸ਼ੋਭਾ ਪਾਉਂਦਾ ਹੈ, ਉਸੇ ਪ੍ਰਕਾਰ ਸ਼ਾਸਤਰਾਂ ਦੇ ਜਾਣਕਾਰ ਸਾਧੂ ਵਿਚ ਧਰਮ, ਕੀਰਤੀ ਤੇ ਗਿਆਨ ਸ਼ੋਭਾ ਪਾਉਂਦੇ ਹਨ।17।

ਜਿਸ ਤਰ੍ਹਾਂ ਹਥਨੀਆਂ ਨਾਲ ਘਿਰਿਆ ਹੋਇਆ ਸੱਠ ਸਾਲ ਦਾ ਹਾਥੀ ਕਿਸੇ ਤੋਂ ਨਹੀਂ ਹਾਰਦਾ ਉਸੇ ਪ੍ਰਕਾਰ ਸ਼ਾਸਤਰਾਂ ਦੇ ਜਾਣਕਾਰ ਸਾਧੂ ਦਾ ਗਿਆਨ ਕਿਸੇ ਤੋਂ ਨਹੀਂ ਹਾਰਦਾ।18।

ਜਿਸ ਪ੍ਰਕਾਰ ਤਿੱਖੇ ਸਿੰਗਾਂ ਵਾਲਾ ਅਤੇ ਬਲਵਾਨ ਪਿੱਠ ਵਾਲਾ ਬੈਲ ਆਪਣੇ ਝੁੰਡ ਦਾ ਮੁਖੀਆ ਹੋ ਕੇ ਸ਼ੋਭਾ ਪਾਉਂਦਾ ਹੈ ਉਸੇ ਪ੍ਰਕਾਰ ਸ਼ਾਸਤਰਾਂ ਦਾ ਜਾਣਕਾਰ ਸਾਧੂ ਗਿਆਨ ਵਿਚ ਸ਼ੋਭਾ ਪਾਉਂਦਾ ਹੈ।19।

ਜਿਸ ਪ੍ਰਕਾਰ ਤਿੱਖੀ ਦਾੜ੍ਹ ਵਾਲਾ ਅਤੇ ਕਿਸੇ ਤੋਂ ਵੀ ਨਾ ਡਰਨ ਵਾਲਾ ਜ਼ਬਰਦਸਤ ਸ਼ੇਰ ਮਿਰਗਾਂ ਵਿਚੋਂ ਸਰੇਸ਼ਠ ਹੁੰਦਾ ਹੈ। ਉਸੇ ਪ੍ਰਕਾਰ

ਸ਼ਾਸਤਰਾਂ ਦਾ ਜਾਣਕਾਰ ਸਾਧੂ ਗਿਆਨ ਵਿਚ ਸ਼ੋਭਾ ਪਾਉਂਦਾ ਹੈ।20।

ਜਿਸ ਪ੍ਰਕਾਰ ਸੰਖ, ਚੱਕਰ ਅਤੇ ਗਦਾ ਨੂੰ ਧਾਰਨ ਕਰਨ ਵਾਲਾ ਵਾਸਦੇਵ (ਇਕ ਰਾਜੇ ਦੀ ਕਿਸਮ) ਬਲਵਾਨ ਯੋਧਾ ਹੈ। ਉਸੇ ਪ੍ਰਕਾਰ ਸ਼ਾਸਤਰਾਂ ਦੇ ਜਾਣਕਾਰ ਸਾਧੂ ਗਿਆਨ ਵਿਚ ਸ਼ੋਭਾ ਪਾਉਂਦਾ ਹੈ।21।

ਜਿਵੇਂ ਮਹਾਨੀ ਰਿੱਧੀਆਂ ਵਾਲਾ, ਚਤੁਰਤਾ ਵਾਲਾ ਚੱਕਰਵਰਤੀ 14 ਰਤਨਾਂ ਦਾ ਸਵਾਮੀ ਹੁੰਦਾ ਹੈ, ਉਸੇ ਪ੍ਰਕਾਰ ਗਿਆਨੀ 14 ਪੂਰਬ ਵਿਦਿਆ ਦਾ ਧਨੀ ਹੁੰਦਾ ਹੈ।22।

ਜਿਸ ਪ੍ਰਕਾਰ ਹਜ਼ਾਰਾਂ ਅੱਖਾਂ ਵਾਲਾ ਬਜ਼ਰਪਾਣੀ ਪੁਰੰਦਰ ਸਕਰਦੇਵ (ਇੰਦਰਪੁਰੀ ਦਾ ਮਾਲਕ) ਦੇਵਤਿਆਂ ਦਾ ਮੁੱਖੀ ਇੰਦਰ ਸ਼ੋਭਾ ਪਾਉਂਦਾ ਹੈ, ਉਸੇ ਪ੍ਰਕਾਰ ਸ਼ਾਸਤਰਾਂ ਦੇ ਜਾਣਕਾਰ ਵਿਚ ਸਾਧੂ ਗਿਆਨ ਵਿਚ ਸ਼ੋਭਾ ਪਾਉਂਦਾ ਹੈ।23।

ਜਿਸ ਤਰ੍ਹਾਂ ਹਨ੍ਹੇਰੇ ਦੇ ਨਾਸ਼ ਕਰਨ ਵਾਲਾ ਉੱਗਿਆ ਹੋਇਆ ਸੂਰਜ ਆਪਣੇ ਪ੍ਰਕਾਸ਼ ਨਾਲ ਸ਼ੋਭਾ ਪਾਉਂਦਾ ਹੈ। ਉਸੇ ਪ੍ਰਕਾਰ ਸ਼ਾਸਤਰਾਂ ਦਾ ਜਾਣਕਾਰ ਸਾਧੂ ਤਪ, ਤੇਜ਼ ਤੇ ਗਿਆਨ ਵਿਚ ਸ਼ੋਭਾ ਪਾਉਂਦਾ ਹੈ।24।

ਜਿਸ ਪ੍ਰਕਾਰ ਨਛੱਤਰ (ਤਾਰਿਆਂ) ਦਾ ਸਵਾਮੀ ਚੰਦਰਮਾ, ਨੱਛਤਰਾਂ ਨਾਲ ਘਿਰਿਆ ਹੋਇਆ ਪੂਰਣਮਾਸ਼ੀ ਨੂੰ ਪੂਰੀ ਤਰ੍ਹਾਂ ਸ਼ੋਭਾ ਪਾਉਂਦਾ ਹੈ। ਉਸੇ ਪ੍ਰਕਾਰ ਸ਼ਾਸਤਰਾਂ ਦਾ ਜਾਣਕਾਰ ਸਾਧੂ ਗਿਆਨ ਵਿਚ ਸ਼ੋਭਾ ਪਾਉਂਦਾ ਹੈ।25।

ਜਿਵੇਂ ਪੇਂਡੂ ਲੋਕਾਂ ਦੇ ਅਨਾਜ ਸੰਗ੍ਰਹਿ ਕਰਨ ਵਾਲਿਆਂ ਦੇ ਅਨਾਜ ਦੇ ਕੋਠੇ ਸੁਰੱਖਿਅਤ ਰਹਿੰਦੇ ਹਨ। ਉਸੇ ਪ੍ਰਕਾਰ ਸ਼ਾਸਤਰਾਂ ਦਾ ਜਾਣਕਾਰ ਸਾਧੂ ਗਿਆਨ ਵਿਚ ਸੁਰੱਖਿਅਤ ਰਹਿੰਦਾ ਹੈ।26।

ਜਿਸ ਪ੍ਰਕਾਰ ਸੁਦਰਸ਼ਨ ਨਾਮਕ ਜੰਬੂ (ਜਾਮਨ) ਦਾ ਦਰਖਤ

ਸਰੇਸ਼ਟ ਹੈ, ਉਸੇ ਪ੍ਰਕਾਰ ਸ਼ਾਸਤਰਾਂ ਦਾ ਜਾਣਕਾਰ ਸਾਧੂ ਵੀ ਸਭ ਤੋਂ ਸਰੇਸ਼ਟ ਹੈ।27।

ਜਿਸ ਪ੍ਰਕਾਰ ਨੀਲਬੰਤ ਪਰਬਤ ਤੋਂ ਨਿਕਲ ਕੇ ਸਮੁੰਦਰ ਵਿਚ ਮਿਲਣ ਵਾਲੀ ਸੀਤਾ ਨਦੀ ਸਰੇਸ਼ਟ ਹੈ ਉਸੇ ਪ੍ਰਕਾਰ ਸ਼ਾਸਤਰਾਂ ਦਾ ਜਾਣਕਾਰ ਸਰੇਸ਼ਟ ਹੈ।28।

ਜਿਸ ਪ੍ਰਕਾਰ ਸਾਰੇ ਪਰਬਤਾਂ ਤੋਂ ਬਹੁਤ ਉੱਚਾ ਅਤੇ ਭਿੰਨ ਭਿੰਨ ਪ੍ਰਕਾਰ ਦੀਆਂ ਦਵਾਈਆਂ ਨਾਲ ਉਜਾਗਰ ਸਮੇਰੂ ਪਰਬਤ ਸਰੇਸ਼ਟ ਹੈ। ਉਸੇ ਪ੍ਰਕਾਰ ਸ਼ਾਸਤਰਾਂ ਦਾ ਜਾਣਕਾਰ ਸਾਧੂ ਸਰੇਸ਼ਟ ਹੈ।29।

ਜਿਸ ਪ੍ਰਕਾਰ ਆਪਣੀ ਇੱਛਾ ਨਾਲ ਜ਼ਮੀਨ ਤੇ ਰਹਿਣ ਵਾਲਾ ਸਵੰਯਭੂਰਮਨ ਸਮੁੰਦਰ ਬੇਅੰਤ ਪਾਣੀ ਅਤੇ ਭਿੰਨ ਭਿੰਨ ਪ੍ਰਕਾਰ ਦੇ ਰਤਨਾਂ ਨਾਲ ਭਰਿਆ ਹੋਇਆ ਹੈ ਤੇ ਸਰੇਸ਼ਟ ਹੈ ਉਸੇ ਪ੍ਰਕਾਰ ਸ਼ਾਸਤਰਾਂ ਦਾ ਜਾਣਕਾਰ ਸਾਧੂ ਸਰੇਸ਼ਟ ਹੈ।30।

ਸ਼ਾਸਤਰਾਂ ਦੇ ਜਾਣਕਾ, ਸਮੁੰਦਰ ਦੀ ਤਰ੍ਹਾਂ ਗੰਭੀਰ, ਅਜਿੱਤ, ਡਰ ਤੋਂ ਮੁਕਤ, ਕਿਸੇ ਤੋਂ ਨਾ ਦਬਣ ਵਾਲੇ, ਬੇਹੱਦ ਗਿਆਨ ਸੰਪੂਰਨ ਅਤੇ 6 ਕਾਈਆਂ ਦੇ ਰੱਖਿਅਕ, ਕਰਮਾਂ ਦਾ ਖਾਤਮਾ ਕਰਕੇ ਮੁਕਤੀ ਪ੍ਰਾਪਤ ਕਰਨ ਵਾਲੇ ਹੁੰਦੇ ਹਨ।31।

ਇਸ ਲਈ ਮੁਕਤੀ ਦੀ ਭਾਲ ਕਰਨ ਵਾਲਾ ਸਾਧੂ ਉਸ ਗਿਆਨ ਨੂੰ ਪੜ੍ਹੇ, ਜੋ ਆਪਣੀ ਤੇ ਦੂਸਰੇ ਦੀ ਆਤਮਾ ਨੂੰ ਮੁਕਤੀ ਵਿਚ ਪਹੁੰਚਾਉਣ ਵਾਲਾ ਹੈ।32।

ਇਸ ਪ੍ਰਕਾਰ ਮੈਂ ਆਖਦਾ ਹਾਂ।

# ਟਿੱਪਣੀਆਂ

ਗਾਥਾ 14

ਅੰਗ-ਉਪੰਗ ਪੜ੍ਹਨ ਲਈ ਪਹਿਲਾਂ ਕੀਤੇ ਜਾਣ ਵਾਲੇ ਤਪ ਨੂੰ ਉਪਾਦਾਨ ਤਪ ਕਹਿੰਦੇ ਹਨ।

ਗਾਥਾ 21

ਬ੍ਰਹਦ ਵਿਰਤੀ ਅਨੁਸਾਰ ਵਾਸਦੇਵ ਦੇ ਸੰਖ ਦਾ ਨਾਉਂ ਪਾਂਚਜਨੀਆਂ, ਚੱਕਰ ਦਾ ਨਾਉਂ ਸੁਦਰਸ਼ਨ ਅਤੇ ਗੱਦਾ ਦਾ ਨਾਉਂ ਮੋਦੋਕੀ ਹੈ।

ਗਾਥਾ 22

ਜਿਸ ਰਾਜ ਦੇ ਉੱਤਰ ਵੱਲ ਹਿਮਾਲਿਆ ਪਰਬਤ ਅਤੇ ਬਾਕੀ ਤਿੰਨ ਹਿੱਸੇ ਸਮੁੰਦਰ ਹੈ ਉਸਨੂੰ ਚਾਤੁਰੰਭ ਆਖਦੇ ਹਨ। ਚੱਕਰਵਰਤੀ ਦੇ 14 ਰਤਨ ਇਸ ਪ੍ਰਕਾਰ ਹਨ :

(1) ਸੈਨਾਪਤੀ (2) ਗਾਥਾਪਤੀ (3) ਪਰੋਹਿਤ (4) ਹਾਥੀ (5) ਘੋੜਾ (6) ਤਰਖਾਨ (7) ਇਸਤਰੀ (8) ਚੱਕਰ (9) ਛੱਤਰ (10) ਚਰਮ (11 ਮਨੀ (12) ਜਿਸ ਨਾਲ ਪਰਬਤ ਤੇ ਲੇਖ ਖੋਦਿਆ ਜਾ ਸਕੇ ਉਹ ਕਾਂਕਨੀ (13) ਤਲਵਾਰ (14) ਦੰਡ

ਗਾਥਾ 23

ਇੰਦਰ ਨੂੰ ਹਜ਼ਾਰਾਂ ਅੱਖਾਂ ਵਾਲਾ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇੰਦਰ ਦੇ 500 ਦੇਵਤੇ ਮੰਤਰੀ ਹੁੰਦੇ ਹਨ। ਰਾਜਾ ਹਮੇਸ਼ਾ ਮੰਤਰੀ ਦੀਆਂ ਅੱਖਾਂ ਨਾਲ ਵੇਖਦਾ ਹੈ। ਇਸ ਲਈ ਇੰਦਰ ਨੂੰ ਹਜ਼ਾਰਾਂ ਅੱਖਾਂਵਾਲਾ ਆਖਦੇ ਹਨ। (ਚੂਰਨੀ)

ਚੂਰਨੀ ਵਿਚ ਸਹੱਸਤਰ ਅਕਸ਼ ਦਾ ਇਕ ਅਰਥ ਹੋਰਹੈ। ਜਿਸ ਦਾ ਭਾਵ ਹੈ ਕਿ ਇੰਦਰ ਆਪਣੀਆਂ ਦੋ ਅੱਖਾਂ ਨਾਲ ਏਨਾ ਵੇਖ ਲੈਂਦਾ

ਹੈ, ਜਿੰਨਾ ਹਜ਼ਾਰਾਂ ਅੱਖਾਂ ਨਾਲ ਦਿਖਦਾ ਹੈ।

ਗਾਥਾ 27

ਅਨਾਦਰਿਤ (अनादरित) ਦੇਵ ਜੰਬੂ ਨਾਂ ਦੇ ਦਰਖਤ ਦਾ ਦੇਵਤਾ ਹੈ ਜੋ ਇਸ ਦਰੱਖਤ ਨੂੰ ਸੁਰੱਖਿਆ ਪ੍ਦਾਨ ਕਰਦਾ ਹੈ।

# 12
# ਹਰੀਕੇਸ਼ੀਯਾ ਅਧਿਐਨ

ਪਿਛਲੇ ਜਨਮ ਵਿਚ ਹੰਕਾਰ ਕਾਰਨ ਹਰੀ ਕੇਸ਼ੀ ਚੰਡਾਲ ਕੁਲ ਵਿਚ ਪੈਦਾ ਹੋਇਆ। ਸਾਰੇ ਲੋਕ ਉਸ ਤੋਂ ਘ੍ਰਿਣਾ ਕਰਦੇ ਸਨ। ਬੱਚੇ ਉਸ ਨਾਲ ਖੇਡਦੇ ਨਹੀਂ ਸਨ। ਉਹ ਬਹੁਤ ਦੁਖੀ ਸੀ। ਉਸਨੂੰ ਬਦਸ਼ਕਲ ਹੋਣ ਕਾਰਨ ਹਰ ਪਾਸੇ ਤੋਂ ਅਪਮਾਨ ਮਿਲਦਾ ਸੀ।

ਇਕ ਦਿਨ ਉਹ ਬੱਚਿਆਂ ਨੂੰ ਖੇਡਦੇ ਵੇਖ ਰਿਹਾ ਸੀ ਉਹ ਖੇਡਣਾ ਚਾਹੁੰਦੇ ਹੋਏ ਵੀ ਖੇਡ ਨਾ ਸਕਿਆ। ਉਹ ਸੋਚੀਂ ਪੈ ਗਿਆ। ਅਚਾਨਕ ਇਕ ਸੱਪ ਨਿਕਲਿਆ। ਲੋਕਾਂ ਉਸ ਸੱਪ ਨੂੰ ਮਾਰ ਦਿੱਤਾ। ਪਰ ਜਦੋਂ ਇਕ ਅਲਸਿਆ ਨਿਕਲਿਆ ਤਾਂ ਲੋਕਾਂ ਨੇ ਉਸ ਨੂੰ ਕੁਝ ਨਾ ਕਿਹਾ।

ਇਸ ਘਟਨਾ ਨੇ ਹਰੀਕੇਸ਼ੀ ਦਾ ਜੀਵਨ ਬਦਲ ਦਿੱਤਾ। ਉਸ ਨੇ ਵਿਸ਼ੈ ਵਿਕਾਰਾਂ ਵਿਚ ਫਸੇ ਸੱਪ ਰੂਪੀ ਜੀਵਨ ਦਾ ਤਿਆਗ ਕਰ ਦਿੱਤਾ ਅਤੇ ਜੈਨ ਸਾਧੂ ਬਣ ਗਿਆ। ਉਸ ਨੇ ਤਪੱਸਿਆ ਸ਼ੁਰੂ ਕੀਤੀ। ਉਸਦੀ ਜਾਤ ਉਸਦੇ ਰਾਹ ਵਿਚ ਰੁਕਾਵਟ ਨਾ ਬਣ ਸਕੀ। ਉਸਦਾ ਸਰੀਰ ਤਪੱਸਿਆ ਕਾਰਨ ਸੁੱਕ ਗਿਆ। ਇਕ ਯਕਸ਼ ਉਸਦੀ ਤਪੱਸਿਆ ਤੋਂ ਖੁਸ਼ ਹੋ ਕੇ ਆਪਣੇ ਸਾਥੀ ਯਕਸ਼ਾਂ ਸਮੇਤ ਉਸ ਮੁਨੀ ਦੀ ਸੇਵਾ ਕਰਨ ਲੱਗਾ।

ਇਕ ਵਾਰ ਹਰੀਕੇਸ਼ੀ ਮੁਨੀ ਕੌਸ਼ਲ ਦੇਸ਼ ਦੀ ਰਾਜਧਾਨੀ ਵਾਰਨਸੀ ਪਹੁੰਚੇ। ਉਸ ਦੇਸ਼ ਦੀ ਰਾਜਕੁਮਾਰੀ ਭਦਰਾ ਬੇਹੱਦ ਖੂਬਸੂਰਤ ਸੀ। ਉਹ ਮੰਦਰ ਵਿਚ ਪੂਜਾ ਕਰਨ ਆਈ। ਉਸ ਨੇ ਜਦ ਹਰੀਕੇਸ਼ੀ ਮੁਨੀ ਦੇ ਸਰੀਰ ਵੱਲ ਵੇਖਿਆ ਤਾਂ ਨਫ਼ਰਤ ਨਾਲ ਉਸ ਉੱਪਰ ਥੁੱਕ ਦਿੱਤਾ।

ਇਸ ਘਟਨਾ ਤੇ ਹਰੀਕੇਸ਼ੀ ਦੀ ਸੇਵਾ ਕਰਨ ਵਾਲਾ ਯਕਸ਼ ਬਹੁਤ

ਗੁੱਸੇ ਹੋ ਗਿਆ। ਉਸ ਯਕਸ਼ ਦੇ ਸਰਾਪ ਕਾਰਨ ਰਾਜਕੁਮਾਰੀ ਬਿਮਾਰ ਹੋ ਗਈ। ਲੱਖ ਇਲਾਜ ਕਰਨ ਤੇ ਵੀ ਉਹ ਰਾਜੀ ਨਾ ਹੋਈ।

ਇਕ ਰਾਤ ਸੁਪਨੇ ਵਿਚ ਯਕਸ਼ ਨੇ ਰਾਜੇ ਨੂੰ ਕਿਹਾ, ''ਤੇਰੀ ਪੁੱਤਰ ਤਦ ਹੀ ਰਾਜੀ ਹੋ ਸਕਦੀ ਹੈ ਜੇ ਤੂੰ ਇਸ ਦੀ ਸ਼ਾਦੀ ਮੁਨੀ ਹਰੀਕੇਸ਼ੀ ਨਾਲ ਕਰ ਦੇਵੇਂ।''

ਰਾਜਾ ਸ਼ਾਦੀ ਲਈ ਤਿਆਰ ਹੋ ਗਿਆ। ਪਰ ਹਰੀਕੇਸ਼ੀ ਤਾਂ ਬ੍ਰਹਮਚਾਰੀ ਮੁਨੀ ਸਨ। ਉਨ੍ਹਾਂ ਦੀਆਂ ਇਛਾਵਾਂ ਸ਼ਾਂਤ ਸਨ। ਉਨ੍ਹਾਂ ਸ਼ਾਦੀ ਤੋਂ ਇਨਕਾਰ ਕਰ ਦਿੱਤਾ। ਰਾਜੇ ਨੇ ਸੋਚਿਆ ਬ੍ਰਾਹਮਣ ਵੀ ਤਾਂ ਮੁਨੀ ਹੀ ਹੁੰਦੇ ਹਨ। ਇਹ ਸੋਚ ਕੇ ਉਸਨੇ ਆਪਣੀ ਪੁੱਤਰੀ ਦੀ ਸ਼ਾਦੀ ਬ੍ਰਾਹਮਣ ਰੁਦਰਦੇਵ ਨਾਲ ਕਰ ਦਿੱਤੀ।

ਇਕ ਸਮੇਂ ਇਸ ਸ਼ਾਦੀ ਦੀ ਖੁਸ਼ੀ ਵਿਚ ਯੱਗ ਹੋ ਰਿਹਾ ਸੀ। ਹਰੀ ਕੇਸ਼ੀ ਮੁਨੀ ਭੋਜਨ ਲਈ ਉਥੇ ਆਏ ਤਾਂ ਬ੍ਰਾਹਮਣ ਉਸ ਕਰੂਪ ਮੁਨੀ ਨੂੰ ਮਾਰਨ ਲੱਗੇ। ਉਸ ਸਮੇਂ ਭਦਰਾ ਰਾਜਕੁਮਾਰੀ ਨੇ ਉਨ੍ਹਾਂ ਨੂੰ ਰੋਕਿਆ। ਭੱਦਰਾ ਮੁਨੀ ਦਾ ਤੱਪ ਤੇਜ ਵੇਖ ਚੁੱਕੀ ਸੀ ਅਤੇ ਮੁਨੀ ਦਾ ਅਪਮਾਨ ਦਾ ਫਲ ਵੇਖ ਚੁੱਕੀ ਸੀ। ਮੁਨੀ ਦੀ ਸੇਵਾ ਕਰ ਰਹੇ ਯਕਸ਼ ਨੇ ਬ੍ਰਾਮਮਣਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ।

ਪਰ ਅੰਤ ਵਿਚ ਬ੍ਰਾਹਮਣਾਂ ਨੇ ਖ਼ਿਮਾ ਮੰਗ ਲਈ। ਹਰੀਕੇਸ਼ੀ ਨੇ ਉਨ੍ਹਾਂ ਨੂੰ ਸੱਚੇ ਯੱਗ ਦਾ ਭੇਦ ਦੱਸਿਆ। ਇਸ ਅਧਿਐਣ ਵਿਚ ਹਰੀਕੇਸ਼ੀ ਦੇ ਯੱਗਸ਼ਾਲਾ ਵਿਚ ਜਾਨ ਦਾ ਜ਼ਿਕਰ ਹੈ।

# ਬਾਰ੍ਹਵਾਂ ਅਧਿਐਨ

ਚੰਡਾਲ ਕੁਲ ਵਿਚ ਪੈਦਾ ਹੋ ਕੇ ਉੱਤਮ ਗੁਣਾਂ ਦੇ ਧਾਰਕ ਅਤੇ ਇੰਦਰੀਆਂ ਦੇ ਜੇਤੂ ਇਕ ਹਰੀਕੇਸ਼ੀ ਬਲ ਮੁਨੀ ਸਨ।1।

ਉਹ ਈਰੀਆ (ਦੇਖਭਾਲ ਕਰਕੇ ਚੱਲਣ ਵਾਲੇ) ਭਾਸ਼ਾ (ਵਿਵੇਕ ਨਾਲ ਬੋਲਣ ਵਾਲੇ) ਏਸ਼ਨਾ (ਦੇਖਭਾਲ ਦੇ ਪਾਪ ਰਹਿਤ ਖਾਣਾ, ਕੱਪੜੇ ਤੇ ਬਰਤਨ ਗ੍ਰਹਿਣ ਕਰਨ ਵਾਲੇ) ਅਦਾਨ-ਭਾਂਡ-ਮਾਤਰ-ਨਿਕਸ਼ੇਪਣਾ (ਆਪਣੇ ਨਿੱਤ ਵਰਤੋਂ ਦੀ ਵਸਤਾਂ ਨੂੰ ਸਾਫ ਥਾਂ ਤੇ ਰੱਖਣ ਵਾਲੇ) ਪਰਿਸਥਾਪਨਿਕਾ (ਅਜਿਹੀ ਥਾਂ ਤੇ ਮਲਮੂੱਤਰ ਦਾ ਤਿਆਗ ਕਰਨ ਵਾਲੇ ਜੋ ਜੀਵਾਂ ਤੋਂ ਰਹਿਤ ਆਦਿ ਪੰਜ ਸੰਮਤੀਆਂ ਦੀ ਧਾਰਕ ਹੋਵੇ) ਸਮਿਤੀਆਂ ਦੇ ਧਾਰਕ, ਵਿਵੇਕੀ, ਸੰਜਮੀ ਤੇ ਉੱਚ ਸਮਾਧੀ ਦੇ ਧਨੀ ਸਨ।2।

ਮਨ, ਬਚਨ ਤੇ ਸਰੀਰ ਦੀ ਗੁਪਤੀਆਂ ਵਾਲੇ, ਇੰਦਰੀਆਂ ਦੇ ਜੇਤੂ ਉਹ ਮੁਨੀ ਭਿਖਿਆ ਦੇ ਲਈ ਉਸ ਯੱਗਸ਼ਾਲਾ ਵਿਚ ਆਏ ਜਿੱਥੇ ਬ੍ਰਾਹਮਣ ਯੱਗ ਕਰ ਰਹੇ ਸਨ।3।

ਤਪ ਕਰਨ ਨਾਲ ਉਨ੍ਹਾਂ ਦਾ ਸਰੀਰ ਸੁੱਕ ਗਿਆ ਸੀ। ਜਿਨ੍ਹਾਂ ਦੇ ਉਪਕਰਨ (ਬਰਤਨ ਤੇ ਕੱਪੜੇ) ਟੁੱਟ ਗਏ ਸਨ ਤੇ ਕੱਪੜੇ ਮੈਲੇ ਹੋ ਗਏ ਸਨ। ਅਜਿਹੇ ਮੁਨੀ ਨੂੰ ਆਉਂਦਾ ਵੇਖ ਕੇ ਅਨਾਰਿਆਂ (ਦੁਸ਼ਟਾਂ) ਵਾਂਗ ਉਹ ਬ੍ਰਾਹਮਣ ਉਨ੍ਹਾਂ ਦਾ ਹਾਸਾ ਮਜ਼ਾਕ ਕਰਨ ਲੱਗੇ।4।

ਉਹ (ਬ੍ਰਾਹਮਣ) ਜਾਤ ਦੇ ਹੰਕਾਰ ਵਿਚ, ਘਮੰਡੀ ਬਣੇ ਹੋਏ, ਹਿੰਸਕ, ਇੰਦਰੀਆਂ ਦੇ ਭੋਗਾਂ ਵਿਚ ਫਸੇ ਹੋਏ, ਬ੍ਰਹਮਚਰਜ ਤੋਂ ਰਹਿਤ ਅਤੇ ਅਗਿਆਨੀ ਉਸ ਮੁਨੀ ਨੂੰ ਇਸ ਪ੍ਰਕਾਰ ਆਖਣ ਲੱਗੇ।5।

"ਭੈੜੇ ਰੂਪ ਵਾਲਾ, ਕਾਲੇ ਰੰਗ ਵਾਲਾ, ਭੈੜੀ ਤੇ ਚਪਟੀ ਨੱਕ ਵਾਲਾ, ਵਿਸ਼ਾਲ ਰਾਖਸ਼ ਰੂਪ ਵਾਲਾ, ਇਹ ਕੌਣ ਆ ਰਿਹਾ ਹੈ ? ਜਿਸ

ਦੇ ਗਲ ਵਿਚ ਬੁਰੀ ਤਰ੍ਹਾਂ ਫਟੇ ਤੇ ਗੰਦੇ ਕੱਪੜੇ ਧਾਰਨ ਕੀਤੇ ਹੋਏ ਹਨ''।6।

ਬ੍ਰਾਹਮਣ : ਫਟੇ ਕੱਪੜਿਆਂ ਵਾਲਾ, ਰਾਖਸ਼ (ਪਿਸ਼ਾਚ) ਰੂਪੀ ਭੈੜਾ ਅਜਿਹਾ ਤੂੰ ਕੌਣ ਹੈਂ ? ਇਥੇ ਕਿਉਂ ਆਇਆ ਹੈ ? ਨਿਕਲ ਜਾ ਇੱਥੋਂ ?।7।

ਉਸ ਸਮੇਂ ਤਿੰਦੂਕ ਦਰਖ਼ਤ ਤੇ ਰਹਿਣ ਵਾਲਾ, ਉਸ ਮੁਨੀ ਪ੍ਰਤੀ ਦਇਆ ਰੱਖਣ ਵਾਲਾ ਇਕ ਯਕਸ਼ (ਦੇਵਤਾ) ਆਪਣੇ ਸਰੀਰ ਨੂੰ ਮੁਨੀ ਦੇ ਸਰੀਰ ਵਿਚ ਛੁਪਾ ਕੇ ਇਸ ਪ੍ਰਕਾਰ ਆਖਣ ਲੱਗਾ।8।

''ਮੈਂ ਸ੍ਰਮਣ (ਜੈਨ ਸਾਧੂ), ਸੰਜਮੀ ਤੇ ਬ੍ਰਹਮਚਾਰੀ ਹਾਂ, ਧਨ ਦੇ ਰੱਖਣ ਤੇ ਰਖਾਉਣ ਤੋਂ ਮੁਕਤ ਹਾਂ। ਇਸ ਭੋਜਨ ਸਮੇਂ ਮੈਂ ਦੂਸਰਿਆਂ ਲਈ ਬਣਾਏ ਗਏ ਭੋਜਨ ਵਿਚੋਂ ਕੁਝ ਮੰਗਣ ਆਇਆ ਹਾਂ।''9।

''ਇੱਥੇ ਬਹੁਤ ਸਾਰਾ ਅੰਨ ਵੰਡਿਆ ਜਾ ਰਿਹਾ ਹੈ। ਖਾਇਆ ਤੇ ਵਰਤਾਇਆ ਜਾ ਰਿਹਾ ਹੈ। ਆਪ ਜਾਣਦੇ ਹੋ ਕਿ ਮੈਂ ਭਿਖਿਆ ਰਾਹੀਂ ਹੀ ਗੁਜ਼ਾਰਾ ਕਰਦਾ ਹਾਂ, ਇਸ ਲਈ ਮੈਨੂੰ ਤਪਸਵੀ ਨੂੰ ਭੋਜਨ ਦੇ ਕੇ ਲਾਭ ਪ੍ਰਾਪਤ ਕਰੋ''।10।

ਬ੍ਰਾਹਮਣ ਰੁਦਰ ਦੇਵ - ''ਉਤਮ ਪ੍ਰਕਾਰ ਦਾ ਇਹ ਅੰਨ ਬ੍ਰਾਹਮਣਾਂ ਦੇ ਲਈ ਹੈ। ਇਸ ਲਈ ਇਸ ਪ੍ਰਕਾਰ ਦਾ ਅੰਨ ਅਸੀਂ ਤੈਨੂੰ ਨਹੀਂ ਦੇਵਾਂਗੇ। ਤੂੰ ਇੱਥੇ ਕਿਉਂ ਖੜ੍ਹਾ ਹੈਂ ?''।11।

ਯਕਸ਼ - ''ਜਿਸ ਪ੍ਰਕਾਰ ਫਸਲ ਦੀ ਆਸ ਨਾਲ ਕਿਸਾਨ ਲੋਕ ਉੱਚੀ ਤੇ ਨੀਵੀਂ ਜ਼ਮੀਨ ਵਿਚ ਖੇਤੀ ਕਰਦੇ ਹਨ। ਉਸੇ ਪ੍ਰਕਾਰ ਆਪ ਵੀ ਮੈਨੂੰ ਭਿਕਸ਼ਾ ਦੇਵੋ, ਆਪ ਨੂੰ ਬਹੁਤ ਪੁੰਨ ਪ੍ਰਾਪਤ ਹੋਵੇਗਾ। ਮੈਂ ਵੀ ਪੁੰਨ ਦਾ ਖੇਤਰ ਹਾਂ, ਮੇਰੀ ਵੀ ਅਰਾਧਨਾ ਕਰੋ''।12।

ਬ੍ਰਾਹਮਣ -''ਸੰਸਾਰ ਵਿਚ ਜੋ ਧਨ ਦੇ ਖੇਤਰ ਹਨ, ਉਨ੍ਹਾਂ ਨੂੰ ਅਸੀਂ ਜਾਣਦੇ ਹਾਂ। ਜੋ ਜਾਤੀ ਤੇ ਵਿੱਦਿਆ ਨਾਲ ਭਰਪੂਰ ਬ੍ਰਾਹਮਣ ਹਨ ਉਹ ਹੀ ਉੱਤਮ ਖੇਤਰ ਹਨ।13।

ਯੱਕਸ਼ - ''ਜਿਨ੍ਹਾਂ ਵਿਚ ਕਰੋਧ, ਮਾਨ, ਹਿੰਸਾ, ਝੂਠ, ਚੋਰੀ ਤੇ ਸੰਗ੍ਰਹਿ ਵਿਰਤੀ ਹੈ ਉਹ ਬ੍ਰਾਹਮਣ ਜਾਤੀ ਅਤੇ ਵਿੱਦਿਆ ਤੋਂ ਹੀਨ ਹਨ। ਅਜਿਹੇ ਖੇਤਰ ਨਿਸ਼ਚੈ ਹੀ ਪਾਪਕਾਰੀ ਹਨ। ਅਰਥਾਤ ਦੋਸ਼ੀ ਬ੍ਰਾਹਮਣ ਦਾਨ ਲੈਣ ਦੇ ਹੱਕਦਾਰ ਨਹੀਂ।''।14।

ਹੇ ਬ੍ਰਾਹਮਣ ! ਤੁਸੀਂ ਵੇਦਾਂ ਦੇ ਸ਼ਬਦਾਂ ਦੇ ਭਾਰ ਹੇਠ ਦੱਬ ਗਏ ਹੋ। ਤੁਸੀਂ ਵੇਦ ਪੜ੍ਹ ਕੇ ਵੀ ਉਨ੍ਹਾਂ ਦਾ ਅਰਥ ਨਹੀਂ ਜਾਣਦੇ। ਜੋ ਮੁਨੀ ਉੱਚ, ਨੀਚ ਕੁੱਲਾਂ ਤੋਂ ਭਿਕਸ਼ਾ ਗ੍ਰਹਿਣ ਕਰਦੇ ਹਨ ਉਹ ਹੀ ਦਾਨ ਦੇ ਸੁੰਦਰ ਖੇਤਰ ਹਨ।15।

ਬ੍ਰਾਹਮਣਾਂ ਦੇ ਚੇਲੇ - ਤੂੰ ਸਾਡੇ ਅਧਿਆਪਕਾਂ ਦੇ ਵਿਰੁੱਧ ਕੀ ਬੋਲ ਰਿਹਾ ਹੈ ? ਨਿਰਗਰੰਥ (ਜੈਨ ਸਾਧੂ) ਇਹ ਆਹਾਰ, ਪਾਣੀ ਚਾਹੇ ਨਸ਼ਟ ਹੋ ਜਾਵੇ ਪਰ ਅਸੀਂ ਤੈਨੂੰ ਨਹੀਂ ਦੇਵਾਂਗੇ। ਇਹ ਸੁਣ ਕੇ ਯੱਕਸ਼ ਨੇ ਇਸ ਪ੍ਰਕਾਰ ਕਿਹਾ।16।

ਯੱਕਸ਼ - ਹੇ ਆਰਿਓ ! ਮੇਰੇ ਜਿਹੇ ਸਮਾਧੀ ਵਾਲੇ, ਗੁਪਤੀ ਵਾਲੇ , ਇੰਦਰੀਆਂ ਦੇ ਜੇਤੂ ਨੂੰ ਇਹ ਸ਼ੁੱਧ ਆਹਾਰ ਨਹੀਂ ਦੇਵੋਗੇ, ਤਾਂ ਤੁਸੀਂ ਯੱਗ ਦਾ ਕੀ ਫਲ ਪ੍ਰਾਪਤ ਕਰੋਗੇ ?17।

ਇਹ ਸੁਣ ਕੇ ਅਧਿਆਪਕ ਨੇ ਆਪਣੇ ਚੇਲਿਆਂ ਨੂੰ ਮਦਦ ਲਈ ਪੁਕਾਰਿਆ ਤੇ ਆਖਣ ਲੱਗਾ, ਇੱਥੇ ਕੋਈ ਖੱਤਰੀ, ਰਸੋਈਆ, ਯੱਗ ਰੱਖਿਅਕ, ਵਿਦਿਆਰਥੀ ਜਾਂ ਅਧਿਆਪਕ ਹੈ, ਜੋ ਇਸ ਸਾਧੂ ਨੂੰ ਡੰਡੇ ਜਾਂ ਮੁੱਕੇ ਮਾਰ ਕੇ ਅਤੇ ਗਰਦਨ ਪਕੜ ਕੇ ਬਾਹਰ ਕੱਢ ਦੇਵੇ''।18।

ਅਧਿਆਪਕ ਦੀ ਗੱਲ ਸੁਣ ਕੇ ਬਹੁਤ ਸਾਰੇ ਕੁਮਾਰ (ਚੇਲੇ) ਦੌੜੇ ਆਏ ਤੇ ਡੰਡੇ, ਬੈਂਤ ਤੇ ਚਾਬੁਕਾਂ ਨਾਲ ਮੁਨੀ ਨੂੰ ਮਾਰਨ ਲੱਗੇ।19।

ਉਸ ਸੰਜਮੀ ਨੂੰ ਮਾਰਦੇ ਵੇਖਕੇ, ਕੌਸ਼ਲ ਦੇਸ਼ ਦੇ ਰਾਜੇ ਦੀ ਭੱਦਰਾ ਨਾਮਕ ਸੁੰਦਰ ਰਾਜਕੁਮਾਰੀ ਨੇ ਉਨ੍ਹਾਂ ਕਰੋਧੀ ਰਾਜਕੁਮਾਰਾਂ ਨੂੰ ਸ਼ਾਂਤ ਕੀਤਾ (ਰੋਕਿਆ)।20।

ਭੱਦਰਾ 'ਦੇਵਤੇ ਦੀ ਪ੍ਰੇਰਣਾ ਨਾਲ ਮੇਰੇ ਪਿਤਾ ਨੇ ਇਸ ਮੁਨੀ ਨਾਲ ਮੇਰਾ ਰਿਸ਼ਤਾ ਕੀਤਾ ਸੀ। ਪਰ ਇਸ ਮੁਨੀ ਨੇ ਮੈਨੂੰ ਦਿਲੋਂ ਨਾ ਪਸੰਦ ਕੀਤਾ। ਰਾਜਿਆਂ ਤੇ ਦੇਵਤਿਆਂ ਦੁਆਰਾ ਸਤਿਕਾਰੇ ਹੋਏ ਉਹ ਇਹੋ ਰਿਸ਼ੀ ਹਨ।21।

ਜਿਨ੍ਹਾਂ ਮੈਨੂੰ ਤਿਆਗ ਦਿੱਤਾ ਸੀ। ਇਹ ਉਹੀ ਕਠੋਰ ਤਪੱਸਵੀ, ਮਹਾਤਮਾ, ਇੰਦਰੀਆਂ ਦੇ ਜੇਤੂ, ਸੰਜਮੀ ਅਤੇ ਬ੍ਰਹਮਚਾਰੀ ਹਨ। ਜਿਨ੍ਹਾਂ ਨੇ ਉਸ ਸਮੇਂ ਜਦੋਂ ਕੌਸ਼ਲ ਨਰੇਸ਼ (ਮੇਰੇ ਪਿਤਾ) ਨੇ ਮੈਨੂੰ ਇਨ੍ਹਾਂ ਨੂੰ ਸੌਂਪਣ ਦਾ ਨਿਰਣਾ ਕੀਤਾ ਤੇ ਇਨ੍ਹਾਂ ਇਨਕਾਰ ਕਰ ਦਿੱਤੀ ਸੀ ਤੇ ਮੈਨੂੰ ਸਵੀਕਾਰ ਨਹੀਂ ਕੀਤਾ ਸੀ।22।

ਇਹ ਘੋਰ ਵਰਤੀ, ਘੋਰ ਪਰਾਕਰਮੀ, ਭਾਗਵਾਨ ਅਤੇ ਮਹਾਪ੍ਰਭਾਵਸ਼ਾਲੀ ਮਹਾਤਮਾ ਹਨ। ਇਹ ਧਿਆਨ ਦੇਣ ਯੋਗ ਹਨ। ਇਨ੍ਹਾਂ ਦਾ ਧਿਆਨ ਕਰੋ। ਕਿੱਤੇ ਆਪਦੇ ਤੱਪ, ਤੇਜ਼ ਨਾਲ ਇਹ ਤੁਹਾਨੂੰ ਸਭ ਨੂੰ ਭਸਮ ਨਾ ਕਰ ਦੇਣ।23।

ਉਸ ਪਰੋਹਿਤ ਬ੍ਰਾਹਮਣ ਪਤਨੀ ਦੇ ਮਿੱਠੇ ਬਚਨਾਂ ਨੂੰ ਸੁਣ ਕੇ ਮੁਨੀ ਦੀ ਸੇਵਾ ਕਰਨ ਵਾਲਾ ਯਕਸ਼ ਕੁਮਾਰਾਂ ਨੂੰ ਰੋਕਣ ਲੱਗਾ।24।

ਗੁੱਸੇ ਹੋਇਆ, ਆਕਾਸ਼ ਵਿਚ ਬੈਠਾ ਯੱਕਸ਼, ਰਾਜਕੁਮਾਰਾਂ ਨੂੰ ਮਾਰਨ ਲੱਗਾ। ਰਾਜਕੁਮਾਰਾਂ ਨੂੰ ਖੂਨ ਦੀਆਂ ਉਲਟੀਆਂ (ਕੈਆਂ) ਕਰਦੇ ਵੇਖ ਕੇ

ਭਦਰਾ ਨੇ ਮੁੜ ਆਖਿਆ।25।

ਤੁਸੀ ਜੋ ਮੁਨੀ ਦਾ ਆਪਮਾਨ ਕੀਤਾ ਹੈ, ਇਹ ਅਪਮਾਨ ਪਹਾੜ ਨੂੰ ਨੌਹਾਂ ਨਾਲ ਖੋਦਣ ਦੇ ਬਰਾਬਰ, ਲੋਹੇ ਨੂੰ ਦੰਦਾਂ ਨਾਲ ਚਬਾਉਣ ਬਰਾਬਰ ਅਤੇ ਅੱਗ ਨੂੰ ਪੈਰਾਂ ਨਾਲ ਬੁਝਾਉਣ ਦੀ ਮੂਰਖਤਾ ਦੇ ਬਰਾਬਰ ਹੈ।26।

ਇਹ ਮਹਾਰਿਸ਼ੀ ਆਸ਼ੀਵਿਸ਼ ਲੱਬਧੀ (ਸ਼ਕਤੀ) ਸਿੱਧਿਆਂ ਵਾਲੇ, ਘੋਰ ਤੱਪ ਵਾਲੇ, ਕਠੋਰ ਵਰਤਾਂ ਵਾਲੇ ਤੇ ਘੋਰ ਪਰਾਕਰਮਾਂ (ਸ਼ਕਤੀ) ਵਾਲੇ ਹਨ। ਜਿਵੇਂ ਪਤੰਗਿਆਂ ਦੀ ਫੌਜ ਅੱਗ ਵਿਚ ਡਿੱਗ ਕੇ ਉਸ ਨੂੰ ਬੁਝਾਉਣਾ ਚਾਹੁੰਦੀ ਹੈ, ਉਸੇ ਪ੍ਰਕਾਰ ਭਿੱਖਿਆ ਦੇ ਸਮੇਂ ਤੁਸੀਂ ਭਿਕਸ਼ੂ ਨੂੰ ਮਾਰ ਰਹੇ ਹੋ। ਸੋ ਤੁਸੀਂ ਆਪਣਾ ਨਾਸ਼ ਉਸੇ ਪ੍ਰਕਾਰ ਕਰ ਰਹੇ ਹੋ ਜਿਵੇਂ ਪਤੰਗਾ ਅੱਗ ਵਿਚ ਗਿਰ ਕੇ ਲੈਂਦਾ ਹੈ।''27।

ਜੇ ਤੁਸੀਂ ਜੀਵਨ ਤੇ ਧੰਨ ਦੀ ਰੱਖਿਆ ਚਾਹੁੰਦੇ ਹੋ ਤਾਂ ਸਾਰੇ ਲੋਕ ਮਿਲ ਕੇ ਮੱਥਾ ਝੁਕਾ ਕੇ ਇਨ੍ਹਾਂ ਦਾ ਆਸਰਾ ਲਵੋ ਭਾਵ ਖਿਮਾ ਮੰਗੋ ਕਿਉਂ ਕਿ ਗੁੱਸੇ ਹੋਏ ਮਹਾਰਿਸ਼ੀ ਸਾਰੇ ਸੰਸਾਰ ਨੂੰ ਸੁਆਹ ਕਰ ਸਕਦੇ ਹਨ।28।

ਯਕਸ਼ ਦੇ ਸਰਾਪ ਤੇ ਅਸਰ ਕਾਰਨ ਉਨ੍ਹਾਂ ਬ੍ਰਾਹਮਣ ਕੁਮਾਰਾਂ ਦਾ ਮੰਹ ਪਿੱਠ ਦੀ ਵੱਲ ਝੁਕ ਗਿਆ। ਬਾਹਾਂ ਫੈਲ ਗਈਆਂ। ਅੱਖਾਂ ਰੁਕ ਗਈਆਂ ਤੇ ਮੂੰਹ ਉਪਰ ਵੱਲ ਹੋ ਗਿਆ। ਉਨ੍ਹਾਂ ਦੀ ਜੀਭ ਤੇ ਅੱਖਾਂ ਬਾਹਰ ਨਿਕਲ ਗਈਆਂ ਉਨ੍ਹਾਂ ਨੂੰ ਖੂਨ ਦੀਆਂ ਉਲਟੀਆਂ (ਕੈਆਂ) ਕਰਦਿਆਂ ਤੇ ਸੁੱਕੀ ਲਕੜੀ ਦੇ ਪਿੰਜਰ ਵਾਂਗ ਉਨ੍ਹਾਂ ਦੇ ਸਰੀਰ ਨੂੰ ਵੇਖ ਕੇ ਉਹ ਬ੍ਰਾਹਮਣ (ਗੁਰੂ) ਅਫਸੋਸ ਕਰਨ ਲੱਗਾ ਅਤੇ ਆਪਣੀ ਇਸਤਰੀ ਦੇ ਨਾਲ ਰਿਸ਼ੀ ਨੂੰ ਖੁਸ਼ ਕਰਨ ਲਈ ਆਖਣ ਲੱਗਾ। ਹੇ ਭਾਗਵਾਨ ! ਅਸੀਂ ਆਪ ਦੀ ਹੁਕਮ ਦੀ ਉਲੰਘਣਾ ਕੀਤੀ ਹੈ ਤੇ ਨਿੰਦਾ ਕੀਤੀ ਹੈ।

ਇਸ ਲਈ ਸਾਨੂੰ ਖਿਮਾ ਕਰੋ।19-20।

ਹੇ ਭਗਵਾਨ ! ਇਨ੍ਹਾਂ ਮੂਰਖ ਅਤੇ ਅਗਿਆਨੀ ਬਾਲਕਾਂ ਨੇ ਆਪ ਦਾ ਧਿਆਨ ਨਹੀਂ ਕੀਤਾ। ਇਸ ਲਈ ਆਪ ਖਿਮਾਂ ਕਰੋ। ਰਿਸ਼ੀ ਤਾਂ ਮਹਾਂ ਕਿਰਪਾਲੂ ਅਤੇ ਕਰੋਧ ਰਹਿਤ ਹੁੰਦੇ ਹਨ। ਉਹ ਨਾਰਾਜ਼ ਨਹੀਂ ਹੁੰਦੇ।31।

ਮੁਨੀ ਮੇਰੇ ਮਨ ਵਿਚ ਨਾ ਤਾਂ ਪਹਿਲਾਂ ਦਵੇਸ਼ ਸੀ ਨਾ ਹੁਣ ਹੈ। ਅਤੇ ਨਾ ਅੱਗੇ ਨੂੰ ਹੋਵੇਗਾ। ਪਰ ਇਕ ਯਕਸ਼ ਮੇਰੀ ਸੇਵਾ ਕਰਦਾ ਹੈ। ਉਸਨੇ ਹੀ ਕੁਮਾਰਾਂ ਨੂੰ ਕੁੱਟਿਆ ਹੈ।32।

ਹੇ ਭਗਵਾਨ ! ਅਗਨੀ ਅਤੇ ਧਰਮ ਦੇ ਜਾਣਕਾਰ ਉੱਤਮ ਬੁੱਧੀ ਵਾਲੇ, ਆਪ ਜਿਹੇ ਮਹਾਂਪੁਰਸ਼ ਕਦੇ ਗੁੱਸੇ ਨਹੀਂ ਹੁੰਦੇ। ਇਸ ਲਈ ਅਸੀਂ ਆਪ ਦੇ ਚਰਨਾਂ ਵਿਚ ਆਸਰਾ ਲੈਣ ਆਏ ਹਾਂ।33।

ਹੇ ਮਹਾਭਾਗ (ਭਾਗਸ਼ਾਲੀ) ! ਅਸੀਂ ਆਪ ਦੀ ਪੂਜਾ ਕਰਦੇ ਹਾਂ। ਤੁਹਾਡਾ ਕੋਈ ਅੰਗ ਵੀ ਅਜਿਹਾ ਨਹੀਂ ਜੋ ਪੂਜਾ ਕਰਨ ਯੋਗ ਨਾ ਹੋਵੇ । ਅਨੇਕਾਂ ਤਰ੍ਹਾਂ ਦੇ ਖਾਣੇ ਸਹਿਤ ਤੇ ਇਹ ਚੌਲਾਂ ਦੇ ਬਣੇ ਹੋਏ ਖਾਣੇ ਵਿਚ ਆਪ ਵੀ ਭੋਜਨ ਗ੍ਰਹਿਣ ਕਰੋ।34।

ਹੇ ਮਹਾਤਮਾ ! ਇੱਥੇ ਬਹੁਤ ਸਾਰਾ ਭੋਜਨ ਹਨ। ਸਾਡੇ ਤੇ ਕ੍ਰਿਪਾ ਕਰਕੇ ਇਹ ਭੋਜਨ ਗ੍ਰਹਿਣ ਕਰੋ। ਬ੍ਰਾਹਮਣ ਦੇ ਵਾਰ ਵਾਰ ਕਹਿਣ ਤੇ ਮੁਨੀ ਨੇ ਕਿਹਾ ਮੈਨੂੰ ਮਨਜ਼ੂਰ ਹੈ। ਇਹ ਆਖ ਕੇ ਮੁਨੀ ਨੇ ਮਾਂਸ-ਖਮਣਾ (ਇਕ ਮਹੀਨੇ ਦੇ ਵਰਤ ਨੂੰ ਖੋਲ੍ਹਣ) ਲਈ ਆਹਾਰ ਪਾਣੀ ਲੈ ਲਿਆ।35।

ਦੇਵਤਿਆਂ ਨੇ ਉੱਥੇ ਸੁਗੰਧ ਵਾਲੇ ਪਾਣੀ ਤੇ ਫੁੱਲਾਂ ਦੀ ਵਰਖਾ ਕੀਤੀ ਤੇ ਧਨ ਦੀ ਵੀ ਵਰਖਾ ਕੀਤੀ। ਆਕਾਸ਼ ਵਿਚ ਸ਼ਹਿਨਾਈ ਵਜਾਈ ਅਤੇ ਆਕਾਸ਼ ਵਿਚ ਅਹੋ ਦਾਨ - ਅਹੋ ਦਾਨ (ਮਹਾਦਾਨ) ਦੀ ਆਵਾਜ਼ ਗੂੰਜ ਉੱਠੀ।36।

ਇਥੇ (ਜੈਨ ਧਰਮ ਵਿਚ) ਸਾਫ਼ ਤੱਪ ਦੀ ਮਹਾਨਤਾ ਵਿਖਾਈ ਦਿੰਦੀ ਹੈ। ਇੱਥੇ (ਜੈਨ ਧਰਮ ਵਿਚ) ਜਾਤਪਾਤ ਦਾ ਕੋਈ ਮਹੱਤਵ ਨਹੀਂ। ਚੰਡਾਲ ਪੁੱਤਰ ਹਰੀਕੇਸ਼ੀ ਨੂੰ ਵੇਖੋ। ਜਿਨ੍ਹਾਂ ਦੇ ਕੋਲ ਉੱਚੇ ਭਾਗ ਅਤੇ ਮਹਾਪ੍ਰਭਾਵਸ਼ਾਲੀ ਰਿੱਧੀਆਂ ਹਨ।37।

ਹਰੀਕੇਸ਼ੀ "ਹੇ ਬ੍ਰਾਹਮਣ ਤੁਸੀਂ ਕਿਉਂ ਅੱਗ ਰਾਹੀਂ ਜੀਵਾਂ ਦੀ ਹਿੰਸਾ ਕਰਦੇ ਹੋ। ਪਾਣੀ ਰਾਹੀਂ ਬਾਹਰੀ ਸ਼ੁੱਧੀ ਚਾਹੁੰਦੇ ਹੋ ? ਜੋ ਮਾਰਗ ਬਾਹਰੀ ਖੁਸ਼ੀ ਦਾ ਹੈ, ਉਸ ਨੂੰ ਗਿਆਨੀ ਚੰਗਾ ਨਹੀਂ ਸਮਝਦੇ।38।

ਕੁਸ਼ਾ, ਯੂਪ (ਯੱਗ ਦਾ ਖੰਬਾ) ਘਾਹ, ਕਾਠ ਅਤੇ ਅੱਗ, ਅਤੇ ਸਵੇਰੇ ਸ਼ਾਮ ਪਾਣੀ ਦਾ ਸਪੱਰਸ਼ ਕਰਦੇ ਹੋਏ ਪ੍ਰਾਣੀਆਂ ਦੀ ਹਿੰਸਾ ਕਰਦੇ ਹੋਏ ਮੂਰਖ ਲੋਕ ਵਾਰ ਵਾਰ ਪਾਪ ਕਰਮਾਂ ਦਾ ਸੰਗ੍ਰਹਿ ਕਰਦੇ ਹਨ।39।

ਬ੍ਰਾਹਮਣ, "ਹੇ ਭਿਕਸ਼ੂ ! ਅਸੀਂ ਕੀ ਕਰੀਏ ? ਕਿਸ ਤਰ੍ਹਾਂ ਯੱਗ ਕਰੀਏ ਜਿਸ ਨਾਲ ਪਾਪ ਕਰਮਾਂ ਨੂੰ ਦੂਰ ਕਰ ਸਕੀਏ ? ਹੇ ਯਕਸ਼ ਰਾਹੀਂ ਪੂਜੇ ਗਏ ਮੁਨੀ ! ਗਿਆਨੀਆਂ ਨੇ ਸੁੰਦਰ ਯੱਗ ਦਾ ਢੰਗ ਕਿਸ ਤਰ੍ਹਾਂ ਕਿਹਾ ਹੈ।40।

ਹਰੀਕੇਸ਼ੀ - ਇੰਦਰੀਆਂ ਦਾ ਜੇਤੂ, ਛੇ ਕਾਇਆਂ ਦਾ ਸਮਾਰੰਬ (ਹਿੰਸਾ) ਨਾ ਕਰਦੇ ਹੋਏ, ਝੂਠ ਤੇ ਚੋਰੀ ਦਾ ਸੇਵਨ ਨਾ ਕਰਦੇ ਹੋਏ ਅਤੇ ਪਰਿਗ੍ਰਹਿ, ਇਸਤਰੀਆਂ, ਮਾਨ, ਮਾਇਆ, ਲੋਭ, ਕਰੋਧ ਨੂੰ ਤਿਆਗ ਕੇ ਭਲੀ ਭਾਂਤੀ ਇੰਦਰੀਆਂ ਦੇ ਵਿਸ਼ੇ ਤੇ ਕਾਬੂ ਪਾਉਂਦੇ ਹੋਏ ਸੰਸਾਰ ਵਿਚ ਘੁੰਮੇ।41।

ਜੋ ਸੰਜਮੀ ਪੰਜ (ਹਿੰਸਾ, ਝੂਠ, ਚੋਰੀ, ਮੈਥੁਨ, ਪਰਿਗ੍ਰਹਿ ਰੂਪੀ) ਪਾਪਾਂ ਦੇ ਰਸਤਿਆਂ ਨੂੰ ਰੋਕਣ ਵਾਲਾ ਹੈ। ਸੰਜਮ ਰਹਿਤ ਜੀਵਨ ਦਾ ਨਾ ਚਾਹੁਣ ਵਾਲਾ ਹੈ, ਚੰਗੀ ਵਿਰਤੀ ਵਾਲਾ ਜ਼ਮੀਨ ਨੂੰ ਨਾ ਚਾਹੁਣ ਵਾਲਾ ਸਰੀਰ

ਦਾ ਮੋਹ ਤਿਆਗ ਕਰਨ ਵਾਲਾ, ਨਿਰਮਲ ਵਰਤਾਂ ਵਾਲਾ, ਅਤੇ ਸਰੀਰ ਦੀ ਮਮਤਾ ਦਾ ਤਿਆਗ ਕਰਨ ਵਾਲਾ, ਵਿਸ਼ਿਆਂ ਨੂੰ ਜਿੱਤਣ ਵਾਲਾ ਹੈ, ਅਜਿਹਾ ਜੇਤੂ ਮੁਨੀ ਹੀ ਸੱਚਾ ਯੱਗ ਰਚਾਉਂਦਾ ਹੈ।42।

ਬ੍ਰਾਹਮਣ - ਹੇ ਭਿਕਸ਼ੂ ! ਤੁਹਾਡੇ ਯੱਗ ਦੀ ਅੱਗ ਕਿਹੜੀ ਹੈ ? ਅਗਨੀ ਕੁੰਡ ਕਿਹੜਾ ਹੈ ? ਘੀ ਪਾਉਣ ਵਾਲੀ ਲੱਕੜ ਦੀ ਕੜਛੀ ਕਿਹੜੀ ਹੈ ? ਹਵਨ ਕਰਨ ਵਾਲੀ ਸਮੱਗਰੀ ਕਿਹੜੀ ਹੈ ? ਅਤੇ ਕਿਸ ਕਿਸਮ ਦੀਆਂ ਲੱਕੜੀਆਂ ਰਾਹੀਂ ਤੁਸੀਂ ਹਵਨ ਕਰਦੇ ਹੋ ? ਸ਼ਾਂਤੀ ਪਾਠ ਕਿਹੜਾ ਹੈ ? ਕਿਸ ਹਵਨ ਨਾਲ ਤੁਸੀਂ ਅਗਨੀ ਨੂੰ ਪ੍ਰਸੰਨ ਕਰਦੇ ਹੋ ? ।43।

ਹਰੀਕੇਸ਼ੀ : ਤੱਪ ਰੂਪੀ ਜੋਤ (ਅੱਗ) ਹੈ ਤੇ ਜੀਵ ਆਤਮਾ ਜੋਤੀ ਦਾ ਸਥਾਨ ਹੈ। ਮਨ ਬਚਨ ਕਾਇਆ ਦੀ ਸ਼ੁੱਧੀ, ਘੀ ਪਾਉਣ ਵਾਲੀ ਕੜਛੀ ਦੇ ਸਮਾਨ ਹੈ। ਸਰੀਰ ਕੰਡਾ (ਪਾਥੀ) ਹੈ ਤੇ ਅੱਠ ਕਰਮ ਲਕੜੀ ਰੂਪ ਹਨ। ਸੰਜਮ ਯਾਤਰਾ ਸ਼ਾਂਤੀ ਪਾਠ ਹੈ। ਮੈਂ ਅਜਿਹਾ ਯੱਗ ਕਰਦਾ ਹਾਂ। ਜੋ ਰਿਸ਼ੀਆਂ ਰਾਹੀਂ ਪਸੰਦ ਕੀਤਾ ਗਿਆ ਹੈ।44।

ਬ੍ਰਾਹਮਣ - ਹੇ ਯਕਸ਼ ਰਾਹੀਂ ਪੂਜੇ ਗਏ ਮੁਨੀ ! ਤੁਹਾਡਾ ਸਰੋਵਰ ਕਿਹੜਾ ਹੈ ? ਸ਼ਾਂਤੀ ਤੀਰਥ ਕਿਹੜਾ ਹੈ ? ਗੰਦਗੀ ਦੂਰ ਕਰਨ ਲਈ ਆਪ ਕਿੱਥੇ ਇਸ਼ਨਾਨ ਕਰਦੇ ਹੋ ? ਇਹ ਅਸੀਂ ਜਾਨਣਾ ਚਹੁੰਦੇ ਹਾਂ। ਤੁਸੀਂ ਦੱਸੋ ? ।45।

ਰਿਸ਼ੀ - ਕਾਲੱਖ ਰਹਿਤ, ਆਤਮਾ ਨੂੰ ਜਾਨਣ ਵਾਲਾ, ਸ਼ੁੱਧ ਧਰਮ ਹੀ ਮੇਰਾ ਸਰੋਵਰ ਹੈ ਅਤੇ ਬ੍ਰਹਮਚਰਯ ਰੂਪੀ ਤੀਰਥ ਹੀ ਮੇਰਾ ਸ਼ਾਂਤੀ ਤੀਰਥ ਹੈ ਜਿੱਥੇ ਇਸ਼ਨਾਨ ਕਰਕੇ ਮੈਂ ਕਰਮਾਂ ਦੀ ਮੈਲ ਉਤਾਰਦਾ ਹਾਂ, ਸ਼ੁੱਧ ਤੇ ਸੀਤਲ ਹੋ ਕੇ ਪਾਪ ਕਰਮਾਂ ਨੂੰ ਦੂਰ ਕਰਦਾ ਹਾਂ।46।

ਤੱਤ ਗਿਆਨੀਆਂ ਨੇ ਇਹ ਇਸ਼ਨਾਨ ਵੇਖਿਆ ਹੈ। ਇਹ ਮੇਰਾ ਮਹਾਂ ਇਸ਼ਨਾਨ ਹੈ। ਜਿਸਦੀ ਰਿਸ਼ੀਆਂ ਨੇ ਪ੍ਰਸੰਸਾ ਕੀਤੀ ਹੈ। ਜਿਸ ਇਸ਼ਨਾਨ ਰਾਹੀਂ ਮਹਾਰਿਸ਼ੀ ਲੋਕ ਮੈਲ ਰਹਿਤ ਅਤੇ ਸ਼ੁੱਧ ਹੋ ਕੇ ਉੱਤਮ ਸਥਾਨ ਮੁਕਤੀ ਨੂੰ ਪ੍ਰਾਪਤ ਕਰਦੇ ਹਨ।

ਅਜਿਹਾ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 1

ਸਵਪਾਕ ਦਾ ਅਰਥ ਚੰਡਾਲ ਹੈ। ਪਰ ਇਹ ਇਕ ਨੀਵੀਂ ਜਾਤ ਸੀ। ਜੋ ਕੁੱਤੇ ਦਾ ਮਾਂਸ ਸੇਵਨ ਕਰਦੀ ਸੀ। ਮੁਰਦੇ ਦੇ ਕੱਪੜੇ ਪਹਿਨਦੀ ਸੀ। ਇਸ ਤੋਂ ਛੁੱਟ ਇਹ ਜਾਤ ਬੱਦਸ਼ਕਲ ਅਤੇ ਦੁਰਾਚਾਰੀ ਸੀ।

श्वानं पचतीति श्वपाक : (ਰਮਾਇਣ 1/59/19-21)

ਗਾਥਾ 11

ਜੋ ਕੇਵਲ ਬ੍ਰਾਹਮਣਾਂ ਲਈ ਪਕਾਇਆ ਜਾਵੇ ਉਹ ਯੱਗ ਦਾ ਭੋਜਨ (एक याज्ञिक) ਹੈ।

ਗਾਥਾ 18

ਉਪਯੋਤਿਸ਼ਕ ਦਾ ਅਰਥ ਹੈ : ਰਸੋਈਆ। ਚੂਰਨੀ ਵਿਚ ਦੰਡ ਦਾ ਅਰਥ ਕੋਹਨੀ ਦੀ ਮਾਰ ਅਤੇ ਫੱਲ ਦਾ ਅਰਥ ਅੱਡੀ ਦੀ ਮਾਰ ਹੈ।

ਗਾਥਾ 27

ਆਸ਼ੀਵਿਸ਼ ਇਕ ਯੋਗੀਆਂ ਦੀ ਸ਼ਕਤੀ ਹੈ। ਇਸ ਸ਼ਕਤੀ ਨਾਲ ਕਿਸੇ ਦੀ ਵੀ ਜਾਨ ਦਾ ਨੁਕਸਾਨ ਕੀਤਾ ਜਾ ਸਕਦਾ ਹੈ। ਵੈਸੇ ਆਸੀਵਿਸ਼ ਸੱਪ ਨੂੰ ਵੀ ਆਖਦੇ ਹਨ। ਸਾਧੂ ਨੂੰ ਛੇੜਨਾ ਆਸੀਵਿਸ਼ ਸੱਪ ਨੂੰ ਛੇੜਨਾ

ਹੈ

ਗਾਥਾ 42

ਸੰਬਰ ਦਾ ਅਰਥ ਹੈ ਆਤਮਾ ਦੀ ਉੱਚ ਤਪ ਸਾਧਨਾ ਜਿਸ ਰਾਹੀਂ ਨਵੇਂ ਕਰਮਾਂ ਦਾ ਆਉਣਾ ਰੁਕ ਜਾਂਦਾ ਹੈ। ਸੰਬਰ ਪੰਜ ਪ੍ਰਕਾਰ ਦਾ ਹੈ:

(1) ਸਮਿਅਕਤਵ (2) ਪ੍ਰਤਿਖਿਆਨ (3) ਅਪ੍ਰਮਾਦ (4) ਅਕਸ਼ਾਏ (5) ਸ਼ੁਭ ਯੋਗ

ਇਸ ਅਧਿਐਨ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਜੈਨ ਧਰਮ ਬ੍ਰਾਹਮਣ ਧਰਮ ਦੁਆਰਾ ਸਥਾਪਿਤ ਵੇਦ, ਹਵਨ, ਛੂਆ-ਛੂਤ, ਵਰਣ ਵਿਵਸਥਾ ਨੂੰ ਨਹੀਂ ਮੰਨਦਾ। ਹਰੀ ਕੇਸ਼ੀ ਮੁਨੀ ਦਾ ਜੀਵਨ ਇਸ ਦੀ ਉਦਾਹਰਣ ਹੈ। ਜਿਸ ਨੇ ਚੰਡਾਲ ਕੁਲ ਵਿਚ ਜਨਮ ਲੈ ਕੇ ਆਪਣੀ ਆਤਮਾ ਦਾ ਕਲਿਆਣ ਕੀਤਾ।

# 13

# ਚਿੱਤ ਸੰਭੂਤੀਯਾ ਅਧਿਐਨ

ਪੁਰਾਣੇ ਸਮੇਂ ਵਿਚ ਸਾਕੇਤ ਨਾਉਂ ਦਾ ਸ਼ਹਿਰ ਸੀ, ਉੱਥੇ ਚੰਦਰਾ ਵਤੰਸਕ ਨਾਂ ਦਾ ਰਾਜਾ ਰਾਜ ਕਰਦਾ ਸੀ। ਉਸ ਦੇ ਪੁੱਤਰ ਦਾ ਨਾਂ ਮੁਨੀ ਚੰਦਰ ਸੀ। ਉਹ ਮੁਨੀ ਸਾਗਰਚੰਦ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਸਾਧੂ ਬਣ ਗਿਆ। ਸਫ਼ਰ ਕਰਦੇ ਸਮੇਂ ਇਕ ਬਾਰ ਉਹ ਜੰਗਲ ਵਿਚ ਭਟਕ ਗਿਆ। ਉਥੇ ਉਸ ਨੂੰ ਚਾਰ ਗਵਾਲੇ ਮਿਲੇ। ਚਾਰਾਂ ਨੂੰ ਉਪਦੇਸ਼ ਦੇ ਕੇ ਉਸ ਨੇ ਸਾਧੂ ਬਣਾ ਲਿਆ। ਉਨ੍ਹਾਂ ਵਿਚੋਂ ਦੋ ਸਾਧੂਆਂ ਨੂੰ ਸਾਧੂਆਂ ਦੇ ਮੈਲੇ ਕੱਪੜਿਆਂ ਨਾਲ ਬੇਹੱਦ ਨਫ਼ਰਤ ਸੀ। ਉਹ ਦੋਵੇਂ ਮਰਕੇ ਦੇਵ ਗਤੀ ਵਿਚ ਗਏ। ਉਥੇ ਉਹ ਦੋਵੇਂ ਸ਼ਾਂਡੀਲਿਆ ਬ੍ਰਾਹਮਣ ਦੀ ਯਸ਼ੋਮਤੀ ਨਾਉਂ ਦੀ ਦਾਸੀ ਦੇ ਪੁੱਤਰ ਰੂਪ ਵਿਚ ਪੈਦਾ ਹੋਏ।

ਇਕ ਵਾਰ ਉਹ ਖੇਤ ਵਿਚ ਸੌਂ ਰਹੇ ਸਨ। ਉਨ੍ਹਾਂ ਨੂੰ ਸੱਪ ਨੇ ਡੱਸ ਲਿਆ। ਦੋਵੇਂ ਮਰ ਕੇ ਕਲਿੰਜਰ ਪਰਬਤ ਤੇ ਹਿਰਨ ਬਣ ਗਏ। ਇਕ ਦਿਨ ਦੋਵੇਂ ਸ਼ਿਕਾਰੀ ਹੱਥੋਂ ਮਾਰੇ ਗਏ। ਉਥੋਂ ਮਰ ਕੇ ਗੰਗਾ ਨਦੀ ਦੇ ਕਿਨਾਰੇ ਰਾਜ ਹੰਸ ਬਣ ਗਏ ਅਤੇ ਉਥੇ ਇਕ ਮਛਿਆਰੇ ਨੇ ਦੋਹਾਂ ਦੀ ਗਰਦਨ ਮਰੋੜ ਦਿੱਤੀ।

ਉਸ ਸਮੇਂ ਬਾਰਾਨਸੀ ਨਾਉਂ ਦੀ ਨਗਰੀ ਸੀ, ਉਥੇ ਭੂਤਦੱਤ ਨਾਉਂ ਦਾ ਇਕ ਅਮੀਰ ਚੰਡਾਲ ਰਹਿਦਾ ਸੀ। ਦੋਵੇਂ ਉਸ ਦੇ ਪੁੱਤਰ ਰੂਪ ਵਿਚ ਪੈਦਾ ਹੋਏ। ਦੋਵੇਂ ਬਹੁਤ ਸੁੰਦਰ ਸਨ। ਇਕ ਦਾ ਨਾਉਂ ਚਿੱਤ ਸੀ ਤੇ ਦੂਸਰੇ ਦਾ ਨਾਉਂ ਸੰਭੂਤੀ ਸੀ।

ਉਸ ਸ਼ਹਿਰ ਦੇ ਰਾਜਾ ਸੰਖ ਦਾ ਮੰਤਰੀ ਨਮੂਚੀ ਬ੍ਰਾਹਮਣ ਸੀ।

ਰਾਜੇ ਨੇ ਉਸਨੂੰ ਕਿਸੇ ਕਸੂਰ ਕਾਰਨ ਮੌਤ ਦੀ ਸਜ਼ਾ ਸੁਣਾਈ। ਇਹ ਕੰਮ ਭੂਤ ਦੱਤ ਨੂੰ ਸੰਭਾਲਿਆ ਗਿਆ। ਭੂਤ ਦੱਤ ਨੇ ਉਸ ਨੂੰ ਇਕ ਸ਼ਰਤ ਤੇ ਲੁਕਾ ਕੇ ਆਪਣੇ ਪਾਸ ਰੱਖ ਲਿਆ ਕਿ ਉਹ ਚਿੱਤ ਤੇ ਸੰਭੂਤੀ ਨੂੰ ਵਿੱਦਿਆ ਅਧਿਐਨ ਕਰਾਵੇਗਾ। ਸੋ ਨਮੁੱਚੀ ਨੇ ਇਹ ਸ਼ਰਤ ਮੰਨ ਲਈ। ਦੋਵੇਂ ਲੜਕੇ ਬ੍ਰਾਹਮਣ ਪਾਸ ਪੜ੍ਹਨ ਲੱਗੇ।

ਨਮੁਚੀ ਨੇ ਬਹੁਤ ਲਗਨ ਨਾਲ ਪੜ੍ਹਾ ਕੇ ਦੋਹਾਂ ਨੂੰ ਹੀ ਹਰ ਕਲਾ ਵਿਚ ਪ੍ਰਵੀਨ ਬਣਾ ਦਿੱਤਾ। ਪਰ ਇਸੇ ਸਮੇਂ ਨਮੁਚੀ ਨੇ ਭੂਤ ਦੱਤ ਦੀ ਇਸਤਰੀ ਨਾਲ ਗਲਤ ਵਿਵਹਾਰ ਕੀਤਾ। ਸਿੱਟੇ ਵੱਜੋਂ ਭੂਤ ਦੱਤ ਨੇ ਨਮੁਚੀ ਨੂੰ ਮਾਰਨ ਦਾ ਫੈਸਲਾ ਕਰ ਲਿਆ। ਪਰ ਦੋਵੇਂ ਲੜਕਿਆਂ ਨੇ ਨਮੁਚੀ ਨੂੰ ਇਸ ਗੱਲ ਦੀ ਸੂਚਨਾ ਦੇ ਦਿੱਤੀ ਅਤੇ ਨਮੁਚੀ ਆਪਣੀ ਜਾਨ ਬਚਾ ਕੇ ਭੱਜ ਗਿਆ। ਉਹ ਹਸਤਨਾਪੁਰ ਜਾ ਕੇ ਉਥੋਂ ਦੇ ਚੱਕਰਵਰਤੀ ਸੰਨਤ ਕੁਮਾਰ ਦਾ ਮੰਤਰੀ ਬਣ ਗਿਆ। ਇਕ ਵਾਰ ਵਾਰਾਨਸੀ ਵਿਖੇ ਇਕ ਮੇਲਾ ਸੀ। ਦੋਵੇਂ ਭਰਾ ਉਥੇ ਆਪਣੀ ਕਲਾ ਦਾ ਵਿਖਾਵਾ ਕਰਨ ਗਏ। ਦੋਵੇਂ ਭਰਾ ਇੰਨਾ ਵਧੀਆ ਨੱਚੇ ਕਿ ਲੋਕ ਉਹਨਾਂ ਦੀ ਸਭ ਜਾਤ ਪਾਤ ਤੇ ਛੂਆ ਛੂਤ ਭੁੱਲ ਗਏ। ਪਰ ਇਹ ਜ਼ਿਆਦਾ ਸਮਾਂ ਨਾ ਛੁਪ ਸਕਿਆ, ਕੁਝ ਸਮੇਂ ਬਾਅਦ ਲੋਕਾਂ ਨੂੰ ਉਨ੍ਹਾਂ ਦੇ ਚੰਡਾਲ ਹੋਣ ਬਾਰੇ ਪਤਾ ਲੱਗ ਗਿਆ। ਉਨ੍ਹਾਂ ਉਥੇ ਬੈਠੇ ਰਾਜੇ ਨੂੰ ਸ਼ਿਕਾਇਤ ਕੀਤੀ ਕਿ ਮਹਾਰਾਜ ਸਾਡਾ ਤਾਂ ਧਰਮ ਭਰਿੱਸ਼ਟ ਹੋ ਗਿਆ ਹੈ। ਰਾਜੇ ਨੇ ਦੋਹਾਂ ਨੂੰ ਮੇਲੇ ਵਿਚੋਂ ਬਾਹਰ ਕੱਢ ਦਿੱਤਾ।

ਇਕ ਵਾਰ ਉਹ ਭੇਸ ਬਦਲ ਕੇ ਫੇਰ ਮੇਲੇ ਵਿਚ ਗਏ। ਲੋਕਾਂ ਨੇ ਉਨ੍ਹਾਂ ਦੀ ਆਵਾਜ਼ ਪਛਾਣ ਲਈ। ਦੋਹਾਂ ਨੂੰ ਮਾਰ ਕੁੱਟ ਕੇ ਲੋਕਾਂ ਨੇ ਬਾਹਰ ਕਰ ਦਿੱਤਾ। ਦੋਵੇਂ ਭਰਾ ਬੇਇੱਜ਼ਤੀ ਕਾਰਨ ਬੇਹੱਦ ਦੁਖੀ ਹੋਏ।

ਦੋਹਾਂ ਨੇ ਆਤਮ ਹੱਤਿਆ ਕਰਨ ਦਾ ਨਿਸ਼ਚਾ ਕਰ ਲਿਆ। ਜਦ ਉਹ ਪਹਾੜ ਤੋਂ ਛਾਲ ਮਾਰਨ ਲੱਗੇ ਤਾਂ ਇਕ ਮੁਨੀ ਨੇ ਉਨ੍ਹਾਂ ਨੂੰ ਪਕੜ ਲਿਆ ਅਤੇ ਉਪਦੇਸ਼ ਦੇ ਕੇ ਸਾਧੂ ਬਣਾ ਲਿਆ।

ਦੋਹੇ ਮੁਨੀ ਪ੍ਰਚਾਰ ਕਰਦੇ ਹੋਏ ਇਕ ਵਾਰ ਹਸਤਨਾਪੁਰ ਪਹੁੰਚੇ। ਜਦੋਂ ਸੰਭੂਤ ਭੋਜਨ ਲਈ ਸ਼ਹਿਰ ਵਿਚ ਗਿਆ, ਉਥੇ ਉਸ ਨੂੰ ਨਮੁਚੀ ਬ੍ਰਾਹਮਣ ਨੇ ਪਛਾਣ ਲਿਆ। ਉਸਨੂੰ ਆਪਣੇ ਪਿਛਲੇ ਪਾਪ ਖੁੱਲਣ ਦਾ ਸ਼ੱਕ ਹੋ ਗਿਆ। ਉਸ ਨੇ ਲੋਕਾਂ ਤੋਂ ਮੁਨੀ ਨੂੰ ਮਾਰ ਕੁਟਾਈ ਕਰਵਾ ਦਿੱਤੀ। ਸੰਭੂਤ ਮੁਨੀ ਨੂੰ ਕਰੋਧ ਆ ਗਿਆ। ਉਨ੍ਹਾਂ ਤੇਜੋ ਲੇਸ਼ਿਆ (ਅੱਗ ਲਾਉਣ ਵਾਲੀ ਸ਼ਕਤੀ) ਛੱਡ ਦਿੱਤੀ। ਸਾਰੇ ਸ਼ਹਿਰ ਵਿਚ ਧੂਆਂ ਛਾ ਗਿਆ। ਲੋਕ ਡਰ ਗਏ। ਲੋਕਾਂ ਨੇ ਮੁਨੀ ਤੋਂ ਮਾਫੀ ਮੰਗੀ। ਚਕਰਵਰਤੀ ਸੰਨਤਕੁਮਾਰ ਵੀ ਮੁਨੀ ਪਾਸ ਪਹੁੰਚੇ ਅਤੇ ਲੋਕਾਂ ਨੇ ਮੁਨੀ ਨੂੰ ਸਮਝਾ ਕੇ ਸ਼ਾਂਤ ਕੀਤਾ। ਸੰਭੂਤ ਮੁਨੀ ਨੇ ਨਿਸ਼ਚਾ ਕੀਤਾ ਕਿ ਉਹ ਤੱਪ ਦੀ ਸ਼ਕਤੀ ਨਾਲ ਚੱਕਰਵਰਤੀ ਬਣੇਗਾ। ਦੋਹੇ ਭਰਾ ਉਥੋਂ ਚਲੇ ਗਏ।

ਦੋਵੇਂ ਭਰਾ ਮਰ ਕੇ ਦੇਵਗਤੀ ਵਿਚ ਪੈਦਾ ਹੋਏ। ਛੇ ਜਨਮ ਇਕੱਠੇ ਰਹਿਣ ਤੋਂ ਬਾਅਦ ਉਹ ਅਲੱਗ ਅਲੱਗ ਪੈਦਾ ਹੋਏ।

ਸੰਭੂਤ ਦਾ ਜੀਵ ਮਰਕੇ ਕੰਪੀਲਪੁਰ ਦਾ ਬ੍ਰਹਮਦੱਤ ਚੱਕਰਵਰਤੀ ਬਣਿਆ ਅਤੇ ਚਿੱਤ ਦਾ ਜੀਵ ਪੁਰਮਿਤਾਲ ਨਗਰ ਦੇ ਇਕ ਅਮੀਰ ਘਰਾਣੇ ਵਿਚ ਪੈਦਾ ਹੋਇਆ।

ਇਕ ਵਾਰ ਬ੍ਰਹਮਦੱਤ ਚੱਕਰਵਰਤੀ ਨਾਟਕ ਵੇਖ ਰਿਹਾ ਸੀ। ਨਾਟਕ ਵੇਖਦੇ ਹੋਇਆਂ ਉਸ ਨੂੰ ਜਾਤੀ ਸਿਮਰਨ ਗਿਆਨ (ਪਿਛਲੇ ਜਨਮਾਂ ਦੀ ਯਾਦ) ਹੋ ਗਿਆ। ਉਸ ਨੂੰ ਚਿੱਤ ਦੀ ਯਾਦ ਸਤਾਉਣ ਲੱਗੀ। ਪਿਛਲੇ ਜਨਮਾਂ ਦੀ ਯਾਦ ਅਨੁਸਾਰ ਉਸ ਨੇ ਇਕ ਅੱਧੀ ਗਾਥਾ ਬਣਾਈ ਜੋ ਇਸ

ਪ੍ਰਕਾਰ ਹੈ :

**ਗੋਧ ਦਾਸੀ ਮ੍ਰਗੀ ਹੰਸੌ, ਮਾਤਗਾਵਮਰੋ ਤਥਾ।**

ਰਾਜੇ ਨੇ ਸ਼ਹਿਰ ਵਿਚ ਐਲਾਨ ਕਰਵਾ ਦਿੱਤਾ ਕਿ ਜੋ ਇਸ ਗਾਥਾ ਨੂੰ ਪੂਰੀ ਕਰੇਗਾ ਉਸ ਨੂੰ ਅੱਧਾ ਰਾਜ ਮਿਲੇਗਾ। ਪਰ ਕਿਸੇ ਨੂੰ ਇਸ ਦਾ ਮਤਲਬ ਪਤਾ ਨਹੀਂ ਸੀ।

ਚਿਤ ਜੈਨ ਸਾਧੂ ਬਣ ਚੁੱਕਾ ਸੀ। ਇਕ ਸਮੇਂ ਉਹ ਸਫਰ ਕਰਦੇ ਹੋਇਆਂ ਕਾਂਪੀਲਪੁਰ ਪਹੁੰਚਿਆ। ਉਸ ਮੁਨੀ ਨੂੰ ਪਹਿਲਾਂ ਵੀ ਜਾਤੀ ਸਿਮਰਨ ਗਿਆਨ ਹੋ ਚੁੱਕਿਆ ਸੀ। ਉਹ ਇਸ ਨਗਰੀ ਵਿਚ ਠਹਿਰੇ। ਉਹ ਧਿਆਨ ਲਾ ਕੇ ਖੜ੍ਹੇ ਸਨ। ਉਨ੍ਹਾਂ ਦੇ ਕੋਲ ਹੀ ਇਕ ਹੱਲਟ ਗੇੜਨ ਵਾਲਾ ਕਿਸਾਨ ਇਹ ਅੱਧੀ ਗਾਥਾ ਪੜ੍ਹ ਰਿਹਾ ਸੀ। ਮੁਨੀ ਨੇ ਇਹ ਗਾਥਾ ਸੁਣੀ। ਉਨ੍ਹਾਂ ਗਾਥਾ ਪੂਰੀ ਕਰ ਦਿੱਤੀ।

**एषा नौ षष्ठिका जातिरन्योन्याग्भ्यां वियुकत्यो :**

ਹੁਣ ਕੀ ਸੀ ਕਿਸਾਨ ਨੇ ਪੂਰੀ ਗਾਥਾ ਸੁਣੀ ਤੇ ਜਲਦੀ ਨਾਲ ਚੱਕਰਵਰਤੀ ਕੋਲ ਪਹੁੰਚਿਆ। ਚੱਕਰਵਰਤੀ ਚਿਤ ਮੁਨੀ ਪਾਸ ਪਹੁੰਚਿਆ ਅਤੇ ਉਨ੍ਹਾਂ ਨੂੰ ਭੋਗਾਂ ਬਾਰੇ ਬੁਲਾਵਾ ਦੇਣ ਲੱਗਾ ਪਰ ਚਿਤ ਮੁਨੀ ਤਾਂ ਸਭ ਕੁਝ ਤਿਆਗ ਕੇ ਸਾਧੂ ਬਣ ਚੁੱਕਾ ਸੀ। ਉਹਨੂੰ ਰਾਜਪਾਟ ਨਾਲ ਕੀ ਮਤਲਬ ਸੀ।

ਚਿਤ ਮੁਨੀ ਨੇ ਉਸ ਚੱਕਰਵਰਤੀ ਨੂੰ ਸਮਝਾਇਆ ਅਤੇ ਭੋਗਾਂ ਤੋਂ ਛੁਟਕਾਰਾ ਪਾਉਣ ਦੀ ਮੁਕਤੀ ਦਾ ਸੱਚਾ ਉਪਦੇਸ਼ ਦਿੱਤਾ। ਇਸ ਅਧਿਐਨ ਵਿਚ ਦੋਹੇ ਇਕ ਦੂਜੇ ਨੂੰ ਦਲੀਲ ਨਾਲ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ।

# ਤੇਰ੍ਹਵਾਂ ਅਧਿਐਨ

ਸੰਭੂਤ ਦਾ ਜੀਵ ਪਿਛਲੇ ਜਨਮ ਵਿਚ ਚੰਡਾਲ ਜਾਤੀ ਕਾਰਨ ਅਪਮਾਨਿਤ ਹੋ ਕੇ ਸਾਧੂ ਬਣ ਗਿਆ ਅਤੇ ਹਸਤਨਾਪੁਰ ਵਿਚ ਮੌਤ ਨੂੰ ਪ੍ਰਾਪਤ ਹੋਇਆ। ਫਿਰ ਪੱਦਮ ਗੁਲਮ ਨਾਮ ਦੇ ਵਿਮਾਨ ਵਿਚੋਂ ਚੱਲ ਕੇ ਕੰਪੀਲਪੁਰ ਵਿਚ ਚੁਲਨੀ ਰਾਣੀ ਦੀ ਕੁੱਖੋਂ ਬ੍ਰਹਮਦੱਤ ਚੱਕਰਵਰਤੀ ਦੇ ਰੂਪ ਵਿਚ ਪੈਦਾ ਹੋਇਆ।1।

ਸੰਭੂਤ ਕੰਪੀਲ ਨਗਰ ਵਿਚ ਤੇ ਚਿਤ ਦਾ ਜੀਵ ਪੁਰਿਮਤਾਲ ਨਗਰ ਵਿਚ ਵਿਸ਼ਾਲ ਸਰੇਸ਼ਟ ਕੁੱਲ ਵਿਚ ਪੈਦਾ ਹੋਇਆ ਤੇ ਧਰਮ ਸੁਣਕੇ ਭਿਕਸ਼ੂ ਬਣ ਗਿਆ।2।

ਕੰਪੀਲ ਨਗਰ ਵਿਚ ਚਿੱਤ ਤੇ ਸੰਭੂਤ ਦੋਹੇ ਮਿਲੇ। ਆਪਣੇ ਸੁੱਖ ਦੁੱਖ ਰੂਪੀ ਕਰਮਾਂ ਦੇ ਫਲ ਦੀ ਚਰਚਾ ਕਰਨ ਲੱਗਾ।3।

ਮਹਾਨ ਰਿਧੀ ਵਾਲ, ਯਸ਼ ਵਾਲਾ, ਚੱਕਰਵਰਤੀ ਬ੍ਰਹਮਦੱਤ ਆਪਣੇ ਪਿਛਲੇ ਜਨਮ ਦੇ ਭਰਾ ਨੂੰ ਮਾਨ ਪੂਰਵਕ ਇਸ ਪ੍ਰਕਾਰ ਆਖਣ ਲੱਗਾ।4।

ਚੱਕਰਵਰਤੀ : ਅਸੀਂ ਦੋਵੇਂ ਭਰਾ, ਇਕ ਦੂਸਰੇ ਦੇ ਵਸ ਵਿਚ (ਅਧੀਨ) ਰਹਿਣ ਵਾਲੇ, ਪ੍ਰੇਮ ਕਰਨ ਵਾਲੇ ਤੇ ਭਲਾ ਚਾਹੁੰਣ ਵਾਲੇ ਸੀ।5।

ਅਸੀਂ ਦੋਵੇਂ ਦਸ਼ਾਰਨ ਦੇਸ਼ ਵਿਚ ਦਾਸ ਦੇ ਰੂਪ ਵਿਚ, ਕਾਲਿੰਜਰ ਪਰਬਤ ਤੇ ਹਿਰਨ, ਮਿਰਤ ਗੰਗਾ ਦੇ ਕਿਨਾਰੇ ਹੰਸ਼ ਅਤੇ ਕਾਸ਼ੀ ਦੇਸ਼ ਵਿਚ ਚੰਡਾਲ ਦੇ ਰੂਪ ਵਿਚ ਪੈਦਾ ਹੋਏ ਸੀ।6।

ਅਸੀਂ ਦੇਵਲੋਕ ਵਿਚ ਮਹਾਨੀ ਰਿਧੀ ਵਾਲੇ ਦੇਵ ਸੀ। ਇਹ ਆਪਣਾ ਛੇਵਾਂ ਜਨਮ ਹੈ। ਜਿਸ ਵਿਚ ਆਪਾਂ ਇਕ ਦੂਸਰੇ ਤੋਂ ਅੱਡੋ ਅੱਡ ਪੈਦਾ ਹੋਏ ਹਾਂ।7।

ਮੁਨੀ – ਹੇ ਰਾਜਨ ! ਤੁਸਾਂ ਨੇ ਨਿਦਾਨ ਕ੍ਰਿਤ (ਭੋਗ ਇੱਛਾ) ਵਾਲੇ

ਕਰਮਾਂ ਦਾ ਵਿਸ਼ੇਸ਼ ਰੂਪ ਵਿਚ ਚੇਤਾ ਕੀਤਾ ਸੀ। ਉਸ ਦੇ ਕਰਮਾਂ ਦਾ ਫਲ ਹੈ ਕਿ ਅਸੀਂ ਦੋਵੇਂ ਅੱਡੋ ਅੱਡ ਪੈਦਾ ਹੋਏ।8।

ਚੱਕਰਵਰਤੀ - ਹੇ ਚਿੱਤ ! ਜੋ ਪਿਛਲੇ ਜਨਮ ਵਿਚ ਸੱਚ ਅਤੇ ਸ਼ੁੱਧ ਕਰਮ ਕੀਤੇ ਸਨ, ਉਨ੍ਹਾਂ ਦਾ ਫਲ ਭੋਗ ਰਿਹਾ ਹਾਂ, ਕੀ ਤੁਸੀਂ ਵੀ ਉਸੇ ਪ੍ਰਕਾਰ ਉੱਤਮ ਫਲ ਭੋਗ ਰਹੇ ਹੋ ?।9।

ਚਿਤਮੁਨੀ - ਮਨੁੱਖਾਂ ਦਾ ਚੰਗਾ ਆਚਰਣ ਹੀ ਸਫਲ ਹੁੰਦਾ ਹੈ ਅਤੇ ਕੀਤੇ ਹੋਏ ਕਰਮਾਂ ਦਾ ਫਲ ਭੋਗੇ ਬਿਨਾਂ ਛੁਟਕਾਰਾ (ਮੁਕਤੀ) ਨਹੀਂ ਮਿਲ ਸਕਦੀ। ਹੇ ਰਾਜਨ ! ਮੇਰੀ ਆਤਮਾ ਧੁਨ ਦੇ ਫਲ ਸਰੂਪ ਹੀ ਉੱਤਮ ਦਰੱਵ ਅਤੇ ਕਾਮ ਭੋਗਾਂ ਵਾਲੀ ਹੈ।10।

ਹੇ ਸੰਭੂਤ ! ਜਿਸ ਪ੍ਰਕਾਰ ਤੁਸੀਂ ਆਪਣੇ ਆਪ ਨੂੰ ਮਹਾਨ ਰਿਧੀ ਵਾਲਾ ਭਾਗਸ਼ਾਲੀ ਸਮਝਦੇ ਹੋ, ਅਤੇ ਪੁੰਨਵਾਨ ਸਮਝਦੇ ਹੋ, ਉਸੇ ਪ੍ਰਕਾਰ ਚਿੱਤ (ਮੈਨੂੰ) ਵੀ ਸਮਝੋ। ਮੇਰੀ ਰਿਧੀ ਤੇ ਯਸ਼ ਬਹੁਤ ਵੱਡਾ ਹੈ।11।

ਮੁਨੀ ਜਿਸ ਮਹਾਨ ਅਰਥ ਵਾਲੀ ਗਾਥਾ ਨੂੰ ਸੁਣ ਕੇ ਅਤੇ ਗਿਆਨ ਪੂਰਵਕ ਚਰਿੱਤਰ ਨਾਲ ਜੈਨ ਧਰਮ ਵਿਚ ਆਉਂਦੇ ਹਨ, ਉਸੇ ਥੋੜ੍ਹੇ ਅੱਖਰਾਂ ਵਾਲੀ ਤੇ ਬੜੇ ਅਰਥ ਵਾਲੀ ਗਾਥਾ ਨੂੰ ਸੁਣ ਕੇ ਹੀ ਮੈਂ ਸ਼੍ਰਮਣ (ਸਾਧੂ) ਹੋਇਆ ਹਾਂ।12।

ਚੱਕਰਵਰਤੀ - ਉੱਚੇ ਉਦੇ ਮਧੂ, ਕਰਕ, ਮੱਧ ਅਤੇ ਬ੍ਰਹਮ ਇਹ ਮੁੱਖ ਮਹਿਲ ਹਨ। ਪੰਚਾਲ ਦੇਸ਼ ਦੇ ਅਨੇਕਾਂ ਵਿਸ਼ੇਸ਼ ਪਦਾਰਥਾਂ ਨਾਲ ਭਰਪੂਰ ਅਤੇ ਹਰ ਪ੍ਰਕਾਰ ਦੇ ਧੰਨ ਦੌਲਤ ਨਾਲ ਸੰਪੰਨ ਇਨ੍ਹਾਂ ਘਰਾਂ ਨੂੰ ਸਵੀਕਾਰ ਕਰੋ।13।

ਹੇ ਭਿਕਸ਼ੂ ! ਨਾਟਕ ਗੀਤ ਅਤੇ ਬਾਜੇ ਅਤੇ ਇਸਤਰੀਆਂ ਨਾਲ ਤੁਸੀਂ ਭੋਗ ਕਰੋ। ਇਹ ਦਿੱਖਿਆ (ਸਾਧੂਪੁਣਾਂ) ਤਾਂ ਦੁੱਖਾਂ ਦਾ ਘਰ ਹੈ।14।

ਪਿਛਲੇ ਪ੍ਰੇਮ ਦੇ ਵਸ ਹੋ ਕੇ ਅਤੇ ਕਾਮ ਭੋਗ ਦੇ ਵਸ ਹੋ ਕੇ ਮੋਹ ਕਰਨ ਵਾਲੇ ਚੱਕਰਵਰਤੀ ਦੀ ਗੱਲ ਸੁਣ ਕੇ ਧਰਮ ਵਿਚ ਸਥਿਤ ਅਤੇ ਧਰਮ ਦਾ ਭਲਾ ਚਾਹੁਣ ਵਾਲੇ ਚਿੱਤਮੁਨੀ ਇਸ ਪ੍ਰਕਾਰ ਆਖਣ ਲੱਗੇ।15।

ਚਿਤਮੁਨੀ - ਸਾਰੇ ਗੀਤ ਵਿਲਾਪ (ਰੋਣ, ਪਿੱਟਣ) ਸਮਾਨ ਹਨ। ਸਾਰੇ ਨਾਟਕ ਨਸ਼ੇ ਸਮਾਨ ਹਨ। ਸਾਰੇ ਗਹਿਣੇ ਭਾਰ ਰੂਪ ਹਨ ਅਤੇ ਸਾਰੇ ਕਾਮ ਭੋਗ ਦੁੱਖਦਾਇਕ ਹਨ।16।

ਰਾਜਨ ਅਗਿਆਨੀਆਂ ਨੂੰ ਸੁੰਦਰ ਵਿਖਾਈ ਦੇਣ ਵਾਲੇ ਪਰ ਅੰਤ ਵਿਚ ਦੁੱਖ ਦੇਣ ਵਾਲੇ ਅਜਿਹੇ ਕਾਮਗੁਣਾਂ ਵਿਚ ਉਹ ਸੁੱਖ ਨਹੀਂ ਜੋ ਕਾਮ ਭੋਗ ਤੋਂ ਰਹਿਤ ਹੋ ਕੇ ਸ਼ੀਲ (ਚਰਿੱਤਰ) ਵਾਲੇ ਤਪੱਸਿਆ ਦੇ ਧਨੀ ਭਿਕਸ਼ੂਆਂ ਨੂੰ ਹੁੰਦਾ ਹੈ।17।

ਹੇ ਨਰਿੰਦਰ ! ਪਿਛਲੇ ਜਨਮ ਵਿਚ ਅਸੀਂ ਦੋਵਾਂ ਨੇ ਮਨੁੱਖ ਜਾਤੀ ਵਿਚ ਸਤਿਕਾਰ ਰਹਿਤ ਚੰਡਾਲ ਜਾਤੀ ਪ੍ਰਾਪਤ ਕੀਤੀ ਸੀ। ਉਥੇ ਅਸੀਂ ਸਾਰੇ ਲੋਕਾਂ ਦੇ ਗੁੱਸੇ ਦਾ ਨਿਸ਼ਾਨਾ ਬਣੇ ਸੀ, ਚੰਡਾਲ ਬਸਤੀ ਵਿਚ ਰਹਿੰਦੇ ਸੀ।18।

ਨਿੰਦਾ ਯੋਗ ਚੰਡਾਲ ਜਾਤੀ ਵਿਚ ਅਸਾਂ ਜਨਮ ਲਿਆ ਉਥੇ ਅਸੀਂ ਬਸਤੀ ਵਿਚ ਰਹੇ। ਤਦ ਸਾਰੇ ਲੋਕ ਸਾਨੂੰ ਜਾਤੀ ਕਾਰਨ ਘਿਰਣਾ ਕਰਦੇ ਸਨ। ਇਸ ਲਈ ਇੱਥੇ ਜੋ ਮਹਾਨਤਾ ਪ੍ਰਾਪਤ ਹੈ ਉਹ ਪਿਛਲੇ ਜਨਮ ਦੇ ਸ਼ੁਭ ਕਰਮਾਂ ਦਾ ਫਲ ਹੈ।19।

ਪਿਛਲੇ ਕਰਮਾਂ ਦੇ ਫਲਸਰੂਪ ਇਸ ਸਮੇਂ ਤੂੰ ਪਿਛਲੀ ਨੀਚ ਜਾਤ ਨੂੰ ਤਿਆਗ ਕੇ ਹੁਣ ਬੜੀ ਕਿਸਮਤ ਵਾਲਾ ਚੱਕਰਵਰਤੀ ਰਾਜਾ ਬਣਿਆ, ਇਸ ਲਈ ਇਨ੍ਹਾਂ ਵਿਨਾਸ਼ਕਾਰੀ ਭੋਗਾਂ ਨੂੰ ਛੱਡ ਕੇ ਤੂੰ ਸੰਜਮ ਗ੍ਰਹਿਣ ਕਰਨ ਲਈ ਘਰ ਬਾਰ ਤਿਆਗ।20।

ਹੇ ਰਾਜਨ ! ਜੋ ਇਸ ਖਤਮ ਹੋਣ ਵਾਲੇ ਜੀਵਨ ਵਿਚ ਪੁੰਨ ਕਰਮ ਨਾ ਕਰਨ ਵਾਲਾ ਜੀ ਮੌਤ ਦੇ ਮੂੰਹ ਵਿਚ ਪਹੁੰਚ ਕੇ ਸੋਚਦਾ ਹੈ ਅਤੇ ਧਰਮ ਨਾ ਕਰਨ ਵਾਲਾ ਜੀਵ ਪਰਲੋਕ ਵਿਚ ਵੀ ਸੋਚਦਾ ਰਹਿੰਦਾ ਹੈ।21।

ਜਿਸ ਪ੍ਰਕਾਰ ਲੋਕ ਵਿਚ ਮਿਰਗ ਨੂੰ ਸ਼ੇਰ ਪਕੜ ਕੇ ਲੈ ਜਾਂਦਾ ਹੈ, ਉਸੇ ਪ੍ਰਕਾਰ ਸਮਾਂ ਅੰਤ ਮਨੁੱਖ ਨੂੰ ਮੌਤ ਪਕੜ ਕੇ ਲੈ ਜਾਂਦੀ ਹੈ। ਉਸ ਸਮੇਂ ਮਾਂ, ਪਿਉ, ਭਾਈ ਆਦਿ ਕੋਈ ਵੀ ਥੋੜ੍ਹੇ ਸਮੇਂ ਲਈ ਵੀ ਇਸ ਤੋਂ ਛੁਟਕਾਰਾ ਨਹੀਂ ਦਿਵਾ ਸਕਦੇ।22।

ਉਸ ਦੁੱਖ ਨੂੰ ਜਾਤ ਬਰਾਦਰੀ ਵਾਲੇ ਆਪਸ ਵਿਚ ਵੰਡ ਨਹੀਂ ਸਕਦੇ, ਨਾ ਹੀ ਦੋਸਤ, ਪੁੱਤਰ ਤੇ ਭਰਾ, ਰਿਸ਼ਤੇਦਾਰ ਵੀ ਘੱਟ ਕਰ ਸਕਦੇ ਹਨ।23।

ਇਹ ਆਤਮਾ ਦੋ ਪੈਰ ਵਾਲੀਆਂ ਵਸਤਾਂ, ਨੌਕਰ ਚਾਕਰ, ਚਾਰ ਪੈਰ ਵਾਲੀਆਂ ਵਸਤਾਂ ਗਊਆਂ, ਮੱਝਾਂ, ਘੋੜੇ ਆਦਿ, ਖੇਤ, ਘਰ, ਧਨ, ਅਨਾਜ ਅਤੇ ਕੱਪੜੇ ਆਦਿ ਸਭ ਨੂੰ ਛੱਡ ਕੇ ਆਪਣੇ ਕਰਮਾਂ ਦੇ ਅਧੀਨ ਸਵਰਗ ਜਾਂ ਨਰਕ ਵਿਚ ਚਲੀਆਂ ਜਾਂਦੀਆਂ ਹਨ।24।

ਜੀਵ ਰਹਿਤ ਉਸ ਇਕੱਲੇ, ਤੁੱਛ ਸਰੀਰ ਨੂੰ ਚਿਤਾ ਦੀ ਅੱਗ ਵਿਚ ਜਲਾ ਕੇ ਇਸਤਰੀ, ਪੁੱਤਰ ਅਤੇ ਜਾਤ ਬਰਾਦਰੀ ਵਾਲੇ, ਕੋਈ ਨਵਾਂ ਸਹਾਰਾ ਲੱਭ ਲੈਂਦੇ ਹਨ।25।

ਹੇ ਰਾਜਨ ! ਜੀਵਨ ਬਿਨਾਂ ਰੁਕਾਵਟ ਤੋਂ ਮੌਤ ਦੇ ਨੇੜੇ ਆ ਰਿਹਾ ਹੈ। ਉਮਰ ਬੀਤ ਰਹੀ ਹੈ। ਬੁਢਾਪਾ ਮਨੁੱਖ ਦੇ ਰੰਗ ਦਾ ਨਾਸ਼ ਕਰ ਰਿਹਾ ਹੈ। ਹੇ ਪੰਚਾਲ ਦੇਸ਼ ਦੇ ਮਹਾਰਾਜ ! ਸੁਣੋ ਤੁਸੀਂ ਮਹਾਨ ਆਰੰਭ (ਪਾਪ ਕਰਮ) ਦਾ ਕਾਰਨ ਨਾ ਬਣੋ।26।

ਹੇ ਸਾਧੂ ! ਜੋ ਆਪ ਆਖਦੇ ਹੋ ਮੈਂ ਸਮਝਦਾ ਹਾਂ। ਪਰ ਹੇ ਆਰਿਆ

(ਸਰੇਸ਼ਟ) ਇਹ ਭੋਗ ਬੰਧਨ (ਜੰਜੀਰ) ਰੂਪ ਹੋ ਗਏ ਹਨ। ਇਸ ਲਈ ਮੇਰਾ ਇਨ੍ਹਾਂ ਤੇ ਕਾਬੂ ਪਾਉਣਾ ਬਹੌਤ ਔਖਾ ਹੈ।27।

ਹੇ ਚਿਤ ! ਮੈਂ ਹਸਤਨਾਪੁਰ ਵਿਚ ਮਹਾਨ ਰਿਧੀ ਸ਼ਾਲੀ ਮਹਾਰਾਜ ਤੇ ਮਹਾਰਾਣੀ ਨੂੰ ਵੇਖ ਕੇ, ਕਾਮ ਭੋਗ ਵਿਚ ਫਸ ਕੇ ਨਿਦਾਨ (ਅਸ਼ੁੱਭ ਕਰਮ) ਕੀਤਾ ਸੀ।28।

ਉਸ ਨਿਦਾਨ (ਅਸ਼ੁੱਭ ਕਰਮ) ਦੇ ਸਿੱਟੇ ਵਜੋਂ, ਪ੍ਰਤਿਕ੍ਰਮਣ ਨਾ ਕਰਨ ਬਦਲੇ ਮੈਨੂੰ ਇਹ ਫਲ ਮਿਲਿਆ ਹੈ ਕਿ ਮੈਂ ਧਰਮ ਨੂੰ ਜਾਣਦਾ ਹੋਇਆ ਵੀ ਧਰਮ ਤੋਂ ਬੇਮੁੱਖ ਹਾਂ ਅਤੇ ਕਾਮ ਭੋਗਾਂ ਵਿਚ ਫਸ ਚੁੱਕਾ ਹਾਂ।29।

ਜਿਸ ਤਰ੍ਹਾਂ ਗਾਰੇ ਵਿਚ ਫਸਿਆ ਹਾਥੀ ਸਾਫ ਥਾਂ ਨੂੰ ਵੇਖ ਕੇ ਵੀ ਕਿਨਾਰੇ ਤੇ ਨਹੀਂ ਆ ਸਕਦਾ, ਉਸੇ ਪ੍ਰਕਾਰ ਕਾਮ ਵਾਸਨਾ ਵਿਚ ਲੱਗਾ ਹੋਇਆ ਮੈਂ ਸਾਧੂਪੁਣੇ ਦੇ ਰਾਹ ਨੂੰ ਜਾਣਦਾ ਹੋਇਆ ਵੀ ਇਸ ਦਾ ਪਾਲਣ ਨਹੀਂ ਕਰ ਸਕਦਾ।30।

ਮੁਨੀ - ਸਮਾਂ ਬੀਤ ਰਿਹਾ ਹੈ, ਰਾਤਾਂ ਜਾ ਰਹੀਆਂ ਹਨ, ਮਨੁੱਖ ਦੇ ਕਾਮ ਭੋਗ ਹਮੇਸ਼ਾ ਰਹਿਣ ਵਾਲੇ ਨਹੀਂ ਹਨ। ਇਹ ਭੋਗ ਘੱਟ ਪੁੰਨ ਵਾਲੇ ਆਦਮੀ ਨੂੰ ਉਸੇ ਪ੍ਰਕਾਰ ਛੱਡ ਕੇ ਚਲੇ ਜਾਂਦੇ ਹਨ ਜਿਵੇਂ ਕਿ ਫਲ ਰਹਿਤ ਬ੍ਰਿਛ ਨੂੰ ਪੰਛੀ।31।

ਹੇ ਰਾਜਨ ! ਜੇ ਤੁਸੀਂ ਕਾਮ ਭੋਗਾਂ ਦਾ ਤਿਆਗ ਕਰਨ ਦੀ ਸਮਰਥਾ ਰੱਖਦੇ ਹੋ ਤਾਂ ਧਰਮ ਵਿਚ ਸਥਿਰ ਹੋ ਕੇ ਪ੍ਰਾਣੀਆਂ ਪ੍ਰਤੀ ਦਇਆ ਭਾਵ ਰੱਖ ਕੇ ਆਰਿਆ (ਸ਼ੁਭ) ਕਰਮ ਕਰੋ। ਇਸ ਨਾਲ ਤੁਸੀਂ ਵੈਕਰਿਆ ਸ਼ਰੀਰਧਾਰੀ ਦੇਵਤਾ ਬਣ ਜਾਵੋਗੇ।92।

ਹੇ ਰਾਜਨ ! ਤੁਹਾਡੀ ਭੋਗਾਂ ਨੂੰ ਛੱਡਣ ਦੀ ਬੁੱਧੀ ਨਹੀਂ ਹੈ। ਤੁਸੀਂ ਆਰੰਭ (ਪਾਪਾਂ) ਪਰਿਗ੍ਰਹਿ ਵਿਚ ਲੱਗੇ ਹੋ। ਮੈਂ ਫਜ਼ੂਲ ਮੱਥਾ ਤੁਹਾਡੇ ਨਾਲ

ਮਾਰਦਾ ਰਿਹਾ। ਹੁਣ ਮੈਂ ਜਾਂਦਾ ਹਾਂ।33।

ਸਾਧੂ ਦੇ ਬਚਨਾਂ ਦਾ ਪਾਲਣ ਨਾ ਕਰਨ ਕਾਰਨ ਅਤੇ ਉਤਮ ਕਾਮਭੋਗ ਨੂੰ ਭੋਗ ਕੇ ਉਹ ਪੰਚਾਲ ਦੇਸ਼ ਦਾ ਰਾਜਾ, ਬ੍ਰਹਮਦੱਤ ਸੱਤਵੀਂ ਨਰਕ ਵਿਚ ਗਿਆ।34।

ਮਹਾਰਿਸ਼ੀ ਚਿਤ, ਕਾਮ ਭੋਗਾਂ ਨੂੰ ਤਿਆਗ ਕੇ ਉੱਚੇ ਤੇ ਸੁੱਚੇ ਚਰਿੱਤਰ ਤਪ ਦਾ ਪਾਲਣ ਕਰਕੇ ਸਿਧ (ਮੁਕਤ) ਗਤੀ ਨੂੰ ਪ੍ਰਾਪਤ ਹੋਏ।35।

ਇਸ ਪ੍ਰਕਾਰ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ

ਧਰਮ ਪਾਲਨ ਕਰਨ ਬਦਲੇ ਭੋਗ ਪ੍ਰਾਪਤੀ ਲਈ ਕੀਤਾ ਸੰਕਲਪ ਨਿਦਾਨ ਹੈ। ਇਹ ਆਰਤ ਧਿਆਨ ਦਾ ਇਕ ਭੇਦ ਹੈ।

ਗਾਥਾ 6

ਚੂਰਨੀ ਤੇ ਸਰਵਾਰਥ ਸਿੱਧੀ ਅਨੁਸਾਰ ਗੰਗਾ ਹਰ ਸਾਲ ਆਪਣਾ ਰਾਹ ਬਦਲਦੀ ਹੈ। ਜੋ ਪਹਿਲਾਂ ਰਾਹ ਛੱਡ ਦਿੰਦੀ ਹੈ, ਉਸ ਨੂੰ ਮਿਰਤ ਗੰਗਾ ਆਖਦੇ ਹਨ।

ਗਾਥਾ 22

ਤੁਲਨਾ ਕਰੋ

ਮਹਾਭਾਰਤ ਸ਼ਾਂਤੀਪਰਵ 175/18-19

ਗਾਥਾ 23

ਤੁਲਨਾ ਕਰੋ

ਮਹਾਭਾਰਤ ਸ਼ਾਂਤੀਪਰਵ 40/15

ਗਾਥਾ 24

ਤੁਲਨਾ ਕਰੋ

ਮਹਾਭਾਰਤ ਸ਼ਾਂਤੀਪਰਵ 40/17

ਗਾਥਾ 25

ਤੁਲਨਾ ਕਰੋ

ਮਹਾਭਾਰਤ ਸ਼ਾਂਤੀਪਰਵ 40/17

321/64

# 14
# ਈਸੁਕਾਰੀਯਾ ਅਧਿਐਨ

ਪੁਰਾਣੇ ਸਮੇਂ ਵਿਚ ਕੁਰੂਖੇਤਰ ਨਾਉਂ ਦੇ ਇਲਾਕੇ ਵਿਚ ਇਸ਼ੂਕਾਰ ਨਾਉਂ ਦਾ ਸ਼ਹਿਰ ਸੀ। ਇੱਥੇ ਇਸ਼ੂਕਾਰ ਨਾਉਂ ਦਾ ਹੀ ਰਾਜਾ ਸੀ। ਉਸ ਦੀ ਕਮਲਾਵਤੀ ਨਾਉਂ ਦੀ ਮਹਾਰਾਣੀ ਸੀ।

ਉਸੇ ਸਹਿਰ ਵਿਚ ਭ੍ਰਿਗੂ ਨਾਉਂ ਦਾ ਰਾਜ-ਪੁਰੋਹਿਤ ਸੀ। ਉਸ ਦੀ ਪਤਨੀ ਯਸ਼ਾ ਸੀ। ਉਹ ਬਹੁਤ ਅਮੀਰ ਸੀ। ਪਰ ਉਸ ਦੇ ਕੋਈ ਪੁੱਤਰ ਨਹੀਂ ਸੀ। ਇਕ ਵਾਰ ਸੁਪਨੇ ਵਿਚ ਦੋ ਦੇਵਤਿਆਂ ਨੇ ਉਸ ਨੂੰ ਸੂਚਨਾ ਦਿੱਤੀ ਕਿ ਉਹ ਦੋਵੇਂ ਉਸ ਦੇ ਘਰ ਜਨਮ ਲੈਣਗੇ ਅਤੇ ਵੱਡੇ ਹੋ ਕੇ ਸਾਧੂ ਬਣਨਗੇ।

ਉਹ ਤੇ ਉਸ ਦੀ ਪਤਨੀ ਦੋਵੇਂ ਪੁੱਤਰਾਂ ਨੂੰ ਪਾ ਕੇ ਬੇਹੱਦ ਖੁਸ਼ ਸਨ। ਉਹ ਉਨ੍ਹਾਂ ਪੁੱਤਰਾਂ ਨੂੰ ਸਾਧੂਆਂ ਤੋਂ ਦੂਰ ਰੱਖਦੇ ਸਨ। ਉਨ੍ਹਾਂ ਨੂੰ ਦੱਸਿਆ ਗਿਆ ਕਿ ਸਾਧੂਆਂ ਤੋਂ ਪਰੇ ਰਹਿਣਾ ਚਾਹੀਦਾ ਹੈ। ਇਹ ਛੋਟੇ ਛੋਟੇ ਬੱਚਿਆਂ ਨੂੰ ਚੁੱਕ ਕੇ ਲੈ ਜਾਂਦੇ ਹਨ। ਦੋਵੇਂ ਜਵਾਨ ਹੋਣ ਲੱਗੇ।

ਇਕ ਦਿਨ ਦੀ ਗੱਲ ਹੈ ਦੋਵੇਂ ਭਰਾ ਜੰਗਲ ਵਿਚ ਖੇਡ ਰਹੇ ਸਨ। ਦੋਹਾਂ ਨੇ ਕੁਝ ਸਾਧੂਆਂ ਨੂੰ ਵੇਖਿਆ। ਦੋਹੇ ਭਰਾ ਸਾਧੂਆਂ ਨੂੰ ਵੇਖ ਕੇ ਘਬਰਾ ਗਏ ਅਤੇ ਡਰਦੇ ਹੋਏ ਉਨ੍ਹਾਂ ਪਾਸੋਂ ਬਚਾਓ ਦਾ ਉਪਾਅ ਕਰਨ ਲੱਗੇ। ਹੋਰ ਕੋਈ ਰਾਹ ਨਾ ਮਿਲਦਾ ਵੇਖ ਕੇ, ਉਹ ਰੁੱਖ ਤੇ ਚੜ੍ਹ ਗਏ । ਪਰ ਉਸੇ ਰੁੱਖ ਹੇਠ ਸਾਧੂ ਵੀ ਆਰਾਮ ਕਰਨ ਲਈ ਬੈਠ ਗਏ। ਉਹਨਾਂ ਆਪਣੇ ਰਜੋਹਰਨ ਨਾਲ ਜੀਵ ਜੰਤੂ ਦੂਰ ਕੀਤੇ। ਫਿਰ ਦੋਹਾਂ ਨੇ ਲੱਕੜੀ ਦੇ ਬਰਤਨ ਵਿਚ ਮੰਗ ਕੇ ਲਿਆਂਦਾ ਭੋਜਨ ਕੀਤਾ। ਦੋਹੇ ਭਰਾਵਾਂ ਨੂੰ

ਸਾਧੂਆਂ ਦਾ ਇਹ ਸਭ ਕੁਝ ਬਹੁਤ ਚੰਗਾ ਲੱਗਿਆ। ਉਨ੍ਹਾਂ ਦਾ ਬਚਪਨ ਦਾ ਡਰ ਦੂਰ ਹੋ ਗਿਆ। ਦੋਵੇਂ ਸੋਚਣ ਲੱਗੇ, ਉਨ੍ਹਾਂ ਨੂੰ ਕੁਝ ਯਾਦ ਆਉਣ ਲੱਗਾ, ਅਸਾਂ ਇਹ ਸਭ ਕੁਝ ਪਹਿਲਾਂ ਵੀ ਵੇਖਿਆ ਹੈ। ਇਸ ਪ੍ਰਕਾਰ ਉਨ੍ਹਾਂ ਨੂੰ ਪਿਛਲਾ ਜਨਮ ਯਾਦ ਆ ਗਿਆ। ਉਹ ਬਹੁਤ ਖੁਸ਼ ਹੋਏ। ਉਹ ਦਰਖ਼ਤ ਤੋਂ ਹੇਠਾਂ ਉੱਤਰ ਕੇ ਸਾਧੂਆਂ ਕੋਲ ਆ ਗਏ। ਸਾਧੂਆਂ ਨੇ ਉਨ੍ਹਾਂ ਨੂੰ ਧਰਮ ਉਪਦੇਸ਼ ਦਿੱਤਾ।

ਦੋਹੇ ਭਰਾਵਾਂ ਨੇ ਸਾਧੂ ਬਨਣ ਦਾ ਫੈਸਲਾ ਕਰ ਲਿਆ। ਉਨ੍ਹਾਂ ਦੇ ਮਾਤਾ ਪਿਤਾ ਨੇ ਉਨ੍ਹਾਂ ਨੂੰ ਬਹੁਤ ਸਮਝਾਇਆ ਪਰ ਜਦ ਉਹ ਆਪਣੇ ਨਿਸ਼ਚੈ ਤੇ ਪੱਕੇ ਰਹੇ ਤਾਂ ਮਾਂ ਪਿਓ ਨੇ ਇਨ੍ਹਾਂ ਨੂੰ ਇਜਾਜ਼ਤ ਦੇ ਦਿੱਤੀ। ਉਨ੍ਹਾਂ ਦੇ ਮਾਤਾ ਪਿਤਾ ਨੇ ਵੀ ਸੰਜਮ ਲੈਣ ਦਾ ਫੈਸਲਾ ਕਰ ਲਿਆ।

ਭਰਿਗੂ ਦੀ ਸੰਪਤੀ ਦਾ ਸਵਾਲ ਇਕ ਮਹੱਤਵਪੂਰਨ ਸੀ, ਕਿਉਂਕਿ ਸਾਰਾ ਪਰਿਵਾਰ ਸਾਧੂ ਬਣ ਚੁੱਕਾ ਸੀ। ਇਸ ਲਈ ਸੰਪਤੀ ਦਾ ਮਾਲਕ ਰਾਜਾ ਸੀ। ਪਰ ਉਸ ਦੀ ਰਾਣੀ ਕਮਲਾਵਤੀ ਨੇ ਰਾਜੇ ਨੂੰ ਸਮਝਾਇਆ। ਉਸ (ਰਾਣੀ) ਨੇ ਕਿਹਾ, ਹੇ ਰਾਜਨ ! ਇਹ ਜੀਵਨ ਖ਼ਤਮ ਹੋ ਜਾਣਾ ਹੈ। ਕੁਝ ਵੀ ਆਪਣਾ ਨਹੀਂ। ਇਹ ਰਾਜਪਾਟ, ਪਰਿਵਾਰ, ਧਨ ਅਤੇ ਇਸਤਰੀ ਇੱਥੇ ਹੀ ਰਹਿਣ ਵਾਲੀਆਂ ਹਨ। ਸੋ ਕਿਉਂ ਨਾ ਅਸੀਂ ਧਰਮ ਦਾ ਪਾਲਣ ਕਰੀਏ ? ਅਤੇ ਪੁਰੋਹਿਤ ਰਾਹੀਂ ਛੱਡੀ ਸੰਪਤੀ ਕਿਉਂ ਗ੍ਰਹਿਣ ਕਰੀਏ ? ਥੁੱਕੇ ਨੂੰ ਚੱਟਣਾ ਬੇਵਕੂਫੀ ਹੈ, ਸਮਝਦਾਰੀ ਨਹੀਂ। ਰਾਣੀ ਦਾ ਇਹ ਉਪਦੇਸ਼ ਸੁਣ ਕੇ ਰਾਜਾ ਈਸ਼ੂਕਾਰ ਵੀ ਸਾਧੂ ਬਨਣ ਨੂੰ ਤਿਆਰ ਹੋ ਗਿਆ। ਇਸ ਪ੍ਰਕਾਰ ਰਾਜਾ ਈਸ਼ੂਕਾਰ, ਰਾਣੀ ਕਮਲਾਵਤੀ, ਚਿਤ, ਸੰਭੂਤ, ਭਰਿਗੂ ਪੁਰੋਹਿਤ ਅਤੇ ਉਸ ਦੀ ਪਤਨੀ ਨੇ ਸੰਜਮ ਧਾਰਨ ਕੀਤਾ। ਇਸ ਅਧਿਐਨ ਵਿਚ ਇਨ੍ਹਾਂ ਛੇਆਂ ਦੇ ਸਾਧੂ ਬਣਨ ਦਾ ਵਰਨਣ ਹੈ।

# ਚੌਦਵਾਂ ਅਧਿਐਨ

ਦੇਵਲੋਕ ਦੀ ਤਰ੍ਹਾਂ ਖੂਬਸੂਰਤ, ਪੁਰਾਣੀ, ਪ੍ਰਸਿੱਧ ਅਤੇ ਧਨ ਦੌਲਤ ਨਾਲ ਭਰਪੂਰ ਈਸ਼ੂਕਾਰ ਨਾਉਂ ਦੀ ਨਗਰੀ ਸੀ। ਉਸ ਵਿਚ ਪਿਛਲੇ ਜਨਮ ਵਿਚ ਇਕੋ ਦੇਵਵਿਮਾਨ ਦੇ ਰਹਿਣ ਵਾਲੇ ਕੁਝ ਜੀਵ, ਦੇਵਤੇ ਦੀ ਉਮਰ ਪੂਰੀ ਕਰਕੇ ਪੈਦਾ ਹੋਏ।1।

ਪਿਛਲੇ ਜਨਮਾਂ ਵਿਚ ਕੀਤੇ ਆਪਣੇ ਸ਼ੁਭ ਕਰਮਾਂ ਦੇ ਕਾਰਨ ਉਹ ਦੇਵ ਲੋਕ ਦੇ ਜੀਵ ਉੱਤਮ ਕੁੱਲ ਵਿਚ ਪੈਦਾ ਹੋਏ। ਫਿਰ ਸੰਸਾਰ ਦੇ ਡਰ ਤੋਂ ਨਿਰਲੇਪ ਹੋ ਕੇ ਜੈਨ ਧਰਮ ਦੀ ਸ਼ਰਨ ਗ੍ਰਹਿਣ ਕੀਤੀ।2।

ਉਹ ਛੇ ਜੀਵ ਇਹ ਸਨ - (1) ਵਿਸ਼ਾਲ ਕੀਰਤੀ (ਯੱਸ਼) ਵਾਲਾ ਈਸ਼ੂਕਾਰ ਰਾਜਾ (2) ਕਮਲਾਵਤੀ ਮਹਾਰਾਣੀ (3) ਪੁਰੋਹਿਤ (4) ਉਸ ਦੀ ਪਤਨੀ ਯਸ਼ਾ (5-6) ਪੌਰੋਹਿਤ ਦੇ ਦੋ ਲੜਕੇ।

ਜਨਮ ਬੁਢਾਪਾ, ਬਿਮਾਰੀ ਅਤੇ ਮੌਤ ਦੇ ਡਰ ਤੋਂ ਕੁਮਾਰਾਂ (ਪੁਰੋਹਿਤ ਦੇ ਲੜਕਿਆਂ) ਦਾ ਮਨ ਮੁਨੀ ਦੇ ਦਰਸ਼ਨ ਕਰਨ ਨਾਲ ਮੁਕਤੀ ਪ੍ਰਾਪਤ ਕਰਨ ਦੀ ਇੱਛਾ ਵੱਲ ਖਿੱਚਿਆ ਗਿਆ। ਸਿੱਟੇ ਵਜੋਂ ਸੰਸਾਰ ਚੱਕਰ ਤੋਂ ਮੁਕਤੀ ਪਾਉਣ ਲਈ ਉਹ ਕਾਮ ਭੋਗਾਂ ਤੋਂ ਅਲੈਹਿਦਾ ਹੋ ਗਏ।4।

ਬ੍ਰਾਹਮਣ ਦੇ ਯੋਗ ਕਰਮ ਕਰਨ ਵਾਲੇ ਉਸ ਪੁਰੋਹਿਤ ਦੇ ਦੋਹੇ ਪੁੱਤਰਾਂ ਨੂੰ ਜਾਤੀ ਸਿਮਰਨ ਗਿਆਨ (ਪਿਛਲੇ ਜਨਮ ਦਾ ਗਿਆਨ) ਹੋ ਗਿਆ, ਜਿਸ ਨਾਲ ਉਹ ਪਿਛਲੇ ਜਨਮਾਂ ਵਿਚ ਪਾਲੇ ਸੰਜਮ, ਤਪ ਨੂੰ ਯਾਦ ਕਰਨ ਲੱਗੇ।5।

ਉਹ ਦੇਵਤਿਆਂ ਤੇ ਮਨੁੱਖਾਂ ਦੇ ਕਾਮਭੋਗਾਂ ਤੋਂ ਵੱਖ ਹੋ ਕੇ ਮੁਕਤੀ ਦੀ ਇੱਛਾ ਤੇ ਧਰਮ ਵਿਚ ਸ਼ਰਧਾ ਰੱਖਦੇ ਹੋਏ ਪੁੱਤਰ ਆਪਣੇ ਪਿਤਾ ਨੂੰ ਇਸ ਪ੍ਰਕਾਰ ਆਖਣ ਲੱਗੇ।6।

''ਜੀਵਨ ਨਾਸ਼ਵਾਨ ਹੈ। ਉਮਰ ਥੋੜ੍ਹੀ ਹੈ ਅਤੇ ਉਹ ਵੀ ਕਸ਼ਟਾਂ ਨਾਲ ਭਰੀ ਹੋਈ ਹੈ। ਇਸ ਲਈ ਸਾਨੂੰ ਗ੍ਰਹਿਸਥ ਵਿਚ ਕੋਈ ਦਿਲਚਸਪੀ ਨਹੀਂ, ਸਾਨੂੰ ਆਗਿਆ ਦੇਵੋ, ਕਿ ਅਸੀਂ ਭਿਕਸ਼ੂ ਬਣੀਏ।7।

ਇਹ ਸੁਣ ਕੇ ਪਿਤਾ, ਉਨ੍ਹਾਂ ਭਾਵ ਮੁਨੀਆਂ ਦੇ ਰਾਹ ਵਿਚ ਰੋੜਾ ਅਟਕਾਉਣ ਵਾਲੇ ਵਾਕ ਇਸ ਪ੍ਰਕਾਰ ਆਖਣ ਲੱਗਾ, ਵੇਦਾਂ ਦੇ ਵਿਦਵਾਨ ਇਸ ਪ੍ਰਕਾਰ ਆਖਦੇ ਹਨ ਕਿ ਪੁੱਤਰ ਰਹਿਤ ਮਨੁੱਖ ਨੂੰ ਉੱਤਮ ਗਤੀ (ਜੂਨੀ) ਪ੍ਰਾਪਤ ਨਹੀਂ ਹੁੰਦੀ।8।

ਹੇ ਪੁੱਤਰੋ ! ਤੁਸੀਂ ਵੇਦ ਪੜ੍ਹ ਕੇ, ਬ੍ਰਾਹਮਣਾਂ ਨੂੰ ਭੋਜਨ ਕਰਾ ਕੇ ਅਤੇ ਇਸਤਰੀਆਂ ਦੇ ਭੋਗ ਭੋਗ ਕੇ, ਆਪਣੇ ਪੁੱਤਰਾਂ ਨੂੰ ਘਰ ਸੰਭਾਲ ਕੇ ਜੰਗਲਾਂ ਵਿਚ ਰਹਿਣ ਵਾਲਾ ਸਾਧੂ ਬਣ ਜਾਣਾ।9।

ਪੁਰੋਹਿਤ ਦੁਖੀ ਹੋ ਗਿਆ। ਉਸ ਦੀ ਆਤਮਾ ਰਾਗ ਦਵੇਸ਼ ਆਦਿ ਰੂਪੀ ਲਕੜੀ ਵਿਚ ਮੋਹ ਰੂਪੀ ਹਵਾ ਨਾਲ ਦੁੱਖ ਰੂਪੀ ਅੱਗ ਭੜਕ ਉੱਠੀ। ਉਹ ਪੁੱਤਰਾਂ ਨੂੰ ਘਰ ਵਿਚ ਰਹਿਣ ਲਈ ਮਿੰਨਤਾਂ ਤਰਲੇ ਕਰਦਾ ਹੋਇਆ ਧਨ ਤੇ ਕਾਮਭੋਗ ਦੇ ਲਾਲਚ ਦੇਣ ਲਗਾ। ਪੁੱਤਰ ਇਸ ਪ੍ਰਕਾਰ ਆਖਣ ਲੱਗਾ।10-11।

ਪੁੱਤਰ - ਪਿਤਾ ਜੀ ! ਖਾਲੀ ਵੇਦ ਪੜ੍ਹਨ ਨਾਲ ਉਹ ਕਿਸੇ ਜੀਵ ਨੂੰ ਆਸਰਾ ਨਹੀਂ ਦੇ ਸਕਦੇ। ਭੋਜਨ ਖਿਲਾਏ ਹੋਏ ਬ੍ਰਾਹਮਣ ਵੀ ਹਨ੍ਹੇਰੇ ਵੱਲ ਲੈ ਜਾਂਦੇ ਹਨ। ਪੁੱਤਰ ਵੀ ਰੱਖਿਆ ਨਹੀਂ ਕਰ ਸਕਦੇ ਤਾਂ ਆਪ ਦੇ ਉਪਰੋਕਤ ਕਥਨਾਂ ਨੂੰ ਕੌਣ ਸਵੀਕਾਰ ਕਰੇ?।12।

ਇਹ ਕਾਮ ਭੋਗ ਕੁਝ ਸਮੇਂ ਲਈ ਸੁੱਖ ਦਿੰਦੇ ਹਨ। ਬਹੁਤ ਸਮੇਂ ਤੱਕ ਦੁੱਖ ਹੀ ਦਿੰਦੇ ਹਨ। ਥੋੜ੍ਹੇ ਸੁੱਖ ਅਤੇ ਮਹਾਨ ਦੁੱਖ ਵਾਲੇ

ਕਾਮਭੋਗ ਨੂੰ ਸੁੱਖ ਰੂਪ ਕਿਸ ਪ੍ਰਕਾਰ ਆਖਿਆ ਜਾ ਸਕਦਾ ਹੈ ? ਇਹ ਕਾਮ ਭੋਗ ਮੁਕਤੀ ਨਹੀਂ ਦਿਵਾ ਸਕਦੇ ਸਗੋਂ ਇਹ ਸਾਰੇ ਪਾਪਾਂ ਦੀ ਖਾਨ ਹਨ। ਸੰਸਾਰ ਚੱਕਰ ਵਿਚ ਵਾਧਾ ਕਰਨ ਵਾਲੇ, ਮੁਕਤੀ ਵਿਰੋਧੀ ਅਤੇ ਸਾਰੇ ਅਨੱਰਥਾ ਦੀ ਖਾਨ ਹਨ।13।

ਕਾਮ ਭੋਗਾਂ ਵਿਚ ਰੁੱਝਿਆ ਹੋਇਆ ਪੁਰਸ਼ ਦਿਨ ਰਾਤ ਦੁਖੀ ਹੋਇਆ ਘੁੰਮਦਾ ਰਹਿੰਦਾ ਹੈ। ਆਪਣੇ ਰਿਸ਼ਤੇਦਾਰਾਂ ਲਈ ਗਲਤ ਢੰਗਾਂ ਨਾਲ ਪੈਸਾ ਇਕੱਠਾ ਕਰਦਾ ਰਹਿੰਦਾ ਹੈ ਅਤੇ ਬਿਮਾਰੀ ਤੇ ਮੌਤ ਨੂੰ ਪ੍ਰਾਪਤ ਹੁੰਦਾ ਹੈ।14।

ਮੇਰੇ ਪਾਸ ਇਹ ਹੈ ਅਤੇ ਇਹ ਮੇਰਾ ਨਹੀਂ ਹੈ, ਮੈਂ ਇਹ ਕੀਤਾ ਹੈ ਅਤੇ ਇਹ ਨਹੀਂ ਕਰਨਾ ਹੈ। ਇਸ ਪ੍ਰਕਾਰ ਆਖਣ ਵਾਲੇ ਦੁਖੀ ਪੁਰਸ਼ ਦੇ ਪ੍ਰਾਣਾਂ ਨੂੰ ਕਾਲ ਰੂਪੀ ਚੋਰ ਖਿੱਚ ਕੇ ਲੈ ਜਾਂਦਾ ਹੈ। ਅਜਿਹੀ ਹਾਲਤ ਵਿਚ ਗਫਲਤ (ਪ੍ਰਮਾਦ) ਦੀ ਵਰਤੋਂ ਕਿਉਂ ਕੀਤੀ ਜਾਵੇ।15।

ਪਿਤਾ - ਹੇ ਪੁੱਤਰੋ ! ਜਿਸ ਧਨ ਤੇ ਇਸਤਰੀਆਂ ਲਈ ਲੋਕ ਤਪ ਜਪ ਕਰਦੇ ਹਨ, ਉਹ ਇਥੇ ਬਹੁਤ ਹੈ। ਰਿਸ਼ਤੇਦਾਰ ਤੇ ਕਾਮਭੋਗ ਦੇ ਬਹੁਤ ਸਾਧਨ ਹਨ। ਫਿਰ ਭਿਕਸ਼ੂ ਕਿਉਂ ਬਣਦੇ ਹੋ।16।

ਪੁੱਤਰ - ਹੇ ਪਿਤਾ ਜੀ ! ਧਰਮ ਆਚਰਣ ਵਿਚ, ਧਨ ਰਿਸ਼ਤੇਦਾਰ ਅਤੇ ਕਾਮ ਭੋਗ ਦੀ ਕੀ ਜ਼ਰੂਰਤ ਹੈ ? ਅਸੀਂ ਗੁਣਾਂ ਦੇ ਸਮੂਹ ਵਾਲੇ ਸ਼੍ਰਮਣ ਧਰਮ ਅਤੇ ਭਿਕਸ਼ੂ ਬਣ ਕੇ ਬਿਨਾਂ ਕਿਸੇ ਰੁਕਾਵਟ ਤੋਂ ਧਰਮ ਪ੍ਰਚਾਰ ਕਰਾਂਗੇ।17।

ਪਿਤਾ - ਹੇ ਪੁੱਤਰੋ ! ਜਿਸ ਪ੍ਰਕਾਰ ਅਰਨੀ ਵਿਚ ਅੱਗ, ਦੁੱਧ ਵਿਚ ਘੀ ਅਤੇ ਤਿਲ ਵਿਚ ਤੇਲ ਹੁੰਦਾ ਹੋਇਆ ਵੀ ਵਿਖਾਈ ਨਹੀਂ ਦਿੰਦਾ ਅਤੇ ਆਪਣੇ ਆਪ ਉਤਪੰਨ ਹੁੰਦਾ ਹੈ, ਇਸੇ ਪ੍ਰਕਾਰ ਸਰੀਰ ਵਿਚ ਜੀਵ ਆਪਣੇ

ਆਪ ਉਤਪੰਨ ਹੁੰਦਾ ਹੈ ਅਤੇ ਸਰੀਰ ਦੇ ਨਾਸ਼ ਨਾਲ ਹੀ ਨਸ਼ਟ ਹੋ ਜਾਂਦਾ ਹੈ, ਅਰਥਾਤ ਆਤਮਾ ਸਰੀਰ ਤੋਂ ਭਿੰਨ ਨਹੀਂ ਸਗੋਂ ਸਰੀਰ ਤੇ ਆਤਮਾ ਇਕ ਹਨ।18।

ਪੁੱਤਰ - ਪਿਤਾ ਜੀ ! ਇਹ ਆਤਮਾ ਅਮੂਰਤ (ਸ਼ਕਲ ਰਹਿਤ) ਹੋਣ ਕਾਰਨ ਇੰਦਰੀਆਂ ਨੂੰ ਗ੍ਰਹਿਣ ਨਹੀਂ ਕਰਦੀ ਅਤੇ ਅਮੂਰਤ ਹੋਣ ਕਾਰਨ ਨਿੱਤ (ਹਮੇਸ਼ਾ ਰਹਿਣ ਵਾਲੀ) ਬੰਧ ਹੀ ਸੰਸਾਰ ਦਾ ਕਾਰਨ ਹੈ। ਅਜਿਹਾ ਮਹਾਂਪੁਰਸ਼ਾਂ ਨੇ ਆਖਿਆ ਹੈ।19।

ਪੁੱਤਰ - ਹੇ ਪਿਤਾ ਜੀ ! ਮੋਹ ਦੇ ਕਾਰਨ ਤੇ ਧਰਮ ਨੂੰ ਨਾ ਜਾਣਦੇ ਹੋਏ ਅਸੀਂ ਆਪ ਦੇ ਕਹਿਣ ਨਾਲ ਘਰ ਵਿਚ ਰੁਕ ਗਏ ਅਤੇ ਪਾਪ ਕਰਦੇ ਰਹੇ, ਪਰ ਹੁਣ ਅਸੀਂ ਪਾਪ ਨਹੀਂ ਕਰਾਂਗੇ।20।

ਇਹ ਲੋਕ ਸਭ ਪ੍ਰਕਾਰ ਦੇ ਦੁੱਖਾਂ ਨਾਲ ਘਿਰਿਆ ਹੋਇਆ ਹੈ। ਚਹੁੰ ਪਾਸੇ ਸ਼ਸਤਰਾਂ (ਹਥਿਆਰਾਂ) ਦੀ ਵਰਖਾ ਹੋ ਰਹੀ ਹੈ। ਅਜਿਹੀ ਹਾਲਤ ਵਿਚ ਗ੍ਰਹਿਸਥ ਵਿਚ ਕੋਈ ਸੁੱਖ ਨਹੀਂ।21।

ਬ੍ਰਾਹਮਣ - ਪੁੱਤਰੋ ! ਲੋਕ ਕਿਸ ਤੋਂ ਦੁਖੀ ਹੈ ? ਉਸ ਨੂੰ ਕਿਸ ਨੇ ਘੇਰਿਆ ਹੋਇਆ ਹੈ ? ਕਿਹੜੀ ਸ਼ਸਤਰਾਂ ਦੀ ਵਰਖਾ ਹੋ ਰਹੀ ਹੈ ? ਮੈਂ ਇਹ ਜਾਨਣ ਲਈ ਬਹੁਤ ਚਿੰਤਾਵਾਨ ਹਾਂ।22।

ਪੁੱਤਰ - ਪਿਤਾ ਜੀ ! ਇਹ ਸੰਸਾਰ ਮੌਤ ਤੋਂ ਦੁਖੀ ਹੈ। ਬੁਢਾਪੇ ਨਾਲ ਘਿਰਿਆ ਹੋਇਆ ਹੈ। ਰਾਤ ਦਿਨ ਰੂਪੀ ਹਥਿਆਰਾਂ ਦੀ ਵਰਖਾ ਉਮਰ ਨੂੰ ਘਟਾ ਰਹੀ ਹੈ। ਇਸ ਪ੍ਰਕਾਰ ਸਮਝਣਾ ਚਾਹੀਦਾ ਹੈ।23।

ਜੋ ਰਾਤ ਬੀਤ ਜਾਂਦੀ ਹੈ ਉਹ ਵਾਪਸ ਨਹੀਂ ਆਉਂਦੀ। ਅਧਰਮੀ (ਪਾਪ ਕਰਨ ਵਾਲਿਆਂ) ਦੀਆਂ ਰਾਤਾਂ ਅਸਫਲ ਹੋ ਜਾਂਦੀਆਂ ਹਨ।24।

ਜੋ ਰਾਤ ਬੀਤ ਜਾਂਦੀ ਹੈ ਉਹ ਵਾਪਸ ਨਹੀਂ ਆਉਂਦੀ, ਧਰਮ ਕਰਨ

ਵਾਲਿਆਂ ਦੀਆਂ ਰਾਤ ਸਫਲ ਹੋ ਜਾਂਦੀਆਂ ਹਨ।25।

ਬ੍ਰਾਹਮਣ - ਪੁੱਤਰੋ ! ਆਪਾਂ ਘਰ ਵਿਚ ਰਹਿ ਕੇ ਸਮਿਅੱਕਤਵ (ਸੱਚੇ ਜੈਨ ਧਰਮ) ਦਾ ਪਾਲਣ ਕਰੀਏ ਫਿਰ ਸਾਧੂ ਬਣ ਕੇ ਭਿੰਨ ਭਿੰਨ ਪਰਿਵਾਰਾਂ ਵਿਚੋਂ ਭਿਕਸ਼ਾ ਲਵਾਂਗੇ।26।

ਪੁੱਤਰ - ਪਿਤਾ ਜੀ ! ਮੌਤ ਨਾਲ ਜਿਸ ਦੀ ਦੋਸਤੀ ਹੋਵੇ, ਜੋ ਮੌਤ ਤੋਂ ਬਚ ਕੇ ਭੱਜ ਸਕਣ ਦੀ ਸ਼ਕਤੀ ਰੱਖਦਾ ਹੋਵੇ, ਜੋ ਇਹ ਵੀ ਜਾਣਦਾ ਹੋਵੇ ਕਿ ਮੈਂ ਨਹੀਂ ਮਰਾਂਗਾ, ਉਹ ਹੀ ਮਨੁੱਖ ਕਲ ਦੀ ਇੱਛਾ ਕਰ ਸਕਦਾ ਹੈ।27।

ਸੰਸਾਰ ਵਿਚ ਅਜਿਹੀ ਕੋਈ ਚੀਜ਼ ਨਹੀਂ ਜੋ ਇਸ ਆਤਮਾ ਨੂੰ ਪਹਿਲਾਂ ਪ੍ਰਾਪਤ ਨਹੀਂ ਹੋਈ। ਇਸ ਲਈ ਅਸੀਂ ਅੱਜ ਹੀ ਸਾਧੂਪੁਣੇ ਨੂੰ ਸਵੀਕਾਰ ਕਰਾਂਗੇ ਕਿ ਜਿਸ ਰਾਹੀਂ ਫਿਰ ਜਨਮ ਨਾ ਲੈਣਾ ਪਵੇ। ਸਾਰਾ ਮੋਹ ਛੱਡ ਕੇ ਸ਼ਰਧਾ ਨਾਲ ਸਾਧੂ ਧਰਮ ਪਾਲਣਾ ਉੱਤਮ ਹੈ।28।

ਹੁਣ ਪੁਰੋਹਿਤ ਆਪਣੀ ਪਤਨੀ ਨੂੰ ਆਖਣ ਲੱਗਾ, "ਹੇ ਵਾਸ਼ਿਸ਼ਠੀ (ਇਕ ਬ੍ਰਾਹਮਣ ਗੋਤਰ) ਜਿਸ ਪ੍ਰਕਾਰ ਸ਼ਾਖਾਵਾਂ ਨਾਲ ਹੀ ਦਰਖ਼ਤ ਦੀ ਸ਼ੋਭਾ ਹੈ, ਸ਼ਾਖਾਵਾਂ ਕੱਟ ਜਾਣ ਤੇ ਉਹ ਸੁੰਨਾ (ਖੋਖਲਾ) ਰਹਿ ਜਾਂਦਾ ਹੈ, ਉਸੇ ਪ੍ਰਕਾਰ ਮੇਰਾ ਪੁੱਤਰਾਂ ਰਹਿਤ ਇਸ ਘਰ ਵਿਚ ਰਹਿਣਾ ਬੇਅਰਥ ਹੈ। ਹੁਣ ਮੇਰਾ ਭਿਕਸ਼ੂ ਬਣਨ ਦਾ ਸਮਾਂ ਆ ਗਿਆ ਹੈ।29।

ਜਿਸ ਪ੍ਰਕਾਰ ਬਿਨਾਂ ਪਰਾਂ ਤੋਂ ਪੰਛੀ, ਲੜਾਈ ਵਿਚ ਫੌਜ ਰਹਿਤ ਰਾਜਾ ਅਤੇ ਜਹਾਜ਼ ਵਿਚ ਸੌਦੇ ਤੋਂ ਬਿਨਾਂ ਵਿਉਪਾਰੀ ਦੁਖੀ ਹੁੰਦਾ ਹੈ, ਉਸੇ ਪ੍ਰਕਾਰ ਮੈਂ ਪੁੱਤਰਾਂ ਰਹਿਤ ਹੋ ਕੇ ਦੁਖੀ ਹੋ ਰਿਹਾ ਹਾਂ।30।

ਯਸ਼ਾ - ਮਨ ਨੂੰ ਚੰਗੇ ਲੱਗਣ ਵਾਲੇ ਅਤੇ ਠੀਕ ਢੰਗ ਨਾਲ ਇਕੱਠੇ ਹੋਏ ਪ੍ਰਧਾਨ ਰਸਾਂ ਵਾਲੇ ਇਹ ਉੱਤਮ ਕਾਮ ਭੋਗ ਸਾਨੂੰ ਮਨ ਮੁਤਾਬਿਕ

ਪ੍ਰਾਪਤ ਹੋਏ ਹਨ। ਅਸੀਂ ਇਨ੍ਹਾਂ ਨੂੰ ਚੰਗੀ ਤਰ੍ਹਾਂ ਭੋਗ ਕੇ ਹੀ ਮੁਨੀ ਦੀਖਿਆ ਗ੍ਰਹਿਣ ਕਰਾਂਗੇ।31।

ਬ੍ਰਾਹਮਣ - ਪਿਆਰੀ ! ਅਸੀਂ ਵਿਸ਼ੇ ਵਿਕਾਰਾਂ ਦੇ ਰਸਾਂ ਨੂੰ ਭੋਗ ਚੁੱਕੇ ਹਾਂ, ਜੁਆਨੀ ਸਾਨੂੰ ਛੱਡ ਰਹੀ ਹੈ, ਮੈਂ ਕਿਸੇ ਹਾਲਤ ਕਾਰਨ ਭੋਗ ਨਹੀਂ ਛੱਡ ਰਿਹਾ ਸਗੋਂ ਮੈਂ ਲਾਭ, ਹਾਨੀ, ਸੁੱਖ, ਦੁੱਖ ਨੂੰ ਹੀ ਜਾਣ ਕੇ ਮੁਨੀ ਧਰਮ ਦਾ ਪਾਲਣ ਕਰਾਂਗਾ।32।

ਯਸ਼ਾ - ਜਿਸ ਪ੍ਰਕਾਰ ਜ਼ਖਮੀ ਬੁੱਢਾ ਹੰਸ ਗਲਤ ਰਾਹ ਤੇ ਚੱਲਣ ਕਾਰਨ ਪਛਤਾਂਦਾ ਹੈ, ਉਸੇ ਪ੍ਰਕਾਰ ਆਪਣੇ ਰਿਸ਼ਤੇਦਾਰਾਂ ਅਤੇ ਭੋਗਾਂ ਨੂੰ ਛੱਡ ਕੇ ਤੁਹਾਨੂੰ ਪਛਤਾਨਾ ਪਵੇਗਾ। ਇਸ ਲਈ ਆਪ ਮੇਰੇ ਨਾਲ ਸੰਸਾਰ ਦੇ ਕਾਮ ਭੋਗ ਭੋਗੋ। ਕਿਉਂਕਿ ਭਿਕਸ਼ਾ ਅਤੇ ਬਿਨਾਂ ਰੁਕਾਵਟ ਤੋਂ ਘੁੰਮਣਾ ਫਿਰਨਾ ਕਾਫੀ ਦੁੱਖਦਾਇਕ ਕੰਮ ਹੈ।33।

ਬ੍ਰਾਹਮਣ - ਹੇ ਪਿਆਰੀ ! ਜਿਸ ਪ੍ਰਕਾਰ ਸੱਪ ਆਪਣੀ ਕੰਜ ਛੱਡ ਕੇ ਭੱਜ ਜਾਂਦਾ ਹੈ, ਉਸੇ ਪ੍ਰਕਾਰ ਤੇਰੇ ਇਹ ਦੋਵੇਂ ਪੁੱਤਰ ਪੁੱਤਰ ਕਾਮ ਭੋਗ ਛੱਡ ਰਹੇ ਹਨ ਤਾਂ ਅਜਿਹੀ ਹਾਲਤ ਵਿਚ ਮੈਂ ਇਕੱਲਾ ਕਿਉਂ ਰਹਾਂ। ਕਿਉਂ ਨਾ ਮੈਂ ਉਨ੍ਹਾਂ ਦਾ ਸਾਥੀ ਬਣਾ।34।

ਰੋਹਿਤ ਨਸਲ ਦੀ ਮੱਛੀ ਜਿਵੇਂ ਕਮਜ਼ੋਰ ਜਾਲ ਨੂੰ ਕੱਟ ਕੇ ਬਾਹਰ ਨਿਕਲ ਆਉਂਦੀ ਹੈ, ਉਸੇ ਪ੍ਰਕਾਰ ਧਾਰਨ ਕੀਤੇ ਹੋਏ ਸੰਜਮ ਰੂਪੀ ਭਾਰ ਢੋਣ ਵਾਲੇ, ਪ੍ਰਧਾਨ ਤਪਸਵੀ, ਧੀਰਜ ਵਾਲੇ ਸਾਧੂ, ਕਾਮਭੋਗ ਆਦਿ ਵਿਕਾਰਾਂ ਨੂੰ ਛੱਡ ਕੇ ਭਿਕਸ਼ਾ ਸਵੀਕਾਰ ਕਰਦੇ ਹਨ।35।

ਜਿਵੇਂ ਕਰੌਂਚ (ਕੂੰਝ) ਪੰਛੀ ਆਕਾਸ਼ ਵਿਚ ਉੱਡ ਜਾਂਦੇ ਹਨ ਅਤੇ ਜਾਲਾਂ ਨੂੰ ਕੱਟ ਕੇ ਹੰਸ ਉੱਡ ਜਾਂਦੇ ਹਨ, ਉਸੇ ਪ੍ਰਕਾਰ ਮੇਰੇ ਪਤੀ ਤੇ ਪੁੱਤਰ ਜਾ ਰਹੇ ਹਨ। ਮੈਂ ਇਕੱਲੀ ਕਿਉਂ ਰਹਾਂ ? ਇਨ੍ਹਾਂ ਨਾਲ ਹੀ ਕਿਉਂ ਨਾ

ਜਾਵਾਂ।36।

ਪੁਰੋਹਿਤ ਆਪਣੀ ਇਸਤਰੀ ਅਤੇ ਪੁੱਤਰਾਂ ਨਾਲ ਕਾਮ ਭੋਗਾਂ ਨੂੰ ਤਿਆਗ ਕੇ ਦੀਖਿਅਤ ਹੋਇਆ। ਉਸ ਦੀ ਸੰਪਤੀ ਰਾਜਾ ਲੈ ਰਿਹਾ ਹੈ। ਇਹ ਸੁਣ ਕੇ ਮਹਾਰਾਣੀ ਕਮਲਾਵਤੀ ਆਖਣ ਲੱਗੀ ਤੇ ਬਾਰ ਬਾਰ ਸਮਝਾਉਣ ਲੱਗੀ।37।

ਰਾਣੀ ਕਮਲਾਵਤੀ - ਹੇ ਰਾਜਨ ! ਥੁੱਕੇ ਹੋਏ ਪਦਾਰਥਾਂ ਨੂੰ ਖਾਣ ਵਾਲਾ ਪੁਰਸ਼ ਪ੍ਰਸੰਸਾ ਪ੍ਰਾਪਤ ਨਹੀਂ ਕਰ ਸਕਦਾ। ਆਪ ਬ੍ਰਾਹਮਣ ਦੇ ਰਾਹੀਂ ਛੱਡੇ ਹੋਏ ਧਨ ਨੂੰ ਗ੍ਰਹਿਣ ਕਰਦੇ ਹੋ, ਇਹ ਬੁਰੀ ਗੱਲ ਹੈ।38।

ਇਹ ਸਾਰਾ ਜਗਤ ਤੇ ਸਾਰਾ ਧਨ ਵੀ ਜੇ ਤੁਹਾਡਾ ਹੋ ਜਾਵੇ ਤਾਂ ਵੀ ਤੁਹਾਡੀ ਜ਼ਰੂਰਤ ਪੂਰੀ ਨਹੀਂ ਹੋਵੇਗੀ। ਇਹ ਧਨ ਤੁਹਾਡੀ ਰੱਖਿਆ ਨਹੀਂ ਕਰ ਸਕਦਾ।39।

ਹੇ ਨਰੇਸ਼ ! ਜਦ ਕਦੇ ਤੁਸੀਂ ਮਰੋਗੇ ਤੁਹਾਨੂੰ ਇਹ ਕਾਮ ਭੋਗ ਜ਼ਰੂਰ ਛੱਡਣੇ ਪੈਣਗੇ। ਤਦ ਧਰਮ ਹੀ ਰੱਖਿਆ ਕਰੇਗਾ। ਧਰਮ ਤੋਂ ਇਲਾਵਾ ਬਚਾਉਣ ਵਾਲਾ ਨਹੀਂ।40।

ਹੇ ਰਾਜਨ ! ਜਿਸ ਪ੍ਰਕਾਰ ਪਿੰਜਰੇ ਰਹਿੰਦੀ ਪੰਛਣੀ ਖੁਸ਼ ਨਹੀਂ ਰਹਿੰਦੀ, ਉਸੇ ਪ੍ਰਕਾਰ ਮੈਂ ਵੀ ਆਨੰਦ ਨਹੀਂ ਮਨਾਉਂਦੀ। ਮੈਂ ਵੀ ਮੋਹ ਮਮਤਾ ਨੂੰ ਤੋੜ ਕੇ ਪਰਿਗ੍ਰਹਿ ਤੋਂ ਮੁਕਤ ਹੋ ਕੇ, ਹਿੰਸਾ ਤੋਂ ਰਹਿਤ ਹੋ ਕੇ ਵਿਸ਼ੇ ਵਾਸਨਾ ਰਹਿਤ, ਸਰਲ ਸੰਜਮ ਧਾਰਨ ਕਰਾਂਗੀ।41।

ਜਿਵੇਂ ਜੰਗਲ ਦੀ ਅੱਗ ਵਿਚ ਜਲਦੇ ਹੋਏ ਜੀਵਾਂ ਨੂੰ ਵੇਖ ਕੇ ਦੂਸਰੇ ਜੀਵ ਰਾਗ ਦਵੇਸ਼ ਕਾਰਨ ਖੁਸ਼ੀ ਮਨਾਉਂਦੇ ਹਨ, ਉਸੇ ਪ੍ਰਕਾਰ ਕਾਮ ਭੋਗਾਂ ਵਿਚ ਫਸੇ ਹੋਏ, ਅਸੀਂ ਮੂਰਖ ਇਹ ਨਹੀਂ ਸਮਝਦੇ ਕਿ ਇਹ ਸੰਸਾਰ ਰਾਗ

ਦਵੇਸ਼ ਰੂਪੀ ਅੱਗ ਵਿਚ ਜਲ ਰਿਹਾ ਹੈ।42-43।

ਜੋ ਵਿਵੇਕੀ ਹੈ ਉਹ ਭੋਗੇ ਹੋਏ ਭੋਗਾਂ ਨੂੰ ਤਿਆਗ ਕੇ ਖੁਸ਼ੀ ਨਾਲ ਧਰਮ (ਸਾਧੂਪੁਣਾ) ਗ੍ਰਹਿਣ ਕਰਦਾ ਹੈ ਅਤੇ ਹਵਾ ਦੀ ਤਰ੍ਹਾਂ ਹਲਕੇ ਹੋ ਕੇ ਆਪਣੀ ਮਰਜ਼ੀ ਅਨੁਸਾਰ ਪੰਛੀਆਂ ਦੀ ਤਰ੍ਹਾਂ ਖੁਸ਼ੀ ਤੇ ਆਜ਼ਾਦੀ ਨਾਲ ਘੁੰਮਦਾ ਹੈ।44।

ਹੇ ਰਾਜਨ ! ਅਸੀਂ ਪ੍ਰਾਪਤ ਕਾਮ ਭੋਗਾਂ ਨੂੰ ਆਪਣਾ ਹੱਕ ਸਮਝਦੇ ਹਾਂ ਇਹ ਕਾਮ ਭੋਗ ਅਨੇਕਾਂ ਉਪਾਅ ਕਰਨ ਤੇ ਵੀ ਸਥਿਰ ਨਹੀਂ ਰਹਿ ਸਕਦੇ। ਇਸ ਲਈ ਜਿਵੇਂ ਭਰਿਗੂ ਪੁਰੋਹਿਤ ਆਦਿ ਨੇ ਇਨ੍ਹਾਂ ਨੂੰ ਤਿਆਗ ਕੇ ਸੰਜਮ ਲਿਆ ਹੈ ਅਸੀਂ ਵੀ ਉਸੇ ਪ੍ਰਕ ਰ ਸੰਜਮ ਗ੍ਰਹਿਣ ਕਰਾਂਗੇ।45।

ਜਿਵੇਂ ਗਿੱਧ ਪੰਛੀਆਂ ਦੇ ਮੂੰਹ ਵਿਚ ਮਾਂਸ ਦਾ ਟੁਕੜਾ ਵੇਖ ਕੇ ਉਸ ਤੇ ਝਪਟਦਾ ਹੈ ਪਰ ਮਾਸ ਦਾ ਟੁਕੜਾ ਛੱਡਣ ਵਾਲਾ ਗਿੱਧ ਮੁਕਤ ਜਾਂਦਾ ਹੈ, ਉਸੇ ਪ੍ਰਕਾਰ ਮੈਂ ਵੀ ਸਾਰੇ ਭੋਗ ਮਾਂਸ ਸਮਾਨ ਸਮਝ ਕੇ, ਪਰਿਗ੍ਰਹਿ ਛੱਡ ਕੇ ਮਾਂਸ ਰਹਿਤ (ਭੋਗ ਰਹਿਤ) ਹੋ ਕੇ ਘੁੰਮਾਂਗੀ।46।

ਰੋਗੀ ਪੰਛੀ ਦਾ ਉਦਾਹਰਣ ਸੁਣ ਅਤੇ ਕਾਮ ਭੋਗਾਂ ਨੂੰ ਸੰਸਾਰ ਚੱਕਰ ਵਿਚ ਵਾਧਾ ਕਰਨ ਵਾਲਾ ਸਮਝ ਕੇ ਇਨ੍ਹਾਂ ਨੂੰ ਉਸੇ ਪ੍ਰਕਾਰ ਛੱਡ ਦੇਵੇ ਜਿਵੇਂ ਗਰੁੜ ਦੇ ਸਾਹਮਣੇ ਸ਼ੰਕਾ ਦੀ ਹਾਲਤ ਵਿਚ ਸੱਪ ਹੌਲੀ ਹੌਲੀ ਨਿਕਲ ਜਾਂਦਾ ਹੈ।47।

ਹੇ ਮਹਾਰਾਜ ! ਜਿਵੇਂ ਹਾਥੀ ਜੰਜੀਰ ਤੋੜ ਕੇ ਆਪਣੀ ਥਾਂ ਜੰਗਲ ਵਿਚ ਚਲਾ ਜਾਂਦਾ ਹੈ, ਉਸੇ ਪ੍ਰਕਾਰ ਇਹ ਜੀਵ ਆਤਮਾ ਕਰਮ ਬੰਧਨ ਤੋਂ ਮੁਕਤੀ ਪ੍ਰਾਪਤ ਕਰ ਲੈਂਦੀ ਹੈ। ਹੇ ਮਹਾਰਾਜ ਈਸ਼ੂਕਾਰ ! ਇਹੋ ਰਾਹ ਉਚਿਤ ਹੈ। ਅਜਿਹਾ ਮੈਂ ਗਿਆਨੀਆਂ ਦੇ ਮੁਖੋਂ ਸੁਣਿਆ ਹੈ।48।

ਰਾਜਾ ਅਤੇ ਰਾਣੀ, ਵਿਸ਼ਾਲ ਰਾਜ, ਮੁਸ਼ਕਿਲ ਨਾਲ ਕਾਬੂ ਹੋਣ

ਵਾਲੇ ਕਾਮ ਭੋਗਾਂ ਅਤੇ ਧਨ, ਅਨਾਜ, ਸੰਪਤੀ ਆਦਿ ਸਾਰੇ ਪਰਿਗ੍ਰਹਿ ਨੂੰ ਛੱਡ ਕੇ ਮੋਹ ਮਮਤਾ ਰਹਿਤ ਹੋ ਗਏ।49।

ਉਨ੍ਹਾਂ ਸੱਚੇ ਧਰਮ ਨੂੰ ਜਾਣ ਕੇ ਕਾਮ ਭੋਗਾਂ ਨੂੰ ਛੱਡ ਕੇ ਤੀਰਥੰਕਰਾਂ ਦੁਆਰਾ ਦੱਸੇ ਤਪ ਨੂੰ ਸਵੀਕਾਰ ਕੀਤਾ ਅਤੇ ਸੰਜਮ ਪਾਲਣ ਕਰਨ ਵਿਚ ਸਖ਼ਤ ਮਿਹਨਤ ਕਰਨ ਲੱਗੇ।50।

ਇਸ ਪ੍ਰਕਾਰ ਇਹ ਛੇ ਜੀਵ ਸਿਲਸਿਲੇ ਵਾਰ ਗਿਆਨ ਪਾ ਕੇ ਧਰਮ ਦੇ ਰਾਹ ਤੇ ਚੱਲੇ ਅਤੇ ਜਨਮ ਤੇ ਮੌਤ ਦੇ ਦੁੱਖਾਂ ਦਾ ਅੰਤ ਕਰਨ ਲੱਗ ਪਏ।51।

ਵੀਤਰਾਗ ਦੇ ਸ਼ਾਸਨ ਵਿਚ ਇਹ 6 ਜੀਵ ਪਿਛਲੇ ਪਾਪ ਕਰਮਾਂ ਦਾ ਅੰਤ ਕਰਕੇ ਛੇਤੀ ਹੀ ਮੁਕਤੀ ਨੂੰ ਪ੍ਰਾਪਤ ਕਰ ਗਏ।52।

ਰਾਜਾ ਰਾਣੀ, ਪੁਰੋਹਿਤ, ਬ੍ਰਾਹਮਣ ਅਤੇ ਉਸ ਦੀ ਪਤਨੀ ਅਤੇ ਪੁੱਤਰ ਇਹ ਸਭ ਜੀਵ ਮੁਕਤੀ ਨੂੰ ਪ੍ਰਾਪਤ ਹੋਏ।53।

ਇਸ ਪ੍ਰਕਾਰ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 8-9

ਮਨੁਸਮ੍ਰਿਤੀ (6/37) ਆਖਦੀ ਹੈ :-

अनधीत्य द्विजो वेदाननुत्पाद्य तथा सुतान्।

अनिष्ट्वा चैव यज्ञैश्च मोक्षमिच्छन्व्रजत्यधः।।

ਜੋ ਬ੍ਰਾਹਮਣ ਵੇਦਾਂ ਨੂੰ ਪੜ੍ਹੇ ਬਿਨਾਂ ਪੁੱਤਰ ਪੈਦਾ ਕੀਤੇ ਬਿਨਾਂ ਅਤੇ ਯੱਗ ਕੀਤੇ ਬਿਨਾਂ ਮੋਕਸ਼ ਚਾਹੁੰਦਾ ਹੈ ਉਹ ਨਰਕ ਵਿਚ ਚਲਾ ਜਾਂਦਾ ਹੈ।

ਗਾਥਾ 9 ਤੁਲਨਾ ਕਰੋ।

ਮਹਾਭਾਰਤ ਸ਼ਾਂਤੀ ਪਰਵ 175/6, 277/6

ਗਾਥਾ 12

ਤੁਲਨਾ ਕਰੋ

ਜਾਤਕ 509/6

ਗਾਥਾ 15 ਤੁਲਨਾ ਕਰੋ

ਮਹਾਭਾਰਤ ਸ਼ਾਂਤੀ ਪਰਵ 157/20

ਗਾਥਾ 16 ਤੁਲਨਾ ਕਰੋ

ਮਹਾਭਾਰਤ ਸ਼ਾਂਤੀ ਪਰਵ 175/38

ਗਾਥਾ 21 ਤੁਲਨਾ ਕਰੋ

ਮਹਾਭਾਰਤ ਸ਼ਾਂਤੀ ਪਰਵ 175/7 27/2

ਗਾਥਾ 22 ਤੁਲਨਾ ਕਰੋ

ਮਹਾਭਾਰਤ ਸ਼ਾਂਤੀ ਪਰਵ 277/8 275/9

ਗਾਥਾ 23 ਤੁਲਨਾ ਕਰੋ

ਮਹਾਭਾਰਤ ਸ਼ਾਂਤੀ ਪਰਵ 175/9 277/9

ਗਾਥਾ 24-25

ਤੁਲਨਾ ਕਰੋ

ਮਹਾਭਾਰਤ ਸ਼ਾਂਤੀ ਪਰਵ 175/10-11-16

277/10-11-19

ਗਾਥਾ 27 ਤੁਲਨਾ ਕਰੋ

ਜਾਤਕ 509/7

ਗਾਥਾ 29 ਤੁਲਨਾ ਕਰੋ

ਜਾਤਕ 509/15

ਗਾਥਾ 38 ਤੁਲਨਾ ਕਰੋ

ਜਾਤਕ 509/18

ਗਾਥਾ 46 ਤੁਲਨਾ ਕਰੋ

ਮਹਾਭਾਰਤ ਸ਼ਾਂਤੀ ਪਰਬ 172/19

ਗਾਥਾ 48 ਜਾਤਕ 509/20

# 15
# ਸਭਿਕਸ਼ੁ ਅਧਿਐਨ

ਇਸ ਅਧਿਐਨ ਵਿਚ ਚੰਗੇ ਭਿਕਸ਼ੂ ਦੇ ਗੁਣ ਦੱਸੇ ਗਏ ਹਨ। ਇਹ ਅਧਿਐਨ ਵਿਚ ਦੱਸਿਆ ਗਿਆ ਹੈ ਕਿ ਸੱਚਾ ਸਾਧੂ ਰਾਗ ਦਵੇਸ਼ ਛੱਡ ਕੇ ਲੋਕਾਂ ਦੇ ਸੰਸਾਰਿਕ ਮੇਲ ਜੋਲ ਤੋਂ ਅਲਗ ਰਹਿੰਦਾ ਹੈ। ਉਹ ਆਪਣੀ ਝੂਠੀ ਮਸ਼ਹੂਰੀ ਨਹੀਂ ਚਾਹੁੰਦਾ, ਨਾ ਹੀ ਸੰਸਾਰਿਕ ਜੋਤਸ਼ ਆਦਿ ਧੰਦੇ ਨਾਲ ਆਪਣਾ ਗੁਜ਼ਾਰਾ ਕਰਦਾ ਹੈ। ਸੱਚਾ ਸਾਧੂ ਰੁੱਖਾ, ਸੁੱਕਾ ਖਾ ਕੇ ਗੁਜ਼ਾਰਾ ਕਰਦਾ ਹੈ। ਤਪੱਸਿਆ, ਤੇ ਸ਼ਾਸਤਰ ਧਿਆਨ ਵਿਚ ਸਮਾਂ ਬਿਤਾਉਂਦਾ ਹੈ। ਭਿਕਸ਼ਾ (ਭੋਜਨ) ਮਿਲਣ ਤੇ ਨਾਂ ਤਾਂ ਕੋਈ ਆਸ਼ੀਰਵਾਦ ਦਿੰਦਾ ਹੈ ਭੋਜਨ ਨਾ ਮਿਲਣ ਤੇ ਸਰਾਪ ਨਹੀਂ ਦਿੰਦਾ। ਉਹ ਜਾਤ ਪਾਤ ਤੋਂ ਉੱਪਰ ਉੱਠ ਕੇ ਗਰੀਬ, ਅਮੀਰ ਸਭ ਪਰਿਵਾਰਾਂ ਵਿਚ ਤੇ ਇਕ ਭਾਵ ਨਾਲ ਘੁੰਮਦਾ ਹੈ। ਸੱਚਾ ਸਾਧੂ ਕਰਮਾਂ ਦਾ ਖ਼ਾਤਮਾ ਕਰਕੇ ਮੁਕਤੀ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿਚ ਲੱਗਾ ਰਹਿੰਦਾ ਹੈ।

# ਪੰਦਰਵਾਂ ਅਧਿਐਨ

ਮੈਂ ਧਰਮ ਨੂੰ ਸਵੀਕਾਰ ਕਰਕੇ ਸਾਧੂਪੁਣੇ ਦਾ ਪਾਲਣ ਕਰਾਂਗਾ। ਇਸ ਸੰਕਲਪ ਨਾਲ ਜੋ ਗਿਆਨ ਦਰਸ਼ਨ ਆਦਿ ਗੁਣਾਂ ਨਾਲ ਭਰਪੂਰ ਹੈ, ਜੋ ਕਪਟ ਰਹਿਤ ਹੋ ਕੇ ਧਰਮ ਨੂੰ ਠੀਕ ਤਰ੍ਹਾਂ ਸਵੀਕਾਰ ਕਰਦਾ ਹੈ, ਜੋ ਪੁਰਾਣੀ ਪਰਿਵਾਰਕ ਰਿਸ਼ਤੇਦਾਰੀ ਅਤੇ ਵਾਕਫ਼ੀ ਦਾ ਤਿਆਗ ਕਰਕੇ ਭੋਜਨ ਗ੍ਰਹਿਣ ਕਰਦਾ ਹੈ, ਜੋ ਕਾਮਨਾਵਾਂ (ਇਛਾਵਾਂ) ਤੋਂ ਰਹਿਤ, ਮੁਕਤੀ ਦਾ ਅਭਿਲਾਸ਼ੀ ਹੈ । ਆਪਣੀ ਜਾਤ (ਕੁਲ) ਆਦਿ ਦੱਸੇ ਬਿਨਾਂ ਹੀ ਭਿਕਸ਼ਾ ਦੀ ਭਾਲ ਕਰਦਾ ਹੈ ਅਤੇ ਜੋ ਬਿਨਾਂ ਰੁਕਾਵਟ ਤੋਂ ਘੁੰਮਦਾ ਹੈ, ਉਹ ਹੀ ਭਿਕਸ਼ੂ ਹੈ।1।

ਜੋ ਰਾਗ ਤੋਂ ਪਰੇ ਹੈ, ਸੰਜਮ ਦਾ ਪਾਲਣ ਕਰਨ ਲਈ ਤਿਆਰ ਰਹਿੰਦਾ ਹੈ, ਜੋ ਆਸ਼ਰਵ (ਪਾਪਾਂ ਤੋਂ ਦੂਰ) ਤੋਂ ਰਹਿਤ ਹੈ, ਜੋ ਸ਼ਾਸਤਰਾਂ ਦਾ ਜਾਣਕਾਰ ਹੈ, ਜੋ ਆਤਮਾ ਦੀ ਪਾਪਾਂ ਤੋਂ ਰੱਖਿਆ ਕਰਨ ਵਾਲਾ ਤੇ ਬੁੱਧੀਮਾਨ ਹੈ, ਜੋ ਰਾਗ ਦਵੇਸ਼ ਨੂੰ ਹਟਾ ਕੇ ਸਾਰਿਆਂ ਨੂੰ ਆਪਣੇ ਬਰਾਬਰ ਵੇਖਦਾ ਹੈ ਅਤੇ ਜੋ ਕਿਸੇ ਵੀ ਚੀਜ਼ ਪ੍ਰਤਿ ਲਗਾਵ ਨਹੀਂ ਰੱਖਦਾ ਹੈ ਉਹ ਹੀ ਭਿਕਸ਼ੂ ਹੈ।2।

ਕਠੋਰ ਬਚਨ ਅਤੇ ਮਾਰਕੁੱਟ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਸਮਝ ਕੇ ਜੋ ਧੀਰਜ ਵਾਲਾ ਮੁਨੀ ਖਾਮੋਸ਼ੀ ਧਾਰਨ ਕਰਦਾ ਹੈ, ਜੋ ਸੰਜਮ ਨਾਲ ਭਰਪੂਰ ਹੈ, ਜਿਸ ਨੇ ਆਸ਼ਰਵ ਆਪਣੀ ਆਤਮਾ ਨੂੰ ਆਸ਼ਰਵ ਅਰਥਾਤ ਪਾਪਾਂ ਤੋਂ ਬਚਾ ਲਿਆ ਹੈ, ਜੋ ਘਬਰਾਹਟ ਅਤੇ ਹਾਸੇ ਤੋਂ ਰਹਿਤ ਹੈ, ਜੋ ਸਮਭਾਵ ਨਾਲ ਸਭ ਕੁਝ ਸਹਿਣ ਕਰਦਾ ਹੈ, ਉਹ ਹੀ ਭਿਕਸ਼ੂ ਹੈ।3।

ਜੋ ਸਾਧਾਰਣ ਤੋਂ ਸਾਧਾਰਣ ਆਸਨ ਅਤੇ ਤਖ਼ਤਪੋਸ਼ ਨੂੰ ਸਮਭਾਵ

ਨਾਲ ਸਵੀਕਾਰ ਕਰਦਾ ਹੈ, ਜੋ ਸਰਦੀ ਗਰਮੀ ਅਤੇ ਮੱਛਰਾਂ ਦੇ ਡੰਗਾਂ ਤੋਂ ਪੈਦਾ ਹੋਏ ਠੀਕ ਜਾਂ ਗਲਤ ਕਸ਼ਟਾਂ ਵਿਚ ਵੀ ਖੁਸ਼ ਰਹਿੰਦਾ ਹੈ ਅਤੇ ਘਬਰਾਹਟ ਮਹਿਸੂਸ ਨਹੀਂ ਕਰਦਾ, ਉਹ ਹੀ ਭਿਕਸ਼ੂ ਹੈ।4।

ਜੋ ਭਿਕਸ਼ੂ ਸਤਿਕਾਰ, ਪੂਜਾ ਅਤੇ ਨਮਸਕਾਰ ਤੱਕ ਦੀ ਇੱਛਾ ਨਹੀਂ ਕਰਦਾ, ਉਹ ਕਿਸੇ ਤੋਂ ਪ੍ਰਸੰਸਾ ਦੀ ਇੱਛਾ ਕਿਸ ਤਰ੍ਹਾਂ ਕਰੇਗਾ ? ਜੋ ਆਪਣੇ ਆਪ ਤੇ ਕਾਬੂ ਰੱਖਣ ਵਾਲਾ ਹੈ, ਸੁਵਰਤੀ ਹੈ, ਤਪਸਵੀ ਹੈ, ਨਿਰਮਲ ਗਿਆਨ ਵਾਲਾ ਹੈ ਜੋ ਆਤਮਾ ਦੀ ਖੋਜ ਵਿਚ ਲੱਗਾ ਹੋਇਆ ਹੈ, ਉਹ ਹੀ ਭਿਕਸ਼ੂ ਹੈ।5।

ਇਸਤਰੀ ਹੋਵੇ ਜਾਂ ਪੁਰਸ਼, ਜਿਸਦੀ ਸੰਗਤ ਨਾਲ ਸੰਜਮੀ ਜੀਵਨ ਦਾ ਉਦੇਸ਼ ਹੀ ਖਤਮ ਹੋ ਜਾਵੇ ਅਤੇ ਸਭ ਪਾਸੇ ਤੋਂ ਮੋਹ ਦੀ ਜ਼ੰਜੀਰ ਪੈ ਜਾਵੇ । ਤਪੱਸਵੀ ਅਜਿਹੀ ਸੰਗਤ ਤੋਂ ਦੂਰ ਰਹਿੰਦਾ ਹੈ। ਜੋ ਸ਼ੋਰ ਸ਼ਰਾਬਾ ਨਹੀਂ ਕਰਦਾ, ਉਹ ਹੀ ਭਿਕਸ਼ੂ ਹੈ।6।

(1) ਜੋ ਛਿੰਨ (ਕੱਪੜੇ, ਲੱਕੜ ਦੀ ਛੇਕ ਬੰਦ ਕਰਨ ਦੀ ਵਿੱਦਿਆ) (2) ਸਵੱਰ ਵਿੱਦਿਆ (ਗਾਉਣ ਦੀ ਵਿੱਦਿਆ) (3) ਭੌ ਵਿੱਦਿਆ (ਭੂਮੀ ਸਬੰਧੀ ਵਿੱਦਿਆ) (4) ਅੰਤਰਿਕਸ਼ (5) ਸੁਪਨ ਵਿੱਦਿਆ (6) ਲੱਛਣ (ਸਰੀਰਿਕ) ਵਿੱਦਿਆ (7) ਦੰਡ ਵਿੱਦਿਆ (8) ਵਾਸਤੂ ਵਿੱਦਿਆ (9) ਅੰਗ ਵਿੱਦਿਆ (10) ਸਵੱਰ ਵਿਗਿਆਨ (ਪਸ਼ੂ ਪੰਛੀਆਂ ਦੀ ਬੋਲੀ ਨੂੰ ਸਮਝ ਦੇ ਭਵਿੱਖਬਾਣੀ ਕਰਨ ਦੀ ਵਿੱਦਿਆ), ਜੋ ਇਨ੍ਹਾਂ ਵਿੱਦਿਆਵਾਂ ਦਾ ਪ੍ਰਯੋਗ ਨਹੀਂ ਕਰਦਾ ਉਹ ਹੀ ਭਿਕਸ਼ੂ ਹੈ।7।

ਜੋ ਰੋਗ ਆਦਿ ਤੋਂ ਦੁਖੀ ਹੋ ਕੇ ਵੀ ਮੰਤਰ, ਮੂਲ, ਜੜੀ ਬੂਟੀ, ਆਯੁਰਵੈਦ ਸਬੰਧੀ ਵਿਚਾਰ, ਉਲਟੀ, ਵਿਰੇਚਨ, ਧੂਮਰਪਾਨ ਦੀ ਨਲੀ, ਇਸ਼ਨਾਨ, ਰਿਸ਼ਤੇਦਾਰ ਦਾ ਆਸਰਾ ਅਤੇ ਇਲਾਜ ਦਾ ਤਿਆਗ ਕਰਕੇ

ਬਿਨ੍ਹਾਂ ਰੁਕਾਵਟ ਘੁੰਮਦਾ ਹੈ, ਉਹ ਹੀ ਭਿਕਸ਼ੂ ਹੈ।8।

ਖੱਤਰੀ, ਗਣ, ਉੱਗਰ (ਕੁਲ), ਰਾਜਪੁੱਤਰ, ਬ੍ਰਾਹਮਣ, ਸਾਮੰਤ, ਭੋਗਿਕ ਪੁੱਤਰ (ਜਿਮੀਂਦਾਰ ਆਦਿ) ਅਤੇ ਸਭ ਪ੍ਰਕਾਰ ਦੇ ਸ਼ਿਲਪੀ (ਕਾਰੀਗਰ) ਦੀ ਪੂਜਾ ਤੇ ਪ੍ਰਸੰਸਾ ਵਿਚ ਕੁਝ ਨਹੀਂ ਆਖਦਾ, ਸਗੋਂ ਇਸ ਤੋਂ ਦੂਰ ਰਹਿੰਦਾ ਹੈ, ਸੰਜਮ ਦਾ ਪਾਲਣ ਕਰਦਾ ਹੈ, ਉਹ ਹੀ ਭਿਕਸ਼ੂ ਹੈ।9।

ਜੋ ਆਦਮੀ ਦੀਖਿਆ ਲੈਣ ਸਮੇਂ ਵਾਕਫ਼ ਹੋਏ ਹੋਣ ਜਾਂ ਦੀਖਿਆ ਲੈਣ ਤੋਂ ਪਹਿਲਾਂ ਦੇ ਵਾਕਫ਼ ਹੋਣ, ਉਨ੍ਹਾਂ ਨਾਲ ਆਪਣੇ ਸੰਸਾਰਿਕ ਲਾਭ ਲਈ ਮੇਲ ਮਿਲਾਪ ਨਹੀਂ ਰੱਖਦਾ, ਉਹ ਹੀ ਭਿਕਸ਼ੂ ਹੈ।10।

ਤਖ਼ਤਪੋਸ਼, ਆਸਨ, ਪੀਣ ਦੀਆਂ ਵਸਤਾਂ ਭੋਜਨ ਅਤੇ ਭਿੰਨ ਪ੍ਰਕਾਰ ਦੇ ਖਾਣੇ ਅਤੇ ਮਸਾਲੇ ਜੇ ਆਪ ਨਾ ਦੇਵੇ ਜਾਂ ਮੰਗਣ ਤੇ ਇਨਕਾਰ ਕਰ ਦੇਵੇ ਤਾਂ ਵੀ ਜੋ ਨਿਰਗਰੰਥ ਮੁਨੀ ਉਸ ਗ੍ਰਹਿਸਥ ਪ੍ਰਤਿ ਗੁੱਸਾ ਨਹੀਂ ਰੱਖਦਾ, ਉਹ ਹੀ ਭਿਕਸ਼ੂ ਹੈ।11।

ਗ੍ਰਹਿਸਥ ਤੋਂ ਕਦੇ ਭੋਜਨ, ਪਾਣੀ ਅਤੇ ਭਿੰਨ ਭਿੰਨ ਪ੍ਰਕਾਰ ਦੇ ਖਾਨਵਾਲੇ ਸਵਾਦਿਸ਼ਟ ਪਦਾਰਥ ਮਿਲਣ ਤੇ ਵੀ ਉਹ ਭੋਜਨ ਨਾਲ ਮਨ, ਵਚਨ ਅਤੇ ਸਰੀਰ ਨਾਲ ਬਾਲ, ਬੁੱਢੇ ਅਤੇ ਬਿਮਾਰ ਤੇ ਰਹਿਮ ਨਹੀਂ ਕਰਦਾ, ਉਹ ਭਿਕਸ਼ੂ ਨਹੀਂ। ਮਨ, ਵਚਨ ਅਤੇ ਕਾਇਆ ਰਾਹੀਂ ਜੋ ਸੰਜਮ ਦਾ ਪਾਲਣ ਕਰਦਾ ਹੈ, ਉਹ ਹੀ ਭਿਕਸ਼ੂ ਹੈ।12।

ਔਸਾਮਨ, ਜੌਂ ਤੋਂ ਬਣਿਆ ਭੋਜਨ, ਠੰਡਾ ਭੋਜਨ, ਕਾਂਜੀ ਦਾ ਪਾਣੀ, ਜੌਂ ਦਾ ਪਾਣੀ ਜਿਹੀ ਰਸ ਰਹਿਤ, ਭਿਕਸ਼ਾ ਮਿਲਣ ਤੇ ਵੀ ਦੇਣ ਵਾਲੇ ਦੀ ਤੇ ਦਿੱਤੇ ਪਦਾਰਥ ਦੀ ਨਿੰਦਾ ਨਹੀਂ ਕਰਦਾ ; ਸਗੋਂ ਭਿਕਸ਼ਾ ਦੇ ਲਈ ਸਾਧਾਰਣ ਘਰਾਂ ਦੇ ਵਿਚ ਹੀ ਜਾਂਦਾ ਹੈ, ਉਹ ਹੀ ਭਿਕਸ਼ੂ ਹੈ।13।

ਸੰਸਾਰ ਵਿਚ ਦੇਵਤਾ, ਮਨੁੱਖ ਅਤੇ ਪਸ਼ੂਆਂ ਦੇ ਜੋ ਕਈ ਪ੍ਰਕਾਰ ਦੇ ਦੁੱਖ ਬੜੇ ਭਿਅੰਕਰ ਤੇ ਅਦਭੁਤ ਸ਼ਬਦ ਹੁੰਦੇ ਹਨ, ਉਨ੍ਹਾਂ ਸ਼ਬਦਾਂ ਨੂੰ ਸੁਣ ਕੇ ਜੋ ਨਹੀਂ ਡਰਦਾ ਉਹ ਹੀ ਭਿਕਸ਼ੂ ਹੈ।14।

ਸੰਸਾਰ ਵਿਚ ਪ੍ਰਚੱਲਿਤ ਭਿੰਨ ਭਿੰਨ ਪ੍ਰਕਾਰ ਦੀ ਧਾਰਮਿਕ ਵਿਚਾਰਧਾਰਾ ਨੂੰ ਜਾਣ ਕੇ ਵੀ ਜੋ ਗਿਆਨ, ਦਰਸ਼ਨ ਰੂਪੀ ਆਪਣੇ ਹੀ ਧਰਮ ਵਿਚ ਸਥਿਤ ਰਹਿੰਦਾ ਹੈ, ਜੋ ਕਰਮਾਂ ਨੂੰ ਖ਼ਤਮ ਕਰਨ ਵਿਚ ਲੱਗਾ ਹੈ। ਜਿਸ ਨੇ ਸ਼ਾਸਤਰਾਂ ਦੇ ਅਰਥ ਜਾਨ ਲਏ ਹਨ ਜੋ ਬੁੱਧੀਮਾਨ ਹੈ, ਜੋ ਪਰਿਸ਼ੈ ਜਿੱਤਦਾ ਹੈ, ਜੋ ਸਭ ਜੀਵਾਂ ਪ੍ਰਤਿ ਇਕ ਹੀ ਨਿਗਾਹ ਰੱਖਦਾ ਹੈ ਜੋ ਸ਼ਾਤ ਆਤਮਾ ਹੈ ਅਤੇ ਕਿਸੇ ਦੇ ਕੰਮ ਵਿਚ ਰੁਕਾਵਟ ਪੈਦਾ ਨਹੀਂ ਕਰਦਾ, ਉਹ ਹੀ ਭਿਕਸ਼ੂ ਹੈ।15।

ਜੋ ਸ਼ਿਲਪਜੀਵੀ (ਭਾਵ ਕਿਸੇ ਹੁਨਰ ਦੇ ਸਹਾਰੇ ਗੁਜ਼ਾਰਾ ਕਰਨ ਵਾਲਾ) ਨਹੀਂ ਜਿਸ ਦਾ ਆਪਣਾ ਕੋਈ ਘਰ ਨਹੀਂ, ਜਿਸ ਦਾ ਕੋਈ ਮਿੱਤਰ ਅਤੇ ਦੁਸ਼ਮਣ ਨਹੀਂ, ਜੋ ਇੰਦਰੀਆਂ ਨੂੰ ਜਿੱਤਦਾ ਹੈ। ਜੋ ਸਭ ਪ੍ਰਕਾਰ ਦੇ ਪਰਿਗ੍ਰਹਿ ਤੋਂ ਮੁਕਤ ਹੈ, ਜੋ ਅਣੂਕਸ਼ਾਏ ਅਰਥਾਤ ਜਿਸਦੇ ਕਰੋਧ ਆਦਿ ਕਸ਼ਾਏ ਘਟ ਹਨ, ਜੋ ਰਸ ਰਹਿਤ ਅਤੇ ਥੋੜ੍ਹਾ ਭੋਜਨ ਗ੍ਰਹਿਣ ਕਰਦਾ ਹੈ, ਜੋ ਘਰ ਵਾਰ ਛੱਡ ਕੇ ਇਕੱਲਾ ਘੁੰਮਦਾ ਹੈ, ਉਹ ਹੀ ਭਿਕਸ਼ੂ ਹੈ।16।

ਅਜਿਹਾ ਮੈਂ ਆਖਦਾ ਹਾਂ।

## ਟਿੱਪਣੀਆਂ

ਗਾਥਾ 1

ਸੰਸਤਵ ਦੇ ਦੋ ਅਰਥ ਹਨ :

(1) ਸਤੁਤੀ (ਪ੍ਰਸ਼ੰਸਾ) (2) ਵਾਕਫੀ ਜਾਂ ਜਾਣਕਾਰੀ। ਚੂਰਨੀ ਅਨੁਸਾਰ ਸੰਸਤਵ ਦੋ ਪ੍ਰਕਾਰ ਦਾ ਹੈ (1) ਸੰਵਾਸ ਸੰਸਤਵ (ਅਸਾਧੂਆਂ ਤੋਂ

ਦੂਰ ਹੋਣਾ) (2) ਬਚਨ ਸੰਸਤਵ (ਅਸਾਧੂਆਂ ਨਾਲ ਗੱਲਬਾਤ ਕਰਨਾ) ਸਾਧੂਆਂ ਲਈ ਦੋਹਾਂ ਕਿਸਮ ਦਾ ਸੰਸਤਵ ਮਨਾਂ ਹੈ।

ਬ੍ਰਹਦ ਵਿਰਤੀ ਦੇ 21ਵੇਂ ਅਧਿਐਨ ਦੀ ਗਾਥਾ 21 ਵਿਚ ਸੰਸਤਵ ਦੋ ਪ੍ਰਕਾਰ ਦਾ ਹੈ :

(1) ਪੂਰਬ ਸੰਸਤਵ - ਪਿਤਾ ਪੱਖੀ ਸਬੰਧ।

(2) ਪਸ਼ਦਾਚਭਾਵੀ - ਸਹੁਰਾ ਅਤੇ ਦੋਸਤ ਪੱਖੀ ਸਬੰਧ।

ਗਾਥਾ 7 ਇਥੇ ਦੱਸ ਵਿਦਿਆਵਾਂ ਦਾ ਵਰਨਣ ਹੈ। ਦੰਡ, ਵਸਤੂ ਅਤੇ ਸਵਰ ਨੂੰ ਛੱਡ ਕੇ ਬਾਕੀ ਸੱਤ ਵਿਦਿਆਵਾਂ ਜੋਤਿਸ਼ ਦੇ ਅੰਗ ਹਨ।

ਅੰਗ ਵਿੱਦਿਆ (1-2) ਦੇ ਅਨੁਸਾਰ ਜੋਤਿਸ਼ ਦੇ ਅੱਠ ਅੰਗ ਇਸ ਪ੍ਰਕਾਰ ਹਨ। (1) ਅੰਗ (2) ਸਵੱਰ (3) ਲੱਛਣ (4) ਵਿਅੰਜਣ (5) ਸੁਪਨ (6) ਛਿਨ (7) ਭੋਗ (8) ਅੰਤਰੀਕਸ਼ (ਇਨ੍ਹਾਂ ਅੱਠਾਂ ਨੂੰ ਅਸ਼ਟਾਂਗ ਵਿੱਦਿਆ ਕਿਹਾ ਗਿਆ ਹੈ)।

ਪਰ ਸ੍ਰੀ ਉਤਰਾਧਿਐਨ ਸੂਤਰ ਦੀ ਇਸ ਗਾਥਾ ਵਿਚ ਵਿਅੰਜਨ ਵਿੱਦਿਆ ਦਾ ਕੋਈ ਜ਼ਿਕਰ ਨਹੀਂ।

(1) ਛਿਨੈ ਨਮਿੱਤ - ਕੱਪੜੇ, ਲੱਕੜੀ ਆਦਿ ਨੂੰ ਚੂਹੇ ਜਾਂ ਕੰਡੇ ਰਾਹੀਂ ਕੱਟਣਾ ਜਾਂ ਫਟਨਾ ਅਤੇ ਇਨ੍ਹਾਂ ਛੇਦਾਂ ਦੇ ਆਧਾਰ ਤੇ ਸ਼ੁਭ ਜਾਂ ਅਸ਼ੁਭ ਫਲ ਦੱਸਣਾ।

(2) ਭੋਮ ਨਮਿੱਤ - ਭੂਚਾਲ, ਅਕਾਲ ਜਾਂ ਬੇਮੌਸਮੇ ਫਲ ਵੇਖ ਕੇ ਚੰਗਾ ਮਾੜਾ ਫਲ ਦੱਸਣਾ ਜਾਂ ਜ਼ਮੀਨ ਵਿਚ ਦੱਬੇ ਧਨ ਤੇ ਧਾਂਤਾਂ ਦਾ ਗਿਆਨ ਹੀ ਭੋਮ ਨਮਿਤ (ਜੋਤਿਸ਼) ਹੈ।

(3) ਅੰਤਰਿਕਸ਼ ਨਮਿੱਤ - ਆਕਾਸ਼ ਵਿਚ ਹੋਣ ਵਾਲੇ ਗੰਧਰਵ ਨਗਰ ਦਿਗਦਾਹ ਅਤੇ ਧੂੜ ਆਦਿ ਗ੍ਰਹਿ ਯੋਗ ਦਾ ਚੰਗਾ ਮਾੜਾ ਫਲ